
Reo-Bankowned Properties
From San Jose to Sacramento
Call Master of Winners in Multiple Offers
510-304-9292
JASSI GILL
Broker/Owner
GOLDEN STATE REALTY

Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
➡ਨੌਂਵੀਂ ਸਰਕਟ ਕੋਰਟ ➡ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ➡ਇਮੀਗ੍ਰੇਸ਼ਨ ਕੋਰਟ ਦੇ ਕੇਸ
➡ਡਿਪੋਰਟੇਸ਼ਨ ਦੇ ਕੇਸ ➡ਫੈਮਿਲੀ ਪਟੀਸ਼ਨਾਂ ➡ਲੇਬਰ ਦੇ ਕੇਸ ➡ਅਮੈਰਿਕਨ ਅੰਬੈਸੀ ਦੇ ਕੇਸ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 4, January 23, 2010 20451 N Plum Grove Rd. Palatine, IL 60074 Ph:847-359-0746, Fax:847-705-9388


## ਜਯੋਤੀ ਬਾਸੂ ਨਹੀਂ ਰਹੇ, ਮਾਰਕਸੀ ਸਿਆਸਤ ਦੇ ਇਕ ਜੁਗ ਦਾ ਅੰਤ

**ਕੋਲਕਾਤਾ (ਪੰਜਾਬ ਟਾਈਮਜ਼ ਬਿਊਰੋ):** ਪੱਛਮੀ ਬੰਗਾਲ ਦੇ ਸਾਬਕਾ ਮੁੱਖ ਮੰਤਰੀ ਅਤੇ ਮਾਰਕਸੀ ਆਗੂ ਜਯੋਤੀ ਬਾਸੂ ਜਿਨ੍ਹਾਂ ਦਾ 17 ਜਨਵਰੀ ਨੂੰ ਦਿਹਾਂਤ ਹੋ ਗਿਆ ਸੀ, ਨੂੰ ਮੰਗਲਵਾਰ ਲੱਖਾਂ ਲੋਕਾਂ ਨੇ ਹੰਝੂਆਂ ਭਰੀ ਅੰਤਿਮ ਵਿਦਾਇਗੀ ਦਿੱਤੀ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਡਾਕਟਰੀ ਖੋਜ ਲਈ ਸਰਕਾਰੀ ਐਸ. ਐਸ. ਕੇ. ਐਮ. ਹਸਪਤਾਲ ਨੂੰ ਦਾਨ ਕੀਤੇ ਜਾਣ ਤੋਂ ਪਹਿਲਾਂ ਸਰਕਾਰੀ ਸਨਮਾਨਾਂ ਨਾਲ ਅੰਤਿਮ ਵਿਦਾਈ ਦਿੱਤੀ ਗਈ। ਉਹ ਪੱਛਮੀ ਬੰਗਾਲ ਦੀ ਪਹਿਲੀ ਸਿਆਸੀ ਸ਼ਖ਼ਸੀਅਤ ਸਨ ਜਿਨ੍ਹਾਂ ਨੂੰ 21 ਤੋਪਾਂ ਦੀ ਸਲਾਮੀ ਦਿੱਤੀ ਗਈ।



*ਜਯੋਤੀ ਬਾਸੂ ਦੀ ਅੰਤਮ ਯਾਤਰਾ 'ਚ ਸ਼ਾਮਲ ਲੋਕ*

ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵਾਜਿਦ, ਨਿਪਾਲ ਦੇ ਪ੍ਰਧਾਨ ਮੰਤਰੀ ਮਾਧਵ ਨਿਪਾਲ, ਸਾਂਝਾ ਪ੍ਰਗਤੀਸ਼ੀਲ ਗੱਠਜੋੜ ਦੀ ਚੇਅਰਪਰਸਨ ਸੋਨੀਆ ਗਾਂਧੀ, ਐਲ. ਕੇ. ਅਡਵਾਨੀ ਸਮੇਤ ਵੱਖ-ਵੱਖ ਨੇਤਾਵਾਂ ਨੇ ਫੁੱਲ ਮਲਾਵਾਂ ਰੱਖ ਕੇ ਅੰਤਿਮ ਸ਼ਰਧਾਂਜਲੀ ਭੇਟ ਕੀਤੀ। ਸ਼ੇਖ ਹਸੀਨਾ ਵਾਜਿਦ ਜਿਹੜੀ 30 ਮੈਂਬਰੀ ਵਫਦ ਅਤੇ ਜਾਤੀਆ ਪਾਰਟੀ ਦੇ ਮੁਖੀ ਤੇ ਸਾਬਕਾ ਰਾਸ਼ਟਰਪਤੀ ਐਚ. ਐਮ ਇਰਸ਼ਾਦ ਨਾਲ ਸਵੇਰੇ ਕੋਲਕਾਤਾ ਪੁੱਜੀ, ਨੇ ਜਯੋਤੀ ਬਾਸੂ ਦੀ ਦੇਹ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਵਿਧਾਨ ਸਭਾ ਹਾਲ 'ਚ ਜਾ ਕੇ ਬਾਸੂ ਨੂੰ ਸ਼ਰਾਂਧਜਲੀ ਭੇਟ ਕੀਤੀ। ਇਸ ਮੌਕੇ ਉਨ੍ਹਾਂ ਨਾਲ ਵਿੱਤ ਮੰਤਰੀ ਪ੍ਰਣਾਬ ਮੁਖਰਜੀ ਤੋਂ ਇਲਾਵਾ ਮੁੱਖ ਮੰਤਰੀ ਬੁੱਧਦੇਬ ਭੱਟਾਚਾਰਜੀ ਅਤੇ ਮਾਰਕਸੀ ਪਾਰਟੀ ਦੀ ਪੋਲਿਟ ਬਿਊਰੋ ਦੇ ਮੈਂਬਰ ਸੀਤਾ ਰਾਮ ਯੇਚੁਰੀ ਵੀ ਮੌਜੂਦ ਸਨ। ਲੱਖਾਂ ਦੀ ਤਾਦਾਦ 'ਚ ਲੋਕ ਹੱਥਾਂ 'ਚ ਫੁੱਲ ਦੇ ਹਾਰ ਫੜੀ ਆਪਣੇ ਵਿਛੜੇ ਆਗੂ ਨੂੰ ਸ਼ਰਧਾ

(ਬਾਕੀ ਸਫਾ 24 'ਤੇ)

# ਵਿੱਤੀ ਸੁਧਾਰਾਂ ਬਾਰੇ ਕਾਲੀਆ-ਸੁਖਬੀਰ ਬਾਦਲ ਕਮੇਟੀ ਦੀ ਰਿਪੋਰਟ ਪੇਸ਼

## ਕਿਸਾਨਾਂ ਨੂੰ ਸਬਸਿਡੀਆਂ ਜਾਰੀ ਰੱਖਣ ਦਾ ਫੈਸਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਵਿੱਤੀ ਹਾਲਤ ਨੂੰ ਸੁਧਾਰਨ ਲਈ ਬਣਾਈ ਗਈ ਸੁਖਬੀਰ ਬਾਦਲ ਤੇ ਮਨੋਰੰਜਨ ਕਾਲੀਆ 'ਤੇ ਆਧਾਰਤ 2 ਮੈਂਬਰੀ ਕਮੇਟੀ ਨੇ ਬੀਤੀ 19 ਜਨਵਰੀ ਨੂੰ ਆਪਣੀ ਰਿਪੋਰਟ ਪੇਸ਼ ਕਰ ਦਿੱਤੀ, ਜਿਸ ਵਿਚ ਜਿੱਥੇ ਸੂਬੇ ਦੇ ਕਿਸਾਨਾਂ ਨੂੰ ਰਾਹਤ ਦਿੰਦਿਆਂ ਸਬਸਿਡੀਆਂ ਜਾਰੀ ਰੱਖਣ ਦੀ ਸਿਫ਼ਾਰਸ਼ ਕੀਤੀ ਗਈ ਹੈ, ਉਥੇ ਦਲਿਤਾਂ ਨੂੰ ਦਿੱਤੀ ਜਾਂਦੀ ਸਬਸਿਡੀ 'ਤੇ 50 ਫ਼ੀਸਦੀ ਕਟੌਤੀ ਕਰਨ ਦੀ ਤਜਵੀਜ਼ ਹੈ।

ਇਸ ਤੋਂ ਇਲਾਵਾ ਨਵੇਂ ਵਿੱਤੀ ਸਾਧਨ ਜੁਟਾਉਣ ਲਈ ਸੂਬੇ ਦੀ ਲੋਕਾਂ 'ਤੇ ਅਸਿੱਧੇ ਰੂਪ ਨਾਲ 4000 ਕਰੋੜ ਰੁਪਏ ਦਾ ਬੋਝ ਪਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਪੰਜਾਬ 'ਚ ਦਲਿਤਾਂ ਨੂੰ ਪਹਿਲਾਂ 200 ਵਾਟ ਪ੍ਰਤੀ ਬਿਲ ਬਿਜਲੀ ਮੁਆਫ਼ ਹੈ, ਪ੍ਰੰਤੂ ਹੁਣ ਕਮੇਟੀ ਨੇ ਇਹ 100 ਵਾਟ ਪ੍ਰਤੀ ਬਿਲ ਦੀ ਸਿਫ਼ਾਰਸ਼ ਕੀਤੀ ਹੈ। ਦੂਜੇ ਪਾਸੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਹਰਚਰਨ ਸਿੰਘ ਬੈਂਸ ਨੇ ਦੇਰ ਸ਼ਾਮ ਇੱਕ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਕਮੇਟੀ ਨੇ ਸਬਸਿਡੀ ਖ਼ਤਮ ਕਰਨ ਦੀ ਸੰਭਾਵਨਾ ਤੋਂ ਇਨਕਾਰ ਕਰਦਿਆਂ ਟੈਕਸ ਢਾਂਚੇ 'ਚ ਅਜਿਹੇ ਸੁਧਾਰਾਂ ਲਈ ਸਿਫ਼ਾਰਸ਼ਾਂ ਕੀਤੀਆਂ ਹਨ, ਜਿਨ੍ਹਾਂ ਨਾਲ ਆਮ ਆਦਮੀ ਨੂੰ ਬਿਨਾਂ ਪ੍ਰਭਾਵਤ ਕੀਤਿਆਂ 4000 ਕਰੋੜ ਰੁਪਏ ਦੀ ਵਾਧੂ ਆਮਦਨ ਪੈਦਾ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਮਨੋਰੰਜਨ ਕਾਲੀਆ ਵਲੋਂ ਪੇਸ਼ ਇਹ ਰਿਪੋਰਟ ਕੈਬਨਿਟ ਦੀ ਮਨਜ਼ੂਰੀ ਲਈ ਭੇਜੀ ਜਾਵੇਗੀ ਅਤੇ ਇਸ ਨੂੰ ਲਾਗੂ ਕਰਨ ਬਾਰੇ ਫੈਸਲਾ ਕੈਬਨਿਟ ਦੀ ਪ੍ਰਵਾਨਗੀ ਤੋਂ ਬਾਅਦ ਹੀ ਹੋਵੇਗਾ। ਉਨ੍ਹਾਂ ਕਿਹਾ ਕਿ ਕਮੇਟੀ ਨੇ ਮਾਲੀ ਸਾਧਨ ਜੁਟਾਉਣ ਲਈ ਕੀਤੀਆਂ ਸਿਫਾਰਿਸ਼ਾਂ ਦਾ ਆਧਾਰ ਆਮਦਨ ਦੀ ਥਾਂ ਲਾਭ ਨੂੰ ਬਣਾਇਆ ਹੈ। ਉਨ੍ਹਾਂ ਦੱਸਿਆ ਕਿ ਕਮੇਟੀ ਦਾ ਵਿਚਾਰ ਹੈ ਕਿ ਟੈਕਸਾਂ ਵਿਚ ਹੁੰਦੀ ਚੋਰੀ ਅਤੇ ਘਾਟੇ ਨੂੰ ਰੋਕਣ ਲਈ ਟੈਕਸ ਵਸੂਲੀ ਢਾਂਚੇ ਨੂੰ ਚੁਸਤ-ਦਰੁਸਤ ਬਣਾਇਆ ਜਾਣਾ ਚਾਹੀਦਾ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਬੈਂਸ ਨੇ ਦੱਸਿਆ ਕਿ ਕਮੇਟੀ ਨੇ ਸਿਫਾਰਿਸ਼ ਕੀਤੀ ਹੈ ਕਿ ਸਬਸਿਡੀਆਂ ਸਮੇਤ ਖੇਤੀ ਸੈਕਟਰ ਨੂੰ ਦਿੱਤੀ ਜਾਣ ਵਾਲੀ ਮੁਫਤ ਬਿਜਲੀ ਸਮੇਤ ਪਹਿਲਾਂ ਤੋਂ ਜਾਰੀ ਸਬਸਿਡੀਆਂ ਵਾਪਸ ਨਹੀਂ ਲਈਆਂ ਜਾਣੀਆਂ ਚਾਹੀਦੀਆਂ, ਸਗੋਂ ਇਨ੍ਹਾਂ ਸਬਸਿਡੀਆਂ ਨੂੰ ਤਰਕਸੰਗਤ ਬਣਾ ਕੇ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਇਨ੍ਹਾਂ ਦਾ ਲਾਭ ਗਰੀਬਾਂ ਤੱਕ ਪਹੁੰਚ ਸਕੇ।

ਖੇਤੀ ਸਬਸਿਡੀਆਂ ਨੂੰ ਤਰਕਸੰਗਤ ਬਣਾਉਣ ਲਈ, ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਪੰਜਾਬ ਰਾਜ ਬਿਜਲੀ ਬੋਰਡ ਨੂੰ ਮੁਆਵਜ਼ਾ ਦੇਣ ਦੀ ਥਾਂ ਕਿਸਾਨਾਂ ਨੂੰ ਉਤਪਾਦਨ ਬੋਨਸ ਦੇਣ ਦੀ ਸਕੀਮ ਸ਼ੁਰੂ ਕੀਤੀ ਜਾਵੇ। ਇਸ ਸਕੀਮ ਅਧੀਨ ਬਿਜਲੀ ਦੀਆਂ ਮੋਟਰਾਂ ਦੇ ਬਿਲਾਂ ਦੀ ਮੁੜ ਅਦਾਇਗੀ ਕਿਸਾਨਾਂ ਨੂੰ ਕੀਤੀ ਜਾਇਆ ਕਰੇਗੀ। ਮੁੜ ਅਦਾਇਗੀ ਦੇ ਇਸ ਨਵੇਂ ਸਿਸਟਮ ਨਾਲ ਖੇਤੀ ਲਈ ਵਰਤੀ ਗਈ ਬਿਜਲੀ ਤੇ

(ਬਾਕੀ ਸਫਾ 3 'ਤੇ)

## ਪ੍ਰੋ. ਦਰਸ਼ਨ ਸਿੰਘ 'ਤੇ ਹਮਲਾ

**ਕੋਲਕਾਤਾ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋਫੈਸਰ ਦਰਸ਼ਨ ਸਿੰਘ ਉਪਰ ਉਸ ਸਮੇਂ ਕੁਝ ਨੌਜਵਾਨਾਂ ਨੇ ਹਮਲਾ ਕਰ ਦਿੱਤਾ ਜਦੋਂ ਉਹ ਆਸਨਸੋਲ ਵਿਚ ਕੀਰਤਨ ਕਰਨ ਲਈ ਪਹੁੰਚੇ ਸਨ। 19 ਜਨਵਰੀ ਦੀ ਇਸ ਘਟਨਾ ਵਿਚ ਕੁਝ ਨੌਜਵਾਨਾਂ ਨੇ ਇਹ ਕਹਿ ਕੇ ਪ੍ਰੋ. ਦਰਸ਼ਨ ਸਿੰਘ ਉਪਰ ਹਮਲਾ ਕਰ ਦਿੱਤਾ ਕਿ ਅਕਾਲ ਤਖ਼ਤ ਤੋਂ ਜਦੋਂ ਉਹ ਭੁੱਲ ਨਹੀਂ ਬਖ਼ਸ਼ਾਉਂਦੇ ਉਨ੍ਹਾਂ ਨੂੰ ਕੀਰਤਨ ਨਹੀਂ ਕਰਨ ਦਿੱਤਾ ਜਾਵੇਗਾ। ਇਸ ਘਟਨਾ ਵਿਚ ਪ੍ਰੋ. ਦਰਸ਼ਨ ਸਿੰਘ ਨੂੰ ਕਿਸੇ ਤਰ੍ਹਾਂ ਦੀ ਸੱਟ-ਫੇਟ ਲੱਗਣ ਦੀ ਕੋਈ ਖਬਰ ਨਹੀਂ ਹੈ। ਇਸੇ ਦੌਰਾਨ ਇਸ ਹਮਲੇ 'ਤੇ ਟਿੱਪਣੀ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਇਹ ਅਕਾਲ ਪੁਰਖ ਦੀ ਮਰਜ਼ੀ ਦੇ ਅਨੁਸਾਰ ਹੀ ਹੈ।



ਪ੍ਰਾਪਤ ਜਾਣਕਾਰੀ ਅਨੁਸਾਰ ਕਮਿਊਨਿਟੀ ਹਾਲ ਗੁਰੂ ਨਾਨਕ ਨਗਰ ਆਸਨਸੋਲ

(ਬਾਕੀ ਸਫਾ 3 'ਤੇ)


Delo Mobil Delvac
GILL EXPRESS
ROTELLA T
WASH, TIRE & REPAIR
CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO Pilot
RIPON @ HWY 99, EXIT JACK TONE @ JIMCO
WESTLEY @ HWY 5, JOE'S TRAVEL PLAZA
ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖ਼ਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਦਿਓ
Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra

*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਬੈਂਕਾਂ ਨੂੰ ਦਿੱਤੀ ਵਿੱਤੀ ਮਦਦ ਵਾਪਸ ਲਵਾਂਗੇ:ਓਬਾਮਾ

**ਵਾਸ਼ਿੰਗਟਨ, ਡੀ ਸੀ:** ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਬੈਂਕਾਂ ਨੂੰ ਰਾਹਤ ਵਜੋਂ ਦਿੱਤੀ ਗਈ ਸਾਰੀ ਦੀ ਸਾਰੀ ਰਾਸ਼ੀ ਉਨ੍ਹਾਂ ਤੋਂ ਹਰ ਹੀਲੇ ਵਸੂਲ ਕੀਤੀ ਜਾਵੇਗੀ ਤੇ ਬੈਂਕ ਇਸ ਨੂੰ ਮੋੜਨ ਲਈ ਤਿਆਰ ਰਹਿਣ। ਰਾਸ਼ਟਰਪਤੀ ਨੇ ਦੇਸ਼ ਦੇ ਨਾਂ ਆਪਣੇ ਹਫ਼ਤਾਵਾਰੀ ਸੰਬੋਧਨ ਵਿਚ ਕਿਹਾ ਕਿ ਅਮਰੀਕੀ ਕਰਦਾਤਾਵਾਂ ਵਲੋਂ ਬੈਂਕਾਂ ਨੂੰ ਸੰਕਟ ਦੇ ਸਮੇਂ ਦਿੱਤੀ ਗਈ ਰਾਸ਼ੀ ਉਨ੍ਹਾਂ ਦੀ ਮਦਦ ਹੈ, ਨਾ ਕਿ ਅਧਿਕਾਰ। ਇਸ ਸੰਬੋਧਨ ਵਿਚ ਓਬਾਮਾ ਨੇ ਕੁਝ ਕੰਪਨੀਆਂ ਨੂੰ ਰਾਹਤ ਵਜੋਂ ਦਿੱਤੀ 7 ਸੌ ਅਰਬ ਡਾਲਰ ਦੀ ਰਾਸ਼ੀ 'ਤੇ ਟੈਕਸ ਲਗਾਉਣ ਦੀ ਗੱਲ ਵੀ ਕਹੀ। ਜ਼ਿਕਰਯੋਗ ਹੈ ਕਿ ਓਬਾਮਾ ਦੀ ਇਸ ਤਜਵੀਜ਼ ਨਾਲ 50 ਅਰਬ ਡਾਲਰ ਤੋਂ ਵਧ ਜਾਇਦਾਦ ਵਾਲੀਆਂ ਵੱਡੀਆਂ ਵਿੱਤੀ ਸੰਸਥਾਵਾਂ ਪ੍ਰਭਾਵਤ ਹੋਣਗੀਆਂ।



ਓਬਾਮਾ ਦੇ ਇਸ ਬਿਆਨ ਨਾਲ ਜਿੱਥੇ ਸੰਕਟ ਦੇ ਸਮੇਂ ਦਿੱਤੀ ਰਾਸ਼ੀ ਵਾਪਸ ਆਉਣ ਦੀ ਸੰਭਾਵਨਾ ਹੈ, ਉਥੇ ਇਹ ਵੀ ਆਸ ਪ੍ਰਗਟਾਈ ਜਾ ਰਹੀ ਹੈ ਕਿ ਇਹ ਸੰਸਥਾਵਾਂ ਭਵਿੱਖ ਵਿਚ ਵੱਡੀ ਫ਼ਜ਼ੂਲ ਖਰਚੀ ਨਹੀਂ ਕਰਨਗੀਆਂ। ਇਹ ਦੱਸਣਾ ਬਣਦਾ ਹੈ ਕਿ ਵਿਸ਼ਵ ਵਿਚ ਆਏ ਆਰਥਕ ਮੰਦੇ ਲਈ ਫ਼ਜ਼ੂਲ ਖਰਚੀ ਵੀ ਇੱਕ ਵੱਡਾ ਕਾਰਨ ਹੈ। ਰਾਸ਼ਟਰਪਤੀ ਨੇ ਸਪਸ਼ਟ ਕਿਹਾ ਕਿ ਜੋ ਲੋਕ ਸੋਚ ਰਹੇ ਸਨ ਕਿ ਰਾਹਤ ਵਜੋਂ ਦਿੱਤੀ ਰਾਸ਼ੀ ਵਾਪਸ ਨਹੀਂ ਲਈ ਜਾਵੇਗੀ, ਉਹ ਗਲਤ ਹਨ। ਰਾਸ਼ਟਰਪਤੀ ਦੇ ਇਸ ਐਲਾਨ ਨਾਲ ਅਮਰੀਕਾ ਵਾਸੀਆਂ ਨੂੰ ਵੀ ਵੱਡੀ ਰਾਹਤ ਮਿਲਣ ਦੀ ਉਮੀਦ ਹੈ, ਕਿਉਂਕਿ ਵੱਡੀਆਂ ਕੰਪਨੀਆਂ ਵਲੋਂ ਮੋੜੀ ਗਈ ਰਾਸ਼ੀ ਨਾਲ ਦੇਸ਼ ਵਿਚ ਕਈ ਲੋਕ ਭਲਾਈ ਸਕੀਮਾਂ ਚਲਾਈਆਂ ਜਾ ਸਕਦੀਆਂ ਹਨ।

ਆਪਣੇ ਸੰਬੋਧਨ ਵਿੱਚ ਓਬਾਮਾ ਨੇ ਇਹ ਵੀ ਸਪਸ਼ਟ ਕੀਤਾ ਕਿ ਉਨ੍ਹਾਂ ਦੀ ਇਸ ਨੀਤੀ ਦਾ ਉਦੇਸ਼ ਫ਼ਜ਼ੂਲ ਖਰਚੀ ਨੂੰ ਘਟ ਕਰਕੇ ਦੇਸ਼ ਨੂੰ ਆਰਥਕ ਸੰਕਟ ਵਿਚੋਂ ਬਾਹਰ ਕੱਢਣਾ ਹੈ ਤੇ ਉਦਯੋਗ ਇਸ ਨੂੰ ਇੱਕ ਸਜ਼ਾ ਵਜੋਂ ਨਾ ਲੈਣ। ਓਬਾਮਾ ਨੇ ਕਿਹਾ ਅਸੀਂ ਪ੍ਰਣਾਲੀ ਨਾਲ ਛੇੜਛਾੜ ਕਰਨ ਵਾਲਿਆਂ ਨੂੰ ਉਨ੍ਹਾਂ ਦੀ ਜ਼ਿੰਮੇਵਾਰੀ ਮਹਿਸੂਸ ਕਰਵਾਉਣਾ ਚਾਹੁੰਦੇ ਹਾਂ ਤਾਂ ਜੋ ਅਗਾਂਹ ਤੋਂ ਅਜਿਹੀ ਸਮੱਸਿਆ ਨਾ ਆਵੇ। ਉਨ੍ਹਾਂ ਇਹ ਵੀ ਕਿਹਾ ਕਿ ਇਹ ਨੀਤੀਆਂ ਅੰਤ ਵਿਚ ਦੇਸ਼ ਤੇ ਉਦਯੋਗ ਦੋਵਾਂ ਲਈ ਲਾਭਦਾਇਕ ਸਿੱਧ ਹੋਣਗੀਆਂ। ਜ਼ਿਕਰਯੋਗ ਹੈ ਕਿ ਅਮਰੀਕਾ ਨੂੰ ਸਭ ਤੋਂ ਵਧ ਫਜ਼ੂਲ ਖਰਚੀ ਵਾਲਾ ਦੇਸ਼ ਮੰਨਿਆ ਜਾਂਦਾ ਹੈ ਤੇ ਇਸ ਦੇਸ਼ ਦੇ ਸ਼ਾਸਕਾਂ ਵਲੋਂ ਅਪਣਾਈਆਂ ਨੀਤੀਆਂ ਕਾਰਨ ਹੀ ਆਰਥਕ ਮੰਦਾ ਫੈਲਿਆ ਹੈ।

# ਭੁਪਿੰਦਰ ਸਿੰਘ ਬਰਾੜ ਗੁਰੂਘਰ ਪਲਾਂਜ ਰੋਡ ਦੇ ਨਵੇਂ ਸਕੱਤਰ ਬਣੇ

**ਬੇਕਰਜ਼ਫੀਲਡ (ਮਨਦੀਪ ਮਾਨ):** ਗੁਰਦੁਆਰਾ ਗੁਰੂ ਨਾਨਕ ਸਿੱਖ ਸੈਂਟਰ, ਪਲਾਂਜ ਰੋਡ ਦੇ ਪ੍ਰਬੰਧਕੀ ਬੋਰਡ ਦੀ ਇਕ ਅਹਿਮ ਮੀਟਿੰਗ ਵਿਚ ਸਰਬਸੰਮਤੀ ਨਾਲ ਭਾਈ ਭੁਪਿੰਦਰ ਸਿੰਘ ਬਰਾੜ ਨੂੰ ਅਗਲੇ ਦੋ ਸਾਲਾਂ ਲਈ ਸਟੇਜ ਸਕੱਤਰ ਚੁਣ ਲਿਆ ਗਿਆ। ਸ. ਬਰਾੜ ਇਕ ਪੂਰਨ ਗੁਰਸਿੱਖ ਹਨ ਅਤੇ ਇਕ ਵਧੀਆ ਬੁਲਾਰੇ ਵੀ ਮੰਨੇ ਜਾਂਦੇ ਹਨ। ਇਸ ਤੋਂ ਪਹਿਲਾਂ ਵੀ ਉਹ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਿਭਾਅ ਚੁਕੇ ਹਨ। ਉਹ ਪੰਜਾਬ ਦੇ ਜ਼ਿਲਾ ਮੋਗਾ ਦੇ ਪਿੰਡ ਨੱਥੂਵਾਲ ਤੋਂ ਹਨ ਅਤੇ ਉਹ ਭਾਈ ਰਣਜੀਤ ਸਿੰਘ ਦੀ ਜਗ੍ਹਾ ਜ਼ਿੰਮੇਵਾਰੀ ਸੰਭਾਲਣਗੇ। ਭਾਈ ਰਣਜੀਤ ਸਿੰਘ ਇਕ ਇਮਾਨਦਾਰ ਨੌਜਵਾਨ ਆਗੂ ਦੇ ਤੌਰ 'ਤੇ ਜਾਣੇ ਜਾਂਦੇ ਹਨ।



*ਭਾਈ ਭੁਪਿੰਦਰ ਸਿੰਘ*

ਇਹ ਜਾਣਕਾਰੀ ਦਿੰਦਿਆਂ ਗੁਰੂ ਨਾਨਕ ਸਿੱਖ ਸੈਂਟਰ ਬੇਕਰਜ਼ਫੀਲਡ ਦੇ ਰੂਹੇ ਰਵਾਂ ਡਾ. ਗੁਰਚਰਨ ਸਿੰਘ ਢਿੱਲੋਂ ਨੇ ਦੱਸਿਆ ਕਿ ਸਕੱਤਰ ਦੀ ਇਹ ਚੋਣ ਹਰ ਦੋ ਸਾਲ ਬਾਅਦ ਹੁੰਦੀ ਹੈ। ਗੁਰਦੁਆਰਾ ਪ੍ਰਬੰਧਕ ਬੋਰਡ ਦੇ ਕੁਲ 21 ਡਾਇਰੈਕਟਰ ਹਨ ਜਿਨ੍ਹਾਂ ਵਿਚ ਜਤਿੰਦਰ ਸਿੰਘ ਗਿੱਲ, ਪਲਵਿੰਦਰ ਸਿੰਘ ਸ਼ੇਰਗਿੱਲ, ਗੁਰਚਰਨ ਸਿੰਘ ਢਿੱਲੋਂ, ਬਲਵੀਰ ਸਿੰਘ ਸ਼ੇਰਗਿੱਲ, ਰਣਜੀਤ ਸਿੰਘ, ਅਜਮੇਰ ਸਿੰਘ ਢਿੱਲੋਂ, ਅਮਰਜੀਤ ਸਿੰਘ ਭੰਗੂ, ਬਲਵੰਤ ਸਿੰਘ ਵੜੈਚ, ਨਿਰਭੈਅ ਸਿੰਘ ਚਾਹਲ, ਮਹਿੰਦਰ ਸਿੰਘ ਸਿੱਧੂ, ਬਲਜੀਤ ਸਿੰਘ ਧਾਲੀਵਾਲ, ਬੱਕ ਢੇਸੀ, ਬਲਵਿੰਦਰ ਸਿੰਘ ਬਰਾੜ, ਪਰਮਜੀਤ ਸਿੰਘ ਦੋਸਾਂਝ, ਗੁਰਦੇਵ ਸਿੰਘ ਢਿੱਲੋਂ, ਸੁਖਬੀਰ ਸਿੰਘ ਜੌਹਲ, ਜੋਗਿੰਦਰ ਸਿੰਘ ਭੁੱਲਰ, ਗੁਰਿੰਦਰ ਸਿੰਘ ਬੌਬੀ, ਬਲਮੋਹਨ ਸਿੰਘ ਅਤੇ ਕੁਲਜੀਤ ਸਿੰਘ ਘੁੰਮਣ ਸ਼ਾਮਲ ਹਨ।

# ਪੰਜਾਬ ਨਾਲ ਹੋਰ ਵਿਤਕਰਾ, ਸਨਅਤੀ ਕੋਰੀਡੋਰ 'ਚ ਸ਼ਾਮਿਲ ਨਾ ਕੀਤਾ

**ਜਲੰਧਰ:** ਪ੍ਰਸਤਾਵਿਤ ਦਿੱਲੀ-ਮੁੰਬਈ ਸਨਅਤੀ ਕਾਰੀਡੋਰ ਵਿਚ ਪੰਜਾਬ ਨੂੰ ਸ਼ਾਮਿਲ ਨਾ ਕੀਤੇ ਜਾਣ ਨੂੰ ਪੰਜਾਬ ਨਾਲ ਇਕ ਹੋਰ ਵਿਤਕਰਾ ਕਰਾਰ ਦਿੰਦਿਆਂ ਸੀਨੀਅਰ ਭਾਜਪਾ ਆਗੂ ਅਤੇ ਸੰਸਦ ਮੈਂਬਰ ਸ. ਨਵਜੋਤ ਸਿੰਘ ਸਿੱਧੂ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਨੂੰ ਪੰਜਾਬ ਨਾਲ ਵਿਤਕਰੇ ਦੀ ਰਾਜਨੀਤੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸਨਅਤੀ ਕਾਰੀਡੋਰ ਨੂੰ ਪੰਜਾਬ ਵਿਚ ਅੰਮ੍ਰਿਤਸਰ ਤਕ ਵਧਾਏ ਜਾਣ ਦੀ ਮੰਗ ਕਰਦਿਆਂ ਚਿਤਾਵਨੀ ਦਿੱਤੀ ਹੈ ਕਿ ਜੇ ਕੇਂਦਰ ਸਰਕਾਰ ਨੇ ਇਹ ਮੰਗ ਨਾ ਮੰਨੀ ਤਾਂ ਉਹ ਨਾ ਕੇਵਲ ਇਹ ਮੁੱਦਾ ਸੰਸਦ ਵਿਚ ਉਠਾਉਣਗੇ ਸਗੋਂ ਇਸ ਮੰਗ ਨੂੰ ਪੰਜਾਬ ਅੰਦਰ ਇਕ ਮੁਹਿੰਮ ਬਣਾ ਕੇ ਸੰਘਰਸ਼ ਕਰਨ ਤੋਂ ਪਿੱਛੇ ਨਹੀਂ ਹਟਣਗੇ।

ਇੱਥੇ ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਸ. ਸਿੱਧੂ ਨੇ ਕਿਹਾ ਕਿ ਦੇਸ਼ ਦੀ ਆਰਥਿਕ ਰਾਜਧਾਨੀ ਮੁੰਬਈ ਤੋਂ ਲੈ ਕੇ ਦੇਸ਼ ਦੀ ਰਾਜਧਾਨੀ ਦਿੱਲੀ ਤੋਂ ਅਗਾਂਹ ਹਰਿਆਣਾ ਤਕ ਆਉਂਦੇ 1483 ਕਿਲੋਮੀਟਰ ਲੰਬੇ, 7 ਰਾਜਾਂ ਵਿਚ ਫ਼ੈਲੇ ਅਤੇ ਦੋ ਪੜਾਵਾਂ ਵਿਚ ਪੂਰੇ ਹੋਣ ਵਾਲੇ ਇਸ ਪ੍ਰਾਜੈਕਟ ਦੇ ਪਹਿਲੇ ਹੀ ਪੜਾਅ ਦੀ ਲਾਗਤ 4 ਲੱਖ 25 ਹਜ਼ਾਰ ਕਰੋੜ ਰੁਪਏ ਹੈ ਪਰ ਅਫਸੋਸ ਕਿ ਇਕ ਵਾਰ ਫ਼ਿਰ ਪੰਜਾਬ ਨਾਲ ਵਿਤਕਰਾ ਕਰਦਿਆਂ ਪੰਜਾਬ ਨੂੰ ਇਸ ਪ੍ਰਾਜੈਕਟ ਵਿਚੋਂ ਬਾਹਰ ਰੱਖਿਆ ਗਿਆ ਹੈ। ਮਹਾਰਾਸ਼ਟਰ, ਮੱਧ ਪ੍ਰਦੇਸ਼, ਗੁਜਰਾਤ, ਰਾਜਸਥਾਨ, ਉੱਤਰ ਪ੍ਰਦੇਸ਼, ਦਿੱਲੀ ਅਤੇ ਹਰਿਆਣਾ ਤਕ ਆਏ ਇਸ ਪ੍ਰਾਜੈਕਟ ਨੂੰ ਹਰਿਆਣਾ ਤਕ ਹੀ ਸੀਮਤ ਕਰ ਦਿੱਤਾ ਗਿਆ ਹੈ।

# ਗੁਰਦੁਆਰਾ ਸੈਨ ਹੋਜ਼ੇ 'ਚ ਸੈਟ ਕਲਾਸਾਂ 23 ਤੋਂ

**ਸੈਨ ਹੋਜ਼ੇ:** ਹਾਈ ਸਕੂਲ ਵਿਦਿਆਰਥੀਆਂ ਦੇ ਲਾਭ ਲਈ ਗੁਰਦੁਆਰਾ ਸੈਨ ਹੋਜ਼ੇ ਵਿਖੇ ਸੈਟ ਕਲਾਸਾਂ 23 ਜਨਵਰੀ ਤੋਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ ਜੋ 10 ਅਪਰੈਲ ਤਕ ਚੱਲਣਗੀਆਂ। ਇਨ੍ਹਾਂ ਕਲਾਸਾਂ ਦਾ ਸਮਾਂ ਹਰ ਸਨਿਚਰਵਾਰ ਬਾਅਦ ਦੁਪਹਿਰ 1 ਵਜੇ ਤੋਂ 4 ਵਜੇ ਤਕ ਹੋਵੇਗਾ। ਇਨ੍ਹਾਂ ਕਲਾਸਾਂ ਦੀ ਫੀਸ 50 ਡਾਲਰ ਹੋਵੇਗੀ। ਇਹ ਕਲਾਸਾਂ ਹਾਈ ਸਕੂਲ ਵਿਦਿਆਰਥੀਆਂ ਨੂੰ ਸੈਟ ਦੀ ਤਿਆਰੀ ਲਈ ਸਹਾਈ ਹੋਣਗੀਆਂ।

ਜ਼ਿਕਰਯੋਗ ਹੈ ਕਿ ਸੈਟ ਟੈਸਟ ਦੇ ਆਧਾਰ ਉਤੇ ਹੀ ਹਾਈ ਸਕੂਲ ਵਿਦਿਆਰਥੀ ਹਾਈ ਸਕੂਲ ਕਰ ਕੇ ਅੱਗੋਂ ਯੂਨੀਵਰਸਿਟੀਆਂ ਵਿਚ ਦਾਖਲੇ ਦੀ ਯੋਗਤਾ ਹਾਸਲ ਕਰਦੇ ਹਨ। ਹੋਰ ਜਾਣਕਾਰੀ ਹਰਪ੍ਰੀਤ ਫੋਨ 310-913-5267 ਤੋਂ ਹਾਸਲ ਕੀਤੀ ਜਾ ਸਕਦੀ ਹੈ।

# ਆਸਟਰੇਲੀਆ ਦੇ ਇਕ ਗੁਰਦੁਆਰੇ 'ਤੇ ਨਸਲੀ ਹਮਲੇ ਦੀ ਜ਼ੋਰਦਾਰ ਨਿਖੇਧੀ

**ਬੇਕਰਜ਼ਫੀਲਡ (ਮਨਦੀਪ ਮਾਨ):** ਸਥਾਨਕ ਪੰਜਾਬੀ ਸੀਨੀਅਰ ਸਿਟੀਜ਼ਨਜ਼ ਦੀ ਇਕ ਭਰਵੀਂ ਮੀਟਿੰਗ ਚੇਅਰਮੈਨ ਜਥੇਦਾਰ ਮਲਕੀਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿਚ ਹਾਲ ਹੀ ਵਿਚ ਆਸਟਰੇਲੀਆ ਦੇ ਇਕ ਗੁਰਦੁਆਰੇ ਉਪਰ ਹੋਏ ਨਸਲੀ ਹਮਲੇ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ ਜਿਸ ਵਿਚ ਗੁਰੂ ਘਰ ਨੂੰ ਸਾੜ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਅਮਰੀਕਾ ਦੇ ਹਵਾਈ ਅੱਡਿਆਂ ਉਪਰ ਸਿੱਖਾਂ ਦੀਆਂ ਪੱਗਾਂ ਲੁਹਾ ਕੇ ਤਲਾਸ਼ੀ ਲਏ ਜਾਣ ਦੀ ਵੀ ਨਿਖੇਧੀ ਕੀਤੀ ਗਈ।

ਮੀਟਿੰਗ ਵਿਚ ਪੰਜਾਬੀ ਭਾਈਚਾਰੇ ਦੇ ਉਨ੍ਹਾਂ ਕੁਝ ਵਿਅਕਤੀਆਂ ਦਾ ਵਿਰੋਧ ਕੀਤਾ ਗਿਆ ਜਿਹੜੇ ਕਹਿੰਦੇ ਹਨ ਕਿ ਸਿੱਖਾਂ ਦੀ ਪੱਗ ਲੁਹਾ ਕੇ ਤਲਾਸ਼ੀ ਲਏ ਜਾਣਾ ਅਮਰੀਕਾ ਸਰਕਾਰ ਦਾ ਇਕ ਸ਼ਲਾਘਾਯੋਗ ਕਦਮ ਹੈ। ਕਮੇਟੀ ਦੇ ਸਕੱਤਰ ਅਤੇ ਬੁਲਾਰੇ ਗਿਆਨੀ ਗੁਰਚਰਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਇਸ ਸਬੰਧੀ ਇਕ ਮੈਮੋਰੰਡਮ ਭਾਰਤ ਦੇ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ ਅਤੇ ਯੂ.ਐਨ.ਓ. ਦੇ ਸੈਕਟਰੀ ਨੂੰ ਭੇਜ ਦਿੱਤਾ ਹੈ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਪ੍ਰਧਾਨ ਸੁਖਮਿੰਦਰ ਸਿੰਘ, ਮੀਤ ਪ੍ਰਧਾਨ ਮਾਸਟਰ ਗੁਰਪ੍ਰਤਾਪ ਸਿੰਘ, ਸੰਪੂਰਨ ਸਿੰਘ ਬਸਰਾ, ਹਰਬੰਸ ਸਿੰਘ ਸਰਪੰਚ, ਭਾਈ ਕਰਤਾਰ ਸਿੰਘ, ਦਲਬੀਰ ਸਿੰਘ ਲੌਂਗੀਆ ਆਦਿ ਆਗੂ ਅਤੇ ਸਮੂਹ ਮੈਂਬਰ ਹਾਜ਼ਰ ਸਨ।







# ਹੈਤੀ 'ਚ ਜ਼ਬਰਦਸਤ ਭੂਚਾਲ-ਲੱਖ ਤੋਂ ਵੱਧ ਮੌਤਾਂ

**ਪੋਰਟ ਆਊਟ ਪ੍ਰਿੰਸ :** ਹੈਤੀ 'ਚ ਬੀਤੀ 12 ਜਨਵਰੀ ਨੂੰ ਆਏ ਭਿਆਨਕ ਭੂਚਾਲ ਨੇ ਵੱਡਾ ਜਾਨੀ ਮਾਲੀ ਨੁਕਸਾਨ ਕੀਤਾ ਹੈ। ਬੀਤੇ 200 ਸਾਲਾਂ ਵਿਚ ਆਏ ਸੱਭ ਤੋਂ ਜ਼ਬਰਦਸਤ ਭੂਚਾਲ ਨਾਲ ਨੈਸ਼ਨਲ ਪੈਲੇਸ, ਸੰਯੁਕਤ ਰਾਸ਼ਟਰ, ਸ਼ਾਂਤੀ ਹੈਡ ਕੁਆਰਟਰ, ਹਸਪਤਾਲ ਤੇ ਹੋਰ ਵੱਡੀਆਂ ਇਮਾਰਤਾਂ ਢਹਿ ਢੇਰੀ ਹੋ ਗਈਆਂ। ਇਸ ਭੂਚਾਲ ਨਾਲ ਜਿੱਥੇ ਲੱਖਾਂ ਵਿਅਕਤੀ ਮਾਰੇ ਗਏ, ਉਥੇ 200 ਭਾਰਤੀਆਂ ਤੇ ਹੈਤੀ ਸਥਿਤ ਭਾਰਤ ਦੇ ਮਹਾਂ ਵਣਜ ਦੂਤ ਬਾਰੇ ਕੋਈ ਥਹੁ ਪਤਾ ਨਹੀਂ ਹੈ।

ਕਿਊਬਾ 'ਚ ਭਾਰਤ ਦੇ ਉਪ ਰਾਜਦੂਤ ਮੈਰੀ ਐਡਰਿਨ ਨੇ ਦੱਸਿਆ ਕਿ ਹੈਤੀ ਵਿਚ ਰਹਿਣ ਵਾਲੇ ਜ਼ਿਆਦਾਤਰ ਭਾਰਤੀ ਸੰਯੁਕਤ ਰਾਸ਼ਟਰ ਮਿਸ਼ਨ ਤਹਿਤ ਕੰਮ ਕਰਦੇ ਹਨ। ਭੂਚਾਲ ਦੇ ਚੱਲਦਿਆਂ ਦੇਸ਼ ਦੀ ਸੰਚਾਰ ਵਿਵਸਥਾ ਪੂਰੀ ਤਰ੍ਹਾਂ ਲੜਖੜਾ ਗਈ ਹੈ, ਜਿਸ ਕਾਰਨ ਅਸਲੀ ਨੁਕਸਾਨ ਦਾ ਪਤਾ ਲਗਾਉਣਾ ਸੰਭਵ ਨਹੀਂ ਹੈ। ਅਮਰੀਕੀ ਅਧਿਕਾਰੀਆਂ ਨੇ ਤਾਂ ਹੈਤੀ ਦੀਆਂ ਸੜਕਾਂ 'ਤੇ ਵੀ ਲਾਸ਼ਾਂ ਪਏ ਹੋਣ ਦੀ ਖ਼ਬਰਾਂ ਦਿੱਤੀਆਂ ਹਨ। ਬਿਜਲੀ ਗੁੱਲ ਹੋਣ ਕਾਰਨ ਬਚਾਅ ਕਾਰਜਾਂ ਵਿਚ ਵੱਡੀ ਸਮੱਸਿਆ ਆ ਰਹੀ ਹੈ।

ਸਥਾਨਕ ਏਜੰਸੀਆਂ ਨੇ ਇਸ ਭੂਚਾਲ ਵਿਚ ਮਰਨ ਵਾਲਿਆਂ ਦੀ ਗਿਣਤੀ ਲੱਖ ਦੇ ਕਰੀਬ ਹੋਣ ਦਾ ਖਦਸ਼ਾ ਪ੍ਰਗਟਾਇਆ ਹੈ। ਮਿਲੀਆਂ ਰਿਪੋਰਟਾਂ ਮੁਤਾਬਕ ਭੂਚਾਲ ਤੋਂ ਬਾਅਦ ਪੂਰੇ ਦੇਸ਼ ਅੰਦਰ ਧੂੰਆਂ ਫੈਲ ਗਿਆ ਹੈ ਤੇ ਕਈ ਥਾਈਂ ਲੋਕ ਘਬਰਾਏ ਹੋਏ ਦਿਖਾਈ ਦਿੱਤੇ। ਹੈਤੀ ਵਿਚ ਭੂਚਾਲ ਕਾਰਨ ਮਾਰੇ ਗਏ ਵਿਅਕਤੀਆਂ 'ਚੋਂ 25000 ਲਾਸ਼ਾਂ ਨੂੰ ਇਕੱਠੀਆਂ ਕਰਕੇ ਸਮੂਹਿਕ ਤੌਰ 'ਤੇ ਦਫਨਾ ਦਿੱਤਾ ਗਿਆ। ਇਸ ਦੌਰਾਨ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਨੇ ਭੂਚਾਲ ਵਿਚ ਆਪਣੇ ਵਿਸ਼ੇਸ਼ ਪ੍ਰਤੀਨਿਧੀ ਹੇਦੀ ਅਨੇਬੀ ਅਤੇ 2 ਹੋਰ ਸੀਨੀਅਰ ਅਧਿਕਾਰੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਇਸ ਤਬਾਹਕੁੰਨ ਭੂਚਾਲ ਵਿਚ ਦੇਸ਼ ਦੇ ਕਈ ਮੰਤਰੀ ਤੇ ਪ੍ਰਮੁੱਖ ਸਿਆਸੀ ਆਗੂ ਵੀ



ਮਾਰੇ ਗਏ ਹਨ। ਜਰਮਨੀ ਵਿਚ ਹੈਤੀ ਦੇ ਰਾਜਦੂਤ ਰਾਬਰਟ ਸੈਗੇਟ ਨੇ ਦੱਸਿਆ ਕਿ ਮਾਰੇ ਗਏ ਸਿਆਸੀ ਆਗੂਆਂ ਵਿਚ ਨਿਆਂ ਮੰਤਰੀ ਪਾਲਡੇਨਿਸ ਤੇ ਵਿਰੋਧੀ ਧਿਰ ਦੇ ਮਾਇਕਲ ਗੇਲਾਰਡ ਵੀ ਸ਼ਾਮਲ ਹਨ। ਅਮਰੀਕਾ ਦਾ ਇਕ ਪ੍ਰਮਾਣੂ ਸ਼ਕਤੀ ਵਾਲਾ ਬੇੜਾ ਕੌਮਾਂਤਰੀ ਰਾਹਤ ਕੰਮਾਂ ਵਿਚ ਸਹਾਇਤਾ ਲਈ ਹੈਤੀ ਲਈ ਰਵਾਨਾ ਹੋ ਗਿਆ। ਦੇਸ਼ ਵਿਚ ਲੋਕਾਂ ਦਰਮਿਆਨ ਨਿਰਾਸ਼ਾ ਫੈਲ ਰਹੀ ਹੈ।

ਦੇਸ਼ ਦੀ ਰਾਜਧਾਨੀ ਵਿਚ ਵੱਡੀ ਗਿਣਤੀ ਵਿਚ ਮਲਬੇ ਉੱਪਰ ਗੁਜ਼ਾਰੀ ਜਦਕਿ ਬਹੁਤ ਸਾਰੇ ਲੋਕਾਂ ਨੂੰ ਰਾਜਧਾਨੀ ਦੀਆਂ ਗਲੀਆਂ ਵਿਚ ਲਾਸ਼ਾਂ ਨੇੜੇ ਸੌਣਾ ਪਿਆ। ਭੂਚਾਲ ਪੀੜਤਾਂ ਦੀ ਮਦਦ ਲਈ ਪੈਸਾ ਜੁਟਾਉਣ ਦੀ ਮੁਹਿੰਮ ਵਿਚ ਸ਼ਕੀਰਾ, ਓਪਰਾ ਵਿਨਫਰੇ, ਕ੍ਰਿਸ ਮਾਰਟਿਨ ਤੇ ਲਾਂਸ ਆਰਮਸਟ੍ਰਾਂਗ ਵਰਗੀਆਂ ਹਸਤੀਆਂ ਸ਼ਾਮਲ ਹੋ ਗਈਆਂ ਹਨ। ਇਸ ਦੌਰਾਨ ਅਮਰੀਕਾ ਨੇ ਕਿਹਾ ਹੈ ਕਿ ਹੈਤੀ ਦੀ ਮਦਦ ਕਰਨ ਲਈ ਤਕਰੀਬਨ 30 ਦੇਸ਼ਾਂ ਨੇ ਜਾਂ ਤਾਂ ਆਪਣੇ ਵਲੋਂ ਵੱਡੀ ਸਹਾਇਤਾ ਰਕਮ ਦੇ ਦਿੱਤੀ ਹੈ ਜਾਂ ਦੇਣ ਦੀ ਤਿਆਰੀ ਕਰ ਰਹੇ ਹਨ। ਦੱਖਣੀ ਅਫਰੀਕੀ ਭਾਰਤੀਆਂ ਦੀ ਅਗਵਾਈ ਵਿਚ ਵੀ ਇਕ 10 ਮੈਂਬਰੀ ਵਫਦ ਹੈਤੀ ਲਈ ਰਵਾਨਾ ਹੋਇਆ ਹੈ।

ਵਿਨਾਸ਼ਕਾਰੀ ਭੂਚਾਲ ਨਾਲ ਪੀੜਤ ਹੈਤੀ ਦੀ ਰਾਜਧਾਨੀ ਪੋਰਟ-ਓ-ਪ੍ਰਿੰਸ ਵਿਚ ਲੁੱਟਮਾਰ ਅਤੇ ਹਿੰਸਾ ਦੀਆਂ ਘਟਨਾਵਾਂ ਵੱਧ ਰਹੀਆਂ ਹਨ। ਦੇਖਣ ਵਾਲੇ ਲੋਕਾਂ ਅਨੁਸਾਰ ਕਈ ਲੋਕ ਪੱਥਰ ਅਤੇ ਹਥੌੜੇ ਆਦਿ ਲੈ ਕੇ ਖਾਣੇ ਅਤੇ ਕੱਪੜੇ ਲਈ ਲੜਦੇ ਦਿਖਾਈ ਦਿੱਤੇ। ਅਮਰੀਕਾ ਸਮੇਤ ਵਿਦੇਸ਼ਾਂ ਅਤੇ ਕੌਮਾਂਤਰੀ ਸੰਗਠਨਾਂ ਤੋਂ ਆਉਣ ਵਾਲੀ ਸਹਾਇਤਾ ਸਮੱਗਰੀ ਦੀ ਵੀ ਲੁੱਟਮਾਰ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਓਧਰ ਭੂਚਾਲ ਪੀੜਤ ਹੈਤੀ ਦੇ ਨਾਗਰਿਕ ਵੀ ਸੰਯੁਕਤ ਰਾਸ਼ਟਰ ਦੇ ਟਰੱਕਾਂ ਰਾਹੀਂ ਵੰਡੇ ਜਾ ਰਹੇ ਖਾਣੇ ਦੇ ਪੈਕਟਾਂ ਨੂੰ ਲੈ ਕੇ ਆਪਸ ਵਿਚ ਝਗੜਦੇ ਦੇਖੇ ਗਏ।

## *ਸ਼ਿਵਰਾਜ ਪਾਟਿਲ ਪੰਜਾਬ ਦੇ ਨਵੇਂ ਗਵਰਨਰ ਬਣੇ*

**ਨਵੀਂ ਦਿੱਲੀ:** ਸਾਬਕਾ ਗ੍ਰਹਿ ਮੰਤਰੀ ਸ਼ਿਵਰਾਜ ਪਾਟਿਲ ਨੂੰ ਪੰਜਾਬ ਦਾ ਅਤੇ ਕੌਮੀ ਸੁਰੱਖਿਆ ਸਲਾਹਕਾਰ ਐਮ. ਕੇ. ਨਰਾਇਣਨ ਨੂੰ ਪੱਛਮੀ ਬੰਗਾਲ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਹੈ ਜਦੋਂਕਿ ਕੇਂਦਰ ਨੇ ਵੱਖ ਵੱਖ ਰਾਜਾਂ ਲਈ ਪੰਜ ਨਵੇਂ ਰਾਜਪਾਲਾਂ ਦੀ ਅੰਤਿਮ ਸੂਚੀ ਤਿਆਰ ਕਰ ਲਈ ਹੈ। ਸੂਤਰਾਂ ਅਨੁਸਾਰ ਸਾਬਕਾ ਰੱਖਿਆ ਸਕੱਤਰ ਸ਼ੇਖਰ ਦੱਤ ਨੂੰ ਛੱਤੀਸਗੜ੍ਹ ਲਈ ਚੁਣਿਆ ਗਿਆ ਹੈ ਜਿਥੋਂ ਈ. ਐਸ. ਐਲ. ਨਰਸਿਮਹਨ ਨੂੰ ਆਂਧਰਾ ਪ੍ਰਦੇਸ਼ ਦੇ ਰਾਜ ਭਵਨ 'ਚ ਭੇਜਿਆ ਜਾ ਰਿਹਾ ਹੈ। ਸੀਨੀਅਰ ਕਾਂਗਰਸੀ ਆਗੂ ਐਮ. ਓ. ਐਚ. ਫਾਰੂਕ ਝਾਰਖੰਡ ਦੇ ਨਵੇਂ ਰਾਜਪਾਲ ਹੋਣਗੇ ਜਿਥੋਂ ਕੇ. ਸ਼ੰਕਰਨਰਾਇਣਨ ਨੂੰ ਮਹਾਰਾਸ਼ਟਰ ਤਬਦੀਲ ਕੀਤਾ ਜਾ ਰਿਹਾ ਹੈ। ਹਿਮਾਚਲ ਪ੍ਰਦੇਸ਼ ਦੇ ਰਾਜਪਾਲ ਪ੍ਰਭਾ ਰਾਓ ਨੂੰ ਰਾਜਸਥਾਨ ਭੇਜਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਥਾਂ ਗੁਜਰਾਤ ਦੇ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਉਰਮਿਲਾਬੇਨ ਪਟੇਲ ਦੀ ਨਿਯੁਕਤੀ ਕੀਤੀ ਜਾ ਰਹੀ ਹੈ।



*ਸ਼ਿਵਰਾਜ ਪਾਟਿਲ*

ਕੋਰ ਕਮੇਟੀ ਦੀ ਮੀਟਿੰਗ ਜਿਸ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਵਿੱਤ ਮੰਤਰੀ ਪ੍ਰਣਾਬ ਮੁਖਰਜੀ, ਗ੍ਰਹਿ ਮੰਤਰੀ ਪੀ. ਚਿੰਦਬਰਮ, ਰੱਖਿਆ ਮੰਤਰੀ ਏ. ਕੇ. ਐਂਟਨੀ ਅਤੇ ਕਾਂਗਰਸ ਪ੍ਰਧਾਨ ਦੇ ਰਾਜਸੀ ਸਕੱਤਰ ਅਹਿਮਦ ਪਟੇਲ ਸ਼ਾਮਿਲ ਸਨ, ਵਲੋਂ ਉਪਰੋਕਤ ਰਾਜਪਾਲਾਂ ਦੇ ਨਾਵਾਂ ਨੂੰ ਹਰੀ ਝੰਡੀ ਦਿੱਤੀ ਗਈ ਸੀ ਅਤੇ ਇਨ੍ਹਾਂ ਨਾਵਾਂ ਦੀ ਸੂਚੀ ਗ੍ਰਹਿ ਮੰਤਰਾਲੇ ਵਲੋਂ ਮਨਜ਼ੂਰੀ ਲਈ ਰਾਸ਼ਟਰਪਤੀ ਭਵਨ ਭੇਜ ਦਿੱਤੀ ਗਈ ਸੀ।

ਵਰਨਣਯੋਗ ਹੈ ਕਿ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਐਸ. ਐਫ. ਰੌਡਰਿਗਜ਼ ਦਾ ਕਾਰਜਕਾਲ ਖਤਮ ਹੋਏ ਨੂੰ 2 ਮਹੀਨੇ ਹੋ ਗਏ ਹਨ।

**ਸ਼ਿਵਰਾਜ ਪਾਟਿਲ ਦਾ ਜੀਵਨ ਵੇਰਵਾ:** ਰਾਜਪਾਲ, ਲੋਕ ਸਭਾ ਦੇ ਸਪੀਕਰ ਅਤੇ ਡਾ. ਮਨਮੋਹਨ ਸਿੰਘ ਦੀ ਸਰਕਾਰ 'ਚ ਕੇਂਦਰੀ ਗ੍ਰਹਿ ਮੰਤਰੀ ਰਹੇ ਸ਼ਿਵਰਾਜ ਵਿਸ਼ਵਨਾਥ ਪਾਟਿਲ ਦਾ ਜਨਮ 12 ਅਕਤੂਬਰ, 1935 ਨੂੰ ਮਹਾਰਾਸ਼ਟਰ ਦੇ ਲਾਤੂਰ ਜ਼ਿਲੇ 'ਚ ਚਾਕੂਰ ਵਿਖੇ ਹੋਇਆ।

ਓਸਮਾਨੀਆ ਯੂਨੀਵਰਸਿਟੀ ਹੈਦਰਾਬਾਦ ਤੋਂ ਵਿਗਿਆਨ 'ਚ ਗਰੈਜੂਏਸ਼ਨ ਕੀਤੀ ਅਤੇ ਬੰਬੇ 'ਵਰਸਿਟੀ ਤੋਂ ਕਨੂੰਨ ਦੀ ਤਾਲੀਮ ਹਾਸਿਲ ਕੀਤੀ। ਸਾਲ 1967-69 ਦੌਰਾਨ ਉਨ੍ਹਾਂ ਲਾਤੂਰ ਮਿਉਂਸਪੈਲਟੀ 'ਚ ਸ਼ਮੂਲੀਅਤ ਕੀਤੀ। ਜੂਨ 1963 'ਚ ਵਿਜੇ ਪਾਟਿਲ ਨਾਲ ਵਿਆਹ ਹੋਇਆ। ਸਾਲ 1972-79 ਦੌਰਾਨ ਉਹ ਮਹਾਰਾਸ਼ਟਰ ਵਿਧਾਨ ਸਭਾ ਦੇ ਮੈਂਬਰ ਰਹੇ। 1980 'ਚ ਉਹ 7ਵੀਂ ਲੋਕ ਸਭਾ ਲਈ ਚੁਣੇ ਗਏ ਅਤੇ 1999 ਤੱਕ ਲਗਾਤਾਰ 7 ਵਾਰ ਲੋਕ ਸਭਾ ਚੋਣਾਂ 'ਚ ਜੇਤੂ ਰਹੇ। ਉਨ੍ਹਾਂ ਨੇ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੀਆਂ ਸਰਕਾਰਾਂ ਦੌਰਾਨ ਰੱਖਿਆ ਮੰਤਰੀ ਵਜੋਂ ਸੇਵਾ ਨਿਭਾਈ।

ਮੁੰਬਈ 'ਚ ਹੋਏ ਅਤਿਵਾਦੀ ਹਮਲਿਆਂ ਤੋਂ ਬਾਅਦ ਪੈਦਾ ਹੋਏ ਵਿਵਾਦ ਦੌਰਾਨ ਉਨ੍ਹਾਂ ਨੇ 30 ਨਵੰਬਰ 2008 ਨੂੰ ਗ੍ਰਹਿ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। 2004 'ਚ ਉਹ ਲੋਕ ਸਭਾ ਚੋਣ ਹਾਰ ਗਏ ਪ੍ਰੰਤੂ ਉਨ੍ਹਾਂ ਨੂੰ ਰਾਜ ਸਭਾ ਮੈਂਬਰ ਬਣਾ ਦਿੱਤਾ ਗਿਆ।

# ਵਿੱਤੀ ਸੁਧਾਰਾਂ ਬਾਰੇ ਕਾਲੀਆ-ਸੁਖਬੀਰ ਕਮੇਟੀ ਦੀ ਰਿਪੋਰਟ ਪੇਸ਼

ਹੋਏ ਖਰਚ ਨੂੰ ਜਿਣਸਾਂ ਦਾ ਖਰੀਦ ਮੁੱਲ ਮਿਥਣ ਵੇਲੇ ਕੀਤੇ ਜਾਂਦੇ ਹਿਸਾਬ ਕਿਤਾਬ ਵਿਚ ਸ਼ਾਮਲ ਕਰਵਾਇਆ ਜਾ ਸਕੇਗਾ। ਕਮੇਟੀ ਨੇ ਖੇਤੀ ਲਈ ਦਿੱਤੀਆਂ ਜਾਣ ਵਾਲੀਆਂ ਸਬਸਿਡੀਆਂ ਜਾਰੀ ਰੱਖਣ ਦੇ ਹੱਕ ਵਿੱਚ ਦਿੱਤੀ ਆਪਣੀ ਦਲੀਲ ਦੇ ਪੱਖ ਵਿਚ ਇਕ ਸੰਸਾਰ ਪ੍ਰਸਿੱਧ ਅਰਥਸ਼ਾਸਤਰੀ ਦੀ ਰਿਪੋਰਟ ਦਾ ਹਵਾਲਾ ਵੀ ਦਿੱਤਾ ਹੈ। ਇਸ ਰਿਪੋਰਟ ਅਨੁਸਾਰ ਅਮਰੀਕੀ ਕਿਸਾਨਾਂ ਦੀ ਆਮਦਨ ਦਾ 52 ਫੀਸਦੀ, ਯੂਰਪੀਅਨ ਯੂਨੀਅਨ ਵਿਚ 46 ਫੀਸਦੀ ਅਤੇ ਜਪਾਨ ਵਿਚ ਕਿਸਾਨਾਂ ਦੀ ਆਮਦਨ ਦਾ 56 ਫੀਸਦੀ ਸਰਕਾਰ ਵਲੋਂ ਦਿੱਤੀਆਂ ਜਾਂਦੀਆਂ ਸਬਸਿਡੀਆਂ ਤੋਂ ਆਉਂਦਾ ਹੈ। ਇਸ ਤੋਂ ਉਲਟ ਪੰਜਾਬ ਦੇ ਕਿਸਾਨਾਂ ਦੀ ਆਮਦਨ ਦਾ 5 ਫੀਸਦੀ ਹਿੱਸਾ ਹੀ ਸਰਕਾਰੀ ਸਬਸਿਡੀਆਂ ਤੋਂ ਆਉਂਦਾ ਹੈ। ਕਮੇਟੀ ਨੇ ਗਵਾਂਢੀ ਰਾਜਾਂ ਦੀ ਤਰਜ਼ 'ਤੇ ਵੈਟ ਨੂੰ 4 ਫੀਸਦੀ ਤੋਂ ਵਧਾ ਕੇ ਪੰਜ ਪ੍ਰਤੀਸ਼ਤ ਕਰਨ ਦੀ ਸਿਫਾਰਸ਼ ਕੀਤੀ ਹੈ। ਇਹ ਸੁਝਾਅ ਵੀ ਦਿੱਤਾ ਗਿਆ ਹੈ ਕਿ ਚੂੰਗੀ ਖ਼ਤਮ ਕਰਨ ਦੇ ਬਦਲੇ ਵੈਟ ਉਪਰ 10 ਪ੍ਰਤੀਸ਼ਤ ਸਰਚਾਰਜ ਲਾਇਆ ਜਾਵੇ। ਕਮੇਟੀ ਨੇ ਰਾਜ ਅੰਦਰਲੇ ਸਥਾਨਕ ਉਦਯੋਗ ਨੂੰ ਸੁਰੱਖਿਆ ਮੁਹੱਈਆ ਕਰਾਉਣ ਲਈ ਬਾਹਰੋਂ ਆਉਣ ਵਾਲੇ ਸਨਅਤੀ ਉਤਪਾਦਨ ਉਪਰ ਐਂਟਰੀ ਟੈਕਸ ਲਾਉਣ ਦੀ ਵੀ ਸਿਫਾਰਸ਼ ਕੀਤੀ ਹੈ।

ਸਥਾਨਕ ਉਸਾਰੂ ਢਾਂਚੇ ਦੀ ਉਸਾਰੀ ਦੀ ਸਹਾਇਤਾ ਕਰਨ ਲਈ ਕਮੇਟੀ ਨੇ ਮਿਉਂਸਪਲ ਕਮੇਟੀਆਂ ਦੀ ਹਦੂਦ ਤੋਂ ਬਾਹਰਲੀਆਂ ਅਤੇ ਪੰਜ ਹਜ਼ਾਰ ਵਰਗ ਮੀਟਰ ਤੋਂ ਉਪਰ ਦੇ ਖੇਤਰ ਵਾਲੀਆ ਸੰਸਥਾਵਾਂ ਉਪਰ ਵੀ ਇੱਕ ਪ੍ਰਤੀਸ਼ਤ ਲੈਵੀ ਲਾਉਣ ਦੀ ਸਿਫਾਰਸ਼ ਕੀਤੀ ਹੈ। ਡਿਪਟੀ ਕਮਿਸ਼ਨਰਾਂ ਵਲੋਂ ਜਾਇਦਾਦ ਦੀ ਖਰੀਦ ਲਈ ਤੈਅ ਕੀਤੇ ਰੇਟਾਂ ਅੰਦਰ 10 ਪ੍ਰਤੀਸ਼ਤ ਵਾਧਾ ਕਰਨ ਲਈ ਵੀ ਕਿਹਾ ਗਿਆ ਹੈ।

ਸ੍ਰੀ ਬੈਂਸ ਨੇ ਦੱਸਿਆ ਕਿ ਕਮੇਟੀ ਨੇ ਪੇਂਡੂ ਤੇ ਸ਼ਹਿਰੀ ਖੇਤਰਾਂ ਅੰਦਰ ਜਾਇਦਾਦਾਂ ਦੇ ਕਾਨੂੰਨੀ ਵਾਰਸਾਂ ਨੂੰ ਭਾਰੀ ਰਾਹਤ ਪ੍ਰਦਾਨ ਕਰਦਿਆਂ ਉਨ੍ਹਾਂ ਲਈ ਸਟੈਂਪ ਡਿਊਟੀ ਨੂੰ ਪੂਰੀ ਤਰ੍ਹਾਂ ਮੁਆਫ਼ ਕਰਨ ਦਾ ਸੁਝਾਅ ਦਿੱਤਾ ਹੈ। ਔਰਤਾਂ ਦੇ ਸ਼ਕਤੀਕਰਨ ਦੀ ਮੁਹਿੰਮ ਨੂੰ ਹੁਲਾਰਾ ਦਿੰਦਿਆਂ ਕਮੇਟੀ ਨੇ ਔਰਤਾਂ ਵੱਲੋਂ ਜਾਇਦਾਦ ਦੀ ਖਰੀਦ ਕਰਨ ਵੇਲੇ ਸਟੈਂਪ ਡਿਊਟੀ ਨੂੰ ਘਟਾ ਕੇ 4 ਤੋਂ 3 ਪ੍ਰਤੀਸ਼ਤ ਕਰਨ ਦੀ ਸਿਫਾਰਸ਼ ਕੀਤੀ ਹੈ।

ਰਾਜ ਦੇ ਨਾਗਰਿਕਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣ ਅਤੇ ਸ਼ਹਿਰੀ ਖੇਤਰਾਂ ਅੰਦਰਲੇ ਨਿਘਾਰ ਨੂੰ ਡੱਕਣ ਲਈ ਕਮੇਟੀ ਨੇ ਅਪਰੈਲ 2010 ਤੋਂ ਜਾਇਦਾਦ ਟੈਕਸ ਲਾਉਣ ਲਈ ਜਾਇਦਾਦ ਦੀ ਕੀਮਤ ਸਵੈ ਇੱਛਾ ਨਾਲ ਤੈਅ ਕਰਨ ਦੀ ਖੁੱਲ੍ਹ ਦੇਣ ਦੀ ਸਿਫਾਰਸ਼ ਕੀਤੀ ਹੈ।

ਰਾਜ ਅੰਦਰ ਆਵਾਜਾਈ ਸਬੰਧੀ ਢਾਂਚੇ ਅੰਦਰ ਸੁਧਾਰ ਕਰਨ ਲਈ ਕਮੇਟੀ ਨੇ ਪਰਮਿਟਾਂ ਤੇ ਫੇਰਿਆਂ ਨੂੰ ਮਨਜ਼ੂਰ ਤੇ ਵਾਧਾ ਕਰਨ ਸਮੇਂ ਮੋਟਰ ਵਹੀਕਲ ਟੈਕਸ ਵਧਾਉਣ ਤੇ ਵਸੂਲੀ ਕਰਨ ਦੀ ਸਿਫਾਰਸ਼ ਦੇ ਨਾਲ ਹੀ ਬੱਸ ਕਿਰਾਏ ਵਿਚ 7 ਪੈਸੇ ਪ੍ਰਤੀ ਕਿਲੋਮੀਟਰ ਵਾਧਾ ਕਰਨ ਦੀ ਸਿਫਾਰਸ਼ ਵੀ ਕੀਤੀ ਹੈ। ਮੋਟਰ ਵਹੀਕਲ ਟੈਕਸ ਵਿਚ ਪੰਜ ਤੋਂ ਪੰਦਰਾਂ ਸੌ ਰੁਪਏ ਪ੍ਰਤੀ ਕਿਲੋਮੀਟਰ ਵਾਧਾ ਕਰਨ ਦੀ ਤਜਵੀਜ਼ ਹੈ। ਰਾਜ ਅੰਦਰ ਟੈਕਸੀ ਸੇਵਾ ਦਾ ਵਾਧਾ ਕਰਨ ਲਈ ਇਨ੍ਹਾਂ ਦੇ ਟੈਕਸ ਨੂੰ 750 ਤੋਂ ਘਟਾ ਕੇ 400 ਰੁਪਏ ਪ੍ਰਤੀ ਸੀਟ ਕਰਨ ਦੀ ਸਿਫਾਰਸ਼ ਕੀਤੀ ਗਈ ਹੈ।

ਕਮੇਟੀ ਦੀ ਰਿਪੋਰਟ ਅੰਦਰ ਟਾਵਰਾਂ ਦੀ ਇੱਕ ਸਮੇਂ ਪ੍ਰਵਾਨਗੀ ਲਈ ਪ੍ਰਤੀ ਟਾਵਰ ਇੱਕ ਲੱਖ ਰੁਪਏ ਵਸੂਲਣ ਅਤੇ ਮਿਉਂਸਪਲ ਕਾਰਪੋਰੇਸ਼ਨ ਦੀ ਹੱਦ ਅੰਦਰ 25000, ਕੌਂਸਲ ਅੰਦਰ 20,000 ਅਤੇ ਪੰਚਾਇਤੀ ਤੇ ਹੋਰ ਖੁੱਲ੍ਹੇ ਖੇਤਰਾਂ ਅੰਦਰ 15000 ਰੁਪਏ ਸਾਲਾਨਾ ਫੀਸ ਵਸੂਲਣ ਦੀ ਵੀ ਸਿਫਾਰਸ਼ ਕੀਤੀ ਗਈ ਹੈ।

ਰਿਪੋਰਟ 'ਚ ਸੁਝਾਅ ਦਿੱਤਾ ਗਿਆ ਹੈ ਕਿ ਸੂਬੇ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਅਤੇ ਸਾਰੇ ਖੇਤਰਾਂ ਵਿਚ ਪੂੰਜੀਕਾਰੀ ਨੂੰ ਉਤਸ਼ਾਹਿਤ ਕਰਨ ਲਈ ਮਿਉਂਸਪਲ ਕਮੇਟੀਆਂ ਦੀ ਹਦੂਦ ਅੰਦਰ ਅਤੇ ਬਾਹਰ ਲਏ ਜਾਂਦੇ ਬਾਹਰੀ ਵਿਕਾਸ ਖਰਚੇ ਅਤੇ ਜ਼ਮੀਨ ਦੀ ਤਬਦੀਲੀ ਦੇ ਖਰਚਿਆਂ ਨੂੰ ਮੁੜ ਵਿਚਾਰਨ ਅਤੇ ਇਨ੍ਹਾਂ ਨੂੰ ਤਰਕਸੰਗਤ ਬਣਾਉਣ ਦੀ ਤੁਰੰਤ ਲੋੜ ਹੈ।

ਸੂਬੇ ਦੇ ਲੋਕਾਂ ਨੂੰ ਰਾਹਤ ਦਿੰਦਿਆਂ, ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਨਗਰਪਾਲਿਕਾਵਾਂ ਦੀਆਂ ਹੱਦਾਂ ਦੇ ਅੰਦਰ ਅਤੇ ਬਾਹਰ ਬਣੀਆਂ ਹੋਈਆਂ/ਬਣ ਰਹੀਆਂ ਇਮਾਰਤਾਂ ਨੂੰ ਘਟਾਈਆਂ ਗਈਆਂ ਫੀਸਾਂ ਅਨੁਸਾਰ ਰੈਗੂਲਰ ਕੀਤਾ ਜਾਵੇ। ਇਸ ਨਾਲ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਮਿਲਣ ਦੇ ਨਾਲ ਨਾਲ ਲੋਕਾਂ ਨੂੰ ਵੀ ਵੱਡੀ ਰਾਹਤ ਮਿਲੇਗੀ।

## *ਪ੍ਰੋ. ਦਰਸ਼ਨ ਸਿੰਘ 'ਤੇ ਹਮਲਾ*

(ਕੋਲਕਾਤਾ) ਵਿਖੇ ਗੁਰਮਤਿ ਪ੍ਰਚਾਰ ਕੇਂਦਰ ਦੀ ਨੌਜਵਾਨ ਸਿੱਖ ਜਥੇਬੰਦੀ ਵਲੋਂ ਪ੍ਰੋ. ਦਰਸ਼ਨ ਸਿੰਘ ਦਾ ਕੀਰਤਨ ਰਖਿਆ ਗਿਆ ਸੀ। ਪ੍ਰੋ. ਦਰਸ਼ਨ ਸਿੰਘ ਖ਼ਾਲਸਾ 11:15 ਵਜੇ ਸਮਾਗਮ ਵਾਲੀ ਥਾਂ ਉਤੇ ਜਦੋਂ ਕਾਰ 'ਚੋਂ ਨਿਕਲਣ ਲੱਗੇ ਤਾਂ ਕਰੀਬ 40-50 ਵਿਅਕਤੀਆਂ ਨੇ ਉਨ੍ਹਾਂ ਉਤੇ ਹਮਲਾ ਕਰ ਦਿਤਾ। ਪ੍ਰਬੰਧਕਾਂ ਅਤੇ ਪੁਲਿਸ ਨੇ ਪ੍ਰੋ. ਦਰਸ਼ਨ ਸਿੰਘ ਨੂੰ ਘੇਰੇ ਵਿਚ ਲੈ ਕੇ ਸੁਰੱਖਿਅਤ ਥਾਂ ਉਤੇ ਪਹੁੰਚਾਇਆ।

ਹਮਲੇ ਪਿੱਛੋਂ ਗੱਲਬਾਤ ਕਰਦਿਆਂ ਪ੍ਰੋ. ਦਰਸ਼ਨ ਸਿੰਘ ਨੇ ਕਿਹਾ, ''ਤਖ਼ਤਾਂ ਉਤੇ ਜਥੇਦਾਰ ਨਹੀਂ ਬਲਕਿ ਗੁੰਡੇ ਬਿਠਾਏ ਗਏ ਹਨ ਜਿਹੜੇ ਪੰਥ ਵਿਰੋਧੀ ਪ੍ਰੋਗਰਾਮ ਕਰਨ ਵਾਲਿਆਂ ਨੂੰ ਤਾਂ ਸਹਿਯੋਗ ਦਿੰਦੇ ਹਨ ਪਰ ਤੱਤ ਗੁਰਮਤਿ ਦਾ ਪ੍ਰਚਾਰ ਕਰਨ ਵਾਲਿਆਂ ਉਤੇ ਹਮਲੇ ਕਰਵਾਉਂਦੇ ਹਨ।'' ਉਨ੍ਹਾਂ ਕਿਹਾ, ''ਅਕਾਲ ਤਖ਼ਤ 'ਤੇ ਬੈਠਾ ਗੁੰਡਾ ਪੰਜਾਬ ਵਿਚ ਅਤੇ ਪਟਨਾ ਤਖ਼ਤ 'ਤੇ ਬੈਠਾ ਗੁੰਡਾ ਬਿਹਾਰ ਅਤੇ ਪੱਛਮੀ ਬੰਗਾਲ ਵਿਚ ਤੱਤ ਗੁਰਮਤਿ ਦੇ ਪ੍ਰਚਾਰ ਲਈ ਕੀਤੇ ਜਾ ਰਹੇ ਸਮਾਗਮਾਂ ਉਤੇ ਪਾਬੰਦੀ ਲਗਾ ਰਿਹਾ ਹੈ ਅਤੇ ਪ੍ਰਚਾਰਕਾਂ ਉਤੇ ਕਾਤਲਾਨਾ ਹਮਲੇ ਕਰਵਾ ਰਿਹਾ ਹੈ।'' ਉਨ੍ਹਾਂ ਦੋਸ਼ ਲਾਇਆ ਕਿ ਜਿਸ ਤਰ੍ਹਾਂ ਗਿਆਨੀ ਇਕਬਾਲ ਸਿੰਘ ਅਤੇ ਗੁਰਚਰਨਜੀਤ ਸਿੰਘ ਲਾਂਬਾ ਦੀ ਸਾਂਝੀ ਫ਼ੋਰਸ ਨੇ ਸਮਾਗਮ ਰੱਦ ਕਰਾਉਣ ਦੀ ਕੋਸ਼ਿਸ਼ ਕੀਤੀ ਹੈ, ਉਸ ਤੋਂ ਸਿੱਧ ਹੁੰਦਾ ਹੈ ਕਿ ਤਖ਼ਤਾਂ ਦੇ ਅਖੌਤੀ 'ਜਥੇਦਾਰ' ਕੀਰਤਨ ਪ੍ਰੋਗਰਾਮਾਂ ਕਾਰਨ ਬੌਖਲਾ ਗਏ ਹਨ ਅਤੇ ਸੰਗਤ ਵਿਚ ਆਪਣਾ ਪਰਦਾਫ਼ਾਸ਼ ਹੋਣ ਤੋਂ ਡਰਦੇ ਕਮੀਨੀਆਂ ਹਰਕਤਾਂ ਉਤੇ ਉਤਰ ਆਏ ਹਨ।

**ਹਮਲਾ 'ਰੱਬ ਦੀ ਰਜ਼ਾ' -ਮੱਕੜ :** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਪ੍ਰੋ. ਦਰਸ਼ਨ ਸਿੰਘ ਉਤੇ ਹੋਏ ਹਮਲੇ ਬਾਰੇ ਟਿਪਣੀ ਕਰਦਿਆਂ ਕਿਹਾ, ''ਇਹ ਤਾਂ ਰੱਬ ਦੀ ਰਜ਼ਾ ਹੈ। ਪ੍ਰੋ. ਦਰਸ਼ਨ ਸਿੰਘ ਨੇ ਅਕਾਲ ਪੁਰਖ ਨੂੰ ਸੰਬੋਧਨ ਹੋ ਕੇ ਚਿੱਠੀ ਲਿਖੀ ਸੀ ਤੇ ਇਹ ਉਸ ਦਾ ਜਵਾਬ ਹੈ।''

ਜਥੇਦਾਰ ਮੱਕੜ ਨੇ ਕਿਹਾ, ''ਪ੍ਰੋ. ਦਰਸ਼ਨ ਸਿੰਘ ਨੇ ਜਿਹੜੀ ਗੁਰੂ ਨਿੰਦਕ ਸਾਖੀ ਦਸਮ ਗ੍ਰੰਥ ਵਿਚੋਂ ਪੇਸ਼ ਕੀਤੀ ਸੀ, ਉਸ ਦੀ ਪ੍ਰਮਾਣਿਕਤਾ ਬਾਰੇ ਜਾਣਨ ਲਈ ਹੀ ਉਨ੍ਹਾਂ ਨੂੰ ਅਕਾਲ ਤਖ਼ਤ 'ਤੇ ਸੱਦਿਆ ਗਿਆ ਸੀ। ਉਹ ਵਿਵਾਦਮਈ ਸਾਖੀ ਨੂੰ ਕਦੇ ਡਾ. ਜੋਧ ਸਿੰਘ ਤੇ ਕਦੇ ਡਾ. ਰਤਨ ਸਿੰਘ ਜੱਗੀ ਦੇ ਸਿਰ ਮੜ੍ਹ ਕੇ ਆਪਣਾ ਬਚਾਅ ਕਰਨਾ ਚਾਹੁੰਦੇ ਹਨ।''

ਪੰਥਕ ਜਥੇਬੰਦੀਆਂ ਵਲੋਂ 'ਧੁੰਮਾ ਛਾਪ ਕੈਲੰਡਰ' ਰੱਦ ਕੀਤੇ ਜਾਣ ਸਬੰਧੀ ਉਨ੍ਹਾਂ ਕਿਹਾ ਕਿ ਅਖ਼ੀਰ ਸਾਡਾ ਕੈਲੰਡਰ ਹੀ ਮਨਜ਼ੂਰ ਹੋਣਾ ਹੈ। ਉਨ੍ਹਾਂ ਕਿਹਾ ਕਿ ਸਰਨਾ ਸਮੇਤ ਆਪੇ ਬਣੀਆਂ ਪੰਥਕ ਜਥੇਬੰਦੀਆਂ ਨੂੰ ਅਕਾਲ ਤਖ਼ਤ ਤੋਂ ਮਨਜ਼ੂਰ ਕੈਲੰਡਰ ਨੂੰ ਮੰਨਣਾ ਪੈਣਾ ਹੈ। ਜਥੇਦਾਰ ਮੱਕੜ ਨੇ ਕਿਹਾ ਕਿ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਦੀਆਂ ਕਾਲੀਆਂ ਸੂਚੀਆਂ ਖ਼ਤਮ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਸ. ਸਰਨਾ ਕਾਲੀਆਂ ਸੂਚੀਆਂ ਖ਼ਤਮ ਕਰਨ ਬਾਰੇ ਫੋਕੀ ਬਿਆਨਬਾਜ਼ੀ ਕਰ ਰਹੇ ਹਨ।


## ਜ਼ਮੀਨ ਸਮੇਤ ਗੈਸ ਸਟੇਸ਼ਨ ਵਿਕਾਊ

**ਸ਼ਿਕਾਗੋ ਤੋਂ 2 ਘੰਟੇ ਦੂਰ, 2 ਸਟੇਟ ਹਾਈਵੇ 'ਤੇ ਸਥਿਤ ਅਨਬਰੈਂਡਿਡ ਚਲਦਾ ਗੈਸ ਸਟੇਸ਼ਨ ਬੰਦ ਗੈਸ ਸਟੇਸ਼ਨ ਦੇ ਭਾਅ ਜ਼ਮੀਨ, ਰੈਸਟੋਰੈਂਟ ਤੇ ਲਿੱਕਰ ਲਾਇਸੈਂਸ ਸਮੇਤ ਵਿਕਾਊ ਸਸਤਾ ਸੌਦਾ, ਲਗਭਗ 19,000 ਸਕੇਅਰ ਫੁੱਟ, ਕਾਰਨਰ ਲਾਟ**

**ਕੇਵਲ 2.89 ਲੱਖ ਡਾਲਰ ਜਾਂ ਬੈਸਟ ਆਫਰ**

**ਫੋਨ ਕਰੋ:815-973-8867**

## ਬਿੰਦਰਾ 2 ਵਿਸ਼ਵ ਕੱਪਾਂ ਤੋਂ ਬਾਹਰ

**ਨਵੀਂ ਦਿੱਲੀ:** ਓਲੰਪਿਕ 'ਚ ਸੋਨ ਤਮਗਾ ਜਿੱਤਣ ਵਾਲੇ ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਅਤੇ ਭਾਰਤੀ ਰਾਸ਼ਟਰੀ ਰਾਇਫਲ ਸੰਘ (ਐਨ. ਆਰ. ਏ. ਆਈ.) ਵਿਚਾਲੇ ਜਾਰੀ ਵਿਵਾਦ ਹੋਰ ਡੂੰਘਾ ਹੋ ਗਿਆ ਹੈ ਅਤੇ ਸੰਘ ਨੇ ਬਿੰਦਰਾ ਨੂੰ ਅਗਲੇ ਦੋ ਵਿਸ਼ਵ ਕੱਪਾਂ ਲਈ ਨਿਸ਼ਾਨੇਬਾਜ਼ੀ ਟੀਮ 'ਚੋਂ ਬਾਹਰ ਕਰ ਦਿਤਾ ਹੈ ਪਰ ਦਬਾਅ ਅੱਗੇ ਝੁਕਦਿਆਂ ਐਨ. ਆਈ. ਏ. ਆਈ. ਨੇ ਐਲਾਨ ਕੀਤਾ ਕਿ ਬਿੰਦਰਾ ਦੇ ਨਿਸ਼ਾਨੇਬਾਜ਼ੀ ਟ੍ਰਾਇਲ ਵਿਚ ਹਿੱਸਾ ਨਾ ਲੈਣ ਕਾਰਨ ਇਹ ਕਾਰਵਾਈ ਕੀਤੀ ਗਈ ਹੈ ਪਰ ਉਹ ਉਸ ਨੂੰ ਤੀਜੇ ਅਤੇ ਚੌਥੇ ਵਿਸ਼ਵ ਕੱਪ ਲਈ ਟੀਮ ਵਿਚ ਸ਼ਾਮਲ ਕਰਨ ਬਾਰੇ ਸਹਿਮਤ ਹੋ ਗਈ ਹੈ।

ਟ੍ਰਾਇਲ ਮੁੱਦੇ 'ਤੇ ਬਿੰਦਰਾ ਅਤੇ ਐਨ. ਆਰ.ਏ.ਆਈ. ਵਿਚਾਲੇ ਪਿਛਲੇ ਕੁਝ ਦਿਨਾਂ ਤੋਂ ਤਣਾਅ ਫੈਲਿਆ ਹੋਇਆ ਹੈ। ਐਨ. ਆਰ. ਏ. ਆਈ. ਨੇ ਜਿੱਥੇ ਬਿੰਦਰਾ ਦੀ ਰਾਸ਼ਟਰਮੰਡਲ ਖੇਡਾਂ ਦੇ ਟ੍ਰਾਇਲ ਵਿਚ ਹਿੱਸਾ ਨਾ ਲੈਣ ਕਾਰਨ ਆਲੋਚਨਾ ਕੀਤੀ ਸੀ ਉਥੇ ਹੀ ਬਿੰਦਰਾ ਨੇ ਖੁਦ ਨੂੰ ਆਪਣੇ ਤੌਰ-ਤਰੀਕੇ ਨਾਲ ਤਿਆਰੀ ਨਾ ਕਰਨ ਦੇਣ ਕਾਰਨ ਨਿਸ਼ਾਨੇਬਾਜ਼ੀ ਛੱਡਣ ਦੀ ਧਮਕੀ ਤੱਕ ਦੇ ਦਿਤੀ ਸੀ।

# ਮਰਦਮਸ਼ੁਮਾਰੀ ਵਿਚ ਸਭਨਾਂ ਨੂੰ ਹਿੱਸਾ ਲੈਣ ਦੀ ਅਪੀਲ

**ਲਾਸ ਏਂਜਲਸ (ਪੰਜਾਬ ਟਾਈਮਜ਼ ਬਿਊਰੋ):** ਅਮਰੀਕਾ ਦੀ 2010 ਦੀ ਮਰਦਮਸ਼ੁਮਾਰੀ ਵਿਚ ਹਰ ਸ਼ਹਿਰੀ ਤੇ ਗੈਰ ਸ਼ਹਿਰੀ ਬਾਸ਼ਿੰਦੇ ਨੂੰ ਹਿੱਸਾ ਲੈਣਾ ਚਾਹੀਦਾ ਹੈ ਕਿਉਂਕਿ ਇਸ ਮਰਦਮਸ਼ੁਮਾਰੀ ਦੇ ਆਧਾਰ ਉਤੇ ਹੀ ਦੇਸ਼ ਦੀਆਂ ਯੋਜਨਾਵਾਂ ਬਣਦੀਆਂ ਹਨ ਅਤੇ ਵੱਖ ਵੱਖ ਭਾਈਚਾਰਿਆਂ, ਵਿਭਾਗਾਂ ਅਤੇ ਅਦਾਰਿਆਂ ਨੂੰ ਲੋਕ ਭਲਾਈ ਲਈ ਸਰਕਾਰੀ ਗ੍ਰਾਂਟ ਦਿੱਤੀ ਜਾਂਦੀ ਹੈ। ਇਹ ਇੰਕਸ਼ਾਫ ਇਥੇ ਵੱਖ ਵੱਖ ਧਾਰਮਿਕ ਭਾਈਚਾਰਿਆਂ ਦੇ ਆਗੂਆਂ ਦੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਅਮਰੀਕੀ ਕਾਮਰਸ ਵਿਭਾਗ ਦੇ ਮੰਤਰੀ ਗੈਰੀ ਲਾਕ ਨੇ ਕੀਤਾ। ਇਸ ਇਕੱਠ ਵਿਚ ਵੱਖ ਵੱਖ ਇਸਾਈ ਚਰਚਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਬੋਧੀ, ਪਾਰਸੀ, ਸਿੱਖ ਅਤੇ ਹਿੰਦੂ ਭਾਈਚਾਰੇ ਦੇ ਨੁਮਾਇੰਦੇ ਵੀ ਮੌਜੂਦ ਸਨ। ਸਿੱਖ ਭਾਈਚਾਰੇ ਵਲੋਂ ਸ. ਜਗਜੀਤ ਸਿੰਘ ਬੈਂਸ ਮੌਜੂਦ ਸਨ।

ਸ੍ਰੀ ਲਾਕ ਨੇ ਕਿਹਾ ਕਿ ਧਰਮ ਆਧਾਰਤ ਸੰਗਠਨ ਮਰਦਮਸ਼ੁਮਾਰੀ ਨੂੰ ਨੇਪਰੇ ਚਾੜ੍ਹਨ ਵਿਚ ਵੱਡੀ ਭੂਮਿਕਾ ਨਿਭਾ ਸਕਦੇ ਹਨ ਕਿਉਂਕਿ ਲੋਕ ਧਾਰਮਿਕ ਆਗੂਆਂ ਦੀ ਗੱਲ ਸੁਣਦੇ ਹਨ। ਸੰਨ



***ਅਮਰੀਕੀ ਕਾਮਰਸ ਵਿਭਾਗ ਦੇ ਮੰਤਰੀ ਗੈਰੀ ਲਾਕ ਦੇ ਨਾਲ ਹੋਰ ਭਾਈਚਾਰਿਆਂ ਦੇ ਧਾਰਮਿਕ ਆਗੂਆਂ ਸਮੇਤ ਸਿੱਖ ਭਾਈਚਾਰੇ ਵਲੋਂ ਜਗਜੀਤ ਸਿੰਘ ਬੈਂਸ***

2010 ਦੀ ਮਰਦਮਸ਼ੁਮਾਰੀ ਦਾ ਫਾਰਮ ਬਹੁਤ ਹੀ ਛੋਟਾ ਜਿਹਾ ਹੈ ਅਤੇ ਇਸ ਵਿਚ ਸਿਰਫ 10 ਸਵਾਲ ਪੁੱਛੇ ਗਏ ਹਨ ਜਿਨ੍ਹਾਂ ਦਾ ਜਵਾਬ ਦੇਣ ਵਿਚ 10 ਮਿੰਟ ਤੋਂ ਵੱਧ ਨਹੀਂ ਲੱਗਦੇ। ਮਰਦਮਸ਼ੁਮਾਰੀ ਵਿਚ ਹਿੱਸਾ ਲੈਣਾ ਇਸ ਕਰਕੇ ਜ਼ਰੂਰੀ ਹੈ ਕਿਉਂਕਿ ਸਰਕਾਰ ਨਵੀਆਂ ਸੜਕਾਂ, ਨਵੇਂ ਸਕੂਲਾਂ, ਹਸਪਤਾਲਾਂ, ਬਾਲ ਸੰਭਾਲ ਅਤੇ ਸੀਨੀਅਰ ਸੈਂਟਰਾਂ ਨੂੰ ਗ੍ਰਾਂਟ ਦੇਣ ਸਮੇਂ ਮਰਦਮਸ਼ੁਮਾਰੀ ਦੇ ਅੰਕੜਿਆਂ ਉਪਰ ਹੀ ਨਿਰਭਰ ਕਰਦੀ ਹੈ। ਸ੍ਰੀ ਲਾਕ ਨੇ ਕਿਹਾ ਕਿ ਵੱਖੋ ਵੱਖ ਧਾਰਮਿਕ ਅਦਾਰੇ ਵੀ ਸਰਕਾਰ ਤੋਂ ਗ੍ਰਾਂਟ ਹਾਸਲ ਕਰਨ ਲਈ ਇਨ੍ਹਾਂ ਅੰਕੜਿਆਂ ਉਪਰ ਨਿਰਭਰ ਕਰਦੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਇਕੱਠ ਵਿਚ ਹਾਜ਼ਰ ਧਾਰਮਿਕ ਆਗੂ ਆਪੋ ਆਪਣੇ ਭਾਈਚਾਰਿਆਂ ਵਿਚ ਇਹ ਸੁਨੇਹਾ ਪਹੁੰਚਦਾ ਕਰਨਗੇ। ਇਸ ਮੌਕੇ ਮੰਤਰੀ ਅਤੇ ਹੋਰ ਅਧਿਕਾਰੀਆਂ ਨੇ ਸਰੋਤਿਆਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ।

# ਟਰੱਕਿੰਗ ਸਨਅਤ ਦੀਆਂ ਮੁਸ਼ਕਲਾਂ ਬਾਰੇ ਸੈਮੀਨਾਰ

**ਸੈਲਮਾ, ਕੈਲੀਫੋਰਨੀਆ (ਪੰਜਾਬ ਟਾਈਮਜ਼ ਬਿਊਰੋ):** ਬਾਬਾ ਜੋਰਾਵਰ ਸਿੰਘ ਬਾਬਾ ਫਤਿਹ ਸਿੰਘ ਜਥੇਬੰਦੀ ਵਲੋਂ ਟਰੱਕਿੰਗ ਕੰਪਨੀਆਂ ਲਈ ਇਕ ਸੈਮੀਨਾਰ ਇਥੇ ਅਸ਼ੋਕਾ ਰੈਸਟੋਰੈਂਟ ਵਿਚ ਕਰਾਇਆ ਗਿਆ। ਇਸ ਮੌਕੇ ਖਾਸਕਰ ਪੰਜਾਬੀਆਂ ਦੀਆਂ ਟਰੱਕਿੰਗ ਕੰਪਨੀਆਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਵਿਚਾਰ ਕੀਤਾ ਗਿਆ।

ਸੈਮੀਨਾਰ ਨੂੰ ਕੈਲੀਫੋਰਨੀਆ ਦੇ ਹਾਈਵੇ ਪਟਰੋਲ ਦੇ ਇੰਸਪੈਕਟਰ ਸ. ਜਤਿੰਦਰ ਸਿੰਘ ਗਿੱਲ ਨੇ ਸੰਬੋਧਨ ਕੀਤਾ। ਸੈਮੀਨਾਰ ਵਿਚ ਫੈਡਰਲ ਟਰਾਂਸਪੋਰਟ ਵਿਭਾਗ ਦੇ ਅਫਸਰ ਡੈਨੀਅਲ ਕੈਨਟਰੀ ਨੇ ਅਮਰੀਕਾ ਵਿਚ ਵੱਧ ਰਹੇ ਅਪਰਾਧ ਅਤੇ ਟਰੱਕਿੰਗ ਕੰਪਨੀਆਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਜਾਣਕਾਰੀ ਦਿੱਤੀ। ਟਰੱਕਿੰਗ ਕੰਪਨੀਆਂ ਦੇ ਮਾਲਕਾਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ ਗਏ। ਭੁਪਿੰਦਰ ਸਿੰਘ ਖਾਲਸਾ, ਗੁਰਦੀਪ ਸਿੰਘ ਖਾਲਸਾ, ਕੁਲਵੰਤ ਸਿੰਘ ਖਹਿਰਾ, ਜਗਜੀਤ ਸਿੰਘ, ਹਰਪ੍ਰੀਤ ਸਿੰਘ ਬਾਸੀ, ਜਗਰੂਪ ਸਿੰਘ ਨੇ ਸਰਕਾਰੀ ਅਧਿਕਾਰੀਆਂ ਦਾ ਧੰਨਵਾਦ ਕੀਤਾ ਅਤੇ ਪੁਲਿਸ ਪ੍ਰਸ਼ਾਸਨ ਨੂੰ ਸਹਿਯੋਗ ਦੇਣ ਦਾ ਵਿਸ਼ਵਾਸ ਦਿੱਤਾ।



## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਬੋਲਟ ਨੇ ਓਬਾਮਾ ਨੂੰ ਪਿਛੇ ਛੱਡਿਆ**

-ਬਈ ਬੜਾ ਤੇਜ਼ ਦੌੜਦੈ!!!

***ਪਰਵਾਸੀ ਭਾਰਤੀ ਸੰਮੇਲਨ ਵਿਚ ਪਰਵਾਸੀਆਂ ਦੀ ਸ਼ਮੂਲੀਅਤ ਘਟੀ**

-ਹਰ ਵਾਰ ਇਕੋ ਜਿਹੇ ਲਾਰੇ ਸੁਣ ਸੁਣ ਅੱਕ ਗਏ ਹੋਣੇ ਆ।

***ਹਾਕੀ ਖਿਡਾਰੀਆਂ ਨੂੰ ਪੈਸੇ ਲਈ ਨਹੀਂ ਦੇਸ਼ ਲਈ ਖੇਡਣਾ ਚਾਹੀਦਾ-ਮੱਟੂ**

-ਤੁਹਾਡਾ ਮਤਲਬ ਕ੍ਰਿਕਟ ਵਾਲੇ ਦੇਸ਼ ਲਈ ਨਹੀਂ ਖੇਡਦੇ?

***ਪੰਜਾਬ ਦੇ ਸੇਵਾਮੁਕਤ ਮੁਲਾਜ਼ਮ ਮਹਿੰਗਾਈ ਤੇ ਭ੍ਰਿਸ਼ਟਾਚਾਰ ਤੋਂ ਔਖੇ**

-ਏਦੂੰ ਵੀ ਵੱਧ ਝੂਰਦੇ ਏਸ ਲਈ ਹੋਣੇ ਐ ਬਈ ਸਾਡੇ ਵੇਲੇ ਤਾਂ ਬਣਦਾ ਈ ਕੱਖ ਨਹੀਂ ਸੀ। ਹੁਣ ਤਾਂ ਰਿਸ਼ਵਤਾਂ ਦੇ ਰੇਟ ਈ ਬੜੇ ਵਧੀਆ ਆ।

***ਮੱਕੜ 'ਤੇ ਹਮਲੇ ਬਾਰੇ ਝੀਂਡਾ ਨੂੰ ਤਲਬ ਕਰਨ ਲਈ ਹੋ ਸਕਦੈ ਵਿਚਾਰ**

-ਬਾਦਲ ਵਿਰੋਧੀਆਂ ਲਈ ਵਿਚਾਰਾਂ ਨੂੰ ਤਾਂ ਬੜਾ ਸਮਾਂ ਥੋੜੇ ਕੋਲ, ਬੱਸ ਬਾਦਲਕਿਆਂ ਵੇਲੇ ਈ ਥੋਡੇ ਕੰਨ ਤੇ ਅੱਖਾਂ ਕੰਮ ਕਰਨੋਂ ਹਟ ਜਾਂਦੇ ਐ।

***ਮੈਨੂੰ ਗ੍ਰਿਫਤਾਰ ਕਰੋ, ਫੇਰ ਦੇਖੋ ਦੇਸ਼ ਵਿਚ ਕੀ ਹੁੰਦਾ ਐ**

-ਇਹਨੂੰ ਕਹਿੰਦੇ ਐ ਝੰਡਾ ਗੱਡ ਕੇ ਬਦਮਾਸ਼ੀ ਕਰਨੀ।

***ਪਰਵਾਸੀ ਭਾਰਤੀਆਂ ਨੂੰ ਵੋਟ ਦਾ ਹੱਕ ਦਿੱਤਾ ਜਾਵੇਗਾ**

-ਜੇ ਕਿਸੇ ਨੂੰ ਵੀਜ਼ਾ ਜਾਂ ਪਾਸਪੋਰਟ ਦਿਓਗੇ ਤਾਂ ਹੀ ਅਗਲਾ ਵੋਟ ਪਾਉਣ ਜਾਊ। ਨਹੀਂ ਤਾਂ ਕੱਲੇ ਹੱਕ ਨੂੰ ਕਿਸੇ ਨੇ ਚੱਟਣੈ।

*To Advertise with us*
*call: 847-359-0746*
*Fax:847-705-9388*

WELLS FARGO HOME MORTGAGE

**Your goals deserve our attention**

**Every year, millions of Americans enjoy the rewards of homeownership. And they trust their homeownership goals to Wells Fargo Home Mortgage. With our exclusive programs and dedication to personal service, you can feel confident that we will help you choose the home financing that is tailored to fit**

- **Priority Buyer ® preapproval**
- **Low down payment options for qualified borrowers**
- **Purchases and refinances**



*Contact **Jag Jiwan Bhangu** to put your goals into action today.*
3010 Lava Ridge Ct. Roseville, CA
**Ph: 1-866-490-9758 (Ext. 127)**
**Fax: 1-866-972-2179**
**Cell: 408-598-9605, 916-759-1923**

EQUAL HOUSING LENDER

1. Available on qualified purchase transactions. Other terms and conditions apply. See a homemortgage consultant for details. Wells Fargo Home Mortgage is a division of Wells Fargo Bank, N.A.

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

**We Specialize in Bankowned, Foreclosure and Short Sale Homes**

*ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।*

**We Do Loan Modification and Credit Repair to Save Your Home From Forclosure**

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

**Right Time To Buy For Investers And First Time Home Buyers**



**Gurbans Singh Gill**
Realtor
12 Years Experiance in Real Estate
e-mail: gurbans@gotracy.com

REALTY WORLD Millennium

Fax: 209-836-0706
www.gotracy.com

**Gurbans Gill 209-815-1869**

# ਭਰਤੀ ਅਤੇ ਰਾਜ ਸਭਾ ਚੋਣ ਤੋਂ ਪੰਜਾਬ ਕਾਂਗਰਸ ਲੀਰਾਂ

**ਚੰਡੀਗੜ੍ਹ :** ਮੁਢਲੇ ਮੈਂਬਰਾਂ ਦੀ ਭਰਤੀ ਅਤੇ ਰਾਜ ਸਭਾ ਦੀਆਂ ਖਾਲੀ ਹੋਣ ਵਾਲੀਆਂ ਸੀਟਾਂ ਨੂੰ ਲੈ ਕੇ ਪੰਜਾਬ ਕਾਂਗਰਸ ਅੰਦਰ ਧੜੇਬੰਦਕ ਕਸ਼ਮਕਸ਼ ਤੇਜ਼ ਹੋ ਗਈ ਹੈ। ਖੇਡਾਂ ਤੇ ਯੁਵਕ ਭਲਾਈ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਮਨੋਹਰ ਸਿੰਘ ਗਿੱਲ ਨੂੰ ਰਾਜ ਸਭਾ ਲਈ ਦੂਜੀ ਵਾਰ ਟਿਕਟ ਨਾ ਦੇਣ ਲਈ ਇਕ ਮਜ਼ਬੂਤ ਲਾਬੀ ਨੇ ਆਪਣਾ ਕੰਮ ਵਿੱਢ ਦਿੱਤਾ ਹੈ। ਉਧਰ ਜਲੰਧਰ ਤੋਂ ਲੋਕ ਸਭਾ ਮੈਂਬਰ ਰਾਣਾ ਗੁਰਜੀਤ ਸਿੰਘ ਅਤੇ ਭੁਲੱਥ ਹਲਕੇ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਵਿਚਾਲੇ ਖਿੱਚੋ ਤਾਣ ਉਭਰ ਕੇ ਸਾਹਮਣੇ ਆ ਗਈ ਹੈ। ਸ੍ਰੀ ਰਾਣਾ ਨੇ ਖਹਿਰਾ ਵਲੋਂ ਲਗਾਏ ਗਏ ਦੋਸ਼ਾਂ ਦਾ ਖੰਡਨ ਕਰਦਿਆਂ ਮੈਂਬਰਸ਼ਿਪ ਭਰਤੀ ਵਿਚ ਬੇਨੇਮੀਆਂ ਦਾ ਮੁੱਦਾ ਮੀਡੀਆ ਵਿਚ ਉਛਾਲਣ ਤੋਂ ਵੀ ਸਪੱਸ਼ਟ ਇਨਕਾਰ ਕੀਤਾ। ਉਨ੍ਹਾਂ ਕਿਹਾ, ''ਦਰਅਸਲ ਇਹ ਮੁੱਦਾ ਪਾਰਟੀ ਦੇ ਕਈ ਫੋਰਮਾਂ 'ਤੇ ਉਠਾਇਆ ਗਿਆ ਸੀ, ਜਿਥੇ ਕਾਂਗਰਸ ਪੀ. ਆਰ. ਓ. ਊਸ਼ਾ ਠੱਕਰ ਨੇ ਖੁਦ ਕਿਹਾ ਸੀ ਕਿ ਜੇ ਕੋਈ ਉਕਾਈ ਹੋਈ ਤਾਂ ਜਾਂਚ ਕਮੇਟੀ ਇਸ ਦੀ ਘੋਖ ਕਰੇਗੀ।'' ਉਨ੍ਹਾਂ ਪਾਰਟੀ ਦੀ ਪਿਛਲੀ ਹਕੂਮਤ ਵੇਲੇ ਰਿਆਇਤਾਂ ਲੈਣ ਦੇ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪੰਜਾਬ ਵਿਚ ਨੀਤੀ ਮੁਤਾਬਕ ਸਨਅਤਾਂ ਲਈ ਉਪਲਬਧ ਰਿਆਇਤਾਂ ਹੀ ਮਿਲੀਆਂ ਸਨ। ਉਨ੍ਹਾਂ ਕਿਹਾ, ''ਜੇ ਖਹਿਰਾ ਨੂੰ ਮਹਿਸੂਸ ਹੁੰਦਾ ਹੈ ਕਿ ਕਾਂਗਰਸ ਸਰਕਾਰ ਵੇਲੇ ਮੈਂ ਕੋਈ ਨਾਜਾਇਜ਼ ਲਾਭ ਲਿਆ ਸੀ ਤਾਂ ਉਹ ਪ੍ਰਕਾਸ਼ ਸਿੰਘ ਬਾਦਲ ਕੋਲ ਜਾ ਸਕਦੇ ਹਨ ਅਤੇ ਲਾਭ ਮੁੜਵਾ ਸਕਦੇ ਹਨ।'' ਰਾਜ ਸਭਾ ਦੀਆਂ ਅਗਾਮੀ ਚੋਣਾਂ ਦੇ ਮੱਦੇਨਜ਼ਰ ਇਸ ਸਾਲ ਪੰਜਾਬ ਤੋਂ ਚਾਰ ਆਗੂਆਂ ਅੰਬਿਕਾ ਸੋਨੀ, ਮਨੋਹਰ ਸਿੰਘ ਗਿੱਲ, ਅਸ਼ਵਨੀ ਕਪੂਰ ਅਤੇ ਧਰਮਪਾਲ ਸੱਭਰਵਾਲ ਦੀ ਮੈਂਬਰੀ ਦੀ ਮਿਆਦ ਪੂਰੀ ਹੋ ਰਹੀ ਹੈ, ਪਰ ਸਦਨ ਵਿਚ ਪਰਤਣ ਦਾ ਮੌਕਾ ਤਿੰਨਾਂ ਨੂੰ ਹੀ ਮਿਲ ਸਕੇਗਾ। ਇਨ੍ਹਾਂ ਵਿਚੋਂ ਇਕੋ-ਇਕ ਗੈਰ ਸਿਆਸੀ ਮੈਂਬਰ ਸਾਬਕਾ ਮੁੱਖ ਚੋਣ ਕਮਿਸ਼ਨਰ ਮਨੋਹਰ ਸਿੰਘ ਗਿੱਲ ਹਨ। ਵਿਸ਼ਵ ਹਾਕੀ ਕੱਪ ਅਤੇ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਦਾ ਮੌਕਾ ਭਾਰਤ ਨੂੰ ਮਿਲਣ ਕਾਰਨ ਸ੍ਰੀ ਗਿੱਲ 'ਤੇ ਅਹਿਮ ਜ਼ਿੰਮੇਵਾਰੀ ਹੈ, ਜਿਸ ਕਰਕੇ ਉਨ੍ਹਾਂ ਦੇ ਕਾਰਜਕਾਲ ਦੀ ਨਿਰੰਤਰਤਾ ਯਕੀਨੀ ਜਾਪਦੀ ਹੈ। ਉਂਝ ਵੀ, ਉਨ੍ਹਾਂ ਦੇ ਕਾਰਜਕਾਲ ਦੌਰਾਨ 2008 ਵਿਚ ਭਾਰਤ ਨੂੰ ਪੇਈਚਿੰਗ ਓਲੰਪਿਕਸ ਵਿਚ ਵਿਅਕਤੀਗਤ ਵਰਗ ਵਿਚ ਪਹਿਲੀ ਵਾਰ ਸੋਨ ਤਮਗਾ ਮਿਲਿਆ ਸੀ। ਕੇਂਦਰੀ ਮੰਤਰੀ ਅੰਬਿਕਾ ਸੋਨੀ ਦੀ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨਾਲ ਨੇੜਤਾ ਹੋਣ ਕਰਕੇ ਦੂਜੀ ਵਾਰ ਨਾਮਜ਼ਦਗੀ ਵੀ ਪੱਕੀ ਹੀ ਸਮਝੀ ਜਾਂਦੀ ਹੈ। ਇਸ ਦੌਰਾਨ ਜਲੰਧਰੋਂ ਮਿਲੀ ਰਿਪੋਰਟ ਅਨੁਸਾਰ ਪੰਜਾਬ ਕਾਂਗਰਸ ਦੀ ਅੰਦਰੂਨੀ ਧੜੇਬੰਦੀ ਹੁਣ ਖੁੱਲ੍ਹ ਕੇ ਸਾਹਮਣੇ ਆਉਣੀ ਸ਼ੁਰੂ ਹੋ ਗਈ ਹੈ ਅਤੇ ਨਵੇਂ ਘਟਨਾਚੱਕਰ ਅਧੀਨ ਹੁਣ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹਮਾਇਤੀਆਂ ਅਤੇ ਵਿਰੋਧੀਆਂ ਦਰਮਿਆਨ ਜੰਗ ਤੇਜ਼ ਹੋ ਗਈ ਹੈ। ਹੁਣ ਤਕ ਤਾਂ ਦੋਵੇਂ ਧੜੇ ਇਕ-ਦੂਜੇ ਵਿਰੁਧ ਜ਼ੁਬਾਨੀ ਸ਼ਿਕਾਇਤਾਂ ਜਾਂ ਚਿੱਠੀਆਂ ਦਾ ਦੌਰ ਚਲਾ ਰਹੇ ਸਨ ਪਰ 15 ਜਨਵਰੀ ਨੂੰ ਆਸਕਰ ਫਰਨਾਂਡੀਜ਼ ਦੇ ਚੰਡੀਗੜ੍ਹ ਦੌਰੇ ਨੇ ਇਸ ਜੰਗ ਨੂੰ ਹੋਰ ਹਵਾ ਦੇ ਦਿੱਤੀ ਹੈ। ਵਰਨਣਯੋਗ ਹੈ ਕਿ ਕੈਪਟਨ ਹਮਾਇਤੀ ਮੰਨੇ ਜਾਂਦੇ ਰਾਣਾ ਗੁਰਜੀਤ ਸਿੰਘ, ਅਵਤਾਰ ਸਿੰਘ ਬਰਾੜ, ਅਮਰਜੀਤ ਸਮਰਾ, ਹਰਪ੍ਰਤਾਪ ਸਿੰਘ ਅਜਨਾਲਾ, ਸੁਖਜਿੰਦਰ ਸਿੰਘ ਰੰਧਾਵਾ, ਸੁਖਸਰਕਾਰੀਆ, ਕੰਵਲਜੀਤ ਸਿੰਘ ਲਾਲੀ, ਰਮਨ ਬਹਿਲ ਅਤੇ ਤ੍ਰਿਪਤ ਬਾਜਵਾ ਵਗੈਰਾ ਨੇ ਆਸਕਰ ਫਰਨਾਂਡੀਜ਼ ਨੂੰ ਮਿਲ ਕੇ ਜਿਥੇ ਕੈਪਟਨ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਏ ਜਾਣ ਦੀ ਮੰਗ ਕੀਤੀ ਸੀ, ਉਥੇ ਪੰਜਾਬ ਕਾਂਗਰਸ ਦੀ ਭਰਤੀ ਨੂੰ ਵੀ ਵਿਆਪਕ ਪੱਧਰ 'ਤੇ ਬੋਗਸ ਕਰਾਰ ਦੇ ਕੇ ਇਸ ਦੀ ਜਾਂਚ ਵਿਚ ਸਾਰੇ ਧੜਿਆਂ ਨੂੰ ਸ਼ਾਮਲ ਕਰਨ 'ਤੇ ਜ਼ੋਰ ਦਿੱਤਾ ਸੀ।



ਕੈਪਟਨ ਵਿਰੋਧੀ ਕੈਂਪ ਵਿਚ ਗਿਣੇ ਜਾਂਦੇ ਪੰਜਾਬ ਕਾਂਗਰਸ ਦੇ ਸਕੱਤਰਾਂ ਵਰਿੰਦਰ ਸ਼ਰਮਾ, ਅਨਿਲ ਦੱਤਾ, ਯਸ਼ਪਾਲ ਧੀਮਾਨ ਅਤੇ ਬਿੱਟਾ ਵਗੈਰਾ ਨੇ ਇਕ ਪ੍ਰੈਸ ਕਾਨਫਰੰਸ ਦਾ ਆਯੋਜਨ ਕਰਕੇ ਕਿਹਾ ਕਿ ਰਿਕਾਰਡ ਤੋੜ ਭਰਤੀ ਨੂੰ ਬੋਗਸ ਕਹਿ ਕੇ ਅਮਰਿੰਦਰ ਹਮਾਇਤੀ ਨਾ ਸਿਰਫ ਕਾਂਗਰਸੀਆਂ ਦੇ ਆਤਮ ਵਿਸ਼ਵਾਸ ਨੂੰ ਘੱਟ ਕਰ ਰਹੇ ਹਨ ਸਗੋਂ ਅਕਾਲੀਆਂ ਨੂੰ ਫਾਇਦਾ ਪਹੁੰਚਾ ਰਹੇ ਹਨ, ਜਿਸ ਨਾਲ ਆਮ ਜਨਤਾ ਵਿਚ ਪਾਰਟੀ ਦਾ ਅਕਸ ਪ੍ਰਭਾਵਤ ਹੋਇਆ ਹੈ। ਅਨਿਲ ਦੱਤਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਸਮਰਥਕ ਆਗੂਆਂ ਨੇ ਕੁਝ ਦਿਨ ਪਹਿਲਾਂ ਇਹ ਦੋਸ਼ ਲਾਏ ਸਨ ਕਿ ਭਰਤੀ ਮੁਹਿੰਮ ਦੀ ਪਰਕਿਰਿਆ ਵਿਚ ਨਿਯਮਾਂ 'ਤੇ ਖਰੇ ਨਹੀਂ ਉਤਰਿਆ ਜਾ ਰਿਹਾ ਅਤੇ ਕਈ ਕੇਸਾਂ ਵਿਚ ਪੈਸੇ ਜਮ੍ਹਾ ਕਰਵਾ ਦਿੱਤੇ ਗਏ ਪਰ ਫਾਰਮ ਜਮ੍ਹਾ ਨਹੀਂ ਕਰਵਾਏ ਗਏ ਸਨ। ਸ੍ਰੀ ਸ਼ਰਮਾ ਅਤੇ ਸ੍ਰੀ ਦੱਤਾ ਨੇ ਮੈਂਬਰਸ਼ਿਪ ਮੁਹਿੰਮ ਦੇ ਬਿਲਕੁਲ ਸਹੀ ਹੋਣ ਦਾ ਦਾਅਵਾ ਕਰਦਿਆਂ ਕਿਹਾ ਕਿ ਪਾਰਟੀ ਦੇ ਅੰਦਰੂਨੀ ਮਾਮਲਿਆਂ ਦਾ ਖੁਲਾਸਾ ਮੀਡੀਆ ਅੱਗੇ ਕਰਨ ਵਾਲੇ ਕੈਪਟਨ ਅਮਰਿੰਦਰ ਧੜੇ ਦੇ ਸਮਰਥਕ ਆਗੂਆਂ ਖਿਲਾਫ਼ ਅਨੁਸ਼ਾਸਨਹੀਣਤਾ ਲਈ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਭਰਤੀ ਮੁਹਿੰਮ ਦੌਰਾਨ 35 ਲੱਖ ਤੋਂ ਵਧੇਰੇ ਵਿਅਕਤੀਆਂ ਨੇ ਪੰਜਾਬ ਵਿਚ ਮੈਂਬਰਸ਼ਿਪ ਲਈ ਅਤੇ ਲੋਕਾਂ ਵਲੋਂ ਏਨੀ ਵੱਡੀ ਪੱਧਰ 'ਤੇ ਹੁੰਗਾਰਾ ਮਿਲਣ ਦੀ ਵਜ੍ਹਾ ਅਕਾਲੀ-ਭਾਜਪਾ ਸਰਕਾਰ ਦੀਆਂ ਗਲਤ ਨੀਤੀਆਂ ਤੋਂ ਉਨ੍ਹਾਂ ਦਾ ਅੱਕਣਾ ਹੈ। ਉਨ੍ਹਾਂ ਕਿਹਾ ਕਿ ਜਦੋਂ ਹਰ ਮੈਂਬਰ ਦੀ ਫੋਟੋ ਅਤੇ ਵੇਰਵੇ ਇਸ ਮੁਹਿੰਮ 'ਚ ਜ਼ਾਹਰ ਕੀਤੇ ਗਏ ਹਨ ਤਾਂ ਜਾਅਲੀ ਭਰਤੀ ਦੀ ਕੋਈ ਤੁਕ ਨਹੀਂ ਬਣਦੀ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਅਮਰਿੰਦਰ ਧੜੇ ਦੇ ਆਗੂ ਸ਼੍ਰੋਮਣੀ ਅਕਾਲੀ ਦਲ ਦੇ ਹੱਥਾਂ 'ਚ ਖੇਡ ਰਹੇ ਹਨ। ਇਨ੍ਹਾ ਆਗੂਆਂ ਨੇ ਕਿਹਾ ਕਿ ਅਮਰਿੰਦਰ ਹਮਾਇਤੀਆਂ ਨੇ ਹਾਈ ਕਮਾਨ ਦੇ ਸਿਸਟਮ ਨੂੰ ਚੈਲੰਜ ਕਰਕੇ ਸਿੱਧਾ ਸ੍ਰੀਮਤੀ ਸੋਨੀਆ ਗਾਂਧੀ ਨੂੰ ਚੈਲੰਜ ਕੀਤਾ ਹੈ। ਇਸ ਦੀ ਸ਼ਿਕਾਇਤ ਸ੍ਰੀਮਤੀ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਮੋਹਸਿਨਾ ਕਿਦਵਈ ਨੂੰ ਕਰ ਦਿੱਤੀ ਗਈ ਹੈ ਕਿ ਇਨ੍ਹਾਂ ਆਗੂਆਂ ਦੇ ਪ੍ਰੈਸ ਵਿਚ ਜਾਣ 'ਤੇ ਇਨ੍ਹਾਂ ਵਿਰੁਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇ। ਜੇ ਇਨ੍ਹਾਂ ਨੂੰ ਕੋਈ ਸ਼ਿਕਾਇਤ ਸੀ ਤਾਂ ਇਹ ਪਾਰਟੀ ਫੋਰਮ 'ਤੇ ਗੱਲ ਰੱਖ ਸਕਦੇ ਸਨ। ਇਨ੍ਹਾਂ ਆਗੂਆਂ ਨੇ ਕਿਹਾ ਕਿ ਪਹਿਲਾਂ ਤਾਂ ਕੈਪਟਨ ਹਮਾਇਤੀ ਉਨ੍ਹਾਂ ਦੇ ਪ੍ਰਧਾਨ ਬਣ ਜਾਣ ਦਾ ਰੌਲਾ ਪਾਉਂਦੇ ਰਹੇ, ਫਿਰ ਜਦ ਭਰਤੀ ਪਰਕਿਰਿਆ ਸ਼ੁਰੂ ਹੋ ਗਈ ਤਾਂ ਪਿੱਛੇ ਹਟ ਗਏ।

ਇਸ ਭਰਤੀ ਨੂੰ ਸ੍ਰੀਮਤੀ ਭੱਠਲ ਅਤੇ ਸ੍ਰੀ ਕੇ. ਪੀ. ਨੇ ਰਿਕਾਰਡ ਪੱਧਰ 'ਤੇ ਪਹੁੰਚਾਇਆ ਪਰ ਹੁਣ ਇਨ੍ਹਾਂ ਨੂੰ ਭਰਤੀ ਰਾਸ ਨਹੀਂ ਆ ਰਹੀ। ਹੁਣ ਇਹ ਕੈਪਟਨ ਨੂੰ ਪ੍ਰਧਾਨ ਬਣਾਉਣ ਦੀ ਮੰਗ ਤਾਂ ਕਰ ਰਹੇ ਹਨ ਪਰ ਉਨ੍ਹਾਂ ਦੇ ਮੁੱਖ ਮੰਤਰੀ ਰਹਿੰਦਿਆਂ ਕਾਂਗਰਸ ਲੋਕ ਸਭਾ ਦੀਆਂ 11 ਸੀਟਾਂ ਹਾਰ ਗਈ ਸੀ, ਵਿਧਾਨ ਸਭਾ ਚੋਣਾਂ ਵਿਚ ਦੁਆਬਾ ਤੋਂ ਉਸ ਦਾ ਸਫਾਇਆ ਹੀ ਹੋ ਗਿਆ ਸੀ, ਕੰਪੇਨ ਕਮੇਟੀ ਦੇ ਚੇਅਰਮੈਨ ਹੁੰਦੇ ਹੋਏ ਉਨ੍ਹਾਂ ਦਾ ਆਪਣਾ ਪੁੱਤਰ ਚੋਣ ਹਾਰ ਗਿਆ ਸੀ ਅਤੇ ਜੋ ਪਾਰਟੀ 13 ਸੀਟਾਂ ਜਿੱਤਣ ਜਾ ਰਹੀ ਸੀ, ਉਹ ਸਿਰਫ 8 'ਤੇ ਸਿਮਟ ਗਈ।


## Matrimonials

Parents seek Jat Sikh professional, tall, US educated match for their US born and educated daughter 26, 5'6", currently doing MBA and MHA. Family well settled in Florida. Father medical physician in Florida. One brother, senior in H. S and top Jr. golfer in Florida. Contact: r5645@strato.net

ਜੱਟ ਸਿੱਖ, 22 ਸਾਲ, 6 ਫੁੱਟ ਅਮਰੀਕਨ ਇਮੀਗ੍ਰਾਂਟ ਲੜਕੇ ਲਈ ਇੰਡੀਆ ਰਹਿੰਦੀ ਲੜਕੀ ਦੀ ਲੋੜ ਹੈ। ਲੜਕੇ ਦੇ ਇੰਡੀਆ ਰਹਿੰਦੇ ਇਕੱਲੇ ਭਰਾ, 24 ਸਾਲ, 5'12" ਲਈ ਅਮਰੀਕਨ ਸਿਟੀਜ਼ਨ ਲੜਕੀ ਦੀ ਜ਼ਰੂਰਤ ਹੈ। ਸੰਪਰਕ ਕਰੋ: 317-313-5909 ਜਾਂ 317-217-9930

ਚੰਡੀਗੜ੍ਹ ਦੀ ਜੰਮਪਲ, ਸੈਣੀ ਸਿੱਖ, 28 ਸਾਲ, 5'3", ਐਮ.ਏ. (ਸਾਇਕੋਲੋਜੀ), ਬੀ ਐਡ, ਯੂ.ਜੀ.ਸੀ. ਨੈਟ ਪਾਸ, ਅਲਾਇੰਸ ਫਰੌਂਸੇ ਤੋਂ ਫਰੈਂਚ ਭਾਸ਼ਾ ਦੀ ਉਚ ਡਿਗਰੀ ਦੇ 7 ਲੈਵਲ ਪਾਸ, ਯੂਨੀਵਰਸਿਟੀ ਕਾਲਜ ਲੈਕਚਰਰ, ਤਨਖਾਹ 30,000 ਰੁ, ਰੰਗ ਗੋਰਾ, ਸੋਹਣੇ ਨੈਣ ਨਕਸ਼, ਸੁਚੱਜੀ ਤੇ ਸੁਸ਼ੀਲ ਲੜਕੀ ਲਈ ਯੋਗ ਸਿੱਖ ਲੜਕੇ ਦੀ ਜ਼ਰੂਰਤ ਹੈ। ਪਿਤਾ ਕਾਲਜ ਲੈਕਚਰਰ, ਧੜਮੈਤ, ਮਾਂ ਔਜਲਾ। ਸੰਪਰਕ:ਮੋਬਾਇਲ-91-94171-32373, ਘਰ (ਸਿਰਫ ਐਤਵਾਰ):91-172-2703943


# ਮਨੋਹਰ ਸਿੰਘ ਗਿੱਲ ਜਾਂ ਪ੍ਰਨੀਤ ਕੌਰ 'ਤੇ ਪੈ ਸਕਦੈ ਪ੍ਰਧਾਨਗੀ ਦਾ ਗੁਣਾ

**ਪਟਿਆਲਾ :** ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਕਿਸ ਦੇ ਹੱਥਾਂ ਵਿਚ ਜਾਵੇਗੀ, ਇਹ ਤਾਂ ਅਜੇ ਤਕ ਭਾਵੇਂ ਸਪੱਸ਼ਟ ਨਹੀਂ ਹੋਇਆ ਪਰ ਇਹ ਚਰਚਾ ਛਿੜ ਪਈ ਹੈ ਕਿ ਕਾਂਗਰਸ ਹਾਈ ਕਮਾਂਡ ਪਾਰਟੀ ਦੀ ਧੜੇਬੰਦੀ ਖ਼ਤਮ ਕਰਨ ਲਈ ਕੇਂਦਰੀ ਵਿਦੇਸ਼ ਰਾਜ ਮੰਤਰੀ ਬੀਬੀ ਪ੍ਰਨੀਤ ਕੌਰ ਨੂੰ ਸੂਬਾ ਪ੍ਰਧਾਨ ਥਾਪ ਸਕਦੀ ਹੈ। ਉਂਜ ਇਸ ਸਬੰਧੀ ਕੇਂਦਰੀ ਮੰਤਰੀ ਮਨੋਹਰ ਸਿੰਘ ਗਿੱਲ ਦਾ ਵੀ ਨਾਂ ਚਰਚਾ ਵਿਚ ਹੈ। ਉਧਰ ਪੰਜਾਬ ਦੇ ਕਾਂਗਰਸੀਆਂ ਦਰਮਿਆਨ ਧੜੇਬੰਦੀ ਤੋਂ ਪ੍ਰੇਸ਼ਾਨ ਹਾਈ ਕਮਾਂਡ ਪਾਰਟੀ ਦੀ ਕਮਾਨ ਅਜਿਹੇ ਵਿਅਕਤੀ ਨੂੰ ਦੇਣਾ ਚਾਹੁੰਦੀ ਹੈ ਜੋ ਸਾਰੀਆਂ ਧਿਰਾਂ ਨੂੰ ਨਾਲ ਲੈ ਕੇ ਚੱਲੇ ਤੇ ਆਗਾਮੀ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀ ਦਲ-ਭਾਜਪਾ ਗਠਜੋੜ ਨੂੰ ਸ਼ਿਕਸਤ ਦੇ ਸਕੇ। ਕਾਂਗਰਸ ਸੂਤਰਾਂ ਦਾ ਕਹਿਣਾ ਹੈ ਕਿ ਹਾਈ ਕਮਾਂਡ ਨੇ ਕੇਂਦਰੀ ਮੰਤਰੀ ਪ੍ਰਨੀਤ ਕੌਰ ਨੂੰ ਸੂਬੇ ਦੀ ਪ੍ਰਧਾਨਗੀ ਸੌਂਪਣ ਦਾ ਮਨ ਬਣਾ ਲਿਆ ਹੈ। ਕਾਂਗਰਸ ਹਾਈ ਕਮਾਂਡ ਨੂੰ ਇਹ ਰਿਪੋਰਟਾਂ ਮਿਲ ਚੁਕੀਆਂ ਹਨ ਕਿ ਪ੍ਰਨੀਤ ਕੌਰ, ਕੈਪਟਨ ਅਮਰਿੰਦਰ ਸਿੰਘ ਦੇ ਵਿਰੋਧੀ ਧੜਿਆਂ ਨੂੰ ਵੀ ਨਾਲ ਲੈ ਕੇ ਚਲ ਸਕਦੀ ਹੈ। ਪਾਰਟੀ ਉਨ੍ਹਾਂ ਦੀ ਬਤੌਰ ਕੇਂਦਰੀ ਰਾਜ ਮੰਤਰੀ ਕਾਰਗੁਜ਼ਾਰੀ ਤੋਂ ਵੀ ਖ਼ੁਸ਼ ਦਸੀ ਜਾ ਰਹੀ ਹੈ। ਬੀਬੀ ਪ੍ਰਨੀਤ ਕੌਰ ਨੇ ਕਾਂਗਰਸ ਦੀ ਮੈਂਬਰਸ਼ਿਪ ਵਿਚ ਵੀ ਅਪਣਾ ਸਿੱਕਾ ਜਮਾਇਆ ਹੈ। ਉਨ੍ਹਾਂ 99 ਹਜ਼ਾਰ ਮੈਂਬਰਸ਼ਿਪ ਫ਼ਾਰਮ ਜਮ੍ਹਾਂ ਕਰਵਾ ਕੇ ਵਿਰੋਧੀਆਂ 'ਚ ਚਰਚਾ ਛੇੜ ਦਿਤੀ ਹੈ। ਇਹ ਵੀ ਪਤਾ ਲੱਗਾ ਹੈ ਕਿ ਖ਼ੁਫ਼ੀਆ ਏਜੰਸੀਆਂ ਨੇ ਵੀ ਕੇਂਦਰ ਸਰਕਾਰ ਨੂੰ ਇਹ ਰਿਪੋਰਟ ਭੇਜੀ ਹੈ ਕਿ ਪੰਜਾਬ ਕਾਂਗਰਸ ਦੀ ਕਮਾਂਡ ਪ੍ਰਨੀਤ ਕੌਰ ਸੰਭਾਲ ਸਕਦੀ ਹੈ। ਉਂਜ ਕਾਂਗਰਸੀ ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਕੇਂਦਰੀ ਮੰਤਰੀ ਸ. ਮਨੋਹਰ ਸਿੰਘ ਗਿੱਲ ਉਪਰ ਵੀ ਪ੍ਰਧਾਨਗੀ ਦਾ ਗੁਣਾ ਪੈ ਸਕਦਾ ਹੈ ਕਿਉਂਕਿ ਹਾਈ ਕਮਾਂਡ ਸੂਬੇ 'ਚ ਕਾਂਗਰਸ ਦੀ ਧੜੇਬੰਦੀ ਕਾਰਨ ਪ੍ਰੇਸ਼ਾਨ ਹੈ। ਸ. ਗਿੱਲ ਬਾਰੇ ਚਰਚਾ ਹੈ ਕਿ ਉਹ ਨਿਰਪੱਖਤਾ ਨਾਲ



**ਪੰਜਾਬੀ ਕਾਂਗਰਸੀਆਂ ਨੇ ਨਵਾਂ ਰਿਕਾਰਡ ਕਾਇਮ ਕੀਤਾ**

ਪਾਰਟੀ ਦੇ ਦੋਹਾਂ ਧੜਿਆਂ ਨੂੰ ਨਾਲ ਲੈ ਕੇ ਚਲ ਸਕਦੇ ਹਨ। ਜ਼ਿਕਰਯੋਗ ਹੈ ਕਿ ਭੱਠਲ ਧੜਾ ਚਾਹੁੰਦਾ ਹੈ ਕਿ ਸੂਬਾ ਕਾਂਗਰਸ ਦੀ ਪ੍ਰਧਾਨਗੀ ਲਈ ਚੋਣਾਂ ਕਰਵਾਈਆਂ ਜਾਣ ਕਿਉਂਕਿ ਉਨ੍ਹਾਂ ਨੂੰ ਉਮੀਦ ਹੈ ਕਿ ਚੋਣਾਂ 'ਚ ਉਨ੍ਹਾਂ ਦੇ ਧੜੇ ਦਾ ਆਗੂ ਅੱਗੇ ਆ ਸਕਦਾ ਹੈ। ਜੇ ਚੋਣਾਂ ਹੁੰਦੀਆਂ ਹਨ ਤਾਂ ਇਸ ਧਿਰ ਵਲੋਂ ਰਾਜਿੰਦਰ ਕੌਰ ਭੱਠਲ, ਮਹਿੰਦਰ ਸਿੰਘ ਕੇ.ਪੀ. ਤੇ ਜਗਮੀਤ ਸਿੰਘ ਬਰਾੜ ਪ੍ਰਧਾਨਗੀ ਲਈ ਉਮੀਦਵਾਰ ਬਣ ਸਕਦੇ ਹਨ। ਦੂਸਰੇ ਪਾਸੇ ਕੈਪਟਨ ਅਮਰਿੰਦਰ ਸਿੰਘ ਧੜੇ ਦੇ ਉਹ ਇਕੱਲੇ ਹੀ ਉਮੀਦਵਾਰ ਹਨ, ਉਂਜ ਉਨ੍ਹਾਂ ਨਾਲ ਸਰਗਰਮ ਸੀਨੀਅਰ ਆਗੂਆਂ ਦੀ ਹਮਾਇਤ ਘੱਟ ਹੈ ਭਾਵੇਂ ਕਿ ਪੰਜਾਬ ਦੇ ਬਹੁਤੇ ਕਾਂਗਰਸੀ ਵਿਧਾਇਕ ਅਤੇ ਵਰਕਰ ਉਨ੍ਹਾਂ ਦੀ ਹਮਾਇਤ ਵੀ ਕਰ ਰਹੇ ਹਨ। ਇਸ ਦੌਰਾਨ ਇਹ ਵੀ ਚਰਚਾ ਛਿੜ ਗਈ ਹੈ ਕਿ ਜੇ ਪ੍ਰਨੀਤ ਕੌਰ ਪ੍ਰਧਾਨ ਬਣਦੀ ਹੈ ਤਾਂ ਕੈਪਟਨ ਤੇ ਪ੍ਰਨੀਤ ਕੌਰ ਦਰਮਿਆਨ ਵੀ ਸਿਆਸੀ ਟਕਰਾਅ ਪੈਦਾ ਹੋ ਸਕਦਾ ਹੈ। ਪ੍ਰੰਤੂ ਸ਼ਾਹੀ ਪਰਵਾਰ ਦੇ ਨੇੜਲੇ ਸੂਤਰਾਂ ਦਾ ਮੰਨਣਾ ਹੈ ਕਿ ਪ੍ਰਧਾਨਗੀ ਤਾਂ ਉਨ੍ਹਾਂ ਦੇ ਘਰ 'ਚ ਹੀ ਰਹਿਣੀ ਹੈ, ਇਸ ਲਈ ਟਕਰਾਅ ਦੀ ਕੋਈ ਸੰਭਾਵਨਾ ਨਹੀਂ। ਪਿਛਲਾ ਇਤਿਹਾਸ ਵੇਖਦਿਆਂ ਇਹ ਵੀ ਹੋ ਸਕਦਾ ਹੈ ਕਿ ਸੂਬਾ ਕਾਂਗਰਸ ਪ੍ਰਧਾਨ ਨਿਯੁਕਤ ਕਰਨ ਦਾ ਮਾਮਲਾ ਹਾਈ ਕਮਾਂਡ ਉਪਰ ਛੱਡ ਦੇਵੇ।

ਇਸ ਦੌਰਾਨ ਪੰਜਾਬ ਕਾਂਗਰਸ ਪਾਰਟੀ ਵਲੋਂ ਪਿਛਲੇ ਪੰਜ ਮਹੀਨੇ ਤੋਂ ਚਲਾਈ ਗਈ ਭਰਤੀ ਮੁਹਿੰਮ ਦੇ ਆਖ਼ਰੀ ਦਿਨ ਅੱਜ 33 ਲੱਖ ਫ਼ਾਰਮ ਭਰ ਕੇ ਬਾਕੀ ਪ੍ਰਾਂਤਾਂ ਦੇ ਮੁਕਾਬਲੇ ਨਵਾਂ ਰਿਕਾਰਡ ਕਾਇਮ ਹੋ ਗਿਆ। ਪਾਰਟੀ ਦੇ ਚੋਣ ਅਧਿਕਾਰੀ ਅਤੇ ਸਕੱਤਰ ਜਨਰਲ ਆਸਕਰ ਫ਼ਰਨਾਂਡੇਜ਼ ਨੇ ਪਾਰਟੀ ਨੇਤਾਵਾਂ ਨੂੰ ਅਹੁਦੇਦਾਰਾਂ ਦੀ ਬੈਠਕ 'ਚ ਸ਼ਾਬਾਸ਼ ਦਿਤੀ।

ਸੂਬੇ ਲਈ ਨਿਯੁਕਤ ਕਾਂਗਰਸ ਦੀ ਚੋਣ ਇੰਚਾਰਜ ਬੀਬੀ ਊਸ਼ਾ ਠੱਕਰ ਨੇ ਪੱਤਰਕਾਰਾਂ ਨੂੰ ਦਸਿਆ ਕਿ ਇਨ੍ਹਾਂ ਫ਼ੋਟੋ ਵਾਲੇ ਫ਼ਾਰਮਾਂ ਦੀ ਘੋਖ ਕਰਨ ਲਈ ਇਕ ਤਫ਼ਤੀਸ਼ੀ ਕਮੇਟੀ ਸਥਾਪਤ ਕੀਤੀ ਜਾ ਰਹੀ ਹੈ ਜੋ ਥੋੜ੍ਹੇ ਦਿਨਾਂ ਦੀ ਛਾਣਬੀਣ ਮਗਰੋਂ ਰਿਪੋਰਟ ਦੇਵੇਗੀ। ਇਸ ਦੇ ਆਧਾਰ 'ਤੇ ਪਹਿਲਾਂ ਬਲਾਕ ਪੱਧਰ 'ਤੇ ਫਿਰ ਤਹਿਸੀਲ ਅਤੇ ਜ਼ਿਲ੍ਹਾ ਪੱਧਰ 'ਤੇ ਅਹੁਦੇਦਾਰਾਂ ਦੀ ਚੋਣ ਕਰਾਈ ਜਾਏਗੀ ਜਦੋਂ ਕਿ ਸੂਬਾ ਪੱਧਰ 'ਤੇ ਚੋਣ ਮਾਰਚ ਦੇ ਅਖ਼ੀਰ 'ਚ ਹੋਏਗੀ। ਇਹ ਪੁੱਛੇ ਜਾਣ 'ਤੇ ਕਿ ਹਾਈ ਕਮਾਂਡ ਉਪਰੋਂ ਪ੍ਰਧਾਨ ਨੂੰ ਪਹਿਲਾਂ ਥੋਪ ਦਿੰਦੀ ਹੈ ਅਤੇ ਚੋਣ ਸਿਲਸਿਲਾ ਸਾਰਾ ਚੌਪਟ ਹੋ ਜਾਂਦਾ ਹੈ, ਦੇ ਜਵਾਬ 'ਚ ਬੀਬੀ ਊਸ਼ਾ ਠੱਕਰ ਨੇ ਸਪੱਸ਼ਟ ਕੀਤਾ ਕਿ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਨਾਮਜ਼ਦ ਨਹੀਂ ਹੋਏਗਾ ਸਗੋਂ ਵਰਕਰਾਂ, ਡੈਲੀਗੇਟਾਂ ਅਤੇ ਜ਼ਿਲ੍ਹਾ ਅਹੁਦੇਦਾਰਾਂ ਵਲੋਂ ਹੋਣ ਵਾਲੀ ਚੋਣ ਦੇ ਆਧਾਰ 'ਤੇ ਹੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜੋ ਪਾਰਟੀ ਵਰਕਰ ਚਾਹੁਣਗੇ ਉਹੀ ਹੋਏਗਾ ਕਿਉਂਕਿ ਰਾਹੁਲ ਗਾਂਧੀ ਨੇ ਪਹਿਲਾਂ ਹੀ ਪ੍ਰਧਾਨ ਦੀ ਨਾਮਜ਼ਦਗੀ ਦੀ ਆਲੋਚਨਾ ਕੀਤੀ ਹੈ। ਪ੍ਰਧਾਨ ਦੇ ਹੇਠਾਂ ਇਕ ਜਾਂ ਦੋ ਵਰਕਿੰਗ ਪ੍ਰਧਾਨ ਲਾਏ ਜਾਣ ਬਾਰੇ ਵੀ ਊਸ਼ਾ ਠੱਕਰ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਵਿਧਾਨ ਤੋਂ ਬਾਹਰ ਨਹੀਂ ਜਾਵਾਂਗੇ। ਉਨ੍ਹਾਂ ਅਨੁਸਾਰ ਡੈਲੀਗੇਟ ਅਤੇ ਅਹੁਦੇਦਾਰਾਂ ਦੀ ਚੋਣ 'ਚ 33 ਫ਼ੀ ਸਦੀ ਸੀਟਾਂ ਔਰਤਾਂ ਨੂੰ ਹਰ ਹਾਲਤ 'ਚ ਮਿਲਣਗੀਆਂ। ਅੱਜ ਦੀ ਅਹਿਮ ਬੈਠਕ ਲਈ ਜ਼ਿਲ੍ਹਾ ਪ੍ਰਧਾਨਾਂ, ਪ੍ਰਦੇਸ਼ ਕਾਂਗਰਸ ਦੇ ਅਹੁਦੇਦਾਰਾਂ, ਵਿਧਾਇਕਾਂ, ਸਾਬਕਾ ਵਿਧਾਇਕਾਂ, ਪਾਰਟੀ ਐਮ.ਪੀ. ਅਤੇ ਸਾਬਕਾ ਐਮ.ਪੀ. ਸਮੇਤ ਰਹਿ ਚੁੱਕੇ ਪ੍ਰਧਾਨਾਂ ਨੂੰ ਵੀ ਸੱਦਾ ਪੱਤਰ ਭੇਜੇ ਗਏ ਸਨ ਪਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਗ਼ੈਰ ਹਾਜ਼ਰ ਰਹੇ। ਇਸ ਤੋਂ ਪਹਿਲਾਂ ਉਹ ਮਾਘੀ ਮੇਲੇ 'ਤੇ ਮੁਕਤਸਰ ਅਤੇ ਸ਼ਹੀਦੀ ਜੋੜ ਮੇਲੇ ਫ਼ਤਹਿਗੜ੍ਹ ਸਾਹਿਬ ਦੀਆਂ ਸਿਆਸੀ ਕਾਨਫ਼ਰੰਸਾਂ 'ਚ ਸ਼ਾਮਲ ਨਹੀਂ ਹੋਏ ਸਨ।


ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ




- ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
- ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
- ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
- ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States





East to West Realty
A Real Estate & Investment Agency

ਦਿਆਨਤਦਾਰ ਅਤੇ ਭਰੋਸੇਮੰਦ ਰੀਅਲ ਐਸਟੇਟ ਸੇਵਾਵਾਂ ਲਈ ਕਾਲ ਕਰੋ

(916) 501-3974
(916) 729-5453

Email:nandsbrar@gmail.com

Hiring New Realtors



Nand S. Brar
Broker/Owner
DRE Lic No: 01816328

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਵੇਂ ਰਾਜਪਾਲ ਦੀ ਨਿਯੁਕਤੀ ਤੋਂ ਕਾਂਗਰਸ ਆਸਵੰਦ

**ਪੰਜਾਬ ਟਾਈਮਜ਼ ਬਿਊਰੋ**

**ਜਲੰਧਰ:** ਪੰਜਾਬ ਦੀਆਂ ਤਕਰੀਬਨ ਸਾਰੀਆਂ ਰਾਜਨੀਤਕ ਪਾਰਟੀਆਂ ਅੱਜ-ਕੱਲ੍ਹ ਭੰਬਲਭੂਸੇ ਦਾ ਸ਼ਿਕਾਰ ਹਨ। ਕਾਂਗਰਸ ਪਾਰਟੀ ਜਿਥੇ ਅੰਦਰੂਨੀ ਫੁਟ ਦਾ ਸ਼ਿਕਾਰ ਹੈ ਅਤੇ ਇਸ ਵਿਚ ਮੌਜੂਦ ਵੱਖ-ਵੱਖ ਧਿਰਾਂ ਅਤੇ ਲੀਡਰ ਆਪਸ ਵਿਚ ਜੂਝ ਰਹੇ ਹਨ ਉਥੇ ਅਕਾਲੀ ਦਲ (ਬ) ਵਿਚ ਭਾਵੇਂ ਅੰਦਰੂਨੀ ਤੌਰ 'ਤੇ ਕੋਈ ਬਹੁਤਾ ਵੱਡਾ ਕਲੇਸ਼ ਵਿਖਾਈ ਨਹੀਂ ਦੇ ਰਿਹਾ ਪਰ ਸਰਕਾਰ ਚਲਾ ਰਹੀਆਂ ਦੋਨੋਂ ਰਾਜਨੀਤਕ ਪਾਰਟੀਆਂ ਅਕਾਲੀ ਦਲ (ਬ) ਅਤੇ ਭਾਜਪਾ ਇਕ ਦੂਜੇ ਨਾਲ ਖਿੱਚੋਤਾਣ ਵਿਚ ਪਈਆਂ ਹੋਈਆਂ ਹਨ। ਇਸ ਸੰਦਰਭ ਵਿਚ ਤਾਜ਼ਾ ਸਥਿਤੀ ਇਹ ਹੈ ਕਿ ਅਕਾਲੀ ਦਲ (ਬ) ਨਾਲੋਂ ਭਾਜਪਾ ਦਾ ਹੱਥ ਉਪਰ ਹੈ, ਕਿਉਂਕਿ ਨਵੇਂ-ਪ੍ਰਧਾਨ, ਨਿਤਿਨ ਗਡਕਰੀ ਵਲੋਂ ਅਹੁਦਾ ਸੰਭਾਲਣ ਤੋਂ ਬਾਅਦ ਭਾਜਪਾ ਨੇ ਕੁੱਝ ਹਮਲਾਵਰ ਹੋਣਾ ਸ਼ੁਰੂ ਕੀਤਾ ਹੈ।

ਪਾਰਟੀ ਨੇ ਨਾ ਸਿਰਫ ਅਕਾਲੀਆਂ ਨੂੰ ਕੁਝ ਦੱਬਣਾ ਸ਼ੁਰੂ ਕਰ ਦਿੱਤਾ ਹੈ ਸਗੋਂ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਦੀ ਯੂ ਪੀ ਏ ਸਰਕਾਰ ਦੀ ਵੀ ਕਾਫੀ ਤਿੱਖੇ ਢੰਗ ਨਾਲ ਆਲੋਚਨਾ ਕਰਨੀ ਸ਼ੁਰੂ ਕੀਤੀ ਹੈ। ਪਿਛਲੇ ਦਿਨੀਂ ਅੰਮ੍ਰਿਤਸਰ ਵਿਚ ਮਰਹੂਮ ਭਾਜਪਾ ਆਗੂ ਡਾ. ਬਲਦੇਵ ਪ੍ਰਕਾਸ਼ ਦਾ ਬੁੱਤ ਪਾਰਟੀ ਵਲੋਂ ਲਗਾਇਆ ਗਿਆ। ਇਸ ਸਮੇਂ ਬਾਦਲ ਪਿਓ-ਪੁੱਤ ਵੀ ਉਥੇ ਮੌਜੂਦ ਸਨ। ਇਸ ਦੌਰਾਨ ਸਟੇਜ ਉਪਰੋਂ ਵੀ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਨੇ ਟੇਢੇ ਢੰਗ ਨਾਲ ਕੁੱਝ ਤਿੱਖੀਆਂ ਗੱਲਾਂ ਕੀਤੀਆਂ ਅਤੇ ਇਸਦਾ ਛੋਟੇ ਬਾਦਲ ਦੇ ਚਿਹਰੇ ਉਤੇ ਕੁਝ ਅਫਸੋਸ ਵੀ ਵਿਖਾਈ ਦਿੱਤਾ ਜਦੋਂਕਿ ਵੱਡੇ ਬਾਦਲ ਆਪਣੇ ਸੁਭਾਅ ਮੁਤਾਬਕ ਭਾਰਤੀ ਜਨਤਾ ਪਾਰਟੀ ਦੇ ਹਰ ਤਰ੍ਹਾਂ ਹੇਠਾਂ ਲੱਗਣ ਲਈ ਤਿਆਰ ਵਿਖਾਈ ਦਿੱਤੇ।

ਇਸ ਦੌਰਾਨ ਇਹ ਵੀ ਜ਼ਿਕਰਯੋਗ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਆਗੂ ਸ੍ਰੀ ਨਿਤਿਨ ਗਡਕਰੀ ਨੇ ਪੰਜਾਬ ਫੇਰੀ ਦੌਰਾਨ ਕੇਂਦਰ ਦੀਆਂ ਆਰਥਿਕ ਨੀਤੀਆਂ ਉਪਰ ਤਿੱਖਾ ਵਿਅੰਗ ਕੀਤਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਰਥ ਸ਼ਾਸਤਰ ਵਿਚ ਫੇਲ੍ਹ ਹੋ ਗਏ ਹਨ। ਰਾਸ਼ਟਰੀ ਪ੍ਰਧਾਨ ਬਣਨ ਦੇ ਬਾਅਦ ਪੰਜਾਬ ਦੇ ਪਹਿਲੇ ਦੌਰੇ ਤੇ ਸ਼ਨੀਵਾਰ ਨੂੰ ਅੰਮ੍ਰਿਤਸਰ ਪੁੱਜੇ ਗਡਕਰੀ ਨੇ ਗੱਲਬਾਤ ਵਿਚ ਕਿਹਾ ਕਿ ਯੂ ਪੀ ਏ ਸਰਕਾਰ ਦੀਆਂ ਆਰਥਿਕ ਨੀਤੀਆਂ ਦੀ ਬਦਹਾਲੀ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਚੀਨੀ ਨੇ 'ਹਾਫ ਸੈਂਚਰੀ' ਪੂਰੀ ਕਰ ਲਈ ਹੈ ਅਤੇ ਤੁਅਰ ਦਾਲ ਨੇ 'ਸੇਂਚਰੀ' ਲਗਾ ਦਿੱਤੀ ਹੈ। ਖੇਤੀ ਮੰਤਰੀ ਸ਼ਰਦ ਪਰਵਾਰ ਨੂੰ ਮਹਿੰਗਾਈ ਮੰਤਰੀ ਦੱਸਦੇ ਹੋਏ ਗਡਕਰੀ ਨੇ ਕਿਹਾ ਕਿ ਪਵਾਰ ਚਾਹੇ ਕਹੀ ਜਾਣ ਕਿ ਉਹ ਜੋਤਸ਼ੀ ਨਹੀਂ ਹਨ, ਫਿਰ ਵੀ ਉਨਾਂ ਦੀ ਭਵਿੱਖਬਾਣੀ ਕਿ ਹਾਲੇ ਚੀਨੀ ਦੀਆਂ ਕੀਮਤਾਂ ਵਧਣਗੀਆਂ, ਕੁਝ ਹੋਰ ਹੀ ਸੰਕੇਤ ਦੇ ਰਹੀ ਹੈ। ਭਾਜਪਾ ਪ੍ਰਧਾਨ ਨੇ ਕਿਹਾ ਕਿ ਜਦ ਤੱਕ ਵਾਫਰ ਅਤੇ ਕਿੱਲਤ ਵਿਚ ਸੰਤੁਲਨ ਨਹੀਂ ਬਣੇਗਾ ਖੁਰਾਕੀ ਵਸਤੂਆਂ ਦੀਆਂ ਕੀਮਤਾਂ ਕੰਟਰੋਲ ਵਿਚ ਨਹੀਂ ਆਉਣਗੀਆਂ। ਭਾਜਪਾ ਪ੍ਰਧਾਨ ਨੇ ਇਕ ਤਰ੍ਹਾਂ ਧਮਕੀ ਦਿੱਤੀ ਕਿ ਸਰਕਾਰ ਦੀਆਂ ਗਲਤ ਆਰਥਿਕ ਨੀਤੀਆਂ ਦੇ ਵਿਰੋਧ ਵਿਚ ਦੇਸ਼ ਵਿਆਪੀ ਅੰਦੋਲਨ ਕੀਤਾ ਜਾਵੇਗਾ।

ਉਂਜ ਪੰਜਾਬ ਅਤੇ ਖ਼ਾਸ ਕਰਕੇ ਪੰਜਾਬ ਕਾਂਗਰਸ ਲਈ ਇਹ ਖੁਸ਼ਖ਼ਬਰੀ ਹੀ ਹੈ ਕਿ ਸਾਬਕਾ ਗ੍ਰਹਿ ਮੰਤਰੀ ਸ੍ਰੀ ਸ਼ਿਵਰਾਜ ਪਾਟਿਲ ਨੂੰ ਪੰਜਾਬ ਦਾ ਰਾਜਪਾਲ ਨਿਯੁਕਤ ਕਰ ਦਿੱਤਾ ਗਿਆ ਹੈ। ਇਸ ਦੌਰਾਨ ਉਹ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ ਹੋਣਗੇ। ਉਨ੍ਹਾਂ ਦੀ ਇਹ ਨਿਯੁਕਤੀ ਸੱਤਾ ਦੇ ਗਲਿਆਰਿਆਂ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਸ੍ਰੀ ਸ਼ਿਵਰਾਜ ਪਾਟਿਲ ਪ੍ਰਸ਼ਾਸਨਿਕ ਮਾਮਲਿਆਂ ਵਿਚ ਆਪਣੇ ਨਰਮ ਸੁਭਾਅ ਕਰਕੇ ਜਾਣੇ ਜਾਂਦੇ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਤਕਰੀਬਨ 20 ਸਾਲਾਂ ਬਾਅਦ ਇਹ ਪਹਿਲੀ ਵਾਰ ਹੈ ਕਿ ਪੰਜਾਬ ਅਤੇ ਚੰਡੀਗੜ੍ਹ ਦਾ ਕੋਈ ਸਿਵਲ ਪ੍ਰਸ਼ਾਸਕ ਨਿਯੁਕਤ ਕੀਤਾ ਗਿਆ ਹੈ। ਸ੍ਰੀ ਪਾਟਿਲ ਮਹਾਰਾਸ਼ਟਰ ਤੋਂ ਕਾਂਗਰਸ ਦੇ ਆਗੂ ਹਨ ਅਤੇ ਘਰੇਲੂ ਰਾਜਨੀਤੀ ਵਿਚ ਉਹ ਸ਼ਰਦ ਪਵਾਰ ਦੇ ਵਿਰੋਧੀ ਮੰਨੇ ਜਾਂਦੇ ਹਨ। ਇਥੇ ਇਹ ਵੀ ਚੇਤੇ ਕਰਾਉਣਾ ਬਣਦਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ ਅਤੇ ਸ਼ਰਦ ਪਵਾਰ ਦੀ ਨਜ਼ਦੀਕੀ ਪਹਿਲਾਂ ਹੀ ਜੱਗ ਜਾਹਿਰ ਹੈ। ਉਂਜ ਪੰਜਾਬ ਦੇ ਕਾਂਗਰਸੀਆਂ ਵਿਚੋਂ ਤਕਰੀਬਨ ਕਿਸੇ ਨੂੰ ਵੀ ਸ੍ਰੀ ਸ਼ਿਵਰਾਜ ਪਾਟਿਲ ਦੇ ਬਹੁਤਾ ਨਜ਼ਦੀਕੀ ਨਹੀਂ ਸਮਝਿਆ ਜਾ ਰਿਹਾ। ਇਸ ਸਥਿਤੀ ਵਿਚ ਅੰਦਾਜ਼ਾ ਇਹ ਲਾਇਆ ਜਾ ਰਿਹਾ ਹੈ ਕਿ ਕਾਂਗਰਸ ਲੀਡਰਸ਼ਿਪ ਦੇ ਮਾਮਲੇ ਵਿਚ ਉਹ ਨਿਰਪੱਖ ਰਹਿ ਕੇ ਆਪਣੀ ਭੂਮਿਕਾ ਨਿਭਾਉਣਗੇ ਪਰ ਕਾਂਗਰਸ ਹਾਈਕਮਾਨ ਉਨ੍ਹਾਂ ਤੋਂ ਇਹ ਆਸ ਜ਼ਰੂਰ ਕਰੇਗੀ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸ੍ਰੀ ਪਾਟਿਲ ਕਾਂਗਰਸ ਪਾਰਟੀ ਨੂੰ ਮੁੜ ਜਥੇਬੰਦ ਕਰਨ ਲਈ ਆਪਣੀ ਸਰਗਰਮ ਭੂਮਿਕਾ ਨਿਭਾਉਣ।

ਯਾਦ ਰਹੇ ਬਾਕੀ ਕਾਂਗਰਸੀ ਆਗੂਆਂ ਦੇ ਮੁਕਾਬਲੇ ਕੈਪਟਨ ਅਮਰਿੰਦਰ ਸਿੰਘ ਸ਼ਿਵਰਾਜ ਪਾਟਿਲ ਦੇ ਕਿਸੇ ਸਮੇਂ ਨਜ਼ਦੀਕ ਸਮਝੇ ਜਾਂਦੇ ਸਨ ਪਰ ਬਾਅਦ ਵਿਚ ਸ੍ਰੀ ਪਾਟਿਲ ਦੇ ਗ੍ਰਹਿ ਮੰਤਰੀ ਹੋਣ ਵੇਲੇ ਸੁਮੇਧ ਸੈਣੀ ਦੇ ਮਾਮਲੇ ਨੂੰ ਲੈ ਕੇ ਕੈਪਟਨ ਨਾਲ ਉਨ੍ਹਾਂ ਦੀ ਦੂਰੀ ਬਣ ਗਈ ਸੀ। ਗ੍ਰਹਿ ਮੰਤਰੀ ਵਜੋਂ ਪਾਟਿਲ ਦੇ ਸੈਣੀ ਵਿਰੁਧ ਕਾਰਵਾਈ ਲਈ ਲਿਖੇ ਪੱਤਰ ਨੂੰ ਕੈਪਟਨ ਨੇ ਪ੍ਰਧਾਨ ਮੰਤਰੀ ਤੋਂ ਰੱਦ ਕਰਵਾ ਦਿੱਤਾ ਸੀ। ਇਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਪੰਜਾਬ ਅਤੇ ਚੰਡੀਗੜ੍ਹ ਦੇ ਕੁਝ ਸੀਨੀਅਰ ਕਾਂਗਰਸੀ ਆਗੂਆਂ ਦੀ ਪੰਜਾਬ ਦੇ ਸਾਬਕਾ ਰਾਜਪਾਲ ਜਨਰਲ ਰੋਡਰਿਗਜ਼ ਨਾਲ ਲਗਾਤਾਰ ਖੜਕਦੀ ਰਹੀ ਹੈ। ਇਸ ਤੋਂ ਇਲਾਵਾ ਚੰਡੀਗੜ੍ਹ ਦੀ ਚੁਣੀ ਹੋਈ ਮਿਉਂਸਪਲ ਕਾਰਪੋਰੇਸ਼ਨ ਦੇ ਆਗੂ ਵੀ ਰੋਡਰਿਗਜ਼ ਤੋਂ ਪ੍ਰੇਸ਼ਾਨ ਰਹੇ ਹਨ ਜਿਹੜੇ ਕਿ ਕਾਂਗਰਸ ਪਾਰਟੀ ਨਾਲ ਸੰਬੰਧਤ ਹਨ। ਸ੍ਰੀ ਪਾਟਿਲ ਦੀ ਨਿਯੁਕਤੀ ਇਸ ਦ੍ਰਿਸ਼ਟੀ ਤੋਂ ਕਾਂਗਰਸ ਪਾਰਟੀ ਦੇ ਆਗੂਆਂ ਨੂੰ ਜ਼ਰੂਰ ਸਕੂਨ ਬਖਸ਼ੇਗੀ।

# ਜਦੋਂ ਸੁਖਬੀਰ ਬਾਦਲ ਦੇ ਚਿਹਰੇ 'ਤੇ ਉਭਰੇ ਸ਼ਿਕਨ

**ਅੰਮ੍ਰਿਤਸਰ:** ਭਾਜਪਾ ਦੇ ਰਾਸ਼ਟਰੀ ਪ੍ਰਧਾਨ ਬਣਨ ਦੇ ਬਾਅਦ ਪਹਿਲੀ ਵਾਰ ਪੰਜਾਬ ਆਏ ਨਿਤਿਨ ਗਡਕਰੀ ਵਾਪਸ ਆਉਣ ਤੋਂ ਪਹਿਲਾਂ ਸ਼ਿਰੋਮਣੀ ਅਕਾਲੀ ਦਲ ਨੂੰ ਖਾਸਾ ਗੇੜਾ ਦੇ ਗਏ। ਬੇਸ਼ਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਦਲ-ਭਾਜਪਾ ਗਠਬੰਧਨ ਨੂੰ ਪਰਿਵਾਰਿਕ ਰਿਸ਼ਤਾ ਦਸਿਆ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸਨੂੰ ਬਿਨਾਂ ਕਿਸੇ ਲੈਣ-ਦੇਣ ਦਾ ਸੰਬੰਧ ਦਸਿਆ, ਪਰ ਸ਼ਹਿਰ ਦੇ ਅੰਦਰੋਂ-ਅੰਦਰ ਹੋਏ ਸਮਾਰੋਹ ਵਿਚ ਭਾਜਪਾ ਦੀ ਤਾਕਤ ਨੂੰ ਦੇਖ ਦੋਵੇਂ ਹੈਰਾਨ ਰਹਿ ਗਏ। ਗਡਕਰੀ ਵੀ ਗੱਲਾਂ ਹੀ ਗੱਲਾਂ ਵਿਚ ਉਨ੍ਹਾਂ ਨੂੰ ਨਸੀਹਤ ਦੇ ਗਏ। ਦੋਵੇਂ ਨੇਤਾ ਜਿੱਥੇ ਭਾਜਪਾਈਆਂ ਦੇ ਸ਼ਬਦਾਂ ਨੂੰ ਬੜੇ ਧਿਆਨ ਨਾਲ ਸੁਣ ਰਹੇ ਸਨ, ਉਥੇ ਮੰਚ ਤੇ ਭੀੜ ਵਿਚ ਹੋ ਰਹੀ ਹਲਚਲ ਤੇ ਵੀ ਬਾਰੀਕੀ ਨਾਲ ਨਜ਼ਰ ਰੱਖੀ ਹੋਈ ਸੀ। ਭਾਜਪਾ ਨੇਤਾ ਡਾ. ਬਲਦੇਵ ਪ੍ਰਕਾਸ਼ ਦੇ ਬੁੱਤ ਦੇ ਪਰਦਾ ਚੁੱਕ ਸਮਾਰੋਹ ਵਿਚ ਆਏ ਦੋਵੇਂ ਬਾਦਲ ਭਾਜਪਾ ਦੇ ਰਾਜਨੀਤਿਕ ਘੇਰੇ ਵਿਚ ਕੈਦ ਹੋ ਕੇ ਰਹਿ ਗਏ। ਕਰੀਬ ਦੋ ਘੰਟੇ ਚਲੇ ਸਮਾਰੋਹ ਵਿਚ ਮੰਚ ਤੇ ਦੋਵਾਂ ਬਾਦਲਾਂ ਦੇ ਆਲੇ ਦੁਆਲੇ ਭਾਜਪਾ ਦਾ ਹੀ ਕਬਜ਼ਾ ਰਿਹਾ। ਵੱਡੇ ਬਾਦਲ ਦੇ ਖੱਬੇ ਪਾਸੇ ਗਡਕਰੀ ਸੀ ਤੇ ਸੱਜੇ ਪਾਸੇ ਬਲਬੀਰ ਪੁੰਜ ਬੈਠੇ ਸਨ। ਛੋਟੇ ਬਾਦਲ ਦੇ ਖੱਬੇ ਪਾਸੇ ਪ੍ਰਦੇਸ਼ ਭਾਜਪਾ ਪ੍ਰਧਾਨ ਰਾਜਿੰਦਰ ਭੰਡਾਰੀ ਅਤੇ ਸੱਜੇ ਪਾਸੇ ਮੇਅਰ ਸ਼ਵੇਤ ਮਲਿਕ ਸੀ। ਪ੍ਰੋਗਰਾਮ ਵਿਚ ਭਾਜਪਾ ਦੇ ਕਈ ਮੰਤਰੀ ਹਾਜਿਰ ਸਨ, ਉਥੇ ਅਕਾਲੀ ਦਲ ਦਾ ਇਕ ਵੀ ਮੰਤਰੀ, ਵਿਧਾਇਕ ਨਹੀਂ ਪਹੁੰਚਿਆ। ਵੱਡੇ ਬਾਦਲ ਅਤੇ ਗਡਕਰੀ ਚਾਹੇ ਹੀ ਨਾਲ ਨਾਲ ਬੈਠੇ ਸਨ, ਪਰ ਉਨਾਂ ਦੀ ਆਪਸ ਵਿਚ ਸਿਰਫ ਇਕ ਵਾਰ ਹੀ ਗੱਲਬਾਤ ਹੋਈ ਜਦਕਿ ਛੋਟੇ ਬਾਦਲ ਆਪਣੇ ਪਿਤਾ ਤੋਂ ਚੌਥੇ ਨੰਬਰ 'ਤੇ ਬੈਠੇ ਸਨ। ਵੱਡੇ ਬਾਦਲ ਨੇ ਗਡਕਰੀ ਨੂੰ ਆਪਣੇ ਸ਼ਬਦ ਜਾਲ ਵਿਚ ਫਸਾਉਣ ਵਿਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਨੇ ਇਥੋਂ ਤੱਕ ਕਿਹਾ ਕਿ ਭਾਵੇਂ ਤੁਸੀਂ ਸਾਡਾ ਖੂਨ ਮੰਗ ਲਵੋ, ਸ਼ਹਾਦਤ ਮੰਗ ਲਵੋ, ਇਕ ਆਵਾਜ਼ ਮਾਰੋ, ਜੋ ਹੁਕਮ ਕਰੋਗੇ, ਅਸੀਂ ਤੁਹਾਡੇ ਲਈ ਤਿਆਰ ਹਾਂ। ਬੜੇ ਗੌਰ ਨਾਲ ਗਡਕਰੀ ਦੇ ਸ਼ਬਦਾਂ ਨੂੰ ਸੁਣ ਰਹੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਚਿਹਰੇ ਤੇ ਸ਼ਿਕਨ ਸਾਫ ਦਿਖਾਈ ਦੇ ਰਹੀ ਸੀ। ਵਿਧਾਨ ਸਭਾ ਚੋਣ ਵਿਚ ਪਹਿਲੇ ਸ਼ਹਿਰੀ ਖੇਤਰਾਂ ਤੋਂ ਅਲਗ ਜਗਾ ਰਹੇ ਬਾਦਲ ਨੂੰ ਭਾਜਪਾਈ ਸ਼ਕਤੀ ਪਚਦੀ ਨਜ਼ਰ ਨਹੀਂ ਆ ਰਹੀ ਸੀ। ਗੰਭੀਰ ਚਿਹਰਾ, ਠੋਡੀ ਤੇ ਟਿਕੀ ਬੰਦ ਮੁੱਠੀ ਇਸ ਦੀ ਗਵਾਹ ਬਣ ਚੁੱਕੀ ਸੀ ਕਿ ਹਾਲੇ ਤੱਕ ਉਨਾਂ ਦੇ ਇਸ਼ਾਰੇ 'ਤੇ ਨੱਚਣ ਵਾਲੀ ਭਾਜਪਾ ਅੱਜ ਉਨ੍ਹਾਂ 'ਤੇ ਭਾਰੀ ਪੈਂਦੀ ਦਿਖਾਈ ਦੇ ਰਹੀ ਹੈ।

ਯਾਦ ਰਹੇ ਡਾ. ਬਲਦੇਵ ਪ੍ਰਕਾਸ਼ ਦਾ ਬੁੱਤ ਬੀਤੀ 17 ਜਨਵਰੀ ਨੂੰ ਸ਼ਹਿਰ ਦੇ ਸੱਭ ਤੋਂ ਵਧ ਭੀੜ ਵਾਲੇ ਇਲਾਕੇ ਰਿਆਲਟੋ ਚੌਂਕ ਵਿਚ ਲਗਾਇਆ ਗਿਆ। ਭਾਜਪਾ ਦੇ ਮਰਹੂਮ ਆਗੂ ਬਲਦੇਵ ਪ੍ਰਕਾਸ਼ ਵੀ ਉਨ੍ਹਾਂ ਆਗੂਆਂ ਵਿਚ ਸ਼ਾਮਲ ਸਨ ਜਿਨ੍ਹਾਂ ਨੇ ਦਰਬਾਰ ਸਾਹਿਬ ਉਤੇ ਹਮਲੇ ਤੋਂ ਬਾਅਦ ਲੱਡੂ ਵੰਡ ਕੇ ਖ਼ੁਸ਼ੀਆਂ ਮਨਾਈਆਂ ਸਨ। ਸੰਸਦ ਵਿਚ ਭਾਜਪਾ ਨੇ ਸਪੱਸ਼ਟ ਸ਼ਬਦਾਂ ਵਿਚ ਇਸ ਨੂੰ ਦੇਰ ਨਾਲ ਕੀਤੀ ਹੋਈ ਸਹੀ ਕਾਰਵਾਈ ਕਰਾਰ ਦਿਤਾ ਸੀ।

# ਵਿਦੇਸ਼ੀ ਜੇਲ੍ਹਾਂ ਤੇ ਜੰਗਲਾਂ 'ਚ ਰੁਲ ਰਹੇ ਨੇ 43 ਹਜ਼ਾਰ ਪੰਜਾਬੀ

**ਹੁਸ਼ਿਆਰਪੁਰ :** ਪੰਜਾਬ ਦੇ 43000 ਮੁੰਡੇ-ਕੁੜੀਆਂ ਵਿਸ਼ਵ ਦੇ 37 ਦੇਸ਼ਾਂ ਦੇ ਜੰਗਲਾਂ, ਜੇਲ੍ਹਾਂ ਅਤੇ ਸਮੁੰਦਰਾਂ ਵਿਚ ਰੁਲ ਰਹੇ ਹਨ, ਜਿਨ੍ਹਾਂ ਦੀ ਨਾ ਤਾਂ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਅਤੇ ਨਾ ਹੀ ਕੇਂਦਰ ਦੀ ਅਗਵਾਈ ਵਾਲੀ ਯੂਪੀ ਏ ਸਰਕਾਰ ਵਲੋਂ ਕੋਈ ਸਾਰ ਲਈ ਜਾ ਰਹੀ ਹੈ। ਇਹ ਵਿਚਾਰ ਲੋਕ ਭਲਾਈ ਪਾਰਟੀ ਦੇ ਕੌਮੀ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਕੈਨੇਡੀਅਨ ਮੈਂਬਰ ਪਾਰਲੀਮੈਂਟ ਗੁਰਬਖਸ਼ ਸਿੰਘ ਮੱਲ੍ਹੀ ਅਤੇ ਉਨ੍ਹਾਂ ਦੀ ਪਤਨੀ ਦਵਿੰਦਰ ਕੌਰ ਮੱਲ੍ਹੀ ਦੇ ਸਨਮਾਨ ਵਿਚ ਪਾਰਟੀ ਵਲੋਂ ਕਰਵਾਏ ਗਏ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।

ਇਕ ਹੋਰ ਹੈਰਾਨੀਕੁਨ ਪ੍ਰਗਟਾਵਾ ਪਹਿਲੀ ਵਾਰ ਕਰਨ ਦਾ ਦਾਅਵਾ ਕਰਦਿਆਂ ਰਾਮੂਵਾਲੀਆ ਨੇ ਕਿਹਾ ਕਿ ਆਪਣੀ ਔਲਾਦ ਨੂੰ ਚੰਗੇ ਭਵਿੱਖ ਦਾ ਸੁਪਨਾ ਪੂਰਾ ਕਰਨ ਦੀ ਲਾਲਸਾ ਵਿਚ ਪੰਜਾਬ ਦੇ ਕਿਸਾਨਾਂ ਦੀ 40 ਲੱਖ ਏਕੜ ਜ਼ਮੀਨ ਬੈਅ ਹੋ ਚੁੱਕੀ ਹੈ ਤੇ ਏਜੰਟਾਂ ਦੀਆਂ ਕਰਤੂਤਾਂ ਸਦਕਾ 2 ਲੱਖ ਪਰਵਾਰ ਗਲੀਆਂ ਦੇ ਮੰਗਤੇ ਬਣ ਕੇ ਜੀਵਨ ਬਤੀਤ ਕਰਨ ਲਈ ਮਜਬੂਰ ਹੋ ਚੁੱਕੇ ਹਨ। ਪੰਜਾਬ ਦੇ ਹੁਣ ਤੱਕ 18,000 ਮੁੰਡੇ ਬਾਹਰ ਜਾ ਕੇ ਮੌਤ ਦੇ ਸ਼ਿਕੰਜੇ ਵਿਚ ਆ ਗਏ ਹਨ। ਇਹ ਗਿਣਤੀ ਸਿਰਫ਼ ਉਨ੍ਹਾਂ ਹੀ ਮੁੰਡਿਆਂ ਦੀ ਹੈ, ਜਿਨ੍ਹਾਂ ਦੀ ਪਛਾਣ ਹੋਈ ਹੈ। ਉਨ੍ਹਾਂ ਪੰਜਾਬ ਦੇ ਲੋਕਨਾਇਕ ਅਖਵਾਉਂਦੇ ਅਕਾਲੀ-ਭਾਜਪਾ ਸਰਕਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਸ ਮੁੱਦੇ ਉਪਰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਆਸਟਰੇਲੀਆ ਵਿਚ ਮਾਰੇ ਗਏ ਦੋ ਪੰਜਾਬੀ ਨੌਜਵਾਨਾਂ ਦੇ ਮਾਮਲੇ ਵਿਚ ਠੋਸ ਕਾਰਵਾਈ ਕਰਵਾਉਣ ਦੀ ਬਜਾਏ ਕੇਵਲ ਯਾਦ ਪੱਤਰ ਦੇ ਕੇ ਹੀ ਪੱਲਾ ਝਾੜ ਲਿਆ।



ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਵਲੋਂ ਪੰਜਾਬੀ ਗੱਭਰੂਆਂ ਅਤੇ ਮੁਟਿਆਰਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਨ ਵਾਲੇ ਟਰੈਵਲ ਏਜੰਟਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਪਾਰਟੀ ਦੇ ਆਗੂ ਕੈਪਟਨ ਰਣ ਸਿੰਘ ਦੀ ਬਦੌਲਤ ਸਾਹਮਣੇ ਆਏ ਕੇਸ ਵਿਚ ਇਕ ਨੌਜਵਾਨ ਜਸਵਿੰਦਰ ਸਿੰਘ ਵਾਸੀ ਪਿੰਡ ਜਲਾਲ ਡੋਗਰਾ, ਨੇੜੇ ਟਾਂਡਾ ਦੇ ਪਿਤਾ ਬਲਵਿੰਦਰ ਸਿੰਘ ਨੂੰ ਪੱਤਰਕਾਰਾਂ ਸਾਹਮਣੇ ਪੇਸ਼ ਕਰਦਿਆਂ ਦੱਸਿਆ ਕਿ ਉਕਤ ਨੌਜਵਾਨ 37 ਹੋਰ ਪੰਜਾਬੀ ਨੌਜਵਾਨਾਂ ਨਾਲ ਇਟਲੀ ਜਾਣ ਲਈ ਜਲੰਧਰ ਦੇ ਇੱਕ ਟਰੈਵਲ ਏਜੰਟ ਮਾਰਫਤ ਰਵਾਨਾ ਹੋਇਆ, ਪਰ ਉਕਤ ਏਜੰਟ ਵਲੋਂ ਕਿਸੇ ਅਣਦੱਸੀ 'ਥਾਂ ਤੇ ਉਤਾਰ ਦਿੱਤਾ ਗਿਆ, ਪਰ ਕਰੀਬ 5-6 ਸਾਲ ਬਾਅਦ ਉਨ੍ਹਾਂ ਦੇ ਲਾਪਤਾ ਹੋਏ ਲੜਕੇ ਜਸਵਿੰਦਰ ਸਿੰਘ ਦਾ ਦੱਖਣੀ ਅਫ਼ਰੀਕਾ ਤੋਂ ਫੋਨ ਆਇਆ ਅਤੇ ਉਸਨੇ ਆਪਣੇ ਸਾਥੀਆਂ ਸਮੇਤ ਸਾਊਥ ਅਫਰੀਕਾ ਦੀ ਜੇਲ੍ਹ ਵਿਚ ਬੰਦ ਹੋਣ ਦੀ ਵਿੱਥਿਆ ਸੁਣਾਈ ਗਈ। ਇਸ ਮੌਕੇ ਆਪਣੇ ਸੰਬੋਧਨ ਵਿਚ ਸਭਿਆਚਾਰਕ ਵਿੰਗ ਦੇ ਪ੍ਰਧਾਨ ਅਤੇ ਪ੍ਰਸਿੱਧ ਲੋਕ ਗਾਇਕ ਅਦਾਕਾਰ ਹਰਭਜਨ ਮਾਨ ਨੇ ਕੈਨੇਡੀਆਈ ਮੈਂਬਰ ਪਾਰਲੀਮੈਂਟ ਗੁਰਬਖ਼ਸ਼ ਸਿੰਘ ਮੱਲ੍ਹੀ ਦਾ ਸਵਾਗਤ ਕਰਦਿਆਂ ਪੰਜਾਬੀ ਬੋਲੀ ਅਤੇ ਭਾਈਚਾਰੇ ਦੀ ਤਰੱਕੀ ਲਈ ਪਾਏ ਜਾ ਰਹੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ। ਮੱਲ੍ਹੀ ਮੈਂਬਰ ਪਾਰਲੀਮੈਂਟ ਕੈਨੇਡਾ ਨੇ ਕਿਹਾ ਕਿ ਪੰਜਾਬੀ ਨੌਜਵਾਨਾਂ ਅਤੇ ਮੁਟਿਆਰਾਂ ਨਾਲ ਕੈਨੇਡਾ ਦੀ ਧਰਤੀ ਤੋਂ ਇਲਾਵਾ ਵੱਖ-ਵੱਖ ਦੇਸ਼ਾਂ ਵਿਚ ਧੋਖਾਧੜੀ ਦੀਆਂ ਵਧ ਰਹੀਆਂ ਮੰਦਭਾਗੀਆਂ ਘਟਨਾਵਾਂ ਚਿੰਤਾਜਨਕ ਹਨ, ਪਰ ਇਸ ਲਈ ਬਹੁਤਾ ਸਾਡੇ ਪੰਜਾਬੀ ਲੋਕ ਖੁਦ ਹੀ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਅੱਜ-ਕੱਲ੍ਹ ਬਦੇਸ਼ਾਂ ਵਿਚ ਜਾਣ ਅਤੇ ਕੰਮ-ਕਾਰ ਲਈ ਪੂਰੀ ਜਾਣਕਾਰੀ ਵੈੱਬਸਾਈਟਾਂ ਉੱਪਰ ਉਪਲਬੱਧ ਹੈ, ਪਰ ਅਸੀਂ ਇਸ ਦਾ ਲਾਭ ਉਠਾਉਣ ਦੀ ਬਜਾਏ ਠੱਗ ਟਰੈਵਲ ਏਜੰਟਾਂ ਦੇ ਝਾਂਸੇ ਵਿਚ ਫਸ ਜਾਂਦੇ ਹਾਂ। ਇਸਤੋਂ ਇਲਾਵਾ ਬਦੇਸ਼ਾਂ ਵਿਚ ਆਪਣੇ ਮੁੰਡੇ-ਕੁੜੀਆਂ ਦੇ ਰਿਸ਼ਤੇ ਕਰਨ ਲਈ ਹਰ ਵੇਲੇ ਉਤਾਵਲੇ ਰਹਿੰਦੇ ਹਾਂ, ਜਦਕਿ ਚਾਹੀਦਾ ਤਾਂ ਇਹ ਹੈ ਕਿ ਬਾਹਰੋਂ ਆਏ ਕਿਸੇ ਵੀ ਰਿਸ਼ਤੇ ਲਈ ਪੂਰੀ ਜਾਂਚ-ਪੜਤਾਲ ਅਤੇ ਪੁੱਛਗਿੱਛ ਕੀਤੀ ਜਾਵੇ। ਮੱਲ੍ਹੀ ਨੇ ਕੈਨੇਡਾ ਪ੍ਰਵਾਸ ਕਾਨੂੰਨ ਸੰਬੰਧੀ ਵੀ ਕਈ ਅਹਿਮ ਜਾਣਕਾਰੀਆਂ ਦਿੱਤੀਆਂ। ਇਸ ਮੌਕੇ ਰਾਮੂਵਾਲੀਆ ਵਲੋਂ ਇਕ ਲੜਕੀ ਦਾ ਮਸਲਾ ਵੀ ਹੱਲ ਕੀਤਾ ਗਿਆ। ਰਾਮੂਵਾਲੀਆ ਨੇ ਕੈਨੇਡਾ ਦੇ ਮੈਂਬਰ ਪਾਰਲੀਮੈਂਟ ਗੁਰਬਖਸ਼ ਸਿੰਘ ਮੱਲ੍ਹੀ, ਉਨ੍ਹਾਂ ਦੀ ਪਤਨੀ ਦਵਿੰਦਰ ਕੌਰ ਤੇ ਮੈਡਮ ਜੈਨੇਟ ਸਕੱਤਰ ਦਫਤਰ ਅਤੇ ਐੱਨ ਆਰ ਆਈ ਕੁਲਦੀਪ ਸਿੰਘ ਸਹੋਤਾ ਦੀ ਹਾਜ਼ਰੀ ਵਿਚ ਪੀੜਤ ਹਰਦੀਪ ਕੌਰ ਨੂੰ ਸਹੁਰਿਆਂ ਵਲੋਂ ਸਾਢੇ ਸੱਤ ਲੱਖ ਰੁਪਏ ਨਗਦ ਵਾਪਸ ਦਿਵਾਏ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਮਾਘੀ ਮੇਲੇ ਮੌਕੇ ਸਿਆਸੀ ਪਾਰਟੀਆਂ ਨੇ ਖੂਬ ਚਿੱਕੜ ਉਛਾਲਿਆ

## ਕਾਂਗਰਸ ਨੇ ਕੁਝ ਨਹੀਂ ਕੀਤਾ -ਬਾਦਲ, ਆਰਥਕ ਸਾਧਨਾਂ 'ਤੇ ਬਾਦਲ ਕਾਬਜ਼ -ਬਰਾੜ, ਖ਼ਾਲਿਸਤਾਨ ਦੇ ਮੁੱਦੇ 'ਤੇ ਲੜਾਂਗੇ ਸ਼੍ਰੋਮਣੀ ਕਮੇਟੀ ਚੋਣਾਂ-ਮਾਨ

**ਮੁਕਤਸਰ:** ਮਾਘੀ ਮੇਲੇ ਮੌਕੇ ਤਕਰੀਬਨ ਸਾਰੀਆਂ ਹੀ ਪ੍ਰਮੁੱਖ ਪਾਰਟੀਆਂ ਨੇ ਇਕ ਦੂਜੇ 'ਤੇ ਖੂਬ ਚਿੱਕੜ ਉਛਾਲੀ ਕੀਤੀ। ਅਕਾਲੀ ਪਾਰਟੀ ਵਲੋਂ ਏਥੇ ਕੀਤੀ ਗਈ ਆਪਣੀ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਬਾਦਲ ਦੇ ਆਗੂ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਨੂੰ ਪੰਜਾਬ ਦੀ ਦੁਸ਼ਮਣ ਨੰਬਰ ਇੱਕ ਪਾਰਟੀ ਕਰਾਰ ਦਿੱਤਾ ਜਾਣਾ ਚਾਹੀਦਾ ਹੈ, ਕਿਉਂਕਿ ਇਸ ਪਾਰਟੀ ਨੇ ਕਦੇ ਵੀ ਪੰਜਾਬ ਦੇ ਹਿੱਤਾਂ ਬਾਰੇ ਕੁਝ ਨਹੀਂ ਕੀਤਾ। ਇਸ ਪਾਰਟੀ ਨੇ ਹਮੇਸ਼ਾ ਹੀ ਪੰਜਾਬ ਨੂੰ ਹਰ ਪੱਖੋਂ ਨੁਕਸਾਨ ਪਹੁੰਚਾਉਣ ਵਾਲੀਆਂ ਨੀਤੀਆਂ ਹੀ ਅਪਣਾਈਆਂ ਹਨ। ਇਸ ਲਈ ਪੰਜਾਬ ਵਾਸੀਆਂ ਨੂੰ ਚਾਹੀਦਾ ਹੈ ਕਿ ਉਹ ਕਾਂਗਰਸ ਨੂੰ ਕਦੇ ਵੀ ਮੂੰਹ ਨਾ ਲਾਉਣ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੇਲਾ ਮਾਘੀ ਮੌਕੇ ਅਕਾਲੀ ਦਲ ਵਲੋਂ ਕੀਤੀ ਗਈ ਸਿਆਸੀ ਕਾਨਫਰੰਸ ਦੌਰਾਨ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਦੁੱਖ ਦੀ ਗੱਲ ਹੈ ਕਿ ਅਜ਼ਾਦੀ ਦੇ 62 ਸਾਲਾਂ ਤੋਂ ਬਾਅਦ ਵੀ ਅਸੀਂ ਅਜੇ ਤੱਕ ਸ਼ਹਿਰਾਂ ਦੀਆਂ ਮੁਢਲੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਸਕੇ ਤੇ ਪਿੰਡਾਂ ਦੀਆਂ ਮੁਢਲੀਆਂ ਜ਼ਰੂਰਤਾਂ ਤਾਂ ਪਤਾ ਨਹੀਂ ਕਦੋਂ ਪੂਰੀਆਂ ਹੋਣਗੀਆਂ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਕਦੇ ਵੀ ਕਿਸਾਨਾਂ ਨੂੰ ਜਿਣਸਾਂ ਦੇ ਸਹੀ ਮੁੱਲ ਨਹੀਂ ਦਿੱਤੇ ਤੇ ਕੇਂਦਰ ਦੀ ਇਹ ਨੀਤੀ ਹੈ ਕਿ ਪੰਜਾਬ ਵਾਸੀ ਸਹਿਕਦੇ ਰਹਿਣ।

ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਤੇ ਬਿਗਾਨੇ ਦੀ ਪਹਿਚਾਣ ਕਰਕੇ ਆਉਣ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਪੰਥ ਵਿਰੋਧੀ ਤਾਕਤਾਂ ਨੂੰ ਕਰਾਰੀ ਹਾਰ ਦੇ ਕੇ ਸ਼੍ਰੋਮਣੀ ਅਕਾਲੀ ਦਲ ਦੇ ਹੱਥ ਮਜ਼ਬੂਤ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦਾ ਅਮਨ-ਕਾਨੂੰਨ ਭੰਗ ਕਰਨ ਵਾਲੇ ਲੋਕਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਇਸ ਤੋਂ ਪਹਿਲਾਂ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦਾ ਮੁੱਖ ਏਜੰਡਾ ਪੰਜਾਬ ਵਿਚ ਵਧ ਤੋਂ ਵਧ ਬਿਜਲੀ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਮਾਲਵਾ ਖੇਤਰ ਵਿਚ 2500 ਕਰੋੜ ਦੀ ਲਾਗਤ ਨਾਲ ਕੇਂਦਰੀ ਯੂਨੀਵਰਸਿਟੀ ਬਨਾਉਣ ਲਈ ਸਮਝੌਤਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਕੂਲਾਂ ਵਿਚ ਹਰ ਤਰ੍ਹਾਂ ਦੀਆਂ ਬੁਨਿਆਦੀ ਸਹੂਲਤਾਂ ਪੂਰੀਆਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਪੰਜਾਬ ਵਿਚ ਕੈਂਸਰ ਵਰਗੀਆਂ ਨਾਮੁਰਾਦ ਬੀਮਾਰੀਆਂ ਦਾ ਮੁੱਖ ਕਾਰਨ ਪੀਣ ਵਾਲਾ ਪਾਣੀ ਹੈ, ਜਿਸ ਦੇ ਹੱਲ ਲਈ ਪੰਜਾਬ ਦੇ ਪਿੰਡਾਂ ਅੰਦਰ ਆਰਓ ਸਿਸਟਮ ਲਾਏ ਜਾ ਰਹੇ ਹਨ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਚਾਲੀ ਮੁਕਤਿਆਂ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਕਿਹਾ ਕਿ ਇਨ੍ਹਾਂ ਸਿੰਘਾਂ ਨੇ ਹੀ ਔਖੇ ਸਮੇਂ ਵਿਚ ਗੁਰੂ ਸਾਹਿਬ ਨਾਲ ਮਿਲ ਕੇ ਮੁਗਲਾਂ ਵਿਰੁਧ ਆਖਰੀ ਲੜਾਈ ਲੜ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਸਨ। ਉਨ੍ਹਾਂ ਕਿਹਾ ਕਿ ਅੱਜ ਕੁਝ ਲੋਕ ਇਨ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਭੁੱਲ ਕੇ ਅਕਾਲ ਤਖਤ ਵਰਗੇ ਮਹਾਨ ਸਥਾਨ ਨਾਲ ਟੱਕਰ ਲੈ ਰਹੇ ਹਨ।

ਉਧਰ ਕਾਂਗਰਸ ਪਾਰਟੀ ਦੀ ਕਾਨਫਰੰਸ ਕੈਪਟਨ ਅਮਰਿੰਦਰ ਸਿੰਘ ਅਤੇ ਹੋਰ ਕੇਂਦਰੀ ਆਗੂਆਂ ਦੇ ਨਾ ਪਹੁੰਚਣ ਕਾਰਨ ਅਕਾਲੀ ਦਲ ਦੇ ਮੁਕਾਬਲੇ ਫਿੱਕੀ ਰਹੀ। ਇਸ ਮੌਕੇ ਜਗਮੀਤ ਸਿੰਘ ਬਰਾੜ ਨੇ ਆਪਣੇ ਸਿਆਸੀ ਵਿਰੋਧੀ ਅਕਾਲੀ ਭਾਜਪਾ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਬਾਦਲ ਪਰਿਵਾਰ ਨੂੰ ਪੈਸੇ ਕਮਾਉਣ ਦੀ ਇੰਨੀ ਕਾਹਲ ਹੈ ਕਿ ਇਸ ਦੀਆਂ ਬੱਸਾਂ ਹੇਠ ਆ ਕੇ ਹੁਣ ਤੱਕ 70 ਬੰਦੇ ਮਰ ਚੁੱਕੇ ਹਨ, ਜਿਸ ਦੀ ਨਾ ਤਾਂ ਕੋਈ ਸੁਣਵਾਈ ਹੋਈ ਹੈ ਅਤੇ ਨਾ ਹੀ ਕਿਸੇ ਨੂੰ ਮੁਆਵਜ਼ਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਦਾ ਵਿਕਾਸ ਕਰਨ ਦੀ ਬਜਾਏ ਬਾਦਲ ਪਰਿਵਾਰ ਆਪਣਾ ਵਿਕਾਸ ਕਰ ਰਿਹਾ ਹੈ ਅਤੇ ਪੰਜਾਬ ਦੇ ਸਾਰੇ ਆਮਦਨ ਦੇ ਸਾਧਨਾਂ 'ਤੇ ਕਬਜ਼ਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਵਿਕਾਸ ਦੇ ਲੱਖਾਂ ਦਾਅਵੇ ਕਰ ਰਹੀ ਹੈ ਪਰ ਅਸਲੀ ਰੂਪ ਵਿਚ ਸੂਬਾ ਸਰਕਾਰ ਦੀਆਂ ਕਮਜ਼ੋਰੀਆਂ ਕਾਰਨ ਵਿਕਾਸ ਲੀਹੋਂ ਲੱਥ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪਾਰਲੀਮੈਂਟ ਮੈਂਬਰ ਹੁੰਦਿਆਂ ਮੈਂ 19 ਵਾਰ 1984 ਦੇ ਦੰਗਿਆਂ ਬਾਰੇ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਹੁੰਦਿਆਂ ਤਕਰੀਰਾਂ ਕੀਤੀਆਂ ਸਨ ਤਾਂ ਜੋ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾ ਸਕਣ। ਉਨ੍ਹਾਂ ਬਾਦਲ 'ਤੇ ਵਰ੍ਹਦਿਆਂ ਕਿਹਾ ਕਿ ਇਸ ਨੇ ਕੇਂਦਰ ਸਰਕਾਰ ਦੇ ਭਾਈਵਾਲ ਹੁੰਦਿਆਂ 84 ਦੇ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਲਈ ਪ੍ਰਧਾਨ ਮੰਤਰੀ ਨੂੰ ਇੱਕ ਵੀ ਲਫ਼ਜ਼ ਨਹੀਂ ਲਿਖਿਆ। ਉਨ੍ਹਾਂ ਬਾਦਲ ਪਰਿਵਾਰ 'ਤੇ ਵਿਅੰਗ ਕਸਦਿਆਂ ਬੱਬੂ ਮਾਨ ਦੇ ਇੱਕ ਬਾਬਾ ਨਾਨਕ ਸੀ ਦੀ ਬਜਾਏ ਬੱਬੂ ਮਾਨ ਨੂੰ ਇਹ ਗਾਣਾ ਗਾਉਣਾ ਚਾਹੀਦਾ ਹੈ ਕਿ 'ਇੱਕ ਬਾਬਾ ਬਾਦਲ ਸੀ ਜਿਸ ਨੇ 800 ਬੱਸ ਪਾ 'ਤੀ'।

ਇਸ ਮੌਕੇ ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪੰਜਾਬ ਅੰਦਰੋਂ ਪਿਛਲੇ ਦਿਨੀਂ ਪੰਜਾਬ ਅੰਦਰ ਦਵਾਈਆਂ ਦਾ ਛਿੜਕਾਅ ਕਾਰਨ ਚਿੜੀਆਂ ਮਰ ਗਈਆਂ ਸਨ ਠੀਕ ਉਸੇ ਤਰ੍ਹਾਂ ਪੰਜਾਬ ਅੰਦਰੋਂ ਦੇਸੀ ਮੁਰਗੇ ਖਤਮ ਹੋ ਗਏ ਹਨ, ਕਿਉਂਕਿ ਬਾਦਲ ਜਿੱਥੇ ਜਾਂਦਾ ਹੈ ਉਥੇ ਇਹ ਮੁਰਗੇ ਖਾ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਹ ਪਰਿਵਾਰ ਲੰਗਰ ਚਲਾਉਣ ਦੀ ਪ੍ਰਥਾ ਦੀ ਗੱਲ ਕਰਦੇ ਹਨ ਜਦੋਂ ਕਿ ਅਸਲੀਅਤ ਇਹ ਹੈ ਕਿ ਸ. ਬਾਦਲ ਨੇ ਆਪਣੇ ਪੱਲਿਓਂ ਕਿਸੇ ਵੀ ਗੁਰਦੁਆਰਾ ਨੂੰ 500 ਰੁਪਏ ਦੀ ਪਰਚੀ ਕਟਾਈ ਤਾਂ ਹੋਵੇ ਤਾਂ ਮੈਂ ਰਾਜਨੀਤੀ ਤੋਂ ਸੰਨਿਆਸ ਲੈ ਲਵਾਂਗਾ। ਇਸ ਮੌਕੇ ਬੋਲਦਿਆਂ ਕਾਂਗਰਸ ਦੇ ਸੂਬਾ ਪ੍ਰਧਾਨ ਮਹਿੰਦਰ ਸਿੰਘ ਕੇਪੀ ਨੇ ਕਿਹਾ ਕਿ ਕਾਂਗਰਸ ਨੇ ਭਾਰੀ ਕੁਰਬਾਨੀਆਂ ਦੇ ਕੇ ਸੂਬੇ ਵਿਚ ਅਮਨ ਸਾਂਤੀ ਲਿਆਂਦੀ ਹੈ ਜਦਕਿ ਅਕਾਲੀ ਸੂਬੇ ਵਿਚ ਗੜਬੜੀ ਵਾਲੇ ਹਲਾਤ ਪੈਦਾ ਕਰ ਰਹੇ ਹਨ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਨੇ ਕਿਹਾ ਕਿ ਇਨ੍ਹਾਂ ਪਿਉ ਪੁੱਤਰਾਂ ਨੇ ਪੰਜਾਬ ਨੂੰ ਲਹੂ-ਲੁਹਾਣ ਹੀ ਨਹੀਂ ਕੀਤਾ ਸਗੋਂ ਇਨ੍ਹਾਂ ਨੇ ਪੰਚਾਇਤੀ ਚੋਣਾ ਸਮੇਂ 20 ਹਜ਼ਾਰ ਕਾਂਗਰਸੀ ਵਰਕਰਾਂ 'ਤੇ ਝੂਠੇ ਪਰਚੇ ਦਰਜ ਕੀਤੇ ਹਨ। ਉਨ੍ਹਾਂ ਕਿਹਾ ਕਿ ਹੁਣ ਲੋਕ ਬਾਦਲ ਦੇ ਅਸਲ ਚਿਹਰੇ ਨੂੰ ਪਛਾਣ ਚੁੱਕੇ ਹਨ ਅਤੇ ਆਉਣ ਵਾਲੀਆਂ ਚੋਣਾਂ ਵਿਚ ਇਸ ਦਾ ਡਟ ਕੇ ਜਵਾਬ ਦੇਣਗੇ। ਇਸ ਮੌਕੇ ਬੋਲਦਿਆਂ ਦਰਸ਼ਨ ਸਿੰਘ ਬਰਾੜ ਨੇ ਕਿਹਾ ਕਿ ਜਿਸ ਤਰ੍ਹਾਂ ਪੰਚਾਇਤੀ ਚੋਣਾਂ ਸਮੇਂ ਇਨ੍ਹਾਂ ਨੇ ਧਾਂਦਲੀਆਂ ਕਰਕੇ ਆਪਣੀ ਮਨਮਰਜ਼ੀ ਦੇ ਪੰਚ ਸਰਪੰਚ ਬਣਾਏ ਹਨ, ਕਾਂਗਰਸੀ ਸਰਕਾਰ ਆਉਣ 'ਤੇ ਅਸੀਂ ਵੀ ਘਰੇ ਬੈਠ ਕੇ ਪੰਚ-ਸਰਪੰਚ ਬਣਾਵਾਂਗੇ ਅਤੇ ਇਨ੍ਹਾਂ 'ਤੇ ਪਰਚੇ ਦਰਜ ਕਰਵਾਂਵਾਂਗੇ

ਭਾਰਤੀ ਕਿਸਾਨ ਯੂਨੀਅਨ ਵਲੋਂ ਕੀਤੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਜਮੇਰ ਸਿੰਘ ਲੱਖੋਵਾਲ ਨੇ ਕਿਹਾ ਕਿ ਕਿਸਾਨਾਂ ਦੀ ਮਾੜੀ ਹਾਲਤ ਲਈ ਕੇਂਦਰ ਸਰਕਾਰ ਜ਼ਿੰਮੇਵਾਰ ਹੈ, ਕਿਉਂਕਿ ਇਹ ਫ਼ਸਲਾਂ ਦੇ ਭਾਅ ਨਿਰਧਾਰਤ ਕਰਨ ਸਬੰਧੀ ਡਾਕਟਰ ਸਵਾਮੀਨਾਥਨ ਦੀ ਰਿਪੋਰਟ ਨੂੰ ਲਾਗੂ ਨਹੀਂ ਕਰ ਰਹੀ।

ਸ਼੍ਰੋਮਣੀ ਅਕਾਲੀ ਦਲ (ਅ) ਦੀ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਮੁੜ ਕਿਹਾ ਕਿ ਖ਼ਾਲਿਸਤਾਨ ਦੀ ਸਥਾਪਨਾ ਹੀ ਸਿੱਖੀ ਦੀ ਹੋਂਦ ਨੂੰ ਬਚਾਉਣ ਦਾ ਇਕੋ-ਇਕ ਹੱਲ ਹੈ। ਜਦੋਂ ਤਕ ਖ਼ਾਲਿਸਤਾਨ ਨਹੀਂ ਬਣ ਜਾਂਦਾ, ਉਦੋਂ ਤਕ ਸਿੱਖੀ ਦੀ ਹੋਂਦ ਨੂੰ ਬਚਾ ਕੇ ਰਖਣਾ ਵੀ ਔਖਾ ਹੋ ਗਿਆ ਹੈ। ਅਨੇਕਾਂ ਸਿੱਖ ਵਿਰੋਧੀ ਤਾਕਤਾਂ ਸਿੱਖੀ ਨੂੰ ਖ਼ਤਮ ਕਰਨ ਦੀਆਂ ਸਾਜ਼ਸ਼ਾਂ ਤਿਆਰ ਕਰਨ ਵਿਚ ਲਗੀਆਂ ਹੋਈਆਂ ਹਨ। ਸ. ਮਾਨ ਨੇ ਕਿਹਾ ਕਿ ਬਾਦਲ ਆਰ.ਐਸ.ਐਸ. ਅਤੇ ਭਾਜਪਾ ਦੇ ਹੇਠਾਂ ਲਗਿਆ ਹੋਇਆ ਹੈ।

## ਅਮਰਿੰਦਰ ਨੂੰ ਕੇਂਦਰੀ ਰਾਜਨੀਤੀ ਵਿਚ ਜਾਣ ਦੀ ਸਲਾਹ



**ਤਪਾ ਮੰਡੀ :** ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਤੇ ਸਾਬਕਾ ਮੁੱਖ ਮੰਤਰੀ ਪੰਜਾਬ ਰਜਿੰਦਰ ਕੌਰ ਭੱਠਲ ਨੇ ਇੱਥੇ ਰਾਇਲ ਪੈਲੇਸ ਵਿਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਦੇਸ਼ ਵਿਚ ਕਾਂਗਰਸ ਪਾਰਟੀ ਸਭ ਤੋਂ ਵੱਡੀ ਪਾਰਟੀ ਹੈ । ਦੇਸ਼ ਅਤੇ ਪਾਰਟੀ ਦੀ ਅੰਦਰੂਨੀ ਜਮਹੂਰੀਅਤ ਨੂੰ ਮਜ਼ਬੂਤ ਕਰਕੇ ਭਾਰਤ ਦੀ ਜਨਤਾ ਦੀ ਕਾਂਗਰਸ ਵੱਡਮੁਲੀ ਸੇਵਾ ਕਰਨ ਲਈ ਦ੍ਰਿੜ ਸੰਕਲਪ ਹੈ। ਭੱਠਲ ਨੇ ਕਿਹਾ ਕਿ ਕਾਂਗਰਸ ਨੇ ਇਸ ਦਿਸ਼ਾ ਵਿਚ ਮਜ਼ਬੂਤ ਕਦਮ ਪੁੱਟਦਿਆਂ ਪਹਿਲਾਂ ਪੰਜਾਬ ਦੇ ਪ੍ਰਧਾਨ ਦੀ ਜਮਹੂਰੀ ਢੰਗ ਨਾਲ ਚੋਣ ਕਰਕੇ ਕਾਂਗਰਸ ਦੀ ਅੰਦਰੂਨੀ ਜਮਹੂਰੀਅਤ ਨੂੰ ਮਜ਼ਬੂਤ ਕਰਨ ਲਈ ਕਦਮ ਪੁੱਟ ਰਹੀ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੁਹਾਨੂੰ ਕੇਂਦਰ ਵਿਚ ਜਾਣ ਦੀ ਸਲਾਹ ਦੇ ਰਹੇ ਹਨ ਤਾਂ ਉਨ੍ਹਾਂ ਕਿਹਾ ਕਿ ਇਹ ਚੰਗੀ ਗੱਲ ਹੈ ਉਹ ਮੇਰੀ ਲਿਆਕਤ ਦੀ ਤਾਰੀਫ ਕਰਦੇ ਹੋਏ ਅਜਿਹਾ ਕਰਨ ਦੀ ਸਲਾਹ ਦੇ ਰਹੇ ਹਨ, ਪਰ ਮੈਂ ਸਮਝਦੀ ਹਾਂ ਕਿ ਕੈਪਟਨ ਸਾਹਿਬ ਵੀ ਇਕ ਪ੍ਰੌੜ ਸਿਆਸਤਦਾਨ ਹਨ। ਇਸ ਲਈ ਉਹ ਕੇਂਦਰੀ ਲੀਡਰਸ਼ਿਪ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਤਾਂ ਦੇਸ਼ ਅਤੇ ਪਾਰਟੀ ਦਾ ਭਲਾ ਹੋ ਸਕਦਾ ਹੈ। ਉਨ੍ਹਾਂ ਇਸ ਗੱਲ ਦਾ ਖੰਡਨ ਕੀਤਾ ਕਿ ਕਾਂਗਰਸ ਦੇ ਸੀਨੀਅਰ ਨੇਤਾ ਬੋਗਸ ਭਰਤੀ ਕਰਕੇ ਕਾਂਗਰਸ ਦੇ ਪ੍ਰਧਾਨਗੀ ਪਦ ਨੂੰ ਹਥਿਆਉਣ ਦੀ ਦੌੜ ਵਿਚ ਸ਼ਾਮਲ ਹੋਏ ਹਨ।


**ਵਧੀਆ ਭਾਅ 'ਤੇ ਭਰੋਸੇਮੰਦ ਹੈਲਥ ਤੇ ਲਾਈਫ ਇੰਸ਼ੋਰੈਂਸ ਲੈਣ ਲਈ ਮੇਰੇ ਨਾਲ ਸੰਪਰਕ ਕਰੋ।**



**ਜਗਰੂਪ ਸਿੰਘ ਤੱਖਰ**
**ਫੋਨ:209-485-1521**

**Get affordable coverage with the benefits you're looking for, including 5 doctor visits before your deductible is met, rates starting as low as $66* generic and brand-name prescription drugs, lower out-of-pocket costs when using network providers, and $400, $900 & $2,900-deductible options. Ideal for individuals & families.**

**Jagroop Singh Takhar**
**786 Empress Road,**
**Modesto, CA 95350**
**(209) 485-1521**
**jagroop209@aol.com**
Health plans and insurance
California license No. 0D95393

Authorized Broker
blue of california
Blue Shield of California Life & Health Insurance Company

**Vital Shield Plus 2900 Generic Rx**

| Age Range | Individual | Individual & Spouse | Family |
|---|---|---|---|
| Under 1 | $121 | N/A | N/A |
| 1 to 18 | $54 | N/A | N/A |
| 19 to 29 | $66 | $151 | $270 |
| 30 to 34 | $72 | $176 | $297 |
| 35 to 39 | $88 | $226 | $342 |
| 40 to 44 | $113 | $301 | $409 |
| 45 to 49 | $149 | $389 | $486 |
| 50 to 54 | $202 | $489 | $568 |
| 55 to 59 | $275 | $618 | $684 |
| 60 to 64 | $405 | $776 | $848 |

An independent Licensee of the Blue Shield Association A36145(1/09)

**Call me now to learn more about Blue Shield plans**

*Featured monthly rates are for individual males ages 19 to 29 in Alpine, Butte, Colusa, Del Norte, Humboldt, Imperial, Inyo, Kern, Kings, Madera, Mendocino, Plumas, San Benito, San Joaquin, San Luis, Obispo, Santa Barbara, Siskiyou, Sonoma, Stanislaus and Trinity Counties. The rates shown are for people in good health. Other rates may apply. Vital Shield Plans are underwritten by Blue Shield of California Life & Health Insurance Company (Blue Shield Life) and do not include maternity benefits. Rates are effective July 1, 2009.



**Real Estate & Loans Under One Roof**

***Call:Sam Chahal Tel: 916-612-5773***

***For Buying and Selling Residential, Commercial property and for Loans in Sacramento area***

**Multi-Million Dollars Producer-2007-08**



**Sam (Sohanpreet)Chahal**
CA Lic. 01504071
**Realtor/Notary Public**
e-mail:sam@jassigill.com

**Reo-Bankowned Properties**
**Serving from Bay Area to Sacramento**

**Short Sale Specialist**

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।

*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।

*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

**We Help You Buy/Sell Business & Homes**

**Call Master of Winners in Multiple Offers**

**ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।**

**Golden State Realty**

**Sacramento Office: 8695 Territorial Way, Elk Grove CA 95624**
**Tel: 916-612-5773 Fax: 916-689-5707**

# ਆਸਟਰੇਲੀਆ 'ਚ ਭਾਰਤੀਆਂ 'ਤੇ ਹਮਲੇ ਜਾਰੀ, ਅਦਾਲਤ ਵਲੋਂ ਕਾਰਵਾਈ

**ਪੰਜਾਬ ਟਾਈਮਜ਼ ਬਿਊਰੋ**

**ਮੈਲਬੋਰਨ:** ਅਸਟਰੇਲੀਆ ਵਿਚ ਭਾਰਤੀ ਟੈਕਸੀ ਚਾਲਕਾਂ 'ਤੇ ਹਮਲਿਆਂ ਦਾ ਸਿਲਸਲਾ ਜਾਰੀ ਹੈ। ਇਸ ਦੌਰਾਨ ਵਿਕਟੋਰੀਆ ਵਿਚ ਇਕ ਭਾਰਤੀ ਟੈਕਸੀ ਚਾਲਕ 'ਤੇ ਹਮਲੇ ਸੰਬੰਧੀ ਦੋ ਆਸਟ੍ਰੇਲੀਆਈ ਸ਼ਹਿਰੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ 'ਤੇ ਲੁੱਟਮਾਰ ਅਤੇ ਹਮਲੇ ਸੰਬੰਧੀ ਅਪਰਾਧ ਦੇ ਦੋਸ਼ ਲਾਏ ਗਏ ਹਨ।

ਬੀਤੇ ਕੁਝ ਦਿਨਾਂ ਵਿਚ ਕਿਸੇ ਭਾਰਤੀ ਟੈਕਸੀ ਚਾਲਕ 'ਤੇ ਹਮਲੇ ਦੀ ਇਹ ਚੌਥੀ ਘਟਨਾ ਹੈ। ਘਟਨਾ ਬੀਤੇ ਹਫਤੇ ਸ਼ੁੱਕਰਵਾਰ ਰਾਤ ਦੇਰ ਗਏ ਦੀ ਹੈ। 23 ਸਾਲਾ ਇਕ ਭਾਰਤੀ ਟੈਕਸੀ ਚਾਲਕ ਨੇ ਦੋ ਵਿਅਕਤੀਆਂ ਨੂੰ ਆਪਣੀ ਟੈਕਸੀ ਵਿਚ ਬਿਠਾਇਆ। ਕੁਝ ਦੇਰ ਬਾਅਦ ਟੈਕਸੀ ਵਿਚ ਬੈਠੇ ਦੋਹਾਂ ਮੁਸਾਫਰਾਂ ਨੇ ਉਸ 'ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਉਸ ਨੂੰ ਸੱਟਾਂ ਲੱਗੀਆਂ ਅਤੇ ਸਿਰ 'ਚ ਸੋਜ ਆ ਗਈ। ਪੁਲਸ ਮੁਤਾਬਕ ਭਾਰਤੀ ਟੈਕਸੀ ਚਾਲਕ ਦਾ ਮੌਕੇ 'ਤੇ ਹੀ ਇਲਾਜ ਕੀਤਾ ਗਿਆ, ਜਿਸ ਕਾਰਨ ਉਸ ਨੂੰ ਹਸਪਤਾਲ ਦਾਖਲ ਕਰਵਾਉਣ ਦੀ ਲੋੜ ਨਹੀਂ ਪਈ। ਦੋਹਾਂ ਹਮਲਾਵਰਾਂ ਨੂੰ ਗ੍ਰਿਫਤਾਰ ਕਰਨ ਪਿੱਛੋਂ ਪੁਲਸ ਹਿਰਾਸਤ ਵਿਚ ਭੇਜ ਦਿੱਤਾ ਗਿਆ। ਇਥੋਂ ਦੀਆਂ ਅਖਬਾਰਾਂ ਵਿਚ ਬੀਤੇ ਸੋਮਵਾਰ ਛਪੀ ਖਬਰ ਮੁਤਾਬਕ ਪੁਲਸ ਨੇ ਕਿਹਾ ਹੈ ਕਿ ਇਹ ਹਮਲਾ ਪਹਿਲਾਂ ਤੋਂ ਹੀ ਬਣਾਈ ਗਈ ਯੋਜਨਾ ਦਾ ਇਕ ਹਿੱਸਾ ਸੀ।

ਆਸਟ੍ਰੇਲੀਆ ਵਿਚ ਇਕ ਹੋਰ ਘਟਨਾ ਦੌਰਾਨ ਇਕ ਭਾਰਤੀ ਟੈਕਸੀ ਚਾਲਕ 'ਤੇ ਹਮਲਾ ਕਰਨ ਅਤੇ ਉਸ ਪ੍ਰਤੀ ਇਤਰਾਜ਼ਯੋਗ ਸ਼ਬਦਾਵਲੀ ਵਰਤਣ ਦੇ ਦੋਸ਼ ਹੇਠ ਇਕ ਵਿਅਕਤੀ ਨੂੰ ਤਿੰਨ ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਵਿਅਕਤੀ ਨੇ ਆਪਣਾ ਅਪਰਾਧ ਮੰਨ ਲਿਆ ਸੀ। ਪੁਲਸ ਸੂਤਰਾਂ ਮੁਤਾਬਕ ਇਸ ਟੈਕਸੀ ਚਾਲਕ 'ਤੇ ਵੀ ਪਹਿਲਾਂ ਤੋਂ ਬਣਾਈ ਗਈ ਯੋਜਨਾ ਅਧੀਨ ਹਮਲਾ ਕੀਤਾ ਗਿਆ ਸੀ।

ਉਧਰ ਆਸਟ੍ਰੇਲੀਆ ਵਿਚ ਭਾਰਤੀ ਹਾਈ ਕਮਿਸ਼ਨਰ ਸੁਜਾਤਾ ਸਿੰਘ ਨੇ ਉਸ ਗੁਰਦੁਆਰੇ ਦਾ ਮੁਆਇਨਾ ਕੀਤਾ ਹੈ, ਜਿਥੇ ਬੀਤੇ ਦਿਨੀਂ ਹਮਲਾ ਕੀਤਾ ਗਿਆ ਸੀ। ਆਸਟਰੇਲੀਆ ਦੀ ਇੱਕ ਅਦਾਲਤ ਨੇ ਤੁਰੰਤ ਕਾਰਵਾਈ ਕਰਦਿਆਂ ਬੀਤੇ ਦਿਨੀਂ ਇਕ ਹੋਰ ਭਾਰਤੀ ਟੈਕਸੀ ਡਰਾਇਵਰ 'ਤੇ ਹਮਲਾ ਕਰਨ ਵਾਲੇ ਆਸਟਰੇਲੀਆਈ ਨਾਗਰਿਕ ਨੂੰ 3 ਮਹੀਨੇ ਕੈਦ ਦੀ ਸਜ਼ਾ ਸੁਣਾਈ ਹੈ। ਜ਼ਿਕਰਯੋਗ ਹੈ ਕਿ ਆਸਟਰੇਲੀਆਈ ਅਦਾਲਤ ਨੇ ਫੁਰਤੀ ਵਿਖਾਉਂਦਿਆਂ ਇਹ ਫੈਸਲਾ ਕੁਝ ਘੰਟਿਆਂ ਦੌਰਾਨ ਹੀ ਸੁਣਾ ਦਿੱਤਾ।

ਦੱਸਣਯੋਗ ਹੈ ਕਿ ਬੈਲਾਰਟ, ਪੱਛਮੀ ਵਿਕਟੋਰੀਆ ਦੇ ਪਾਲ ਜਾਨ ਬਰੋਗਡਨ (48) ਨੇ ਰਾਤ ਵੇਲੇ ਸ਼ਰਾਬ ਦੇ ਨਸ਼ੇ ਵਿਚ ਧੁੱਤ ਹੋ ਕੇ ਭਾਰਤੀ ਟੈਕਸੀ ਡਰਾਇਵਰ ਸਤੀਸ਼ ਥਾਤੀਪਾਮੁਲਾ (24) ਨੂੰ ਮੰਦਾ ਬੋਲਣ ਤੋਂ ਬਾਅਦ ਉਸ 'ਤੇ ਹਮਲਾ ਕਰ ਦਿੱਤਾ ਸੀ। ਆਸਟਰੇਲੀਆਈ ਨਾਗਰਿਕ ਨੇ ਉਸ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੰਦਿਆਂ, ਉਸ ਦੀ ਟੈਕਸੀ ਦੀ ਭੰਨ-ਤੋੜ ਵੀ ਕੀਤੀ। ਇਸ ਮਾਮਲੇ 'ਚ ਪੁਲਿਸ ਨੇ ਬੀਤੀ 14 ਜਨਵਰੀ ਨੂੰ ਸਵੇਰੇ ਹੀ ਬਰੋਗਡਨ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿਚ ਪੇਸ਼ ਕੀਤਾ, ਜਿੱਥੇ ਘਟਨਾ ਦੇ ਕੁਝ ਘੰਟਿਆਂ ਬਾਅਦ ਹੀ ਉਸ ਨੂੰ 3 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ। ਭਾਰਤੀ ਨਾਗਰਿਕ ਦੀ ਕੁੱਟਮਾਰ ਕਰਨ ਵਾਲੇ ਆਸਟਰੇਲੀਆਈ ਬਰੋਗਡਨ ਦਾ ਕਹਿਣਾ ਸੀ ਕਿ ਭਾਰਤੀ ਟੈਕਸੀ ਡਰਾਇਵਰ ਉਸ ਨੂੰ ਗਲਤ ਰਸਤੇ ਲੈ ਗਿਆ ਸੀ।

ਇਸ ਮਾਮਲੇ ਵਿਚ ਆਸਟਰੇਲੀਆਈ ਨਾਗਰਿਕ ਨੂੰ ਕੈਦ ਦੀ ਸਜ਼ਾ ਸਣਾਉਂਦਿਆਂ ਮੈਜਿਸਟਰੇਟ ਨੇ ਕਿਹਾ ਕਿ ਆਸਟਰੇਲੀਆਈ ਭਾਈਚਾਰੇ ਨੂੰ ਵਧੀਆ ਸੇਵਾਵਾਂ ਦੇ ਰਹੇ ਭਾਰਤੀ ਵਿਅਕਤੀਆਂ ਖਿਲਾਫ਼ ਨਸਲਵਾਦ ਅਤੇ ਹਿੰਸਾ ਦੀਆਂ ਘਟਨਾਵਾਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ। ਅਦਾਲਤ ਵਿਚ ਦਿੱਤੇ ਗਏ ਬਿਆਨਾਂ ਅਨੁਸਾਰ ਬਰੋਗਡਨ ਨੇ ਇੱਕ ਪਾਰਟੀ ਵਿਚ ਸ਼ਾਮਲ ਹੋਣ ਤੋਂ ਬਾਅਦ ਬੀਤੀ ਰਾਤ ਸਥਾਨਕ ਸਮੇਂ ਅਨੁਸਾਰ ਤੜਕੇ 2 ਵਜੇ ਦੇ ਕਰੀਬ ਇਕ ਟੈਕਸੀ ਕਿਰਾਏ 'ਤੇ ਕੀਤੀ। ਪਾਰਟੀ ਦੌਰਾਨ ਉਸ ਨੇ ਕੁਝ ਨਸ਼ੀਲੀਆਂ ਗੋਲੀਆਂ ਵੀ ਖਾਧੀਆਂ। ਪੁਲਿਸ ਬੁਲਾਰੇ ਨੇ ਦੱਸਿਆ ਕਿ ਆਸਟਰੇਲੀਆਈ ਨਾਗਰਿਕ ਜਦੋਂ ਮੰਦਾ ਬੋਲਣ ਲੱਗਿਆ ਤਾਂ ਭਾਰਤੀ ਟੈਕਸੀ ਡਰਾਇਵਰ ਨੇ ਸਵਾ ਦੋ ਵਜੇ ਦੇ ਕਰੀਬ ਇੱਕ ਸਰਵਿਸ ਸਟੇਸ਼ਨ ਵਿਚ ਪਨਾਹ ਲਈ, ਪਰ ਸ਼ਰਾਬੀ ਆਸਟਰੇਲੀਆਈ ਨਾਗਰਿਕ ਨੇ ਉਸ ਦਾ ਪਿੱਛਾ ਕਰਦਿਆਂ ਉਸ 'ਤੇ ਹਮਲਾ ਕਰ ਦਿੱਤਾ। ਜ਼ਿਕਰਯੋਗ ਹੈ ਕਿ ਬਰੋਗਡਨ ਨੇ ਭਾਰਤੀ ਵਿਅਕਤੀ 'ਤੇ ਹਮਲਾ ਕਰਨ ਦੇ ਨਾਲ-ਨਾਲ ਸਰਵਿਸ ਸਟੇਸ਼ਨ 'ਤੇ ਪੈਟਰੋਲ ਪਾ ਰਹੇ ਇਕ ਵਿਅਕਤੀ 'ਤੇ ਵੀ ਹਮਲਾ ਕੀਤਾ।

ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਸਟਰੇਲੀਆ ਵਿਚ ਪੰਜਾਬੀ ਵਰਗ ਅਤੇ ਧਰਮ ਅਸਥਾਨਾਂ ਦੀ ਸੁਰੱਖਿਆ ਨੂੰ ਯਕੀਨੀ ਬਨਾਉਣ ਲਈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਨਿੱਜੀ ਦਖਲ ਦੀ ਮੰਗ ਕੀਤੀ ਹੈ। ਇੱਕ ਪੱਤਰ ਰਾਹੀਂ ਮੁੱਖ ਮੰਤਰੀ ਨੇ ਡਾ. ਮਨਮੋਹਨ ਸਿੰਘ ਦਾ ਧਿਆਨ ਆਸਟਰੇਲੀਆ ਵਿਚ ਮੈਲਬੌਰਨ ਵਿਖੇ 12 ਅਤੇ 13 ਜਨਵਰੀ 2010 ਦੀ ਰਾਤ ਨੂੰ ਉਸਾਰੀ ਅਧੀਨ ਗੁਰਦੁਆਰੇ ਨੂੰ ਅੱਗ ਲਗਾਉਣ ਦੀ ਘਟਨਾ ਵਲ ਦਿਵਾਉਂਦੇ ਹੋਏ ਆਸਟਰੇਲੀਆ ਵਿਚ ਪੰਜਾਬੀ ਵਰਗ ਦੇ ਮੈਂਬਰਾਂ ਵਿਰੁਧ ਨਸਲੀ ਵਿਤਕਰੇ ਸਬੰਧੀ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਆਸਟਰੇਲੀਆ ਸਰਕਾਰ ਅਤੇ ਭਾਰਤ ਵਿਚਲੇ ਆਸਟਰੇਲੀਆ ਰਾਜਦੂਤ ਵਲੋਂ ਦਿੱਤੇ ਭਰੋਸਿਆਂ ਦੇ ਬਾਵਜੂਦ ਕੋਈ ਵੀ ਸਕਾਰਾਤਮਕ ਨਤੀਜਾ ਸਾਹਮਣੇ ਨਹੀਂ ਆਇਆ, ਸਗੋਂ ਦਿਨ ਪ੍ਰਤੀ ਦਿਨ ਵਿਗੜਦੀ ਹੀ ਜਾ ਰਹੀ ਹੈ, ਜਿਸ ਨਾਲ ਪੰਜਾਬੀਆਂ ਦਰਮਿਆਨ ਅਸੁਰੱਖਿਆ ਅਤੇ ਗੁੱਸੇ ਦੀ ਲਹਿਰ ਪੈਦਾ ਹੋ ਰਹੀ ਹੈ।

ਭਾਵੇਂ ਆਸਟਰੇਲੀਆਈ ਸਰਕਾਰ ਤੇ ਨਿਆਂ-ਪਾਲਿਕਾ ਵਲੋਂ ਇੱਥੇ ਭਾਰਤੀਆਂ 'ਤੇ ਹੋ ਰਹੇ ਨਸਲੀ ਹਮਲਿਆਂ ਨੂੰ ਰੋਕਣ ਲਈ ਤੁਰੰਤ ਕਾਰਵਾਈ ਕੀਤੀ ਜਾ ਰਹੀ ਹੈ, ਪਰ ਇਸ ਦੇ ਬਾਵਜੂਦ ਇਹ ਹਮਲੇ ਰੁਕਣ ਦਾ ਨਾਂ ਨਹੀਂ ਲੈ ਰਹੇ। ਤਾਜ਼ਾ ਲੜੀ ਤਹਿਤ ਤਿੰਨ ਭਾਰਤੀਆਂ ਸਮੇਤ 6 ਦੱਖਣੀ ਏਸ਼ੀਆਈ ਨਾਗਰਿਕਾਂ ਨੂੰ ਇੱਥੋਂ ਦੇ ਸਥਾਨਕ ਵਸਨੀਕਾਂ ਨੇ ਬਾਰ ਵਿਚ ਜਾਣ ਤੋਂ ਰੋਕ ਦਿੱਤਾ। ਭਾਰਤੀ ਲੋਕ ਇਸ ਘਟਨਾ ਨੂੰ ਨਸਲੀ ਭੇਦਭਾਵ ਵਜੋਂ ਲੈ ਰਹੇ ਹਨ। ਇਸ ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਇਕ ਨੇਪਾਲੀ ਨਾਗਰਿਕ ਸੁਜਾਨ ਪਾਠਕ ਨੇ ਦੱਸਿਆ ਕਿ ਅਸੀਂ ਆਪਣੇ ਇੱਕ ਸਾਥੀ ਅਭਿਸ਼ੇਕ ਅਗਰਵਾਲ ਨੂੰ ਵਿਦਾਇਗੀ ਪਾਰਟੀ ਦੇਣ ਲਈ ਬਾਰ ਵਿਚ ਗਏ ਸੀ, ਪਰ ਉਨ੍ਹਾਂ ਨੂੰ ਬਿਨਾਂ ਕਾਰਨ ਦੱਸਿਆ ਮੈਲਬੌਰਨ ਸੈਂਟਰ ਲਾਇਨ ਬਾਰ ਹੋਟਲ ਵਿਚ ਦਾਖ਼ਲ ਹੋਣ ਤੋਂ ਰੋਕ ਦਿੱਤਾ। ਪਾਠਕ ਨੇ ਦੱਸਿਆ ਕਿ ਅਸੀਂ ਇਸ ਰੋਕ ਦਾ ਕਾਰਨ ਜਾਨਣਾ ਚਾਹਿਆ ਪਰ ਕਿਸੇ ਨੇ ਵੀ ਸਾਨੂੰ ਕੋਈ ਕਾਰਨ ਨਹੀਂ ਦੱਸਿਆ। ਹੋਰ ਤਾਂ ਹੋਰ ਪੁਲਿਸ ਨੇ ਵੀ ਇਸ ਮਾਮਲੇ ਵਿਚ ਸਾਡੀ ਕੋਈ ਮਦਦ ਨਹੀਂ ਕੀਤੀ। ਜ਼ਿਕਰਯੋਗ ਹੈ ਕਿ ਇਥੇ ਸਾਰੇ ਬਾਰਾਂ ਦੇ ਬਾਹਰ ਕਿਸੇ ਨੂੰ ਵੀ ਬਿਨਾਂ ਕਾਰਨ ਦੱਸੇ ਰੋਕਣ ਦੀ ਗੱਲ ਲਿਖੀ ਹੋਈ ਹੈ। ਇਸੇ ਤਰ੍ਹਾਂ ਭਾਰਤੀ ਨਾਗਰਿਕ ਸ੍ਰੀ ਅਗਰਵਾਲ ਨੇ ਦੱਸਿਆ ਕਿ ਘਟਨਾ ਵੇਲੇ ਸਾਡੇ ਕੋਲ ਉਮਰ ਦਾ ਸਬੂਤ ਸੀ ਤੇ ਅਸੀਂ ਠੀਕ-ਠਾਕ ਕੱਪੜੇ ਵੀ ਪਾਏ ਹੋਏ ਸਨ। ਉਨ੍ਹਾਂ ਕਿਹਾ ਕਿ 10 ਮਿੰਟ ਤੱਕ ਇੰਤਜ਼ਾਰ ਕਰਨ ਤੋਂ ਬਾਅਦ ਵੀ ਸਾਨੂੰ ਅੰਦਰ ਨਹੀਂ ਜਾਣ ਦਿੱਤਾ ਗਿਆ, ਜਿਸ ਤੋਂ ਬਾਅਦ ਅਸੀਂ ਪੁਲਿਸ ਨੂੰ ਸਾਰੀ ਜਾਣਕਾਰੀ ਦਿੱਤੀ, ਉਸ ਸਮੇਂ ਪੁਲਿਸ ਨੇ ਸਾਨੂੰ 20 ਮਿੰਟ 'ਚ ਆਉਣ ਦਾ ਭਰੋਸਾ ਦਿੱਤਾ, ਪਰ ਕੁਝ ਮਿੰਟ ਵਿਚ ਬਾਅਦ ਦੋਬਾਰਾ ਪੁਲਿਸ ਦੀ ਕਾਲ ਆਈ ਤਾਂ ਉਨ੍ਹਾਂ ਘਟਨਾ ਦਾ ਵੇਰਵਾ ਮੰਗਿਆ। ਸਾਡੀ ਗੱਲਬਾਤ ਸੁਣਨ ਤੋਂ ਬਾਅਦ ਉਨ੍ਹਾਂ ਕਿਹਾ ਕਿ ਇਹ ਨਸਲ ਭੇਦ ਦਾ ਮਾਮਲਾ ਨਹੀਂ ਹੈ ਤੇ ਅਸੀਂ ਨਹੀਂ ਆ ਸਕਦੇ। ਸ੍ਰੀ ਅਗਰਵਾਲ ਨੇ ਕਿਹਾ ਕਿ ਪੁਲਿਸ ਮੁਲਾਜ਼ਮਾਂ ਨੇ ਸਾਨੂੰ ਇੱਥੇ ਤੱਕ ਕਿਹਾ ਕਿ ਜੇਕਰ ਤੁਹਾਨੂੰ ਇਸ ਬਾਰ ਵਿੱਚ ਜਾਣ ਦੀ ਇਜਾਜ਼ਤ ਨਹੀਂ ਮਿਲਦੀ ਤਾਂ ਤੁਸੀਂ ਦੂਜੀ ਬਾਰ ਵਿਚ ਚਲੇ ਜਾਵੋ।

# ਮਲੇਸ਼ੀਆ 'ਚ ਇਕ ਗੁਰਦੁਆਰੇ 'ਤੇ ਪਥਰਾਅ

**ਕੁਆਲਾਲੰਪੁਰ:** ਕੁਝ ਅਣਪਛਾਤੇ ਵਿਅਕਤੀਆਂ ਨੇ ਇੱਥੇ ਸਥਿਤ ਇਕ ਗੁਰਦੁਆਰੇ 'ਤੇ ਪਥਰਾਅ ਕਰਕੇ ਇਮਾਰਤ ਦੀ ਸਾਹਮਣੇ ਵਾਲੀ ਇੱਕ ਖਿੜਕੀ ਨੂੰ ਤੋੜ ਦਿੱਤਾ, ਜਿਸ ਕਾਰਨ ਇਥੇ ਗਿਰਜਾਘਰਾਂ 'ਤੇ ਹੋ ਰਹੇ ਹਮਲਿਆਂ ਦੇ ਚਲਦਿਆਂ ਤਣਾਅ ਹੋਰ ਵਧ ਗਿਆ ਹੈ। ਪੁਲਿਸ ਨੇ ਇਸ ਘਟਨਾ ਨੂੰ ਸ਼ਰਾਰਤੀ ਤੱਤਾਂ ਦਾ ਕਾਰਾ ਦੱਸਦਿਆਂ ਕਿਹਾ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਅਨੁਸਾਰ ਇਸ ਗੁਰਦੁਆਰੇ 'ਤੇ ਬੀਤੀ 12 ਜਨਵਰੀ ਸ਼ਾਮ ਕਰੀਬ 6 ਵਜ ਕੇ 45 ਮਿੰਟ 'ਤੇ ਪਥਰਾਅ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਹਮਲੇ ਸਮੇਂ ਗੁਰਦੁਆਰਾ ਸਾਹਿਬ ਵਿਚ ਕਈ ਸ਼ਰਧਾਲੂ ਮੌਜੂਦ ਸਨ ਪਰ ਇਸ ਹਮਲੇ ਵਿਚ ਕੋਈ ਵੀ ਵਿਅਕਤੀ ਜ਼ਖ਼ਮੀ ਨਹੀਂ ਹੋਇਆ। ਪੁਲਿਸ ਅਨੁਸਾਰ ਗੁਰਦੁਆਰੇ ਦੇ ਨੇੜੇ ਹੀ ਸਥਿਤ ਦੂਰਸੰਚਾਰ ਦੀ ਇਕ ਇਮਾਰਤ 'ਤੇ ਵੀ ਪਥਰਾਅ ਕੀਤਾ ਗਿਆ। ਸਥਾਨਕ ਦੈਨਿਕ ਸਟ੍ਰੇਟ ਟਾਈਮਜ਼ 'ਚ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਦਿਆਲ ਸਿੰਘ ਦੇ ਹਵਾਲੇ ਅਨੁਸਾਰ ਕਿਹਾ ਗਿਆ ਹੈ ਕਿ ਗੁਰਦੁਆਰੇ ਅੰਦਰ ਮੌਜੂਦ ਸ਼ਰਧਾਲੂਆਂ ਨੇ ਕੁਝ ਆਵਾਜ਼ਾਂ ਸੁਣੀਆਂ ਅਤੇ ਜਦੋਂ ਬਾਹਰ ਆ ਕੇ ਦੇਖਿਆ ਤਾਂ ਉਥੇ ਕੋਈ ਵੀ ਮੌਜੂਦ ਨਹੀਂ ਸੀ। ਇਸ ਉਪਰੰਤ ਸ਼ਰਧਾਲੂਆਂ ਨੇ ਪੁਲਿਸ ਨੂੰ ਸੂਚਿਤ ਕੀਤਾ। ਸ਼ਹਿਰ ਦੇ ਪੁਲਿਸ ਮੁਖੀ ਉਪ ਕਮਾਂਡਰ ਸੇਬਤੂ ਉਸਮਾਨ ਨੇ ਦੱਸਿਆ ਕਿ ਇਹ ਕਾਰਾ ਸ਼ਰਾਰਤੀ ਤੱਤਾਂ ਦਾ ਹੈ। ਦੱਸਣਾ ਬਣਦਾ ਹੈ ਕਿ ਗੁਰਦੁਆਰੇ 'ਤੇ ਹੋਏ ਹਮਲੇ ਦੀ ਜਾਂਚ ਕਾਨੂੰਨ ਦੀ ਧਾਰਾ 295 ਤਹਿਤ ਕੀਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਮਲੇਸ਼ੀਆ ਵਿਚ ਚੀਨੀ ਮੂਲ ਦੇ ਲੋਕਾਂ ਦੀ ਗਿਣਤੀ 25 ਫੀਸਦੀ ਅਤੇ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ 10 ਫੀਸਦੀ ਹੈ। ਸਿੱਖ ਭਾਰਤੀ ਮੂਲ ਦੇ ਹਨ ਅਤੇ ਉਨ੍ਹਾਂ ਦੀ ਗਿਣਤੀ ਮਲੇਸ਼ੀਆ ਵਿਚ ਕਰੀਬ 1 ਲੱਖ 20 ਹਜ਼ਾਰ ਦੇ ਕਰੀਬ ਹੈ।

**ਇਟਲੀ 'ਚ ਵੀ ਨਸਲੀ ਭੇਦ-ਭਾਵ ਕਾਰਨ ਹੋਈ ਖਿੱਚ ਧੂਹ:** ਇਟਲੀ ਦੇ ਸ਼ਹਿਰ ਰਿਜੋਕਲਾਵਰੀਆ ਨਾਂ ਦੇ ਇੱਕ ਕਸਬੇ ਰੋਸਾਨੋ ਵਿਚ ਨਸਲੀ ਭਿੰਨ ਭੇਦ ਕਾਰਨ ਇਟਾਲੀਅਨ ਲੋਕਾਂ ਨੇ ਕਰੀਬ 1300 ਦੇ ਕਰੀਬ ਵਿਦੇਸ਼ੀਆਂ ਨੂੰ ਰੋਸਾਨੋ ਤੋਂ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਵਿਦੇਸ਼ੀਆਂ ਅਤੇ ਇਟਾਲੀਅਨ ਲੋਕਾਂ ਵਿਚ ਕਾਫ਼ੀ ਖਿੱਚੋ-ਧੂਹ ਹੋਈ। ਇਟਲੀ ਦੀ ਨਾਮਵਰ ਨਿਊਜ਼ ਏਜੰਸੀ 'ਆਨਸਾ' ਦੀ ਰਿਪੋਰਟ ਅਨੁਸਾਰ ਇਸ ਨਸਲੀ ਭਿੰਨ-ਭੇਦ ਦੀ ਲੜਾਈ ਵਿਚ ਲਗਭਗ 66 ਵਿਅਕਤੀ ਗੰਭੀਰ ਜ਼ਖ਼ਮੀ ਹੋਏ, ਜਿਨ੍ਹਾਂ ਵਿਚ 33 ਜ਼ਖ਼ਮੀ ਵਿਦੇਸ਼ੀ ਦੱਸੇ ਜਾਂਦੇ ਹਨ। ਰੋਸਾਨੋ ਕਸਬੇ ਵਿਚ ਜ਼ਿਆਦਾਤਰ ਅਫ਼ਰੀਕੀ ਮੂਲ ਦੇ ਕਾਲੇ ਵਿਦੇਸ਼ੀ ਆਪਣਾ ਰਹਿਣ ਬਸੇਰਾ ਕਰਦੇ ਸਨ। ਇਸ ਨਸਲੀ ਭਿੰਨ-ਭੇਦ ਦੀ ਲੜਾਈ ਵਿਚ ਇਟਾਲੀਅਨ ਸਰਕਾਰ ਨੇ ਤੁਰੰਤ ਕਾਰਵਾਈ ਕਰਦਿਆਂ 1300 ਵਿਦੇਸ਼ੀਆਂ ਦੇ ਰਹਿਣ ਦਾ ਬੇਸ਼ੱਕ ਬਦਲਵਾਂ ਪ੍ਰਬੰਧਕ ਕਰ ਦਿੱਤਾ ਹੈ, ਪਰ ਇਟਾਲੀਅਨ ਲੋਕਾਂ ਦੇ ਅਜਿਹੇ ਗੁੱਸੇ ਭਰੇ ਵਤੀਰੇ ਤੋਂ ਹੋਰ ਦੇਸ਼ ਦੰਗ ਰਹਿ ਗਏ ਹਨ। ਇਟਲੀ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਸਵੈ-ਰੁਜ਼ਗਾਰੀ ਪ੍ਰਦੇਸ਼ੀਆਂ ਨੂੰ ਨਸਲੀ ਭਿੰਨ-ਭੇਦ ਕਾਰਨ ਸ਼ਹਿਰ ਤੋਂ ਬਾਹਰ ਕੱਢਣ ਲਈ ਕਿਸੇ ਇਟਾਲੀਅਨ ਇਕੱਠ ਨੇ ਅਜਿਹੀ ਨਿੰਦਾਯੋਗ ਕਾਰਵਾਈ ਕੀਤੀ ਹੋਵੇ।

ਇਟਲੀ ਦੇ ਪ੍ਰਦੇਸੀਆਂ ਤੇ ਇਟਾਲੀਅਨ ਮਜ਼ਦੂਰਾਂ ਦੀ ਜਥੇਬੰਦੀ ਸੀਜ਼ਨ ਦੇ ਜਨਰਲ ਸਕੱਤਰ ਸ੍ਰੀ ਰਾਫੈਲੇ ਨੇ ਇਸ ਨੂੰ ਇਟਲੀ ਦੇ ਇਤਿਹਾਸ ਵਿਚ ਵਿਦੇਸ਼ੀਆਂ ਪ੍ਰਤੀ ਇੱਕ ਕਾਲੇ ਪੰਨੇ ਦਾ ਨਾਮ ਦਿੱਤਾ ਹੈ, ਜਿਸ ਲਈ ਇਟਾਲੀਅਨ ਸਰਕਾਰ ਪੂਰੀ ਤਰ੍ਹਾਂ ਕਸੂਰਵਾਰ ਹੈ।

# ਸੰਤ ਭਿੰਡਰਾਂਵਾਲਿਆਂ ਨੂੰ ਲਾਦੇਨ ਵਾਂਗ ਦਿਖਾਇਆ

**ਲੰਡਨ:** 1984 ਵਿਚ ਵਾਪਰੇ ਸਾਕਾ ਨੀਲਾ ਤਾਰਾ ਬਾਰੇ ਬੀ.ਬੀ.ਸੀ. ਦੀ ਵਿਵਾਦਤ ਫ਼ਿਲਮ ਜਿਸ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਓਸਾਮਾ ਬਿਨ ਲਾਦੇਨ ਵਰਗਾ ਦਿਖਾਇਆ ਗਿਆ ਹੈ, ਨੇ ਬਰਤਾਨੀਆ ਸਣੇ ਵਿਸ਼ਵ ਭਰ ਦੇ ਸਿੱਖਾਂ ਵਿਚ ਰੋਹ ਦੀ ਲਹਿਰ ਪੈਦਾ ਕਰ ਦਿਤੀ ਹੈ। ਦਸਤਾਵੇਜ਼ੀ ਫ਼ਿਲਮ '1984-ਏ ਸਿੱਖ ਸਟੋਰੀ' ਦੀ ਸਿੱਖਾਂ ਨੇ ਤਿੱਖੀ ਨਿਖੇਧੀ ਕੀਤੀ ਹੈ। ਸਿੱਖਾਂ ਦਾ ਕਹਿਣਾ ਹੈ ਕਿ ਫ਼ਿਲਮ ਵਿਚ ਹੋਰ ਕੁੱਝ ਨਹੀਂ ਬਸ ਸਿਰਫ਼ ਸੰਤ ਭਿੰਡਰਾਂਵਾਲਿਆਂ ਉਪਰ ਤੁਹਮਤ ਲਗਾਈ ਗਈ ਹੈ।

ਗੁਰਦਵਾਰਿਆਂ ਦੀ ਕੌਂਸਲ ਦੇ ਚੇਅਰਮੈਨ ਡਾ. ਸਾਧੂ ਸਿੰਘ ਨੇ ਕਿਹਾ ਕਿ ਬੀ.ਬੀ.ਸੀ. ਦੀ ਇਹ ਫ਼ਿਲਮ ਦੇਖ ਕੇ ਸਿੱਖਾਂ ਵਿਚ ਸਖ਼ਤ ਨਾਰਾਜ਼ਗੀ ਫੈਲ ਗਈ ਹੈ। ਉਨ੍ਹਾਂ ਨੇ ਫ਼ਿਲਮ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਹੱਥ ਵਿਚ ਬੰਦੂਕ ਫੜੀ ਦਿਖਾਇਆ ਹੈ। ਜਿਹੜੇ ਲੋਕ ਸਿੱਖ ਧਰਮ ਬਾਰੇ ਨਹੀਂ ਜਾਣਦੇ, ਉਨ੍ਹਾਂ ਬਾਰੇ ਇਹ ਤਸਵੀਰਾਂ ਗੁਮਰਾਹਕੁਨ ਸਾਬਤ ਹੋ ਸਕਦੀਆਂ ਹਨ। ਡਾ. ਸਾਧੂ ਸਿੰਘ ਨੇ ਕਿਹਾ ਕਿ ਅਮਰੀਕਾ ਉਪਰ ਹੋਏ 9/11 ਦੇ ਹੋਏ ਹਮਲੇ ਤੋਂ ਬਾਅਦ ਵਿਸ਼ਵ ਵਿਚ ਕਈ ਥਾਵਾਂ 'ਤੇ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਪਰ ਸਿੱਖਾਂ ਦਾ ਓਸਾਮਾ ਬਿਨ ਲਾਦੇਨ ਨਾਲ ਕੋਈ ਲੈਣਾ-ਦੇਣਾ ਨਹੀਂ। ਦਸਣਯੋਗ ਹੈ ਕਿ ਇਹ ਫ਼ਿਲਮ ਸੋਨੀਆ ਦਿਉਲ ਨਾਂ ਦੀ ਸਿੱਖ ਬੀਬੀ ਨੇ ਬੀ.ਬੀ.ਸੀ. ਲਈ ਬਣਾਈ ਹੈ।

# ਗੁਰਦੁਆਰਿਆਂ 'ਤੇ ਹਮਲੇ ਦਾ ਮੱਕੜ ਵਲੋਂ ਨੋਟਿਸ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਆਸਟ੍ਰੇਲੀਆ ਦੇ ਸ਼ਹਿਰ ਮੈਲਬੋਰਨ 'ਚ ਇਕ ਗੁਰਦੁਆਰੇ ਨੂੰ ਅੱਗ ਲਗਾਏ ਜਾਣ ਤੇ ਮਲੇਸ਼ੀਆ ਦੀ ਰਾਜਧਾਨੀ ਕੁਆਲਾਲੰਪੁਰ 'ਚ ਸਥਿਤ ਗੁਰਦੁਆਰੇ ਦੀ ਇਮਾਰਤ ਨੂੰ ਨੁਕਸਾਨ ਪਹੁੰਚਾਏ ਜਾਣ ਦਾ ਸਖਤ ਨੋਟਿਸ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਉਹ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ ਤੇ ਵਿਦੇਸ਼ ਮੰਤਰੀ ਨੂੰ ਪੱਤਰ ਲਿਖ ਕੇ ਮੰਗ ਕਰਨਗੇ ਕਿ ਉਹ ਕੂਟਨੀਤਕ ਸਾਧਨਾਂ ਰਾਹੀਂ ਵੱਖ-ਵੱਖ ਦੇਸ਼ਾਂ 'ਚ ਵਸਦੇ ਸਿੱਖ ਨੌਜਵਾਨਾਂ 'ਤੇ ਹੋ ਰਹੇ ਹਮਲੇ ਰੋਕਣ ਅਤੇ ਧਾਰਮਿਕ ਅਸਥਾਨਾਂ ਦੀ ਸੁਰੱਖਿਆ ਯਕੀਨੀ ਬਣਾਉਣ 'ਤੇ ਜ਼ੋਰ ਪਾਉਣ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਆਸਟ੍ਰੇਲੀਆ ਤੇ ਮਲੇਸ਼ੀਆ ਦੇ ਸੰਬੰਧ ਵਿਚ ਉਨ੍ਹਾਂ ਦੇ ਹਾਈ ਕਮਿਸ਼ਨਰ ਨੂੰ ਮਿਲ ਕੇ ਘਟਨਾ ਸੰਬੰਧੀ ਮੈਮੋਰੰਡਮ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇ ਲੋੜ ਪਈ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਫਦ ਆਸਟ੍ਰੇਲੀਆ ਅਤੇ ਮਲੇਸ਼ੀਆ 'ਚ ਜਾਵੇਗਾ ਅਤੇ ਸਾਰੇ ਹਾਲਾਤਾਂ ਦੀ ਰਿਪੋਰਟ ਤਿਆਰ ਕਰੇਗਾ। ਉਨ੍ਹਾਂ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ ਆਸਟ੍ਰੇਲੀਆ ਦੇ ਜਿਸ ਸ਼ਹਿਰ ਵਿਚ ਗੁਰਦੁਆਰੇ ਨੂੰ ਅੱਗ ਲਗਾਈ ਗਈ ਹੈ। ਉਥੇ ਕੁਝ ਸਮਾਂ ਪਹਿਲਾਂ ਹੀ ਵਿਸ਼ਵ ਧਰਮ ਸੰਮੇਲਨ ਹੋਇਆ ਹੈ, ਜਿਸ ਦੇ ਵਿਚ ਸਾਰਿਆਂ ਧਰਮਾਂ ਦੇ ਨੁਮਾਇੰਦਿਆਂ ਨੇ ਮਨੁੱਖਤਾ ਦੀ ਅਵਾਜ਼ ਉਠਾਈ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਅਸਥਾਨ ਸਭ ਧਰਮਾਂ ਦੇ ਸਾਂਝੇ ਹੁੰਦੇ ਹਨ। ਭਾਈਚਾਰਕ ਸਦਭਾਵਨਾ ਬਣਾਈ ਰੱਖਣ ਲਈ ਸਭ ਧਰਮਾਂ ਦੇ ਧਾਰਮਿਕ ਅਸਥਾਨਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੈਲਬੋਰਨ ਅਤੇ ਮਲੇਸ਼ੀਆ 'ਚ ਵਾਪਰੀ ਮੰਦਭਾਗੀ ਘਟਨਾ ਕਾਰਨ ਸਿੱਖਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਅਤੇ ਹਰ ਪਾਸਿਓਂ ਨਿੰਦਾ ਕੀਤੀ ਜਾ ਰਹੀ ਹੈ।


ਉਨ੍ਹਾਂ ਕਿਹਾ ਕਿ ਮਲੇਸ਼ੀਆ ਸਰਕਾਰ ਨੂੰ ਇਸ ਘਟਨਾ ਦੀ ਜਾਂਚ ਉਪਰੰਤ ਦੋਸ਼ੀਆਂ ਵਿਰੁਧ ਸਖਤ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਸਿੱਖ ਹਿਰਦੇ ਸ਼ਾਂਤ ਹੋ ਸਕਣ। ਇਸ ਦੌਰਾਨ ਅਕਾਲ ਤਖਤ ਦੇ ਜਥੇਦਾਰ ਨੇ ਵੀ ਪ੍ਰਦੇਸਾਂ ਵਿਚ ਪੰਜਾਬੀਆਂ ਅਤੇ ਭਾਰਤੀਆਂ 'ਤੇ ਹੋ ਰਹੇ ਹਮਲਿਆਂ ਦੀ ਨਖੇਧੀ ਕੀਤੀ ਹੈ ਅਤੇ ਸਰਕਾਰ ਤੋਂ ਦਖਲ ਦੀ ਮੰਗ ਕੀਤੀ ਹੈ।


**Realtor & Mortgage Specialist**
**Bay Area & Central Valley**

**ਚੰਗੀ ਜੁਗਤਤ-ਚਿੰਤਾ ਮੁਕਤਤ**

ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)

**ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ**



RAJ SINGH M.A., M.Ed
Retd. Principal
Realtor & Financial Adviser
Lic#01776459 & O622467

*ਬੇ-ਏਰੀਏ ਦੇ ਪੜ੍ਹੇ ਲਿਖਿਆਂ ਲਈ ਖੁਸ਼ਖਬਰੀ!*
*ਫਰੀ ਟਾਈਮ ਵਿਚ, ਫਰੀ ਸਿੱਖੋ ਕੰਮ*
*ਫਿਰ ਨਾ ਕਦੀ ਧੋਖਾ, ਨਾ ਕਦੀ ਗ਼ਮ।*

**Come For Free Learning**
**Go For Extra Earning**

**For Detail Cell**

**Raj Singh**

**510-452-7370**

Notary Free

2PM to 7 PM (All Days) e-mail:singhrajpaul@yahoo.com

## ਨਾਭੇ ਦਾ ਬੋਟਲਿੰਗ ਪਲਾਂਟ ਉਡਾਉਣ ਦੀ ਕੋਸ਼ਿਸ਼

**ਨਾਭਾ :** 18 ਜਨਵਰੀ ਦੀ ਦੁਪਹਿਰ ਭਵਾਨੀਗੜ੍ਹ ਰੋਡ 'ਤੇ ਸਥਿਤ ਗੈਸ ਬੋਟਲਿੰਗ ਪਲਾਂਟ ਦੇ ਡਿਪਟੀ ਮੈਨੇਜਰ ਸਤੀਸ਼ ਗਰਗ ਨੇ ਪੁਲਸ ਅਧਿਕਾਰੀਆਂ ਨੂੰ ਸੂਚਨਾ ਦਿੱਤੀ ਕਿ ਗੈਸ ਬੋਟਲਿੰਗ ਪਲਾਂਟ ਦੀ ਬਾਹਰੀ ਦੀਵਾਰ ਦੇ ਲੱਗਦੇ ਕੋਈ ਬੰਬ ਵਰਗੀ ਵਸਤੂ ਪਈ ਹੈ। ਜਿਸਦੀ ਸੂਚਨਾ ਮਿਲਦਿਆਂ ਹੀ ਲੋਕਲ ਪੁਲਸ ਨੇ ਸੀਨੀਅਰ ਅਧਿਕਾਰੀਆਂ ਨੂੰ ਸੂਚਿਤ ਕੀਤਾ। ਐੱਸ. ਐੱਸ. ਪੀ. ਪਟਿਆਲਾ ਰਣਬੀਰ ਸਿੰਘ ਖੱਟੜਾ ਜ਼ਿਲਾ ਅਧਿਕਾਰੀਆਂ ਸਮੇਤ ਭਾਰੀ ਪੁਲਸ ਫੋਰਸ ਨਾਲ ਮੌਕੇ 'ਤੇ ਪਹੁੰਚੇ ਤਾਂ ਵੇਖਣ ਵਿਚ ਆਇਆ ਕਿ ਉਥੇ ਵੱਡੀ ਮਾਤਰਾ ਵਿਚ ਵਿਸਫੋਟਕ ਸਮੱਗਰੀ ਪਈ ਹੈ। ਇਸ ਥਾਂ ਨੂੰ ਭਾਰੀ ਪੁਲਸ ਫੋਰਸ ਨੇ ਨੇੜੇ-ਤੇੜੇ 200 ਮੀਟਰ ਦੇ ਘੇਰੇ ਅੰਦਰ ਕਿਸੇ ਨੂੰ ਵੀ ਜਾਣ ਤੋਂ ਮਨਾਹੀ ਕਰ ਦਿੱਤੀ ਹੈ। ਆਰਮੀ ਹੈਡ ਕੁਆਰਟਰ ਤੋਂ ਸੀਨੀਅਰ ਅਫਸਰ ਨੇ ਮੌਕੇ 'ਤੇ ਆ ਕੇ ਹਾਲਤ ਦਾ ਜਾਇਜ਼ਾ ਲਿਆ। ਐੱਸ. ਐੱਸ. ਪੀ. ਸ੍ਰੀ ਖੱਟੜਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਬੰਬ ਤਾਂ ਵਿਸਫੋਟਕ ਸਮੱਗਰੀ ਇਕ ਕਿਲੋਗ੍ਰਾਮ ਤੋਂ ਲੈ ਕੇ 10 ਕਿਲੋਗ੍ਰਾਮ ਤੱਕ ਹੋ ਸਕਦੀ ਹੈ। ਅਜੇ ਆਰਮੀ ਅਧਿਕਾਰੀਆਂ ਨੇ ਇਸ ਥਾਂ ਦੇ ਨੇੜੇ ਜਾਣ ਤੋਂ ਮਨਾਹੀ ਕਰ ਦਿੱਤੀ ਹੈ।

## 'ਮਨੁੱਖੀ ਬੰਬ' ਗ੍ਰਿਫ਼ਤਾਰ, ਜਾਅਲੀ ਕਰੰਸੀ ਬਰਾਮਦ

**ਅੰਮ੍ਰਿਤਸਰ :** ਸਰਹੱਦੀ ਸੁਰੱਖਿਆ ਦਸਤੇ (ਬੀ ਐਸ ਐਫ) ਨੇ ਅਟਾਰੀ ਕੌਮਾਂਤਰੀ




ਸਰਹੱਦ ਨੇੜਿਓਂ ਪਾਕਿਸਤਾਨ ਦੇ ਇਕ ਸ਼ੱਕੀ ਮਨੁੱਖੀ ਬੰਬ (ਦਹਿਸ਼ਤਗਰਦ) ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਬੀ ਐਸ ਐਫ਼ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਨੋਮਾਨ ਅਰਸ਼ਦ (15) ਨਾਂ ਦਾ ਇਹ ਦਹਿਸ਼ਤਗਰਦ ਪਾਕਿਸਤਾਨ ਲਈ ਜਾਸੂਸੀ ਕਰਨ ਵਾਸਤੇ ਇੱਥੇ ਆਇਆ ਸੀ। ਫੜੇ ਦਹਿਸ਼ਤਗਰਦ ਬਾਰੇ ਜਾਣਕਾਰੀ ਦਿੰਦਿਆਂ ਬੀ ਐਸ ਐਫ ਦੇ ਡੀ ਆਈ ਜੀ ਮੁਹੰਮਦ ਅਕੀਲ ਨੇ ਦੱਸਿਆ ਕਿ ਇਸ ਦਹਿਸ਼ਤਗਰਦ ਨੂੰ ਬੀਤੀ 13 ਜਨਵਰੀ ਦੀ ਰਾਤ ਸਰਹੱਦ ਨੇੜੇ ਜਾਸੂਸੀ ਕਰਦਿਆਂ ਵੇਖਿਆ ਗਿਆ ਸੀ, ਜਿਸ ਤੋਂ ਬਾਅਦ ਸੁਰੱਖਿਆ ਦਸਤਿਆਂ ਨੇ ਮੁਸਤੈਦੀ ਵਰਤਦਿਆਂ ਇਸ ਨੂੰ ਕਾਬੂ ਕਰ ਲਿਆ। ਮੁਹੰਮਦ ਅਕੀਲ ਨੇ ਦੱਸਿਆ ਕਿ ਜਾਂਚ ਦੌਰਾਨ ਇਸ ਦਹਿਸ਼ਤਗਰਦ ਨੇ ਮੰਨਿਆ ਹੈ ਕਿ ਉਸ ਨੇ ਪਿਸ਼ਾਵਰ ਸਥਿਤ ਉਸੇ ਕੈਂਪ ਤੋਂ ਸਿਖਲਾਈ ਹਾਸਲ ਕੀਤੀ ਹੈ, ਜਿਸ ਤੋਂ ਮੁੰਬਈ ਹਮਲੇ ਨੂੰ ਅੰਜਾਮ ਦੇਣ ਵਾਲੇ ਇਕੋ-ਇਕ ਜਿਉਂਦਾ ਦਹਿਸ਼ਤਗਰਦ ਮੁਹੰਮਦ ਆਮਿਰ ਅਜ਼ਮਲ ਕਾਸਬ ਨੇ ਸਿਖਲਾਈ ਲਈ ਸੀ। ਜਨਾਬ ਅਕੀਲ ਨੇ ਦੱਸਿਆ ਕਿ ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਹੈ ਕਿ ਆਤਮਘਾਤੀ ਹਮਲਾਵਰਾਂ ਦਾ ਇਕ ਗਰੁੱਪ ਇਸ ਰਸਤੇ ਭਾਰਤ 'ਚ ਘੁਸਪੈਠ ਕਰਨ ਦੀ ਤਾਕ ਵਿਚ ਹੈ ਅਤੇ ਇਹ ਦਹਿਸ਼ਤਗਰਦ ਉਨ੍ਹਾਂ ਲਈ ਸਾਜ਼ਗਾਰ ਹਾਲਾਤ ਦਾ ਪਤਾ ਲਗਾਉਣ ਆਇਆ ਸੀ। ਉਨ੍ਹਾਂ ਦੱਸਿਆ ਕਿ ਭਾਰਤ ਵਿਚ ਦਹਿਸ਼ਤਗਰਦੀ ਕਾਰਵਾਈਆਂ ਨੂੰ ਅੰਜਾਮ ਦੇਣ ਲਈ ਇਹ ਦਹਿਸ਼ਤਗਰਦ ਬੀਐਸਐਫ਼ ਦੀਆਂ ਸਰਗਰਮੀਆਂ ਅਤੇ ਸਰਹੱਦ 'ਤੇ ਲੱਗੀ ਤਾਰ ਦੇ ਕਮਜ਼ੋਰ ਹਿੱਸੇ ਦੀ ਜਾਣਕਾਰੀ ਇਕੱਠੀ ਕਰ ਰਿਹਾ ਸੀ। ਜਨਾਬ ਅਕੀਲ ਨੇ ਦੱਸਿਆ ਕਿ ਇਹ ਦਹਿਸ਼ਤਗਰਦ ਝਾੜੀਆਂ ਵਿਚ ਲੁਕਿਆ ਹੋਇਆ ਸੀ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਦਹਿਸ਼ਤਗਰਦ ਕੋਲੋਂ ਸਿਰਫ਼ 10 ਰੁਪਏ ਦੀ ਭਾਰਤੀ ਕਰੰਸੀ ਮਿਲੀ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਜੁਲਾਈ ਤੇ ਸਤੰਬਰ ਮਹੀਨੇ ਇਸ ਰਸਤਿਓਂ ਭਾਰਤ 'ਚ ਘੁਸਪੈਠ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ, ਜੋ ਬੀ ਐਸ ਐਫ ਨੇ ਨਾਕਾਮ ਕਰ ਦਿੱਤੀਆਂ ਸਨ।

# ਯੂ.ਕੇ. ਵੀਜ਼ਾ ਸੈਂਟਰ ਬਾਹਰ ਭੰਨ-ਤੋੜ, ਨਾਅਰੇਬਾਜ਼ੀ

**ਜਲੰਧਰ :** ਸਥਾਨਕ ਬੱਸ ਸਟੈਂਡ ਕੋਲ ਯੂ.ਕੇ.ਵੀਜ਼ਾ ਫੈਸੀਲੀਟੇਸ਼ਨ ਸੈਂਟਰ ਦੇ ਬਾਹਰ ਲੰਘੀ 15 ਜਨਵਰੀ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਤੇ ਦੂਤਘਰ ਵਿਰੁਧ ਭੜਕੇ ਵਿਦਿਆਰਥੀਆਂ ਨੇ ਜੰਮ ਕੇ ਨਾਅਰੇਬਾਜ਼ੀ ਤੇ ਮੁਜ਼ਾਹਰਾ ਕੀਤਾ, ਜਿਸ ਤੋਂ ਬਾਅਦ ਉਨ੍ਹਾਂ ਤੇ ਉਨ੍ਹਾਂ ਦੇ ਹਮਾਇਤੀਆਂ ਨੇ ਵੀਜ਼ਾ ਸੈਂਟਰ 'ਤੇ ਲੱਗੇ ਬੋਰਡਾਂ ਨੂੰ ਉਤਾਰ ਕੇ ਉਨ੍ਹਾਂ ਨੂੰ ਅੱਗ ਲਗਾ ਦਿੱਤੀ ਤੇ ਭੰਨ-ਤੋੜ ਕਰਨੀ ਸ਼ੁਰੂ ਕਰ ਦਿੱਤੀ। ਇਸ ਕਾਰਨ ਉਥੇ ਆਪਣੇ ਫਾਰਮ ਜਮ੍ਹਾ ਕਰਵਾਉਣ ਲਈ ਲਾਈਨਾਂ ਵਿਚ ਖੜ੍ਹੇ ਲੋਕਾਂ ਵਿਚ ਭਾਜੜ ਮੱਚ ਗਈ। ਹੋਰ ਤਾਂ ਹੋਰ ਵੀਜ਼ਾ ਸੈਂਟਰ ਦੇ ਬਾਹਰ ਭੰਨ-ਤੋੜ ਹੁੰਦੀ ਦੇਖ ਕੇ ਵੀਜ਼ਾ ਸੈਂਟਰ ਦੇ ਸਕਿਓਰਿਟੀ ਮੁਲਾਜ਼ਮਾਂ ਨੇ ਮੁਜ਼ਾਹਰਾਕਾਰੀਆਂ ਤੋਂ ਡਰ ਕੇ ਆਪਣੇ ਸ਼ਟਰ ਹੇਠਾਂ ਸੁੱਟ ਕੇ ਤਾਲੇ ਲਗਾ ਦਿੱਤੇ ਤਾਂ ਕਿ ਉਹ ਅੰਦਰ ਦਾਖ਼ਲ ਹੋ ਕੇ ਕੋਈ ਨੁਕਸਾਨ ਨਾ ਪਹੁੰਚਾਉਣ। ਇਸ ਸਥਿਤੀ ਵਿਚ ਕਈ ਲੋਕ ਕਾਫੀ ਦੇਰ ਤਕ ਸੈਂਟਰ ਦੇ ਅੰਦਰ ਬੰਦ ਰਹੇ ਤੇ ਪੁਲਸ ਦੇ ਪਹੁੰਚਣ 'ਤੇ ਉਨ੍ਹਾਂ ਨੂੰ ਬਾਹਰ ਕੱਢਿਆ ਗਿਆ।

ਵੀਜ਼ਾ ਫੈਸਿਲੀਟੇਸ਼ਨ ਸੈਂਟਰ ਦੇ ਬਾਹਰ ਮੁਜ਼ਾਹਰਾ ਕਰ ਰਹੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਕੁਝ ਸਮਾਂ ਪਹਿਲਾਂ ਸਟੱਡੀ ਵੀਜ਼ੇ 'ਤੇ ਵਿਦੇਸ਼ ਜਾਣ ਲਈ ਅਪਲਾਈ ਕੀਤਾ ਸੀ। ਵਿਦਿਆਰਥੀਆਂ ਨੇ ਦੱਸਿਆ ਕਿ ਸਟੱਡੀ ਵੀਜ਼ਾ ਅਪਲਾਈ ਕਰਨ ਲਈ ਹਰ ਆਵੇਦਕ ਨੂੰ ਕੁਲ 40 ਅੰਕ ਲੈਣੇ ਪੈਂਦੇ ਹਨ, ਜਿਨ੍ਹਾਂ 'ਚੋਂ 30 ਅੰਕ ਕਾਲਜ ਦੀ ਐਡਮਿਸ਼ਨ ਲੈਟਰ ਦੇ ਅਤੇ ਬਾਕੀ 10 ਆਵੇਦਕ ਦੀ ਬੈਂਕ ਵਿਚ ਜਮ੍ਹਾ ਰਕਮ ਦੇ ਹੁੰਦੇ ਹਨ। ਉਨ੍ਹਾਂ ਦੱਸਿਆ ਕਿ 40 ਅੰਕ ਪੂਰੇ ਹੋਣ ਤੋਂ ਬਾਅਦ ਵਿਦੇਸ਼ ਜਾਣ ਦੇ ਚਾਹਵਾਨ ਵਿਦਿਆਰਥੀਆਂ ਨੂੰ ਦੂਤਘਰ ਵਲੋਂ ਵੀਜ਼ਾ ਜਾਰੀ ਕੀਤਾ ਜਾਂਦਾ ਹੈ।

ਮੁਜ਼ਾਹਰਾ ਕਰ ਰਹੇ ਵਿਦਿਆਰਥੀਆਂ ਨੇ ਹੋਰ ਦੱਸਿਆ ਕਿ ਦੂਤਘਰ ਵਿਚ ਫਾਈਲ ਜਮ੍ਹਾ ਕਰਵਾਉਣ ਤੋਂ ਬਾਅਦ ਦੂਤਘਰ ਵਲੋਂ ਉਨ੍ਹਾਂ ਦੇ ਪੜ੍ਹਾਈ ਦੇ ਸਰਟੀਫਿਕੇਟ ਵੈਰੀਫਾਈ ਕਰਵਾਉਣ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸਕੈਨ ਕਰਕੇ ਭੇਜੇ ਜਾਂਦੇ ਹਨ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਵੈਰੀਫਿਕੇਸ਼ਨ ਰਿਪੋਰਟ ਨਾ ਆਉਣ 'ਤੇ ਵਿਦਿਆਰਥੀਆਂ ਨੂੰ ਕੁਝ ਸਮੇਂ ਤੋਂ ਰਿਫਿਊਜ਼ਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਵਿਦਿਆਰਥੀਆਂ ਨੇ ਦੱਸਿਆ ਕਿ ਸਕੂਲ ਸਿੱਖਿਆ ਬੋਰਡ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇ ਕਿਸੇ ਵੀ ਆਵੇਦਕ ਦੇ ਦਸਤਾਵੇਜ਼ਾਂ ਨੂੰ ਸਿੱਖਿਆ ਬੋਰਡ ਤੋਂ ਵੈਰੀਫਾਈ ਕਰਵਾਉਣਾ ਹੈ ਤਾਂ ਹਰੇਕ ਆਵੇਦਕ ਆਪਣੇ ਅਸਲੀ ਦਸਤਾਵੇਜ਼ਾਂ ਸਮੇਤ ਅਤੇ ਸਰਕਾਰੀ ਫੀਸ ਬੋਰਡ ਵਿਚ ਜਮ੍ਹਾ ਕਰਵਾ ਕੇ ਹੀ ਅਜਿਹਾ ਕਰ ਸਕਦਾ ਹੈ। ਵਿਦਿਆਰਥੀਆਂ ਨੇ ਦੱਸਿਆ ਕਿ ਜਦਕਿ ਬੋਰਡ ਦਾ ਇਹ ਵੀ ਕਹਿਣਾ ਹੈ ਕਿ ਬੋਰਡ ਵਲੋਂ ਨਾ ਤਾਂ ਦਸਤਾਵੇਜ਼ਾਂ ਦੀ ਸਕੈਨ ਕਾਪੀ ਅਤੇ ਨਾ ਹੀ ਫੋਟੋ ਕਾਪੀ ਨੂੰ ਵੈਰੀਫਾਈ ਕੀਤਾ ਜਾਂਦਾ ਹੈ, ਜਦਕਿ ਦੂਤਘਰ ਇਹ ਚੀਜ਼ਾਂ ਸਕੈਨ ਕਰਕੇ ਵੈਰੀਫਿਕੇਸ਼ਨ ਲਈ ਭੇਜਦਾ ਹੈ ਤੇ ਉਥੋਂ ਜਵਾਬ ਨਾ ਆਉਣ 'ਤੇ ਵੀਜ਼ੇ ਰਿਫਿਊਜ਼ ਕੀਤੇ ਜਾ ਰਹੇ ਹਨ।

ਮੁਜ਼ਾਹਰਾ ਕਰ ਰਹੇ ਵਿਦਿਆਰਥੀਆਂ ਨੇ ਇਹ ਵੀ ਦੱਸਿਆ ਕਿ ਪਹਿਲਾਂ ਹਰੇਕ ਆਵੇਦਕ ਆਪਣੀ ਫਾਈਲ ਤਿਆਰ ਕਰਕੇ ਸਿੱਧਾ ਵੀਜ਼ਾ ਅਪਲਾਈ ਸੈਂਟਰ ਵਿਚ ਜਮ੍ਹਾ ਕਰਵਾ ਸਕਦਾ ਸੀ ਅਤੇ ਹੁਣ ਹਰੇਕ ਆਵੇਦਕ ਨੂੰ ਫਾਈਲ ਜਮ੍ਹਾ ਕਰਵਾਉਣ ਲਈ ਪਹਿਲਾਂ ਅਪੁਆਇੰਟਮੈਂਟ ਲੈਣੀ ਪੈਂਦੀ ਹੈ, ਜਿਸ ਕਾਰਨ ਉਨ੍ਹਾਂ ਨੂੰ 15 ਤੋਂ 20 ਦਿਨਾਂ ਤੱਕ ਫਾਈਲ ਜਮ੍ਹਾ ਕਰਵਾਉਣ ਲਈ ਉਡੀਕ ਕਰਨੀ ਪੈਂਦੀ ਹੈ। ਵਿਦਿਆਰਥੀਆਂ ਨੇ ਦੱਸਿਆ ਕਿ ਇਹ ਸਿਸਟਮ ਸਿਰਫ ਪੰਜਾਬ ਵਿਚ ਲਾਗੂ ਕੀਤਾ ਗਿਆ ਹੈ ਅਤੇ ਗੁਜਰਾਤ, ਮੁੰਬਈ ਵਰਗੇ ਵੱਡੇ ਸੂਬਿਆਂ ਤੇ ਸ਼ਹਿਰਾਂ 'ਚ ਅਜਿਹਾ ਕੁਝ ਨਹੀਂ ਹੈ। ਉਥੇ ਸਾਰੇ ਵਿਦਿਆਰਥੀ ਬਿਨਾਂ ਕੋਈ ਅਪੁਆਇੰਟਮੈਂਟ ਲਏ ਆਪਣੀ ਫਾਈਲ ਜਮ੍ਹਾ ਕਰਵਾ ਸਕਦੇ ਹਨ। ਗੁੱਸੇ 'ਚ ਆਏ ਵਿਦਿਆਰਥੀਆਂ ਨੇ ਦੋਸ਼ ਲਗਾਇਆ ਕਿ ਪੰਜਾਬੀਆਂ ਨਾਲ ਹੀ ਮਤਰੇਆ ਵਤੀਰਾ ਕਿਉਂ ਕੀਤਾ ਜਾ ਰਿਹਾ ਹੈ? ਇਨ੍ਹਾਂ ਸਾਰੀਆਂ ਗੱਲਾਂ ਤੋਂ ਨਾਰਾਜ਼ ਹੋ ਕੇ ਕਈ ਵਿਦਿਆਰਥੀਆਂ ਨੇ ਉਥੇ ਜੰਮ ਕੇ ਹੰਗਾਮਾ ਕੀਤਾ। ਉਨ੍ਹਾਂ ਕਿਹਾ ਕਿ ਕੀ ਉਨ੍ਹਾਂ ਦੀ ਗਲਤੀ ਇਹੀ ਹੈ ਕਿ ਉਨ੍ਹਾਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਰਾਹੀਂ ਆਪਣੀ ਸਿੱਖਿਆ ਹਾਸਲ ਕੀਤੀ, ਜਿਸ ਰਾਹੀਂ ਉਨ੍ਹਾਂ ਨੂੰ ਰਿਫਊਜ਼ਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਦਕਿ ਸੀ.ਬੀ.ਐੱਸ.ਈ.ਦਾ ਉਨ੍ਹਾਂ ਦੀ ਵੈੱਬਸਾਈਟ 'ਤੇ ਪਿਛਲੇ 5-6 ਸਾਲਾਂ ਦਾ ਰਿਕਾਰਡ ਆਨ ਲਾਈਨ ਹੈ, ਜਿਸ ਨੂੰ ਕੋਈ ਵੀ ਚੈੱਕ ਕਰ ਸਕਦਾ ਹੈ।

ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮੰਗ ਕੀਤੀ ਕਿ ਉਨ੍ਹਾਂ ਦਾ ਰਿਕਾਰਡ ਆਨਲਾਈਨ ਕੀਤਾ ਜਾਵੇ ਤਾਂ ਕਿ ਜੇ ਦੂਤਘਰ ਵਲੋਂ ਉਨ੍ਹਾਂ ਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾਵੇ ਤਾਂ ਕਿ ਵਿਦਿਆਰਥੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ ਤੇ ਉਨ੍ਹਾਂ ਦਾ ਭਵਿੱਖ ਹਨੇਰਾ ਨਾ ਹੋਵੇ। ਘਟਨਾ ਦੀ ਸੂਚਨਾ ਮਿਲਦੇ ਹੀ ਪੀ.ਸੀ.ਆਰ. ਮੁਲਾਜ਼ਮ ਤੇ ਥਾਣਾ 4 ਦੀ ਪੁਲਸ ਮੌਕੇ 'ਤੇ ਪਹੁੰਚੀ ਤੇ ਪੁਲਸ ਦੇ ਪਹੁੰਚਦੇ ਹੀ ਸਾਰੇ ਮੁਜ਼ਾਹਰਾਕਾਰੀ ਉੱਥੋਂ ਖਿਸਕ ਗਏ, ਜਿਸ ਤੋਂ ਬਾਅਦ ਪੁਲਸ ਨੇ ਸੈਂਟਰ ਨੂੰ ਫਿਰ ਤੋਂ ਖੁਲ੍ਹਵਾ ਦਿੱਤਾ ਤੇ ਮਾਹੌਲ ਸ਼ਾਂਤ ਹੋਇਆ।

## ਐਨ ਆਰ ਆਈ ਦੁਲਹਨਾਂ ਨੂੰ 2 ਪਾਸਪੋਰਟ

**ਨਵੀਂ ਦਿੱਲੀ :** ਪ੍ਰਵਾਸੀ ਭਾਰਤੀ (ਐਨਆਰਆਈ) ਨਾਲ ਵਿਆਹ ਕਰਨ ਵਾਲੀ ਔਰਤਾਂ ਦੇ ਨਾਲ ਹੋਣ ਵਾਲੇ ਦੁਰਵਿਹਾਰ ਨੂੰ ਰੋਕਣ ਦੇ ਲਈ ਮਹਿਲਾ ਤੇ ਬਾਲ ਵਿਕਾਸ ਮੰਤਰਾਲਿਆ ਨੇ ਅਨੋਖਾ ਰਸਤਾ ਲੱਭਿਆ ਹੈ। ਮਹਿਲਾ ਤੇ ਬਾਲ ਵਿਕਾਸ ਕ੍ਰਿਸ਼ਣਾ ਤੀਰਥ ਦੇ ਅਨੁਸਾਰ, ਉਹ ਇਹੋ ਜਿਹੀਆਂ ਮਹਿਲਾਵਾਂ ਦੇ ਲਈ ਦੋ ਤਰ੍ਹਾਂ ਦੇ ਪਾਸਪੋਰਟ ਬਨਾਉਣ ਦੀ ਦਿਸ਼ਾ ਵਿਚ ਵਿਦੇਸ਼ ਮੰਤਰਾਲਿਆ ਅਤੇ ਗ੍ਰਹਿ ਮੰਤਰਾਲਿਆ ਨੂੰ ਲਿਖ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਸੰਬੰਧ ਵਿਚ ਮਹਿਲਾ ਆਯੋਗ ਨਾਲ ਵਿਸਤ੍ਰਤ ਰਿਪੋਰਟ ਬਨਾਉਣ ਲਈ ਕਿਹਾ ਗਿਆ ਹੈ।


ਮੰਤਰੀ ਦੇ ਅਨੁਸਾਰ, ਐਨਆਰਆਈ ਦੀਆਂ ਦੁਲਹਨਾਂ ਪਹਿਲੇ ਪਾਸਪੋਰਟ ਦਾ ਇਸਤੇਮਾਲ ਆਪਣੀ ਯਾਤਰਾ ਦੇ ਲਈ ਕਰ ਸਕਣਗੀਆਂ ਜਦਕਿ ਦੂਜੇ ਪਾਸਪੋਰਟ ਨੂੰ ਉਨ੍ਹਾਂ ਨੂੰ ਪਰੇਸ਼ਾਨ ਕੀਤੇ ਜਾਣ ਦੀ ਦਿਸ਼ਾ ਵਿਚ ਉਨਾਂ ਦੇ ਮਾਂ ਪਿਓ ਜਾਂ ਭਾਰਤੀ ਦੂਤਾਵਾਸਾਂ ਦੁਆਰਾ ਉਨ੍ਹਾਂ ਨੂੰ ਵਾਪਿਸ ਲਿਆਉਣ ਦੇ ਲਈ ਇਸਤੇਮਾਲ ਕੀਤਾ ਜਾਵੇਗਾ। ਤੀਰਥ ਇਹ ਵੀ ਚਾਹੁੰਦੀ ਹੈ ਕਿ ਭਾਰਤੀ ਉੱਚਯੋਗ ਅਤੇ ਦੂਤਾਵਾਸ ਹਰੇਕ ਐਨਆਰਆਈ ਦੁਲਹਨ ਤੇਘੱਟੋ -ਘੱਟ ਦੋ ਸਾਲ ਤਕ ਨਿਗ੍ਹਾ ਰੱਖੇ। ਤੀਰਥ ਦੇ ਮੁਤਾਬਿਕ, ਇਹ ਪ੍ਰਕ੍ਰਿਆ ਐਨਆਰਆਈ ਸ਼ਾਦੀਆਂ ਦੇ ਜਰੂਰੀ ਪੰਜੀਕਰਣ ਦੇ ਨਾਲ ਸ਼ੁਰੂ ਹੋਵੇਗੀ, ਜਿਆਦਾਤਰ ਦੁਲਹਨ ਦੇ ਲਈ ਦੋ ਪਾਸਪੋਰਟ ਜਾਰੀ ਕਰਨਗੇ।

MRP TRAVEL
Lowest International and Domestic Fares
A·R·C FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES
We Also Offer Notary Service

B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm

CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

NCP College of Nursing
Educate | Grow | Succeed
100% NCLEX-PN Pass Rate!
SSF Campus
5 Consecutive Quarters
January 1008 - March 2009
Affordable Payment Plans!
Up to 10 years Repayment Terms on Approved Credit
Start your career now!
Find a job fast using our Job Placement Office.
Start Your Nursing Career Today!
Full Time
Part Time
Day & Evening

12 Month LVN Program • 20 Day CNA Program
• LVN Vocational Nursing Program
• CNA Nursing Assistant Training
• CNA Acute Care Training
• IV Therapy & Blood Withdrawal Certification Course
• NCLEX-PN Test Preparation Workshop
• CPR
• Medical Terminology
• Continuing Education for RNs
Choose which is right for you...
Your career is a call away. Call today!
www.ncpcollegeofnursing.com
Peninsula Campus
257 Longford Drive #5
So. San Francisco, CA 94080
1.800.339.5145
East Bay Campus
21615 Hesperian Blvd, Ste A
Hayward, CA 94541
1.800.611.4054

FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# '84 ਦੇ ਦੰਗਾ ਪੀੜਤਾਂ ਦੇ ਮਾਮਲੇ ਨਿਪਟਾਉਣ ਦੇ ਹੁਕਮ



ਡਿਪਟੀ ਕਮਿਸ਼ਨਰਾਂ ਤੇ ਹੋਰ ਅਧਿਕਾਰੀਆਂ ਨੂੰ ਹਦਾਇਤਾਂ

**ਚੰਡੀਗੜ੍ਹ :** '84 ਦੇ ਦੰਗਿਆਂ ਨਾਲ ਪ੍ਰਭਾਵਿਤ ਪਰਿਵਾਰਾਂ ਦੇ ਤਾਜ਼ਾ ਉਮੀਦਵਾਰਾਂ ਜੋ ਭਾਰਤ ਸਰਕਾਰ ਵਲੋਂ ਐਲਾਨੇ ਮੁੜ-ਵਸੇਬਾ ਪੈਕੇਜ ਹੇਠ ਰਾਹਤ ਪ੍ਰਾਪਤ ਕਰਨ ਲਈ ਅਪਲਾਈ ਨਹੀਂ ਕਰ ਸਕੇ, ਦੇ ਪੈਂਡਿੰਗ ਪਏ ਮਾਮਲਿਆਂ ਨੂੰ ਉਦਾਰਵਾਦੀ ਤਰੀਕੇ ਨਾਲ ਵਿਚਾਰਨ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਲਈ ਡਿਪਟੀ ਕਮਿਸ਼ਨਰਾਂ ਨੂੰ ਆਖਿਆ ਹੈ। 1984 ਦੇ ਦੰਗਿਆਂ ਨਾਲ ਪ੍ਰਭਾਵਿਤ ਵਿਅਕਤੀਆਂ ਦੇ ਮੁੜ ਵਸੇਬੇ ਦੇ ਸੰਬੰਧ ਵਿਚ ਰਾਹਤ ਮੁਹੱਈਆ ਕਰਵਾਉਣ ਦੀ ਪ੍ਰਕਿਰਿਆ ਨੂੰ ਲਾਗੂ ਕਰਨ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਬੁਲਾਈ ਗਈ ਉਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਬਾਦਲ ਨੇ ਡਿਪਟੀ ਕਮਿਸ਼ਨਰਾਂ ਨੂੰ ਨਿਵੇਦਕਾਂ ਦੇ ਸਾਰੇ ਨਵੇਂ ਮਾਮਲੇ ਖੁੱਲ੍ਹਦਿਲੀ ਨਾਲ ਵਿਚਾਰਨ ਲਈ ਨਿਰਦੇਸ਼ ਦਿੱਤੇ ਹਨ ਤਾਂ ਜੋ ਕੇਂਦਰ ਦੀ ਨੀਤੀ ਅਨੁਸਾਰ ਉਨ੍ਹਾਂ ਨੂੰ ਢੁਕਵੀਂ ਰਾਹਤ ਦਿੱਤੀ ਜਾ ਸਕੇ। ਬਾਦਲ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਨਿਵੇਦਕਾਂ ਵਲੋਂ ਦਿੱਤੇ ਢੁਕਵੇਂ ਦਸਤਾਵੇਜ਼ਾਂ ਨੂੰ ਰਿਹਾਇਸ਼ੀ ਸਬੂਤਾਂ ਵਜੋਂ ਪ੍ਰਵਾਨਿਆ ਜਾਵੇ। ਵਿੱਤ ਕਮਿਸ਼ਨਰ ਮਾਲ ਨੇ ਮੀਟਿੰਗ ਦੌਰਾਨ ਮੁੱਖ ਮੰਤਰੀ ਨੂੰ ਦੱਸਿਆ ਕਿ ਪੰਜਾਬ ਸਰਕਾਰ ਨੇ 1984 ਦੇ ਦੰਗਿਆਂ ਨਾਲ ਪ੍ਰਭਾਵਿਤ ਉਨ੍ਹਾਂ ਵਿਅਕਤੀਆਂ ਕੋਲੋਂ 31 ਜਨਵਰੀ, 2010 ਤੱਕ ਤਾਜ਼ਾ ਅਰਜੀਆਂ ਦੀ ਮੰਗ ਕੀਤੀ ਹੈ, ਜੋ ਕਿਸੇ ਨਾ ਟਾਲੇ ਜਾ ਸਕਣ ਵਾਲੇ ਕਾਰਨਾਂ ਕਰਕੇ ਪਹਿਲਾਂ ਅਪਲਾਈ ਨਹੀਂ ਕਰ ਸਕੇ। ਗੌਰਤਲਬ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦਾਂਬਰਮ ਨੇ ਬਾਦਲ ਨੂੰ ਲਿਖੇ ਇੱਕ ਪੱਤਰ ਵਿਚ ਪੰਜਾਬ ਸਰਕਾਰ ਨੂੰ ਕਿਹਾ ਹੈ ਕਿ ਉਹ ਕਲੇਮ ਨਾਲ ਸੰਬੰਧਤ ਸਾਰੇ ਮਾਮਲਿਆਂ ਦਾ 31 ਮਾਰਚ, 2010 ਤੱਕ ਨਿਪਟਾਰਾ ਕਰੇ ਅਤੇ ਯੋਗ ਵਿਅਕਤੀਆਂ ਨੂੰ ਮੌਤ, ਜਖ਼ਮੀ, ਰਿਹਾਇਸ਼ੀ ਨੁਕਸਾਨ, ਬੀਮਾ ਨਾ ਹੋਈ ਵਪਾਰਕ/ਉਦਯੋਗਿਕ ਜਾਇਦਾਦ ਦੇ ਲਈ, ਮੁੜ ਵਸੇਬਾ ਲਈ ਵਧਾਈ ਗਈ ਐਕਸ-ਗਰੇਸ਼ੀਆ ਦਾ ਵਿਤਰਣ ਕੀਤਾ ਜਾਵੇ। ਚਿਦਾਂਬਰਮ ਨੇ ਇਸ ਸੰਬੰਧ ਵਿਚ ਪਹਿਲਾਂ ਹੀ ਸਦਨ ਵਿਚ ਭਰੋਸਾ ਦਿਵਾਇਆ ਹੈ। ਗ੍ਰਹਿ ਮਾਮਲਿਆਂ ਦੇ ਮੰਤਰਾਲੇ ਨੇ ਇਹ ਵੀ ਦੱਸਿਆ ਹੈ ਕਿ ਮੁੜ ਵਸੇਬਾ ਗ੍ਰਾਂਟ ਲਈ 435 ਮਾਮਲੇ ਅਜੇ ਵੀ ਰਾਜ ਸਰਕਾਰ ਕੋਲ ਪੈਂਡਿੰਗ ਪਏ ਹਨ। ਮੀਟਿੰਗ ਵਿਚ ਹਾਜ਼ਰ ਹੋਰਨਾਂ ਵਿਚ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਡੀ.ਐੱਸ. ਗੁਰੂ, ਵਿੱਤ ਕਮਿਸ਼ਨਰ ਮਾਲ ਰੋਮਿਲਾ ਦੂਬੇ, ਸਕੱਤਰ ਮਾਲ ਜਸਪਾਲ ਸਿੰਘ, ਕਮਿਸ਼ਨਰ ਜਲੰਧਰ ਡਵੀਜ਼ਨ ਐੱਸ.ਆਰ. ਲੱਧੜ, ਰੋਪੜ ਦੇ ਡਿਪਟੀ ਕਮਿਸ਼ਨਰ ਪਰਿਯਾਂਕ ਭੱਟੀ, ਐੱਸ.ਏ.ਐੱਸ. ਨਗਰ ਦੇ ਪ੍ਰਭਜੋਤ ਸਿੰਘ ਮੰਡ, ਤਰਨਤਾਰਨ ਦੇ ਖੁਸ਼ੀ ਰਾਮ ਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਕਰਮਜੀਤ ਸਿੰਘ ਸਰਾਂ ਸ਼ਾਮਲ ਸਨ।

# ਸਿੱਖ ਸੰਸਥਾਵਾਂ ਵਲੋਂ ਕੇਂਦਰੀ ਸਿੱਖ ਸਭਾ ਬਣਾਉਣ ਦੀ ਮੰਗ

**ਅੰਮ੍ਰਿਤਸਰ :** ਦੱਖਣੀ ਕੈਲੇਫੋਰਨੀਆ ਦੀਆਂ 70 ਤੋਂ ਵਧ ਸਿੱਖ ਸੰਸਥਾਵਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੂੰ ਇੱਕ 14 ਸਫਿਆਂ ਦੇ ਲਿਖੇ ਪੱਤਰ 'ਚ ਜਿਥੇ ਮੌਜੂਦਾ ਧਾਰਮਿਕ ਸਿਆਸੀ ਮਸਲਿਆਂ 'ਤੇ ਗਹਿਰ ਗੰਭੀਰ ਚਰਚਾ ਛੇੜ੍ਹੀ ਹੈ ਉਥੇ ਉਨ੍ਹਾਂ ਨੇ ਸਭ ਤੋਂ ਵਧ ਜ਼ੋਰ ਕੇਂਦਰੀ ਸਿੱਖ ਸੰਸਥਾ ਬਨਾਉਣ 'ਤੇ ਦਿੱਤਾ ਹੈ ਅਤੇ ਇਹ ਵੀ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਦੇ ਸੁਝਾਵਾਂ ਦੇ ਅਧਾਰ 'ਤੇ 15 ਮਾਰਚ ਤਕ ਕੇਂਦਰੀ ਸਿੱਖ ਸੰਸਥਾ ਦਾ ਗਠਨ ਨਾ ਕੀਤਾ ਗਿਆ ਤਾਂ ਉਨ੍ਹਾਂ ਵਲੋਂ ਆਪਣੇ ਪੱਧਰ 'ਤੇ ਯਤਨ ਆਰੰਭ ਕਰ ਦਿੱਤੇ ਜਾਣਗੇ ਅਤੇ ਫਿਰ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਥੋਪੇ ਜਥੇਦਾਰਾਂ ਦੇ ਹੁਕਮਾਂ ਦੀ ਪਾਲਣਾ ਕਰਨ ਦੇ ਪਾਬੰਦ ਵੀ ਨਹੀਂ ਹੋਣਗੇ। ਉਨ੍ਹਾਂ ਵਲੋਂ ਕਿਹਾ ਗਿਆ ਹੈ ਕਿ ਜੇ ਉਨ੍ਹਾਂ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਮੇਤ ਬਾਕੀ ਜਥੇਦਾਰਾਂ ਦੀ ਨਿਯੁਕਤੀ ਸਮੇਂ ਭਾਗੀਦਾਰੀ ਨਹੀਂ ਹੈ ਤਾਂ ਉਹ ਵੀ ਇਸ ਗੱਲ ਦੇ ਪਾਬੰਦੀ ਨਹੀਂ ਹੋਣਗੇ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਣ ਵਾਲੇ ਹੁਕਮਨਾਮਿਆਂ ਨੂੰ ਮੰਨਿਆ ਜਾਵੇ।

ਕੋਲੀਸ਼ਨ ਆਫ ਸਿੱਖ ਗੁਰਦੁਆਰਾ ਐਂਡ ਸਿੱਖ ਇੰਸਟੀਚਿਊਟ ਸਾਊਥਰਨ ਕੈਲੀਫੋਰਨੀਆ ਦੇ ਮੁੱਖ ਬੁਲਾਰੇ ਜਸਬੀਰ ਸਿੰਘ ਮਾਨ ਤੇ ਰਮਿੰਦਰਜੀਤ ਸਿੰਘ ਸੇਖੋਂ ਵਲੋਂ ਲਿਖੇ ਗਏ ਪੱਤਰ ਦੇ ਵਿਚ ਕੇਂਦਰੀ ਸਿੱਖ ਸੰਸਥਾ ਬਨਾਉਣ ਦੀ ਲੋੜ 'ਤੇ ਜਿਥੇ ਵਿਸਥਾਰਤ ਚਰਚਾ ਕੀਤੀ ਹੈ ਉਥੇ ਉਨ੍ਹਾਂ ਨੇ ਸਾਰੇ ਸਿੱਖ ਅਤੇ ਤਖ਼ਤਾਂ ਦੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਨਜ਼ੂਰ ਸ਼ੁਦਾ ਰਹਿਤ ਮਰਿਆਦਾ ਦੀ ਪਾਲਣਾ ਦੇ ਸੰਬੰਧ ਵਿਚ ਚਰਚਾ ਕਰਦਿਆਂ ਕਿਹਾ ਹੈ ਕਿ ਜਿੰਨਾ ਚਿਰ ਤੱਕ ਤਖਤ ਸ੍ਰੀ ਹਜ਼ੂਰ ਸਾਹਿਬ ਅਤੇ ਤਖਤ ਸ੍ਰੀ ਪਟਨਾ ਸਾਹਿਬ ਵਲੋਂ ਇਸ ਮਰਿਯਾਦਾ ਨੂੰ ਮਾਨਤਾ ਨਹੀਂ ਦਿੱਤੀ ਜਾਂਦੀ, ਓਨਾ ਚਿਰ ਤਕ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਣ ਵਾਲੀਆਂ ਪੰਜ ਸਿੰਘ ਸਾਹਿਬਾਨ ਦੀਆਂ ਮੀਟਿੰਗਾਂ 'ਚ ਉਕਤ ਦੋਵਾਂ ਤਖ਼ਤਾਂ ਦੇ ਜਥੇਦਾਰਾਂ ਨੂੰ ਨਾ ਸੱਦਿਆ ਜਾਵੇ। ਚਿੱਠੀ 'ਚ ਦਸਮ ਗ੍ਰੰਥ, ਨਾਨਕਸ਼ਾਹੀ ਕੈਲੰਡਰ ਅਤੇ ਪ੍ਰੋ. ਦਰਸ਼ਨ ਸਿੰਘ ਦੇ ਮਸਲੇ 'ਤੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੂੰ ਖਰੀਆਂ-ਖਰੀਆਂ ਸੁਣਾਉਂਦਿਆਂ ਕਿਹਾ ਹੈ ਕਿ ਉਹ ਇਕ ਗ੍ਰੰਥ, ਇਕ ਪੰਥ ਅਤੇ ਇਕ ਰਹਿਤ ਮਰਿਆਦਾ ਦੀ ਸਿਧਾਂਤਕ ਤਿਕੜੀ ਨੂੰ ਖੂੰਜੇ ਲਾਉਣ ਜਾ ਰਹੇ ਹਨ ਜੋ ਸਿੱਖਾਂ ਦੀ ਅਦੁੱਤੀ ਪਹਿਚਾਣ ਦੀ ਨਿਸ਼ਾਨਦੇਹੀ ਕਰਦੀ ਹੈ ਅਤੇ ਇਸ 'ਤੇ ਹਰ ਸਿੱਖ ਨੂੰ ਪਹਿਰਾ ਦੇਣਾ ਚਾਹੀਦਾ ਹੈ। ਦੱਖਣੀ ਕੈਲੀਫੋਰਨੀਆਂ ਦੀਆਂ 70 ਤੋਂ ਵੱਧ ਸਿੱਖ ਸੰਸਥਾਵਾਂ ਦੇ ਨਾਵਾਂ ਹੇਠ ਆਏ ਇਸ ਪੱਤਰ ਵਿਚ ਇਹ ਵੀ ਕਿਹਾ ਗਿਆ ਹੈ ਕਿ ਉਹ ਅਕਾਲੀ-ਭਾਜਪਾ ਸਿਆਸੀ ਗਠਜੋੜ ਜਾ ਕਾਂਗਰਸ ਦੀ ਲੀਡਰਸ਼ਿਪ ਨਾਲ ਕੋਈ ਸਰੋਕਾਰ ਨਹੀਂ ਰੱਖਦੇ। ਉਹ ਸਿਰਫ ਸਿੱਖ ਸਿਧਾਂਤਾਂ ਤੇ ਰਹਿਤ ਮਰਿਆਦਾ ਵਿਚ ਹੀ ਯਕੀਨ ਰਖਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜਿਹੜੀ ਰਾਜਨੀਤਕ ਜਾਂ ਧਾਰਮਿਕ ਸੰਸਥਾ ਅਕਾਲ ਤਖਤ ਸਾਹਿਬ ਵਲੋਂ ਸਥਾਪਤ ਰਹਿਤ ਮਰਿਆਦਾ, ਹੁਕਮਨਾਮਿਆਂ ਅਤੇ ਗੁਰਮਤਿਆਂ ਵਿਚ ਯਕੀਨ ਨਹੀਂ ਰਖਦੀ ਉਸ ਨਾਲ ਸੱਚੇ ਸਿੱਖਾਂ ਦਾ ਕੋਈ ਸੰਬੰਧ ਨਹੀਂ ਹੋਣਾ ਚਾਹੀਦਾ। ਜਿਹੜੇ ਇਨ੍ਹਾਂ ਤੋਂ ਉਲਟ ਚਲਦੇ ਹਨ ਉਨ੍ਹਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ।

ਚਿੱਠੀ ਵਿਚ ਕਿਹਾ ਗਿਆ ਹੈ ਕਿ ਤਖ਼ਤਾਂ ਦੇ ਕੁਝ ਜਥੇਦਾਰ, ਸ਼੍ਰੋਮਣੀ ਕਮੇਟੀ ਦੇ ਕੁਝ ਅਧਿਕਾਰੀ ਤੇ ਮੈਂਬਰ, ਕੁਝ ਅਕਾਲੀ ਲੀਡਰ, ਸੰਤਾਂ-ਮਹੰਤਾਂ ਦੇ ਡੇਰੇ ਰਲ ਕੇ ਸਿੱਖ ਪੰਥ ਨੂੰ ਖੋਰਾ ਲਾ ਰਹੇ ਹਨ ਜਿਸ ਤੋਂ ਬਚਣ ਲਈ ਕੇਂਦਰੀ ਸਿੱਖ ਸੰਸਥਾ ਦਾ ਹੋਣਾ ਅਤਿ ਜ਼ਰੂਰੀ ਹੈ ਜੋ ਪੰਥ ਵਿਚ ਘਰ ਕਰ ਰਹੀਆਂ ਮਾਰੂ ਪ੍ਰਵਿਰਤੀਆਂ ਅਤੇ ਕੁਰੀਤੀਆਂ ਦਾ ਮੂੰਹ ਤੋੜ ਜਵਾਬ ਦੇ ਸਕੇ।

ਉਨ੍ਹਾਂ ਕੇਂਦਰੀ ਸਿੱਖ ਸੰਸਥਾ ਬਨਾਉਣ 'ਤੇ ਜ਼ੋਰ ਦੇਣ ਸਮੇਂ ਜਿਥੇ ਇਸ ਵਿਚ ਵਿਦੇਸ਼ਾਂ 'ਚ ਵਸਦੇ ਸਿੱਖਾਂ ਨੂੰ ਯੋਗ ਸਥਾਨ 'ਤੇ ਜ਼ੋਰ ਦਿੱਤਾ ਹੈ ਉਥੇ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਦਵੀ ਦੀ ਚੋਣ ਅਤੇ ਲਏ ਜਾਣ ਵਾਲੇ ਫੈਸਲਿਆਂ ਵਿਚ ਵੀ ਉਨ੍ਹਾਂ ਦੀ ਰਾਏ ਲਈ ਜਾਵੇ। ਉਨ੍ਹਾਂ ਨੇ ਆਸ ਪ੍ਰਗਟਾਈ ਕਿ 15 ਮਾਰਚ ਤੋਂ ਪਹਿਲਾਂ ਭੁਲੇਖਾ ਪਾਊ ਵਿਚਾਰਾਂ ਤੇ ਬੇਲੋੜੇ ਵਿਵਾਦਾਂ ਨੂੰ ਬੰਦ ਕਰਕੇ ਕੇਂਦਰੀ ਸਿੱਖ ਸੰਸਥਾ ਦਾ ਆਯੋਜਨ ਹੋ ਜਾਵੇਗਾ।

## ਹਮਲੇ ਪਿਛੋਂ ਲੱਡੂ ਵੰਡਣ ਵਾਲੇ ਦਾ ਬੁਤ ਸਥਾਪਤ

**ਅੰਮ੍ਰਿਤਸਰ:**ਦਰਬਾਰ ਸਾਹਿਬ ਉਤੇ ਫ਼ੌਜੀ ਹਮਲੇ ਤੋਂ ਬਾਅਦ ਲੱਡੂ ਵੰਡ ਕੇ ਖ਼ੁਸ਼ੀ ਮਨਾਉਣ ਵਾਲੀ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਕੌਮੀ ਮੀਤ ਪ੍ਰਧਾਨ ਡਾ. ਬਲਦੇਵ ਪ੍ਰਕਾਸ਼ ਦਾ ਬੁਤ ਬੀਤੀ 17 ਜਨਵਰੀ ਨੂੰ ਸ਼ਹਿਰ ਦੇ ਸਭ ਤੋਂ ਵਧ ਵਰਤੋਂ ਵਿਚ ਆਉਣ ਵਾਲੇ ਇਲਾਕੇ ਰਿਆਲਟੋ ਚੌਕ ਵਿਚ ਲਗਾਇਆ ਗਿਆ।

ਭਾਜਪਾ ਦੇ ਮਰਹੂਮ ਆਗੂ ਬਲਦੇਵ ਪ੍ਰਕਾਸ਼ ਵੀ ਉਨ੍ਹਾਂ ਆਗੂਆਂ ਵਿਚ ਸ਼ਾਮਲ ਸਨ ਜਿਨ੍ਹਾਂ ਨੇ ਦਰਬਾਰ ਸਾਹਿਬ ਉਤੇ ਹਮਲੇ ਤੋਂ ਬਾਅਦ ਲੱਡੂ ਵੰਡ ਕੇ ਖ਼ੁਸ਼ੀਆਂ ਮਨਾਈਆਂ ਸਨ। ਸੰਸਦ ਵਿਚ ਭਾਜਪਾ ਨੇ ਸਪੱਸ਼ਟ ਸ਼ਬਦਾਂ ਵਿਚ ਇਸ ਨੂੰ ਦੇਰ ਨਾਲ ਕੀਤੀ ਹੋਈ ਸਹੀ ਕਾਰਵਾਈ ਕਰਾਰ ਦਿਤਾ ਸੀ। ਅਪਣੀ ਸਰਕਾਰ ਬਚਾਉਣ ਦੇ ਚੱਕਰ ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਇਕ ਵਾਰ ਫਿਰ ਭਾਜਪਾ ਅੱਗੇ ਗੋਡੇ ਟੇਕ ਦਿਤੇ।

# ਨਾਨਕਸ਼ਾਹੀ ਕੈਲੰਡਰ ਦੀਆਂ ਸੋਧਾਂ ਵਿਰੁਧ ਪਾਸ ਮਤਿਆਂ ਦਾ ਸਿਲਸਿਲਾ ਜਾਰੀ

**ਅੰਮ੍ਰਿਤਸਰ:**ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਭਾਵੇਂ ਨਾਨਕਸ਼ਾਹੀ ਕੈਲੰਡਰ ਦੀਆਂ ਸੋਧਾਂ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਮੋਹਰ ਲਗਵਾ ਲਈ ਗਈ ਹੈ ਪਰ ਇਸਦੇ ਬਾਵਜੂਦ ਦੇਸ਼-ਵਿਦੇਸ਼ ਦੀਆਂ ਸਿੱਖ ਸੰਸਥਾਵਾਂ ਅਤੇ ਗੁਰਦੁਆਰਿਆਂ ਵਲੋਂ ਵਿਰੋਧ ਕੀਤਾ ਜਾ ਰਿਹਾ ਹੈ। ਗੁਰਦੁਆਰਾ ਸਿੱਖ ਸੰਗਤ ਡਨਲਪ ਬ੍ਰਿਜ ਕੋਲਕਾਤਾ ਵਲੋਂ ਵੀ ਇਕ ਮਤਾ ਪਾ ਕੇ ਨਾਨਕਸ਼ਾਹੀ ਕੈਲੰਡਰ 'ਚ ਕੀਤੀਆਂ ਗਈਆਂ ਸੋਧਾਂ ਦਾ ਵਿਰੋਧ ਕੀਤਾ ਗਿਆ ਹੈ।

ਬੰਗਾਲ ਨਿਵਾਸੀ ਸਿੱਖਾਂ ਦੇ ਗੁਰਦੁਆਰਾ ਡਨਲਪ ਬ੍ਰਿਜ ਕੋਲਕਾਤਾ ਵਿਖੇ ਸਜੇ ਵੱਡੇ ਦੀਵਾਨ ਦੇ ਵਿਚ ਇਸ ਮਤੇ ਨੂੰ ਪ੍ਰਵਾਨਗੀ ਦਿੱਤੀ ਗਈ ਅਤੇ ਕਿਹਾ ਗਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਨਾਨਕਸ਼ਾਹੀ ਕੈਲੰਡਰ ਦੀ ਰੂਹ ਨੂੰ ਕਤਲ ਕਰ ਕੇ ਬੱਜਰ ਪਾਪ ਕੀਤਾ ਹੈ। ਮਤੇ ਵਿਚ ਕਿਹਾ ਗਿਆ ਹੈ ਕਿ ਅਗਿਆਨਤਾ ਅਤੇ ਅਧੋਗਤੀ ਦੇ ਪ੍ਰਭਾਵ ਹੇਠਾਂ ਅਧੀਨ ਸਿੱਖ ਕੌਮ ਪੁਰਾਣੇ ਸਨਾਤਨ ਧਰਮ ਦੀ ਇਕ ਸ਼ਾਖਾ ਬਣਦੀ ਜਾ ਰਹੀ ਹੈ।

ਗੁਰਦੁਆਰਾ ਸਿੱਖ ਸੰਗਤ ਦੇ ਪ੍ਰਧਾਨ ਬਚਿੱਤਰ ਸਿੰਘ, ਜਨਰਲ ਸਕੱਤਰ ਸੁਰਜੀਤ ਸਿੰਘ, ਸੈਕਟਰੀ ਧਰਮ ਸਿੰਘ ਅਤੇ ਮੈਂਬਰਾਂ ਦੀਵਾਨ ਸਿੰਘ, ਬੂਟਾ ਸਿੰਘ, ਹਰਦੀਪ ਸਿੰਘ, ਹਰੀ ਸਿੰਘ, ਕੇ.ਪੀ. ਸਿੰਘ, ਕੌਰ ਸਿੰਘ ਤੇ ਦਰਸ਼ਨ ਸਿੰਘ ਨੇ ਨਾਨਕਸ਼ਾਹੀ ਕੈਲੰਡਰ 'ਚ ਕੀਤੀਆਂ ਸੋਧਾਂ ਦੇ ਵਿਰੋਧ 'ਚ ਆਪਣੇ ਦਸਤਖਤਾਂ ਹੇਠ ਪਾਸ ਕੀਤੇ ਮਤਿਆਂ ਦੀ ਕਾਪੀ ਭੇਜਦਿਆਂ ਦੱਸਿਆ ਹੈ ਕਿ ਸਿੱਖ ਵਿਦਵਾਨਾਂ ਨੇ ਸਿੱਖਾਂ ਦੀ ਧਾਰਮਿਕ ਪ੍ਰਭੁਸੱਤਾ ਅਤੇ ਪੰਥ ਦੀ ਨਿਵੇਕਲੀ ਆਜ਼ਾਦ ਹਸਤੀ ਨੂੰ ਆਪਣੀਆਂ ਵੋਟਾਂ ਖਾਤਰ ਨੁੱਕਰੇ ਲਾ ਦਿੱਤਾ ਹੈ।

ਸਿੱਖ ਜਥੇਬੰਦੀਆਂ ਨੇ ਲੁਧਿਆਣਾ ਦੇ ਗੁਰਦਵਾਰਾ ਸਿੰਘ ਸ਼ਹੀਦਾਂ ਵਿਖੇ ਸੱਦੀ ਇਕ ਪੰਥਕ ਕਾਨਫ਼ਰੰਸ ਵਿਚ ਸਰਬਸੰਮਤੀ ਨਾਲ ਨਾਨਕਸ਼ਾਹੀ ਕੈਲੰਡਰ ਵਿਚ ਕੀਤੀਆਂ ਗਈਆਂ ਸੋਧਾਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿਤਾ।ਲੰਘੀ 17 ਜਨਵਰੀ ਨੂੰ ਜੁੜੀ ਸੰਗਤ ਨੇ ਜੈਕਾਰਿਆਂ ਨਾਲ ਇਸ ਸਬੰਧੀ ਇਕ ਮਤੇ ਨੂੰ ਪ੍ਰਵਾਨਗੀ ਦਿੱਤੀ। ਜਥੇਬੰਦੀਆਂ ਨੇ ਸੋਧੇ ਗਏ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਦਿਆਂ ਰਵਾਇਤੀ ਕੈਲੰਡਰ ਦਾ ਸਾਲ 2010 ਦਾ ਅੰਕ ਵੀ ਰਿਲੀਜ਼ ਕੀਤਾ। ਕਨਵੈਨਸ਼ਨ ਵਿਚ ਕੋਈ ਕੱਦਾਵਰ ਆਗੂ ਤਾਂ ਸ਼ਾਮਲ ਨਾ ਹੋਇਆ ਪਰ ਛੋਟੀਆਂ-ਛੋਟੀਆਂ ਜਥੇਬੰਦੀਆਂ ਦੇ ਸਥਾਨਕ ਕਿਸਮ ਦੇ ਆਗੂ ਹੀ ਨਜ਼ਰ ਆਏ। ਪਰ ਆਮ ਲੋਕ, ਸ਼੍ਰੋਮਣੀ ਕਮੇਟੀ ਤੋਂ ਦੁਖੀ ਨਜ਼ਰ ਆਏ ਅਤੇ ਉਹ ਚਾਹੁੰਦੇ ਸਨ ਕਿ ਬਾਦਲ ਵਿਰੋਧੀ ਗੰਭੀਰ ਲੀਡਰਸ਼ਿਪ ਉਭਰੇ ਤਾਂ ਕਿ ਮਤੇ ਪਾਸ ਕਰਨ ਅਤੇ ਜੈਕਾਰੇ ਛੱਡਣ ਤੋਂ ਗੱਲ ਅੱਗੇ ਵੀ ਚਲਾਈ ਜਾ ਸਕੇ।

# ਗੁਰੂ ਗ੍ਰੰਥ ਸਾਹਿਬ ਨੂੰ ਚੁੱਕਣ ਵਾਲਿਆਂ ਦਾ ਵਿਰੋਧ

**ਜਲੰਧਰ :** ਭਗਤ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਦੇ ਪ੍ਰਧਾਨ ਬਾਬਾ ਨਿਰਮਲ ਦਾਸ ਜੋੜੇ ਵਾਲਿਆਂ ਨੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਕਿਹਾ ਕਿ ਜੁਗੋ-ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਭਗਤ ਰਵਿਦਾਸ ਜੀ ਨਾਮਲੇਵਾ ਸੰਗਤਾਂ ਲਈ ਮੁੱਖ ਮਾਰਗ ਹੈ। ਭਗਤ ਰਵਿਦਾਸ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਕਰਕੇ ਪਛੜੀਆਂ ਸ਼੍ਰੇਣੀਆਂ ਨੂੰ ਜੋ ਮਾਣ ਦਿੱਤਾ ਗਿਆ ਹੈ, ਇਸ ਦੀ ਮਿਸਾਲ ਕਿਤੇ ਹੋਰ ਨਹੀਂ ਮਿਲਦੀ। ਅਜੋਕੇ ਯੁੱਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੂਹ ਪੱਛੜੀਆਂ ਸ਼੍ਰੇਣੀਆਂ ਸਮੇਤ ਹਰਵਰਗ ਲਈ ਮੁਕੰਮਲ ਰਾਹ ਦਸੇਰਾ ਹਨ। ਸਮਾਜ ਦੇ ਭਲੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਕਬੂਲਣੀ ਚਾਹੀਦੀ ਹੈ। ਜੋ ਲੋਕ ਭਗਤ ਰਵਿਦਾਸ ਜੀ ਦੇ ਗੁਰਦੁਆਰਿਆਂ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਚੁਕਵਾਉਣ ਦੀ ਗੱਲ ਕਰਦੇ ਹਨ, ਉਨ੍ਹਾਂ ਦਾ ਅਸੀਂ ਖੁੱਲ੍ਹ ਕੇ ਵਿਰੋਧ ਕਰਾਂਗੇ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਹੁਕਮਨਾਮੇ ਜਾਰੀ ਕਰਨ ਦਾ ਕਿਸੇ ਡੇਰੇਦਾਰ ਨੂੰ ਹੱਕ ਨਹੀਂ ਹੈ। ਰਵਿਦਾਸ ਜੀ ਨੂੰ ਮੰਨਣ ਵਾਲੀਆਂ ਨਾਮਲੇਵਾ ਸੰਗਤਾਂ ਲਈ ਰਵਿਦਾਸ ਸ਼੍ਰੇਸ਼ਠ ਹਨ ਪਰ ਰਵਿਦਾਸੀਆ ਧਰਮ ਨਹੀਂ ਹੋ ਸਕਦਾ।

# ਗੰਗਾ ਨਦੀ ਦੀ ਸਫਾਈ ਕਰਨ ਦੀ ਪੇਸ਼ਕਸ਼

**ਅੰਮ੍ਰਿਤਸਰ:**ਦਿਨ-ਬ-ਦਿਨ ਮੈਲੀ ਹੁੰਦੀ ਜਾ ਰਹੀ ਗੰਗਾ ਨਦੀ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਵਿਚ ਸਰਕਾਰ ਦੀ ਨਾਕਾਮੀ ਪਿੱਛੋਂ ਹੁਣ ਸ੍ਰੀ ਅਕਾਲ ਤਖਤ ਸਾਹਿਬ ਨੇ ਇਹ ਜ਼ਿੰਮੇਵਾਰੀ ਆਪਣੇ ਹੱਥਾਂ 'ਚ ਲੈਣ ਦੀ ਸ਼ਰਤਾਂ ਸਮੇਤ ਪੇਸ਼ਕਸ਼ ਕੀਤੀ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਸ਼ਰਤ ਇਹ ਰੱਖੀ ਹੈ ਕਿ ਹਰਿਦੁਆਰ ਵਿਖੇ ਹਰ ਕੀ ਪੌੜੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਧਿਆਨ ਵਾਲੀ ਥਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀ ਜਾਵੇ। ਉਤਰਾਖੰਡ ਦੇ ਸ਼ਹੀਦ ਊਧਮ ਸਿੰਘ ਨਗਰ ਜ਼ਿਲੇ ਵਿਚ ਸਥਿਤ ਇਤਿਹਾਸਕ ਗੁਰਦੁਆਰਾ ਸ੍ਰੀ ਨਾਨਕ ਮੱਤਾ ਸਾਹਿਬ ਵਿਖੇ ਹਿੰਦੂ-ਪੰਜਾਬੀ ਸਿੱਖ ਏਕਤਾ ਸਮਾਗਮ ਵਿਚ ਹਿੱਸਾ ਲੈਣ ਲਈ ਆਏ ਹੋਏ ਸਿੰਘ ਸਾਹਿਬ ਨੇ ਕਿਹਾ ਕਿ ਜੇ ਸਰਕਾਰ ਸ੍ਰੀ ਗੁਰੂ ਨਾਨਕ ਜੀ ਦੇ ਧਿਆਨ ਵਾਲੀ ਥਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਦੀ ਹੈ ਤਾਂ ਉਥੇ ਇਕ ਵਿਸ਼ਾਲ ਗੁਰਦੁਆਰੇ ਦੀ ਉਸਾਰੀ ਕੀਤੀ ਜਾਵੇ ਅਤੇ ਉਸ ਤੋਂ ਬਾਅਦ ਹਰਿਦੁਆਰ ਅਤੇ ਨਾਲ ਲੱਗਦੀ ਗੰਗਾ ਨਦੀ ਨੂੰ ਕਾਰ ਸੇਵਾ ਰਾਹੀਂ ਸਾਫ ਕਰਵਾਇਆ ਜਾਵੇਗਾ। ਉਨ੍ਹਾਂ ਉਤਰਾਖੰਡ ਸਰਕਾਰ ਕੋਲੋਂ ਮੰਗ ਕੀਤੀ ਕਿ ਸਿੱਖਾਂ ਦੇ ਪਵਿੱਤਰ ਧਾਰਮਿਕ ਅਸਥਾਨ ਸ੍ਰੀ ਹੇਮਕੁੰਟ ਸਾਹਿਬ ਨੂੰ ਗੰਗੋਤਰੀ, ਯਮੋਤਰੀ, ਬਦਰੀਨਾਥ ਅਤੇ ਕੇਦਾਰਨਾਥ ਤੋਂ ਬਾਅਦ ਸੂਬੇ ਦਾ 5ਵਾਂ ਧਾਮ ਐਲਾਨਿਆ ਜਾਏ।






## ਪੰਜਾਬ ਪੁਲਿਸ ਦੇ ਮੁਖੀ ਤੇ ਸੁਖਬੀਰ ਬਾਦਲ ਵਿਚ ਅਣਬਣ?

**ਲੁਧਿਆਣਾ :** ਅਕਾਲੀ-ਭਾਜਪਾ ਸਰਕਾਰ ਨੇ ਪਿਛਲੇ ਵਰ੍ਹੇ ਉਚੇਚੇ ਯਤਨਾਂ ਨਾਲ ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ ਬਣਾਏ ਗਏ ਪਰਮਦੀਪ ਸਿੰਘ ਗਿੱਲ ਨੂੰ ਕੇਂਦਰ ਵਿਚ ਹੁਣ ਭੇਜਣ ਦੀ ਤਿਆਰੀ ਕਰ ਲਈ ਹੈ ਅਤੇ ਪੰਜਾਬ ਕਾਡਰ ਦੇ ਹੀ ਇੱਕ ਸੀਨੀਅਰ ਗੈਰ ਸਿੱਖ ਆਈ.ਪੀ.ਐਸ. ਅਧਿਕਾਰੀ ਨੂੰ ਇਸ ਅਹੁਦੇ 'ਤੇ ਨਿਯੁਕਤ ਕੀਤੇ ਜਾਣ ਦੀ ਸੰਭਾਵਨਾ ਹੈ। ਪਿਛਲੇ ਸਾਲ ਜੁਲਾਈ ਮਹੀਨੇ ਸ੍ਰੀ ਗਿੱਲ ਨੂੰ ਇਸ ਅਹੁਦੇ 'ਤੇ ਨਿਯੁਕਤ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਚੇਚੇ ਤੌਰ 'ਤੇ ਪੰਜਾਬ ਸਰਕਾਰ ਪਾਸੋਂ ਪੰਜਾਬ ਪੁਲੀਸ ਐਕਟ ਵਿਚ ਸੋਧ ਕਰਵਾਈ ਸੀ। ਇਹ ਸੋਧ ਇਸ ਲਈ ਜ਼ਰੂਰੀ ਹੋ ਗਈ ਸੀ ਕਿਉਂਕਿ ਪਿਛਲੀ ਕਾਂਗਰਸ ਸਰਕਾਰ ਮੌਕੇ ਕੈਪਟਨ ਅਮਰਿੰਦਰ ਸਿੰਘ ਵਲੋਂ ਵੀ ਇਸੇ ਤਰ੍ਹਾਂ ਪਹਿਲਾਂ ਏ.ਏ. ਸਿਦੀਕੀ ਅਤੇ ਬਾਅਦ ਵਿਚ ਸਰਬਦੀਪ ਸਿੰਘ ਵਿਰਕ ਨੂੰ ਪੰਜਾਬ ਤੋਂ ਬਾਹਰਲੇ ਕੇਡਰਾਂ ਵਿਚੋਂ ਉਚੇਚੇ ਤੌਰ 'ਤੇ ਲਿਆ ਕੇ ਪੰਜਾਬ ਦਾ ਡੀ.ਜੀ.ਪੀ. ਲਾਏ ਜਾਣ ਵਿਰੁਧ ਸ੍ਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹੋਰ ਨੇਤਾਵਾਂ ਨੇ ਵੀ ਤਿੱਖਾ ਰੋਸ ਪ੍ਰਗਟ ਕੀਤਾ ਸੀ। ਕਿਹਾ ਗਿਆ ਸੀ ਕਿ ਭਵਿੱਖ ਵਿਚ ਸੂਬੇ ਦਾ ਡੀ.ਜੀ.ਪੀ. ਪੰਜਾਬ ਕੇਡਰ ਦੇ ਅਧਿਕਾਰੀਆਂ ਵਿਚੋਂ ਹੀ ਲਾਇਆ ਜਾਵੇਗਾ। ਸ੍ਰੀ ਪਰਮਦੀਪ ਸਿੰਘ ਗਿੱਲ ਨੂੰ ਡੀ.ਜੀ.ਪੀ. ਅਹੁਦਾ ਪੰਜਾਬ ਦੇ ਕਈ ਸੀਨੀਅਰ ਆਈ.ਪੀ.ਐਸ. ਅਧਿਕਾਰੀਆਂ ਨੂੰ ਅੱਖੋਂ-ਪਰੋਖੇ ਕਰਕੇ ਸੌਂਪਿਆ ਗਿਆ ਸੀ। ਉਸ ਵੇਲੇ ਉਹ ਜੰਮੂ-ਕਸ਼ਮੀਰ ਦੇ ਸੀ.ਆਈ.ਡੀ. ਵਿਭਾਗ ਵਿਚ ਡਾਇਰੈਕਟਰ ਜਨਰਲ ਦੇ ਅਹੁਦੇ 'ਤੇ ਤਾਇਨਾਤ ਸਨ ਜਦਕਿ ਉਨ੍ਹਾਂ ਦੇ ਵੱਡੇ ਭਰਾ ਰਾਜਦੀਪ ਸਿੰਘ ਗਿੱਲ ਪੰਜਾਬ ਪੁਲਿਸ ਦੇ ਕਾਰਜਕਾਰੀ ਡਾਇਰੈਕਟਰ ਜਨਰਲ ਸਨ। ਮਹਾਰਾਜਾ ਰਣਜੀਤ ਸਿੰਘ ਪੰਜਾਬ ਪੁਲੀਸ ਅਕੈਡਮੀ ਫਿਲੌਰ ਦੇ ਡਾਇਰੈਕਟਰ ਸ੍ਰੀ ਰਾਜਦੀਪ ਸਿੰਘ ਗਿੱਲ ਨੂੰ ਲੋਕ ਸਭਾ ਚੋਣਾਂ ਮੌਕੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਆਰਜ਼ੀ ਤੌਰ 'ਤੇ ਇਸ ਅਹੁਦੇ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ।



## ਮੁੱਖ ਮੰਤਰੀ ਦੀ ਵਿਧਵਾ ਨੂੰ ਕੈਬਨਿਟ ਰੈਂਕ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦੀ ਅਕਾਲੀ ਸਰਕਾਰ ਨੇ ਮਰਹੂਮ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਦੀ ਵਿਧਵਾ ਗੁਰਵਿੰਦਰ ਕੌਰ ਬਰਾੜ ਨੂੰ ਸਰਕਾਰੀ ਗੱਡੀ ਸਮੇਤ ਕੈਬਨਿਟ ਰੈਂਕ ਦੇਣ ਦੀ ਤਿਆਰੀ ਕਰ ਲਈ ਹੈ। ਬਰਾੜ ਪਰਵਾਰ ਨੂੰ ਸਰਕਾਰੀ ਗੱਡੀ ਸਮੇਤ ਹੋਰ ਸਹੂਲਤਾਂ ਦੇਣ ਨਾਲ ਮਾਮਲਾ ਭਖ ਗਿਆ ਹੈ। ਪੁੱਛਿਆ ਜਾ ਰਿਹਾ ਹੈ ਕਿ ਬਰਾੜ ਪਰਵਾਰ ਕੋਲ ਕਿਸ ਗੱਲ ਦੀ ਘਾਟ ਹੈ ਜੋ ਉਸ ਨੂੰ ਇਹ ਸਹੂਲਤਾਂ ਦਿਤੀਆਂ ਜਾ ਰਹੀਆਂ ਹਨ। ਗੁਰਵਿੰਦਰ ਕੌਰ ਬਰਾੜ ਦੋ ਵਾਰ ਵਿਧਾਇਕ ਤੇ ਲੋਕ ਸਭਾ ਮੈਂਬਰ ਰਹਿ ਚੁੱਕੇ ਹਨ ਤੇ ਪੰਜਾਬ ਦੇ ਸਾਬਕਾ ਰਾਜ ਮੰਤਰੀ ਵੀ ਹਨ।

ਪ੍ਰਕਾਸ਼ ਸਿੰਘ ਬਾਦਲ ਦੇ ਬਰਾੜ ਪਰਵਾਰ ਨਾਲ ਗੂੜ੍ਹੇ ਸਬੰਧ ਹਨ। ਸ. ਬਾਦਲ ਵਿਧਾਨ ਸਭਾ ਸੈਸ਼ਨ ਦੀ ਕਾਰਵਾਈ ਦੌਰਾਨ ਖੁਦ ਦੱਸ ਚੁੱਕੇ ਹਨ ਕਿ ਉਨ੍ਹਾਂ ਦੀ ਸਿਫ਼ਾਰਸ਼ 'ਤੇ ਮਰਹੂਮ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਨੇ ਸ. ਬਰਾੜ ਨੂੰ ਹਰਿਆਣਾ ਦਾ ਰਾਜਪਾਲ ਲਾਇਆ ਸੀ। ਬੀਬੀ ਬਰਾੜ ਨੂੰ ਸਹੂਲਤਾਂ ਦੇਣ ਦੇ ਸਬੰਧ 'ਚ ਸੂਬੇ ਦੇ ਮੁੱਖ ਸਕੱਤਰ ਸੁਬੋਧ ਚੰਦਰ ਅਗਰਵਾਲ ਨੇ ਦਸਿਆ ਕਿ ਗ੍ਰਹਿ ਮਹਿਕਮੇ ਦੀ ਤਜਵੀਜ਼ ਆਈ ਸੀ ਅਤੇ ਇਸ ਸਬੰਧੀ ਦੋ ਮੀਟਿੰਗਾਂ ਹੋ ਚੁੱਕੀਆਂ ਹਨ ਪਰ ਹਾਲੇ ਕੋਈ ਫ਼ੈਸਲਾ ਨਹੀਂ ਲਿਆ ਗਿਆ। ਸਰਕਾਰੀ ਹਲਕਿਆਂ ਅਨੁਸਾਰ ਸ. ਬਾਦਲ ਦੀ ਸਿਫ਼ਾਰਸ਼ 'ਤੇ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਅੜਿੱਕਾ ਡਾਹ ਸਕਦੇ ਹਨ ਕਿਉਂਕਿ ਬਰਾੜ ਪਰਵਾਰ ਦੀ ਹੈਸੀਅਤ ਅਨੁਸਾਰ ਸਹੂਲਤਾਂ ਦਾ ਕੋਈ ਮਤਲਬ ਨਹੀਂ ਬਣਦਾ। ਸਰਕਾਰ ਕੋਈ ਕਾਰਨ ਲੱਭ ਰਹੀ ਹੈ ਕਿ ਕਿਸੇ ਬਹਾਨੇ ਨਾਲ ਬਰਾੜ ਪਰਵਾਰ ਨੂੰ ਵੀ.ਆਈ.ਪੀ ਸਹੂਲਤ ਦਿਤੀ ਜਾਵੇ। ਮਰਹੂਮ ਬਰਾੜ ਦੇ ਪੁੱਤਰ ਸੰਨੀ ਬਰਾੜ ਵੀ ਹਲਕਾ ਮੁਕਤਸਰ ਤੋਂ ਵਿਧਾਇਕ ਹਨ। ਗ੍ਰਹਿ ਸਕੱਤਰ ਏ.ਆਰ. ਤਲਵਾੜ ਦਾ ਕਹਿਣਾ ਹੈ ਕਿ ਉਸ ਨੂੰ ਅਜਿਹੀ ਤਜਵੀਜ਼ ਬਾਰੇ ਕੋਈ ਜਾਣਕਾਰੀ ਨਹੀਂ। ਇਸ ਤੋਂ ਪਹਿਲਾਂ ਮਰਹੂਮ ਬੇਅੰਤ ਸਿੰਘ ਦੀ ਵਿਧਵਾ ਜਸਵੰਤ ਕੌਰ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਵਿਧਵਾ ਨੂੰ ਵੀ.ਆਈ.ਪੀ ਸਹੂਲਤਾਂ ਸਰਕਾਰ ਵਲੋਂ ਮਿਲੀਆਂ ਹੋਈਆਂ ਹਨ।

ਅਕਾਲੀ ਸਰਕਾਰ ਵਿਚ ਉਂਜ ਕੈਬਨਿਟ ਰੈਂਕ ਦਾ ਕੋਈ ਰੁਤਬਾ ਨਹੀਂ ਰਿਹਾ। ਸ. ਬਾਦਲ ਨੇ ਬੋਰਡ, ਨਿਗਮ ਅਤੇ ਜ਼ਿਲ੍ਹਾ ਯੋਜਨਾ ਕਮੇਟੀਆਂ ਦੇ ਚੇਅਰਮੈਨਾਂ ਨੂੰ ਵੀ ਕੈਬਨਿਟ ਮੰਤਰੀ ਦਾ ਰੁਤਬਾ ਦਿਤਾ ਹੋਇਆ ਹੈ। ਮੁੱਖ ਮੰਤਰੀ ਦੇ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ ਕੋਲ ਵੀ ਕੈਬਨਿਟ ਰੈਂਕ ਹੈ। ਸਿਰਫ਼ ਹਰਚਰਨ ਸਿੰਘ ਬੈਂਸ ਕੋਲ ਰਾਜ ਮੰਤਰੀ ਦਾ ਰੁਤਬਾ ਹੈ ਜਦਕਿ ਭਾਜਪਾ ਕੋਟੇ ਚੋਂ ਬਣੇ ਚੇਅਰਮੈਨ ਵੀ ਕੈਬਨਿਟ ਰੈਂਕ ਲਈ ਤਰਸ ਰਹੇ ਹਨ। ਇਨ੍ਹਾਂ ਨੂੰ ਵੀ ਕੈਬਨਿਟ ਅਹੁਦੇ ਦੇ ਕੇ ਅਕਾਲੀ ਕੈਬਨਿਟ ਸਰਕਾਰ ਨਾਂ ਰੱਖ ਲੈਣਾ ਚਾਹੀਦਾ ਹੈ।


M&J ROAD SERVICE

ਮੇਜਰ ਬਰਾਂਡ ਦੇ ਹੋਲ ਸੇਲ ਕੀਮਤ ਦੇ ਟਾਇਰ ਅਲੂਮੀਨੀਅਮ ਦੇ ਰਿਮ ਅਤੇ ਰੋਡ ਸਰਵਿਸ ਆਪਣੀਆਂ ਦੋਨੋਂ ਲੋਕੇਸ਼ਨਾਂ ਤੇ ਉਪਲਭਦ ਹਨ।
24 ਘੰਟੇ ਸਿਕਿਊਰਿਟੀ ਗਾਰਡ ਦੀ ਨਿਗਰਾਨੀ ਹੇਠ
5 ਏਕੜ ਵਿੱਚ ਟਰੱਕ ਪਾਰਕਿੰਗ ਦੀ ਸਹੂਲਤ ਹੈ

BRIDGESTONE MICHELIN Firestone YOKOHAMA GOODYEAR BFGoodrich

MAJOR BRANDED & WHOLE SALE PRICE
TIRES • RIMS • ROAD SERVICE • SNOW CHAINS
SECURE TRUCK PARKING
Freeway 5 - 11401 Harlan Rd. Lathrop CA 95330
Across from Kenworth
Freeway 99 - 3327 South Hwy 99, Stockton CA 95215
New & Used Tires & Truck Repair Service Available
Hardeep Singh Cell: 209-450-8981
Off : 209-456-0182



ਆਪਣਾ ਕਰੈਡਿਟ ਬਚਾਓ FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE



Manjit Gill
President
CA Lic#0B23990

- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE

EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com



B&B
REGISTRATION & TRAVEL SERVICES
ALL DOMESTIC & INTERNATIONAL AIR TICKET
○ICC ○DOT ○IRP ○FUEL TAX
○ALL TRUCK PAPER WORK & INSURANCE ETC.
ਹਵਾਈ ਜਹਾਜ ਦੀਆਂ ਸਸਤੀਆਂ ਟਿਕਟਾਂ ਲਈ ਸੰਪਰਕ ਕਰੋ
Call : Sukhvir
Office: 661-832-5500
Office: 661-832-5510
Fax : 661-832-5520
bb4dmv@yahoo.com
3905 Hughes Ln, Ste. C Bakersfield CA 93304

# ਗਡਕਰੀ ਦੀ ਫੇਰੀ ਤੋਂ ਇਕ ਦਿਨ ਪਹਿਲਾਂ ਗੋਲੀ ਚੱਲੀ

**ਅੰਮ੍ਰਿਤਸਰ:** ਸਥਾਨਕ ਕਚਹਿਰੀਆਂ ਵਿਚ ਭਾਰੀ ਪੁਲਸ ਫੋਰਸ ਦੇ ਬਾਵਜੂਦ ਦੋ ਗਰੋਹਾਂ ਵਿਚਕਾਰ ਚਿੱਟੇ ਦਿਨ ਚੱਲੀ ਅੰਧਾ-ਧੁੰਦ ਗੋਲੀ 'ਚ ਇੱਕ ਵਿਅਕਤੀ ਦੀ ਮੌਤ ਹੋ ਗਈ।

ਪ੍ਰਾਪਤ ਜਾਣਕਾਰੀ ਅਨੁਸਾਰ 17 ਜਨਵਰੀ ਦੁਪਹਿਰ ਦੋ ਵਜੇ ਬਾਕਸਰ ਗੈਂਗ ਦੇ ਮੁਖੀ ਜਗਤਾਰ ਸਿੰਘ ਬਾਕਸਰ ਨੂੰ ਪੁਲਸ ਸਥਾਨਕ ਜੇਲ੍ਹ ਵਿਚੋਂ ਤਰੀਕ ਭੁਗਤਾਉਣ ਲਈ ਲੈ ਕੇ ਆਈ ਸੀ, ਤਾਂ ਉਸ ਸਮੇਂ ਹੀ ਲਿਖਾਰੀ ਗੈਂਗ ਦੇ ਅਮਨ ਮੋਟੇ ਨੂੰ ਵੀ ਪੱਟੀ ਜੇਲ੍ਹ ਵਿਚੋਂ ਪੁਲਸ ਪੇਸ਼ੀ ਭੁਗਤਾਉਣ ਲਈ ਲੈਕੇ ਆਈ ਸੀ। ਇਸੇ ਸਮੇਂ ਹੀ ਰਾਜੂ ਚਿਕਨਾ, ਜੋ ਬਾਕਸਰ ਗੈਂਗ ਨਾਲ ਸੰਬੰਧਤ ਹੈ, ਵੀ ਤਰੀਕ ਭੁਗਤਣ ਆਇਆ ਸੀ। ਕਚਹਿਰੀ ਕੰਪਲੈਕਸ ਪੂਰੀ ਤਰ੍ਹਾਂ ਖਾਕੀ ਰੰਗ ਵਿਚ ਰੰਗਿਆ ਪਿਆ ਸੀ ਕਿ ਅਚਾਨਕ ਇੱਕ ਸਲੇਟੀ ਰੰਗ ਦੀ ਸਕਾਰਪੀਉ ਗੱਡੀ ਆਈ, ਜਿਸ ਵਿਚੋਂ ਹਥਿਆਰ ਤੇ ਗੋਲੀ ਸਿੱਕੇ ਨਾਲ ਲੈਸ ਨੌਜਵਾਨ ਬਾਹਰ ਨਿਕਲਿਆ। ਜਿਸ ਨੇ ਆਉਂਦਿਆਂ ਹੀ ਫਾਇਰਿੰਗ ਸ਼ੁਰੂ ਕਰ ਦਿੱਤੀ। ਬਾਕਸਰ ਗੈਂਗ ਨੂੰ ਲੈਕੇ ਆਈ ਪੁਲਸ ਪਾਰਟੀ ਬੜੀ ਤੇਜੀ ਨਾਲ ਦੌੜ ਕੇ ਕਚਹਿਰੀ ਦੀ ਇਮਾਰਤ ਵਿਚ ਦਾਖਲ ਹੋ ਗਈ। ਗੋਲੀ ਦੀ ਆਵਾਜ਼ ਸੁਣ ਕੇ ਕਚਹਿਰੀ ਵਿਚ ਮੌਜੂਦ ਲੋਕਾਂ, ਵਕੀਲਾਂ ਤੇ ਪੁਲਸ ਵਿਚ ਹਫੜਾ-ਦਫ਼ੜੀ ਮਚ ਗਈ ਤੇ ਸਾਰੇ ਆਪਣੀ-ਆਪਣੀ ਜਾਨ ਬਚਾਉਣ ਲਈ ਇੱਧਰ-ਓਧਰ ਭੱਜ ਗਏ। ਰਾਜੂ ਚਿਕਨਾ ਵੀ ਆਪਣੀ ਜਾਨ ਬਚਾਉਣ ਲਈ ਭੱਜਿਆ, ਤਾਂ ਫਾਇਰਿੰਗ ਕਰਨ ਵਾਲੇ ਨੌਜਵਾਨ ਨੇ ਪੂਰੀ ਦੀਦਾ-ਦਲੇਰੀ ਕਰਦਿਆਂ ਚਿਕਨੇ ਨੂੰ ਉਸ ਵੇਲੇ ਜਾ ਦਬੋਚਿਆ ਜਦੋਂ ਉਹ ਕੰਧ ਟੱਪ ਕੇ ਦੌੜਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਅਣਪਛਾਤੇ ਵਿਅਕਤੀ ਨੇ ਚਿਕਨੇ ਨੂੰ ਗਿਰੇਬਾਨ ਤੋਂ ਫੜ ਕੇ ਉਸਦੀ ਕਨਪਟੀ 'ਤੇ ਪਿਸਤੌਲ ਤਾਣ ਕੇ ਗੋਲੀ ਮਾਰ ਦਿੱਤੀ।

ਹਮਲਾਵਰ ਨੌਜਵਾਨ ਗੋਲੀਆਂ ਚਲਾਉਂਦਾ ਹੋਇਆ ਮੁੜ ਆਪਣੀ ਗੱਡੀ ਵਿਚ ਬੈਠ ਕੇ ਪੁਲਸ ਕਰਮਚਾਰੀਆਂ ਨੂੰ ਮੂੰਹ ਚਿੜ੍ਹਾਉਂਦਾ ਹੋਇਆ ਦੌੜ ਗਿਆ, ਪਰ ਕਿਸੇ ਵੀ ਪੁਲਸ ਕਰਮਚਾਰੀ ਨੇ ਉਸਨੂੰ ਫੜਨ ਦੀ ਕੋਸ਼ਿਸ਼ ਨਾ ਕੀਤੀ। ਕਚਹਿਰੀ ਕੰਪਲੈਕਸ ਵਿਚ ਪੁਲਸ ਚੌਕੀ ਬਣੀ ਹੋਈ ਹੈ ਤੇ ਜ਼ਿਲ੍ਹਾ ਪੁਲਸ ਮੁਖੀ ਦਾ ਦਫਤਰ ਤੇ ਥਾਣਾ ਸਿਵਲ ਲਾਈਨ ਘਟਨਾ ਵਾਲੇ ਸਥਾਨ ਤੋਂ ਚੰਦ ਕਦਮ ਦੀ ਦੂਰੀ 'ਤੇ ਹੀ ਸਥਿਤ ਹਨ। ਘਟਨਾ ਦੇ ਵਾਪਰਨ ਤੋਂ ਬਾਅਦ ਜ਼ਿਲ੍ਹਾ ਪੁਲਿਸ ਮੁਖੀ ਪੀ ਕੇ ਰਾਏ ਅਤੇ ਆਈ ਜੀ ਬਾਰਡਰ ਰੇਂਜ ਲੰਘ ਗਏ ਸੱਪ ਦੀ ਲਕੀਰ ਨੂੰ ਕੁੱਟਣ ਲਈ ਭਾਰੀ ਫੋਰਸ ਸਮੇਤ ਪੁੱਜ ਗਏ। ਸੂਤਰਾਂ ਨੇ ਦੱਸਿਆ ਕਿ ਅੰਧਾਧੁੰਦ ਫਾਇਰਿੰਗ ਕਰਨ ਵਾਲੇ ਨੌਜਵਾਨ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਰਾਜੂ ਚਿਕਨਾ ਨੂੰ ਤੁਰੰਤ ਹਸਪਤਾਲ ਦਾਖਲ ਕਰਾਇਆ ਗਿਆ ਜਿਥੇ ਦੂਜੇ ਦਿਨ ਰਾਜੂ ਚਿਕਨਾ ਦੀ ਮੌਤ ਹੋ ਗਈ ਹੈ। ਰਾਜੂ ਚਿਕਨਾ ਦੀ ਮੌਤ 'ਤੇ ਪੁਲਿਸ ਵਲੋਂ ਸ਼ਹਿਰ ਵਿਚ ਸਖਤ ਸੁਰਖਿਆ ਪ੍ਰਬੰਧ ਕਰਕੇ ਰਾਜੂ ਚਿਕਨਾ ਦੇ ਘਰ ਬਾਹਰ ਭਾਰੀ ਤਾਦਾਦ ਵਿਚ ਪੁਲਸ ਫੋਰਸ ਲਾਈ ਗਈ ਸੀ। ਜ਼ਿਕਰਯੋਗ ਹੈ ਕਿ ਰਾਜੂ ਚਿਕਨਾ ਖਿਲਾਫ ਕਈ ਕੇਸ ਦਰਜ ਸਨ। ਡੀ ਐਸ ਪੀ ਸਿਵਲ ਲਾਈਨ ਲਖਬੀਰ ਸਿੰਘ ਨੇ ਦੱਸਿਆ ਕਿ ਕਚਹਿਰੀ ਕੰਪਲੈਕਸ ਵਿਚ ਗੋਲੀ ਚਲਾਉਣ ਵਾਲੇ ਵਿਅਕਤੀਆਂ ਦੀ ਪਛਾਣ ਕਰ ਲਈ ਗਈ ਹੈ।

ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਦੀ ਫੇਰੀ ਤੋਂ ਇਕ ਦਿਨ ਪਹਿਲਾਂ ਅਤੇ ਪਾਕਿਸਤਾਨੀ ਫਿਦਾਇਨ ਦੀ ਪੇਸ਼ੀ ਵੇਲੇ ਸਥਾਨਕ ਜ਼ਿਲ੍ਹਾ ਕਚਿਹਰੀਆਂ ਵਿਚ ਵਾਪਰੇ ਗੋਲੀ ਕਾਂਡ ਨੇ ਅੰਮ੍ਰਿਤਸਰ ਦੀ ਹੀ ਨਹੀਂ, ਪੂਰੇ ਪੰਜਾਬ ਦੀ ਕਾਨੂੰਨ ਵਿਵਸਥਾ 'ਤੇ ਸਵਾਲੀਆ ਨਿਸ਼ਾਨ ਲਾ ਕੇ ਰੱਖ ਦਿੱਤਾ ਹੈ। ਚਿੱਟੇ ਦਿਨ ਬਦਮਾਸ਼ਾਂ ਦੇ ਦੋ ਖਤਰਨਾਕ ਗਿਰੋਹਾਂ 'ਚ ਹੋਈ ਗੋਲੀਬਾਰੀ ਦੀ ਇਸ ਘਟਨਾ ਕਾਰਨ ਪੂਰੇ ਸ਼ਹਿਰ 'ਚ ਦਹਿਸ਼ਤ ਦਾ ਮਾਹੌਲ ਹੈ। ਦਿਲਚਸਪ ਪਹਿਲੂ ਇਹ ਹੈ ਕਿ ਇਨ੍ਹਾਂ ਦੋਹਾਂ ਗਿਰੋਹਾਂ ਨੂੰ ਸੱਤਾਧਾਰੀ ਧਿਰ ਦੇ ਹੀ ਦੋ ਵੱਖੋ-ਵੱਖ ਹਿੱਸਿਆਂ ਦੀ ਪੁਸ਼ਤਪਨਾਹੀ ਹੈ। ਸ਼ਹਿਰ ਵਿਚ ਅਮਨ ਕਾਨੂੰਨ ਦੀ ਸਥਿਤੀ ਇਸ ਕਦਰ ਚਰਮਰਾ ਗਈ ਹੈ ਕਿ ਗੁਰੂ ਦੀ ਪਵਿੱਤਰ ਨਗਰੀ ਜਾਣੇ ਜਾਂਦੇ ਇਸ ਵੇਲੇ ਧਾਰਮਕ ਨਗਰੀ ਘੱਟ ਤੇ ਚੋਰਾਂ, ਡਾਕੂਆਂ, ਲੁਟੇਰਿਆਂ, ਨੌਸਰਬਾਜ਼ਾਂ ਤੇ ਬਦਮਾਸ਼ਾਂ ਦੀ ਰਿਹਾਇਸ਼ਗਾਹ ਵਧੇਰੇ ਬਣ ਚੁੱਕੀ ਹੈ।

ਸਥਾਨਕ ਕਚਹਿਰੀਆਂ ਵਿਚ ਗੋਲੀਬਾਰੀ ਦੀ ਵਾਪਰੀ ਘਟਨਾ ਕੋਈ ਪਹਿਲੀ ਘਟਨਾ ਨਹੀਂ, ਸਗੋਂ ਇਸ ਤੋਂ ਪਹਿਲਾਂ ਵੀ ਅੱਤਵਾਦ ਦੇ ਕਾਲੇ ਦੌਰ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ। ਕਚਹਿਰੀ ਵਿਚ ਬੰਬ ਹੋਣ ਦੀਆਂ ਅਫਵਾਹਾਂ ਤਾਂ ਕਈ ਵਾਰੀ ਫੈਲ ਚੁੱਕੀਆਂ ਹਨ, ਪਰ ਜਦੋਂ ਦਾ ਨਵਾਂ ਕਚਹਿਰੀ ਕੰਪਲੈਕਸ ਬਣਿਆ ਹੈ, ਉਦੋਂ ਤੋਂ ਜ਼ਿਲ੍ਹਾ ਪ੍ਰਸ਼ਾਸਨ ਨੇ ਕਚਹਿਰੀ ਵਿਚ ਅਮਨ ਕਾਨੂੰਨ ਬਣਾਈ ਰੱਖਣ ਲਈ ਇਕ ਚੌਂਕੀ ਵੀ ਬਿਠਾ ਦਿੱਤੀ ਗਈ ਹੈ। ਇਸ ਕੰਪਲੈਕਸ ਵਿਚ ਜ਼ਿਲ੍ਹਾ ਸੈਸ਼ਨ ਜੱਜ, ਜ਼ਿਲ੍ਹਾ ਪੁਲਸ ਮੁਖੀ, ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ, ਜ਼ਿਲ੍ਹਾ ਪ੍ਰੀਸ਼ਦ ਸਕੱਤਰ, ਡੀਡੀ ਪੀਓ, ਡੀਈਓਪੀ, ਵਿਜੀਲੈਂਸ ਬਿਊਰੋ ਮੁਖੀ ਆਦਿ ਅਧਿਕਾਰੀਆਂ ਦੇ ਦਫਤਰ ਹਨ।

ਸ਼ਹਿਰ ਵਿਚ ਛੁਰੇਬਾਜ਼ੀ, ਕਿਰਪਾਨਬਾਜ਼ੀ ਤੇ ਚਿੱਟੇ ਦਿਨ ਔਰਤਾਂ ਕੋਲੋਂ ਪਰਸ ਖੋਹਣ ਉਨ੍ਹਾਂ ਦੇ ਗਹਿਣੇ ਲਾਹੁਣ ਦੀਆਂ ਘਟਨਾਵਾਂ ਤਾਂ ਅਕਸਰ ਹੀ ਵਾਪਰਦੀਆਂ ਹਨ, ਪਰ ਹਾਈ ਸਕਿਉਰਟੀ ਜ਼ੋਨ ਕਚਹਿਰੀ ਕੰਪਲੈਕਸ ਵਿਚ ਦੋ ਗਰੁੱਪਾਂ ਦੀ ਲੜਾਈ ਨੂੰ ਲੈ ਕੇ ਸਰੇਆਮ ਚੱਲੀ ਗੋਲੀ ਨੇ ਸ਼ਹਿਰ ਦੀ ਅਮਨ-ਕਾਨੂੰਨ ਦੀ ਸਥਿਤੀ 'ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਸਿਤਮ ਦੀ ਗੱਲ ਇਹ ਹੈ ਕਿ ਕਚਹਿਰੀ ਵਿਚ ਗੋਲੀ ਉਸ ਵੇਲੇ ਚੱਲੀ, ਜਦੋਂ ਵੀਰਵਾਰ ਨੂੰ ਸੀਮਾ ਸੁਰੱਖਿਆ ਬਲ ਦੁਆਰਾ ਫੜੇ ਗਏ ਆਤਮਘਾਤੀ ਫਿਦਾਇਨ ਨੂੰ ਪੁਲਸ ਅਦਾਲਤ ਵਿਚ ਪੇਸ਼ ਕਰਨ ਲਈ ਲਿਆਈ ਸੀ। ਪਹਿਲਾਂ ਤਾਂ ਪੁਲਸ ਵਾਲਿਆਂ ਨੇ ਇਹ ਹੀ ਸਮਝਿਆ ਸੀ ਕਿ ਫੜੇ ਗਏ ਫਿਦਾਇਨ ਨੂੰ ਛੁਡਵਾਉਣ ਲਈ ਹਮਲਾ ਹੋਇਆ ਹੈ, ਪਰ ਬਾਅਦ ਵਿਚ ਪਤਾ ਲੱਗਾ ਕਿ ਬਾਕਸਰ ਗਰੋਹ ਨੂੰ ਖਤਮ ਕਰਨ ਲਈ ਲਿਖਾਰੀ ਗਰੋਹ ਨੇ ਹਮਲਾ ਕੀਤਾ ਹੈ। ਇੱਕ ਫਿਦਾਇਨ ਦੀ ਪੇਸ਼ੀ ਸਮੇਂ ਜੇਕਰ ਏਨੇ ਨਾਕਸ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਭਵਿੱਖ ਵਿਚ ਇਸ ਆਤਮਘਾਤੀ ਫਿਦਾਇਨ ਨੂੰ ਛੁਡਵਾਉਣ ਲਈ ਸੁਪਾਰੀ ਲੈ ਕੇ ਗਲਤ ਅਨਸਰ ਕਾਰਵਾਈ ਕਰ ਸਕਦੇ ਹਨ। ਭਵਿੱਖ ਵਿਚ ਕਚਹਿਰੀ ਕੰਪਲੈਕਸ ਵਿਚ 26/11 ਵਰਗਾ ਕਾਂਡ ਵੀ ਵਾਪਰ ਸਕਦਾ ਹੈ।

# ਬਾਦਲ ਦੀ ਦੋਹਰੇ ਵਿਧਾਨ ਵਾਲੀ ਪਾਰਟੀ ਦੀ ਮਾਨਤਾ ਰੱਦ ਕਰਨ ਲਈ ਮੁਹਿੰਮ ਜਾਰੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵਲੋਂ ਇਕ ਧਾਰਮਕ ਅਤੇ ਦੂਜਾ ਧਰਮ ਨਿਰਪੱਖ ਵਿਧਾਨ ਪੇਸ਼ ਕਰਨ ਦੇ ਮੁੱਦੇ 'ਤੇ ਸਖ਼ਤ ਅਲੋਚਨਾ ਕਰਦਿਆਂ ਸੋਸ਼ਲਿਸਟ ਜਨਤਾ ਪਾਰਟੀ ਦੇ ਸੀਨੀਅਰ ਅਹੁਦੇਦਾਰ ਬਲਵੰਤ ਸਿੰਘ ਖੇੜਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਫ਼ਰਾਡ-ਏ-ਆਜ਼ਮ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗਾ।

ਮਾਲਟਾ ਕਿਸ਼ਤੀ ਕਾਂਡ ਦੇ ਪੀੜਤ ਪਰਵਾਰਾਂ ਲਈ ਹਾਅ ਦਾ ਨਾਹਰਾ ਮਾਰਨ ਵਾਲੇ ਬਲਵੰਤ ਸਿੰਘ ਖੇੜਾ ਨੇ ਕਿਹਾ ਕਿ ਚੋਣ ਕਮਿਸ਼ਨ ਦੀ ਮੰਗ ਉਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਗੁਰਦਵਾਰਾ ਚੋਣ ਕਮਿਸ਼ਨ ਨੂੰ ਦਿਤੇ ਪਾਰਟੀ ਵਿਧਾਨ ਤੋਂ ਵਖਰਾ ਇਕ ਹੋਰ ਵਿਧਾਨ ਸਿਆਸੀ ਚੋਣਾਂ ਦੀ ਖ਼ਾਤਰ ਭਾਰਤ ਦੇ ਚੋਣ ਕਮਿਸ਼ਨ ਨੂੰ ਦਿਤਾ ਹੈ ਜਿਸ ਵਿਚ ਅਕਾਲੀ ਦਲ ਨੂੰ ਧਰਮ ਨਿਰਪੱਖ ਪਾਰਟੀ ਲਿਖਿਆ ਹੋਇਆ ਹੈ। ਇਸ ਸਬੰਧੀ ਅਦਾਲਤ ਵਿਚ ਦਰਜ ਕੇਸ ਦੀ ਸੁਣਵਾਈ 11 ਫਰਵਰੀ ਨੂੰ ਹੁਸ਼ਿਆਰਪੁਰ ਵਿਖੇ ਹੋਵੇਗੀ। ਸ. ਖੇੜਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਦਾ ਇਕ ਡੈਲੀਗੇਸ਼ਨ ਛੇਤੀ ਹੀ ਗੁਰਦਵਾਰਾ ਚੋਣ ਕਮਿਸ਼ਨ ਨੂੰ ਮਿਲੇਗਾ ਤਾਂ ਕਿ ਆਉਂਦੀਆਂ ਚੋਣਾਂ 'ਚ ਬਾਦਲ ਪਾਰਟੀ 'ਤੇ ਪਾਬੰਦੀ ਲਗ ਸਕੇ ਕਿਉਂਕਿ ਨਵੇਂ ਵਿਧਾਨ ਅਨੁਸਾਰ ਅਕਾਲੀ ਦਲ ਬਾਦਲ ਹੁਣ ਧਾਰਮਕ ਪਾਰਟੀ ਨਹੀਂ ਰਹਿ ਗਈ।

ਗੁਰਦਵਾਰਾ ਚੋਣ ਕਮਿਸ਼ਨ ਨੂੰ ਭੇਜੀ ਗਈ ਚਿੱਠੀ ਉਤੇ ਸ. ਪ੍ਰਕਾਸ਼ ਸਿੰਘ ਬਾਦਲ ਦੇ ਦਸਤਖ਼ਤ ਹਨ ਜਦਕਿ ਭਾਰਤ ਦੇ ਚੋਣ ਕਮਿਸ਼ਨ ਨੂੰ ਭੇਜੀ ਪਾਰਟੀ ਵਿਧਾਨ ਦੀ ਕਾਪੀ ਉਤੇ ਸੁਖਬੀਰ ਸਿੰਘ ਬਾਦਲ ਦੇ ਦਸਤਖ਼ਤ ਹਨ। ਅਕਾਲ ਤਖਤ ਵਲੋਂ ਸ. ਬਾਦਲ ਵਿਰੁਧ ਸਖ਼ਤ ਐਕਸ਼ਨ ਲੈਣ ਦੀ ਮੰਗ ਕਰਦਿਆਂ ਖੇੜਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਅਜੇ ਤੱਕ ਉਸ ਹੁਕਮ ਦੀ ਵੀ ਪ੍ਰਵਾਹ ਨਹੀਂ ਕੀਤੀ ਜਿਸ ਰਾਹੀਂ ਜਥੇਦਾਰ ਵੇਦਾਂਤੀ ਨੇ ਸਿਆਸੀ ਦਲਾਂ ਨੂੰ ਪਾਰਟੀ ਦੇ ਨਾਂ ਨਾਲੋਂ ਅਕਾਲੀ ਸ਼ਬਦ ਕੱਟਣ ਲਈ ਕਿਹਾ ਸੀ। ਸ. ਖੇੜਾ ਨੇ 2001 'ਚ ਕੈਨੇਡਾ ਵਿਖੇ ਹੋਈ ਕਬੂਤਰਬਾਜ਼ੀ ਦੇ ਇਕ ਮਾਮਲੇ ਵਿਚ ਉਸ ਵੇਲੇ ਦੇ ਬਾਦਲ ਮੰਤਰੀ ਮੰਡਲੀ ਦੇ ਦੋਸ਼ੀ ਵਜ਼ੀਰ ਨੂੰ ਬਾਦਲ ਨੇ ਫਿਰ ਅਹੁਦਾ ਦੇ ਕੇ ਨਿਵਾਜਿਆ ਹੈ।

ਸ. ਖੇੜਾ ਨੇ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਵਿਚਲੀਆਂ ਸੋਧਾਂ ਪੰਥਕ ਸੋਚ ਨੂੰ ਢਾਹ ਲਾਉਣ ਵਾਸਤੇ ਕੀਤੀਆਂ ਗਈਆਂ ਹਨ। ਇਹ ਕੈਲੰਡਰ ਹੁਣ ਨਾ ਤਾਂ ਨਾਨਕਸ਼ਾਹੀ ਰਿਹਾ ਹੈ ਤੇ ਨਾ ਹੀ ਬਿਕਰਮੀ ਕਿਉਂਕਿ ਆਉਂਦੀ 14 ਮਾਰਚ ਤੋਂ ਲਾਗੂ ਹੋਣ ਵਾਲੀਆਂ ਸੋਧਾਂ ਅਨੁਸਾਰ ਗੁਰੂਆਂ ਦੇ ਗੁਰਪੁਰਬ, ਸ਼ਹੀਦੀ ਦਿਹਾੜੇ ਪੁਰਾਣੇ ਦੇਸੀ ਮਹੀਨਿਆਂ 'ਤੇ ਹੀ ਨਿਰਭਰ ਹੋਇਆ ਕਰਨਗੇ। ਉਨ੍ਹਾਂ ਕਿਹਾ ਕਿ ਸਿਆਸਤ ਅਤੇ ਧਰਮ ਦੇ ਮਿਲਗੋਭੇ ਨਾਲ ਅਕਾਲੀ ਦਲ ਬਾਦਲ ਗੋਲਕਾਂ ਦੇ ਪੈਸੇ ਸਿਆਸੀ ਹਿਤਾਂ ਲਈ ਵਰਤ ਰਿਹਾ ਹੈ। ਉਨ੍ਹਾਂ ਕਿਹਾ ਕਿ ਕੁੱਝ ਦਿਨਾਂ ਤਕ ਹਾਈਕੋਰਟ ਵਿਚ ਇਕ ਹੋਰ ਕੇਸ ਪਾਇਆ ਜਾ ਰਿਹਾ ਹੈ, ਜਿਸ ਵਿਚ ਭਾਰਤ ਦੇ ਚੋਣ ਕਮਿਸ਼ਨ ਨੂੰ ਅਕਾਲੀ ਦਲ ਬਾਦਲ ਦੀ ਮਾਨਤਾ ਖ਼ਤਮ ਕਰਨ ਲਈ ਕਿਹਾ ਜਾਵੇਗਾ।

# ਪੰਜਾਬ ਦੀ ਮਾੜੀ ਆਰਥਕ ਹਾਲਤ ਤੇ ਵਿੱਤ ਮੰਤਰੀ ਦੇ ਤਰਲੇ

**ਚੰਡੀਗੜ੍ਹ :** ਆਰਥਕ ਤੰਗੀ ਦਾ ਸਾਹਮਣਾ ਕਰ ਰਹੀ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਹੁਣ ਅਪਣੇ ਮੰਤਰੀਆਂ ਅਤੇ ਅਫ਼ਸਰਾਂ ਨੂੰ ਖ਼ਰਚੇ ਘੱਟ ਕਰਨ ਦੀਆਂ ਨਸੀਹਤਾਂ ਦੇ ਰਹੀ ਹੈ। ਹਾਲਾਂਕਿ ਖ਼ਜ਼ਾਨਾ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਪਿਛਲੇ ਤਿੰਨ ਸਾਲ ਤੋਂ ਹੀ ਆਰਥਕ ਮਸਲਿਆਂ ਉਤੇ ਦੁਹਾਈ ਦੇ ਕੇ ਆਖ਼ਰਕਾਰ ਚੁੱਪ ਹੋ ਚੁੱਕੇ ਹਨ ਪਰ ਹੁਣ ਕਟੌਤੀ ਕਰਨ ਦੀ ਨਵੀਂ ਯੋਜਨਾ ਨਾਲ ਹੌਸਲਾ ਨਹੀਂ ਛਡਿਆ। ਪੰਜਾਬ ਦੇ ਵਿੱਤ ਵਿਭਾਗ ਵਲੋਂ ਸਮੂਹ ਵਿਭਾਗਾਂ ਦੇ ਮੁਖੀ, ਡਵੀਜ਼ਨਾਂ ਦੇ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ ਅਤੇ ਪੰਜਾਬ ਰਾਜ ਦੇ ਸਾਰੇ ਡਿਪਟੀ ਕਮਿਸ਼ਨਰਾਂ ਤੋਂ ਇਲਾਵਾ ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਲਿਖੇ ਪੱਤਰ ਵਿਚ ਕਿਹਾ ਗਿਆ ਹੈ ਕਿ 2009-10 ਦੌਰਾਨ ਸਰਕਾਰੀ ਖ਼ਰਚੇ ਨੂੰ ਕਫ਼ਾਇਤ ਨਾਲ ਅਤੇ ਸੁਚੱਜੇ ਢੰਗ ਨਾਲ ਕੀਤਾ ਜਾਵੇ। ਵਿੱਤ ਵਿਭਾਗ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸੂਬੇ ਦੀ ਮਾਲੀ ਹਾਲਤ ਨੂੰ ਧਿਆਨ ਵਿਚ ਰਖਦਿਆਂ ਸਾਲ 2009-10 ਵਿਚ ਅਲਾਟ ਕੀਤੇ ਬਜਟ ਵਿਚੋਂ ਫ਼ਾਲਤੂ ਖ਼ਰਚਿਆਂ ਨੂੰ ਤੁਰਤ ਘਟਾਇਆ ਜਾਵੇ ਅਤੇ ਸਰਕਾਰੀ ਖ਼ਜ਼ਾਨੇ ਨੂੰ ਧਿਆਨ ਵਿਚ ਰਖਦਿਆਂ ਬਜਟ ਸਾਦੇ ਢੰਗ ਨਾਲ ਖ਼ਰਚ ਕੀਤਾ ਜਾਵੇ। ਵਿਭਾਗ ਨੇ ਹਦਾਇਤ ਕੀਤੀ ਹੈ ਕਿ ਵਿਦੇਸ਼ ਯਾਤਰਾ ਦੌਰਾਨ ਹਵਾਈ ਜਹਾਜ਼ ਰਾਹੀਂ ਸਫ਼ਰ ਬਿਜ਼ਨੈਸ ਕਲਾਸ ਦੀ ਬਜਾਏ ਆਮ ਮੁਸਾਫ਼ਰ ਵਾਂਗ ਇਕਾਨੋਮੀ ਕਲਾਸ ਵਿਚ ਕੀਤਾ ਜਾਵੇ। ਇਸ ਤੋਂ ਇਲਾਵਾ ਮੁਲਾਜ਼ਮਾਂ ਅਤੇ ਅਧਿਕਾਰੀਆਂ ਦੇ ਯਾਤਰੀ ਭੱਤੇ ਉਤੇ ਵੀ 5 ਫ਼ੀ ਸਦੀ ਕੱਟ ਲਗਾਇਆ ਗਿਆ ਹੈ। ਇਹ ਵੀ ਆਦੇਸ਼ ਦਿਤੇ ਗਏ ਹਨ ਕਿ ਕਿਸੇ ਵੀ ਪੱਧਰ 'ਤੇ ਨਵੀਂ ਮੋਟਰ ਗੱਡੀ ਦੀ ਖ਼ਰੀਦ ਨਹੀਂ ਕੀਤੀ ਜਾਵੇਗੀ ਅਤੇ ਸਿਰਫ਼ ਵਿਭਾਗ ਦੀ ਕੰਡੈਮਨੇਸ਼ਨ ਕਮੇਟੀ ਦੀ ਪਹਿਲਾਂ ਪ੍ਰਵਾਨਗੀ ਲੈਣ ਉਪਰੰਤ ਕੰਡਮ ਕੀਤੀ ਪੁਰਾਣੀ ਗੱਡੀ ਨੂੰ ਬਦਲਿਆ ਜਾ ਸਕੇਗਾ। ਜਿਥੇ ਸਰਕਾਰ ਪੈਸਿਆਂ ਤੋਂ ਮੁਥਾਜ ਹੋਈ ਹੈ ਅਤੇ ਮਰਦਿਆਂ ਨੂੰ ਕਈ ਤਰ੍ਹਾਂ ਦੇ ਅੱਕ ਚਬਾਣੇ ਪੈ ਰਹੇ ਹਨ, ਉਥੇ ਹੀ ਪੈਸਿਆਂ ਦੇ ਨਾਲ-ਨਾਲ ਬਿਜਲੀ ਤੇ ਪਾਣੀ ਨੂੰ ਲੈ ਕੇ ਵੀ ਅਪਣੀ ਚਿੰਤਾ ਜ਼ਾਹਰ ਕਰ ਰਹੀ ਹੈ। ਜਾਰੀ ਪੱਤਰ ਵਿਚ ਕਿਹਾ ਗਿਆ ਹੈ ਕਿ ਸੂਬੇ ਵਿਚ ਬਿਜਲੀ ਅਤੇ ਪਾਣੀ ਦੀ ਕਮੀ ਨੂੰ ਧਿਆਨ ਵਿਚ ਰਖਿਆ ਜਾਵੇ। ਅਧਿਕਾਰੀ ਖ਼ਰਚਾ ਘਟਾਉਣ ਲਈ ਸਾਰੇ ਦਫ਼ਤਰਾਂ ਅਤੇ ਦੂਜੇ ਅਦਾਰੇ ਬਿਜਲੀ ਦੀ ਖਪਤ ਘਟਾਉਂਦੇ ਹੋਏ ਸਰਕਾਰੀ ਹਦਾਇਤਾਂ ਅਨੁਸਾਰ ਸੀ.ਐਫ਼.ਐਲ. ਦੀ ਵਰਤੋਂ ਕਰਨ ਤਾਕਿ ਬਿਜਲੀ ਅਤੇ ਪਾਣੀ ਦੇ ਬਿਲ ਘੱਟ ਆਉਣ ਜਿਸ ਨਾਲ ਭਾਰੀ ਬਿਲਾਂ ਦਾ ਬੋਝ ਘਟੇਗਾ। ਵਿੱਤ ਵਿਭਾਗ ਨੇ ਕਿਹਾ ਕਿ ਉਕਤ ਹਾਲਾਤ ਨੂੰ ਵੇਖਦਿਆਂ 2009-10 ਦੇ ਬਜਟ 'ਤੇ 5 ਫ਼ੀ ਸਦੀ ਕਟੌਤੀ ਲਗਾਈ ਗਈ ਹੈ ਅਤੇ ਵਿਭਾਗਾਂ ਦੇ ਮੁਖੀ ਵੀ ਨਿਸਚਿਤ ਕਰਨ ਕਿ ਉਨ੍ਹਾਂ ਵਲੋਂ ਖ਼ਰਚਿਆਂ ਉਤੇ 5 ਫ਼ੀ ਸਦੀ ਕਟੌਤੀ ਕੀਤੀ ਗਈ ਹੈ। ਬਜਟ ਵਿਚੋਂ 5 ਫ਼ੀ ਸਦੀ ਕਟੌਤੀ ਦੇ ਖ਼ਰਚੇ ਵਿਚ ਟੈਲੀਫ਼ੋਨ, ਮੋਟਰ ਗੱਡੀਆਂ ਅਤੇ ਪੀ.ਓ.ਐਲ. ਦਾ ਖ਼ਰਚਾ ਸ਼ਾਮਲ ਹੈ, ਇਸ ਲਈ ਵਿਭਾਗ ਦੇ ਮੁਖੀਆਂ ਨੂੰ ਵੀ ਚਾਹੀਦਾ ਹੈ ਕਿ ਉਹ ਮਾੜੀ ਵਿੱਤੀ ਸਥਿਤੀ ਵਿਚ ਚੱਲ ਰਹੀ ਸਰਕਾਰ ਨਾਲ ਮੋਢੇ ਨਾਲ ਮੋਢਾ ਜੋੜ ਕੇ ਅਪਣਾ ਫ਼ਰਜ਼ ਨਿਭਾਉਣ। ਖ਼ਜ਼ਾਨਾ ਵਿਭਾਗ ਨੇ ਪੰਜਾਬ ਸਰਕਾਰ, ਵੱਖ-ਵੱਖ ਬੋਰਡਾਂ ਅਤੇ ਨਿਗਮਾਂ ਨੂੰ ਵੀ ਫ਼ੁਰਮਾਨ ਜਾਰੀ ਕੀਤਾ ਹੈ ਕਿ ਅਪਣੀ ਮਸ਼ਹੂਰੀ ਲਈ ਕੇਵਲ ਉਹੀ ਇਸ਼ਤਿਹਾਰ ਅਖ਼ਬਾਰਾਂ ਵਿਚ ਦਿਤੇ ਜਾਣ ਜੋ ਬਹੁਤ ਹੀ ਲੋੜੀਂਦੇ ਹਨ। ਖ਼ਜ਼ਾਨਾ ਵਿਭਾਗ ਨੇ ਇਸ ਫ਼ੁਰਮਾਨ ਤੋਂ ਇਲਾਵਾ ਸਿੱਧੇ ਤੌਰ 'ਤੇ ਹੀ ਇਸ਼ਤਿਹਾਰਾਂ ਸਬੰਧੀ ਬਜਟ ਅਨੁਮਾਨ ਉਤੇ 15 ਫ਼ੀ ਸਦੀ ਨਾਲ ਕੈਂਚੀ ਮਾਰ ਦਿਤੀ ਹੈ। ਖ਼ਜ਼ਾਨਾ ਵਿਭਾਗ ਨੇ ਕਿਹਾ ਕਿ ਇਹ ਸਾਰੀਆਂ ਹਦਾਇਤਾਂ ਤੁਰਤ ਲਾਗੂ ਹੋਣਗੀਆਂ। ਵਿਭਾਗ ਦੇ ਵਿੱਤ ਸਕੱਤਰ ਕਰਨ ਅਵਤਾਰ ਸਿੰਘ ਨੇ ਕਿਹਾ ਕਿ ਹਵਾਈ ਸਫ਼ਰ ਸਬੰਧੀ ਸ਼ਰਤਾਂ ਮੰਤਰੀਆਂ ਉਤੇ ਲਾਗੂ ਨਹੀਂ ਹੁੰਦੀਆਂ ਪਰ ਬਾਕੀ ਸਭ ਤਰ੍ਹਾਂ ਦੀ ਕਟੌਤੀ ਨਾਲ ਕਰੀਬ 50 ਕਰੋੜ ਰੁਪਏ ਦੀ ਬੱਚਤ ਹੋਵੇਗੀ।



## ਰੋਜ਼ ਕਰੋੜ ਦੀ ਸ਼ਰਾਬ ਡਕਾਰ ਜਾਂਦੇ ਜਲੰਧਰੀਏ


**ਜਲੰਧਰ :** ਠੰਢ ਦੇ ਵਧ ਰਹੇ ਕਹਿਰ ਕਾਰਨ ਭਾਵੇਂ ਦੂਜੇ ਸਾਰੇ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਤ ਹੋ ਰਹੇ ਹਨ, ਪਰ ਸ਼ਰਾਬ ਦੇ ਠੇਕੇਦਾਰਾਂ ਦੀਆਂ ਠੰਢ ਕਾਰਨ ਪੌਂ ਬਾਰਾਂ ਹੋ ਰਹੀਆਂ ਹਨ। ਉਨ੍ਹਾਂ ਦੀ ਰੋਜ਼ਾਨਾ ਸ਼ਰਾਬ ਦੀ ਵਿਕਰੀ ਪਹਿਲਾਂ 50 ਲੱਖ ਰੁਪਏ ਸੀ, ਜੋ ਠੰਢ ਵਧਣ ਕਾਰਨ 1 ਕਰੋੜ ਰੁਪਏ ਤੱਕ ਪੁੱਜ ਗਈ ਹੈ।

ਜਲੰਧਰ 'ਚ 100 ਦੇ ਕਰੀਬ ਸ਼ਰਾਬ ਦੇ ਠੇਕੇ ਹਨ ਤੇ ਇੱਕ ਠੇਕੇ ਤੋਂ ਰੋਜ਼ਾਨਾ ਲਗਭਗ ਔਸਤਨ 5 ਲੱਖ ਦੀ ਸ਼ਰਾਬ ਵਿਕਦੀ ਸੀ। ਅੱਜ ਕੱਲ੍ਹ ਠੰਢ ਤੇ ਲੋਹੜੀ ਦੇ ਤਿਉਹਾਰ ਕਾਰਨ ਇਹ ਵਿਕਰੀ ਦੁਗਣੀ ਹੋ ਗਈ।ਠੇਕੇਦਾਰਾਂ ਨੇ ਦੱਸਿਆ ਕਿ ਠੰਢ ਕਾਰਨ 'ਰਮ' ਜ਼ਿਆਦਾ ਵਿਕ ਰਹੀ ਹੈ। ਜਿਹੜੇ ਲੋਕ ਸ਼ਰਾਬ ਦੇ ਆਦੀ ਵੀ ਨਹੀਂ ਹਨ, ਉਹ ਵੀ ਠੰਢ ਕਾਰਨ 'ਰਮ' ਦੇ ਇੱਕ ਦੋ ਪੈਗ ਰੋਜ਼ਾਨਾ ਲਗਾਉਣ ਦਾ ਸ਼ੌਕ ਰੱਖਦੇ ਹਨ। ਇਸੇ ਕਾਰਨ ਕੁਝ ਦਿਨਾਂ ਤੋਂ ਸ਼ਰਾਬ ਦੀ ਖਪਤ ਲਗਾਤਾਰ ਵਧਦੀ ਜਾ ਰਹੀ ਹੈ। ਪਹਿਲਾਂ ਲੋਕ ਠੰਢ ਤੋਂ ਬਚਣ ਲਈ ਛੋਟੇ ਮੋਟੇ ਲੱਟੂ ਜਿਹੇ ਇੱਕ ਜਾਂ ਦੋ ਪੈਗ ਲਗਾਉਂਦੇ ਹਨ ਤੇ ਫ਼ਿਰ ਉਨ੍ਹਾਂ ਦੀ ਸਮਰੱਥਾ ਵਧ ਕੇ ਪਟਿਆਲਸ਼ਾਹੀ ਪੈਗਾਂ ਤੱਕ ਪਹੁੰਚ ਜਾਂਦੀ ਹੈ। ਠੰਢ ਕਾਰਨ ਜਿੱਥੇ ਬਿਜਲੀ ਨਾ ਆਉਣ ਕਾਰਨ ਹੋਰ ਛੋਟਾ ਮੋਟਾ ਕਾਰੋਬਾਰ ਠੱਪ ਪਿਆ ਹੈ, ਉਥੇ ਸ਼ਰਾਬ ਦੇ ਠੇਕੇਦਾਰ ਸ਼ਰਾਬ ਦੀ ਅਚਾਨਕ ਵਿਕਰੀ ਵਧਣ ਕਾਰਨ ਕੱਛਾਂ ਵਜਾ ਰਹੇ ਹਨ। ਸ਼ਰਾਬ ਦੇ ਠੇਕੇਦਾਰਾਂ ਅਨੁਸਾਰ ਇਨ੍ਹਾਂ ਦਿਨਾਂ 'ਚ ਪਰਵਾਸੀ ਪੰਜਾਬੀ ਜ਼ਿਆਦਾ ਆਉਂਦੇ ਹਨ ਤੇ ਉਹ ਜ਼ਿਆਦਾਤਰ ਸ਼ਾਦੀਆਂ 'ਤੇ ਵੀ ਸ਼ਰਾਬ ਦੀਆਂ ਛਬੀਲਾਂ ਲਗਾਉਣ 'ਚ ਦਿਲਚਸਪੀ ਰੱਖਦੇ ਹਨ।

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

North American Truck Stop

ਖ਼ੁਸ਼ਖਬਰੀ! ਖ਼ੁਸ਼ਖਬਰੀ!! ਖ਼ੁਸ਼ਖਬਰੀ!!!



ਕੈਰੀਅਰ ਥਰਮੋਕਿੰਗ ਐਂਡ
ਕੈਰੀਅਰ ਯੂਨਿਟ
ਇੰਜਣ ਇਥੇ ਸਸਤੇ ਭਾਅ
ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ
ਬਿਲਕੁਲ ਵਾਜਬ ਭਾਅ

909-350-3310, 909-697-5808
balwindernats@yahoo.com
14320 Slover Ave., Fontana, CA 92337

# Grand Opening
# ALL TIRE 4 LESS

ਇਥੇ ਕਾਰਾਂ, ਟਰੱਕ-ਟਰੇਲਰ, ਫਾਰਮ ਟਰੈਕਟਰ ਅਤੇ RV ਦੇ ਟਾਇਰ ਵਧੀਆ ਅਤੇ ਸਸਤੀ ਕੀਮਤ ਉਪਰ ਮਿਲਦੇ ਹਨ ।
ਇਸ ਤੋਂ ਇਲਾਵਾ ਅਸੀਂ ਟਰੱਕ ਟਰੇਲਰ ਅਤੇ ਰੀਫਰ ਦੀ ਰਿਪੇਅਰ ਅਤੇ ਸਰਵਿਸ ਦਾ ਕੰਮ ਤਸੱਲੀਬਖਸ ਤਰੀਕੇ ਨਾਲ ਕਰਦੇ ਹਾਂ ।



**24 Hours Road Service**

**NEW & USED TIRE SALE & SERVICE**

ਸਪੈਸ਼ਲ : ਅਸੀਂ ਟਰੱਕਾਂ ਦੇ ਹਰ ਤਰਾਂ ਦੇ ਸਾਈਨ ਵੀ ਬਣਾਉਂਦੇ ਹਾਂ

**710 South Hwy 59 Merced CA 95304**

ਕਾਲ ਕਰੋ
Shop ▶ 209.384.0424
Hardeep S. Rai ▶ Cell:209.678.6176

bigrigtire@yahoo.com
www.alltire4less.com




ਆਪਣੇ ਅਤੇ ਆਪਣੇ ਪਰਿਵਾਰ ਲਈ
ਵਧੀਆ ਕੁਆਲਿਟੀ ਅਤੇ ਸਸਤੀਆਂ ਦਰਾਂ ਤੇ

# ਮੈਡੀਕਲ ਇੰਸ਼ੋਰੈਂਸ

ਲੈਣ ਲਈ ਇਕੋ ਇਕ ਭਰੋਸੇਮੰਦ ਨਾਮ

ਹਮੇਸ਼ਾ ਯਾਦ ਰੱਖੋ

**ਮੇਜਰ ਸਿੰਘ ਚੌਹਾਨ**



*Major Singh Chauhan*
AGENT
CA Ins. Lic #0D36632
New York Life Insurance Company

☞ **Sacramento Office :**
120 Hoxsie Ct,
Folsom CA 95630

☞ **Fremont Office :**
39650 Liberty St. #200
Fremont CA 94538

☞ **Bakersfield Office :**
PO Box 40728
Bakersfield CA 93384

**Cell : 916-337-1683**
**Off : 916-983-4890**
**Off : 510-624-4190**
**Fax : 916-984-0110**

mc101048@gmail.com
THE COMPANY YOU KEEP



ਸਮੋਗ ਚੈਕ ਸਮੋਗ ਚੈਕ

# SMOG
SMOG CHECK

**STATE OF CALIFORNIA LICENSED**

ਜੇਕਰ ਤੁਹਾਨੂੰ ਕਿਸੇ ਵੀ ਕਾਰ, ਟਰੱਕ ਜਾਂ ਮੋਟਰਹੋਮ ਆਟੋ ਦੀ ਸਮੋਗ ਚਾਹੀਦੀ ਹੋਵੇ ਤਾਂ Bakersfield ਅਤੇ Fresno Location ਤੁਹਾਡੀ ਸੇਵਾ ਵਿਚ ਹਾਜ਼ਰ ਹਨ ।

Big Christmas Special
**39.75**
Big + DMV Certificate
Free Repair Upto $500
Ask for Tech

- 901 California Ave & P : 661.325-6666
- 1629 California Ave & H : 661.323.3333
- 406 S. Chester Ave & Terrace Way (Inside Gas Station) : 661.832.4444
- 5333 Whtie Ln & Grissom (Inside Big Brand Tire) : 661396.7664 (Smog)
- 1017 Bearmountain Blvd (Arvin) : 661.854.7664 (Smog)
- 1222 Golden State & M : 661.326.0346
- 1506 N. Black Stone & Mckinley : 559.268.7574
- 2597 N Black Stone (Between Clinton & Shield) : 559.222.9999
- 1161-I Street Reedley &12th St : 559.638.9017
- 416 Orisi Ca & 63 Hwy : 559.528.6848
- 2420 Whiteson Ave & Thompson (By Kragen Auto Parts) Selma : 559.896.5555
- 646 Dinuba Ave (Reedley) (By the DMV 3073) : 559.638.3243
- 1512 Dairy Ave Corcoran CA : 559.922.4500

MOST CARS

ਤੁਹਾਡੀ ਕਾਰ ਨੂੰ ਕਿਸੇ ਵੀ ਤਰ੍ਹਾਂ ਦੀ Problem ਹੋਵੇ ਤਾਂ ਤੁਸੀਂ ਸਮੋਗ ਕਰਵਾਉਣ ਤੋਂ ਪਹਿਲਾਂ ਸਲਾਹ ਲੈ ਸਕਦੇ ਹੋ । ਹਰ Location ਤੇ ਤੁਹਾਨੂੰ ਪੰਜਾਬੀ ਬੋਲਣ ਵਾਲਾ ਮਿਲੇਗਾ ।



# GILL






# DIGITAL VIDEO

**Harry Gill 209-648-9716**
**Jaji 916-470-9781**




ਅਸੀਂ ਵਿਆਹ ਸ਼ਾਦੀ, ਜਨਮ ਦਿਨ ਪਾਰਟੀ, ਗਰੈਜੂਏਸ਼ਨ ਪਾਰਟੀ ਅਤੇ ਹੋਰ ਹਰ ਤਰ੍ਹਾਂ ਦੇ ਸਮਾਗਮਾਂ ਲਈ ਵਧੀਆ ਅਤੇ ਭਰੋਸੇਮੰਦ ਸੇਵਾਵਾਂ ਪ੍ਰਦਾਨ ਕਰਦੇ ਹਾਂ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ



www.gilldigitalvideo.com
email: gillvideo@yahoo.com

# ਗੁੱਝੇ ਭੇਦਾਂ ਦੀਆਂ ਪਰਤਾਂ ਉਧੇੜਨ ਲਈ ਲਾਹੇਵੰਦ ਹੈ ਸੂਚਨਾ ਕਾਨੂੰਨ

**ਜਤਿੰਦਰ ਪਨੂੰ**

ਬਹੁਤ ਆਸਾਂ ਸਨ ਸਾਨੂੰ ਭਾਰਤੀਆਂ ਨੂੰ ਕਿ ਅੰਗਰੇਜ਼ਾਂ ਕੋਲੋਂ ਦੇਸ਼ ਅਜ਼ਾਦ ਕਰਵਾ ਲੈਣ ਮਗਰੋਂ ਸਭ ਕੁਝ ਠੀਕ-ਠਾਕ ਹੋ ਜਾਵੇਗਾ। ਆਸਾਂ ਤਾਂ ਇਹ ਵੀ ਬੰਨ੍ਹਾਈਆਂ ਗਈਆਂ ਸਨ ਕਿ ਇਥੇ ਦੁੱਧ-ਘਿਓ ਦੀਆਂ ਨਹਿਰਾਂ ਵਗਣ ਵਰਗੀਆਂ ਲਹਿਰਾਂ ਲੱਗ ਜਾਣਗੀਆਂ, ਪਰ ਸਭ ਤੋਂ ਵਧ ਭਰੋਸਾ ਇਸ ਗੱਲ ਦਾ ਸੀ ਕਿ ਹੁਣ ਘੱਟੋ-ਘੱਟ ਆਮ ਲੋਕਾਂ ਨਾਲ ਬੇਇਨਸਾਫੀ ਤੇ ਧੱਕੇਸ਼ਾਹੀ ਨਹੀਂ ਹੋਵੇਗੀ। ਇਹ ਆਸ ਵੀ ਸਿਰੇ ਨਾ ਚੜ੍ਹ ਸਕੀ। ਨਵੇਂ ਹਾਕਮਾਂ ਦੇ ਰਾਜ ਵਿਚ ਵੀ ਬੇਇਨਸਾਫੀ ਤੇ ਧੱਕੇਸ਼ਾਹੀ ਚੱਲਦੀ ਰਹੀ, ਜਿਸਦੇ ਮੂਲ ਰੂਪ ਵਿਚ ਦੋ ਕਾਰਨ ਸਨ। ਪਹਿਲਾ ਤਾਂ ਇਹ ਕਿ ਪੁਰਾਣੇ ਹਾਕਮਾਂ ਦੇ ਵਕਤ ਚੰਮ ਦੀਆਂ ਚਲਾਉਣ ਵਾਲੇ ਟੌਡੀ ਕਿਸਮ ਦੇ ਲੋਕਾਂ ਨੇ ਨਵੇਂ ਹਾਕਮਾਂ ਨਾਲ ਵੀ ਵੇਲੇ ਸਿਰ ਹੀ ਜੋਟੇ ਜਾ ਪਾਏ ਸਨ। ਦੂਜਾ ਇਹ ਕਿ ਕੁਰਸੀ ਮਿਲਦੇ ਸਾਰ ਕੱਲ੍ਹ ਦੇ ਸੜਕਾਂ ਦਾ ਘੱਟਾ ਫੱਕਣ ਤੇ ਜੇਲ੍ਹਾਂ ਕੱਟਣ ਵਾਲਿਆਂ ਦੀ ਮੱਤ ਵੀ ਭ੍ਰਿਸ਼ਟ ਹੋ ਗਈ ਤੇ ਉਹ ਆਪਣੇ ਆਪ ਨੂੰ ਉਹਨਾਂ ਸਭ ਮੌਜਾਂ ਦਾ ਹੱਕਦਾਰ ਮੰਨ ਬੈਠੇ, ਜਿਹੜੀਆਂ ਮੌਜਾਂ ਉਹ ਅੰਗਰੇਜ਼ਾਂ ਤੇ ਉਹਨਾਂ ਦੇ ਬਾਟੀ-ਚੱਟਾਂ ਨੂੰ ਕਰਦਿਆਂ ਵੇਖਦੇ ਹੁੰਦੇ ਸਨ। ਕਿਹਾ ਜਾਂਦਾ ਹੈ ਕਿ ਭੁੱਖੇ ਨੂੰ ਚਿਰਾਂ ਪਿੱਛੋਂ ਰੋਟੀ ਮਿਲੇ ਤਾਂ ਖਾਣ ਵੇਲੇ ਹਾਬੜ ਕੇ ਮੁੱਛਾਂ ਵੀ ਲਿਬੇੜ ਲੈਂਦਾ ਹੈ, ਪਰ ਏਥੇ ਕਈ ਰਾਜਸੀ ਲੋਕਾਂ ਤੇ ਉਹਨਾਂ ਨਾਲ ਸਾਂਝ ਰੱਖਦੇ ਅਧਿਕਾਰੀਆਂ ਨੇ ਮੁੱਛਾ ਹੀ ਨਹੀਂ, ਬੂਥੇ ਵੀ ਪੂਰੇ ਦੇ ਪੂਰੇ ਲਿਬੇੜ ਛੱਡੇ। ਕਾਨੂੰਨ ਦੀ ਮਸ਼ੀਨਰੀ ਉਹਨਾਂ ਦੀ ਬਾਂਦੀ ਬਣੀ ਰਹੀ ਤੇ ਹਸ਼ਰ ਉਹਨਾਂ ਨੂੰ ਕਦੇ ਭੁਗਤਣਾ ਨਹੀਂ ਸੀ ਪੈਂਦਾ।

ਇਹਨਾਂ ਸਭਨਾਂ ਗੱਲਾਂ ਦੀ ਦੰਦ-ਕਥਾ ਚੱਲਦੀ ਸੀ, ਪਰ ਇਸ ਤੋਂ ਅੱਗੇ ਨਹੀਂ ਸੀ ਵਧਦੀ। ਕਿਸੇ ਉੱਤੇ ਇਲਜ਼ਾਮ ਲਾਓ ਤਾਂ ਬਹੁਤੀ ਵਾਰ ਕੋਈ ਸਬੂਤ ਨਹੀਂ ਸੀ ਹੁੰਦਾ। ਸਬੂਤਾਂ ਨੂੰ ਵਿਭਾਗੀ ਭੇਦ ਕਹਿ ਕੇ ਫ਼ਾਈਲਾਂ ਹੇਠ ਦੱਬ ਜਾਂਦਾ ਸੀ। ਇਲਜ਼ਾਮ ਲੱਗੇ ਵਾਲਾ ਬੰਦਾ ਇਲਜ਼ਾਮ ਲਾਉਣ ਵਾਲਿਆਂ ਵਿਰੁਧ ਮਾਣਹਾਨੀ ਦਾ ਮੁਕੱਦਮਾ ਕਰ ਕੇ ਉਲਟੀ ਭਾਜੜ ਪਾਈ ਛੱਡਦਾ ਸੀ।

ਪਿਛਲੇ ਦਸਾਂ ਸਾਲਾਂ ਦੌਰਾਨ ਜਿਹੜੇ ਤਿੰਨ ਕਾਨੂੰਨ ਸਾਡੇ ਦੇਸ਼ ਦੇ ਲੋਕਾਂ ਲਈ ਬਹੁਤ ਹੀ ਲਾਹੇਵੰਦ ਰਹੇ, ਉਹਨਾਂ ਵਿਚੋਂ ਇੱਕ ਪੇਂਡੂ ਰੁਜ਼ਗਾਰ ਗਾਰੰਟੀ ਯੋਜਨਾ ਸੀ, ਦੂਜਾ ਖਪਤਕਾਰ ਸੁਰੱਖਿਆ ਕਾਨੂੰਨ ਤੇ ਤੀਜਾ ਸੂਚਨਾ ਦੇ ਅਧਿਕਾਰ ਦਾ ਕਾਨੂੰਨ। ਪਹਿਲੇ ਕਾਨੂੰਨ ਅਧੀਨ ਉਹਨਾਂ ਲੋਕਾਂ ਲਈ ਰੁਜ਼ਗਾਰ ਦੀ ਗਾਰੰਟੀ ਜਾਂ ਗੁਜ਼ਾਰੇ ਜੋਗਾ ਬੇਰੁਜ਼ਗਾਰੀ ਭੱਤਾ ਯਕੀਨੀ ਬਣਾਇਆ ਗਿਆ, ਜਿਹੜੇ ਕੰਮ ਕਰਨ ਨੂੰ ਤਾਂ ਤਿਆਰ ਸਨ, ਪਰ ਕੰਮ ਨਹੀਂ ਸੀ ਮਿਲਦਾ। ਦੂਜੇ ਕਾਨੂੰਨ ਨੇ ਆਮ ਖਪਤਕਾਰ ਦੇ ਹੱਕ ਏਥੋਂ ਤੱਕ ਸੁਰੱਖਿਅਤ ਕਰ ਦਿੱਤੇ ਕਿ ਜੇ ਡਰਾਈਵਰ ਨੇ ਬੱਸ ਨਹੀਂ ਰੋਕੀ ਤਾਂ ਸੜਕ 'ਤੇ ਖੜਾ ਮੁਸਾਫ਼ਰ ਉਸਦੇ ਵਿਰੁਧ ਕੇਸ ਕਰ ਕੇ ਕੀਤੇ ਹੋਏ ਸਫਰ ਦੇ ਬਰਾਬਰ ਟੈਕਸੀ ਦਾ ਕਿਰਾਇਆ ਤੇ ਜੁਰਮਾਨਾ ਵੀ ਵਸੂਲ ਕਰ ਸਕਦਾ ਸੀ। ਤੀਜਾ ਕਾਨੂੰਨ ਸੂਚਨਾ ਦੇ ਹੱਕ ਨੂੰ ਯਕੀਨੀ ਬਣਾਉਣ ਦਾ ਸੀ, ਜਿਸਨੂੰ ਲਾਗੂ ਕਰਨ ਵਿਚ ਅੜਿੱਕੇ ਬਹੁਤ ਪਾਏ ਗਏ, ਪਰ ਜਦੋਂ ਲਾਗੂ ਹੋਣ ਲੱਗਾ, ਹਰ ਦਰੀ ਹੇਠ ਦੱਬਿਆ ਕੂੜ ਬਾਹਰ ਆਉਣ ਲੱਗ ਪਿਆ।

ਇਸ ਦੀ ਵਰਤੋਂ ਦੀਆਂ ਭਾਰਤ ਭਰ ਵਿਚ ਬਹੁਤ ਮਿਸਾਲਾਂ ਹਨ, ਪਰ ਸਾਡੇ ਪੰਜਾਬ ਵਿਚ ਵੀ ਘੱਟ ਨਹੀਂ ਤੇ ਇਸ ਮਾਮਲੇ ਵਿਚ ਸੂਚਨਾਵਾਂ ਵੀ ਅੱਖਾਂ ਖੋਲ੍ਹਣ ਵਾਲੀਆਂ ਸਾਹਮਣੇ ਆਈਆਂ ਹਨ। ਮਿਸਾਲ ਵਜੋਂ ਇਸੇ ਕਾਨੂੰਨ ਦੀ ਕਮਾਲ ਸੀ ਕਿ ਪੰਜਾਬ ਸਰਕਾਰ ਨੂੰ ਆਪਣੇ ਉਹਨਾਂ ਡਿਪਟੀ ਕਮਿਸ਼ਨਰਾਂ ਦੇ ਨਾਂਅ ਦੱਸਣੇ ਪੈ ਗਏ, ਜਿਨ੍ਹਾਂ ਨੇ ਰੈੱਡ ਕਰਾਸ ਦੇ ਫ਼ੰਡਾਂ ਵਿਚੋਂ ਆਪਣੇ ਜਵਾਕਾਂ ਦੇ ਪੋਤੜੇ ਖ਼ਰੀਦੇ ਹੋਏ ਸਨ। ਕਿੰਨੇ ਸ਼ਰਮਿੰਦੇ ਹੋਏ ਹੋਣਗੇ, ਜਦੋਂ ਉਹਨਾਂ ਨੂੰ ਉਹ ਪੈਸੇ ਭਰ ਕੇ ਜਾਨ ਛੁਡਾਉਣੀ ਪਈ ਹੋਵੇਗੇ । ਇਸੇ ਕਾਨੂੰਨ ਨੇ ਇਹ ਸੱਚ ਬਾਹਰ ਕੱਢ ਲਿਆਂਦਾ ਕਿ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਸ਼ਤਾਬਦੀ ਸਮਾਗਮਾਂ ਮੌਕੇ ਉਸਦੀ ਵਿਚਾਰਧਾਰਾ ਪ੍ਰਚਾਰਨ ਲਈ ਮਾਮੂਲੀ ਜਿਹੀ ਰਕਮ ਖਰਚ ਕੇ ਕਰੋੜਾਂ ਰੁਪਏ ਲੀਡਰਾਂ, ਅਫ਼ਸਰਾਂ ਤੇ ਹੋਰਨਾਂ ਦੀ ਪ੍ਰਾਹੁਣਚਾਰੀ ਉੱਤੇ ਫੂਕ ਦਿੱਤੇ ਗਏ ਸਨ।

ਸੂਚਨਾ ਦੇ ਅਧਿਕਾਰ ਦੇ ਇਸ ਕਾਨੂੰਨ ਬਾਰੇ ਹੁਣੇ-ਹੁਣੇ ਦਿੱਲੀ ਹਾਈ ਕੋਰਟ ਨੇ ਇੱਕ ਫ਼ੈਸਲਾ ਹੋਰ ਦਿੱਤਾ ਹੈ ਕਿ ਦੇਸ਼ ਦੀ ਸੁਪਰੀਮ ਕੋਰਟ ਦੇ ਮੁੱਖ ਜੱਜ ਦਾ ਦਫ਼ਤਰ ਵੀ ਇਸ ਤੋਂ ਬਾਹਰ ਨਹੀਂ। ਦੇਸ਼ ਦਾ ਮੁੱਖ ਜੱਜ ਹੋਰ ਹਰ ਕਿਸੇ ਲਈ ਇਸ ਕਾਨੂੰਨ ਦੇ ਦਰਵਾਜ਼ੇ ਖੋਲ੍ਹ ਕੇ ਆਪਣੇ ਦਫ਼ਤਰ ਬਾਰੇ ਸਾਰੇ ਭੇਦ ਲੋਕਾਂ ਕੋਲ ਜਾਣ ਦੇਣ ਦੇ ਪੱਖ ਵਿਚ ਨਹੀਂ ਸੀ। ਜਿਸ ਦਿਨ ਦਿੱਲੀ ਹਾਈ ਕੋਰਟ ਦਾ ਇਹ ਫ਼ੈਸਲਾ ਆਇਆ, ਉਸੇ ਦਿਨ ਇਹ ਗੱਲ ਵੀ ਬਾਹਰ ਆ ਗਈ ਕਿ ਮੁੱਖ ਜੱਜ ਦੇ ਬਦੇਸ਼ ਦੌਰੇ ਸਮੇਂ ਉਸ ਨਾਲ ਗਈ ਉਸਦੀ ਪਤਨੀ ਲਈ ਵੀ ਸਰਕਾਰੀ ਭੱਤੇ ਦੀ ਮੰਗ ਕੀਤੀ ਗਈ ਸੀ, ਜਦਕਿ ਇਹ ਨੇਮਾਂ ਮੁਤਾਬਕ ਨਹੀਂ ਸੀ ਕੀਤੀ ਜਾ ਸਕਦੀ। ਸੂਚਨਾ ਦੇ ਅਧਿਕਾਰ ਨੇ ਇਹ ਗੱਲ ਸਾਹਮਣੇ ਲੈ ਆਂਦੀ ਹੈ ਤੇ ਹੁਣ ਮੁੱਖ ਜੱਜ ਸਾਹਿਬ ਦੇ ਦਫ਼ਤਰ ਤੋਂ ਇਹ ਕਿਹਾ ਜਾ ਰਿਹਾ ਹੈ ਕਿ ਪਹਿਲੇ ਮੁੱਖ ਜੱਜ ਜਦੋਂ ਜਾਂਦੇ ਸਨ, ਉਹਨਾਂ ਦੀਆਂ ਪਤਨੀਆਂ ਨੂੰ ਵੀ ਭੱਤਾ ਮਿਲਦਾ ਰਿਹਾ ਸੀ। ਜ਼ਰੂਰ ਮਿਲਦਾ ਰਿਹਾ ਹੋਵੇਗਾ, ਪਰ ਜੇ ਨੇਮ ਇੰਜ ਕਰਨ ਦੀ ਆਗਿਆ ਨਹੀਂ ਸਨ ਦੇਂਦੇ ਤਾਂ ਇਹ ਗ਼ੈਰ-ਕਾਨੂੰਨੀ ਰੀਤ ਕੋਈ ਕਾਨੂੰਨੀ ਰੂਪ ਤਾਂ ਨਹੀਂ ਸੀ ਧਾਰ ਗਈ। ਮੁੱਖ ਜੱਜ ਬਾਰੇ ਇਹ 'ਭੇਦ' ਬਾਹਰ ਆਉਣ ਪਿੱਛੋਂ ਕਿਸੇ ਨਾਗਰਿਕ ਨੂੰ ਵੀ ਚੰਗਾ ਨਹੀਂ ਲੱਗੇਗਾ ਕਿ ਦੂਜਿਆਂ ਨੂੰ ਕਾਨੂੰਨ ਦੀ ਪਾਲਣਾ ਦਾ ਪਾਠ ਪੜ੍ਹਾਉਣ ਵਾਲੇ ਖ਼ੁਦ ਕੀ ਕਰ ਰਹੇ ਹਨ।

ਸਾਡੇ ਪੰਜਾਬ ਦੀ ਸਰਕਾਰ ਨੇ ਪਿਛਲੇ ਦਿਨੀਂ ਇਹ ਪ੍ਰਚਾਰ ਬਹੁਤ ਕੀਤਾ ਹੈ ਕਿ ਉਹ ਪੰਜਾਬੀ ਭਾਸ਼ਾ ਨੂੰ ਸਰਕਾਰੇ-ਦਰਬਾਰੇ ਲਾਗੂ ਕਰ ਰਹੀ ਹੈ। ਇਹ ਵੀ ਪ੍ਰਚਾਰਿਆ ਗਿਆ ਕਿ ਹੁਣ ਸਾਰੇ ਕਾਨੂੰਨ ਪੰਜਾਬੀ ਵਿਚ ਛਾਪੇ ਜਾ ਰਹੇ ਹਨ, ਤਾਂ ਕਿ ਆਮ ਲੋਕ ਇਹਨਾਂ ਨੂੰ ਪੜ੍ਹ ਸਕਣ। ਸੂਚਨਾ ਦੇ ਅਧਿਕਾਰ ਅਧੀਨ ਮੰਗੀ ਜਾਣਕਾਰੀ ਵਿਚ ਇਹਦਾ ਵੀ ਭੇਦ ਖੁੱਲ੍ਹ ਗਿਆ ਤੇ ਜਾਣਕਾਰੀ ਇਹ ਮਿਲੀ ਕਿ ਪੰਜਾਬ ਦੇ ਕੁੱਲ 1547 ਕਾਨੂੰਨਾਂ ਵਿਚੋਂ ਹੁਣ ਤੱਕ ਸਿਰਫ਼ 23 ਕਾਨੂੰਨਾਂ ਦਾ ਪੰਜਾਬੀ ਅਨੁਵਾਦ ਕੀਤਾ ਗਿਆ ਹੈ। ਜੇ ਇਹੋ ਰਫ਼ਤਾਰ ਰਹੀ ਤਾਂ ਜਿਸ ਸਰਕਾਰ ਨੇ ਤਿੰਨ ਸਾਲਾਂ ਵਿਚ 23 ਕਾਨੂੰਨ ਅਨੁਵਾਦ ਕਰਵਾਏ ਹਨ, ਭਵਿੱਖ ਵਿਚ ਉਹਦੇ ਵਰਗੀਆਂ ਤੇਜ਼-ਰਫਤਾਰ ਸਰਕਾਰਾਂ ਸਾਰੇ ਕਾਨੂੰਨ ਪੰਜਾਬੀ ਵਿਚ ਅਨੁਵਾਦ ਕਰਕੇ ਛਪਵਾਉਣ ਉੱਤੇ ਦੋ ਸੌ ਸਾਲ ਲਾ ਦੇਣਗੀਆਂ। ਇਸ ਦੌਰਾਨ ਜਿਹੜੇ ਨਵੇਂ ਕਾਨੂੰਨ ਬਣਨਗੇ, ਉਹਨਾਂ ਦਾ ਅਨੁਵਾਦ ਦੋ ਸਦੀਆਂ ਹੋਰ ਲੰਘਾ ਕੇ ਹੁੰਦਾ ਰਹੇਗਾ।



ਲੋੜਵੰਦ ਲੋਕਾਂ ਲਈ ਵੀ ਸੂਚਨਾ ਦਾ ਇਹ ਕਾਨੂੰਨ ਕਾਫ਼ੀ ਕਾਰਗਰ ਸਾਬਤ ਹੋ ਰਿਹਾ ਜਾਪਦਾ ਹੈ। ਮਿਸਾਲ ਵਜੋਂ ਖ਼ੁਰਾਕ ਏਜੰਸੀਆਂ ਦੀ ਇਹ ਮਨ-ਮਰਜ਼ੀ ਹੁੰਦੀ ਸੀ ਕਿ ਉਹ ਕਿਸੇ ਮਿੱਲ ਨੂੰ ਝੋਨਾ ਛੜਨ ਦਾ ਕੰਮ ਦੇਣ ਤੇ ਕਿਸੇ ਨੂੰ ਨਾਂਹ ਕਰ ਦੇਣ। ਹੁਣ ਇਹ ਵੀ ਸੌਖਾ ਨਹੀਂ ਰਿਹਾ। ਮਾਲਵੇ ਦੀ ਇੱਕ ਮਿੱਲ ਦੇ ਮਾਲਕਾਂ ਨੂੰ ਇਨਕਾਰ ਕਰ ਦਿੱਤਾ ਗਿਆ ਸੀ। ਉਹਨਾਂ ਨੇ ਸੂਚਨਾ ਦੇ ਅਧਿਕਾਰ ਅਧੀਨ ਜਾਣਕਾਰੀ ਮੰਗੀ ਕਿ ਕਿਸ ਕਾਨੂੰਨ ਅਧੀਨ ਨਾਂਹ ਕੀਤੀ ਹੈ? ਸਮਰੱਥ ਅਧਿਕਾਰੀ ਨੇ ਲਿਖ ਦਿੱਤਾ ਕਿ ਕੁਝ ਸਾਲ ਪਹਿਲਾਂ ਹੋਈ ਜਾਂਚ ਵਿਚ ਦੇਸ਼ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਸੀ ਬੀ ਆਈ ਨੇ ਇਸ ਮਿੱਲ ਨੂੰ 'ਬਲੈਕ ਲਿਸਟ' ਕੀਤਾ ਸੀ। ਉਹਨਾਂ ਨੇ ਦੂਜੀ ਸੂਚਨਾ ਇਸੇ ਕਾਨੂੰਨ ਅਧੀਨ ਇਹ ਮੰਗ ਲਈ ਕਿ ਸੀ ਬੀ ਆਈ ਦੀ ਬਲੈਕ-ਲਿਸਟ ਦੀ ਅਧਿਕਾਰਤ ਨਕਲ ਜਾਰੀ ਕੀਤੀ ਜਾਵੇ। 'ਸਮਰੱਥ' ਅਧਿਕਾਰੀ ਅੜਿੱਕੇ ਆ ਗਿਆ। ਇਹੋ ਜਿਹੀ ਕੋਈ ਬਲੈਕ-ਲਿਸਟ ਹੈ ਹੀ ਨਹੀਂ ਸੀ। ਸ਼ਾਇਦ ਉਹ ਹੁਣ ਨੌਕਰੀ ਹੀ ਗੁਆ ਬੈਠੇਗਾ।

ਨਵਾਂ ਸ਼ਹਿਰ ਜ਼ਿਲ੍ਹੇ ਵਿਚ ਇੱਕ ਆਦਮੀ ਉੱਤੇ ਸੀ ਆਈ ਏ ਸਟਾਫ਼ ਨੇ ਨਸ਼ੀਲੇ ਪਦਾਰਥਾਂ ਦਾ ਕੇਸ ਬਣਾ ਦਿੱਤਾ। ਸਟਾਫ ਇੰਚਾਰਜ ਨੇ ਰਿਪੋਰਟ ਵਿਚ ਦਰਜ ਕੀਤਾ ਸੀ ਕਿ ਉਸਨੂੰ ਡੀ ਐੱਸ ਪੀ ਨੇ ਬਹਿਰਾਮ ਕੋਟ ਫ਼ਤੂਹੀ ਸੜਕ ਉੱਤੇ ਫਰਾਲਾ ਪਹੁੰਚ ਕੇ ਦੋਸ਼ੀ ਦੀ ਗ੍ਰਿਫ਼ਤਾਰੀ ਤੇ ਤਲਾਸ਼ੀ ਆਦਿ ਦਾ ਹੁਕਮ ਟੈਲੀਫੋਨਾਂ ਦਾ ਰਿਕਾਰਡ ਕਢਵਾਇਆ ਗਿਆ ਤਾਂ ਦੱਸੇ ਹੋਏ ਸਮੇਂ ਉੱਤੇ ਸੀ ਆਈ ਏ ਇੰਚਾਰਜ ਨੂੰ ਡੀ ਐੱਸਪੀ ਵਲੋਂ ਕੋਈ ਕਾਲ ਹੀ ਨਹੀਂ ਸੀ ਆਈ। ਡੀ ਐੱਸ ਪੀ ਦਾ ਫੋਨ ਉਸ ਦਿਨ ਆਪਣੇ ਜ਼ਿਲ੍ਹੇ ਦੀ ਬਜਾਏ ਰੋਪੜ ਵਿਚ ਚੱਲਦਾ ਰਿਹਾ ਸੀ ਤੇ ਜਿਹੜਾ ਬੰਦਾ ਉਹਨਾਂ ਨੇ ਗ੍ਰਿਫ਼ਤਾਰ ਕੀਤਾ, ਇਕ ਦਿਨ ਪਹਿਲਾਂ ਉਹ ਇਹਨਾਂ ਦੇ ਨਾਲ ਹੀ ਗੜ੍ਹਸ਼ੰਕਰ ਵਿਚ ਘੁੰਮਦਾ ਸੀ। ਟੈਲੀਫ਼ੋਨਾਂ ਦਾ ਰਿਕਾਰਡ ਜ਼ਾਹਰ ਕਰਦਾ ਸੀ ਕਿ ਇੱਕ ਦਿਨ ਪਹਿਲਾਂ ਥਾਣੇਦਾਰ ਤੇ ਗ੍ਰਿਫ਼ਤਾਰ ਬੰਦਾ ਇਕੱਠੇ ਘੁੰਮਦੇ ਸਨ, ਅਗਲੇ ਦਿਨ ਕਿਸੇ ਕਾਰਨ ਕਰ ਕੇ ਪਰਚਾ ਦਰਜ ਕੀਤਾ ਤੇ ਸਾਰੇ ਤੱਥ ਗ਼ਲਤ ਲਿਖ ਧਰੇ ਹਨ।

ਸੂਚਨਾ ਦੇ ਅਧਿਕਾਰ ਦੇ ਕ੍ਰਿਸ਼ਮਿਆਂ ਬਾਰੇ ਗੱਲ ਕਰੀਏ ਤਾਂ ਇੱਕ ਮਾਮਲਾ ਉੱਤਰ ਪ੍ਰਦੇਸ਼ ਦਾ ਵੀ ਸਨਸਨੀਖੇਜ਼ ਸਾਹਮਣੇ ਆਇਆ ਹੈ। ਓਥੇ ਇੱਕ ਬੰਦੇ ਨੂੰ ਇਹ ਪਤਾ ਲੱਗ ਗਿਆ ਕਿ ਪੁਲਸ ਦੇ ਕੁਝ ਅਧਿਕਾਰੀ ਕੁਝ ਅਪਰਾਧੀਆਂ ਨਾਲ ਮਿਲ ਕੇ ਕਾਨੂੰਨ ਨੂੰ ਧੋਖਾ ਦੇ ਰਹੇ ਹਨ। ਜਿਸ ਥਾਣੇ ਦੇ ਅਧਿਕਾਰੀਆਂ ਬਾਰੇ ਪਤਾ ਲੱਗਾ, ਓਥੋਂ ਉਸ ਨੇ ਪੁਲਸ ਦੇ ਰਿਕਾਰਡ ਮੁਤਾਬਕ ਭਗੌੜੇ ਅਪਰਾਧੀਆਂ ਦੀ ਸੂਚੀ ਮੰਗ ਲਈ ਤੇ ਪਿੰਡੋ-ਪਿੰਡ ਪੁਣ-ਛਾਣ ਕਰਨ ਤੁਰ ਪਿਆ। ਇੱਕ ਪਿੰਡ ਜਾ ਕੇ ਉਸਨੂੰ ਪਤਾ ਲੱਗਾ ਕਿ ਜਿਸ ਬੰਦੇ ਦਾ ਨਾਂਅ ਥਾਣੇ ਦੇ ਰਿਕਾਰਡ ਵਿਚ ਭਗੌੜੇ ਅਪਰਾਧੀਆਂ ਵਿਚ ਬੋਲਦਾ ਹੈ, ਉਹ ਤਾਂ ਪਿਛਲੇ ਅਠਾਈ ਸਾਲਾਂ ਤੋਂ ਜੇਲ੍ਹ ਦੇ ਵਾਰਡਨ ਦੀ ਨੌਕਰੀ ਕਰ ਰਿਹਾ ਹੈ। ਯਕੀਨ ਕਰਨਾ ਔਖਾ ਸੀ, ਪਰ ਇਸੇ ਕਾਨੂੰਨ ਅਧੀਨ ਮੰਗੀ ਗਈ ਅਗਲੀ ਜਾਣਕਾਰੀ ਨੇ ਸਾਬਤ ਕਰ ਦਿੱਤਾ ਕਿ ਉਸਦੇ ਇਸ ਭਗੌੜੇਪਣ ਨੂੰ ਲੁਕਾ ਕੇ ਪੁਲਸ ਵਾਲਿਆਂ ਨੇ ਉਸ ਦੀ 'ਕਰੈਕਟਰ ਵੈਰੀਫੀਕੇਸ਼ਨ' ਕੀਤੀ ਅਤੇ ਨੌਕਰੀ ਲੈਣ ਵਿਚ ਮਦਦ ਕੀਤੀ ਸੀ। ਜਿਹੜੇ ਪੁਲਸ ਵਾਲਿਆਂ ਨੇ ਚੰਦ ਟਕਿਆਂ ਬਦਲੇ ਇਹ ਕਰਤੂਤ ਕੀਤੀ ਸੀ, ਉਹਨਾਂ 'ਚੋਂ ਕੁਝ ਤਾਂ ਰਿਟਾਇਰ ਹੋ ਗਏ ਤੇ ਕੁਝ ਹੁਣ ਵੱਡੇ ਅਫਸਰ ਬਣ ਚੁੱਕੇ ਹਨ, ਪਰ ਇਸ ਇੱਕੋ ਮੁਕੱਦਮੇ ਨੇ ਸਾਰੇ ਜਣੇ ਕੁੜਿੱਕੀ ਵਿਚ ਫਸਾ ਦਿੱਤੇ ਹਨ।

ਸਾਡੇ ਪੰਜਾਬ ਵਿਚ ਵੀ ਦੋ ਤਾਜ਼ਾ ਕੇਸ ਹਨ, ਜਿਹੜੇ ਇਸੇ ਸੂਚਨਾ ਕਾਨੂੰਨ ਨੇ ਸਾਹਮਣੇ ਲਿਆਂਦੇ ਤੇ ਹੁਣ ਚਰਚਾ ਦਾ ਵਿਸ਼ਾ ਬਣੇ ਪਏ ਹਨ।

ਇੱਕ ਮਾਮਲਾ ਹੈ ਬੀਤੇ ਸਾਲ ਹੋਈਆਂ ਪਾਰਲੀਮੈਂਟ ਚੋਣਾਂ ਦੇ ਉਮੀਦਵਾਰਾਂ ਦਾ। ਸੂਚਨਾ ਦੇ ਅਧਿਕਾਰ ਅਧੀਨ ਇੱਕ ਸਮਾਜ ਸੇਵੀ ਨੇ ਪੰਜਾਬ ਦੀਆਂ ਤੇਰਾਂ ਪਾਰਲੀਮੈਂਟਾਂ ਸੀਟਾਂ ਦੇ ਜੇਤੂ ਅਤੇ ਦੂਜੇ ਨੰਬਰ ਉੱਤੇ ਰਹਿਣ ਵਾਲੇ ਉਮੀਦਵਾਰਾਂ ਦੇ ਇਸ਼ਤਿਹਾਰਾਂ ਦੇ ਖਰਚ ਦਾ ਵੇਰਵਾ ਮੰਗ ਲਿਆ। ਉਸਨੇ ਪਹਿਲਾਂ ਅਖ਼ਬਾਰਾਂ ਵਿਚੋਂ ਉਹਨਾਂ ਦੇ ਇਸ਼ਤਿਹਾਰਾਂ ਦੀਆਂ ਕਤਰਨਾਂ ਵੀ ਇਕੱਠੀਆਂ ਕੀਤੀਆਂ ਸਨ। ਕੀਤਾ ਗਿਆ ਖਰਚਾ ਕਰੋੜਾਂ ਰੁਪਏ ਬਣਦਾ ਸੀ, ਚੋਣ ਕਮਿਸ਼ਨ ਦੇ ਦਰਸ਼ਕ ਵੀ ਕਾਫੀ ਵੱਡੀ ਰਕਮ ਦਾ ਅਨੁਮਾਨ ਲਾਉਂਦੇ ਰਹੇ, ਪਰ ਉਮੀਦਵਾਰਾਂ ਨੇ ਚੋਣ ਰਿਟਰਨ ਸਿਰਫ਼ ਕੁਝ ਕੁ ਲੱਖਾਂ ਤੱਕ ਦੀ ਭਰੀ ਹੋਈ ਸੀ। ਹੁਣ ਇਹ ਮਾਮਲਾ ਉਹਨਾਂ ਨੇ ਚੋਣ ਕਮਿਸ਼ਨ ਮੂਹਰੇ ਉਠਾਇਆ ਹੈ ਕਿ ਇਹਨਾਂ ਸਭਨਾਂ ਨੇ ਚੋਣ ਕਾਨੂੰਨ ਅਧੀਨ ਮਿੱਥੀ ਗਈ ਹੱਦ ਤੋਂ ਵੱਧ ਖ਼ਰਚਾ ਕੀਤਾ ਹੋਣ ਕਰਕੇ ਇਹਨਾਂ ਦੀ ਚੋਣ ਵੀ ਰੱਦ ਕੀਤੀ ਜਾਵੇ ਤੇ ਅੱਗੇ ਤੋਂ ਚੋਣ ਲੜਨ ਦੀ ਪਾਬੰਦੀ ਵੀ ਲਾਈ ਜਾਵੇ। ਉੱਪਰੋਂ ਤਾਂ ਇਹ ਸਾਰੇ ਲੋਕ ਇਹੋ ਕਹਿੰਦੇ ਹਨ ਕਿ ਏਦਾਂ ਦੀਆਂ ਸ਼ਿਕਾਇਤਾਂ ਦੀ ਉਹਨਾਂ ਨੂੰ ਪਰਵਾਹ ਨਹੀਂ, ਪਰ ਅੰਦਰੋਂ-ਅੰਦਰੀ ਸਾਰੇ ਘਬਰਾਏ ਪਏ ਹਨ ਤੇ ਵੱਖ-ਵੱਖ ਬਹਾਨੇ ਤਲਾਸ਼ਦੇ ਫਿਰਦੇ ਹਨ।

ਏਦਾਂ ਦਾ ਦੂਜਾ ਮਾਮਲਾ ਉਸ ਸ਼ਗਨ ਸਕੀਮ ਦਾ ਹੈ, ਜਿਹੜੀ 1997 ਵਿਚ ਚੌਥੀ ਵਾਰੀ ਮੁੱਖ ਮੰਤਰੀ ਬਣ ਕੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਚਾਲੂ ਕੀਤੀ ਸੀ। ਇਸ ਸਕੀਮ ਅਧੀਨ ਗਰੀਬਾਂ ਦੀਆਂ ਧੀਆਂ ਦੇ ਵਿਆਹ ਉੱਤੇ ਪੰਜਾਬ ਸਰਕਾਰ ਵਲੋਂ ਸ਼ਗਨ ਦੇ ਨਾਂਅ ਉੱਤੇ ਓਦੋਂ ਇਕਵੰਜਾ ਸੌ ਰੁਪਏ ਮਿਲਦੇ ਸਨ, ਜਿਹੜੇ ਹੁਣ ਪੰਦਰਾਂ ਹਜ਼ਾਰ ਕੀਤੇ ਜਾ ਚੁੱਕੇ ਹਨ। ਫ਼ਰੀਦਕੋਟ ਜ਼ਿਲ੍ਹੇ ਵਿਚ ਇੱਕ ਸਮਾਜ ਸੇਵੀ ਨੇ ਇਹੋ ਜਿਹੇ ਲਾਭ ਲੈਣ ਵਾਲਿਆਂ ਦੀ ਸੂਚੀ ਸੂਚਨਾ ਦੇ ਅਧਿਕਾਰ ਅਧੀਨ ਪ੍ਰਾਪਤ ਕੀਤੀ ਤੇ ਉਹਨਾਂ ਦੇ ਘਰਾਂ ਤੋਂ ਸੱਚਾਈ ਲੱਭਣ ਤੁਰ ਪਿਆ। ਕੌੜਾ ਸੱਚ ਇਹ ਸਾਹਮਣੇ ਆਇਆ ਕਿ ਕਿਸੇ ਨੇ ਪੰਦਰਾਂ ਸਾਲ ਪਹਿਲਾਂ ਵਿਆਹੀਆਂ ਧੀਆਂ ਦੇ ਨਾਂਅ ਉੱਤੇ ਸ਼ਗਨ ਲਿਆ ਹੋਇਆ ਸੀ ਤੇ ਕਿਸੇ ਨੇ ਉਸ ਧੀ ਦੇ ਨਾਂਅ ਉੱਤੇ ਵੀ ਲੈ ਲਿਆ, ਜਿਹੜੀ ਕਦੇ ਜੰਮੀ ਨਹੀਂ ਸੀ, ਜਾਂ ਸ਼ਾਇਦ ਜੰਮਣ ਹੀ ਨਹੀਂ ਸੀ ਦਿੱਤੀ ਗਈ। ਮਾਮਲਾ ਉੱਚ ਅਧਿਕਾਰੀ ਦੇ ਪੱਧਰ ਦੀ ਪੜਤਾਲ ਤੋਂ ਹੁੰਦਾ ਇਕ ਬਾਕਾਇਦਾ ਕਮੇਟੀ ਦੀ ਜਾਂਚ ਤੱਕ ਪੁੱਜਾ ਤਾਂ ਪਤਾ ਲੱਗਾ ਕਿ ਪੰਜਾਬ ਵਿਚ ਪੰਜਾਹ ਹਜ਼ਾਰ ਤੋਂ ਵੱਧ ਲੋਕਾਂ ਨੇ ਸ਼ਗਨ ਲਿਆ, ਮਸਾਂ ਸਤਾਰਾਂ ਹਜ਼ਾਰ ਅਸਲੀ ਹੱਕਦਾਰ ਨਿਕਲੇ ਹਨ ਤੇ ਜਾਅਲੀ ਕੇਸਾਂ ਦੀ ਗਿਣਤੀ ਸੱਠ ਤੋਂ ਸਤਾਹਠ ਫ਼ੀਸਦੀ ਤੱਕ ਬਣਦੀ ਹੈ।

ਅਸੀਂ ਦੁੱਧ ਵਿਚ ਪਾਣੀ ਪਾਇਆ ਜਾਣਾ ਸੁਣਿਆ ਸੀ, ਨਿਰੇ ਪਾਣੀ ਵਿਚ ਥੋੜ੍ਹਾ ਜਿਹਾ ਦੁੱਧ ਪਾ ਕੇ ਕੱਚੀ ਲੱਸੀ ਬਣ ਗਈ ਹੈ ਪੰਜਾਬ ਦੀ ਸ਼ਗਨ ਸਕੀਮ, ਜਿਸ ਵਿਚ ਅਸਲੀ ਨਾਲੋਂ ਨਕਲੀ ਦੁੱਗਣੇ ਹੋਏ ਫਿਰਦੇ ਹਨ। ਫਿਰ ਵੀ ਇਹ ਕੋਈ ਅੰਤਮ ਪੜਾਅ ਨਹੀਂ। ਸੂਚਨਾ ਦਾ ਅਧਿਕਾਰ ਇਸਤੋਂ ਅੱਗੇ ਵਧ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹਾਤੇ ਵਿਚ ਵੀ ਪਹੁੰਚ ਗਿਆ ਹੈ ਤੇ ਜੋ ਉੱਥੋਂ ਪਤਾ ਲੱਗਾ ਹੈ, ਉਹ ਧਰਮ ਦੇ ਨਾਂਅ ਉੱਤੇ ਹੁੰਦੀ ਮੌਜ ਨੂੰ ਸਾਫ ਜ਼ਾਹਰ ਕਰਦਾ ਹੈ। ਸ਼੍ਰੋਮਣੀ ਕਮੇਟੀ ਬਾਰੇ ਮਸ਼ਹੂਰ ਹੈ ਕਿ ਇਸ ਦੀ ਧਰਮ ਪ੍ਰਚਾਰ ਕਮੇਟੀ ਦਾ ਖਾਤਾ ਰਾਜਸੀ ਲੋੜਾਂ ਦੀ ਪੂਰਤੀ ਅਤੇ ਰਾਜਸੀ ਵਰਕਰਾਂ ਦੇ ਖ਼ਰਚੇ ਚਲਾਉਣ ਵਿਚ ਸਹਾਈ ਹੁੰਦਾ ਹੈ। ਹੁਣ ਇਹ ਪਤਾ ਲੱਗਾ ਹੈ ਕਿ ਇਸ ਕਮੇਟੀ ਨੇ ਇੱਕ ਸਾਲ ਵਿਚ 43 ਕਰੋੜ ਰੁਪਏ ਧਰਮ ਪ੍ਰਚਾਰ ਦੇ ਨਾਂਅ ਉੱਤੇ ਖ਼ਰਚ ਕੀਤੇ ਹਨ ਤੇ ਇਹਨਾਂ ਵਿਚ ਇੱਕ ਮੱਦ ਇਹ ਵੀ ਹੈ ਕਿ ਬਠਿੰਡੇ ਵਿਚ ਸਿਰਫ ਦੋ ਸੌ ਬੰਦਿਆਂ ਨੂੰ ਅੰਮ੍ਰਿਤ ਛਕਾਉਣ ਦੇ ਸਮਾਗਮ ਉੱਤੇ ਤਿੰਨ ਲੱਖ ਰੁਪਏ ਖ਼ਰਚ ਹੋ ਗਏ ਸਨ। ਧਰਮ ਪ੍ਰਚਾਰ ਵਹੀਰ ਦਾ ਮੁਖੀ ਅਖੰਡ ਕੀਰਤਨੀ ਜਥੇ ਦੇ ਮੁਖੀ ਨੂੰ ਲਾਇਆ ਗਿਆ ਹੈ, ਜਿਹੜਾ ਕਹਿ ਰਿਹਾ ਹੈ ਕਿ ਉਹ ਸ਼੍ਰੋਮਣੀ ਕਮੇਟੀ ਤੋਂ ਸੇਵਾ ਕਰਨ ਦਾ ਕੋਈ ਪੈਸਾ ਹੀ ਨਹੀਂ ਲੈਂਦਾ। ਜੇ ਉਹ ਕੋਈ ਸੇਵਾ-ਫ਼ਲ ਨਹੀਂ ਲੈਂਦਾ ਤਾਂ ਤਿਰਤਾਲੀ ਕਰੋੜ ਕਿਹੜੇ ਖੂਹ ਵਿਚ ਪੈ ਗਏ, ਇਹ ਪੁੱਛਣ ਦਾ ਹੱਕ ਸਿੱਖਾਂ ਨੂੰ ਹੈ। ਸੂਚਨਾ ਦਾ ਅਧਿਕਾਰ ਦੇਂਦਾ ਇਹ ਕਾਨੂੰਨ ਕਾਫ਼ੀ ਚੰਗੀ ਸੇਧ ਵਿਚ ਅੱਗੇ ਵਧ ਰਿਹਾ ਹੈ ਅਤੇ ਅਸੀਂ ਇਸ ਦੀ ਹਮਾਇਤ ਕੀਤੇ ਬਿਨਾਂ ਨਹੀਂ ਰਹਿ ਸਕਦੇ, ਪਰ ਫਿਰ ਵੀ ਇਸ ਦੀ ਕੋਈ ਨਾ ਕੋਈ ਹੱਦ ਰੱਖਣੀ ਪਵੇਗੀ। ਹੁਣ ਸੂਚਨਾ ਦੇ ਇਸੇ ਅਧਿਕਾਰ ਦੇ ਅਧੀਨ ਫ਼ੌਜ ਦੀਆਂ ਤਿਆਰੀਆਂ ਜਾਂ ਕੁਝ ਸੰਵੇਦਨਸ਼ੀਲ ਨਵੀਆਂ ਖੋਜਾਂ ਦਾ ਵੇਰਵਾ ਵੀ ਮੰਗਿਆ ਜਾਣ ਲੱਗਾ ਹੈ। ਇਹੋ ਜਿਹੇ ਵੇਰਵੇ ਆਪਣੇ ਨਾਗਰਿਕਾਂ ਨੂੰ ਦੇਣੇ ਗ਼ਲਤ ਨਾ ਹੁੰਦੇ ਹੋਏ ਵੀ ਇਸ ਗੱਲ ਦਾ ਖ਼ਤਰਾ ਰਹਿੰਦਾ ਹੈ ਕਿ ਇਹ ਸੂਚਨਾਵਾਂ ਅਖ਼ਬਾਰਾਂ ਅਤੇ ਹੋਰ ਸਾਧਨਾਂ ਰਾਹੀਂ ਪੇਸ਼ ਕੀਤੇ ਜਾਣ ਕਰਕੇ ਦੇਸ਼ ਦੇ ਵਿਰੋਧੀਆਂ ਦੇ ਹੱਥ ਵੀ ਲੱਗ ਸਕਦੀਆਂ ਹਨ। ਹਰ ਗੱਲ ਦੀ ਕੋਈ ਹੱਦ ਹੁੰਦੀ ਹੈ ਤੇ ਇਸ ਕਾਨੂੰਨ ਦੀ ਵੀ ਕੋਈ ਨਾ ਕੋਈ ਹੱਦ ਹੋਣੀ ਚਾਹੀਦੀ ਹੈ। ਇਸ ਕਾਨੂੰਨ ਦਾ ਲਾਭ ਦੇਸ਼ ਵਿਚ ਵੱਸਦੇ ਜਾਂ ਵਿਦੇਸ਼ ਪਰਵਾਸ ਕਰ ਚੁੱਕੇ ਹਰ ਭਾਰਤੀ ਨੂੰ ਉਠਾਉਣਾ ਚਾਹੀਦਾ ਹੈ, ਪਰ ਇਹ ਧਿਆਨ ਵਿਚ ਰੱਖ ਕੇ ਕਿ ਕਿਧਰੇ ਇਹ ਅਧਿਕਾਰ ਉਸ ਦੇਸ਼ ਲਈ ਹੀ ਖ਼ਤਰਾ ਨਾ ਬਣ ਜਾਵੇ, ਜਿਸ ਨੇ ਆਪਣੇ ਨਾਗਰਿਕਾਂ ਨੂੰ ਇਹ ਅਧਿਕਾਰ ਦਿੱਤਾ ਹੈ।

## ਪੰਜਾਬ 'ਚ ਦੋ ਹੋਰ ਪੁਲੀਸ ਰੇਂਜਾਂ ਤੇ ਇਕ ਜ਼ੋਨ ਦੀ ਤਿਆਰੀ

**ਚੰਡੀਗੜ੍ਹ :** ਪੰਜਾਬ ਸਰਕਾਰ ਸੂਬੇ ਵਿਚ ਦੋ ਹੋਰ ਪੁਲੀਸ ਰੇਂਜਾਂ ਅਤੇ ਇਕ ਪੁਲੀਸ ਜ਼ੋਨ ਹੋਰ ਸਥਾਪਤ ਕਰ ਰਹੀ ਹੈ। ਡੀ.ਜੀ.ਪੀ. ਪੰਜਾਬ ਦੇ ਦਫ਼ਤਰ ਵਲੋਂ ਗ੍ਰਹਿ ਵਿਭਾਗ ਨੂੰ ਜਿਹੜਾ ਪ੍ਰਸਤਾਵ ਭੇਜਿਆ ਜਾ ਰਿਹਾ ਉਸ ਮੁਤਾਬਕ ਸੰਗਰੂਰ ਅਤੇ ਗੁਰਦਾਸਪੁਰ ਰੇਂਜਾਂ ਅਤੇ ਫਿਰੋਜ਼ਪੁਰ ਨਵੀਂ ਜ਼ੋਨ ਬਣਾਈ ਜਾ ਰਹੀ ਹੈ। ਇਨ੍ਹਾਂ ਦੀ ਸਥਾਪਨਾ ਨਾਲ ਜ਼ੋਨਾਂ ਦੀ ਗਿਣਤੀ 4 ਅਤੇ ਰੇਂਜ਼ਾਂ ਦੀ ਗਿਣਤੀ 6 ਹੋ ਜਾਵੇਗੀ। ਪੰਜਾਬ ਪੁਲੀਸ ਵਲੋਂ ਰੇਂਜਾਂ ਅਤੇ ਜ਼ੋਨਾਂ ਦੀ ਸਥਾਪਨਾ ਲਈ ਰਾਜ ਅੰਦਰ ਅਪਰਾਧ, ਸਮਗਲਿੰਗ ਅਤੇ ਹੋਰ ਗੈਰ ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਦਾ ਅਧਾਰ ਬਣਾਇਆ ਜਾ ਰਿਹਾ ਹੈ। ਸੂਤਰਾਂ ਦਾ ਦੱਸਣਾ ਹੈ ਕਿ ਹਾਕਮ ਧਿਰ ਵਲੋਂ ਰਾਜਨੀਤਕ ਨਜ਼ਰੀਏ ਤੋਂ ਪੁਲੀਸ ਦੇ ਹੱਥ ਮਜ਼ਬੂਤ ਕਰਨ ਦੀ ਨੀਤੀ ਤਹਿਤ ਅਜਿਹਾ ਕੀਤਾ ਜਾ ਰਿਹਾ ਹੈ। ਥਾਣਿਆਂ ਦੀ ਗਿਣਤੀ 'ਚ 40 ਫੀਸਦੀ ਦਾ ਵਾਧਾ ਕਰਨ ਦਾ ਪ੍ਰਸਤਾਵ ਬਣਾਇਆ ਗਿਆ ਹੈ ਤੇ ਪੁਲੀਸ ਸਬ ਡਿਵੀਜ਼ਨਾਂ ਦੀ ਗਿਣਤੀ ਦੀ ਵਿਧਾਨ ਸਭਾ ਹਲਕਿਆਂ ਦੇ ਬਰਾਬਰ ਕਰ ਦਿੱਤੀ ਹੈ।

ਪੁਲੀਸ ਦੇ ਮੁਖੀ ਨੇ ਇਸੇ ਹਫ਼ਤੇ ਦੌਰਾਨ ਪੁਲੀਸ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਦੋ ਨਵੀਆਂ ਪੁਲੀਸ ਰੇਂਜਾਂ ਅਤੇ ਜ਼ੋਨ ਦੀ ਸਥਾਪਨਾ ਸਬੰਧੀ ਪ੍ਰਸਤਾਵ ਤਿਆਰ ਕਰਨ ਦੇ ਹੁਕਮ ਦਿੱਤੇ ਸਨ। ਇਸ ਪ੍ਰਸਤਾਵ ਵਿਚ ਤਰਕ ਪੇਸ਼ ਕੀਤਾ ਗਿਆ ਹੈ ਕਿ ਪੰਜਾਬ ਦੇ ਅੰਤਰਰਾਸ਼ਟਰੀ ਸਰਹੱਦ ਨਾਲ ਲਗਦਾ ਹੋਣ ਕਾਰਨ ਇਸ 'ਚ ਦੇਸ਼ ਵਿਰੋਧੀ ਤੱਤਾਂ ਦੀ ਘੁਸਪੈਠ, ਜਾਅਲੀ ਕਰੰਸੀ, ਨਸ਼ਿਆਂ ਦੀ ਤਸਕਰੀ ਅਤੇ ਹੋਰਨਾਂ ਗੰਭੀਰ ਅਪਰਾਧਾਂ ਦਾ ਖ਼ਤਰਾ ਰਹਿੰਦਾ ਹੈ। ਤਜਵੀਜ਼ ਵਿਚ ਪੁਲੀਸ ਰੇਂਜਾਂ ਅਤੇ ਜ਼ੋਨਾਂ ਦੀ ਮੁੜ ਤੋਂ ਹੱਦਬੰਦੀ ਵੀ ਕੀਤੀ ਜਾ ਰਹੀ ਹੈ। ਨਵੀਆਂ ਰੇਂਜ ਸੰਗਰੂਰ ਵਿਚ ਸੰਗਰੂਰ, ਬਰਨਾਲਾ ਅਤੇ ਫਤਿਹਗੜ੍ਹ ਸਾਹਿਬ ਨੂੰ ਸ਼ਾਮਿਲ ਕੀਤਾ ਜਾ ਰਿਹਾ ਹੈ। ਗੁਰਦਾਸਪੁਰ ਰੇਂਜ ਗੁਰਦਾਸਪੁਰ, ਬਟਾਲਾ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ 'ਤੇ ਅਧਾਰਿਤ ਹੋਵੇਗੀ, ਫਿਰੋਜ਼ਪੁਰ ਜ਼ੋਨ ਦਾ ਗਠਨ ਬਠਿੰਡਾ ਅਤੇ ਫਿਰੋਜ਼ਪੁਰ ਰੇਂਜਾਂ ਦੇ ਅਧਾਰ 'ਤੇ ਕੀਤਾ ਜਾਵੇਗਾ। ਨਵੀਆਂ ਰੇਂਜਾਂ ਅਤੇ ਜ਼ੋਨ ਦੀ ਸਥਾਪਨਾ ਨਾਲ ਸਰਕਾਰ 'ਤੇ ਸਾਲਾਨਾ 2 ਕਰੋੜ 85 ਲੱਖ, 63 ਹਜ਼ਾਰ, 920 ਰੁਪਏ ਦਾ ਬੋਝ ਪਵੇਗਾ। ਪਹਿਲਾਂ ਤੋਂ ਸਥਾਪਤ ਰੇਂਜਾਂ ਦੀ ਕੀਤੀ ਜਾ ਰਹੀ ਹੱਦਬੰਦੀ ਤੋਂ ਬਾਅਦ ਲੁਧਿਆਣਾ ਰੇਂਜ ਜ਼ਿਲ੍ਹਾ ਲੁਧਿਆਣਾ (ਸ਼ਹਿਰ) ਤੇ ਇਸੇ ਜ਼ਿਲੇ ਵਿਚਲੇ ਦੋ ਹੋਰ ਪੁਲੀਸ ਜ਼ਿਲ੍ਹਿਆਂ ਖੰਨਾ ਅਤੇ ਲੁਧਿਆਣਾ (ਦਿਹਾਤੀ) 'ਤੇ ਅਧਾਰਿਤ ਹੀ ਰਹਿ ਜਾਣੀ ਹੈ। ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਅੰਮ੍ਰਿਤਸਰ (ਸ਼ਹਿਰੀ), ਗੁਰਦਾਸਪੁਰ, ਤਰਨਤਾਰਨ, ਬਟਾਲਾ, ਅਤੇ ਅੰਮ੍ਰਿਤਸਰ (ਦਿਹਾਤੀ) 'ਤੇ ਅਧਾਰਿਤ ਇੱਕੋ ਰੇਂਜ਼ ਹੈ। ਨਵੇਂ ਪ੍ਰਸਤਾਵ ਤੋਂ ਬਾਅਦ ਸਰਹੱਦੀ ਜ਼ਿਲ੍ਹਿਆਂ ਲਈ ਦੋ ਰੇਂਜਾਂ ਹੋ ਜਾਣਗੀਆਂ। ਲੁਧਿਆਣਾ ਰੇਂਜ 'ਚੋਂ ਰੋਪੜ ਜ਼ਿਲ੍ਹੇ ਨੂੰ ਤੋੜ ਕੇ ਪਟਿਆਲਾ ਨਾਲ ਜੋੜਿਆ ਜਾ ਰਿਹਾ ਹੈ ਪਟਿਆਲਾ ਰੇਂਜ ਵਿਚ ਰੋਪੜ, ਪਟਿਆਲਾ ਤੇ ਮੁਹਾਲੀ ਜ਼ਿਲ੍ਹੇ ਸ਼ਾਮਿਲ ਕੀਤੇ ਜਾ ਰਹੇ ਹਨ। ਇਸੇ ਤਰ੍ਹਾਂ ਭੰਨਤੋੜ ਤੋਂ ਬਾਅਦ ਜਲੰਧਰ ਰੇਂਜ ਵਿਚ ਜਲੰਧਰ ਸ਼ਹਿਰ ਜਲੰਧਰ (ਦਿਹਾਤੀ) ਕਪੂਰਥਲਾ, ਨਵਾਂਸ਼ਹਿਰ, ਫਿਰੋਜ਼ਪੁਰ ਰੇਂਜ ਵਿਚ ਫਿਰੋਜ਼ਪੁਰ, ਮੋਗਾ, ਫਰੀਦਕੋਟ, ਬਠਿੰਡਾ ਰੇਂਜ ਵਿਚ ਬਠਿੰਡਾ, ਮੁਕਤਸਰ ਤੇ ਮਾਨਸਾ ਜ਼ਿਲੇ ਸ਼ਾਮਲ ਹਨ। ਪੰਜਾਬ ਮੰਤਰੀ ਮੰਡਲ ਨੇ ਜਲੰਧਰ (ਦਿਹਾਤੀ) ਜ਼ਿਲ੍ਹੇ ਦੀ ਸਥਾਪਨਾ ਦਾ ਪ੍ਰਸਤਾਵ ਵੀ ਹਾਲ ਹੀ 'ਚ ਪਾਸ ਕੀਤਾ ਸੀ। ਇਸੇ ਜ਼ਿਲ੍ਹੇ 'ਚ ਐਸ.ਐਸ.ਪੀ. ਤੇ ਹੋਰ ਅਧਿਕਾਰੀਆਂ ਦੀ ਤਾਇਨਾਤੀ ਦੋ ਹਫਤਿਆਂ ਦੇ ਅੰਦਰ ਕੀਤੀ ਜਾ ਰਹੀ ਹੈ।

## ਸਵੈ ਸੁਰੱਖਿਆ ਲਈ ਕਤਲ ਅਪਰਾਧ ਨਹੀਂ-ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇਕ ਅਹਿਮ ਫ਼ੈਸਲੇ ਵਿਚ ਕਿਹਾ ਹੈ ਕਿ ਜਦੋਂ ਕਿਸੇ ਵਿਅਕਤੀ ਦੀ ਜਾਨ 'ਤੇ ਬਣ ਆਈ ਹੋਵੇ ਤਾਂ ਉਸ ਤੋਂ ਬੁਜ਼ਦਿਲੀ ਵਾਲੇ ਵਤੀਰੇ ਦੀ ਉਮੀਦ ਨਹੀਂ ਕੀਤੀ ਜਾ ਸਕਦੀ ਅਤੇ ਸਵੈ-ਰੱਖਿਆ ਵਿਚ ਉਸਨੂੰ ਹਮਲਾਵਰ ਦੀ ਜਾਨ ਲੈਣ ਦਾ ਪੂਰਾ ਹੱਕ ਹੈ।

ਜਸਟਿਸ ਦਲਵੀਰ ਭੰਡਾਰੀ ਅਤੇ ਜਸਟਿਸ ਅਸ਼ੋਕ ਕੁਮਾਰ ਗਾਂਗੁਲੀ ਦੇ ਬੈਂਚ ਨੇ ਕਿਹਾ ਕਿ ਇਨ੍ਹਾਂ ਹਾਲਾਤ ਵਿਚ ਕਾਨੂੰਨ ਹਮਲਾਵਰ ਦੀ ਜਾਨ ਲੈਣ ਦੀ ਆਗਿਆ ਦਿੰਦਾ ਹੈ ਅਤੇ ਇਸ ਨੂੰ ਹੱਤਿਆ ਦਾ ਅਪਰਾਧ ਨਹੀਂ ਮੰਨਿਆ ਜਾ ਸਕਦਾ। ਫ਼ੈਸਲੇ ਵਿਚ ਬੈਂਚ ਨੇ ਕਿਹਾ, ''ਇਸ ਲਈ ਸਵੈ-ਰੱਖਿਆ ਦੇ ਅਧਿਕਾਰ ਦੇ ਸਮਾਜਿਕ ਉਦੇਸ਼ ਹਨ ਅਤੇ ਇਨ੍ਹਾਂ ਦੀ ਵਰਤੋਂ ਦਾਇਰੇ ਵਿਚ ਰਹਿਕੇ ਕੀਤੀ ਜਾਣੀ ਚਾਹੀਦੀ ਹੈ।''

ਪੰਜਾਬ ਦੇ ਲੁਧਿਆਣਾ ਜ਼ਿਲੇ ਵਿਚ 15 ਜੁਲਾਈ 1991 ਨੂੰ ਇਸ ਮਾਮਲੇ ਦੇ ਮੁਲਾਜ਼ਮ ਦਰਸ਼ਨ ਸਿੰਘ ਨੇ ਜ਼ਮੀਨ ਦੇ ਇਕ ਝਗੜੇ ਵਿਚ ਆਪਣੇ ਚਾਚਾ ਗੁਰਚਰਨ ਦੀ ਜਾਨ ਲੈ ਲਈ ਸੀ। ਉੱਚਤਮ ਅਦਾਲਤ ਨੇ ਇਸ ਫ਼ੈਸਲੇ ਦੇ ਨਾਲ ਹੀ ਦਰਸ਼ਨ ਸਿੰਘ ਨੂੰ ਬਰੀ ਕਰ ਦਿੱਤਾ। ਦਰਸ਼ਨ ਸਿੰਘ ਨੇ ਗੁਰਚਰਨ ਦੇ ਪਿਤਾ ਉੱਪਰ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਨ ਪਿੱਛੋਂ ਆਪਣੇ ਵਲ ਵਧਦੇ ਦੇਖ ਕੇ ਉਸਨੂੰ ਗੋਲੀ ਮਾਰ ਦਿੱਤੀ ਸੀ।

# ਗੁਰਬਾਣੀ ਘਰ ਘਰ ਪਹੁੰਚਾਉਣ ਦਾ ਉਪਰਾਲਾ

## ਸ੍ਰੀ ਗੁਰੂ ਗੋਬਿੰਦ ਸਿੰਘ ਜੀ
## ਦੇ ਜਨਮ ਦਿਨ ਦੇ ਪਵਿੱਤਰ ਦਿਹਾੜੇ ਤੇ
## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦੀਆਂ (2 DVD) ਰਲੀਜ਼ ਕੀਤੀਆਂ ਗਈਆਂ ।



ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥




ਗੁਰੂ ਪਿਆਰੀ ਸਾਧ ਸੰਗਤ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਕਥਾ **600** ਘੰਟੇ ਦੀ ਹੈ ਜਿਹੜੀ ਕਿ ਪਹਿਲੀ ਵਾਰ ਦੋ DVD ਵਿੱਚ ਸੰਪੂਰਨ ਕੀਤੀ ਹੈ। ਜੋ ਕਿ ਸਿਰਫ (Audio) ਆਡੀਓ ਵਿੱਚ ਹਨ । ਸੰਨ 2000 ਵਿੱਚ ਸਭ ਤੋ ਪਾਹਿਲਾ ਪਾਠ ਦੀਆਂ 55CD ਸੀਡੀਆਂ ਦੀਆਂ 2 Mp3CD ਸੀਡੀਆਂ ਰਲੀਜ਼ ਕੀਤੀਆਂ ਸੀ। ਸੰਗਤ ਦੇ ਚੰਗੇ ਹੁੰਗਾਰੇ ਤੋਂ ਬਆਦ 440 ਘੰਟੇ ਦੀ ਕਥਾ ਨੂੰ 12 CD ਸੀਡੀਆਂ ਵਿੱਚ ਪਰੋ ਦਿੱਤਾ ਗਿਆ ਜਿਸ ਦਾ ਨਾਂ ਅੰਮ੍ਰਿਤ ਬਾਣੀ ਸੀ। ਵਾਹਿਗੁਰੂ ਦੀ ਕ੍ਰਿਪਾ ਦੁਆਰਾ ਗਿਆਨੀ ਠਾਕੁਰ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੰਪੂਰਨ ਕੀਤੀ ਸੀ। ਇਸ ਤੋਂ ਇਲਾਵਾ ਗੁਰਬਾਣੀ ਸੇਵਾ.COM ਨੇ ਨਿਤਨੇਮ ਤੇ ਸੁਖਮਣੀ ਸਾਹਿਬ ਦਾ English ਵਿੱਚ ਅਨੁਵਾਦ ਕੀਤਾ। ਪਿਛਲੇ 10 ਸਾਲਾਂ ਵਿੱਚ ਜੋ ਸਾਨੂੰ ਟੈਲੀਫੋਨ ਤੇ eMail ਆਏ ਹਨ, ਉਹਨਾਂ ਤੋਂ ਪਤਾ ਲਗਦਾ ਹੈ ਕਿ ਲੱਖਾਂ ਦੇ ਜੀਵਨ ਵਿੱਚ ਸੁਧਾਰ ਆਇਆ ਤੇ ਹਜਾਰਾਂ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤੇ ਤੇ ਆਪਣਾ ਜੀਵਨ ਗੁਰੂ ਦੇ ਲੜ ਲਾਇਆ ਅਤੇ ਤੁਸੀਂ www.Gurbanisewa.Com ਤੋ Free Download ਵੀ ਕਰ ਸਕਦੇ ਹੋ।

ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ ਸਾਨੂੰ ਤੁਸੀਂ ਅਪਣਾ Email Address ਭੇਜੋ ਤਾਂ ਜੋ ਅਸੀ ਤੁਹਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦੀਆਂ Free CD ਸੀਡੀਆਂ ਭੇਜ ਸਕੀਏ।

ਤੁਹਾਡਾ ਦਾਸ: ਗੁਰਸੇਵਕ ਸਿੰਘ (ਡੈਲਸ) ਟੈਕਸਸ

**S.Gursewak Singh (Dallas) Tx.**
**Phone : 972 - 234 - 4111**
**eMail : SVFoundation@Yahoo.com**

# ਪੰਜਾਬ ਟਾਈਮਜ਼

ਸਨਿਚਰਵਾਰ, 23 ਜਨਵਰੀ 2010

*ਜਿਹੜੇ ਲੋਕ ਇਤਿਹਾਸ ਦੇ ਸਬਕ ਯਾਦ ਨਹੀਂ ਰੱਖਦੇ, ਉਨ੍ਹਾਂ ਨੂੰ ਸਜ਼ਾ ਭੁਗਤਣੀ ਪੈਂਦੀ ਹੈ–ਜਾਰਜ ਸਾਂਤਿਆਨਾ*


## ਪੰਜਾਬ ਕਾਂਗਰਸ ਦੀ ਨਵੀਂ ਲੀਡਰਸ਼ਿਪ ਬਾਰੇ ਚਰਚਾ

ਪੰਜਾਬ ਕਾਂਗਰਸ ਦੀ ਲੀਡਰਸ਼ਿਪ ਦਾ ਮਾਮਲਾ ਪਿਛਲੇ ਤਕਰੀਬਨ ਦੋ-ਢਾਈ ਸਾਲਾਂ ਤੋਂ ਲਗਾਤਾਰ ਲਟਕਦਾ ਆ ਰਿਹਾ ਹੈ। ਪੰਜਾਬ ਦੇ ਕਾਂਗਰਸੀਆਂ ਦੀ ਲੀਡਰਸ਼ਿਪ ਵਿਚ ਜਿੰਨੀ ਵਿਆਪਕ ਅਤੇ ਡੂੰਘੀ ਫੁੱਟ ਹੈ, ਉਸ ਨੂੰ ਵੇਖਦਿਆਂ ਕਾਂਗਰਸ ਪਾਰਟੀ ਦੀ ਹਾਈਕਮਾਨ ਵੀ ਲਗਾਤਾਰ ਦੁਚਿੱਤੀ ਵਿਚ ਰਹੀ ਹੈ। ਕਾਂਗਰਸ ਹਾਈਕਮਾਨ ਦੀ ਇਹ ਦੁਚਿੱਤੀ ਹਾਲੇ ਵੀ ਟੁੱਟਦੀ ਵਿਖਾਈ ਨਹੀਂ ਦੇ ਰਹੀ। ਫਿਰ ਵੀ ਪਿਛਲੇ ਕੁਝ ਹੀ ਸਮੇਂ ਵਿਚ ਪੰਜਾਬ ਕਾਂਗਰਸ ਦੀ ਲੀਡਰਸ਼ਿਪ, ਖਾਸ ਕਰਕੇ ਬੀਬੀ ਰਜਿੰਦਰ ਕੌਰ ਭੱਠਲ ਅਤੇ ਮਹਿੰਦਰ ਸਿੰਘ ਕੇਪੀ ਧੜੇ ਵਲੋਂ ਚਲਾਈ ਗਈ ਵਿਆਪਕ ਭਰਤੀ ਦੀ ਮੁਹਿੰਮ ਨੇ ਹੁਣ ਇਹ ਆਸਾਰ ਜ਼ਰੂਰ ਬਣਾ ਦਿੱਤੇ ਹਨ ਕਿ ਨੇੜ ਭਵਿੱਖ ਵਿਚ ਕਾਂਗਰਸ ਨੂੰ ਆਪਣੀ ਲੀਡਰਸ਼ਿੱਪ ਦਾ ਫੈਸਲਾ ਕਰਨਾ ਪਵੇਗਾ। ਉਂਜ ਆਉਂਦੀਆਂ ਵਿਧਾਨ ਸਭਾ ਚੋਣਾਂ ਦੀ ਅਗਾਊਂ ਤਿਆਰੀ ਲਈ ਵੀ ਪੰਜਾਬ ਕਾਂਗਰਸ ਨੂੰ ਕਿਸੇ ਸਮਰੱਥ ਲੀਡਰਸ਼ਿਪ ਦੀ ਲੋੜ ਪਵੇਗੀ। ਹਾਲ ਦੀ ਘੜੀ ਇਹ ਨਹੀਂ ਕਿਹਾ ਜਾ ਸਕਦਾ ਕਿ ਪੰਜਾਬ ਕਾਂਗਰਸ ਕੋਲ ਅਕਾਲੀ ਦਲ (ਬਾਦਲ) ਨਾਲ ਭਿੜਨ ਲਈ ਸਮਰੱਥ ਲੀਡਰਸ਼ਿਪ ਮੌਜੂਦ ਹੈ। ਇਸ ਦੇ ਬਾਵਜੂਦ ਕਿ ਪੰਜਾਬ ਵਿਚ ਕਾਂਗਰਸ ਦੇ ਉਭਰਨ ਦੀਆਂ ਸਥਿਤੀਆਂ ਮੌਜੂਦ ਹਨ ਕਿਉਂਕਿ ਅਕਾਲੀ ਦਲ (ਬਾਦਲ) ਕੋਲੋਂ ਆਪਣੇ ਪਿਛਲੇ ਸਮੁੱਚੇ ਕਾਰਜਕਾਲ ਦੌਰਾਨ ਕੁਝ ਵੀ ਸਾਰਥਕ ਨਹੀਂ ਹੋ ਸਕਿਆ। ਲੋਕਾਂ ਦੀਆਂ ਆਮ ਸਹੂਲਤਾਂ ਵੀ ਸਰਕਾਰ ਕੋਲੋਂ ਪ੍ਰਦਾਨ ਨਹੀਂ ਹੋ ਰਹੀਆਂ ਅਤੇ ਨਾ ਹੀ ਰਾਜ ਦਾ ਵਿੱਤੀ ਢਾਂਚਾ ਜਥੇਬੰਦ ਹੋ ਰਿਹਾ ਹੈ। ਬਹੁਤ ਸਾਰੀਆਂ ਗੱਲਾਂ-ਗੱਪਾਂ ਦੇ ਬਾਵਜੂਦ ਜਦੋਂ ਆਰਥਿਕਤਾ ਤੇ ਪੈਸੇ-ਧੇਲੇ ਦੀ ਗੱਲ ਆਉਂਦੀ ਹੈ ਤਾਂ ਸਰਕਾਰ ਮੂਹਰੇ ਸਿਰਫ ਇਕੋ ਬਦਲ ਹੁੰਦਾ ਹੈ ਕਿ ਵੱਖ-ਵੱਖ ਸ਼ਹਿਰਾਂ ਤੇ ਥਾਂਵਾਂ ਉਪਰ ਪਈਆਂ ਸਰਕਾਰੀ ਜਾਇਦਾਦਾਂ ਵੇਚ ਕੇ ਗੁਜ਼ਾਰਾ ਚਲਾਇਆ ਜਾਵੇ। ਖੇਤੀ ਅਤੇ ਸਨਅਤ ਦੋਨੋਂ ਮੰਦੇ ਹਾਲੀਂ ਹਨ। ਇਸ ਤੋਂ ਇਲਾਵਾ ਹੋਰ ਜਨਤਕ ਸਹੂਲਤਾਂ ਸਮੇਤ ਬਿਜਲੀ ਸਪਲਾਈ ਦਾ ਮੰਦਾ ਹਾਲ ਹੈ। ਬਿਜਲੀ ਰਾਜ ਦੇ ਆਰਥਿਕ ਵਿਕਾਸ ਦੀ ਚੂਲ ਬਣ ਚੁੱਕੀ ਹੈ।

ਇਸ ਸਥਿਤੀ ਦੇ ਮੱਦੇਨਜ਼ਰ ਇਹ ਹਾਂ-ਪੱਖੀ ਵਰਤਾਰਾ ਹੀ ਕਿਹਾ ਜਾ ਸਕਦਾ ਹੈ ਕਿ ਕਾਂਗਰਸ ਦੀ ਲੀਡਰਸ਼ਿਪ ਰਾਜ ਵਿਚ ਵਿਆਪਕ ਪੱਧਰ 'ਤੇ ਪਾਰਟੀ ਭਰਤੀ ਕਰਨ ਵਿਚ ਕਾਮਯਾਬ ਹੋਈ ਹੈ। ਸੂਤਰਾਂ ਅਨੁਸਾਰ ਪੰਜਾਬ ਕਾਂਗਰਸ ਨੇ ਪਿਛਲੇ ਕੁਝ ਹੀ ਸਮੇਂ ਵਿਚ 33 ਲੱਖ ਮੈਂਬਰਾਂ ਦੀ ਭਰਤੀ ਕੀਤੀ ਹੈ। ਭਾਵੇਂ ਕਿ ਕੁਝ ਲੋਕ ਇਸ ਵਿਚ ਹੋਈ ਭਰਤੀ ਨੂੰ ਬੋਗਸ ਵੀ ਆਖ ਰਹੇ ਹਨ ਪਰ ਪੰਜਾਬ ਕਾਂਗਰਸ ਦੇ ਆਗੂਆਂ ਅਤੇ ਕਾਂਗਰਸ ਹਾਈਕਮਾਨ ਨੇ ਅਜਿਹੇ ਖਦਸ਼ਿਆਂ ਨੂੰ ਰੱਦ ਕੀਤਾ ਹੈ ਅਤੇ ਨਾਲ ਹੀ ਇਹ ਵੀ ਆਖ ਦਿੱਤਾ ਹੈ ਕਿ ਜੇ ਇਸ ਕਿਸਮ ਦੀ ਬੋਗਸ ਭਰਤੀ ਹੋਈ ਹੋਵੇਗੀ ਤਾਂ ਜ਼ਿੰਮੇਵਾਰ ਆਗੂਆਂ ਨਾਲ ਸਖ਼ਤੀ ਕੀਤੀ ਜਾਵੇਗੀ।

ਕਾਂਗਰਸੀ ਆਗੂਆਂ ਨੇ ਜਿੰਨੀ ਵੱਡੀ ਪੱਧਰ 'ਤੇ ਭਰਤੀ ਦਾ ਦਾਅਵਾ ਕੀਤਾ ਹੈ, ਜੇ ਇਸ ਤੋਂ 8-10 ਫੀਸਦੀ ਭਰਤੀ ਘੱਟ ਵੀ ਹੋਈ ਹੋਵੇ, ਤਦ ਵੀ ਇਹ ਬੜੀ ਵੱਡੀ ਸਿਆਸੀ ਪ੍ਰਾਪਤੀ ਹੈ ਅਤੇ ਇੰਨੀ ਮੈਂਬਰਸ਼ਿਪ ਵਾਲੀ ਸਿਆਸੀ ਜਥੇਬੰਦੀ ਅਕਾਲੀ ਦਲ ਨੂੰ ਸਖ਼ਤ ਟੱਕਰ ਦੇਣ ਦੇ ਸਮਰੱਥ ਅਵੱਸ਼ ਹੋ ਸਕਦੀ ਹੈ, ਬਸ਼ਰਤੇ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਦਾ ਕੋਈ ਸਮਰੱਥ ਆਗੂ ਜ਼ਰੂਰ ਹੋਵੇ। ਇਸ ਦ੍ਰਿਸ਼ਟੀ ਤੋਂ ਵੀ ਕੁਝ ਗੱਲਾਂ-ਬਾਤਾਂ ਮੀਡੀਆ ਵਿਚ ਸਾਹਮਣੇ ਆਈਆਂ ਹਨ। ਮੀਡੀਆ ਦੀ ਇਕ ਧਿਰ ਅਨੁਸਾਰ ਐਮ. ਐਸ. ਗਿੱਲ ਅਤੇ ਬੀਬੀ ਪ੍ਰਨੀਤ ਕੌਰ ਨੂੰ ਪੰਜਾਬ ਕਾਂਗਰਸ ਦਾ ਲੀਡਰਸ਼ਿਪ ਬਣਾਏ ਜਾਣ ਦੀ ਸੰਭਾਵਨਾ ਹੈ। ਕਿਹਾ ਜਾ ਰਿਹਾ ਹੈ ਕਿ ਇਨ੍ਹਾਂ ਦੋਹਾਂ ਨਾਵਾਂ ਉਪਰ ਕਾਂਗਰਸ ਹਾਈਕਮਾਨ ਵਿਚ ਵਧੇਰੇ ਚਰਚਾ ਹੋ ਰਹੀ ਹੈ। ਜਿਥੋਂ ਤੱਕ ਬੀਬੀ ਪ੍ਰਨੀਤ ਕੌਰ ਦਾ ਸਵਾਲ ਹੈ, ਜੇ ਉਨ੍ਹਾਂ ਨੂੰ ਲੀਡਰਸ਼ਿਪ ਸੰਭਾਲੀ ਜਾਂਦੀ ਹੈ ਤਾਂ ਇਹ ਸਾਫ ਹੀ ਹੈ ਕਿ ਕਾਂਗਰਸ ਦੀ ਲੀਡਰਸ਼ਿਪ ਕੈਪਟਨ ਪਰਿਵਾਰ ਵਿਚ ਹੀ ਰਹੇਗੀ ਭਾਵੇਂ ਕਿ ਕੁਝ ਧਿਰਾਂ ਕੈਪਟਨ ਅਤੇ ਬੀਬੀ ਪ੍ਰਨੀਤ ਕੌਰ ਵਿਚ ਇਸ ਮੁੱਦੇ ਨੂੰ ਲੈ ਕੇ ਮਨ-ਮੁਟਾਵ ਦੀ ਗੱਲ ਵੀ ਕਰ ਰਹੇ ਹਨ ਪਰ ਅਜਿਹੀਆਂ ਸੰਭਾਵਨਾਵਾਂ ਸਾਫ ਰੂਪ ਵਿਚ ਹਾਲੇ ਵਿਖਾਈ ਨਹੀਂ ਦਿੰਦੀਆਂ। ਜੇ ਨਿਰਪੱਖ ਨੁਕਤੇ ਤੋਂ ਵੇਖਿਆ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਵਿਚ ਭਾਵੇਂ ਅਕਾਲੀਆਂ ਨਾਲ ਟੱਕਰ ਲੈਣ ਦੀ ਅਤੇ ਪੰਜਾਬ ਕਾਂਗਰਸ ਦੀ ਅਗਵਾਈ ਕਰਨ ਦੀ ਜ਼ੋਰਦਾਰ ਸਮਰੱਥਾ ਸੀ ਪਰ ਉਨ੍ਹਾਂ ਦੀ ਪਤਨੀ ਹੋਣ ਦੇ ਬਾਵਜੂਦ ਬੀਬੀ ਪ੍ਰਨੀਤ ਕੌਰ ਵਿਚ ਅਜਿਹੀ ਜੁਝਾਰੂ ਸਮਰੱਥਾ ਵਿਖਾਈ ਨਹੀਂ ਦਿੰਦੀ। ਉਂਜ ਉਹ ਆਪਣੇ ਨਰਮ ਸੁਭਾਅ ਕਾਰਨ ਕਾਂਗਰਸ ਪਾਰਟੀ ਦੇ ਦੋਨਾਂ ਧੜਿਆਂ ਨੂੰ ਇਕ ਥਾਂ ਕਰਨ ਵਿਚ ਕਾਮਯਾਬ ਜ਼ਰੂਰ ਹੋ ਸਕਦੇ ਹਨ ਪਰ ਜਿਸ ਕਿਸਮ ਦੇ ਹਮਲਾਵਰ ਰੁਖ਼ ਦੀ ਚੋਣਾਂ ਜਿੱਤਣ ਲਈ ਜ਼ਰੂਰਤ ਪਵੇਗੀ, ਉਹ ਕੈਪਟਨ ਦੀ ਸ਼ਖਸੀਅਤ ਵਿਚ ਵਧੇਰੇ ਭਾਰੂ ਹੈ। ਯਾਦ ਰਹੇ, ਕੈਪਟਨ ਨਵੇਂ ਸੰਦਰਭ ਵਿਚ ਲੀਡਰਸ਼ਿਪ ਦੀ ਹੋ ਰਹੀ ਚਰਚਾ ਵਿਚੋਂ ਬਾਹਰ ਵਿਖਾਈ ਦਿੰਦੇ ਹਨ।

ਇਸ ਤੋਂ ਅਗਾਂਹ ਜਿਥੋਂ ਤਕ ਐਮ. ਐਸ. ਗਿੱਲ ਦਾ ਸੰਬੰਧ ਹੈ, ਉਹ ਪੰਜਾਬ ਕਾਂਗਰਸ ਦੀ ਅਗਵਾਈ ਦੀ ਦ੍ਰਿਸ਼ਟੀ ਤੋਂ ਸਭ ਤੋਂ ਵਧੇਰੇ ਸਮਰੱਥ ਆਗੂ ਵਿਖਾਈ ਦਿੰਦੇ ਹਨ। ਉਨ੍ਹਾਂ ਨੂੰ ਉਂਜ ਵੀ ਪੰਜਾਬ ਦੀ ਆਰਥਿਕਤਾ ਦੀ ਬਹੁਤ ਡੂੰਘੀ ਸਮਝ ਹੈ। ਪੰਜਾਬ ਦੀ ਕਿਸਾਨੀ ਆਰਥਿਕਤਾ ਉਪਰ ਉਨ੍ਹਾਂ ਇਕ ਕਿਤਾਬ ਵੀ ਲਿਖੀ ਸੀ। ਪੰਜਾਬ ਦੇ ਮੌਜੂਦਾ ਆਰਥਿਕ ਸੰਕਟ ਨੂੰ ਹੱਲ ਕਰਨ ਦੇ ਨੁਕਤੇ ਤੋਂ ਉਨ੍ਹਾਂ ਕੋਲ ਸੁਝਾਅ ਵੀ ਬਹੁਤ ਸਾਰਥਕ ਹਨ। ਕੁਝ ਸਮਾਂ ਪਹਿਲਾਂ ਉਨ੍ਹਾਂ ਸੁਝਾਅ ਦਿੱਤਾ ਸੀ ਕਿ ਪੰਜਾਬ ਦੀ ਆਰਥਿਕਤਾ ਨੂੰ ਪੈਰਾਂ-ਸਿਰ ਕਰਨ ਲਈ ਅੰਮ੍ਰਿਤਸਰ ਹਵਾਈ ਅੱਡੇ ਤੋਂ ਖਾੜੀ ਦੇ ਮੁਲਕਾਂ ਨੂੰ ਸਬਜ਼ੀਆਂ ਅਤੇ ਖੁਰਾਕੀ ਵਸਤਾਂ ਆਸਾਨੀ ਨਾਲ ਸਪਲਾਈ ਕੀਤੀਆਂ ਜਾ ਸਕਦੀਆਂ ਹਨ ਅਤੇ ਇਸ ਨਾਲ ਪੰਜਾਬ ਦੀ ਆਰਥਿਕਤਾ ਨੂੰ ਵੱਡਾ ਹੁਲਾਰਾ ਮਿਲ ਸਕਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਵਿਚ ਉਸ ਕਿਸਮ ਦੀ ਰਾਜਨੀਤਕ ਪ੍ਰਤੀਬੱਧਤਾ ਅਤੇ ਹਮਲਾਵਰ ਰੁਖ ਵੀ ਮੌਜੂਦ ਹੈ, ਜਿਸ ਕਿਸਮ ਦਾ ਕਾਂਗਰਸ ਨੂੰ ਮੁੜ ਜਥੇਬੰਦ ਕਰਨ ਲਈ ਜ਼ਰੂਰੀ ਹੈ। ਇਸ ਤੋਂ ਵੀ ਅੱਗੇ ਐਮ. ਐਸ. ਗਿੱਲ ਉਪਰ ਸਮੁੱਚੀ ਪਾਰਟੀ ਦੀ ਸਹਿਮਤੀ ਵੀ ਹੋ ਸਕਦੀ ਹੈ। ਅਜਿਹਾ ਹੋਣ ਦੀ ਸੂਰਤ ਵਿਚ ਪੰਜਾਬ ਕਾਂਗਰਸ ਅਕਾਲੀਆਂ ਦੇ ਮੁਕਾਬਲੇ ਕਾਫੀ ਸਮਰੱਥ ਰਾਜਨੀਤਕ ਧਿਰ ਵਜੋਂ ਉਭਰ ਕੇ ਸਾਹਮਣੇ ਆ ਸਕਦੀ ਹੈ ।

ਇਸੇ ਦੌਰਾਨ ਇਹ ਚਰਚਾ ਵੀ ਸਾਹਮਣੇ ਆਈ ਹੈ ਕਿ ਕਾਂਗਰਸ ਪਾਰਟੀ ਦੀ ਕੀਤੀ ਗਈ ਨਵੀਂ ਭਰਤੀ ਦੇ ਸਨਮੁਖ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਦੁਬਾਰਾ ਚੁਣੀ ਜਾਣੀ ਚਾਹੀਦੀ ਹੈ। ਪਿਛਲੇ ਦਿਨੀਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਆਸਕਰ ਫਰਨਾਂਡੀਜ਼ ਅਤੇ ਕਾਂਗਰਸ ਪਾਰਟੀ ਦੀਆਂ ਚੋਣਾਂ ਲਈ ਨਿਯੁਕਤ ਨਿਗਰਾਨ ਬੀਬੀ ਊਸ਼ਾ ਠੱਕਰ ਵੀ ਪੰਜਾਬ ਪੁੱਜੇ ਸਨ। ਉਨ੍ਹਾਂ ਨੇ ਆਪਣੇ ਵਿਚਾਰ ਪੰਜਾਬ ਕਾਂਗਰਸ ਸੰਬੰਧੀ ਲੀਡਰਸ਼ਿਪ ਨਾਲ ਸਾਂਝੇ ਕੀਤੇ ਸਨ। ਆਸਕਰ ਫਰਨਾਂਡੀਜ਼ ਨੇ ਵਿਸ਼ਵਾਸ ਦਿਵਾਇਆ ਸੀ ਕਿ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਉਸ ਦੀ ਮੈਂਬਰਸ਼ਿਪ ਵਿਚੋਂ ਚੁਣੀ ਜਾਵੇਗੀ ਅਤੇ ਕੋਈ ਵੀ ਲੀਡਰ ਨਾਮਜ਼ਦ ਨਹੀਂ ਕੀਤਾ ਜਾਵੇਗਾ। ਉਨ੍ਹਾਂ ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਮਹਿੰਦਰ ਸਿੰਘ ਕੇਪੀ ਨੂੰ ਨਵੀਂ ਮੈਂਬਰਸ਼ਿਪ ਭਰਤੀ ਕਰਨ ਲਈ ਥਾਪੀ ਵੀ ਦਿੱਤੀ ਸੀ। ਯਾਦ ਰਹੇ ਮਹਿੰਦਰ ਸਿੰਘ ਕੇਪੀ ਅਤੇ ਬੀਬੀ ਭੱਠਲ ਦਾ ਧੜਾ ਲੀਡਰ ਨਾਮਜ਼ਦ ਕੀਤੇ ਜਾਣ ਨਾਲੋਂ ਚੁਣੇ ਜਾਣ ਦੇ ਹੱਕ ਵਿਚ ਹੈ। ਉਂਜ ਇਹ ਕਨਸੋਆਂ ਵੀ ਮਿਲ ਰਹੀਆਂ ਹਨ ਕਿ ਕਾਂਗਰਸ ਹਾਈਕਮਾਨ ਸਰਬਸੰਮਤੀ ਕਰਵਾਏ ਜਾਣ ਦੇ ਹੱਕ ਵਿਚ ਹੈ। ਕੁਝ ਵੀ ਹੋਵੇ, ਕਾਂਗਰਸ ਪਾਰਟੀ ਨੂੰ ਆਪਣੇ-ਆਪ ਨੂੰ ਪੈਰਾਂ ਸਿਰ ਕਰਨ ਲਈ ਜਿੰਨੀ ਜਲਦੀ ਹੋ ਸਕੇ, ਲੀਡਰਸ਼ਿਪ ਸਥਾਪਤ ਕਰਨੀ ਪਵੇਗੀ।

## ਠਾਹ-ਸੋਟਾ

–ਚਾਚਾ ਬੇਲਿਹਾਜ਼

### *ਨਿੱਕਰ ਬਨਾਮ ਛਿੱਤਰ !*

ਰਾਜ-ਮਦ ਵਿਚ ਅੰਨ੍ਹਿਆਂ ਆਗੂਆਂ ਦੇ ਸਿਰ ਨੂੰ ਚੜ੍ਹਿਆ ਗਰੂਰ ਵੀ ਬਹੁਤ ਹੁੰਦੈ।
ਸਿਆਸਤਦਾਨਾਂ ਦੇ ਜ਼ੁਲਮੋ-ਸਿਤਮ ਸਹਿ ਕੇ ਆਇਆ ਗੁੱਸਾ ਪਰਜਾ ਨੂੰ ਬਹੁਤ ਹੁੰਦੈ।
ਪੈਰ ਪੈਰ 'ਤੇ ਧੋਖਾ ਜੋ ਦੇਣ ਗਿੱਝੇ, ਮੁਸ਼ਕਿਲ ਸਬਰ ਵੀ ਇਨ੍ਹਾਂ ਤੋਂ ਬਹੁਤ ਹੁੰਦੈ।
ਡੰਡੇ ਨਾਲ ਸਮਝਾਈਦਾ ਮੂਰਖਾਂ ਨੂੰ, ਸਿਆਣੇ ਲਈ ਇਸ਼ਾਰਾ ਹੀ ਬਹੁਤ ਹੁੰਦੈ।
ਹੋਈ ਬੇ'ਜਤੀ ਢੀਠ ਨਾ ਮੰਨਦੇ ਨੇ, 'ਓਏ' ਕਿਹਾ ਅਣਖੀਲੇ ਲਈ ਬਹੁਤ ਹੁੰਦੈ।
ਹੈਗੇ ਰੋਸ ਪ੍ਰਗਟੌਣ ਦੇ ਢੰਗ ਦੋਨੋਂ, ਫਰਕ ਨਿੱਕਰ ਤੇ ਛਿੱਤਰ ਵਿਚ ਬਹੁਤ ਹੁੰਦੈ।

## ਪੰਜਾਬ ਦੀ ਬਿਮਾਰ ਸਨਅਤ ਅਤੇ ਰੁਜ਼ਗਾਰ

**ਐਸ. ਐਸ. ਛੀਨਾ**

ਕਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀਜ਼ ਦੇ ਪੰਜਾਬ ਚੈਪਟਰ ਨੇ ਰੁਜ਼ਗਾਰ ਦੀਆਂ ਸੰਭਾਵਨਾਵਾਂ ਸਬੰਧੀ ਇਕ ਸਰਵੇ ਦੀ ਰਿਪੋਰਟ ਦਿੱਤੀ ਹੈ, ਜਿਸ ਵਿਚ ਬਹੁਤ ਹੀ ਆਸ਼ਾਵਾਦੀ ਤਸਵੀਰ ਵਿਖਾਈ ਗਈ ਹੈ। ਇਸ ਵਿਚ ਇਹ ਦੱਸਿਆ ਗਿਆ ਹੈ ਕਿ ਪੰਜਾਬ ਵਿਚ ਵਿਕਾਸ ਦਰ 4 ਫੀਸਦੀ ਹੈ, ਜਦੋਂਕਿ ਇਸ ਵਕਤ ਰਾਸ਼ਟਰ ਦੀ ਵਿਕਾਸ ਦਰ 8 ਫੀਸਦੀ ਹੈ, ਪਰ ਇਸ ਵਿਕਾਸ ਦਰ ਨਾਲ ਵੀ ਆਉਣ ਵਾਲੇ ਪੰਜ ਸਾਲਾਂ ਵਿਚ 50 ਲੱਖ ਨਵੀਆਂ ਨੌਕਰੀਆਂ ਉਦਯੋਗਾਂ ਵਿਚ ਪੈਦਾ ਹੋਣਗੀਆਂ ਜਿਨ੍ਹਾਂ ਵਿਚ ਜ਼ਿਆਦਾਤਰ ਸੂਚਨਾ ਤਕਨਾਲੋਜੀ, ਫਾਰਮਾਸਿਊਟੀਕਲ ਅਤੇ ਹੋਰ ਉਦਯੋਗਾਂ ਦੇ ਤੇਜ਼ ਵਿਕਾਸ ਨਾਲ ਹੋਣਗੀਆਂ। ਇਹ ਸਰਵੇ ਇੰਨਾ ਆਸ਼ਾਵਾਦੀ ਹੈ ਕਿ ਜੇ ਇਨ੍ਹਾਂ 5 ਸਾਲਾਂ ਵਿਚ ਇੰਨੀ ਵੱਡੀ ਮਾਤਰਾ ਵਿਚ ਉਦਯੋਗਿਕ ਖੇਤਰ ਵਿਚ ਇੰਨੀਆਂ ਨੌਕਰੀਆਂ ਪੈਦਾ ਹੋ ਜਾਂਦੀਆਂ ਹਨ ਤਾਂ ਇਸ ਵਿਚ ਵੱਡੀ ਗਿਣਤੀ ਵਿਚ ਖੇਤੀ ਤੇ ਵਸੋਂ ਦਾ ਬੋਝ ਵੀ ਉਦਯੋਗਾਂ ਵਿਚ ਖਿਸਕ ਜਾਵੇਗਾ ਅਤੇ ਪੰਜਾਬ ਦੀ ਬੇਰੁਜ਼ਗਾਰੀ ਦੀ ਸਮੱਸਿਆ ਦਾ ਆਪਣੇ ਆਪ ਹੱਲ ਹੋ ਜਾਵੇਗਾ। ਇਸ ਸਰਵੇ ਵਿਚ ਇਸ ਗੱਲ ਦੀ ਸੰਭਾਵਨਾ ਵੀ ਦੱਸੀ ਗਈ ਹੈ ਕਿ ਜੇ ਪੰਜਾਬ ਦਾ ਵਿਕਾਸ ਰਾਸ਼ਟਰ ਦੀ 8 ਫੀਸਦੀ ਵਿਕਾਸ ਦਰ ਦੇ ਬਰਾਬਰ ਹੋ ਜਾਵੇ ਤਾਂ ਇਨ੍ਹਾਂ ਪੰਜ ਸਾਲਾਂ ਵਿਚ 50 ਲੱਖ ਦੀ ਬਜਾਏ 70-80 ਲੱਖ ਨਵੀਆਂ ਨੌਕਰੀਆਂ ਪੈਦਾ ਹੋ ਜਾਣਗੀਆਂ। ਇਸ ਨੇ ਤਕਨੀਕੀ ਸੰਸਥਾਵਾਂ ਨੂੰ ਇਹ ਸੁਝਾਅ ਦਿੱਤੇ ਹਨ ਕਿ ਉਹ ਉਦਯੋਗਾਂ ਦੀਆਂ ਲੋੜਾਂ ਅਨੁਸਾਰ ਤਕਨੀਕੀ ਕਾਰੀਗਰਾਂ ਨੂੰ ਸਿਖਲਾਈ ਦੇਣ। ਇਸ ਵਿਚ ਇਸ ਵਕਤ ਦੀ ਵੱਡੀ ਲੋੜ ਉਦਯੋਗਾਂ ਅਤੇ ਤਕਨੀਕੀ ਸੰਸਥਾਵਾਂ ਵਿਚ ਲਿੰਕਅਪ ਨੂੰ ਸਥਾਪਤ ਕਰਨ ਦੀ ਪੁਰਜ਼ੋਰ ਸਿਫਾਰਸ਼ ਕੀਤੀ ਗਈ ਹੈ ਜੋ ਕਿ ਸਾਧਨਾਂ ਦੀ ਯੋਗ ਵਰਤੋਂ ਅਤੇ ਫਜ਼ੂਲ ਖ਼ਰਚੀ ਤੋਂ ਬਚਣ ਲਈ ਵਕਤ ਦੀ ਵੱਡੀ ਲੋੜ ਹੈ।

ਪੰਜਾਬ ਅੰਦਰ ਖੇਤੀ ਵਿਚ ਰੁਜ਼ਗਾਰ ਤੋਂ ਬਾਅਦ ਸਭ ਤੋਂ ਵੱਡਾ ਰੁਜ਼ਗਾਰ ਦੇਣ ਵਾਲਾ ਇਕੱਲਾ ਉਦਯੋਗ ਟੈਕਸਟਾਈਲ ਉਦਯੋਗ ਹੈ, ਜਿਸ ਵਿਚ 5 ਲੱਖ ਵਿਅਕਤੀਆਂ ਨੂੰ ਰੁਜ਼ਗਾਰ ਮਿਲਿਆ ਹੋਇਆ ਹੈ, ਜਿਨ੍ਹਾਂ ਵਿਚ ਜ਼ਿਆਦਾਤਰ ਹੌਜ਼ਰੀ ਖੇਤਰ ਅਤੇ ਇਕੱਲੇ ਲੁਧਿਆਣਾ ਸ਼ਹਿਰ ਵਿਚ ਹਨ। ਇਹ ਗੱਲ ਵੀ ਬਹੁਤ ਉਤਸ਼ਾਹਜਨਕ ਹੈ ਕਿ ਦੇਸ਼ ਵਿਚੋਂ ਹੌਜ਼ਰੀ ਦਾ ਨਿਰਯਾਤ ਕਰਨ ਵਿਚ ਪੰਜਾਬ ਦਾ ਹਿੱਸਾ 80 ਫੀਸਦੀ ਤੋਂ ਵੀ ਜ਼ਿਆਦਾ ਹੈ, ਜਦੋਂਕਿ ਉੱਨ ਦਾ ਆਯਾਤ ਕੀਤਾ ਜਾਂਦਾ ਹੈ ਅਤੇ ਨਿਰਯਾਤ ਲਈ ਇਸ ਦੀਆਂ ਹੌਜ਼ਰੀ ਵਸਤੂਆਂ ਨੂੰ ਅੰਤਰਰਾਸ਼ਟਰੀ ਮੰਡੀਆਂ ਵਿਚ ਮੁਕਾਬਲਾ ਕਰਨਾ ਪੈਂਦਾ ਹੈ ਜੋ ਅੱਜ-ਕੱਲ੍ਹ ਜ਼ਿਆਦਾਤਰ ਚੀਨ, ਪਾਕਿਸਤਾਨ ਅਤੇ ਬੰਗਲਾਦੇਸ਼ ਨਾਲ ਹੈ, ਪਰ ਇਥੇ ਇਹ ਗੱਲ ਵਰਨਣਯੋਗ ਹੈ ਕਿ ਇਕੱਲੇ ਟੈਕਸਟਾਈਲ ਉਦਯੋਗ ਵਿਚ ਭਾਵੇਂ 5 ਲੱਖ ਵਿਅਕਤੀ ਰੁਜ਼ਗਾਰ ਪ੍ਰਾਪਤ ਕਰਦੇ ਹਨ, ਪਰ ਇਹ ਗਿਣਤੀ 1970 ਤੋਂ ਲੈ ਕੇ ਲਗਾਤਾਰ ਇੰਨੀ ਹੀ ਰਹੀ ਹੈ, ਹਾਲਾਂਕਿ ਉਦਯੋਗਿਕ ਵਿਕਾਸ ਨਾਲ ਇਸ ਦੇ ਵਧਣ ਦੀ ਵੱਡੀ ਸੰਭਾਵਨਾ ਸੀ। ਪੰਜਾਬ ਨੂੰ ਉਦਯੋਗਿਕ ਵਿਕਾਸ ਵਿਚ ਜੋ ਵੱਡੀਆਂ ਰੁਕਾਵਟਾਂ ਆਉਂਦੀਆਂ ਹਨ ਉਨ੍ਹਾਂ ਵਿਚ ਮੁੱਖ ਇਹ ਵੀ ਹੈ ਕਿ ਇਸ ਨੂੰ ਲੋਹਾ, ਕੋਲਾ ਅਤੇ ਹੋਰ ਕੱਚੇ ਮਾਲ ਲਈ 1200 ਕਿਲੋਮੀਟਰ ਦੀ ਦੂਰੀ ਤੈਅ ਕਰਨੀ ਪੈਂਦੀ ਹੈ। ਆਯਾਤ ਕਰਨ ਲਈ ਢੁਆਈ ਦੇ ਵੱਡੇ ਖਰਚੇ ਬਰਦਾਸ਼ਤ ਕਰਨੇ ਪੈਂਦੇ ਹਨ।

ਜਦੋਂ ਕਦੀ ਰੁਜ਼ਗਾਰ ਨੂੰ ਉਦਯੋਗਾਂ ਦੇ ਸਬੰਧ ਵਿਚ ਇੰਨਾ ਆਸ਼ਾਵਾਦੀ ਵਿਖਾਇਆ ਜਾਂਦਾ ਹੈ ਜਿੰਨਾ ਇਸ ਕਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀਜ਼ ਦੇ ਸਰਵੇ ਵਿਚ ਵਿਖਾਇਆ ਗਿਆ ਹੈ ਤਾਂ ਇਸ ਵਿਚ ਸੰਦੇਹ ਪੈਦਾ ਹੋ ਜਾਂਦਾ ਹੈ ਜਿਸ ਦੀ ਕੁਝ ਖਾਸ ਵਜ੍ਹਾ ਹੈ ਕਿਉਂ ਜੋ ਸੁਤੰਤਰਤਾ ਤੋਂ ਬਾਅਦ ਲਗਾਤਾਰ ਪੰਜਾਬ ਦੀ 12 ਫੀਸਦੀ ਵਸੋਂ ਉਦਯੋਗਾਂ 'ਤੇ ਨਿਰਭਰ ਕਰਦੀ ਹੈ ਅਤੇ ਇਸ ਵਿਚ ਵਾਧਾ ਨਹੀਂ ਹੋ ਰਿਹਾ ਅਤੇ ਵਧਦੀ ਹੋਈ ਵਸੋਂ ਦਾ ਜ਼ਿਆਦਾ ਬੋਝ ਖੇਤੀ ਖੇਤਰ 'ਤੇ ਹੀ ਵਧਦਾ ਜਾ ਰਿਹਾ ਹੈ। ਇਹੋ ਵਜ੍ਹਾ ਹੈ ਕਿ ਖੇਤੀ ਖੇਤਰ ਵਿਚ 65 ਫੀਸਦੀ ਵਸੋਂ ਨੂੰ ਪ੍ਰਾਂਤ ਦੇ ਕੁੱਲ ਉਤਪਾਦਨ ਜਾਂ ਆਮਦਨ ਵਿਚੋਂ ਸਿਰਫ 32 ਫੀਸਦੀ ਮਿਲਦਾ ਹੈ, ਜਦੋਂਕਿ ਉਦਯੋਗਾਂ ਦੇ 12 ਫੀਸਦੀ ਕਿਰਤੀਆਂ ਨੂੰ ਵੀ 24 ਫੀਸਦੀ ਤੋਂ ਵੱਧ ਆਮਦਨ ਪ੍ਰਾਪਤ ਹੁੰਦੀ ਹੈ, ਜਿਸ ਦਾ ਅਰਥ ਹੈ ਕਿ ਖੇਤੀ ਵਿਚ ਲੱਗੀ ਵਸੋਂ ਦੀ ਕਮਾਈ, ਉਦਯੋਗਾਂ ਵਿਚ ਲੱਗੀ ਵਸੋਂ ਦੀ ਕਮਾਈ ਤੋਂ 4 ਗੁਣਾਂ ਘੱਟ ਹੈ। ਪੰਜਾਬ ਵਿਚ ਪਰਵਾਸੀ ਕਿਰਤੀਆਂ ਵਿਚੋਂ ਵੀ ਜ਼ਿਆਦਾਤਰ ਖੇਤੀ ਵਿਚ ਹੀ ਲੱਗੇ ਹੋਏ ਹਨ।

ਪੰਜਾਬ ਦੇ ਹਰ ਸ਼ਹਿਰ ਵਿਚ ਹਰ ਤਰ੍ਹਾਂ ਦੀਆਂ ਉਦਯੋਗਿਕ ਇਕਾਈਆਂ ਨੂੰ ਮੰਡੀਕਰਨ ਅਤੇ ਉੱਚੀ ਲਾਗਤ ਦੀਆਂ ਉਹ ਸਮੱਸਿਆਵਾਂ ਆ ਰਹੀਆਂ ਹਨ ਜਿਨ੍ਹਾਂ ਕਰਕੇ ਅੱਜ ਦੇ ਉਦਾਰਵਾਦੀ ਯੁੱਗ 'ਚ ਉਨ੍ਹਾਂ ਦੀ ਮੁਕਾਬਲਾਯੋਗਤਾ ਘਟ ਰਹੀ ਹੈ। ਅੱਜ-ਕੱਲ੍ਹ ਉਦਯੋਗਿਕ ਵਸਤੂਆਂ ਨੂੰ ਨਾ ਸਿਰਫ ਘਰੇਲੂ ਮੰਡੀਆਂ ਵਿਚ ਮੁਕਾਬਲੇ ਦਾ ਸਾਹਮਣਾ ਕਰਨਾ ਪੈਂਦਾ ਹੈ, ਸਗੋਂ ਉਨ੍ਹਾਂ ਨੂੰ ਅੰਤਰਰਾਸ਼ਟਰੀ ਮੰਡੀ ਦਾ ਮੁਕਾਬਲਾ ਵੀ ਕਰਨਾ ਪੈਂਦਾ ਹੈ ਕਿਉਂ ਜੋ ਆਸਾਨੀ ਨਾਲ ਵਸਤੂਆਂ ਦੇ ਆਯਾਤ ਨਿਰਯਾਤ ਹੋਣ ਕਰਕੇ ਜੇ ਆਪਣੇ ਦੇਸ਼ ਵਿਚ ਵਸਤੂਆਂ ਮਹਿੰਗੀਆਂ ਬਣਦੀਆਂ ਹਨ ਤਾਂ ਉਨ੍ਹਾਂ ਦੀ ਆਯਾਤ ਵੀ ਕੀਤੀ ਜਾ ਸਕਦੀ ਹੈ ਅਤੇ ਉਹ ਆਪਣੇ ਦੇਸ਼ ਵਿਚ ਵਿਕਣ ਵਾਲੀਆਂ ਵਸਤੂਆਂ ਦੀ ਜਗ੍ਹਾ ਲੈ ਲੈਣਗੀਆਂ, ਜਿਸ ਕਰਕੇ ਇਹ ਘਰੇਲੂ ਇਕਾਈਆਂ ਦਾ ਕੰਮ ਘਟੇਗਾ ਜਾਂ ਉਹ ਬੰਦ ਹੋਣਗੀਆਂ ਅਤੇ ਇਸ ਵਿਚ ਲੱਗੇ ਹੋਏ ਕਿਰਤੀਆਂ ਦਾ ਭੱਵਿਖ ਧੁੰਦਲਾ ਹੋ ਜਾਵੇਗਾ। ਬਟਾਲਾ ਦਾ ਲੋਹਾ ਉਦਯੋਗ, ਗੋਬਿੰਦਗੜ੍ਹ ਦਾ ਮਸ਼ੀਨਰੀ ਬਣਾਉਣ ਦਾ ਉਦਯੋਗ, ਅੰਮ੍ਰਿਤਸਰ ਦਾ ਨਕਲੀ ਰੇਸ਼ਮ ਦਾ ਉਦਯੋਗ ਬਹੁਤ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ, ਜਿਨ੍ਹਾਂ ਵਿਚੋਂ ਅੰਮ੍ਰਿਤਸਰ ਦਾ ਨਕਲੀ ਰੇਸ਼ਮ ਦਾ ਉਦਯੋਗ ਤਾਂ ਬਿਲਕੁਲ ਖਤਮ ਹੋ ਚੁੱਕਾ ਹੈ ਅਤੇ ਜਿਹੜੀਆਂ ਥਾਵਾਂ 'ਤੇ ਨਕਲੀ ਰੇਸ਼ਮੀ ਕੱਪੜੇ ਦੇ ਬੜੇ ਕਾਮਯਾਬ ਕਾਰਖਾਨੇ ਸਨ ਅਤੇ ਜਿਨ੍ਹਾਂ ਦੇ ਬਣੇ ਹੋਏ ਮਾਲ ਦੀ ਨਿਰਯਾਤ ਹੁੰਦੀ ਸੀ ਉਨ੍ਹਾਂ ਥਾਵਾਂ 'ਤੇ ਅੱਜ-ਕੱਲ੍ਹ ਮੈਰਿਜ ਪੈਲੇਸ ਬਣੇ ਹੋਏ ਹਨ, ਪਰ ਇਹ ਮੈਰਿਜ ਪੈਲੇਸ ਤਾਂ ਹੀ ਚਲ ਸਕਦੇ ਹਨ ਜੇ ਲੋਕਾਂ ਕੋਲ ਯੋਗ ਖਰੀਦ ਸ਼ਕਤੀ ਹੈ, ਜੋ ਕਿ ਰੁਜ਼ਗਾਰ 'ਤੇ ਨਿਰਭਰ ਕਰਦੀ ਹੈ। ਪਰ ਜਿਸ ਤਰ੍ਹਾਂ ਅੰਮ੍ਰਿਤਸਰ ਦਾ ਨਕਲੀ ਰੇਸ਼ਮੀ ਕੱਪੜੇ ਦਾ ਉਦਯੋਗ ਫੇਲ੍ਹ ਹੋਇਆ ਹੈ ਇਹ ਇਕ ਡੂੰਘੀ ਸਿੱਖਿਆ ਵੀ ਦਿੰਦਾ ਹੈ ਜਿਸ ਨੂੰ ਹਰ ਤਰ੍ਹਾਂ ਦੀ ਉਦਯੋਗਿਕ ਇਕਾਈ ਨੂੰ ਅਪਨਾਉਣਾ ਚਾਹੀਦਾ ਹੈ। ਅੱਜ ਦੇ ਸਮੇਂ ਵਿਚ ਤਕਨੀਕਾਂ, ਵਸਤੂਆਂ ਦੀ ਬਣਤਰ, ਮੰਗ ਦਾ ਰੁਝਾਨ ਆਦਿ ਵਿਚ ਵੱਡੀਆਂ ਤਬਦੀਲੀਆਂ ਆ ਚੁੱਕੀਆਂ ਹਨ। ਜੇ ਉਦਯੋਗਿਕ ਇਕਾਈਆਂ ਨਵੀਂ ਮੰਗ, ਤਕਨੀਕਾਂ ਅਤੇ ਢੰਗਾਂ ਨੂੰ ਲੋੜ ਅਨੁਸਾਰ ਨਹੀਂ ਅਪਨਾਉਂਦੀ ਤਾਂ ਉਹ ਆਧੁਨਿਕ ਇਕਾਈਆਂ ਤੋਂ ਮਗਰ ਰਹਿ ਜਾਣਗੀਆਂ ਅਤੇ ਉਨ੍ਹਾਂ ਨੂੰ ਸਸਤਾ ਕਰਜ਼ਾ ਜਾਂ ਸਰਕਾਰ ਵਲੋਂ ਦਿੱਤੀ ਜਾਣ ਵਾਲੀ ਮਦਦ ਜ਼ਿਆਦਾ ਚਿਰ ਤੱਕ ਚਲਣਯੋਗ ਨਹੀਂ ਬਣਾ ਸਕਣਗੀਆਂ।

ਪੰਜਾਬ ਸਰਕਾਰ ਵਲੋਂ 336 ਨਵੇਂ ਉਦਯੋਗਿਕ ਪ੍ਰਾਜੈਕਟ ਤਿਆਰ ਕਰਨ ਦੀ ਯੋਜਨਾ ਬਣਾਈ ਗਈ ਹੈ ਜਿਨ੍ਹਾਂ 'ਤੇ 97163 ਕਰੋੜ ਰੁਪਏ ਖਰਚ ਹੋਏ ਹਨ, ਜਿਨ੍ਹਾਂ ਵਿਚੋਂ 182 ਪ੍ਰਾਜੈਕਟਾਂ 'ਤੇ ਕੰਮ ਸ਼ੁਰੂ ਹੋ ਚੁੱਕਾ ਹੈ। ਦੋ ਵਿਸ਼ੇਸ਼ ਆਰਥਿਕ ਜ਼ੋਨ ਜਿਨ੍ਹਾਂ ਵਿਚ ਇਕ ਕੁਆਰਕਸਿਟੀ ਅਤੇ ਰਨਬੈਕਸੀ ਮੁਹਾਲੀ ਅਤੇ ਗੋਇੰਦਵਾਲ ਦੇ ਉਦਯੋਗਿਕ ਫੋਕਲ ਪੁਆਇੰਟ ਨੂੰ ਫਿਰ ਸ਼ੁਰੂ ਕੀਤਾ ਜਾ ਰਿਹਾ ਹੈ। ਸਰਕਾਰ ਵਲੋਂ ਦੋ ਟੈਕਸਟਾਈਲ ਪਾਰਕ (ਬਰਨਾਲਾ ਤੇ ਲੁਧਿਆਣਾ ਵਿਚ) ਸਥਾਪਤ ਕੀਤੇ ਜਾ ਰਹੇ ਹਨ। ਕਪੂਰਥਲਾ ਜ਼ਿਲੇ ਦੇ ਝੱਲ ਪਿੰਡ ਵਿਚ 226 ਏਕੜ ਜ਼ਮੀਨ ਲੈ ਕੇ ਉਦਯੋਗਿਕ ਇਕਾਈ ਸਥਾਪਤ ਕੀਤੀ ਜਾ ਰਹੀ ਹੈ।

ਸਰਕਾਰ ਵਲੋਂ ਬਟਾਲਾ ਅਤੇ ਹੋਰ ਕਈ ਸ਼ਹਿਰਾਂ ਵਿਚ ਨਵੀਆਂ ਉਦਯੋਗਿਕ ਇਕਾਈਆਂ ਲਈ ਵੱਡੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਹ ਗੱਲ ਜ਼ਿਆਦਾ ਯੋਗ ਹੋਵੇਗੀ ਕਿ ਇਨ੍ਹਾਂ ਨਵੀਆਂ ਸਥਾਪਤ ਹੋਣ ਵਾਲੀਆਂ ਇਕਾਈਆਂ ਦੇ ਨਾਲ-ਨਾਲ ਪਹਿਲਾਂ ਲੱਗੀਆਂ ਇਕਾਈਆਂ ਜੋ ਕੁਝ ਕਾਰਨਾਂ ਕਰਕੇ ਫੇਲ੍ਹ ਹੋ ਰਹੀਆਂ ਹਨ, ਦੀਆਂ ਸਮੱਸਿਆਵਾਂ ਨੂੰ ਸਮਝਿਆ ਜਾਵੇ। ਇਨ੍ਹਾਂ ਵਿਚੋਂ ਜ਼ਿਆਦਾਤਰ ਦੀਆਂ ਮੰਡੀਕਰਨ ਦੀਆਂ ਸਮੱਸਿਆਵਾਂ ਹਨ, ਕੁਝ ਨੂੰ ਕੱਚੇ ਮਾਲ ਦੀ ਉਪਲਭਤਾ ਦੀ, ਕਈਆਂ ਨੂੰ ਲਗਾਤਾਰ ਬਿਜਲੀ ਨਾ ਮਿਲਣ ਦੀ ਅਤੇ ਹੋਰਾਂ ਨੂੰ ਟੈਕਸਾਂ ਦੀ। ਵੱਡੇ ਪੈਮਾਨੇ 'ਤੇ ਨਵੇਂ ਨਿਵੇਸ਼ ਦੇ ਨਾਲ ਨਾਲ ਇਨ੍ਹਾਂ ਪੁਰਾਣੀਆਂ ਇਕਾਈਆਂ ਨੂੰ ਵੀ ਓਨਾ ਹੀ ਧਿਆਨ ਦੇਣ ਦੀ ਲੋੜ ਹੈ ਜੋ ਰੁਜ਼ਗਾਰ ਦੇ ਬਣੇ ਰਹਿਣ ਅਤੇ ਆਸ਼ਾਵਾਦੀ ਸੰਭਾਵਨਾਵਾਂ ਲਈ ਬੇਹੱਦ ਜ਼ਰੂਰੀ ਹੈ।

## ਅਕਾਲੀ ਦਲ ਨੇ ਜ਼ਿਲੇਵਾਰ ਅਬਜ਼ਰਵਰ ਨਿਯੁਕਤ ਕੀਤੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਅਬਜ਼ਰਵਰ ਨਿਯੁਕਤ ਕਰ ਦਿੱਤੇ ਹਨ। ਇਹ ਅਬਜ਼ਰਵਰ ਇਨ੍ਹਾਂ ਜ਼ਿਲ੍ਹਿਆਂ ਵਿਚ ਪਾਰਟੀ ਜਥੇਬੰਦੀ ਨੂੰ ਮਜ਼ਬੂਤ ਕਰਨ ਅਤੇ ਪਾਰਟੀ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ 16 ਜਨਵਰੀ ਤੋਂ ਹੀ ਆਪੋ-ਆਪਣਾ ਕੰਮ ਸ਼ੁਰੂ ਕਰ ਚੁੱਕੇ ਹਨ। ਪਾਰਟੀ ਦੇ ਮੁੱਖ ਦਫਤਰ ਤੋਂ ਇਸ ਬਾਰੇ ਜਾਣਕਾਰੀ ਦਿੰਦਿਆਂ ਪਾਰਟੀ ਦੇ ਸਕੱਤਰ ਅਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਕੁੱਲ 21 ਨੇਤਾਵਾਂ ਨੂੰ ਪਾਰਟੀ ਅਬਜ਼ਰਵਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਅਬਜ਼ਰਵਰਾਂ ਦੀ ਸੂਚੀ ਬਾਅਦ ਵਿਚ ਜਾਰੀ ਕੀਤੀ ਜਾਵੇਗੀ।

ਜਾਰੀ ਕੀਤੀ ਸੂਚੀ ਅਨੁਸਾਰ ਤੋਤਾ ਸਿੰਘ ਗੁਰਦਾਸਪੁਰ, ਉਪਿੰਦਰਜੀਤ ਕੌਰ ਅੰਮ੍ਰਿਤਸਰ ਦਿਹਾਤੀ ਅਤੇ ਸ਼ਹਿਰੀ, ਹਰੀਸ਼ ਰਾਏ ਢਾਂਡਾ ਜਲੰਧਰ ਸ਼ਹਿਰੀ, ਮਹੇਸ਼ਇੰਦਰ ਸਿੰਘ ਗਰੇਵਾਲ ਜਲੰਧਰ ਦਿਹਾਤੀ, ਸੁੱਚਾ ਸਿੰਘ ਲੰਗਾਹ ਕਪੂਰਥਲਾ, ਚਰਨਜੀਤ ਸਿੰਘ ਅਟਵਾਲ ਨਵਾਂ ਸ਼ਹਿਰ, ਅਜੈਬ ਸਿੰਘ ਮੁਖਮੈਲਪੁਰ ਹੁਸ਼ਿਆਰਪੁਰ, ਬਿਕਰਮ ਸਿੰਘ ਮਜੀਠੀਆ ਲੁਧਿਆਣਾ, ਸਿਕੰਦਰ ਸਿੰਘ ਮਲੂਕਾ ਪਟਿਆਲਾ, ਸੇਵਾ ਸਿੰਘ ਸੇਖਵਾਂ ਸੰਗਰੂਰ, ਸਰਵਣ ਸਿੰਘ ਫਿਲੌਰ ਬਰਨਾਲਾ, ਕਿਰਪਾਲ ਸਿੰਘ ਬਡੂੰਗਰ ਮੋਗਾ, ਰਤਨ ਸਿੰਘ ਅਜਨਾਲਾ ਫਰੀਦਕੋਟ, ਜਗੀਰ ਕੌਰ ਬਠਿੰਡਾ, ਸੁਰਜੀਤ ਸਿੰਘ ਰੱਖੜਾ ਮੁਕਤਸਰ, ਗੁਲਜ਼ਾਰ ਸਿੰਘ ਰਣੀਕੇ ਮਾਨਸਾ, ਸ਼ਰਨਜੀਤ ਸਿੰਘ ਢਿੱਲੋਂ ਫ਼ਿਰੋਜ਼ਪੁਰ, ਅਜੀਤ ਸਿੰਘ ਕੋਹਾੜ ਫਤਿਹਗੜ੍ਹ ਸਾਹਿਬ, ਜਨਮੇਜਾ ਸਿੰਘ ਸੇਖੋਂ ਰੋਪੜ ਅਤੇ ਹੀਰਾ ਸਿੰਘ ਗਾਬੜੀਆ ਨੂੰ ਜ਼ਿਲ੍ਹਾ ਐਸ. ਏ. ਐਸ. ਨਗਰ (ਮੁਹਾਲੀ) ਦਾ ਅਬਜ਼ਰਵਰ ਨਿਯੁਕਤ ਕੀਤਾ ਗਿਆ ਹੈ।

ਪਾਰਟੀ ਵਲੋਂ ਨਿਯੁਕਤ ਕੀਤੇ ਗਏ ਇਹ ਅਬਜ਼ਰਵਰ ਆਪੋ ਆਪਣੇ ਖੇਤਰ ਵਿਚ ਪਾਰਟੀ ਜਥੇਬੰਦੀ ਦੀ ਕਾਰਗੁਜ਼ਾਰੀ ਅਤੇ ਪ੍ਰਸ਼ਾਸਨ ਦੇ ਸੰਦਰਭ ਵਿਚ ਅਕਾਲੀ ਵਰਕਰਾਂ ਦੀ ਹਾਲਤ 'ਤੇ ਨਜ਼ਰ ਰੱਖਣਗੇ।

# ਗੁਲਾਮ ਜ਼ਹਿਨੀਅਤ ਹੀ ਸਾਡੇ ਦੇਸ਼ ਦੇ ਲੋਕਾਂ ਨੂੰ ਪੈਰਾਂ ਸਿਰ ਨਹੀਂ ਹੋਣ ਦਿੰਦੀ

**ਡੇਵਿਡ ਐਲਿਨ ਲੌਂਗਫੈਲੋ**

ਪੁਰਾਣੀ ਕਹਾਵਤ ਹੈ ਕਿ ਝੂਠ ਦੇ ਪੈਰ ਨਹੀਂ ਹੁੰਦੇ। ਹਿਟਲਰ ਦੇ ਇੱਕ ਮੰਤਰੀ ਗੋਬਲਜ਼ ਦਾ ਇੱਕ ਲੋਕ-ਪ੍ਰਿਯ ਕਥਨ ਸੀ ਕਿ ਕਿਸੇ ਝੂਠ ਨੂੰ ਸੌ ਵਾਰ ਦੋਹਰਾਓ ਤਾਂ ਉਹ ਸੱਚ ਲੱਗਣ ਲੱਗ ਜਾਂਦਾ ਹੈ। ਇਹੋ ਕੁਝ ਸ੍ਰੀ ਅਡਵਾਨੀ ਅਤੇ ਉਸ ਦੇ ਪਿਛਲੱਗ ਕਰਦੇ ਆ ਰਹੇ ਹਨ। ਅਮਰੀਕਾ ਵਿਚ ਬਿੱਲੇ ਦੇ ਆਕਾਰ ਦਾ ਇੱਕ ਜੰਗਲੀ ਜਾਨਵਰ ਹੁੰਦਾ ਹੈ, ਜਿਸ ਨੂੰ ਸਕੰਕ ਕਹਿੰਦੇ ਹਨ। ਮੈਨੂੰ ਇਸ ਦਾ ਢੁੱਕਵਾਂ ਉਲੱਥਾ ਨਹੀਂ ਲੱਭਾ। ਇਹ ਜਾਨਵਰ ਆਪਣੀ ਗੁਦਾ ਨਾਲੀ ਵਿਚੋਂ ਅਜਿਹੀ ਭਿਆਨਕ ਬਦਬੂਦਾਰ ਸੜ੍ਹਿਆਂਦ ਛੱਡਦਾ ਹੈ ਕਿ ਸ਼ੇਰ ਜਿਹੇ ਜਾਨਵਰ ਵੀ ਸੁੰਘ ਕੇ ਭੱਜ ਜਾਂਦੇ ਹਨ। ਅੰਗਰੇਜ਼ੀ ਸਾਹਿਤ ਵਿਚ ਸਕੰਕ ਹੋਛੇ, ਘਟੀਆ ਅਤੇ ਨੀਚ ਆਦਮੀ ਲਈ ਅਲੰਕਾਰੀ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ। ਵਾਸਤਵਿਕ ਰੂਪ ਵਿਚ ਭਾਜਪਾ ਅਤੇ ਉਸ ਦੇ ਸਿਰ-ਫਿਰੇ ਧਰਮ-ਸ਼ਾਸਕਾਂ ਦਾ ਸਕੰਕ ਆਵਰ ਆ ਗਿਆ ਹੈ।

ਸਿਆਸੀ ਮਾਰੂਥਲ ਦੀ ਗਰਮ ਅਤੇ ਰੇਤ ਭਰੀ ਹਵਾ ਦੇਸ਼ ਦੇ ਜਮਹੂਰੀ ਵਾਤਾਵਰਣ ਨੂੰ ਹਰ ਪਾਸਿਓਂ ਦੂਸ਼ਿਤ ਕਰ ਰਹੀ ਹੈ। ਸੱਚ ਹਮੇਸ਼ਾ ਭਰਿੰਡ ਵਾਂਗ ਲੜਦਾ ਹੈ। ਬਾਬਰੀ ਮਸਜਿਦ ਦੇ ਜਨੂੰਨੀ ਕਹਿਰ ਦੀ ਰਿਪੋਰਟ ਲੀਕ ਹੋ ਜਾਣ ਕਾਰਨ ਅਡਵਾਨੀ, ਸਾਧਵੀ ਓਮਾ ਭਾਰਤੀ ਅਤੇ ਦੂਜੇ ਦੋਸ਼ੀ ਬਿੱਛੂ ਦੀ ਤਰ੍ਹਾਂ ਪੂਛ ਵਿਚ ਜ਼ਹਿਰ ਭਰ ਕੇ ਡੰਗ ਮਾਰਨ ਦੀ ਤਾਕ ਵਿਚ ਹਨ। ਪੁਰਾਣੀ ਕਹਾਵਤ ਹੈ ਕਿ ਕਾਠ ਦੀ ਹਾਂਡੀ ਵਾਰ-ਵਾਰ ਨਹੀਂ ਚੜ੍ਹਦੀ। ਜਨਤਾ ਦਾ ਵਿਸ਼ਵਾਸ ਇਨ੍ਹਾਂ ਲੋਕਾਂ ਤੋਂ ਉੱਠ ਚੁੱਕਾ ਹੈ ਅਤੇ ਅਸਲੀਅਤ ਨੰਗੀ ਹੋ ਚੁੱਕੀ ਹੈ।

ਸੋਨੇ ਦੀ ਚਿੜੀ, ਜੀ ਹਾਂ, ਇਤਿਹਾਸਕ ਵਿਰਾਸਤ ਦੀ ਧਰੋਹਰ, ਬ੍ਰਹਮ-ਸਾਖਿਆਤ ਕਾਰਵਾਦੀਆਂ ਦੇ ਜੀਵਨ ਦੇ ਵਡਮੁੱਲੇ ਤਜ਼ਰਬੇ ਸਭ ਛਿੱਕੇ ਟੰਗ ਕੇ ਵਿਦੇਸ਼ੀ ਅਤੇ ਦੇਸੀ ਧਾੜਵੀਆਂ ਨੇ ਚਿੜੀ ਦੇ ਖੰਭ ਨੋਚੇ। ਸਥਾਨਕ ਗੱਦਾਰਾਂ ਨੇ ਆਲ੍ਹਣੇ ਦੇ ਤਿਨਕੇ ਬਿਖੇਰਨ ਵਿਚ ਕੋਈ ਕਸਰ ਨਾ ਛੱਡੀ। ਅੱਜ ਉਹੀ ਸੋਨੇ ਦੀ ਚਿੜੀ ਬਿਖ਼ਰੇ ਹੋਏ ਤਿਨਕੇ ਬਟੋਰ ਕੇ ਆਲ੍ਹਣਾ ਬਣਾਉਣ ਵਿਚ ਜੁਟੀ ਹੋਈ ਹੈ ਤਾਂ ਬਾਲ ਠਾਕਰੇ ਅਤੇ ਰਾਜ ਠਾਕਰੇ ਜਿਹੇ ਜਨੂੰਨੀ ਸਮੇਂ ਦੇ ਕਬਾੜ ਵਿਚੋਂ ਪੈਦਾ ਹੋ ਗਏ ਹਨ, ਜੋ ਸੱਪ ਨਾਲੋਂ ਜ਼ਹਿਰੀਲੇ ਅਤੇ ਮਗਰਮੱਛ ਤੋਂ ਵੀ ਵਧ ਭਿਆਨਕ ਪਾਖੰਡੀ ਅਤੇ ਮੀਸਣੇ ਹਨ। ਅੱਜ ਮੀਡੀਆ ਸਾਹਮਣੇ ਇੱਕ ਚੁਣੌਤੀ ਹੈ ਕਿ ਸਿਆਸੀ ਗੰਦੇ ਅਨਸਰਾਂ ਨੂੰ ਨਿਧੜਕ ਹੋ ਕੇ ਕਿਵੇਂ ਲੋਕਾਂ ਸਾਹਮਣੇ ਨੰਗਿਆਂ ਕੀਤਾ ਜਾਵੇ। ਕਈ ਵਾਰ ਨੈਗੇਟਿਵ ਪਬਲੀਸਿਟੀ ਵੀ ਅਜਿਹੇ ਲੋਕਾਂ ਨੂੰ ਲੋਕ-ਨਾਇਕ ਜਾਂ ਹੀਰੋ ਬਣਾ ਦਿੰਦੀ ਹੈ। ਸਪੱਸ਼ਟਤਾ ਲਈ ਬਾਲ ਠਾਕਰੇ ਅਤੇ ਉਸ ਦੇ ਭਤੀਜੇ ਦੀ ਮਿਸਾਲ ਸਾਡੇ ਸਾਹਮਣੇ ਹੈ।

ਲੋਕ ਸਾਹਿਤ ਵਿਚ ਜਾਗਰੂਕਤਾ ਪੱਖੋਂ ਮੈਨੂੰ ਰਾਂਝੇ ਦੇ ਸਹਿਤੀ ਨਾਲ ਵਾਰਤਾਲਾਪ ਬਹੁਤ ਚੰਗੇ ਲੱਗੇ, 'ਲਤੀਏ ਆਪ ਬਰਾਬਰੀ ਨਾਲ ਕੁੜੀਏ, ਸੋਟੇ ਚੁੱਕ ਯਤੀਮਾਂ ਦੇ ਆਉਣਾ ਕੀ।' ਅੱਜ ਝੌਂਪੜ-ਪੱਟੀਆਂ ਦੇ ਮੰਦਬੁੱਧੀ ਗੋਬਰ-ਗਣੇਸ਼ ਸਮਾਜ ਦੇ ਬੁੱਧੀਜੀਵੀ ਵਰਗ 'ਤੇ ਹਾਵੀ ਹੁੰਦੇ ਜਾ ਰਹੇ ਹਨ। ਇਨ੍ਹਾਂ ਦਾ ਮਕਸਦ ਲੋਕਾਂ ਦੇ ਮਨਾਂ 'ਚ ਡਰ ਬਿਠਾ ਕੇ ਗੁੰਡਾਗਰਦੀ ਦਾ ਨੰਗਾ ਨਾਚ ਕਰਾਉਣਾ ਹੈ। ਬੁਰਾਈ ਦੇ ਪ੍ਰਤੀਕ ਰਾਵਣ ਨੂੰ ਅਸੀਂ ਨੈਤਿਕਤਾ ਦੇ ਸੁੱਚੇ ਸਿਧਾਂਤਾਂ ਨੂੰ ਦੁਹਰਾਉਣ ਲਈ ਹਰ ਸਾਲ ਫੂਕਦੇ ਹਾਂ, ਪਰ ਲੋਕ ਮਾਨਸਿਕਤਾ ਦੇ ਮਸਾਣਾਂ ਵਿਚੋਂ ਹਜ਼ਾਰਾਂ ਹੀ ਰਾਵਣ ਫਿਰ ਪੈਦਾ ਹੋ ਕੇ ਰਾਮ-ਮਰਿਯਾਦਾ ਦਾ ਘਾਣ ਕਰਦੇ ਹਨ। ਰਾਖਸ਼ ਮੰਡਲੀ ਦੇ ਇਹ ਸਰਗ਼ਣੇ ਆਖਰ ਕਦ ਖ਼ਤਮ ਹੋਣਗੇ? ਇਨ੍ਹਾਂ ਸਿਰ-ਫਿਰਿਆਂ ਦੀ ਵਹਿਸ਼ੀ ਸਿਆਸਤ ਅਤੇ ਦਰਿੰਦਗੀ ਦਾ ਸ਼ਿਕਾਰ ਨਿਮਾਣਾ ਗਰੀਬ ਹੀ ਬਣਦਾ ਹੈ, ਜੋ ਚੰਗਾ ਨਾਗਰਿਕ ਹੋਣ ਦੇ ਨਾਤੇ ਰੋਟੀ ਤੋਂ ਵੀ ਮੁਥਾਜ ਰਹਿੰਦਾ ਹੈ।

ਭਾਸ਼ਾ-ਵਿਵਾਦ ਨੂੰ ਜਨੂੰਨੀ ਰੰਗ ਦੇ ਕੇ ਸਿਆਸੀ ਜ਼ਹਿਨੀਅਤ ਦੀ ਤੰਗਦਿਲੀ ਦਿਖਾਉਣਾ ਕਿਸੇ ਹੱਦ ਤੱਕ ਗਲਤ ਅਤੇ ਫੁਕਬਾਜ਼ੀ ਦਾ ਪ੍ਰਤੀਕ ਹੈ। ਪੰਜਾਬੀ ਦੀ ਹੀ ਮਿਸਾਲ ਲੈ ਲਵੋ। ਜਦੋਂ ਤੱਕ ਜਥੇਦਾਰ-ਮੰਡਲੀ ਜਾਂ ਗੁਰਦੁਆਰੇ ਦੀ ਜਥੇਦਾਰੀ ਸਿਆਸਤ ਦੂਸਰੀਆਂ ਭਾਸ਼ਾਵਾਂ ਦਾ ਸਤਿਕਾਰ ਨਹੀਂ ਕਰਦੀ, ਉਦੋਂ ਤੱਕ ਮਾਂ-ਬੋਲੀ ਨੂੰ ਢੁਕਵਾਂ ਹੁੰਗਾਰਾ ਜਾਂ ਹੱਲਾਸ਼ੇਰੀ ਮਿਲਣੀ ਅਸੰਭਵ ਹੈ।

ਹੁਣ ਸਵਾਲ ਉੱਠਦਾ ਹੈ ਕਿ ਸ਼ੇਖ ਫਰੀਦ ਵਾਂਗ ਗੁਰਬਾਣੀ ਦੀ ਰਚਨਾ ਗੁਰੂਆਂ ਨੇ ਨਿਰੋਲ ਪੰਜਾਬੀ ਵਿਚ ਕਿਉਂ ਨਹੀਂ ਕੀਤੀ? ਜਿੱਥੋਂ ਤੱਕ ਭਗਤਾਂ, ਭੱਟਾਂ ਜਾਂ ਹੋਰ ਕਵੀਆਂ ਦਾ ਸਵਾਲ ਹੈ, ਉਹ ਭਾਰਤ ਦੇ ਵੱਖੋ-ਵੱਖਰੇ ਹਿੱਸਿਆਂ ਦੇ ਰਹਿਣ ਵਾਲੇ ਸਨ। ਅੱਜ ਮੁੰਬਈ ਦੇ ਬਦਨਾਮ ਨੇਤਾ ਠਾਕਰੇ ਅਤੇ ਉਸ ਦਾ ਭਤੀਜਾ ਸਮੁੱਚੇ ਦੇਸ਼ ਵਿਚ ਬਦਅਮਨੀ ਦੀ ਸਥਿਤੀ ਪੈਦਾ ਕਰਨ 'ਤੇ ਉਤਾਰੂ ਹਨ। ਸੱਚਾਈ ਪੱਖੋਂ ਅਤੇ ਵਿਸ਼ਲੇਸ਼ਣ ਦੇ ਆਧਾਰ 'ਤੇ ਸਥਿਤੀ ਬਿਲਕੁਲ ਉਲਟ ਹੈ। ਮੁੰਬਈ ਇੱਕ ਤਰ੍ਹਾਂ ਨਾਲ ਮੈਟਰੋਪੋਲਿਟਨ ਮਹਾਂਨਗਰ ਹੈ, ਜਿੱਥੇ ਵੱਖੋ-ਵੱਖਰੇ ਧਰਮਾਂ ਅਤੇ ਭਾਸ਼ਾਵਾਂ ਦੇ ਲੋਕ ਰਹਿੰਦੇ ਹਨ। ਮੁੰਬਈ ਦੀ ਗਲੀ-ਮੁਹੱਲੇ ਦੀ ਭਾਸ਼ਾ ਇੱਕ ਖਿਚੜੀ ਭਾਸ਼ਾ ਦੀ ਤਰ੍ਹਾਂ ਹੈ, ਜਿਵੇਂ ਚੀਨ ਵਿਚ ਪਿਡਗਰਿਨ ਇੰਗਲਿਸ਼ ਬੋਲੀ ਜਾਂਦੀ ਹੈ। ਮੈਂ ਇੱਕ ਮਿਸਾਲ ਦੇ ਰਿਹਾ ਹਾਂ, ਜਿਸ ਤੋਂ ਸੁਹਿਰਦ ਪਾਠਕ ਸਹਿਜੇ ਹੀ ਅੰਦਾਜ਼ਾ ਲਗਾ ਲੈਣਗੇ।



ਐਕਟਰ ਸੰਜੇ ਦੱਤ ਦੀ ਲੱਖ ਕੋਸ਼ਿਸ਼ ਕਰਨ ਉਪਰੰਤ ਵੀ ਜ਼ਮਾਨਤ ਨਹੀਂ ਸੀ ਹੋਈ। ਉਸ ਦੇ ਪਿਤਾ ਸੁਨੀਲ ਦੱਤ ਨੇ ਬਾਲ ਠਾਕਰੇ ਦੀ ਚਰਨ-ਬੰਧਨਾ ਕੀਤੀ। ਸਿਆਸੀ ਤਾਨਾਸ਼ਾਹ ਨੇ ਅਜਿਹਾ ਅਗਨ-ਬਾਣ ਛੱਡਿਆ ਕਿ ਜੁਡੀਸ਼ੀਅਰੀ ਨੂੰ ਜ਼ਮਾਨਤ ਮਨਜ਼ੂਰ ਕਰਨੀ ਪਈ। ਕਿਉਂ? ਕਿਉਂ ਮੌਜੂਦਾ ਸਰਕਾਰ ਨੇ ਬਾਲ ਠਾਕਰੇ ਅਤੇ ਉਸਦੇ ਭਤੀਜੇ ਨੂੰ ਜੇਲ੍ਹ ਦੀਆਂ ਸੀਖਾਂ ਅੰਦਰ ਡੱਕਣੋਂ ਝਿਜਕ ਦਿਖਾਈ? ਅਜਿਹੇ ਲੋਕਾਂ ਲਈ ਸਿਰਫ਼ ਜੇਲ੍ਹ ਹੀ ਢੁੱਕਵਾਂ ਸਥਾਨ ਹੈ। ਲੋਕਾਂ ਦੀ ਜਮਹੂਰੀ ਆਜ਼ਾਦੀ ਕੁਚਲ ਕੇ ਉਨ੍ਹਾਂ ਦੀ ਮਾਨਸਿਕਤਾ ਨੂੰ ਨੱਥ ਪਾ ਕੇ ਕੋਈ ਵੀ ਭਾਸ਼ਾ ਥੋਪਣਾ ਸਰਾਸਰ ਜ਼ਿਆਦਤੀ ਹੈ। ਜਿੰਨੇ ਜ਼ਿਆਦਾ ਭਾਸ਼ਾ ਅਫ਼ਸਰ ਰੱਖੋਗੇ, ਉਨਾ ਹੀ ਉਸ ਦਾ ਪ੍ਰਤੀਕਰਮ ਹੱਕ ਵਿਚ ਜਾਣ ਦੀ ਬਜਾਏ ਬਿਲਕੁਲ ਉਲਟ ਹੋਵੇਗਾ। ਅੰਗਰੇਜ਼ੀ ਪੜ੍ਹਾਉਣ ਦੀਆਂ ਦੁਕਾਨਾਂ ਹੋਰ ਵਧਣਗੀਆਂ। ਭਾਸ਼ਾ ਨੂੰ ਹਰਮਨ-ਪਿਆਰਾ ਬਣਾਉਣ ਲਈ ਲੋੜ ਹੈ ਸਮੂਹਿਕ ਰੁਝਾਨ ਨੂੰ ਸਮਝਣ ਦੀ।

ਪੰਜਾਬ ਵਿਚ ਮਰਦਮਸ਼ੁਮਾਰੀ ਦੌਰਾਨ ਕਈਆਂ ਨੇ ਆਪਣੀ ਮਾਤ-ਭਾਸ਼ਾ ਹਿੰਦੀ ਲਿਖਵਾਈ ਸੀ। ਹੁਣ ਸਵਾਲ ਹੈ ਕਿ ਜਥੇਦਾਰ ਮੰਡਲੀ ਸੀਨਾਜ਼ੋਰੀ ਕਰਕੇ ਉਨ੍ਹਾਂ ਤੋਂ ਪੰਜਾਬੀ ਲਿਖਵਾਏਗੀ? ਮਨਮੋਹਨ ਸਿੰਘ ਨੇ ਇੱਕ ਵਿਸ਼ਲੇਸ਼ਣ ਅਧਿਐਨ ਦੇ ਆਧਾਰ 'ਤੇ ਬਿਆਨ ਦਿੱਤਾ ਕਿ ਸਿੱਖਾਂ ਵਿਚ ਸਾਖਰਤਾ ਦੀ ਦਰ ਬਹੁਤ ਘੱਟ ਹੈ। ਹੁਣ ਇਸ ਸਮੱਸਿਆ ਦਾ ਢੁੱਕਵਾਂ ਹੱਲ ਲੱਭਣ ਦੀ ਬਜਾਏ ਜਥੇਦਾਰ ਠਾਕਰੇ ਕਿਸਮ ਦੀ ਜਨੂੰਨੀ ਸਿਆਸਤ ਨਹੀਂ ਚਲਾ ਸਕਦੇ। ਪੰਜਾਬੀ ਅਣਖੀਲੇ ਯੋਧਿਆਂ ਦੀ ਭਾਸ਼ਾ ਹੈ, ਮਰਜੀਵੜਿਆਂ ਦਾ ਸਿਦਕ ਹੈ, ਨਾ ਕਿ ਗੁਲਾਮ ਮਾਨਸਿਕਤਾ ਦੀ ਲਿਲ੍ਹਕੜੀਆਂ ਕੱਢਣ ਵਾਲੀ ਉੱਪ-ਬੋਲੀ। ਪ੍ਰਾਪਤੀਆਂ ਅਤੇ ਆਸਾਂ ਨਾਲ-ਨਾਲ ਚੱਲਦੀਆਂ ਹਨ। ਸੁਫ਼ਨੇ ਉਹ ਨਹੀਂ, ਜੋ ਅਸੀਂ ਗੂੜ੍ਹੀ ਨੀਂਦ ਵਿਚ ਘਰਾੜੇ ਮਾਰ ਕੇ ਦੇਖਦੇ ਹਾਂ। ਸੁਫ਼ਨੇ ਤਾਂ ਉਹ ਹਨ, ਜੋ ਅਕਸਰ ਸਾਨੂੰ ਸੌਣ ਨਹੀਂ ਦਿੰਦੇ ਅਤੇ ਸਾਡੀ ਚੇਤਨਾ ਦੇ ਅਹਿਸਾਸਾਂ ਵਿਚ ਡਰਪੋਕ ਜ਼ਮੀਰ ਨੂੰ ਮਿਟਾ ਕੇ ਸਾਹਸ ਦਾ ਰੰਗ ਭਰਦੇ ਹਨ। ਬਹੁਤ ਘੱਟ ਲੋਕ ਹਨ, ਜੋ ਸਮੇਂ ਦੇ ਵਹਿਣ ਤੋਂ ਉਲਟ ਚੱਲ ਕੇ ਕਾਫ਼ਲਿਆਂ ਲਈ ਚਾਨਣ-ਮੁਨਾਰੇ ਬਣਦੇ ਹਨ। ਉਹ ਕਾਫ਼ਲਿਆਂ ਦੀਆਂ ਗੁਆਚੀਆਂ ਪੈੜਾਂ ਦੇ ਸੰਦੇਸ਼ਵਾਹਕ ਹਨ ਪਰ ਦੂਜੇ ਪਾਸੇ ਹਰ ਸਿਆਸੀ ਟੁੱਕੜਬੋਚ ਵਹਿਣ ਨਾਲ ਵਹਿ ਕੇ ਆਪਣਾ ਸਵਾਰਥ ਸਿੱਧ ਕਰਦਾ ਹੈ। ਕੋਈ ਵੀ ਦਾਨ ਕਰਨ ਵਾਲਾ ਮੱਥੇ ਉੱਤੇ ਤਿਊੜੀਆਂ ਪਾ ਕੇ ਜੇ ਸਾਰਾ ਖਜ਼ਾਨਾ ਵੀ ਲੁਟਾ ਦੇਵੇ ਤਾਂ ਕੁਝ ਵੀ ਨਹੀਂ। ਸਿਰਫ ਤੁਛ ਰਿਸ਼ਵਤ ਹੈ। ਸ਼ਰਧਾ ਨਾਲ ਦਾਨ ਦੀ ਦਿੱਤੀ ਹੋਈ ਇਕ ਦਮੜੀ ਵੀ ਵੱਡਮੁੱਲਾ ਤੋਹਫ਼ਾ ਹੁੰਦੀ ਹੈ।

ਸਾਡੇ ਦੇਸ਼ ਵਿਚ ਸਿਆਸੀ ਲੰਡੀ-ਬੁੱਚੀ ਵੋਟਾਂ ਵੇਲੇ ਲੋਕ-ਹਿੱਤਾਂ ਦਾ ਪ੍ਰਚਾਰ ਕਰਨ ਵਿਚ ਕੋਈ ਕਸਰ ਨਹੀਂ ਛੱਡਦੀ। ਤਰ੍ਹਾਂ-ਤਰ੍ਹਾਂ ਦੇ ਫਾਇਦੇ ਦੇਣ ਦਾ ਵਾਅਦਾ ਕੀਤਾ ਜਾਂਦਾ ਹੈ। ਅਜਿਹੇ ਝੂਠੇ-ਸੱਚੇ ਵਾਅਦੇ ਲੋਕਾਂ ਵਿਚ ਹੱਦ ਦਰਜੇ ਦੀ ਬੇਚੈਨੀ ਫੈਲਾ ਕੇ ਉਨ੍ਹਾਂ ਦੀ ਜ਼ਮੀਰ ਨਾਲ ਖਿਲਵਾੜ ਕਰਦੇ ਹਨ। ਅੰਗਰੇਜ਼ਾਂ ਦੀ ਮਾਨਸਿਕ ਗੁਲਾਮੀ ਨੇ ਸਾਨੂੰ ਬਖ਼ਸ਼ੀਸ਼ ਲੈਣ ਦਾ ਆਦੀ ਬਣਾ ਦਿੱਤਾ ਸੀ। ਇਹ ਠੀਕ ਹੈ ਕਿ ਦੁਸ਼ਮਣੀ, ਵੈਰ, ਈਰਖਾ ਮਨੁੱਖ ਦੇ ਜਨਮ ਤੋਂ ਹੀ ਨਾਲ ਜੁੜ ਜਾਂਦੇ ਹਨ। ਬਾਦਲ-ਮੰਡਲੀ ਸੰਗਤ ਦਰਸ਼ਨ ਦੌਰਾਨ ਪੈਸੇ ਰਿਉੜੀਆਂ ਦੀ ਲੱਪ ਵਾਂਗ ਵੰਡਦੀ ਹੈ। ਇਹ ਕੋਈ ਧਰਮ-ਕਰਮ ਦਾ ਹਿੱਸਾ ਨਹੀਂ, ਸਿਰਫ਼ ਜ਼ਾਤੀ ਸ਼ੋਹਰਤ ਹਾਸਲ ਕਰਨ ਦਾ ਸਭ ਤੋਂ ਘਟੀਆ ਢੰਗ ਹੈ। ਜਿਨ੍ਹਾਂ ਕਿਸਾਨਾਂ ਨੇ ਗੁਰਬਤ ਦੀ ਹਨੇਰੀ ਝੱਲਦੇ ਹੋਏ ਆਪਣੀ ਜ਼ਿੰਦਗੀ ਦਾ ਅੰਤ ਕਰ ਲਿਆ, ਉਨ੍ਹਾਂ ਬਾਰੇ ਕਦੇ ਬਾਦਲ ਦੀ ਦਿੱਤੀ ਬਖ਼ਸ਼ੀਸ਼ ਦਾ ਕਦੇ ਜ਼ਿਕਰ ਨਹੀਂ ਆਇਆ। ਅਸਲ ਵਿਚ ਗੁਲਾਮ ਜ਼ਹਿਨੀਅਤ ਸਾਨੂੰ ਉੱਠਣ ਨਹੀਂ ਦਿੰਦੀ।

ਅੱਜ ਫੁੱਟਪਾਥਾਂ 'ਤੇ ਦੁਕਾਨਾਂ ਸਜਾ ਦੇ ਵਿਦੇਸ਼ੀ ਯੂਨੀਵਰਸਿਟੀਆਂ ਦੀਆਂ ਡਿਗਰੀਆਂ ਦਿਵਾਉਣ ਵਾਲਿਆਂ ਦੀ ਭਰਮਾਰ ਹੋ ਗਈ ਹੈ। ਇਸ ਤਰ੍ਹਾਂ ਦਾ ਪ੍ਰਚਾਰ ਜਾਂ ਨੌਜਵਾਨਾਂ ਵਿਚ ਘਰ ਕਰ ਗਿਆ ਵਿਦੇਸ਼ੀ ਰੁਝਾਨ ਸਾਡੀਆਂ ਆਪਣੀਆਂ ਯੂਨੀਵਰਸਿਟੀਆਂ ਦਾ ਮਿਆਰ ਕਲੰਕਿਤ ਕਰ ਰਿਹਾ ਹੈ। ਜੇਕਰ ਗਹਿਰਾਈ ਵਿਚ ਜਾ ਕੇ ਪੜਤਾਲ ਕਰੀਏ ਤਾਂ ਸਾਡੀਆਂ ਯੂਨੀਵਰਸਿਟੀਆਂ ਦਾ ਮਿਆਰ ਵਿਦੇਸ਼ਾਂ ਨਾਲੋਂ ਕਿਤੇ ਵੱਧ ਉੱਚਾ ਹੈ, ਪਰ ਘਰ ਦੀ ਮੁਰਗੀ ਦਾਲ ਬਰਾਬਰ ਜਾਂ ਘਰ ਦਾ ਜੋਗੀ ਜੋਗੜਾ, ਬਾਹਰ ਦਾ ਜੋਗੀ ਸਿੱਧ ਵਾਂਗ ਸਾਨੂੰ ਆਪਣਾ ਆਪ ਕੋਝਾ ਲੱਗਦਾ ਹੈ।

ਦੂਸਰੇ ਪਾਸੇ ਅਸੀਂ ਖ਼ੁਪਤਕਾਰ ਸੱਭਿਆਚਾਰ ਦੀ ਕੱਠਪੁਤਲੀ ਬਣ ਕੇ ਵਿਦੇਸ਼ੀ ਚੇਪੀਆਂ ਦੇ ਆਦੀ ਹੋ ਚੁੱਕੇ ਹਾਂ। ਲੰਡਨ ਵਿਚ ਰਹਿਣ ਵਾਲੇ ਇੱਕ ਪੰਜਾਬੀ ਨੇ ਇਕ ਲੇਖ ਲਿਖਿਆ ਸੀ। ਲੇਖਕ ਨੇ ਲੋਕ-ਕਲਿਆਣ ਹਿੱਤ ਪੰਜਾਬੀ ਮਾਂ-ਬਾਪ ਨੂੰ ਸਾਵਧਾਨ ਕੀਤਾ ਕਿ ਕੁੜੀਆਂ ਨੂੰ ਇੰਗਲੈਂਡ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹਨ ਲਈ ਨਾ ਭੇਜਣ, ਕਿਉਂਕਿ ਕਬੂਤਰਬਾਜ਼ੀ ਦਾ ਘਿਨਾਉਣਾ ਰੂਪ ਉਨ੍ਹਾਂ ਨੂੰ ਡਿਗਰੀਆਂ ਹਾਸਲ ਕਰਨ ਦੀ ਬਜਾਏ ਗੋਰਿਆਂ ਦੀ ਮਾਸ-ਮਾਰਕਿਟ ਵਿਚ ਵੇਸਵਾ ਤ੍ਰਿਪਤੀ ਲਈ ਮਜਬੂਰ ਕਰ ਰਿਹਾ ਹੈ। ਕਿਸੇ ਉਰਦੂ ਕਵੀ ਨੇ ਇਸ ਬਾਰੇ ਠੀਕ ਹੀ ਲਿਖਿਆ ਸੀ-

ਸੱਚਾਈ ਛੁਪ ਨਹੀਂ ਸਕਤੀ,
ਬਨਾਵਟ ਕੇ ਅਸੂਲੋਂ ਸੇ,
ਖ਼ੁਸ਼ਬੂ ਆ ਨਹੀਂ ਸਕਤੀ,
ਕਾਗਜ਼ ਕੇ ਫੂਲੋਂ ਸੇ।

# ਸ਼ੇਖ ਹਸੀਨਾ ਦਾ ਹੁਸੀਨ ਸਫ਼ਰ

**ਵੇਦਪ੍ਰਤਾਪ ਵੈਦਿਕ**

ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਇਹ ਭਾਰਤ ਯਾਤਰਾ ਇਤਿਹਾਸਕ ਸਿੱਧ ਹੋਵੇਗੀ, ਇਸ ਵਿਚ ਜ਼ਰਾ ਵੀ ਸ਼ੱਕ ਨਹੀਂ ਹੈ। ਇਹ ਭਾਰਤ-ਬੰਗਲਾ ਸਵਰਣ ਯੁੱਗ ਦੀ ਸ਼ੁਰੂਆਤ ਹੈ। ਬੰਗਲਾਦੇਸ਼ ਦਾ ਜਨਮ 1971 ਵਿਚ ਹੋਇਆ, ਪਰ ਪਿਛਲੇ 39 ਸਾਲਾਂ ਵਿਚ 30 ਤੋਂ ਜ਼ਿਆਦਾ ਸਾਲ ਤਕ ਢਾਕਾ ਵਿਚ ਇਹੋ ਜਿਹੀਆਂ ਸਰਕਾਰਾਂ ਰਹੀਆਂ ਜੋ ਭਾਰਤ ਵਿਰੋਧੀ ਸਨ। ਭਾਰਤ ਵਿਰੋਧ ਦੇ ਨਾਂ 'ਤੇ ਜਾਂ ਤਾਂ ਉਹ ਚੋਣ ਜਿੱਤਦੇ ਜਾਂ ਫੌਜੀ ਤਖਤਾ ਪਲਟੇ ਤੋਂ ਬਾਅਦ ਭਾਰਤ ਵਿਰੋਧ ਦੇ ਦਮ 'ਤੇ ਆਪਣੇ ਆਪ ਨੂੰ ਸਹੀ ਸਾਬਤ ਕਰਦੇ। ਉਨ੍ਹਾਂ ਸਰਕਾਰਾਂ ਨੇ ਭਾਰਤ ਦੇ ਨਾਲ ਸਹਿਜ ਸੰਬੰਧ ਬਣਾਉਣ ਦੀ ਬਜਾਏ ਇਹੋ ਜਿਹੇ ਕਦਮ ਉਠਾਏ, ਜਿਸ ਨਾਲ ਭਾਰਤ ਦਾ ਨੁਕਸਾਨ ਹੋਇਆ। ਭਾਰਤ ਦੀ ਦਿੱਖ ਬਿਗੜੀ, ਭਾਰਤ ਦੇ ਦੁਸ਼ਮਣਾਂ ਨੂੰ ਮਦਦ ਮਿਲੀ ਪਰ ਬੰਗਲਾਦੇਸ਼ ਨੂੰ ਕੋਈ ਫਾਇਦਾ ਨਾ ਹੋਇਆ। ਕੁਝ ਬੰਗਲਾਦੇਸ਼ੀ ਸਰਕਾਰਾਂ ਨੇ ਇਹੋ ਜਿਹੇ ਰਾਸ਼ਟਰਾਂ ਦੇ ਨਾਲ ਵੀ ਆਪਣਾ ਗੱਠਜੋੜ ਬਣਾ ਲਿਆ, ਜੋ ਭਾਰਤ ਨੂੰ ਤਬਾਹ ਕਰਨ 'ਤੇ ਤੁੱਲੇ ਹੋਏ ਸਨ।

ਸ਼ੇਖ ਹਸੀਨਾ ਅਤੇ ਉਨ੍ਹਾਂ ਦੇ ਪਿਤਾ ਸ਼ੇਖ ਮੁਜੀਬ ਤਾਂ ਭਾਰਤ ਦੇ ਨਜ਼ਦੀਕੀ ਦੋਸਤ ਰਹੇ ਹਨ, ਪਰ ਸ਼ੇਖ ਹਸੀਨਾ ਦੇ ਪਿਛਲੇ ਸ਼ਾਸਨ ਕਾਲ ਦੇ ਦੌਰਾਨ ਵੀ ਕਈ ਤਰ੍ਹਾਂ ਦੀਆਂ ਅੜਿਚਣਾਂ ਬਣੀਆਂ ਰਹੀਆਂ। ਫਰੱਕਾ ਜਲ ਵਿਵਾਦ ਜ਼ਰੂਰ ਸੁਲਝਿਆ, ਪਰ ਹਸੀਨਾ ਸਰਕਾਰ ਉਦੋਂ ਇੰਨੀ ਮਜ਼ਬੂਤ ਨਹੀਂ ਸੀ ਕਿ ਉਹ ਕੋਈ ਜ਼ਬਰਦਸਤ ਕਦਮ ਚੁੱਕ ਸਕਦੀ ਅਤੇ ਇਧਰ ਭਾਰਤ ਵਿਚ ਉਸ ਵਕਤ ਕਈ ਥੋੜੇ ਸਮੇਂ ਲਈ ਸਰਕਾਰਾਂ ਬਣੀਆਂ, ਜਿਨ੍ਹਾਂ ਦਾ ਧਿਆਨ ਅੰਦਰਿਕ ਉਥਲ-ਪੁਥਲ 'ਤੇ ਜ਼ਿਆਦਾ ਕੇਂਦਰਿਤ ਰਿਹਾ। ਇਸ ਬਾਰ ਸ਼ੇਖ ਹਸੀਨਾ ਪ੍ਰਚੰਡ ਅਤੇ ਵੱਡੀ ਬਹੁਮਤ ਨਾਲ ਜਿੱਤੀ ਹੈ ਅਤੇ ਇਹ ਸੰਯੋਗ ਹੈ ਕਿ ਸਮੁੱਚੀਆਂ ਭਾਰਤ ਵਿਰੋਧੀ ਤਾਕਤਾਂ ਦੀ ਪੋਲ ਖੁੱਲ ਚੁੱਕੀ ਹੈ। ਭਾਰਤ ਵਿਰੋਧੀ ਤਾਕਤਾਂ ਅੱਜ ਕਲ੍ਹ ਇੰਨੀਆਂ ਪਸਤ ਹਨ ਕਿ ਸ਼ੇਖ ਹਸੀਨਾ ਦੀ ਇਸ ਭਾਰਤ ਯਾਤਰਾ ਦਾ ਉਨ੍ਹਾਂ ਨੂੰ ਸਵਾਗਤ ਕਰਨਾ ਪੈਂਦਾ ਹੈ। ਸ਼ੇਖ ਹਸੀਨਾ ਦੀ ਇਸ ਯਾਤਰਾ ਦੇ ਦੌਰਾਨ ਭਾਰਤ ਅਤੇ ਬੰਗਲਾਦੇਸ਼ ਵਿਚ ਜੋ ਸਮਝੌਤੇ ਹੋਏ ਹਨ, ਉਹ ਸਿਰਫ ਇਨ੍ਹਾਂ ਦੋ ਦੇਸ਼ਾਂ ਨੂੰ ਹੀ ਨਹੀਂ, ਸਗੋਂ ਨੇਪਾਲ, ਭੂਟਾਨ ਅਤੇ ਮਿਆਂਮਾਰ 'ਤੇ ਵੀ ਗਹਿਰਾ ਅਸਰ ਪਾਉਣਗੇ।

ਭਾਰਤ ਨੇ ਬੰਗਲਾਦੇਸ਼ ਨੂੰ ਇਕ ਬਿਲੀਅਨ ਡਾਲਰ ਯਾਨਿ ਲਗਭਗ 4500 ਕਰੋੜ ਰੁਪਏ ਦਾ ਕਰਜ਼ਾ ਦਿੱਤਾ ਹੈ। ਕਿਸੇ ਵੀ ਵਿਕਾਸਮਾਨ ਰਾਸ਼ਟਰ ਲਈ ਇਹ ਬਹੁਤ ਵੱਡੀ ਰਾਸ਼ੀ ਹੈ। ਇੰਨੀ ਵੱਡੀ ਰਾਸ਼ੀ ਭਾਰਤ ਨੇ ਹੁਣ ਤੋਂ ਪਹਿਲਾ ਕਿਸੇ ਵੀ ਰਾਸ਼ਟਰ ਨੂੰ ਇਕਮੁਸ਼ਤ ਨਹੀਂ ਦਿੱਤੀ ਹੈ। ਭਾਰਤ ਨੇ ਅਫਗਾਨਿਸਤਾਨ ਨੂੰ ਲਗਭਗ ਸਵਾ ਬਿਲੀਅਨ ਡਾਲਰ ਦਿੱਤੇ ਹਨ, ਪਰ ਉਹ ਉਸਨੂੰ ਪਿਛਲੇ 7-8 ਸਾਲਾਂ ਵਿਚ ਮਿਲੇ ਹਨ। ਇਸ ਐਲਾਨ ਨਾਲ ਦੋ ਗੱਲਾਂ ਸਿੱਧ ਹੁੰਦੀਆਂ ਹਨ। ਇਕ ਤਾਂ ਇਹ ਪਤਾ ਲਗਦਾ ਹੈ ਕਿ ਭਾਰਤ ਖੁਦ ਸਮਰਥ ਰਾਸ਼ਟਰ ਹੈ ਅਤੇ ਦੂਜਾ ਇਹ ਕਿ ਉਹ ਆਪਣੇ ਗੁਆਂਢੀ ਰਾਸ਼ਟਰਾਂ ਪ੍ਰਤੀ ਉਦਾਰ ਹੈ। ਭਾਰਤ ਦੇ ਇਸ ਐਲਾਨ ਦਾ ਸਿੱਧਾ ਲਾਭ ਸ਼ੇਖ ਹਸੀਨਾ ਨੂੰ ਮਿਲੇਗਾ। ਬੰਗਲਾਦੇਸ਼ ਵਿਚ ਕਿਹਾ ਜਾਵੇਗਾ ਕਿ ਸ਼ੇਖ ਹਸੀਨਾ ਦੀ ਥਾਂ ਜੇਕਰ ਬੇਗਮ ਖਾਲਿਦਾ ਜ਼ਿਯਾ ਜਾਂ ਇਰਸ਼ਾਦ ਹੁੰਦੇ ਤਾਂ ਕੀ ਭਾਰਤ ਇੰਨੀ ਵੱਡੀ ਰਾਸ਼ੀ ਦੇ ਦਿੰਦਾ? ਹੁਣ ਹਸੀਨਾ ਦੇ ਵਿਰੋਧੀਆਂ ਦੀ ਬੋਲਤੀ ਬੰਦ ਹੋ ਜਾਵੇਗੀ। ਭਾਰਤ ਦੀ ਇਸ ਉਦਾਰਤਾ ਦਾ ਅਸਰ ਹੋਰ ਗੁਆਂਢੀ ਰਾਸ਼ਟਰਾਂ 'ਤੇ ਵੀ ਪਵੇਗਾ।

ਅਸਮ ਦੇ ਅਤਿਵਾਦੀ ਨੇਤਾ ਰਾਜਖੋਵਾ ਨੂੰ ਭਾਰਤ ਦੇ ਹਵਾਲੇ ਕਰਕੇ ਢਾਕਾ ਸਰਕਾਰ ਨੇ ਇਹ ਸਪਸ਼ਟ ਸੰਕੇਤ ਦੇ ਦਿੱਤਾ ਸੀ ਕਿ ਆਪਣੀ ਜ਼ਮੀਨ 'ਤੇ ਉਹ ਕੋਈ ਵੀ ਭਾਰਤ ਵਿਰੋਧੀ ਗਤੀਵਿਧੀ ਬਰਦਾਸ਼ਤ ਨਹੀਂ ਕਰੇਗੀ। ਸੱਚਾਈ ਤਾਂ ਇਹ ਹੈ ਕਿ ਢਾਕਾ ਦੀਆਂ ਪਿਛਲੀਆਂ ਕੁਝ ਸਰਕਾਰਾਂ ਨੇ ਨਾ ਸਿਰਫ ਭਾਰਤ ਵਿਰੋਧੀ ਅਤਿਵਾਦੀਆਂ ਨੂੰ ਮਦਦ ਦਿੱਤੀ, ਬਲਕਿ ਉਨ੍ਹਾਂ ਨੂੰ ਪਕਿਸਤਾਨ ਦੇ ਨੇਤਾਵਾਂ ਨਾਲ ਵੀ ਮਿਲਵਾਇਆ ਸੀ। ਹੁਣ ਜੋ ਤਿੰਨ ਸੁਰਖਿਆ ਸਮਝੌਤੇ ਹੋਏ ਹਨ, ਉਨ੍ਹਾਂ ਤਹਿਤ ਦੋਵੇਂ ਦੇਸ਼ ਅਪਰਾਧਿਕ ਮਾਮਲਿਆਂ ਵਿਚ ਪਰਸਪਰਿਕ ਕਾਨੂੰਨੀ ਸਹਾਇਤਾ ਕਰਨਗੇ, ਸਜ਼ਾਯਾਫਤਾ ਲੋਕਾਂ ਨੂੰ ਵਾਪਸ ਕਰਨਗੇ, ਅਤਿਵਾਦੀਆਂ, ਗਿਰੋਹਾਂ ਅਤੇ ਤਸਕਰਾਂ ਵਿਰੁਧ ਸੰਯੁਕਤ ਕਾਰਵਾਈ ਕਰਨਗੇ। ਇਨ੍ਹਾਂ ਸਮਝੌਤਿਆਂ ਕਾਰਨ ਭਾਰਤ ਨੂੰ ਸਮੁੱਚੇ ਪੂਰਵਾਂਚਲ ਵਿਚ ਸ਼ਾਂਤੀ ਸਥਾਪਿਤ ਕਰਨ ਵਿਚ ਸੁਵਿਧਾ ਹੋਵੇਗੀ। ਉਨ੍ਹਾਂ ਸਮਾਜ ਵਿਰੋਧੀ ਤੱਤਾਂ ਨੂੰ ਵੀ ਉਹ ਆਪਣੀ ਗ੍ਰਿਫਤ ਵਿਚ ਲੈ ਸਕੇਗੀ, ਜੋ ਬੰਗਲਾਦੇਸ਼ ਵਿਚ ਛੁਪ ਕੇ ਪਾਕਿਸਤਾਨੀ, ਸ੍ਰੀਲੰਕਾਈ ਅਤੇ ਬਰਮੀ ਅਤਿਵਾਦੀਆਂ ਨਾਲ ਸਾਜ਼-ਬਾਜ਼ ਕਰਦੇ ਰਹਿੰਦੇ ਹਨ।



ਭਾਰਤ ਨੇ ਬੰਗਲਾਦੇਸ਼ ਨੂੰ ਨੇਪਾਲ ਅਤੇ ਭੂਟਾਨ ਤਕ ਆਉਣ ਜਾਣ ਲਈ ਰੇਲ ਅਤੇ ਸੜਕ ਦੀ ਸੁਵਿਧਾ ਦੇਣ ਦਾ ਵੀ ਐਲਾਨ ਕੀਤਾ ਹੈ। ਬੰਗਲਾਦੇਸ਼ ਆਪਣੀ-ਆਪਣੀ ਸੀਮਾ ਵਿਚ ਵੀ ਦੋਵਾਂ ਦੇ ਮਾਲ ਅਤੇ ਲੋਕਾਂ ਲਈ ਰਸਤਾ ਖੋਲ ਦੇਵੇ ਤਾਂ ਇਹ ਪੂਰੀ ਤਰ੍ਹਾਂ ਪੂਰਵਾਂਚਲ ਲਈ ਯੁੱਗਗਰਦੀ ਕਦਮ ਹੋਵੇਗਾ। ਜੇ ਕੋਲਕਾਤਾ ਅਤੇ ਅਗਰਤਲਾ ਵਿਚ ਬੰਗਲਾਦੇਸ਼ ਹੋ ਕੇ ਰੇਲ ਅਤੇ ਸੜਕਾਂ ਦੌੜਨ ਲੱਗਣ ਤਾਂ 1700 ਕਿਲੋਮੀਟਰ ਦਾ ਫਾਸਲਾ ਸਿਰਫ 500 ਕਿਲੋਮੀਟਰ ਰਹਿ ਜਾਵੇਗਾ। ਬੰਗਲਾਦੇਸ਼ੀ ਰਸਤਿਆਂ ਦੇ ਖੁੱਲ੍ਹ ਜਾਣ ਨਾਲ ਭਾਰਤ, ਨੇਪਾਲ, ਭੂਟਾਨ, ਬੰਗਲਾਦੇਸ਼ ਅਤੇ ਮਿਯਾਂਮਾਰ ਦਾ ਆਪਸੀ ਵਪਾਰ ਕਈ ਗੁਣਾਂ ਵਧ ਜਾਵੇਗਾ।

ਬੰਗਲਾਦੇਸ਼ ਦੇ ਲਾਭਾਂ ਨੂੰ ਦੇਖ ਕੇ ਕੋਈ ਹੈਰਾਨੀ ਨਹੀਂ ਕਿ ਕਿਸੇ ਦਿਨ ਪਾਕਿਸਤਾਨ ਵੀ ਆਪਣੇ ਥਲ ਮਾਰਗ ਭਾਰਤ ਲਈ ਖੋਲ ਦੇਵੇਗਾ। ਉਸ ਦਿਨ ਪੂਰੀ ਤਰ੍ਹਾਂ ਮੱਧ ਏਸ਼ੀਆ ਅਤੇ ਦੱਖਣ ਏਸ਼ੀਆ ਵਿਚ ਆਰਥਿਕ ਅਤੇ ਸੰਸਕ੍ਰਿਤਕ ਸਹਿਕਾਰੀ ਦੇ ਨਵੇਂ ਯੁੱਗ ਦਾ ਆਰੰਭ ਹੋਵੇਗਾ।

ਬੰਗਲਾਦੇਸ਼ ਨਾਲ ਭਾਰਤ ਦਾ ਵਪਾਰ ਵਧੇ ਅਤੇ ਭਾਰਤ ਵਿਚ ਬੰਗਲਾ ਮਾਲ ਜ਼ਿਆਦਾ ਖਪੇ, ਇਸ ਨਜ਼ਰ ਨਾਲ ਕਈ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ। ਹਾਲੇ ਬੰਗਲਾਦੇਸ਼ ਭਾਰਤ ਤੋਂ ਲਗਭਗ 2500 ਮਿਲੀਅਨ ਡਾਲਰ ਦਾ ਆਯਾਤ ਕਰਦਾ ਹੈ, ਪਰ ਭਾਰਤ ਨੂੰ ਉਸ ਦਾ ਨਿਰਯਾਤ 500 ਡਾਲਰ ਵੀ ਨਹੀਂ ਹੈ। ਭਾਰਤ ਨੇ ਬੰਗਲਾ ਵਸਤੂਆਂ 'ਤੇ ਕਰ ਘਟਾਇਆ ਹੈ ਅਤੇ 700 ਵਸਤੂਆਂ ਦੀ ਨਿਸ਼ੇਧ ਸੂਚੀ ਨੂੰ ਘਟਾ ਕੇ 400 ਕਰ ਦਿੱਤਾ ਹੈ। ਜੇ ਗੁਆਂਢੀ ਦੇਸ਼ਾਂ ਦਾ ਮਾਲ ਕਰ ਮੁਕਤ ਕਰ ਦਿੱਤਾ ਜਾਵੇ ਤਾਂ ਆਖਿਰ ਭਾਰਤ ਦਾ ਕਿੰਨਾ ਨੁਕਸਾਨ ਹੋ ਜਾਵੇਗਾ? ਭਾਰਤ ਥੋੜੀ ਪਹਿਲ ਕਰੇ ਤਾਂ ਅਗਲੇ ਪੰਜ ਸਾਲਾਂ ਵਿਚ ਹੀ ਦੱਖਣੀ ਏਸ਼ੀਆ ਵਿਚ ਮੁਕਤ ਬਾਜ਼ਾਰ ਦੀ ਸਥਾਪਨਾ ਹੋ ਸਕਦੀ ਹੈ।

ਭਾਰਤ ਨੇ ਬੰਗਲਾਦੇਸ਼ ਨੂੰ 250 ਮੈਗਾਵਾਟ ਬਿਜਲੀ ਦੇਣ ਦਾ ਵਾਅਦਾ ਵੀ ਕੀਤਾ ਹੈ। ਦੋਵਾਂ ਦੇਸ਼ਾਂ ਦਾ ਜਲ ਕਮਿਸ਼ਨ ਵੀ ਹੁਣ ਜ਼ਿਆਦਾ ਸਕ੍ਰਿਆ ਕੀਤਾ ਜਾਵੇਗਾ ਤਾਂ ਕਿ ਬੰਗਲਾਦੇਸ਼ ਨੂੰ ਹੜ੍ਹ ਤੋਂ ਬਚਾਇਆ ਜਾ ਸਕੇ ਅਤੇ ਦੋਵਾਂ ਦੇਸ਼ਾਂ ਦੇ ਜਲਸ੍ਰੋਤਾਂ ਦਾ ਬਹੁਵਿਧ ਉਪਯੋਗ ਕੀਤਾ ਜਾ ਸਕੇ। ਬੰਗਲਾਦੇਸ਼ ਦੇ ਆਸ਼ੁਗੰਜ ਅਤੇ ਭਾਰਤ ਦੇ ਸਿਲੀਘਾਟ ਬੰਦਰਗਾਹਾਂ ਨੂੰ ਵੀ ਇਕ ਦੂਜੇ ਲਈ ਖੋਲ੍ਹਿਆ ਜਾਵੇਗਾ। ਹੁਣ ਚਿਟਗਾਂਵ ਅਤੇ ਮੰਗਲਾ ਬਾਰੇ ਵਿਚ ਵੀ ਥੋੜੀ ਉਦਾਰਤਾ ਵਰਤੀ ਜਾਵੇਗੀ।

300 ਬੰਗਲਾ ਨੌਜਵਾਨਾਂ ਨੂੰ ਭਾਰਤ ਵਿਦਿਆਰਥੀ ਵੀਜ਼ਾ ਦੇਵੇਗਾ ਅਤੇ ਅਗਲੇ ਸਾਲ ਦੋਵੇਂ ਦੇਸ਼ ਮਿਲ ਕੇ ਰਵੀਂਦਰ ਡੇਢ ਸਦੀ ਵੀ ਮਨਾਉਣਗੇ। ਪਿਛਲੇ 39 ਸਾਲ ਵਿਚ ਕੁਲ ਮਿਲਾ ਕੇ ਇੰਨੀ ਗਹਿਰੀ ਸਮਝ ਦੋਵਾਂ ਦੇਸ਼ਾਂ ਵਿਚ ਪੈਦਾ ਨਹੀਂ ਹੋਈ, ਉਸ ਤੋਂ ਕਿਤੇ ਜ਼ਿਆਦਾ ਇਸ ਯਾਤਰਾ ਦੌਰਾਨ ਦਿਖਾਈ ਦੇ ਰਹੀ ਹੈ। ਸੋਨੀਆ ਗਾਂਧੀ ਅਤੇ ਪ੍ਰਤਿਭਾ ਪਾਟਿਲ ਦੇ ਨਾਲ ਛਪੇ ਹਸੀਨਾ ਦੇ ਖ਼ੂਬਸੂਰਤ ਫੋਟੋ ਆਪਣੀ ਕਹਾਣੀ ਖੁਦ ਕਹਿੰਦੇ ਹਨ।

ਇਸ ਵਿਚ ਸ਼ੱਕ ਨਹੀਂ ਕਿ 'ਭਾਰਤ ਪੱਖੀ ਹਸੀਨਾ', ਹੁਣ ਦੂਜੀ ਹਸੀਨਾ ਹੋਵੇਗੀ। ਬੰਗਲਾਦੇਸ਼ ਵਿਚ ਹੁਣ ਉਨ੍ਹਾਂ ਦਾ ਜਲਵਾ ਕੁਝ ਹੋਰ ਹੀ ਹੋਵੇਗਾ। ਭਾਰਤ ਨਾਲ ਜੁੜਿਆ ਉਨ੍ਹਾਂ ਦਾ ਤਾਰ ਹੁਣ ਜ਼ਿਆਦਾ ਊਰਜਮਈ ਬਣ ਜਾਵੇਗਾ। ਉਨ੍ਹਾਂ ਦੀ ਇਹ ਯਾਤਰਾ ਉਨ੍ਹਾਂ ਨੂੰ ਸ਼ੇਖ ਮੁਜੀਬ ਦੇ ਸੁਪਨਿਆਂ ਦਾ ਬੰਗਲਾਦੇਸ਼ ਬਣਾਉਣ ਵਿਚ ਕਾਫੀ ਮਦਦ ਕਰੇਗੀ। ਪ੍ਰਧਾਨ ਮੰਤਰੀ ਦੇ ਤੌਰ ਤੇ ਸ਼ੇਖ ਹਸੀਨਾ ਕਈ ਹੋਰ ਦੇਸ਼ਾਂ ਦਾ ਸਫਰ ਕਰਨਗੇ ਪਰ ਕੀ ਇਸ ਸਫਰ ਤੋਂ ਜ਼ਿਆਦਾ ਹਸੀਨ ਕੋਈ ਹੋਰ ਸਫਰ ਹੋਵੇਗਾ?

# ਬੀਜੇ ਅੰਬ ਧਤੂਰੇ ਜੰਮੇਂ, ਸ਼ੇਰਾਂ ਘਰੀਂ ਕਤੂਰੇ ਜੰਮੇ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਬਨਸਪਤੀ ਦੇ ਇਤਿਹਾਸ ਵਿਚ ਐਸਾ ਅੱਜ ਤੱਕ ਨਹੀਂ ਹੋਇਆ ਸੁਣਿਆ ਕਿ ਅੰਗੂਰਾਂ ਦੀ ਵੇਲ ਨੂੰ ਨਮੋਲੀਆਂ ਲੱਗੀਆਂ ਹੋਣ ਜਾਂ ਸੰਤਰਿਆਂ ਦੇ ਬੂਟਿਆਂ ਨੂੰ ਕੌੜ-ਤੁੰਮੇ ਲੱਗ ਗਏ ਹੋਣ। ਨਿਕਟ ਭਵਿੱਖ ਵਿਚ ਅਜਿਹਾ ਸ਼ਾਇਦ ਕਦੇ ਵੀ ਨਾ ਹੋਵੇ। ਇਸੇ ਤਰ੍ਹਾਂ ਮੱਝ ਦੀ ਔਲਾਦ ਕੱਟੇ-ਕੱਟੀਆਂ ਅਤੇ ਗਊ ਦੇ ਜਾਏ ਵੱਛੇ-ਵੱਛੀਆਂ ਹੀ ਹੋਣਗੇ। ਗਾਂਵਾਂ-ਮੱਝਾਂ ਦੇ ਪੇਟੋਂ ਕਦੇ ਖੋਤੇ ਜਾਂ ਸੂਰ ਪੈਦਾ ਨਹੀਂ ਹੋ ਸਕਦੇ। ਕੁਦਰਤ ਦਾ ਇਹ ਅਟੱਲ ਨਿਯਮ ਆਦਿ ਕਾਲ ਤੋਂ ਹੀ ਚਲਿਆ ਆ ਰਿਹਾ ਹੈ। ਧਰਤੀ 'ਤੇ ਮੌਜੂਦ ਸਮੂਹ ਜੂਨੀਆਂ ਦੀ ਸਰਦਾਰ ਮੰਨੀ ਜਾਂਦੀ ਮਨੁੱਖ ਜੂਨੀ ਵਿਚ ਵੀ ਭਾਵੇਂ ਐਸੀ ਜੱਗੋਂ ਤੇਰ੍ਹਵੀਂ ਕਦੇ ਨਹੀਂ ਹੋਈ ਪ੍ਰੰਤੂ ਮਨੁੱਖੀ ਇਤਿਹਾਸ ਦਾ ਇਹ ਕੌੜਾ ਸੱਚ ਹੈ ਕਿ ਕਦੀ ਕਦੀ ਮੰਨੇ-ਪ੍ਰਮੰਨੇ ਖਾਨਦਾਨਾਂ ਜਾਂ ਮਨੁੱਖੀ ਜਨ-ਸਮੂਹਾਂ 'ਤੇ ਆਧਾਰਤ ਕਈ ਗੌਰਵਮਈ ਜਥੇਬੰਦੀਆਂ ਵਿਚ ਐਸੇ ਵਿਅਕਤੀ ਵੀ ਪੈਦਾ ਹੋਏ, ਜਿਨ੍ਹਾਂ ਆਪਣੇ ਪੁਰਖਾਂ ਦੇ ਪੂਰਨਿਆਂ ਤੋਂ ਇਕ ਦਮ ਉਲਟ ਚੱਲ ਕੇ, ਪਿਛੋਕੇ ਨੂੰ ਹੀ ਕਲੰਕਿਤ ਕਰ ਛੱਡਿਆ। ਸੋਨ-ਸੁਨਹਿਰੀ ਅਤੀਤ ਵਾਲੇ ਘਰਾਣਿਆਂ ਜਾਂ ਸੰਸਥਾਵਾਂ ਨੂੰ ਕੌਡੀਉਂ ਖੋਟੇ, ਗੀਦੀ ਰਾਹ-ਨੁਮਾਵਾਂ ਦੀ ਨੁਮਾਇੰਦਗੀ ਬਰਦਾਸ਼ਤ ਕਰਨੀ ਪਈ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਚੌਥੇ ਗੁਰੂ ਜੀ ਵਲੋਂ ਅਰੰਭੀ ਗਈ ਮੁਢਲੀ ਕਾਰ ਸੇਵਾ ਵਿਚ ਅਣਥੱਕ ਸੇਵਾ ਨਿਭਾਉਣ ਵਾਲਾ ਸਿਦਕੀ ਸਿੱਖ ਭਾਈ ਸਾਲ੍ਹੋ, ਪੰਜਵੇਂ ਪਾਤਸ਼ਾਹ ਦੇ ਸਮੇਂ ਵੀ ਇਸ ਅਲੌਕਿਕ ਅਸਥਾਨ ਦੀ ਉਸਾਰੀ ਤਨ, ਮਨ, ਧਨ ਨਾਲ ਕਰਦਾ ਰਿਹਾ। ਵੱਡੇ ਭਾਗਾਂ ਵਾਲੇ ਇਸ ਪ੍ਰੇਮੀ ਸਿੱਖ ਨੇ ਛੇਵੇਂ ਗੁਰੂ ਸਾਹਿਬ ਦੇ ਮੁਬਾਰਕ ਹੱਥਾਂ ਵਿਚ ਪ੍ਰਾਣ ਤਿਆਗੇ। ਇਸ ਦਾ ਅੰਤਿਮ-ਸੰਸਕਾਰ ਵੀ ਗੁਰੂ ਸਾਹਿਬ ਨੇ ਆਪਣੇ ਹੱਥੀਂ ਕੀਤਾ। ਤਿੰਨ ਗੁਰੂ ਸਾਹਿਬਾਨ ਦੀ ਛਤਰ ਛਾਇਆ ਹੇਠ ਗੁਰੂ ਘਰ ਦੀ ਨਿਸ਼ਕਾਮ ਸੇਵਾ ਕਮਾਉਣ ਵਾਲੇ ਇਸ ਧਰਤੀ-ਪੁਰਖ ਦੇ ਖਾਨਦਾਨ ਵਿਚ ਪੋਤਰਾ ਪੈਦਾ ਹੋਇਆ ਦੁਨੀ ਚੰਦ ਮਸੰਦ! ਜੋ ਕਿ ਦਸਮੇਸ਼ ਗੁਰੂ ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਘੇਰੇ ਸਮੇਂ ਧੋਖਾ ਦੇ ਕੇ ਘਰੇ ਆ ਵੜਿਆ ਸੀ।

ਲਗਭਗ ਪੰਜਤਾਲੀ ਹਜ਼ਾਰ ਮੁਰੱਬਾ ਮੀਲ ਇਲਾਕੇ ਵਿਚ ਕੇਸਰੀ ਝੰਡਾ ਝੁਲਾ ਕੇ ਖਾਲਸਾ ਰਾਜ ਕਾਇਮ ਕਰਨ ਵਾਲੇ ਸ਼ੇਰ-ਮਰਦ ਮਹਾਰਾਜਾ ਰਣਜੀਤ ਸਿੰਘ ਦੇ ਘਰ, ਕਹਿਣ ਨੂੰ ਤਾਂ ਸੱਤ ਪੁੱਤਰ ਜਨਮੇ, ਪਰ ਆਪਣੇ ਪਿਉ ਦੇ ਪਾਏ ਦਾ ਇਨ੍ਹਾਂ ਵਿਚੋਂ ਕੋਈ ਵੀ ਨਾ ਹੋ ਸਕਿਆ। ਮਰਾਠਾ ਸੂਰਮਾ ਸ਼ਿਵਾ ਜੀ ਮਰਹੱਟਾ, ਬਾਦਸ਼ਾਹ ਔਰੰਗਜ਼ੇਬ ਦੇ ਪ੍ਰਾਣ ਖੁਸ਼ਕ ਕਰੀ ਰੱਖਦਾ ਸੀ, ਪਰ ਉਸਦੇ ਦੋਵੇਂ ਪੁੱਤਰ ਸੰਭਾ ਜੀ ਤੇ ਸਾਹੂ ਜੀ, ਮਹਾਂ ਨਿਕੰਮੇ ਸਾਬਤ ਹੋਏ। ਅਜਿਹੀਆਂ ਹੋਰ ਮਿਸਾਲਾਂ ਦੇਣੀਆਂ ਯੋਗ ਨਹੀਂ। ਆਪਾਂ ਇਸੇ ਸੰਦਰਭ ਵਿਚ ਗੁਰਮਤਿ ਪ੍ਰਚਾਰ ਲਈ ਸਮਰਪਿਤ ਸਿਰਕੱਢ ਸੰਸਥਾ ਦਮਦਮੀ ਟਕਸਾਲ ਦੇ ਵਰਤਮਾਨ ਰੋਲ ਦਾ ਨਿਰੀਖਣ ਕਰਦੇ ਹਾਂ।

ਸ਼ਾਨਾਂਮੱਤੇ ਇਤਿਹਾਸ ਵਾਲੀ ਇਸ ਸੰਸਥਾ ਦੇ ਅਜੋਕੇ ਮੁਖੀਏ ਨੇ, ਪੰਥਕ ਵਿਧੀ-ਵਿਧਾਨ ਦੁਆਰਾ ਪਾਸ ਕੀਤੇ ਹੋਏ ਅਤੇ ਸੱਤਾਂ ਸਾਲਾਂ ਤੋਂ ਪੂਰੀ ਕੌਮ ਵਲੋਂ ਪ੍ਰਵਾਨੇ ਗਏ ਨਾਨਕਸ਼ਾਹੀ ਕੈਲੰਡਰ ਦਾ ਹੁਲੀਆ ਵਿਗਾੜਨ ਲਈ ਪ੍ਰਮੁੱਖ ਰੋਲ ਨਿਭਾਇਆ ਹੈ। ਜਿਸ ਕੇਂਦਰੀ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਤੋਂ ਪ੍ਰਵਾਨਗੀ ਦੀ ਮੋਹਰ ਲੱਗ ਜਾਣ ਬਾਅਦ, ਇਹ ਕੈਲੰਡਰ ਖਾਲਸਈ ਜਾਹੋ-ਜਲਾਲ ਨਾਲ ਜਾਰੀ ਕੀਤਾ ਗਿਆ ਸੀ, ਉਸੇ ਅਕਾਲ ਤਖਤ ਸਾਹਿਬ 'ਤੇ ਸ਼ਤਰੰਜੀ ਚਾਲਾਂ ਖੇਡਦਿਆਂ, ਇਸ ਵਿਲੱਖਣ ਕੈਲੰਡਰ ਦਾ ਭੋਗ ਪਾ ਦਿੱਤਾ ਗਿਆ। ਵੱਡੇ ਸਿਤਮ ਦੀ ਗੱਲ ਹੈ ਕਿ ਸਾਰੀ ਕੌਮ ਨਾਲ ਵਿਸ਼ਵਾਸਘਾਤ ਕਮਾਉਣ ਵਰਗਾ ਇਹ ਕੁਕਰਮ ਕਰਨ ਵਾਲੇ 'ਅਕਾਲ ਤਖਤ ਸਰਬ ਉੱਚ' ਦੀ ਮੁਹਾਰਨੀ ਵੀ ਉੱਚੀ ਸੁਰ ਵਿਚ ਅਲਾਪੀ ਜਾ ਰਹੇ ਹਨ। ਹੈ ਨਾ ਗਜ਼ਬ ਦੀ ਹਾਸੋ ਹੀਣੀ ਗੱਲ-ਨਾਲੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਪ੍ਰਵਾਨਿਤ ਹੋ ਚੁੱਕੇ ਫੈਸਲੇ ਦੀ ਅਲਖ ਮੁਕਾਈ, ਨਾਲੇ ਨਾਲ ਅਕਾਲ ਤਖਤ ਦੀ ਮਹਾਨਤਾ ਦਾ ਰਾਗ! ਗੁਰ ਅਸਥਾਨਾਂ ਦੇ ਪ੍ਰਬੰਧ ਉਤੇ ਆਪਣੀ ਪਕੜ ਮਜ਼ਬੂਤ ਬਣਾਈ ਰੱਖਣ ਲਈ ਵੱਖ-ਵੱਖ ਹਰਬੇ ਵਰਤਣ ਵਾਲੇ ਸਿਆਸਤਦਾਨਾਂ ਨਾਲ ਯਾਰੀਆਂ ਨਿਭਾਉਂਦਿਆਂ ਆਪਣੀ ਹਿੰਡ ਪੁਗਾ ਲਈ। ਸਿੱਖੀ ਦੀ ਨਿਰਾਲੀ ਸ਼ਾਨ ਬਣ ਚੁੱਕੇ ਨਾਨਕਸ਼ਾਹੀ ਕੈਲੰਡਰ ਨੂੰ 'ਭਗਵੇਂ ਰੰਗ' ਬਣਾਉਣ ਲਈ ਮੋਹਰੀ ਭੂਮਿਕਾ ਅਦਾ ਕਰਨ ਵਾਲੇ ਦਮਦਮੀ ਟਕਸਾਲ ਦੇ ਵਰਤਮਾਨ ਮੁਖੀ ਦੀ ਸੇਵਾ ਵਿਚ, ਟਕਸਾਲ ਦੇ ਹੀ ਪਹਿਲੇ ਰਹਿ ਚੁੱਕੇ ਪ੍ਰਮੁੱਖ ਮਾਨਯੋਗ ਸੰਤ ਬਾਬਾ ਗੁਰਬਚਨ ਸਿੰਘ ਜੀ ਦੀ ਇਕ ਹੱਡ ਬੀਤੀ ਹਾਜ਼ਰ ਕਰਨ ਜਾ ਰਿਹਾ ਹਾਂ ਜਿਹੜੀ ਮੈਨੂੰ ਇਨ੍ਹਾਂ ਮਹਾਂਪੁਰਖਾਂ ਦੇ ਰਹਿ ਚੁੱਕੇ ਗੜਵਈ (ਨਿਜੀ ਸੇਵਕ) ਭਾਈ ਲਛਮਣ ਸਿੰਘ ਮਾਜਰਾ ਜੱਟਾਂ (ਜ਼ਿਲ੍ਹਾ ਨਵਾਂ ਸ਼ਹਿਰ) ਨੇ ਸੁਣਾਈ ਸੀ। ਇਸ ਨੂੰ ਪੜ੍ਹ ਕੇ ਪਾਠਕ ਆਪੇ ਅੰਦਾਜ਼ਾ ਲਗਾ ਲੈਣ ਕਿ ਟਕਸਾਲ ਦਾ ਅਜੋਕਾ ਮੁਖੀਆ, ਪਹਿਲੇ ਮਹਾਂਪੁਰਖਾਂ ਦੀ ਬਨਿਸਬਤ ਸ੍ਰੀ ਅਕਾਲ ਤਖਤ ਦਾ ਕਿੰਨਾ ਕੁ 'ਸਤਿਕਾਰ' ਕਰਦਾ ਹੈ।

ਰੋਪੜ ਦੇ ਗੁਰਦੁਆਰਾ ਭੱਠਾ ਸਾਹਿਬ ਵਿਖੇ ਪੰਜਾਂ ਪਿਆਰਿਆਂ ਵਿਚ ਸੇਵਾ ਨਿਭਾਉਣ ਆਏ ਭਾਈ ਲਛਮਣ ਸਿੰਘ ਮਾਜਰਾ ਜੱਟਾਂ ਨੇ ਇਹ ਵਾਰਤਾ ਕਈ ਸਿੰਘਾਂ ਸਾਹਮਣੇ ਸੁਣਾਈ ਸੀ। ਕਹਿੰਦੇ ਨੇ ਇਕ ਦਫਾ ਸੰਤ ਗੁਰਬਚਨ ਸਿੰਘ ਜੀ ਆਪਣੇ ਜਥੇ ਸਮੇਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਵਾਸਤੇ ਆਏ ਹੋਏ ਸਨ। ਪਰਿਕਰਮਾ ਕਰਦਿਆਂ ਜਦੋਂ ਇਹ ਜਥਾ ਸ੍ਰੀ ਅਕਾਲ ਤਖਤ ਸਾਹਿਬ ਸਾਹਮਣੇ ਆਇਆ ਤਾਂ ਸੰਤਾਂ ਦੇ ਇਕ ਪ੍ਰੇਮੀ ਸ੍ਰੀ ਆਤਮਾ ਰਾਮ ਨੇ ਸ਼ਰਧਾ ਭਾਵਨਾ ਨਾਲ ਇੱਛਾ ਜਤਾਈ ਕਿ ਮਹਾਂਪੁਰਖੋ, ਮੇਰੀ ਰੀਝ ਹੈ ਕਿ ਮੈਂ ਸ੍ਰੀ ਅਕਾਲ ਤਖਤ ਸਾਹਿਬ ਦੇ ਮੀਰੀ-ਪੀਰੀ ਦੇ ਝੰਡੇ ਬੁੰਗਿਆਂ ਦੀ ਸੇਵਾ ਕਰਵਾਵਾਂ! ਸੰਤ ਜੀ ਨੇ ਫੁਰਮਾਇਆ ਕਿ ਭਾਈ ਆਤਮਾ ਰਾਮ ਜੀ, ਪੰਥ ਦੇ ਵਿਧਾਨ ਮੁਤਾਬਿਕ ਇਸ ਅਸਥਾਨ 'ਤੇ ਗੈਰ ਅੰਮ੍ਰਿਤਧਾਰੀ ਦੀ ਅਰਦਾਸ ਵੀ ਨਹੀਂ ਹੁੰਦੀ। ਤੂੰ ਤਾਂ ਹਿੰਦੂ ਪਰਿਵਾਰ ਵਿਚੋਂ ਹੈਂ। ਬਾਬਾ ਜੀ ਨੇ ਸਹਿਜ ਸੁਭਾਅ ਇਹ ਵੀ ਕਹਿ ਦਿੱਤਾ ਕਿ ਭਾਈ ਜੇ ਤੇਰੇ ਦਿਲ ਦੀ ਤਮੰਨਾ ਪੱਕੀ ਹੈ, ਫਿਰ ਤੂੰ ਪੂਰੀ ਕਰਨ ਲਈ ਅੰਮ੍ਰਿਤ ਛਕ ਕੇ ਸਿੰਘ ਕਿਉਂ ਨਹੀਂ ਸਜ ਜਾਂਦਾ? ਭਾਈ ਆਤਮਾ ਰਾਮ ਅੱਗਿਉਂ ਆਖਣ ਲੱਗਾ ਕਿ ਬਾਬਾ ਜੀਉ ਅੰਮ੍ਰਿਤ ਛਕਣ ਲਈ ਮੈਂ ਤਿਆਰ ਹਾਂ, ਪਰ ਜੇ ਆਪ ਜੀ ਮੇਰੀ ਇਕ ਹੋਰ ਮੰਗ ਪੂਰੀ ਕਰੋ। ਸੰਤਾਂ ਵਲੋਂ ਪੁੱਛਣ 'ਤੇ ਉਸ ਨੇ ਆਖਿਆ ਕਿ ਬਾਬਾ ਜੀ ਅਗਰ ਆਪ ਅੰਮ੍ਰਿਤ ਸੰਚਾਰ ਕਰਨ ਵਾਲੇ ਪੰਜਾਂ ਪਿਆਰਿਆਂ ਵਿਚ ਖੁਦ ਸ਼ਾਮਲ ਹੋਵੋ, ਤਾਂ ਮੈਂ ਹੁਣੇ, ਐਥੇ ਹੀ ਅੰਮ੍ਰਿਤਪਾਨ ਕਰ ਲਵਾਂਗਾ। ਇਹ ਗੱਲ ਸੁਣ ਕੇ ਸੰਤ ਬਾਬਾ ਜੀ ਕੁਝ ਪਲ ਬੜੇ ਗੰਭੀਰ ਹੋ ਗਏ।

ਭਾਈ ਲਛਮਣ ਸਿੰਘ ਦੇ ਦੱਸਣ ਅਨੁਸਾਰ ਰੱਬ ਹੀ ਜਾਣੇ, ਸੰਤਾਂ ਦੀ ਇਹ ਕੀ ਮੌਜ ਸੀ ਕਿ ਉਹ ਕਦੇ ਅੰਮ੍ਰਿਤ ਸੰਚਾਰ ਕਰਨ ਵਾਲੇ ਪੰਜਾਂ ਸਿੰਘਾਂ ਵਿਚ ਸ਼ਾਮਲ ਨਹੀਂ ਸਨ ਹੁੰਦੇ। ਭਾਈ ਆਤਮਾ ਰਾਮ ਜਥੇ ਦਾ ਪ੍ਰੇਮੀ ਹੋਣ ਕਰਕੇ ਇਸ ਗੱਲ ਤੋਂ ਜਾਣੂ ਸੀ। ਸੰਤਾਂ ਨਾਲ ਦਿਲੀ ਪ੍ਰੀਤ ਕਾਰਨ ਉਸ ਨੇ ਇਹ ਮੰਗ ਰੱਖੀ ਸੀ। ਮਹਾਂਪੁਰਖਾਂ ਨੇ ਵਿਚਾਰਿਆ ਹੋਵੇਗਾ ਕਿ ਜੇ ਮੇਰੇ ਕਾਰਨ ਇੱਕ ਜਗਿਆਸੂ, ਅੰਮ੍ਰਿਤ ਜੈਸੀ ਅਨਮੋਲ ਵਸਤੂ ਤੋਂ ਵਾਂਝਿਆ ਰਹੇ ਤਾਂ ਬੜੀ ਮਾੜੀ ਗੱਲ ਹੋਵੇਗੀ! ਸੋ ਕੁਝ ਚਿਰ ਖਾਮੋਸ਼ ਰਹਿਣ ਬਾਅਦ ਉਹ ਆਤਮਾ ਰਾਮ ਨੂੰ ਮੁਖਾਤਿਬ ਹੋ ਕੇ ਕਹਿੰਦੇ- "ਭਾਈ ਆਤਮਾ ਰਾਮ, ਮੈਂ ਇਸ ਸੇਵਾ ਵਿਚ ਹਾਜ਼ਰ ਹੋਣ ਲਈ ਤਿਆਰ ਹਾਂ, ਤੂੰ ਆਪਣਾ ਮਨ ਪੱਕਾ ਬਣਾ ਲੈ!" ਇਹ ਸੁਣ ਕੇ ਭਾਈ ਆਤਮਾ ਰਾਮ ਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਉਸ ਵੇਲੇ ਸੰਤ ਜੀ ਆਪਣੇ ਜਥੇ ਸਮੇਤ ਸ੍ਰੀ ਅਕਾਲ ਤਖਤ ਸਾਹਿਬ 'ਤੇ ਜਾ ਪਹੁੰਚੇ।

ਉਨ੍ਹਾਂ ਦਿਨਾਂ ਵਿਚ ਸ੍ਰੀ ਅਕਾਲ ਤਖਤ ਸਾਹਿਬ 'ਤੇ ਅੰਮ੍ਰਿਤ ਸੰਚਾਰ ਮੌਕੇ ਪੜ੍ਹੀ ਜਾਂਦੀ ਅਨੰਦ ਸਾਹਿਬ ਦੀ ਬਾਣੀ ਦੀਆਂ ਸਿਰਫ ਛੇ ਪਉੜੀਆਂ ਹੀ ਪੜ੍ਹੀਆਂ ਜਾਂਦੀਆਂ ਸਨ, ਅਤੇ ਅੰਮ੍ਰਿਤ-ਅਭਿਲਾਖੀਆਂ ਨੂੰ 'ਝਟਕਾ ਮਾਸ' ਛਕ ਲੈਣ ਦੀ ਖੁੱਲ੍ਹ ਵੀ ਦਿੱਤੀ ਜਾਂਦੀ ਸੀ ਜਦਕਿ ਦਮਦਮੀ ਟਕਸਾਲ ਵਿਚ ਅੰਮ੍ਰਿਤ-ਸੰਚਾਰ ਮੌਕੇ ਪੂਰਾ ਆਨੰਦ ਸਾਹਿਬ ਪੜ੍ਹਿਆ ਜਾਂਦਾ ਸੀ ਅਤੇ ਮਾਸਾਹਾਰੀ ਖੁਰਾਕ 'ਤੇ ਪੂਰੀ ਪਾਬੰਦੀ ਲਗਾਈ ਜਾਂਦੀ ਸੀ। ਲੇਕਿਨ ਭਾਈ ਆਤਮਾ ਰਾਮ ਨੂੰ ਅੰਮ੍ਰਿਤ ਛਕਾਉਣ ਮੌਕੇ ਸੰਤ ਬਾਬਾ ਗੁਰਬਚਨ ਸਿੰਘ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਪੰਥਕ ਮਰਯਾਦਾ ਨੂੰ ਅਪਨਾਉਂਦਿਆਂ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ। ਅਜਿਹਾ ਵਰਤਾਰਾ ਦੇਖ ਕੇ ਜਥੇ ਦੇ ਕੁਝ ਸਿੰਘ ਸ਼ੰਕਾਵਾਦੀ ਹੋ ਗਏ। ਮਹਾਂਪੁਰਖਾਂ ਨੇ ਇਨ੍ਹਾਂ ਸਿੰਘਾਂ ਨੂੰ ਉਪਦੇਸ਼ ਦਿੰਦੇ ਹੋਏ ਸਮਝਾਇਆ ਕਿ ਭਾਈ, ਸ੍ਰੀ ਅਕਾਲ ਤਖਤ ਸਾਹਿਬ ਸਮੁੱਚੇ ਪੰਥ ਦਾ ਕੇਂਦਰੀ ਅਸਥਾਨ ਹੈ। ਦਮਦਮੀ ਟਕਸਾਲ ਹੋਰ ਪੰਥਕ ਸ਼ਾਖਾਵਾਂ ਵਾਂਗਰ ਪੰਥ ਖਾਲਸੇ ਦਾ ਇੱਕ ਹਿੱਸਾ ਮਾਤਰ ਹੈ। ਕਿਸੇ ਇਕ ਸ਼ਾਖਾ ਨੂੰ ਇਹ ਹੱਕ ਨਹੀਂ ਕਿ ਉਹ ਇਸ ਅਸਥਾਨ 'ਤੇ ਸੇਵਾ ਨਿਭਾਉਂਦਿਆਂ ਹੋਇਆਂ, ਪੰਥਕ ਮਰਯਾਦਾ ਦੀ ਅਣਦੇਖੀ ਕਰੇ।

ਇੰਜ ਇਥੇ ਹਿੰਦੂ ਪਰਿਵਾਰ ਨਾਲ ਸਬੰਧਿਤ ਆਤਮਾ ਰਾਮ ਅੰਮ੍ਰਿਤਪਾਨ ਕਰਕੇ 'ਭਾਈ ਆਤਮਾ ਰਾਮ ਸਿੰਘ' ਬਣ ਗਿਆ। ਅੱਜ ਵੀ ਦੇਖਿਆ ਜਾ ਸਕਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਅੱਗੇ, ਪੰਥ ਦੀ ਪ੍ਰਭੁਸੱਤਾ ਦਾ ਪ੍ਰਤੀਕ ਬਣ ਕੇ ਝੂਲ ਰਹੇ ਮੀਰੀ-ਪੀਰੀ ਦੇ ਦੋ ਨਿਸ਼ਾਨ ਸਾਹਿਬ ਜਿਨ੍ਹਾਂ ਦੇ ਥੜ੍ਹਿਆਂ ਉੱਪਰ ਉੱਕਰੀ ਹੋਈ ਇਬਾਰਤ ਵਿਚ ਲਿਖਿਆ ਹੋਇਆ ਹੈ- 'ਸੇਵਾ ਕਰਵਾਈ ਭਾਈ ਆਤਮਾ ਰਾਮ ਸਿੰਘ ਨੇ।'

ਇਸ ਮੌਕੇ ਦੇ ਚਸ਼ਮਦੀਦ ਗਵਾਹ ਭਾਈ ਲਛਮਣ ਸਿੰਘ ਉਨ੍ਹਾਂ ਵੇਲਿਆਂ ਦੀਆਂ, ਸੰਤਾਂ ਨਾਲ ਸਬੰਧਿਤ ਬਹੁਤ ਸਾਰੀਆਂ ਦਿਲਚਸਪ ਗੱਲਾਂ ਸੁਣਾਇਆ ਕਰਦੇ ਸਨ। ਇਨ੍ਹਾਂ ਵਿਚੋਂ ਇਕ, ਇਸ ਲਿਖਤ ਦੇ ਵਿਸ਼ੇ ਨਾਲ ਵਾ-ਬਾਸਤਾ ਹੋਣ ਕਰਕੇ ਇਥੇ ਲਿਖ ਰਿਹਾ ਹਾਂ। ਜਦੋਂ ਅੰਗਰੇਜ਼ ਹਕੂਮਤ ਨੇ, ਸਿੱਖਾਂ ਨਾਲ ਹਮਦਰਦੀ ਰੱਖਣ ਦੇ 'ਗੁਨਾਹ' ਹੇਠ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਨੂੰ ਧਿੰਗੋਜੋਰੀ ਗੱਦੀਉਂ ਉਤਾਰ ਦਿੱਤਾ ਤਾਂ ਪੰਥ ਨੇ ਇਸ ਸਰੀਹਨ ਧੱਕੇਸ਼ਾਹੀ ਵਿਰੁਧ ਰੋਸ ਵਜੋਂ ਕਾਲੇ ਰੰਗ ਦੀਆਂ ਦਸਤਾਰਾਂ ਸਜਾਉਣ ਦਾ ਫੈਸਲਾ ਕੀਤਾ। ਸ੍ਰੀ ਅਕਾਲ ਤਖਤ 'ਤੇ ਹੋਏ ਫੈਸਲੇ ਨੂੰ ਸਵੀਕਾਰਦਿਆਂ ਹੋਇਆਂ ਟਕਸਾਲ ਦੇ ਮਹਾਂਪੁਰਖਾਂ ਨੇ ਕੇਵਲ ਖੁਦ ਹੀ ਕਾਲੀ ਦਸਤਾਰ ਨਹੀਂ ਸਜਾਈ, ਸਗੋਂ ਨਾਨਕਸਰ ਪਹੁੰਚ ਕੇ ਉਥੋਂ ਦੇ ਸੰਤਾਂ ਨੂੰ ਵੀ ਕਾਲੀ ਦਸਤਾਰ ਸਜਾਉਣ ਲਈ ਪ੍ਰੇਰਿਆ ਸੀ।

ਇਨ੍ਹਾਂ ਪੁਰਾਤਨ ਗਵਾਹੀਆਂ ਨੂੰ ਅਜੋਕੇ ਪ੍ਰਸੰਗ ਵਿਚ ਵਿਚਾਰ ਕੇ ਦੇਖੀਏ ਤਾਂ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ ਸੰਤਾਂ ਨੇ ਅਜਿਹਾ ਨਹੀਂ ਕੀਤਾ ਕਿ ਪੰਜ ਸੱਤ ਸੰਤ ਬਾਬੇ ਇਕੱਠੇ ਕਰੋ ਤੇ ਕਰ ਦਿਉ ਅਕਾਲ ਤਖਤ ਪ੍ਰਵਾਨ ਹੋਈ ਮਰਯਾਦਾ ਨੂੰ ਚੈਲੰਜ! ਜਿਵੇਂ ਹੁਣ ਹੋਇਐ। ਘਾਲਣਾ ਘਾਲ ਕੇ ਤਿਆਰ ਕੀਤੇ ਗਏ ਅਤੇ ਸਭ ਥਾਈਂ ਪ੍ਰਵਾਣਿਤ ਹੋ ਚੁੱਕੇ ਨਾਨਕਸ਼ਾਹੀ ਕੈਲੰਡਰ ਨੂੰ ਚਾੜ੍ਹ ਦਿੱਤਾ ਭਗਵਾਂ ਰੰਗ!! ਅਖ਼ਬਾਰਾਂ ਵਿਚ ਇਸ਼ਤਿਹਾਰ ਛਪਵਾਏ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕਰਨ ਲਈ!!! ਅਸਲ ਵਿਚ ਨਾ ਹੀ ਉਹ ਅਕਾਲੀ ਰਹੇ ਅਤੇ ਨਾ ਹੀ ਉਹੋ ਜਿਹੇ ਸੰਤ ਬਾਬੇ। ਅੱਜ ਦੇ 'ਕਾਲੀਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੀ ਉਹੋ ਜਿਹੇ ਨਹੀਂ ਰਹਿਣ ਦਿੱਤੇ। ਦੇਖਿਆ ਜਾਵੇ ਤਾਂ 'ਇਸ ਘਰ ਕੋ ਆਗ ਲਗ ਗਈ ਘਰ ਕੇ ਚਿਰਾਗ ਸੇ' ਵਾਲੇ ਹਾਲਾਤ ਬਣਾ ਛੱਡੇ ਨੇ ਸਾਰਿਆਂ ਨੇ ਰਲ ਮਿਲ ਕੇ।

ਇਸ ਲੇਖ ਦਾ ਅਰੰਭ ਇਸ ਨੁਕਤੇ ਨਾਲ ਕੀਤਾ ਗਿਆ ਸੀ ਕਿ ਜਿਸ ਫਲ ਦਾ ਬੀਜ ਬੀਜਿਆ ਜਾਵੇ, ਸਮਾਂ ਪਾ ਕੇ ਉੱਗੇ ਹੋਏ ਬੂਟੇ ਨੂੰ ਉਸ ਜਾਤੀ ਦੇ ਫਲ ਲੱਗਦੇ ਹਨ, ਕੋਈ ਹੋਰ ਦੂਸਰੇ ਨਹੀਂ ਲੱਗ ਸਕਦੇ। ਪ੍ਰੰਤੂ ਕਵੀ ਜਨ ਨੇ ਕਾਵਿ-ਰਚਨਾ ਵਿਚ ਨਾ ਮੰਨਣਯੋਗ ਗੱਲਾਂ ਨੂੰ ਬਿਆਨ ਕਰਨ ਲਈ 'ਅਤਿ-ਕਥਨੀ ਅਲੰਕਾਰ' ਘੜਿਆ ਹੋਇਆ ਹੈ। ਇਸ ਦੀ ਵਰਤੋਂ ਕਰਦਿਆਂ ਕਵੀ-ਲੋਕ, ਕਦੀ ਕਦੀ ਅਤਿ ਕੌੜੀਆਂ ਸੱਚਾਈਆਂ ਨੂੰ ਐਸੀਆਂ ਸਤਰਾਂ ਰਾਹੀਂ ਬਿਆਨ ਕਰ ਦਿੰਦੇ ਹਨ-ਬੀਜੇ ਅੰਬ ਧਤੂਰੇ ਜੰਮੇਂ। ਸ਼ੇਰਾਂ ਘਰੀਂ ਕਤੂਰੇ ਜੰਮੇ।

# ਤੂੰ ਵੀ ਧਰਤੀਏ ਬਹੁਤਾ ਭਾਰ ਨਾ ਪਾਈਂ

ਹਰਪਾਲ ਸਿੰਘ ਪੰਨੂੰ

ਬਿਮਾਰੀ, ਚਿੰਤਾ, ਦੁੱਖ ਆਦਿਕ ਸਭ ਮੌਤ ਦੇ ਛੋਟੇ ਵੱਡੇ ਭਰਾ ਭੈਣ ਹਨ। ਚੈਲ ਨਿਵਾਸੀ ਭਾਈ ਲਕਸ਼ਵੀਰ ਸਿੰਘ ਸਹਿਜ ਸੁਭਾਇ ਕਹਿ ਦਿੰਦੇ- "ਹਰੇਕ ਘਟਨਾ ਵੱਖ-ਵੱਖ ਤਰ੍ਹਾਂ ਅਸਰਅੰਦਾਜ਼ ਹੁੰਦੀ ਹੈ। ਜੋ ਗੱਲ ਮੈਨੂੰ ਮਾਮੂਲੀ ਲੱਗੀ, ਕਿਸੇ ਵਾਸਤੇ ਅਹਿਮ ਹੋ ਗਈ। ਬਿਮਾਰ, ਬੁੱਢਾ ਜਾਂ ਲਾਸ਼ ਕਿਸ ਨੇ ਨਹੀਂ ਦੇਖੀ? ਸਾਡੇ ਉਪਰ ਵਧੀਕ ਅਸਰ ਨਹੀਂ ਹੁੰਦਾ ਪਰ ਕਪਿਲਵਸਤੂ ਦੇ ਸ਼ਹਿਜ਼ਾਦੇ ਸਿਧਾਰਥ ਉਪਰ ਏਨਾ ਅਸਰ ਕਿ ਉਹ ਮਹਿਲ ਛੱਡ ਕੇ ਬਨਵਾਸੀ ਹੋ ਗਿਆ।"

ਜੀਵ ਵਿਗਿਆਨ ਦੇ ਅਧਿਆਪਕ ਨੇ ਮੈਨੂੰ ਦੱਸਿਆ ਸੀ ਕਿ ਭਰਿੰਡ ਅਤੇ ਮਖਿਆਲ ਦੀ ਮੱਖੀ ਦੇ ਡੰਗ ਵਿਚਲੇ ਜ਼ਹਿਰ ਦੀ ਰਸਾਇਣਕ ਬਣਤਰ ਖਤਰਨਾਕ ਕੋਬਰੇ ਦੀ ਜ਼ਹਿਰ ਵਰਗੀ ਹੈ ਬਿਲਕੁਲ। ਬਸ ਮੱਖੀ ਦੇ ਡੰਗ ਵਿਚਲੇ ਜ਼ਹਿਰ ਦੀ ਮਾਤਰਾ ਘੱਟ ਹੁੰਦੀ ਹੈ ਹੋਰ ਫਰਕ ਨਹੀਂ ਕੋਈ। ਬਿਮਾਰੀ ਅਤੇ ਚਿੰਤਾ ਨਿੱਕੀਆਂ-ਨਿੱਕੀਆਂ ਮੌਤਾਂ ਈ ਹੁੰਦੀਆਂ ਨੇ। ਆਦਮੀ ਦਾ ਵਾਹ ਕਦਮ-ਕਦਮ ਉੱਪਰ ਮੌਤ ਨਾਲ ਪਵੇਗਾ-ਇਹੋ ਜੀਵਨ ਦੀ ਹੋਣੀ ਹੈ। ਜੋਗਿੰਦਰਪਾਲ, ਸਤਿਕਾਰਤ ਉਰਦੂ ਗਲਪਕਾਰ ਆਖਦਾ ਹੈ" ਮੈਂ ਬਚਪਨ ਵਿਚ ਹੀ ਵੱਡੀ ਉਮਰ ਦਾ ਬੰਦਾ ਬਣ ਗਿਆ ਸੀ। ਦਿਨਾਂ, ਮਹੀਨਿਆਂ ਤੇ ਸਾਲਾਂ ਦੀ ਗਿਣਤੀ ਨਾਲ ਬੱਚਾ ਵੱਡਾ ਨੀਂ ਹੁੰਦਾ। ਹਾਦਸਾ ਦਰ ਹਾਦਸਾ ਆਦਮੀ ਨੂੰ ਵੱਡਾ ਕਰਦਾ ਹੈ। ਜਿੰਨੀ ਵੱਡੀ ਸੱਟ, ਉਨੇ ਸਾਲ ਆਦਮੀ ਹੋਰ ਅੱਗੇ ਲੰਘ ਜਾਂਦੇ ਪਲ ਭਰ ਵਿਚ।

ਮੈਕਸੀਕਨ ਚਿੱਤਰਕਾਰ ਕੁੜੀ ਫਰੀਦਾ ਕਾਹਲੋ (1907-54 ਈ.) ਦੀ ਲੱਤ ਗੈਂਗਰੀਨ ਕਾਰਨ ਕੱਟਣੀ ਪੈ ਗਈ। ਖ਼ਬਰਸਾਰ ਲੈਣ ਗਏ ਪ੍ਰਿੰਸ ਨੂੰ ਉਦਾਸ ਦੇਖ ਕੇ ਹੱਸ ਪਈ, ਕਿਹਾ, "ਰੱਬ ਨੇ ਜਿਸ ਨੂੰ ਖੰਭ ਦੇ ਦਿੱਤੇ, ਉਸ ਨੂੰ ਲੱਤਾਂ ਦਾ ਫਿਕਰ ਕਰਨ ਦੀ ਕੀ ਲੋੜ? ਉਡ ਸਕਣ ਵਾਲੇ ਦਾ ਤੁਰਨ ਬਗੈਰ ਸਰ ਜਾਏਗਾ।"

ਸੰਤ ਜੇਰੋਮ (342-420 ਈ.) ਰੋਮਨ ਚਰਚ ਦਾ ਸਾਧੂ ਸੀ ਜਿਸਨੇ ਪਵਿੱਤਰ ਬਾਈਬਲ ਪਹਿਲੀ ਵਾਰ ਲਾਤੀਨੀ ਭਾਸ਼ਾ ਵਿਚ ਅਨੁਵਾਦ ਕੀਤੀ, ਨੇ ਲਿਖਿਆ, "ਅਸੀਂ ਹਰ ਰੋਜ਼ ਬਦਲਦੇ ਹਾਂ, ਯਾਨਿ ਕਿ ਹਰ ਰੋਜ਼ ਮਰਦੇ ਹਾਂ, ਤਾਂ ਵੀ ਸਾਡਾ ਯਕੀਨ ਹੈ, ਅਸੀਂ ਅਮਰ ਹਾਂ, ਅਬਿਨਾਸ਼ੀ ਹਾਂ।"

ਡਬਲਿਊ. ਆਰ. ਇੰਜੀ (1860-1954) ਦਾ ਕਥਨ ਹੈ-ਜਦੋਂ ਕੋਈ ਆਖਦਾ ਹੈ-ਮੈਨੂੰ ਰੱਬ ਨੇ ਆਪਣੇ ਵੱਲ ਬੁਲਾ ਲਿਆ ਜਾਂ-ਮੈਨੂੰ ਕੁਦਰਤ ਨੇ ਆਪਣੇ ਵੱਲ ਖਿੱਚ ਲਿਆ ਤਾਂ ਵਾਸਤਵ ਵਿਚ ਬੰਦਿਆਂ ਵਲੋਂ ਧੱਕਿਆ ਗਿਆ ਆਦਮੀ ਹੁੰਦਾ ਹੈ ਉਹ, ਜੋ ਧੱਕੇ ਜਾਣ ਦੀ ਗੱਲ ਛੁਪਾ ਕੇ ਖਿੱਚੇ ਜਾਣ ਦੀ ਕਹਾਣੀ ਵਧੀਕ ਵਾਰ ਸੁਣਾਉਂਦਾ ਹੈ।

ਸ਼ਾਇਰ ਸਤਨਾਮ ਸਿੰਘ ਖੁਮਾਰ ਬਿਮਾਰ ਹੋ ਗਿਆ। ਰਾਜਿੰਦਰਾ ਹਸਪਤਾਲ ਵਿਚ ਮੈਂ ਉਸ ਦੀ ਖ਼ਬਰਸਾਰ ਲੈਣ ਅਕਸਰ ਜਾਂਦਾ-ਆਉਂਦਾ ਰਹਿੰਦਾ। ਇਕ ਦਿਨ ਉਸ ਨੇ ਵਾਰਡ ਦੇ ਐਨ ਪਰਲੇ ਸਿਰੇ ਵਾਲੇ ਮਰੀਜ਼ ਦੇ ਬਿਸਤਰੇ ਵਲ ਇਸ਼ਾਰਾ ਕਰਕੇ ਦੱਸਿਆ-ਅਹੁ ਬਜ਼ੁਰਗ ਜੋ ਆਪਣੇ ਜੁਆਨ ਮੁੰਡੇ ਦੀ ਤੀਮਾਰਦਾਰੀ ਵਾਸਤੇ ਬੈਠਾ ਹੈ ਕੱਲ੍ਹ ਮੇਰੇ ਕੋਲ ਆਇਆ। ਪੁੱਛਿਆ-ਤੂੰ ਸਤਨਾਮ ਈ ਐਂ ਨਾ? ਮੈਂ ਕਿਹਾ-ਹਾਂ। ਫਿਰ ਬੋਲਿਆ-ਤੂੰ ਸਾਡੇ ਪਿੰਡਾਂ ਵਲ ਦਾ ਈ ਐਂ। ਮੈਂ ਮਾੜਾ-ਮੋਟਾ ਤੇਰਾ ਮੁਹਾਂਦਰਾ ਪਛਾਣ ਲਿਆ, ਫਿਰ ਨਰਸ ਨੂੰ ਕਿਹਾ ਕਿ ਪੜ੍ਹ ਕੇ ਦੱਸ ਇਹ ਸਤਨਾਮ ਈ ਐ? ਉਹ ਤੇਰੇ ਕਾਗਜ਼ ਪੜ੍ਹ ਕੇ ਆਈ ਤੇ ਕਿਹਾ, ਹਾਂ ਸਤਨਾਮ ਸਿੰਘ ਈ ਏ ਉਹਦਾ ਨਾਮ। ਮੈਂ ਪੁੱਛਿਆ-ਇਹ ਕੰਮ ਕੀ ਕਰਦਾ ਏ? ਨਰਸ ਨੇ ਦੱਸਿਆ-ਇਹ ਬੜਾ ਵੱਡਾ ਪ੍ਰੋਫੈਸਰ ਏ ਯੂਨੀਵਰਸਿਟੀ ਵਿਚ। ਬੜਾ ਨਾਮ ਏ ਇਸ ਦਾ। ਇਹ ਗੱਲ ਸੁਣ ਕੇ ਮੈਂ ਸੋਚਿਆ ਤੇਰਾ ਪਤਾ ਲੈ ਈ ਆਵਾਂ। ਕਦੀ ਕੰਮ ਈ ਪੈ ਜਾਂਦੇ ਬੰਦੇ ਨੂੰ।

ਖੁਮਾਰ ਨੇ ਪੁੱਛਿਆ-ਤੇਰਾ ਮੁੰਡਾ ਕਿਵੇਂ ਐ ਹੁਣ ਚਾਚਾ? ਉਸਨੇ ਕਿਹਾ-ਠੀਕ ਏ ਹੁਣ। ਛੇ ਛੇ ਸੇਅ ਖਾ ਜਾਂਦੈ। ਦੁਆ ਨਾ ਛੁੱਟੀ ਹੁਣ। ਤੂੰ ਈਂ ਆਖ ਦੇ ਡਾਕਟਰ ਨੂੰ? ਆਹ ਹੁਣੇ ਅੱਧੀ ਦਰਜਨ ਸੇਅ ਖਾ ਕੇ ਹਟਿਐ। ਤੇਰੇ ਆਖਿਆਂ ਛੁੱਟੀ ਦੇ ਦੇਣਗੇ। ਰਾਜ਼ੀ ਹੋ ਕੇ ਤਬਾਹੀ ਮਚਾਣ ਲੱਗਾ ਏ।

ਜਿਹੜਾ ਕਿਸੇ ਦੀ ਖ਼ਬਰ ਲੈਣ ਜਾਏ, ਉਹ ਬਿਮਾਰੀ ਦੇ ਲੱਛਣ ਪੁੱਛ ਕੇ ਇਲਾਜ ਵੀ ਦੱਸੇਗਾ ਤੇ ਬਿਮਾਰੀ ਦੇ ਖ਼ਤਰੇ ਤੋਂ ਵਾਕਫ ਵੀ ਕਰਾਏਗਾ। ਇਤਿਹਾਸ ਦਾ ਪ੍ਰੋਫੈਸਰ ਮੇਰੀ ਖ਼ਬਰ ਲੈਣ ਆ ਗਿਆ। ਤਕਲੀਫ ਬਾਬਤ ਪੁੱਛਿਆ। ਮੇਰੇ ਦੱਸਣ ਪਿਛੋਂ ਕਹਿਣ ਲੱਗਾ-ਬਹੁਤ ਧਿਆਨ ਨਾਲ ਚੱਲਣਾ ਪਵੇਗਾ।

ਖਤਰੈ। ਦੀਵਾਨ ਮੁਹਕਮ ਚੰਦ ਇਸੇ ਬਿਮਾਰੀ ਨਾਲ ਮਰਿਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸ਼ਾਹੀ ਹਕੀਮ ਹੱਥ ਮਲਦੇ ਰਹਿ ਗਏ ਸਨ ਭਾਈ ਸਾਹਿਬ। ਧਰਵਾਸ ਦੇ ਇਹ ਲਫਜ਼ ਦੇ ਕੇ ਇਤਿਹਾਸਕਾਰ ਰਵਾਨਾ ਹੋ ਗਿਆ।

ਜਗਦੇਵ ਸਿੰਘ ਜੱਸੋਵਾਲ ਦਾ ਆਪ੍ਰੇਸ਼ਨ ਹੋਇਆ। ਛੁੱਟੀ ਲੈ ਕੇ ਘਰ ਆ ਗਏ। ਉਨ੍ਹਾਂ ਦੇ ਮੁਰੀਦਾਂ ਦੀ ਕਿਹੜੀ ਕੋਈ ਗਿਣਤੀ ਹੈ? ਜੱਜ ਦੇ ਅਰਦਲੀ ਤੋਂ ਲੈ ਕੇ ਮੰਤਰੀਆਂ ਤੱਕ ਉਸਦੀ ਰਸਾਈ ਹੈ। ਖ਼ਬਰਸਾਰ ਲੈਣ ਆਉਣ ਵਾਲਿਆਂ ਖੈਰਖਾਹਾਂ ਦੀ ਸਹੂਲਤ ਵਾਸਤੇ ਉਸ ਨੇ ਆਪਣੇ ਬਿਸਤਰੇ ਦੇ ਐਨ ਉਪਰ ਗੁਰਮੁਖੀ ਅੱਖਰਾਂ ਵਿਚ ਤਖ਼ਤੀ ਲਟਕਾ ਦਿੱਤੀ ਜਿਸ ਉਪਰ ਲਿਖਿਆ-"ਪੀ. ਜੀ. ਆਈ. ਤੋਂ ਲੈ ਕੇ ਟੂਣੇ ਟਾਮਣ ਤੱਕ, ਸਭ ਇਲਾਜ ਚੱਲ ਰਹੇ ਹਨ ਜੀ।"

ਬੇਬੇ ਬਿਮਾਰ ਹੋ ਗਈ। ਤਾਈਆਂ-ਚਾਚੀਆਂ ਖਬਰਸਾਰ ਦਾ ਤੰਦਾਂ ਨਾ ਟੁੱਟਣ ਦਿੰਦੀਆਂ। ਇਕ ਗਈ ਤਾਂ ਨਾਲ ਦੀ ਨਾਲ ਦੋ ਆ ਉਤਰੀਆਂ। ਦੁਖੀ ਹੋ ਗਏ। ਡਾਕਟਰ ਨੇ ਕਿਹਾ ਸੀ-ਆਰਾਮ ਕਰਨਾ ਜ਼ਰੂਰੀ ਹੈ। ਜਿਹੜੀ ਮਾਈ ਖ਼ਬਰਸਾਰ ਲੈਣ ਆਉਂਦੀ, ਉਹਨੇ ਪਹਿਲਾਂ ਸੁੱਤੀ ਪਈ ਮਾਂ ਨੂੰ ਜਗਾਉਣਾ ਹੁੰਦਾ, ਫੇਰ ਹਾਲਚਾਲ ਪੁੱਛਣਾ 'ਤੇ ਇਲਾਜ ਦੱਸਣਾ ਹੁੰਦਾ। ਬੜੀ ਮੁਸੀਬਤ। ਮੈਂ ਛੋਟੇ ਭਰਾ ਨੂੰ ਕਿਹਾ-ਇਹ ਤਾਂ ਬੜੀ ਜ਼ਿਆਦਤੀ ਐ। ਇਨ੍ਹਾਂ ਨੂੰ ਕਿਵੇਂ ਹਟਾਇਆ ਜਾਵੇ? ਭਰਾ ਬੋਲਿਆ-ਹਟਾ ਸਕਦੇ ਈ ਨ੍ਹੀਂ। ਜਦੋਂ ਜਦੋਂ ਇਹ ਮਾਈਆਂ ਬਿਮਾਰ ਹੁੰਦੀਆਂ, ਬੇਬੇ ਆਪ ਇਨ੍ਹਾਂ ਨਾਲ ਏਹੀ ਕੁਸ਼ ਕਰਦੀ ਹੁੰਦੀ। ਹੁਣ ਤਾਂ ਬਦਲਾ ਲੈਣ ਦਾ ਟੈਮ ਆਇਐ। ਇਨ੍ਹਾਂ ਨੇ ਮੌਕਾ ਹੱਥੋਂ ਨੀ ਜਾਣ ਦੇਣਾ ਹੁਣ। ਸੋਚਦੀਆਂ ਨੇ-ਜੇ ਇਹ ਮੁੜ ਕੇ ਬਿਮਾਰ ਈ ਨਾ ਹੋਈ ਫੇਰ ਬਦਲਾ ਕਿਵੇਂ ਲਵਾਂਗੀਆਂ?

ਚਾਚੀ ਦੀ ਅੱਖ ਵਿਚ ਕੋਈ ਇਹੋ ਜਿਹਾ ਨੁਕਸ ਲੱਭਾ ਕਿ ਡਾਕਟਰਾਂ ਨੇ ਸਾਰੀ ਅੱਖ ਕੱਢ ਕੇ ਹੇਠਲਾ ਉਪਰਲਾ ਮਾਸ ਇਉਂ ਸੀ ਦਿੱਤਾ ਜਿਵੇਂ ਇਥੇ ਅੱਖ ਕਦੀ ਹੁੰਦੀ ਹੀ ਨਹੀਂ ਸੀ। ਤੇਜਾ ਸਿੰਘ, ਅੱਖ ਦੀ ਖ਼ਬਰ ਲੈਣ ਗਿਆ ਤਾਂ ਦੇਖਿਆ ਕਿ ਦੁਖਦੀ ਅੱਖ ਤਾਂ ਹੈ ਈ ਨੀ। ਜਿਵੇਂ ਕੰਧ ਵਿਚਲਾ ਆਲਾ ਬੰਦ ਕਰਕੇ ਲਿੰਪ ਪੋਚ ਦਿੱਤਾ ਹੋਵੇ। ਉਹਨੂੰ ਭਮੱਤਰਿਆ ਦੇਖ ਕੇ ਚਾਚੀ ਦੀ ਅੱਖ ਭਰ ਆਈ ਤੇ ਹੱਥਾਂ ਦੇ ਪੁੱਠੇ ਪਾਸਿਆਂ ਨਾਲ ਦੋਵੇਂ ਅੱਖਾਂ ਪੂੰਝਣੀਆਂ ਸ਼ੁਰੂ ਕਰ ਦਿੱਤੀਆਂ। ਭਰਾ ਬੋਲਿਆ-ਚਾਚੀ ਦੂਜੀ ਅੱਖ, ਜਿਹੜੀ ਹੈ ਈ ਨੀ, ਤੂੰ ਉਹਨੂੰ ਕਿਉਂ ਪੂੰਝੀ ਜਾਨੀ ਐਂ। ਹੁਣ ਤਾਂ ਮੌਜ ਹੋ ਗਈ ਸਗੋਂ। ਦੋ ਫਾਇਦੇ। ਇਕ ਤਾਂ ਅੱਧੇ ਹੰਝੂ ਬਚ ਜਾਇਆ ਕਰਨਗੇ। ਦੂਜਾ ਦਵਾਈ ਦੀ ਸ਼ੀਸ਼ੀ ਜਿਹੜੀ ਮਹੀਨਾ ਕੁ ਕਢਦੀ, ਦੋ ਮਹੀਨੇ ਚੱਲਿਆ ਕਰੂ। ਦੁੱਗਣਾ ਫਾਇਦਾ।

ਦਿੱਲੀ ਵਾਲੇ ਡਾ. ਹਰਿਭਜਨ ਸਿੰਘ ਇਕ ਸ਼ਿਅਰ ਸੁਣਾਇਆ ਕਰਦੇ। ਸਿਰਦਰਦ ਦੇ ਮਰੀਜ਼ ਨੂੰ ਖ਼ਬਰ ਲੈਣ ਗਏ ਮਿੱਤਰ ਨੇ ਕਿਹਾ ਕਿ ਸੰਦਲ ਰਗੜ ਕੇ ਲਗਾਉਣ ਨਾਲ ਸਿਰਦਰਦ ਹਟ ਜਾਂਦਾ ਹੈ। ਮਰੀਜ਼ ਵਾਸਤੇ ਸੰਦਲ ਰਗੜਨਾ ਵੀ ਸਿਰਦਰਦੀ ਬਣ ਗਈ।

ਦਰਦੇ ਸਰ ਕੇ ਵਾਸਤੇ ਸੰਦਲ ਰਗੜ ਸਰ ਪੇ ਲਗਾ।

ਲੇਕਿਨ ਸੰਦਲ ਕਾ ਰਗੜਨਾ ਭੀ ਤੋ ਹੈ ਇਕ ਦਰਦੇ ਸਰ!!

ਨੀਲ ਬੋਹਰ ਬਿਮਾਰ ਹੋ ਗਿਆ। ਉਸ ਦੀ ਖਬਰ ਲੈਣ ਆਏ ਹਮਦਰਦ, ਦਰਵਾਜ਼ੇ ਉਪਰ ਘੋੜੇ ਦੀ ਖੁਰੀ ਲਟਕਾ ਗਏ। ਬਾਅਦ ਵਿਚ ਕਿਸੇ ਨੇ ਪੁੱਛਿਆ-ਤੈਨੂੰ ਯਕੀਨ ਐ ਕਿ ਘੋੜੇ ਦੀ ਖੁਰੀ ਲਾਭਦਾਇਕ ਹੈ? ਬੋਹਰ ਨੇ ਕਿਹਾ-ਮੈਨੂੰ ਕੋਈ ਨੀ ਪਤਾ। ਜਿਹੜੇ ਖੁਰੀ ਲਟਕਾ ਕੇ ਗਏ ਨੇ ਉਨ੍ਹਾਂ ਨੂੰ ਪੱਕਾ ਪਤੈ ਬਈ ਇਹ ਲਾਭਕਾਰੀ ਹੈ।

ਮੇਰੇ ਦੋਸਤ ਨਾਗਸੈਨ ਦੀ ਨੌਂ ਸਾਲ ਦੀ ਧੀ, ਮਾਮੂਲੀ ਬਿਮਾਰੀ ਬਾਅਦ ਦਮ ਤੋੜ ਗਈ। ਮੈਂ ਅਫਸੋਸ ਕਰਨ ਗਿਆ, ਉਹ ਕਬਰ ਦੇ ਪੱਥਰ ਉਪਰ ਉਕਰੇ ਜਾਣ ਵਾਲੇ ਅੱਖਰ ਲਿਖੀ ਬੈਠਾ ਸੀ- "ਇਸ ਨਾਜ਼ੁਕ ਕੁੜੀ ਦੇ ਜਿਸਮ ਉਪਰ ਮੈਂ ਕੋਈ ਸਖਤ ਚੀਜ਼ ਨਹੀਂ ਰੱਖਣ ਦਿੱਤੀ। ਤੂੰ ਵੀ ਧਰਤੀਏ, ਆਪਣੀ ਮਿੱਟੀ ਦਾ ਵਧੀਕ ਭਾਰ ਨਾ ਪਾਈਂ ਇਸ ਉਪਰ। ਇਹ ਕਿਹੜਾ ਤੇਰੇ ਉਪਰ ਕੋਈ ਬੋਝ ਬਣੀ ਸੀ?"

# ਗ੍ਰੈਗ ਵਿਲੀਅਮਸਨ ਨੇ ਬੇਕਰਜ਼ਫੀਲਡ ਦੇ ਨਵੇਂ ਪੁਲਿਸ ਮੁਖੀ ਵਜੋਂ ਅਹੁਦਾ ਸੰਭਾਲਿਆ

**ਬੇਕਰਜ਼ਫੀਲਡ (ਮਨਦੀਪ ਮਾਨ):** ਸ੍ਰੀ ਗ੍ਰੈਗ ਵਿਲੀਅਮਸਨ ਨੂੰ ਬੇਕਰਜ਼ਫੀਲਡ ਦਾ ਨਵਾਂ ਪੁਲਿਸ ਮੁਖੀ ਨਿਯੁਕਤ ਕੀਤਾ ਗਿਆ ਹੈ ਜਿਨ੍ਹਾਂ ਨੇ ਲੰਘੀ 13 ਜਨਵਰੀ ਨੂੰ ਆਪਣਾ ਅਹੁਦਾ ਸੰਭਾਲ ਲਿਆ। ਜ਼ਿਕਰਯੋਗ ਹੈ ਕਿ ਪਹਿਲੇ ਪੁਲਿਸ ਮੁਖੀ ਸ੍ਰੀ ਬਿਲ ਰੈਕਟਰ 15 ਜਨਵਰੀ ਨੂੰ ਰਿਟਾਇਰ ਹੋ ਗਏ ਹਨ।







*ਪੁਲਿਸ ਮੁਖੀ ਬਿਲ ਰੈਕਟਰ ਨਵੇਂ ਬਣੇ ਪੁਲਿਸ ਮੁਖੀ ਨੂੰ ਬੈਜ ਲਾਉਂਦੇ ਹੋਏ, ਸਾਰਜੈਂਟ ਮੈਰੀ ਡੀਗੇਅਰ*

ਇਕ ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਵਿਚ ਗ੍ਰੈਗ ਵਿਲੀਅਮਸਨ ਨੂੰ ਅਹੁਦੇ ਦਾ ਹਲਫ ਦਿਵਾਉਂਦਿਆਂ ਰਿਟਾਇਰ ਹੋਏ ਪੁਲਿਸ ਮੁਖੀ ਬਿਲ ਰੈਕਟਰ ਨੇ ਸ੍ਰੀ ਵਿਲੀਅਮਸਨ ਨੂੰ ਇਕ ਬਹੁਤ ਹੀ ਮਿਹਨਤੀ ਅਤੇ ਕਾਬਿਲ ਪੁਲਿਸ ਅਫਸਰ ਦੱਸਿਆ ਅਤੇ ਕਿਹਾ ਕਿ ਗ੍ਰੈਗ ਨੇ ਬੇਕਰਜ਼ਫੀਲਡ ਪੁਲਿਸ ਦੇ ਹਰ ਤਰ੍ਹਾਂ ਦੇ ਵਿੰਗ ਵਿਚ ਕੰਮ ਕੀਤਾ ਹੈ। ਛੇ ਫੁੱਟ ਚਾਰ ਇੰਚ ਲੰਮੇ ਅਤੇ ਮਜ਼ਬੂਤ ਤੇ ਚੌੜੇ ਸਰੀਰ ਦੇ ਮਾਲਕ ਗ੍ਰੈਗ ਦੀ ਜਾਣ-ਪਛਾਣ ਕਰਾਉਂਦਿਆਂ ਸ੍ਰੀ ਰੈਕਟਰ ਨੇ ਹਾਸੇ ਵਿਚ ਕਿਹਾ ਕਿ ਗ੍ਰੈਗ ਪੁਲਿਸ ਕਾਰ ਵਿਚ ਮਸਾਂ ਹੀ ਫਿਟ ਆਉਂਦਾ ਹੈ। ਸ੍ਰੀ ਗ੍ਰੈਗ ਵਿਲੀਅਮਸਨ ਫੁੱਟਬਾਲ ਦੇ ਵਧੀਆ ਖਿਡਾਰੀ ਰਹੇ ਹਨ ਅਤੇ ਅੱਜ ਕੱਲ ਵੀ ਫੁਟਬਾਲ ਦੀ ਕੋਚਿੰਗ ਕਰਦੇ ਹਨ। ਇਸ ਮੌਕੇ ਸ੍ਰੀ ਰੈਕਟਰ ਨੇ ਨਵੇਂ ਪੁਲਿਸ ਮੁਖੀ ਨੂੰ ਇਕ ਡਾਇਰੀ ਅਤੇ ਫੋਟੋ ਭੇਟ ਕੀਤੀ।

45 ਸਾਲਾ ਸ੍ਰੀ ਗ੍ਰੈਗ ਨੇ ਪੁਲਿਸ ਵਿਚ ਆਪਣਾ ਕੈਰੀਅਰ 1989 ਵਿਚ ਬੇਕਰਜ਼ਫੀਲਡ ਪੁਲਿਸ ਵਿਚ ਇਕ ਅਫਸਰ ਦੇ ਤੌਰ 'ਤੇ ਭਰਤੀ ਹੋ ਕੇ ਸ਼ੁਰੂ ਕੀਤਾ। ਗ੍ਰੈਗ ਵਿਲੀਅਮਸਨ ਨੇ 1988 ਵਿਚ ਸੈਨ ਡਿਐਗੋ ਯੂਨੀਵਰਸਿਟੀ ਤੋਂ ਕ੍ਰਿਮੀਨਲ ਜਸਟਿਸ ਐਡਮਨਿਸਟ੍ਰੇਸ਼ਨ ਵਿਚ ਬੈਚੁਲਰ ਡਿਗਰੀ ਹਾਸਲ ਕੀਤੀ ਅਤੇ 1997 ਵਿਚ ਪਬਲਿਕ ਐਡ ਵਿਚ ਮਾਸਟਰ ਡਿਗਰੀ ਹਾਸਲ ਕੀਤੀ। ਉਹ ਪਿਛਲੇ 22 ਸਾਲ ਤੋਂ ਫੁਟਬਾਲ ਦੀ ਕੋਚਿੰਗ ਵੀ ਕਰਦੇ ਆ ਰਹੇ ਹਨ। ਸ੍ਰੀ ਵਿਲੀਅਮਸਨ ਬੇਕਰਜ਼ਫੀਲਡ ਨਾਰਥ ਨੋਟਰੀ ਕਲੱਬ, ਬੇਕਰਜ਼ਫੀਲਡ ਪੁਲਿਸ ਐਕਟੀਵਿਟੀ ਲੀਗ ਅਤੇ ਹੋਰ ਕਈ ਸੰਸਥਾਵਾਂ ਦੇ ਸਰਗਰਮ ਮੈਂਬਰ ਹਨ। ਪੁਲਿਸ ਮੁਖੀ ਵਿਲੀਅਮਸਨ ਦੇ ਪਰਿਵਾਰ ਵਿਚ ਪਤਨੀ ਐਮੀ, ਦੋ ਧੀਆਂ ਅਤੇ ਇਕ ਪੁੱਤਰ ਸ਼ਾਮਲ ਹਨ।



*ਡਾ. ਗੁਰਚਰਨ ਸਿੰਘ ਢਿੱਲੋਂ, ਪਰਮਜੀਤ ਸਿੰਘ ਦੁਸਾਂਝ, ਨਵੇਂ ਪੁਲਿਸ ਚੀਫ ਅਤੇ ਮਨਦੀਪ ਮਾਨ*

ਹਲਫ ਲੈਣ ਤੋਂ ਬਾਅਦ ਸਮਾਗਮ ਨੂੰ ਸੰਬੋਧਨ ਕਰਦਿਆਂ ਨਵੇਂ ਪੁਲਿਸ ਮੁਖੀ ਨੇ ਆਖਿਆ ਕਿ ਬੇਕਰਜ਼ਫੀਲਡ ਪੁਲਿਸ ਸ਼ਹਿਰ ਵਿਚ ਅਮਨ ਅਮਾਨ ਕਾਇਮ ਰੱਖਣ ਲਈ ਵਚਨਬੱਧ ਹੈ ਅਤੇ ਉਨ੍ਹਾਂ ਦੀ ਟੀਮ ਮੁਜ਼ਰਿਮ ਗਿਰੋਹਾਂ ਦਾ ਸਫਾਇਆ ਕਰਕੇ ਸ਼ਹਿਰ ਨੂੰ ਹੋਰ ਸੁਰੱਖਿਅਤ ਬਣਾਏਗੀ। ਉਨ੍ਹਾਂ ਕਿਹਾ ਕਿ ਬੇਕਰਜ਼ਫੀਲਡ ਪੁਲਿਸ ਦੇ 18ਵੇਂ ਮੁਖੀ ਵਜੋਂ ਕੰਮ ਕਰਨ ਦਾ ਮੌਕਾ ਮਿਲਣ 'ਤੇ ਉਨ੍ਹਾਂ ਨੂੰ ਮਾਣ ਹੈ। ਇਸ ਮੌਕੇ ਹਾਜ਼ਰ ਪੰਜਾਬੀ ਭਾਈਚਾਰੇ ਦੇ ਕੁਝ ਵਿਅਕਤੀਆਂ ਵੱਲ ਇਸ਼ਾਰਾ ਕਰਦਿਆਂ ਪੁਲਿਸ ਚੀਫ ਵਿਲੀਅਮਸਨ ਨੇ ਆਖਿਆ ਕਿ ਪੰਜਾਬੀ ਲੋਕ ਮਿਹਨਤੀ, ਇਮਾਨਦਾਰ ਅਤੇ ਆਮ ਕਰਕੇ ਅਮਨਪਸੰਦ ਹਨ। ਇਸ ਭਾਈਚਾਰੇ ਤੋਂ ਪੁਲਿਸ ਨੂੰ ਹਮੇਸ਼ਾ ਉਸਾਰੂ ਸਹਿਯੋਗ ਮਿਲਿਆ ਹੈ। ਇਸ ਮੌਕੇ ਹਾਜ਼ਰ ਸੱਜਣਾਂ ਵਿਚ ਪੁਲਿਸ ਮੁਖੀ ਦੇ ਪੁਰਾਣੇ ਮਿੱਤਰ ਡਾ. ਗੁਰਚਰਨ ਸਿੰਘ ਢਿੱਲੋਂ ਅਤੇ ਪਰਮਜੀਤ ਸਿੰਘ ਦੁਸਾਂਝ ਵੀ ਹਾਜ਼ਰ ਸਨ। ਸਮਾਗਮ ਵਿਚ ਸਮੁੱਚਾ ਪੁਲਿਸ ਮਹਿਕਾਮਾ, ਸਿਟੀ ਮੈਨੇਜਰ ਐਲਨ ਟੈਡੀ ਅਤੇ ਸ਼ੈਰਿਫ ਡਾਨੀ ਯੰਗਬਲੱਡ ਵੀ ਹਾਜ਼ਰ ਸਨ। ਮੰਚ ਸੰਚਾਲਨ ਸਾਰਜੈਂਟ ਮੈਰੀ ਡੀਗੇਅਰ ਨੇ ਕੀਤਾ।






ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇਕੋ ਜਗਾ ਤੇ

# ਦਲ ਖਾਲਸਾ ਅਲਾਇੰਸ ਸਿੱਖ ਸੱਭਿਆਚਾਰ ਕਮੇਟੀ ਵਲੋਂ ਭ

## ਸਮਾਜਿਕ ਕੁਰੀਤੀਆਂ ਦੇ ਖਿਲਾਫ ਸਮਾਜ ਸੁਧਾਰ ਲਹਿਰ ਨੂੰ ਅਗੇ ਤੋਰਨ ਲਈ ਹੰ

### ਗੱਲ ਤੋਰਨੀ ਹੀ ਔਖੀ ਆ, ਗੱਲ ਤੋਰਿਆਂ ਤੋਰਿਆਂ ਤੁਰਦੀ ਆ, ਤੁਰੀ ਹੋਈ

**ਐਲ ਸਬਰਾਂਟੇ:** ਅਮਰੀਕਾ ਦੇ ਸਿੱਖ ਇਤਿਹਾਸ ਵਿਚ ਪਹਿਲੀ ਵਾਰ, ਦਲ ਖਾਲਸਾ ਅਲਾਇੰਸ ਸਿੱਖ ਸੱਭਿਆਚਾਰ ਕਮੇਟੀ ਵੱਲੋਂ, ਸਮਾਜ ਸੁਧਾਰ ਲਹਿਰ ਦੀ ਸ਼ੁਰੂਆਤ ਕਰਦਿਆਂ ਪਰਿਵਾਰਕ ਤੇ ਸਮਾਜਿਕ ਬੁਰਾਈ ਭਰੂਣ ਹੱਤਿਆ ਦੇ ਖਿਲਾਫ, ਐਲ ਸਬਰਾਂਟੇ ਗੁਰੂ ਘਰ ਵਿਖੇ 10 ਜਨਵਰੀ ਨੂੰ ਮਨਾਈ ਗਈ ਧੀਆਂ ਦੀ ਲੋਹੜੀ ਨੂੰ ਭਰਵਾਂ ਹੁੰਗਾਰਾ ਮਿਲਿਆ। ਲੋਹੜੀ ਤੋਂ ਇਲਾਵਾ ਗੁਰੂ ਘਰ ਵਿਖੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਕੀਤੀ ਗਈ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੁਰਾਤਨ ਹੱਥ ਲਿਖਤ ਬੀੜ ਅਤੇ ਸ਼ਸ਼ਤਰਾਂ ਦੇ ਸੰਗਤਾਂ ਨੂੰ ਦਰਸ਼ਨ ਕਰਾਏ ਗਏ। ਉਪਰੰਤ ਕੀਰਤਨੀ ਜੱਥਿਆਂ ਨੇ ਰਸਭਿੰਨਾ ਕੀਰਤਨ ਕੀਤਾ।

ਦਲ ਖਾਲਸਾ ਅਲਾਇੰਸ ਸਿੱਖ ਸੱਭਿਆਚਾਰ ਕਮੇਟੀ ਵੱਲੋਂ ਬੱਚੀ ਤੇਜਲ ਕੌਰ ਬਾਜਵਾ, ਦਿਲਨੂਰ ਔਜਲਾ, ਰੀਆਨਾ ਕੌਰ ਰੰਧਾਵਾ, ਅਸ਼ਲੀਨ ਕੌਰ ਸੰਧੂ, ਰੀਨਾ ਕੌਰ ਮਾਂਗਟ, ਸਿਮਰਤ ਕੌਰ ਖਹਿਰਾ, ਸਮਰੀਨ ਕੌਰ ਸਮਰਾ, ਗੁਰਸਿਮਰਤ ਕੌਰ, ਅਮਾਨਤ ਕੌਰ ਰਿਆਤ, ਅਮਰਪ੍ਰੀਤ ਕੌਰ ਨੂੰ ਸਨਮਾਨ ਚਿੰਨ ਤੇ ਕੰਬਲ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।



ਦਲ ਖਾਲਸਾ ਅਲਾਇੰਸ ਦੇ ਪ੍ਰਧਾਨ ਸ. ਪਰਮਜੀਤ ਸਿੰਘ ਦਾਖਾ, ਡਾ. ਆਲਾ ਸਿੰਘ, ਵਕੀਲ ਸ. ਜਸਪ੍ਰੀਤ ਸਿੰਘ, ਐਲ ਸਬਰਾਂਟੇ ਗੁਰੂ ਘਰ ਦੇ ਸਾਬਕਾ ਪ੍ਰਧਾਨ ਸ. ਸੁਰਿੰਦਰ ਸਿੰਘ ਬਾਜਵਾ, ਗੁਰਮਤਿ ਚੇਤਨਾ ਲਹਿਰ ਦੇ ਪ੍ਰਧਾਨ ਸ. ਕਰਨੈਲ ਸਿੰਘ ਖਾਲਸਾ, ਸ. ਜਤਿੰਦਰ ਸਿੰਘ ਹੁੰਦਲ (ਸੀਨੀਅਰ ਮੈਂਬਰ ਅਕਾਲੀ ਦਲ), ਬੀਬੀ ਕੁਲਵੰਤ ਕੌਰ ਮੱਲੀ (ਕਮੇਟੀ ਮੈਂਬਰ ਐਲ ਸਬਰਾਂਟੇ ਗੁਰੂ ਘਰ ਅਤੇ ਕਮੇਟੀ ਮੈਂਬਰ ਦਲ ਖਾਲਸਾ ਅਲਾਇੰਸ ਸਿੱਖ ਸੱਭਿਆਚਾਰ ਕਮੇਟੀ), ਸ. ਝਿਰਮਲ ਸਿੰਘ (ਵਾਇਸ ਪ੍ਰਧਾਨ ਐਲ ਸਬਰਾਂਟੇ ਗੁਰੂ ਘਰ ਅਤੇ ਕਮੇਟੀ ਮੈਂਬਰ ਦਲ ਖਾਲਸਾ ਅਲਾਇੰਸ ਸਿੱਖ ਸੱਭਿਆਚਾਰ ਕਮੇਟੀ), ਸ. ਸੁਖਮਿੰਦਰ ਸਿੰਘ ਕੰਗ (ਮੈਂਬਰ ਦਲ ਖਾਲਸਾ ਅਲਾਇੰਸ ਸਿੱਖ ਸਾਹਿਤ ਸਭਾ) ਆਦਿ ਬੁਲਾਰਿਆਂ ਨੇ ਸਮਾਜਿਕ ਬੁਰਾਈਆਂ ਖਿਲਾਫ ਆਪਣੇ ਵਿਚਾਰਾਂ ਰਾਹੀਂ ਸੰਗਤਾਂ ਨਾਲ ਸਾਂਝ ਪਾਈ। ਸਟੇਜ ਸਕੱਤਰ ਦੀ ਸੇਵਾ ਸ. ਗੁਰਮੇਲ ਸਿੰਘ ਸੈਣੀ ਨੇ ਨਿਭਾਈ। ਸਾਰੇ ਬੁਲਾਰਿਆਂ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਦਲ ਖਾਲਸਾ ਅਲਾਇੰਸ ਸਿੱਖ ਸੱਭਿਆਚਾਰ ਕਮੇਟੀ ਵੱਲੋਂ ਜਿੰਨੀਆਂ ਬੱਚੀਆਂ ਦੀ ਲੋਹੜੀ ਮਨਾਈ ਗਈ ਉਨੇ ਹੀ ਕੇਕ ਕੱਟੇ ਗਏ। ਮੂੰਗਫਲੀ, ਰਿਉੜੀਆਂ, ਤਿਲ ਵੰਡੇ ਗਏ। ਪਰਿਵਾਰਾਂ ਨਾਲ ਆਏ ਤਕਰੀਬਨ 100 ਤੋਂ ਵੱਧ ਬੱਚਿਆਂ ਨੂੰ ਉਨ੍ਹਾਂ ਦੀ ਮਨ ਪਸੰਦ ਤੋਹਫੇ ਵੰਡੇ ਗਏ। ਜਿਹੜੇ ਬੱਚੇ ਤੋਹਫਾ ਮਿਲਣ ਤੋਂ ਰਹਿ ਗਏ ਉਹ ਮਾਂਵਾਂ ਦੀਆਂ ਉਂਗਲੀਆਂ ਫੜ੍ਹ ਰੋਂਦੇ ਵੇਖੇ ਗਏ।

ਲੋਹੜੀ ਬਾਲੀ ਗਈ, ਧੂਣੀ ਵਿਚ ਤਿਲ ਸੁੱਟੇ ਗਏ। ਧੀਆਂ ਦੀ ਆਮਦ ਦੀ ਖੁਸ਼ੀ 'ਚ ਬੀਬੀਆਂ ਨੇ ਸ਼ਗਨਾਂ ਦੇ ਗੀਤ ਗਾਏ ਤੇ ਗਿਧੇ-ਭੰਗੜੇ ਪਾਏ। ਬੱਚਿਆਂ ਨੇ ਵੀ ਨੱਚ-ਟੱਪ ਕ
ਆਪਣੇ ਮਨ ਪ੍ਰਚਾਏ। ਲੋਹੜੀ ਵਾਲੀ ਥਾਂ 'ਤੇ ਦਲ ਖਾਲਸਾ ਅਲਾਇੰਸ ਦੇ ਬੈਨਰਾਂ ਦੇ ਨਾ
ਨਾਲ ਸਾਰੇ ਪਾਸੇ ਦਲ ਖਾਲਸਾ ਦੇ ਲੋਗੋ ਵਾਲੇ ਕੇਸਰੀ ਝੰਡੇ ਲਹਿਰਾ ਰਹੇ ਸਨ।


ਵਾਕਾਵਿਲ, ਯੂਬਾ ਸਿਟੀ, ਸੈਕਰਾਮੈਂਟੋ, ਫੇਅਰਫੀਲਡ, ਵਾਲੇਹੋ, ਅਮੈਰਿਕ
ਕੈਨੀਅਨ, ਪਨੋਲ, ਹਰਕਲੀਸ, ਰਿਡੇਓ, ਸੈਨ ਪਾਬਲੋ, ਰਿਚਮੰਡ, ਇਲਸਰੀਟ
ਅਲਬਨੀ, ਬਰਕਲੇ, ਐਮਰੀਵਿਲ, ਓਕਲੈਂਡ, ਐਲਾਮੀਡਾ, ਸੈਨ ਲੈਂਡਰੋ, ਹੇਵਰਡ
ਫਰੀਮਾਂਟ, ਸੈਨ ਹੋਜ਼ੇ, ਸੈਂਟਾ ਕਲਾਰਾ, ਕੰਕਰਡ, ਵਾਲਨਟ ਕਰੀਕ, ਪਿਟਸਬਰਗ
ਸਟਾਕਟਨ, ਟਰੇਸੀ, ਫਰਿਜ਼ਨੋ, ਆਦਿ ਸ਼ਹਿਰਾਂ ਤੋਂ ਸੰਗਤਾਂ ਹੁੰਮ ਹੁਮਾ ਕੇ ਪਹੁੰਚੀਆ
ਗੁਰੂ ਘਰ ਦੀ ਪਾਰਕਿੰਗ ਭਰ ਜਾਣ ਤੋਂ ਬਾਅਦ ਸੰਗਤਾਂ ਨੂੰ ਬਾਹਰ ਸੜਕਾਂ 'ਤੇ ਕਾ
ਖੜੀਆਂ ਕਰਨੀਆਂ ਪਈਆਂ।


ਇਸ ਪ੍ਰੋਗਰਾਮ ਦੇ ਸਹਿਯੋਗੀਆਂ ਵਿਚ ਕੌਂਸਲ ਆਫ ਖਾਲਿਸਤਾਨ, ਦਾ ਸਿੱ
ਐਜੂਕੇਸ਼ਨਲ ਟਰਸਟ ਕੈਨੇਡਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਕੈਲੀਫੋਰਨੀਆ
ਦਲ ਖਾਲਸਾ ਅਲਾਇੰਸ, ਅਮੈਰਕਿਨ ਗੁਰਦੁਆਰਾ ਕੌਂਸਲ, ਗੁਰਮਤਿ ਚੇਤਨਾ ਲਹਿਰ
ਕੈਲੀਫੋਰਨੀਆ ਸਿੱਖ ਆਰਗੇਨਾਈਜੇਸ਼ਨ, ਐਲ ਸਬਰਾਂਟੇ ਗੁਰਦੁਆਰਾ ਪ੍ਰਬੰਧਕ ਕਮੇ
ਅਤੇ ਸਿੱਖ ਸੰਗਤਾਂ, ਭਾਈ ਘਨਈਆ ਸੁਸਾਇਟੀ ਆਦਿ ਸ਼ਾਮਲ ਸਨ।




















ਜਾਰੀ ਕਰਤਾ: ਦਲ ਖਾਲਸਾ ਅਲਾਇੰਸ ਸਿੱਖ ਸੱਭਿਆਚਾਰ ਕਮੇਟੀ-ਸ. ਝਿਰਮਲ ਸਿੰਘ, ਬੀਬੀ ਕੁਲਵੰਤ ਕੌਰ ਮੱਲ੍ਹੀ, ਸ. ਗੁਰਦੀਪ

# ਰੂਣ ਹੱਤਿਆ ਖਿਲਾਫ ਧੀਆਂ ਦੀ ਲੋਹੜੀ ਨੂੰ ਭਰਵਾਂ ਹੁੰਗਾਰਾ

## ਭਲਾ ਸਾਡਾ-ਸਾਥ ਤੁਹਾਡਾ ਤੁਹਾਡੇ ਮਿਲਵਰਤਣ ਤੇ ਵਿਚਾਰਾਂ ਦੀ ਉਡੀਕ ਰਹੇਗੀ

ੀ ਗੱਲ ਕਾਫਲੇ ਬਣ ਜਾਂਦੇ ਨੇ, ਕਾਫਲੇ ਸਮਾਜ ਵਿਰੋਧੀਆਂ ਨੂੰ ਮਿਧ ਜਾਂਦੇ ਨੇ।

























## ਦਲ ਖਾਲਸਾ ਅਲਾਇੰਸ ਸਿੱਖ ਸੱਭਿਆਚਾਰ ਕਮੇਟੀ

Ph:510-774-5909, dalkhalsa@dalkhalsaalliance.org
www.dalkhalsaalliance.org www.dalkhalsausa.org

ਸਿੰਘ ਜੌਹਲ, ਸ. ਸੇਵੀ ਸਿੰਘ ਬਰਾੜ, ਸ. ਬਲਜਿੰਦਰ ਸਿੰਘ ਪੰਨੂ, ਸ. ਗੁਰਪ੍ਰੀਤ ਸਿੰਘ ਢਿੱਲੋਂ

ਫੋਟੋਆਂ ਤੇ ਵੀਡੀਓ:ਇੰਦਰ 510-205-6520

## ਐਵਰਗਰੀਨ ਵੈਲੀ ਲਾਇਬਰੇਰੀ ਏਬੋਰਨ ਰੋਡ ਸੈਨ ਹੋਜ਼ੇ ਵਿਖੇ ਮੁਫਤ ਸਿਟੀਜਨ ਕਲਾਸ



**ਸੈਨ ਹੋਜ਼ੇ (ਚਰਨਜੀਤ ਸਿੰਘ ਪੰਨੂ):** ਅਮਰੀਕਾ ਦੇ ਸਿਟੀਜਨ ਟੈਸਟ ਦੇਣ ਵਾਲੇ ਉਮੀਦਵਾਰਾਂ ਵਾਸਤੇ ਉਘੇ ਸਮਾਜ ਸੇਵਕ ਡਾ. ਹਰਬੰਸ ਸਿੰਘ ਸਰਾਂ ਵਲੋਂ ਹਰ ਸਨਿਚਰਵਾਰ ਦੋ ਵਜੇ ਤੋਂ ਚਾਰ ਵਜੇ ਤੱਕ ਏਬੋਰਨ ਰੋਡ ਉਤੇ ਐਵਰਗਰੀਨ ਲਾਇਬਰੇਰੀ ਵਿਚ ਕਲਾਸ ਲਗਾਈ ਜਾਂਦੀ ਹੈ।

ਡਾ. ਸਰਾਂ ਬੋਸਟਨ ਫਾਰਮੇ ਕਾਲਜ ਸੈਂਟਾਕਲਾਰਾ ਵਿਚ ਜੈਨੇਟਿਕਸ ਦੇ ਪ੍ਰੋਫੈਸਰ ਹਨ ਅਤੇ ਇਸ ਕਲਾਸ ਵਿਚ ਭਾਰਤ ਪਾਕਿਸਤਾਨ ਤੇ ਹੋਰ ਦੇਸ਼ਾਂ ਦੇ ਪੰਜਾਬੀ, ਹਿੰਦੀ, ਅੰਗਰੇਜ਼ੀ ਤੇ ਉਰਦੂ ਆਦਿ ਭਾਸ਼ਾਵਾਂ ਵਾਲੇ ਉਮੀਦਵਾਰ ਵੀ ਬੈਠੇ ਪੜ੍ਹਦੇ ਵੇਖੇ ਗਏ ਹਨ। ਸ਼ਾਮ ਸਿੰਘ, ਬਲਦੇਵ ਰਾਜ ਪਾਬਲਾ, ਕਰਨਲ ਬਲਬੀਰ ਸਿੰਘ ਆਦਿ ਉਨ੍ਹਾਂ ਦੀ ਟੀਮ ਵਿਚ ਸ਼ਾਮਲ ਹਨ। ਯੂਸਫ ਖਾਨ ਅਤੇ ਬੀਬੀ ਸੁਦੇਸ਼ ਰਾਣੀ ਪੂਨੀ ਇਥੋਂ ਪੜ੍ਹੇ 115ਵੇਂ ਅਤੇ 116ਵੇਂ ਉਮੀਦਵਾਰ ਹਨ ਜੋ ਹੁਣੇ ਹੁਣੇ ਇਸ ਇਮਤਿਹਾਨ ਵਿਚੋਂ ਪਾਸ ਹੋ ਕੇ ਆਏ ਹਨ, ਨੇ ਦੱਸਿਆ ਕਿ ਇਸ ਟਰੇਨਿੰਗ ਕਰਕੇ ਬਹੁਤ ਮੁਸ਼ਕਲ ਦਿੱਸਣ ਵਾਲਾ ਇਹ ਇਮਤਿਹਾਨ ਸੁਖਾਲਾ ਕਰ ਦਿੱਤਾ। ਡਾ. ਸਰਾਂ ਸੈਂਟਾਕਲਾਰਾ ਕਾਊਂਟੀ ਵਿਖੇ ਕਾਊਂਟੀ ਕਮਿਸ਼ਨਰ ਤੇ ਕੈਲੀਫੋਰਨੀਆ ਸਟੇਟ ਵਲੋਂ ਸਰਟੀਫਾਈਡ ਮੀਡੀਏਟਰ ਵੀ ਹਨ। ਹੋਰ ਜਾਣਕਾਰੀ ਵਾਸਤੇ ਫੋਨ ਨੰਬਰ 408-531-7057 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਯੂਬਾ ਸਿਟੀ 'ਚ ਗੁਰਬਾਣੀ ਕੰਠ ਮੁਕਾਬਲੇ

**ਯੂਬਾ ਸਿਟੀ (ਪੰਜਾਬ ਟਾਈਮਜ਼ ਬਿਊਰੋ):** ਇਥੇ ਗੁਰਦੁਆਰਾ ਟਾਇਰਾ ਬਿਊਨਾ ਵਿਚ ਹੋਏ ਗੁਰਬਾਣੀ ਕੰਠ ਮੁਕਾਬਲਿਆਂ ਨੂੰ ਬੱਚਿਆਂ ਤੋਂ ਭਰਵਾਂ ਹੁੰਗਾਰਾ ਮਿਲਿਆ। ਇਸ ਕੈਂਪ ਦਾ ਮਨੋਰਥ ਬੱਚਿਆਂ ਨੂੰ ਪਾਠ ਕੰਠ ਕਰਾਉਣਾ, ਸਿੱਖੀ ਜੀਵਨ ਜਾਚ ਨਾਲ ਜੋੜਨਾ ਅਤੇ ਗੁਰਮਤਿ ਜੀਵਨ ਪ੍ਰਤੀ ਚੇਤਨਾ ਪੈਦਾ ਕਰਨਾ ਸੀ।

ਇਨ੍ਹਾਂ ਮੁਕਾਬਲਿਆਂ ਵਿਚ ਕਰੀਬ 25 ਬੱਚਿਆਂ ਨੇ ਹਿੱਸਾ ਲਿਆ ਜਿਨ੍ਹਾਂ ਦੇ 5 ਗਰੁਪ ਬਣਾਏ ਗਏ। ਪਹਿਲੇ ਗਰੁਪ ਵਿਚ ਅੰਮ੍ਰਿਤਪਾਲ ਘੁੰਮਣ ਪਹਿਲੇ ਨੰਬਰ 'ਤੇ ਰਿਹਾ।

ਦੂਜੇ ਗਰੁਪ ਵਿਚ ਜਸਮੀਨ ਕੌਰ ਢਿੱਲੋਂ ਪਹਿਲੇ, ਜੁਝਾਰ ਸਿੰਘ ਪੂਨੀ ਦੂਜੇ ਅਤੇ ਰਸਮਾਨ ਕੌਰ ਕੈਲੀ ਤੀਜੇ ਨੰਬਰ 'ਤੇ ਰਹੀ। ਤੀਜੇ ਗਰੁਪ ਵਿਚ ਜਸਪ੍ਰੀਤ ਸਿੰਘ ਗਿੱਲ, ਤਾਜਬੀਰ ਸਿੰਘ ਤੇ ਗੁਰਲੀਨ ਕੌਰ ਬਾਸੀ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹੇ। ਚੌਥੇ ਗਰੁਪ ਵਿਚ ਹਰਮਨਜੋਤ ਕੌਰ ਬੈਂਸ ਪਹਿਲੇ ਨੰਬਰ 'ਤੇ ਅਤੇ ਪੰਜਵੇਂ ਗਰੁਪ ਵਿਚ ਹਰਸਿਮਰਤ ਕੌਰ ਢਿੱਲੋਂ ਪਹਿਲੇ ਨੰਬਰ 'ਤੇ ਆਈ।

## ਚਰਨਜੀਤ ਪੰਨੂ ਦਾ 'ਸਫਰਨਾਮਾ ਅਲਾਸਕਾ' ਲੋਕ ਅਰਪਿਤ

**ਫਗਵਾੜਾ (ਪੰਜਾਬ ਟਾਈਮਜ਼ ਬਿਊਰੋ):** 'ਪੰਜਾਬੀ ਸਾਹਿਤ ਤੇ ਸੱਭਿਆਰ ਸਦਨ ਫਗਵਾੜਾ' ਅਤੇ 'ਪ੍ਰੀਤ ਸਾਹਿਤ ਸਭਾ ਫਗਵਾੜਾ' ਵੱਲੋਂ ਸਾਂਝੇ ਤੌਰ 'ਤੇ ਪੰਜਾਬੀ ਦੇ ਜਾਣੇ-ਪਛਾਣੇ ਵਿਦੇਸ਼ੀ ਸਾਹਿਤਕਾਰ ਚਰਨਜੀਤ ਸਿੰਘ ਪੰਨੂ ਦੇ ਚਰਚਿਤ 'ਸਫਰਨਾਮਾ ਅਲਾਸਕਾ' ਦੀ ਘੁੰਡ ਚੁਕਾਈ ਇਥੇ ਇਕ ਸਮਾਗਮ ਵਿਚ ਕੀਤੀ ਗਈ। ਸਮਾਗਮ ਦਾ ਆਗਾਜ਼ 'ਪੰਜਾਬੀ ਸਾਹਿਤ ਤੇ ਸੱਭਿਆਰ ਸਦਨ ਫਗਵਾੜਾ' ਦੇ ਪ੍ਰਧਾਨ ਡਾ. ਜਗੀਰ ਸਿੰਘ ਨੂਰ ਨੇ ਕੀਤਾ। ਉਨ੍ਹਾਂ ਸ. ਪੰਨੂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਪੰਨੂ ਸਾਹਿਬ ਦੇ ਉਦਮ ਸਦਕਾ ਹੀ ਹੈ ਕਿ 1985 ਵਿੱਚ 'ਪੰਜਾਬੀ ਸਾਹਿਤ ਅਤੇ ਸੱਭਿਆਚਾਰ ਸਦਨ ਫਗਵਾੜਾ' ਹੋਂਦ ਵਿਚ ਆਇਆ ਜਿਸ ਦੇ ਉਹ ਪਹਿਲੇ ਪ੍ਰਧਾਨ ਸਨ। 2001 ਵਿਚ ਉਨ੍ਹਾਂ 'ਪ੍ਰੀਤ ਸਾਹਿਤ ਸਭਾ' ਦਾ ਮੁੱਢ ਬੰਨ੍ਹਿਆ ਜਿਸ ਦੇ ਉਹ ਪਹਿਲੇ ਚੇਅਰਮੈਨ ਬਣਾਏ ਗਏ। ਸਫਰਨਾਮੇ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਜੋ ਅਮਰੀਕਾ ਨਹੀਂ ਜਾ ਸਕਦੇ ਉਹ ਇਹ ਸਫਰਨਾਮਾ ਪੜ੍ਹ ਕੇ ਅਮਰੀਕਾ ਦੇ ਦਰਸ਼ਨ ਕਰ ਸਕਦੇ ਹਨ। ਕਵਿਤਾ ਕਹਾਣੀਆਂ ਨਾਵਲ ਲਗਪਗ ਇਕ ਦਰਜਨ ਪੁਸਤਕਾਂ ਦੇ ਰਚੇਤਾ ਸ੍ਰੀ ਪੰਨੂ ਦੇ 'ਸਫਰਨਾਮਾ ਅਲਾਸਕਾ' ਬਾਬਤ ਪ੍ਰੋ. ਪਰਮਜੀਤ ਕੌਰ ਨੂਰ, ਸ੍ਰੀ ਭਗਤ ਰਾਮ ਅਤੇ 'ਪ੍ਰੀਤ ਸਾਹਿਤ ਸਭਾ' ਦੇ ਪ੍ਰਧਾਨ ਸਾਧੂ ਸਿੰਘ ਜੱਸਲ ਨੇ ਬੜੇ ਭਾਵਪੂਰਤ ਸ਼ਬਦਾਂ 'ਚ ਆਪੋ ਆਪਣੇ ਵਿਚਾਰ ਪ੍ਰਗਟ ਕੀਤੇ।

ਉਨ੍ਹਾਂ ਕਿਹਾ ਕਿ ਸ੍ਰੀ ਪੰਨੂ ਨੇ ਜਿਸ ਕਦਰ ਅਮਰੀਕੀ ਰਹਿਣੀ-ਬਹਿਣੀ ਅਤੇ ਭਾਰਤੀ ਰਹਿਣੀ-ਬਹਿਣੀ ਦੇ ਅੰਤਰ ਨੂੰ ਇਸ ਸਫਰਨਾਮੇ



ਵਿਚ ਪੇਸ਼ ਕੀਤਾ ਹੈ, ਵਿਸ਼ੇ ਸ਼ੈਲੀ ਅਤੇ ਵਿਚਾਰਧਾਰਾ ਪੱਖੋਂ ਇਹ ਇਕ ਸਫਲ ਅਤੇ ਗਿਆਨਵਰਧਕ ਵਿਲੱਖਣ ਸਫਰਨਾਮਾ ਹੈ।

ਹਾਜ਼ਰ ਸ੍ਰੋਤਿਆਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਸ੍ਰੀ ਪੰਨੂ ਨੇ ਦੱਸਿਆ ਕਿ ਬਹੁਤੇ ਲੋਕ ਅਮਰੀਕਾ ਪਹੁੰਚ ਕੇ ਵੀ ਅਮਰੀਕਾ ਦੀਆਂ ਰੰਗੀਨੀਆ ਵੇਖਣ ਤੋਂ ਵਿਰਵੇ ਰਹਿੰਦੇ ਹਨ ਤੇ ਇਹ ਸਫਰਨਾਮਾ ਉਨ੍ਹਾਂ ਦੇ ਗਿਆਨ ਹਿਤ ਲਿਖਿਆ ਗਿਆ ਹੈ। ਇਸ ਤੋਂ ਪਹਿਲਾਂ ਲੇਖਕ ਵੱਲੋਂ ਇਸ ਸਫਰਨਾਮੇ ਦੀ ਪਹਿਲੀ ਕਾਪੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅਜਾਇਬ ਸਿੰਘ ਬਰਾੜ ਨੂੰ ਭੇਟ ਕਰਦਿਆਂ ਡਾ. ਸੁਹਿੰਦਰਬੀਰ ਨੇ ਸ. ਪੰਨੂ ਦੇ ਸਾਹਿਤਕ ਸਫਰ ਅਤੇ ਪ੍ਰਾਪਤੀਆਂ ਦਾ ਵਿਸ਼ੇਸ਼ ਜ਼ਿਕਰ ਕੀਤਾ ਜਿਸ ਨੂੰ ਸ੍ਰੀ ਬਰਾੜ ਨੇ ਚੰਗਾ ਸ਼ਗਨ ਗਰਦਾਨਿਆ। ਪੁਰਾਣੀ ਐਸਕੀਮੋ ਸਭਿਅਤਾ ਦੇ ਬਰਫੀਲੇ ਦੇਸ਼ ਅਲਾਸਕਾ ਬਾਰੇ ਭਰਪੂਰ ਜਾਣਕਾਰੀ ਵਾਲੇ ਇਸ ਸਫਰਨਾਮੇ ਵਿਚ ਹਾਜ਼ਰ ਸਰੋਤਿਆਂ ਨੇ ਡੂੰਘੀ ਦਿਲਚਸਪੀ ਦਿਖਾਈ।

ਸਮਾਗਮ ਦੇ ਦੂਜੇ ਹਿੱਸੇ ਕਵੀ ਦਰਬਾਰ ਦਾ ਸੰਚਾਲਨ ਪ੍ਰਸਿੱਧ ਕਵੀ ਸ੍ਰੀ ਰਵਿੰਦਰ ਸਿੰਘ ਰਾਏ ਨੇ ਕੀਤਾ। ਕਵੀ ਦਰਬਾਰ ਵਿਚ ਸਾਧੂ ਸਿੰਘ ਜੱਸਲ, ਸੁਖਦੇਵ ਸਿੰਘ ਗੰਢਵਾਂ, ਭਗਤ ਰਾਮ, ਸੋਢੀ ਰਾਮ ਭਬਿਆਣਾ, ਜਸਵਿੰਦਰ ਕੌਰ ਫਗਵਾੜਾ, ਭਜਨ ਸਿੰਘ ਵਿਰਕ, ਸੋਹਨ ਸਿੰਘ ਭਿੰਡਰ, ਜਸਵਿੰਦਰ ਮਹਿਰਾਮ, ਬਲਵੀਰ ਸਿੰਘ, ਹਰਗੁਰਬਿੰਦਰ ਸਿੰਘ ਕਾਹਲੋਂ ਅਤੇ ਰਵਿੰਦਰ ਸਿੰਘ ਰਾਏ ਨੇ ਹਾਜ਼ਰੀ ਲਵਾਈ। ਸਮਾਗਮ ਦੇ ਅੰਤ 'ਤੇ ਸਾਧੂ ਸਿੰਘ ਜੱਸਲ, ਪ੍ਰੋ. ਪਰਮਜੀਤ ਕੌਰ ਨੂਰ, ਰਵਿੰਦਰ ਰਾਏ ਅਤੇ ਡਾ. ਜ. ਸ. ਨੂਰ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ।

## ਗੁਰਦੁਆਰਾ ਫਰੀਮਾਂਟ ਵਲੋਂ ਹੇਤੀ ਲਈ ਫੰਡਰੇਜ਼ਰ

**ਫਰੀਮਾਂਟ:** ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧਕਾਂ ਵਲੋਂ ਹੇਤੀ 'ਚ ਆਏ ਭੂਚਾਲ ਨਾਲ ਮਚੀ ਤਬਾਹੀ ਦਾ ਸ਼ਿਕਾਰ ਹੋਏ ਲੋਕਾਂ ਦੀ ਭਲਾਈ ਲਈ ਫੰਡਰੇਜ਼ਰ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਗੁਰੂ ਘਰ ਦੇ ਸਕੱਤਰ ਭਾਈ ਸਤਨਾਮ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਕੱਤਰ ਹੋਏ ਪੈਸੇ ਦਾ ਇਕ ਇਕ ਡਾਲਰ ਹੇਤੀ ਦੇ ਲੋਕਾਂ ਦੇ ਭਲੇ ਲਈ ਸਿੱਧਾ ਰਾਸ਼ਟਰਪਤੀ ਓਬਾਮਾ ਦੇ ਫੰਡ ਵਿਚ ਜਮ੍ਹਾ ਕਰਵਾਉਣ ਲਈ ਵਾਈਟ ਹਾਊਸ ਭੇਜਿਆ ਜਾਏਗਾ। ਉਨ੍ਹਾਂ ਸਮੂਹ ਸੰਗਤ ਨੂੰ ਇਸ ਭਲੇ ਦੇ ਕੰਮ ਵਿਚ ਹਿੱਸਾ ਪਾਉਣ ਦੀ ਅਪੀਲ ਕੀਤੀ।

## ਪੀ ਐਚ ਓ ਦਾ ਛੇਵਾਂ ਸਾਲਾਨਾ ਮੇਲਾ 2 ਮਈ ਨੂੰ

**ਬੇਕਰਜ਼ਫੀਲਡ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਦਾ ਛੇਵਾਂ ਸਾਲਾਨਾ ਮੇਲਾ ਐਤਵਾਰ 2 ਮਈ ਨੂੰ ਬਾਅਦ ਦੁਪਹਿਰ ਦੋ ਵਜੇ ਤੋਂ ਰਾਤ 9 ਵਜੇ ਤੱਕ ਸਥਾਨਕ ਕਨਵੈਨਸ਼ਨ ਸੈਂਟਰ ਵਿਚ ਕਰਵਾਇਆ ਜਾਵੇਗਾ।

ਇਸ ਸਬੰਧੀ ਫੈਸਲਾ ਐਤਵਾਰ ਨੂੰ ਸੰਸਥਾ ਦੀ ਇਥੇ ਹੋਈ ਇਕ ਮੀਟਿੰਗ 'ਚ ਲਿਆ ਗਿਆ। ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਮੇਲੇ ਵਿਚ ਪੰਜਾਬ ਤੋਂ ਉਚ ਕੋਟੀ ਦੇ ਗਾਇਕ ਅਤੇ ਕਾਮੇਡੀ ਕਲਾਕਾਰ ਆਪਣੀ ਕਲਾ ਦਾ ਜੌਹਰ ਵਿਖਾਉਣਗੇ। ਇਸ ਤੋਂ ਇਲਾਵਾ ਸਥਾਨਕ ਬੱਚਿਆਂ ਅਤੇ ਨੌਜਵਾਨਾਂ ਦੇ ਗਿੱਧੇ ਅਤੇ ਭੰਗੜੇ ਦੇ ਮੁਕਾਬਲੇ ਕਰਵਾਏ ਜਾਣਗੇ। ਇਸ ਮੌਕੇ ਵੱਖ ਵੱਖ ਤਰ੍ਹਾਂ ਦੀ ਖਰੀਦੋ-ਫਰੋਖਤ ਦੇ ਸਟਾਲ ਵੀ ਲਾਏ ਜਾਣਗੇ। ਇਸ ਵਾਰ ਸਿਰਫ ਖਾਣ-ਪੀਣ ਦੇ ਸਟਾਲਾਂ ਨੂੰ ਛੱਡ ਕੇ ਬਾਕੀ ਸਭ ਸਟਾਲ ਮੁਫਤ ਲਗਾਏ ਜਾਣਗੇ। ਸਟਾਲ ਲਗਾਉਣ ਲਈ ਮਨਦੀਪ ਮਾਨ ਨਾਲ ਫੋਨ 661-889-1927 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਸਟਾਲਾਂ ਲਈ ਜਗ੍ਹਾ ਸੀਮਤ ਹੈ ਅਤੇ ਇਹ ਪਹਿਲਾਂ ਆਓ, ਪਹਿਲਾਂ ਪਾਓ ਦੇ ਆਧਾਰ ਉਤੇ ਦਿੱਤੇ ਜਾਣਗੇ।

**ਬੇਕਰਜ਼ਫੀਲਡ ਸ਼ਹਿਰ ਦੇ ਉਘੇ ਕਾਰੋਬਾਰੀ ਭਰਪੂਰ ਸਿੰਘ ਬਰਾੜ ਨੇ ਆਪਣੇ ਪੁੱਤਰ ਤਨਵੀਰ ਸਿੰਘ ਦੀ ਪਹਿਲੀ ਲੋਹੜੀ ਸਥਾਨਕ ਗੁਰਦੁਆਰਾ ਪਲਾਂਜ ਰੋਡ ਵਿਖੇ ਮਨਾਈ ਅਤੇ ਇਸ ਮੌਕੇ ਅਖੰਡ ਪਾਠ ਕਰਾਇਆ ਗਿਆ। ਉਨ੍ਹਾਂ ਦੇ ਪਰਿਵਾਰ ਨੇ ਇਸ ਦੌਰਾਨ ਰਲ ਮਿਲ ਕੇ ਲੰਗਰ ਦੀ ਸੇਵਾ ਕੀਤੀ। ਇਸੇ ਦੌਰਾਨ ਸ. ਹਰਦਮ ਸਿੰਘ ਔਲਖ ਨੇ ਵੀ ਆਪਣੇ ਪੋਤਰੇ ਦੀ ਲੋਹੜੀ ਗੁਰੂ ਘਰ ਪਲਾਂਜ ਰੋਡ ਵਿਖੇ ਮਨਾਈ। ਦੋਹਾਂ ਪਰਿਵਾਰਾਂ ਵਲੋਂ ਲੋਹੜੀ ਦੀ ਖੁਸ਼ੀ ਵਿਚ ਮੂੰਗਫਲੀਆਂ ਤੇ ਰਿਓੜੀਆਂ ਵੰਡੀਆਂ ਗਈਆਂ। ਇਸ ਮੌਕੇ ਦੋਹਾਂ ਪਰਿਵਾਰਾਂ ਦੇ ਰਿਸ਼ਤੇਦਾਰਾਂ ਤੋਂ ਇਲਾਵਾ ਸਥਾਨਕ ਪਤਵੰਤੇ-ਸੱਜਣ ਹਾਜ਼ਰ ਹੋਏ। ਇਨ੍ਹਾਂ ਵਿਚ ਡਾ. ਗੁਰਚਰਨ ਸਿੰਘ ਢਿੱਲੋਂ, ਪਰਮਜੀਤ ਸਿੰਘ ਦੋਸਾਂਝ, ਪਲਵਿੰਦਰ ਸਿੰਘ ਸ਼ੇਰਗਿੱਲ, ਮਨਦੀਪ ਮਾਨ, ਛਿੰਦਰ ਸਿੰਘ ਢਿੱਲੋਂ, ਡਾ. ਪ੍ਰੀਤਮ ਸਿੰਘ ਬਦੇਸ਼ਾ, ਧੰਨਾ ਸਿੰਘ ਬਾਜਵਾ, ਮਨਜੀਤ ਸਿੰਘ ਰਿਆੜ, ਪਾਲ ਸਿੰਘ, ਮਨਜੀਤ ਸਿੰਘ, ਜੁਗਰਾਜ ਸਿੰਘ ਪੰਛੀ ਹਾਜ਼ਰ ਸਨ। ਇਕ ਵੱਖਰੇ ਸਮਾਗਮ ਵਿਚ ਭਰਪੂਰ ਸਿੰਘ ਬਰਾੜ ਪਰਿਵਾਰ ਨੇ ਆਪਣੇ ਪੁੱਤਰ ਦਾ ਜਨਮ ਦਿਨ ਵੀ ਧੂਮ ਧਾਮ ਨਾਲ ਮਨਾਇਆ। ਇਹ ਤਸਵੀਰਾਂ ਇਨ੍ਹਾਂ ਸਮਾਗਮਾਂ ਮੌਕੇ ਦੀਆਂ ਹਨ।**







# ਹਾਕੀ ਸੰਕਟ ਨੇ ਮੱਟੂ ਦੀ ਬਲੀ ਲਈ, ਸਟੋਕਸ ਦੇ ਹੱਥ ਦਿੱਤੀ ਪ੍ਰਧਾਨਗੀ

**ਨਵੀਂ ਦਿੱਲੀ :** ਹਾਕੀ ਇੰਡੀਆ ਦੇ ਪ੍ਰਧਾਨ ਅਤੇ ਰਾਸ਼ਟਰਮੰਡਲ ਖੇਡ ਆਯੋਜਨ ਕਮੇਟੀ ਦੇ ਕੈਸ਼ੀਅਰ ਅਹੁਦੇ ਤੋਂ ਅਸਤੀਫਾ ਦੇਣ ਵਾਲੇ ਏ. ਕੇ. ਮੱਟੂ ਕਾਫੀ ਸਮਝਾਉਣ-ਬੁਝਾਉਣ ਦੇ ਬਾਵਜੂਦ ਆਪਣੇ ਫੈਸਲੇ ਤੋਂ ਟੱਸ ਤੋਂ ਮੱਸ ਨਾ ਹੋਏ ਜਿਸ ਕਾਰਨ ਆਖਰਕਾਰ ਉਨ੍ਹਾਂ ਦਾ ਅਸਤੀਫਾ ਮਨਜ਼ੂਰ ਕਰ ਲਿਆ ਗਿਆ। ਭਾਰਤੀ ਓਲੰਪਿਕ ਸੰਘ (ਆਈ. ਓ. ਏ.) ਅਤੇ ਆਯੋਜਨ ਕਮੇਟੀ ਦੇ ਪ੍ਰਧਾਨ ਸੁਰੇਸ਼ ਕਲਮਾਡੀ ਨੇ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਅਸੀਂ ਮੱਟੂ ਨੂੰ ਫੈਸਲਾ ਬਦਲਣ ਲਈ ਮਨਾ ਨਹੀਂ ਸਕੇ। ਮੱਟੂ ਦੀ ਜਗ੍ਹਾ ਸਰਵ ਭਾਰਤੀ ਟੈਨਿਸ ਫੈਡਰੇਸ਼ਨ ਦੇ ਜਨਰਲ ਸਕੱਤਰ ਅਨਿਲ ਖੰਨਾ ਨੂੰ ਰਾਸ਼ਟਮੰਡਲ ਖੇਡ ਆਯੋਜਨ ਕਮੇਟੀ ਦਾ ਕੈਸ਼ੀਅਰ ਅਤੇ ਸੀਨੀਅਰ ਉਪ ਪ੍ਰਧਾਨ ਵਿੱਦਿਆ ਸਟੋਕਸ ਨੂੰ ਹਾਕੀ ਇੰਡੀਆ ਦੀ 7 ਫਰਵਰੀ ਨੂੰ ਹੋਣ ਵਾਲੀ ਚੋਣ ਤੱਕ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਏ ਕੇ ਮੱਟੂ ਨੇ 17 ਜਨਵਰੀ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਇਸ ਦੇ ਨਾਲ ਹੀ ਸ੍ਰੀ ਮੱਟੂ ਨੇ ਵੱਖੋ-ਵੱਖਰੀਆਂ ਖੇਡ ਜਥੇਬੰਦੀਆਂ ਦੇ ਆਪਣੇ ਸਾਰੇ ਪ੍ਰਸ਼ਾਸਨਿਕ ਅਹੁਦੇ ਵੀ ਛੱਡ ਦਿੱਤੇ ਸਨ।



ਇਸ ਮੌਕੇ ਸ੍ਰੀ ਮੱਟੂ ਨੇ ਕਿਹਾ ਕਿ ਉਨ੍ਹਾਂ ਨੇ ਵੱਖੋ-ਵੱਖਰੀਆਂ ਖੇਡ ਜਥੇਬੰਦੀਆਂ ਵਿਚ ਬਤੌਰ ਖੇਡ ਪ੍ਰਸ਼ਾਸਕ 40 ਵਰ੍ਹਿਆਂ ਦਾ ਸਮਾਂ ਬਿਤਾਇਆ ਅਤੇ ਇਸ ਸਮੇਂ ਦਾ ਉਨ੍ਹਾਂ ਨੇ ਬਹੁਤ ਆਨੰਦ ਮਾਣਿਆ। ਪਰ ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਵੀ ਕਹਿ ਦਿੱਤਾ ਕਿ ਹੁਣ ਉਹ ਇਸ ਸਭ ਦੇ ਵਿਚ ਦੁਬਾਰਾ ਨਹੀਂ ਪੈਣਾ ਚਾਹੁੰਦੇ। ਉਨ੍ਹਾਂ ਇਹ ਵੀ ਕਿਹਾ ਕਿ ਹਾਲ ਹੀ ਵਿਚ ਕੌਮੀ ਹਾਕੀ ਟੀਮ ਦੇ ਖਿਡਾਰੀਆਂ ਵਲੋਂ ਕੀਤੀ ਗਈ ਹੜਤਾਲ ਵਿਚ ਜਿਸ ਤਰ੍ਹਾਂ ਉਨ੍ਹਾਂ 'ਤੇ ਇਲਜ਼ਾਮਬਾਜ਼ੀ ਕੀਤੀ ਗਈ ਅਤੇ ਜਿਸ ਤਰ੍ਹਾਂ ਇਸ ਸਾਰੇ ਮਾਮਲੇ ਨੂੰ ਪੇਸ਼ ਕੀਤਾ ਗਿਆ, ਉਸ ਨਾਲ ਉਨ੍ਹਾਂ ਨੂੰ ਗਹਿਰਾ ਦੁੱਖ ਪਹੁੰਚਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਦੇ ਅਸਤੀਫ਼ੇ ਵਿਚ ਇਹ ਇਕ ਕਾਰਨ ਹੈ। ਦੱਸਣਯੋਗ ਹੈ ਕਿ ਖਿਡਾਰੀਆਂ ਅਤੇ ਹਾਕੀ ਇੰਡੀਆ ਦਰਮਿਆਨ ਤਨਖਾਹ ਅਤੇ ਅਦਾਇਗੀਆਂ ਨੂੰ ਲੈ ਕੇ ਪੈਦਾ ਹੋਏ ਹਾਲੀਆ ਵਿਵਾਦ ਦੌਰਾਨ ਸ੍ਰੀ ਮੱਟੂ ਨੇ ਖਿਡਾਰੀਆਂ ਨਾਲ ਗੱਲਬਾਤ ਕੀਤੀ ਸੀ। ਖਿਡਾਰੀਆਂ ਨੇ ਪੁਣੇ ਦੇ ਬਾਲੇਵਾੜੀ ਸਪੋਰਟਸ ਕੰਪਲੈਕਸ ਵਿਖੇ ਚਲ ਰਹੇ ਵਿਸ਼ਵ ਕੱਪ ਅਭਿਆਸ ਕੈਂਪ ਦਾ ਬਾਈਕਾਟ ਵੀ ਕਰ ਦਿੱਤਾ ਸੀ। ਸ੍ਰੀ ਮੱਟੂ ਨੇ ਉਸ ਸਮੇਂ ਦੌਰਾਨ ਕਿਹਾ ਸੀ ਕਿ ਹਾਕੀ ਇੰਡੀਆ ਕੋਲ ਖ਼ਿਡਾਰੀਆਂ ਨੂੰ ਦੇਣ ਲਈ ਕੋਈ ਫੰਡ ਮੌਜੂਦ ਨਹੀਂ ਹਨ ਅਤੇ ਉਨ੍ਹਾਂ ਖ਼ਿਡਾਰੀਆਂ ਨੂੰ 25000 ਰੁਪਏ ਦੀ ਪੇਸ਼ਕਸ਼ ਕੀਤੀ ਸੀ। ਖਿਡਾਰੀਆਂ ਦੀ ਦੂਜੇ ਪਾਸੇ ਮੰਗ ਸੀ ਕਿ ਉਨ੍ਹਾਂ ਨੂੰ ਮੈਚ ਫ਼ੀਸ, ਭੱਤਿਆਂ ਅਤੇ ਹੋਰ ਅਦਾਇਗੀਆਂ ਵਜੋਂ 4.5 ਲੱਖ ਰੁਪਏ ਦਿੱਤੇ ਜਾਣ। ਬਾਅਦ ਵਿਚ ਸ੍ਰੀ ਕਲਮਾਡੀ ਨੇ ਹਾਕੀ ਇੰਡੀਆ ਅਤੇ ਖ਼ਿਡਾਰੀਆਂ ਦਰਮਿਆਨ ਸਮਝੌਤਾ ਕਰਵਾ ਦਿੱਤਾ ਸੀ। ਸਹਾਰਾ ਇੰਡੀਆ ਨੇ ਫ਼ੌਰੀ ਤੌਰ 'ਤੇ 1 ਕਰੋੜ ਰੁਪਏ ਦੀ ਮਾਲੀ ਸਹਾਇਤਾ ਕਰਦੇ ਹੋਏ ਉਸ ਨੂੰ ਸਿਰਫ਼ ਖ਼ਿਡਾਰੀਆਂ ਵਿਚ ਹੀ ਵੰਡੇ ਜਾਣ ਲਈ ਕਿਹਾ ਸੀ। ਦੱਸਣਯੋਗ ਹੈ ਕਿ ਹਾਕੀ ਇੰਡੀਆ ਦੀਆਂ ਜਥੇਬੰਦਕ ਚੋਣਾਂ 7 ਫ਼ਰਵਰੀ ਨੂੰ ਹੋਣੀਆਂ ਹਨ ਤੇ ਵਿਸ਼ਵ ਕੱਪ ਫ਼ਰਵਰੀ ਦੇ ਆਖ਼ਰੀ ਹਫ਼ਤੇ ਸ਼ੁਰੂ ਹੋਣ ਵਾਲਾ ਹੈ। ਇਸ ਦੌਰਾਨ

## ਹਾਕੀ ਖਿਡਾਰੀ ਕੈਂਪ ਵਿਚ ਪਰਤੇ — ਬਲਜੀਤ ਨੂੰ ਹੋਰ ਰਾਹਤ

ਪੁਣੇ ਵਿਚ ਵਿਵਾਦ ਦੇ ਹਲ ਤੋਂ ਬਾਅਦ ਭਾਰਤੀ ਹਾਕੀ ਟੀਮ ਵੀਰਵਾਰ ਨੂੰ ਅਭਿਆਸ ਲਈ ਵਾਪਿਸ ਆ ਗਈ ਤੇ ਇਸ ਵਿਵਾਦ ਦੇ ਅੰਤ ਦੇ ਨਾਲ ਹੀ ਹਾਕੀ ਨਾਲ ਜੁੜਿਆ ਇਕ ਹੋਰ ਵਿਵਾਦ ਸ਼ੁਰੂ ਹੋ ਗਿਆ। ਬੀਤੇ ਸਾਲ ਅਭਿਆਸ ਦੇ ਦੌਰਾਨ ਆਪਣੀ ਇਕ ਅੱਖ ਗਵਾ ਚੁੱਕੇ ਭਾਰਤੀ ਹਾਕੀ ਟੀਮ ਦੇ ਗੋਲਕੀਪਰ ਬਲਜੀਤ ਸਿੰਘ ਨੇ ਖੇਡ ਮੰਤਰੀ ਐਮ.ਐਸ.ਗਿੱਲ ਨੂੰ ਆੜੇ ਹੱਥੀਂ ਲੈਂਦੇ ਹੋਏ ਕਿਹਾ ਕਿ ਉਨ੍ਹਾਂ ਨੇ ਉਸਦੇ ਇਲਾਜ ਲਈ ਪੂਰਾ ਖਰਚਾ ਚੁੱਕਣ ਦਾ ਵਾਅਦਾ ਪੂਰਾ ਨਹੀਂ ਕੀਤਾ ਅਤੇ ਅੱਧੇ ਇਲਾਜ ਦੇ ਬਾਅਦ ਹੀ ਅਮਰੀਕਾ ਤੋਂ ਵਾਪਸ ਬੁਲਾ ਲਿਆ ਗਿਆ। ਬਲਜੀਤ ਨੇ ਕਿਹਾ ਕਿ ਖੇਡ ਮੰਤਰੀ ਨੂੰ ਕਿਸੇ ਖਿਡਾਰੀ ਨਾਲ ਕੋਈ ਹਮਦਰਦੀ ਨਹੀਂ ਹੈ। ਜੇਕਰ ਹਮਦਰਦੀ ਹੁੰਦੀ ਤਾਂ ਮੇਰੇ ਨਾਲ ਇਹੋ ਜਿਹਾ ਸਲੂਕ ਨਾ ਹੁੰਦਾ। ਬਲਜੀਤ ਨੇ ਕਿਹਾ ਕਿ ਜਦੋਂ ਮੈਨੂੰ ਸੱਟ ਲਗੀ ਸੀ ਤਾਂ ਗਿੱਲ ਨੇ ਕਿਹਾ ਸੀ ਉਹ ਖੁਦ ਇਸ ਗੱਲ ਦਾ ਧਿਆਨ ਰਖਣਗੇ ਕਿ ਮੈਂ ਆਪਣੀਆਂ ਅੱਖਾਂ ਨਾਲ ਪੂਰੀ ਤਰ੍ਹਾਂ ਦੇਖ ਸਕਾਂ ਪਰ ਖੇਡ ਮੰਤਰਾਲਿਆ ਨੇ ਅਮਰੀਕਾ ਵਿਚ ਇਕ ਆਪ੍ਰੇਸ਼ਨ ਹੋਣ ਦੇ ਬਾਅਦ ਦੂਜਾ ਮਹੱਤਵਪੂਰਣ ਆਪ੍ਰੇਸ਼ਨ ਹੋਣ ਤੋਂ ਪਹਿਲਾਂ ਹੀ ਮੈਨੂੰ ਇਹ ਕਹਿ ਕੇ ਵਾਪਸ ਬੁਲਾ ਲਿਆ ਕਿ ਇਹ ਆਪ੍ਰੇਸ਼ਨ ਭਾਰਤ ਵਿਚ ਹੀ ਚੰਗੀ ਤਰ੍ਹਾਂ ਹੋ ਸਕਦਾ ਹੈ।



ਬਲਜੀਤ ਨੇ ਕਿਹਾ ਕਿ ਪਿਛਲੇ ਤਿੰਨ ਮਹੀਨਿਆਂ ਵਿਚ ਉਹ ਲਗਾਤਾਰ ਖੇਡ ਮੰਤਰੀ ਨਾਲ ਆਪਣਾ ਇਲਾਜ ਕਰਾਉਣ ਲਈ ਗੁਹਾਰ ਲਗਾ ਰਿਹਾ ਹੈ ਪਰ ਉਸ ਨੂੰ ਇਹ ਕਹਿਕੇ ਮਨ੍ਹਾਂ ਕਰ ਦਿੱਤਾ ਗਿਆ ਕਿ ਹਾਕੀ ਇੰਡੀਆ ਦੇ ਕੋਲ ਪੈਸਾ ਨਹੀਂ ਹੈ ਅਤੇ ਆਈ ਓ ਏ ਤੇ ਖੇਡ ਮੰਤਰਾਲਿਆ ਵੀ ਹੋਰ ਖਰਚ ਚੁੱਕਣ ਲਈ ਤਿਆਰ ਨਹੀ। ਬਲਜੀਤ ਨੇ ਸਵਾਲ ਕੀਤਾ ਕਿ ਮੀਡੀਆ ਵਿਚ ਆਉਣ ਦੇ ਬਾਅਦ ਹੀ ਇਹ ਲੋਕ ਸ੍ਹਾਮਣੇ ਕਿਉਂ ਆਉਂਦੇ ਹਨ। ਪਿਛਲੇ ਤਿੰਨ ਮਹੀਨਿਆਂ ਤੋਂ ਮੈਂ ਇਲਾਜ ਦੇ ਲਈ ਭਟਕ ਰਿਹਾ ਹਾਂ ਪਰ ਮੇਰਾ ਹਾਲ ਕਿਸੇ ਨੇ ਨਹੀਂ ਪੁਛਿਆ।

ਬਲਜੀਤ ਨੇ ਕਿਹਾ, 'ਮੇਰੀ ਟੀਮ ਨੇ ਮੇਰੇ ਲਈ ਆਵਾਜ਼ ਚੁੱਕੀ ਜਿਸਦੇ ਬਾਅਦ ਹਾਕੀ ਇੰਡੀਆ ਨੇ ਮੈਨੂੰ ਢਾਈ ਲੱਖ ਰੁਪਏ ਦੇਣ ਦਾ ਭਰੋਸਾ ਦਿੱਤਾ ਜੋ ਮੈਂ ਅਮਰੀਕਾ ਵਿਚ ਆਪਣੇ ਇਲਾਜ ਤੇ ਖੁਦ ਖਰਚ ਕੀਤਾ ਹੈ। ਭਾਰਤ ਦੇ ਨੰਬਰ ਇਕ ਗੋਲਕੀਪਰ ਰਹੇ ਬਲਜੀਤ ਨੇ ਖੇਡ ਮੰਤਰੀ ਤੋਂ ਗੁਹਾਰ ਲਾਈ ਹੈ ਕਿ ਉਨ੍ਹਾਂ ਨੇ ਜਿੰਨਾ ਉਸਦੇ ਲਈ ਕੀਤਾ ਹੈ ਉਹ ਉਸਦੇ ਲਈ ਦੇਣਦਾਰ ਹੈ ਅਤੇ ਬੇਨਤੀ ਕਰਦਾ ਹੈ ਉਸ ਦਾ ਇਲਾਜ ਪੂਰਾ ਕਰਵਾਇਆ ਜਾਵੇ ਤਾਂ ਕਿ ਉਹ ਇਕ ਵਾਰ ਫਿਰ ਭਾਰਤ ਵਲੋਂ ਖੇਡ ਸਕੇ। ਯਾਦ ਰਹੇ ਭਾਰਤੀ ਓਲੰਪਿਕ ਸੰਘ ਦੇ ਮੁਖੀ ਸੁਰੇਸ਼ ਕਲਮਾਡੀ ਨਾਲ 13 ਜਨਵਰੀ ਨੂੰ ਹੋਈ ਗੱਲਬਾਤ ਤੋਂ ਬਾਅਦ ਭਾਰਤੀ ਹਾਕੀ ਟੀਮ ਦੇ ਮੈਂਬਰਾਂ ਦੇ ਮਿਹਨਤਾਨੇ ਤੇ ਹੋਰ ਮੰਗਾਂ ਸਬੰਧੀ ਕਈ ਦਿਨਾਂ ਤੋਂ ਚੱਲ ਰਿਹਾ ਰੇੜਕਾ ਖ਼ਤਮ ਹੋ ਗਿਆ ਹੈ। ਇਸ ਮੁਲਾਕਾਤ ਤੋਂ ਬਾਅਦ ਹਾਕੀ ਖਿਡਾਰੀਆਂ ਨੇ ਟੀਮ ਲਈ ਲਗਾਏ ਜਾ ਰਹੇ ਅਭਿਆਸ ਕੈਂਪ ਵਿਚ ਹਿੱਸਾ ਲੈਣ ਦਾ ਐਲਾਨ ਕਰ ਦਿੱਤਾ ਹੈ। ਦੂਜੇ ਪਾਸੇ ਹਾਕੀ ਇੰਡੀਆ ਤੋਂ ਵੱਖਰਾ ਰੁਖ਼ ਅਪਣਾਉਂਦਿਆਂ ਸ੍ਰੀ ਕਲਮਾਡੀ ਨੇ ਵੀ ਓਲੰਪਿਕ ਸੰਘ ਵਲੋਂ ਹਾਕੀ ਖਿਡਾਰੀਆਂ ਨੂੰ 50 ਲੱਖ ਰੁਪਏ ਦੇਣ ਦੀ ਗੱਲ ਕਹੀ ਸੀ। ਮਿਲੀ ਜਾਣਕਾਰੀ ਮੁਤਾਬਕ ਇਹ ਵੀ ਤੈਅ ਹੋਇਆ ਹੈ ਕਿ ਸਪਾਂਸਰ ਕੰਪਨੀ ਸਹਾਰਾ ਇੰਡੀਆ ਵਲੋਂ ਦਿੱਤੇ ਗਏ 1 ਕਰੋੜ ਰੁਪਏ ਸਾਰੇ ਖਿਡਾਰੀਆਂ ਵਿਚ ਵੰਡ ਦਿੱਤੇ ਗਏ ਹਨ। 'ਹਾਕੀ ਇੰਡੀਆ' ਨੇ ਭਾਰਤੀ ਓਲੰਪਿਕ ਸੰਘ ਦੇ ਮੁਖੀ ਸੁਰੇਸ਼ ਕਲਮਾਡੀ ਦੀ ਮੌਜੂਦਗੀ ਵਿਚ ਹੋਈ ਮੀਟਿੰਗ ਤੋਂ ਬਾਅਦ ਖਿਡਾਰੀਆਂ ਦੁਆਰਾ ਦਿੱਤੀ ਗਈ ਸੂਚੀ ਅਨੁਸਾਰ ਉਨ੍ਹਾਂ ਨੂੰ ਤਨਖ਼ਾਹ ਅਤੇ ਭੱਤੇ ਦੇਣਾ ਸਵੀਕਾਰ ਕਰ ਲਿਆ ਹੈ। ਜ਼ਿਕਰਯੋਗ ਹੈ ਕਿ 'ਹਾਕੀ ਇੰਡੀਆ' ਨੇ ਗੱਲਬਾਤ ਨਾਕਾਮ ਰਹਿਣ ਤੋਂ ਬਾਅਦ ਖਿਡਾਰੀਆਂ ਨੂੰ ਕੈਂਪ ਵਿਚ ਵਾਪਸ ਆਉਣ ਲਈ 48 ਘੰਟਿਆਂ ਦਾ ਅਲਟੀਮੇਟਮ ਦਿੱਤਾ ਸੀ। ਹਾਕੀ ਇੰਡੀਆ ਨੇ ਕਿਹਾ ਸੀ ਕਿ ਕੈਂਪ ਵਿਚ ਵਾਪਸ ਨਾ ਆਉਣ ਦੀ ਸੂਰਤ ਵਿਚ ਖਿਡਾਰੀਆਂ ਨੂੰ ਮੁਅੱਤਲ ਕਰਕੇ ਜੂਨੀਅਰ ਖਿਡਾਰੀਆਂ ਨੂੰ ਲੈ ਕੇ ਨਵੀਂ ਟੀਮ ਦਾ ਗਠਨ ਕਰ ਦਿੱਤਾ ਜਾਵੇਗਾ। ਦੱਸਣਯੋਗ ਹੈ ਕਿ ਇਸ ਮਾਮਲੇ ਨੇ ਉਸ ਸਮੇਂ ਨਾਟਕੀ ਮੋੜ ਲੈ ਲਿਆ, ਜਦੋਂ ਫੁੱਲ ਬੈਕ ਵੀ ਰਘੁਨਾਥ ਦੀ ਅਗਵਾਈ ਵਿਚ ਜੂਨੀਅਰ ਟੀਮ ਦੇ ਸਾਰੇ ਖਿਡਾਰੀ ਸੀਨੀਅਰ ਸਾਥੀਆਂ ਦੇ ਸਮਰਥਨ ਵਿਚ ਡਟ ਗਏ। ਇਸ ਤੋਂ ਬਾਅਦ ਹਾਕੀ ਇੰਡੀਆ ਆਪਣੇ ਸਟੈਂਡ ਤੋਂ ਪਿੱਛੇ ਹਟ ਗਈ। ਦੂਜੇ ਪਾਸੇ ਵਿੱਤੀ ਸੰਕਟ ਦਾ ਸਾਹਮਣਾ ਕਰਦੇ ਹਾਕੀ ਖਿਡਾਰੀਆਂ ਲਈ ਟੀਮ ਦੇ ਮੁੱਖ ਸਪਾਂਸਰ ਸਹਾਰਾ ਇੰਡੀਆ ਨੇ ਇੱਕ ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਜਾਰੀ ਕਰ ਦਿੱਤੀ ਹੈ। ਸਹਾਰਾ ਇੰਡੀਆ ਦੀ ਕੋਸ਼ਿਸ਼ ਹੈ ਕਿ ਤਨਖ਼ਾਹ ਲਈ ਪੁਣੇ ਵਿਚ ਜਾਰੀ ਕੌਮੀ ਕੈਂਪ ਦਾ ਬਾਈਕਾਟ ਕਰ ਰਹੇ ਖਿਡਾਰੀ ਸਾਰੇ ਵਿਵਾਦ ਨੂੰ ਭੁੱਲ ਕੇ ਵਿਸ਼ਵ ਕੱਪ ਦੀ ਤਿਆਰੀ ਵਿਚ ਜੁਟ ਜਾਣ। ਇੱਥੇ ਇਹ ਦੱਸਣਾ ਬਣਦਾ ਹੈ ਕਿ ਸਹਾਰਾ ਇੰਡੀਆ ਜੋ ਹਾਕੀ ਟੀਮ ਦੀ ਮੁੱਖ ਸਪਾਂਸਰ ਹੈ, ਵਲੋਂ 15 ਜਨਵਰੀ ਤੋਂ 14 ਅਪ੍ਰੈਲ ਤੱਕ ਦੇ ਸਮੇਂ ਲਈ ਨਿਰਧਾਰਤ ਸਪਾਂਸਰ ਰਾਸ਼ੀ (ਜੋ 77 ਲੱਖ ਰੁਪਏ ਬਣਦੀ ਹੈ) ਦਾ ਭੁਗਤਾਨ ਪੇਸ਼ਗੀ ਵਜੋਂ ਕੀਤਾ ਜਾ ਚੁੱਕਿਆ ਹੈ ਤੇ ਹੁਣ ਜੋ 1 ਕਰੋੜ ਰੁਪਏ ਦੀ ਰਾਸ਼ੀ ਇਸ ਕੰਪਨੀ ਵਲੋਂ ਦਿੱਤੀ ਗਈ ਹੈ, ਉਹ ਸਿਰਫ਼ ਖਿਡਾਰੀਆਂ ਵਿਚਾਲੇ ਵੰਡਣ ਲਈ ਹੈ।

**ਇਕ ਕਰੋੜ ਖਿਡਾਰੀਆਂ 'ਚ ਵੰਡਿਆ:** ਭਾਰਤੀ ਓਲੰਪਿਕ ਸੰਘ ਦੇ ਮੁਖੀ ਸੁਰੇਸ਼ ਕਲਮਾਡੀ ਨੇ ਬਾਗੀ ਹੋਏ ਹਾਕੀ ਖਿਡਾਰੀਆਂ ਨੂੰ ਆਪਣੇ ਵਾਅਦੇ ਮੁਤਾਬਕ ਵਿਸ਼ਵ ਕੱਪ ਦੇ ਟ੍ਰੇਨਿੰਗ ਕੈਂਪ 'ਚ ਇੱਕ ਕਰੋੜ ਰੁਪਏ ਦੀ ਰਾਸ਼ੀ ਦਾ ਚੈਕ ਭੇਟ ਕੀਤਾ। ਖਿਡਾਰੀਆਂ ਤੋਂ ਇਲਾਵਾ ਸਹਿਯੋਗੀ ਸਟਾਫ਼ ਨੂੰ ਵੀ ਚੈਕ ਦਿੱਤੇ ਗਏ।ਸ੍ਰੀ ਕਲਮਾਡੀ ਨੇ ਖਿਡਾਰੀਆਂ ਨੂੰ ਉਨ੍ਹਾਂ ਦੇ ਬਕਾਏ ਦੇ ਆਧਾਰ 'ਤੇ ਵੱਖ-ਵੱਖ ਰਾਸ਼ੀਆਂ ਦੇ ਚੈਕ ਭੇਟ ਕੀਤੇ। ਹਾਕੀ ਇੰਡੀਆ ਦੇ ਅਧਿਕਾਰੀਆਂ ਨਾਲ ਗੱਲਬਾਤ ਫੇਲ੍ਹ ਹੋ ਜਾਣ ਤੋਂ ਬਾਅਦ ਸ੍ਰੀ ਕਲਮਾਡੀ ਨੇ ਇਸ ਮਾਮਲੇ 'ਚ ਦਖ਼ਲਅੰਦਾਜ਼ੀ ਕਰਦਿਆਂ ਬਾਗੀ ਖਿਡਾਰੀਆਂ ਨੂੰ ਕੈਂਪ ਵਿਚ ਆਉਣ ਲਈ ਮਨਾਇਆ। ਸ੍ਰੀ ਕਲਮਾਡੀ ਨੇ ਅੱਜ ਖਿਡਾਰੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਪੈਸੇ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਉਨ੍ਹਾਂ ਖਿਡਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਸਾਰਾ ਧਿਆਨ ਅਗਲੇ ਮਹੀਨੇ ਹੋਣ ਵਾਲੇ ਵਿਸ਼ਵ ਕੱਪ ਵੱਲ ਲਾਉਣ। ਸ੍ਰੀ ਕਲਮਾਡੀ ਨੇ ਕਿਹਾ ਕਿ ਹੁਣ ਤੋਂ ਮੈਚ ਪੀਸ ਦੇ ਭੁਗਤਾਨ ਦੇ ਸੰਦਰਭ 'ਚ ਹਾਕੀ ਅਤੇ ਕ੍ਰਿਕਟ ਖਿਡਾਰੀਆਂ ਵਿੱਚ ਬਹੁਤਾ ਅੰਤਰ ਨਹੀਂ ਹੋਵੇਗਾ।

## ਮੁੰਬਈ ਹਾਕੀ ਐਸੋਸੀਏਸ਼ਨ ਨੇ ਕਲਮਾਡੀ ਦੀ ਪੇਸ਼ਕਸ਼ ਠੁਕਰਾਈ

**ਮੁੰਬਈ :** ਮੁੰਬਈ ਹਾਕੀ ਐਸੋਸੀਏਸ਼ਨ ਨੇ ਇੰਡੀਅਨ ਓਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਸੁਰੇਸ਼ ਕਮਲਾਡੀ ਦੀ ਸੁਲਾਹ ਸਫਾਈ ਦੀ ਪੇਸ਼ਕਸ਼ ਨੂੰ ਠੁਕਰਾਉਂਦਿਆਂ ਕਿਹਾ ਕਿ ਉਹ ਹਾਕੀ ਇੰਡੀਆ ਵਿਰੁੱਧ ਬੰਬਈ ਹਾਈ ਕੋਰਟ ਵਿੱਚ ਦਾਇਰ ਪਟੀਸ਼ਨ ਨੂੰ ਵਾਪਸ ਨਹੀਂ ਲਵੇਗੀ। ਮੁੰਬਈ ਹਾਕੀ ਐਸੋਸੀਏਸ਼ਨ ਦੇ ਸਕੱਤਰ ਗੁਰਬਖਸ਼ ਸਿੰਘ ਗਰੇਵਾਲ ਨੇ ਦਾਅਵਾ ਕੀਤਾ ਕਿ ਸ੍ਰੀ ਕਲਮਾਡੀ ਨੇ ਉਨ੍ਹਾਂ ਨੂੰ ਹਾਕੀ ਇੰਡੀਆ ਦੀ ਮਾਨਤਾ ਦੇਣ ਸਬੰਧੀ ਪੇਸ਼ਕਸ਼ ਕੀਤੀ ਸੀ। ਉਨ੍ਹਾਂ 'ਤੇ ਰਿੱਟ ਵਾਪਸ ਲੈਣ ਲਈ ਜੋਰ ਪਾਇਆ ਸੀ। ਸ੍ਰੀ ਗਰੇਵਾਲ ਨੇ ਕਿਹਾ ਕਿ ਹੁਣ ਕਾਫੀ ਦੇਰ ਹੋ ਚੁੱਕੀ ਹੈ।

ਸ੍ਰੀ ਗਰੇਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਪੇਸ਼ਕਸ਼ ਨੂੰ ਠੁਕਰਾਉਣ ਲਈ ਮਜ਼ਬੂਰ ਕੀਤਾ ਗਿਆ ਕਿਉਂਕਿ ਚੋਣਾਂ ਵਿਚ ਹਿੱਸਾ ਲੈਣਾ ਸਾਡਾ ਅਧਿਕਾਰ ਹੈ ਅਤੇ ਉਹ ਵੋਟਾਂ ਪਾਉਣ ਦੇ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਸ੍ਰੀ ਕਲਮਾਡੀ ਦਾ ਅਚਨਚੇਤੀ ਬਦਲ ਜਾਣਾ ਮਨਜ਼ੂਰ ਨਹੀਂ ਹੈ ਕਿਉਂਕਿ ਮਾਨਤਾ ਦੇਣ ਲਈ ਸਾਡੀ ਬੇਨਤੀ ਤੇ ਸਾਨੂੰ ਕੋਈ ਅਧਿਕਾਰਤ ਸੂਚਨਾ ਨਹੀਂ ਮਿਲੀ। ਅਸੀਂ ਪਿਛਲੇ 10 ਮਹੀਨਿਆਂ ਤੋਂ ਅਨਾਥਾਂ ਦੀ ਤਰ੍ਹਾਂ ਹੈ।

## ਹਾਕੀ ਪ੍ਰਤੀ ਸਰਕਾਰੀ ਬੇਰੁਖੀ ਨਿੰਦਣਯੋਗ-ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਭਾਰਤੀ ਹਾਕੀ ਟੀਮ ਨੂੰ ਵਿਸ਼ਵ ਕੱਪ ਮੁਕਾਬਲੇ ਦੇ ਅਭਿਆਸ ਲਈ ਲੋੜੀਂਦੇ ਭੱਤੇ ਤੇ ਵਿਤੀ ਸੁਵਿਧਾਵਾਂ ਨਾਂ ਪ੍ਰਦਾਨ ਕੀਤੇ ਜਾਣ ਸਬੰਧੀ ਛਪੀਆਂ ਖ਼ਬਰਾਂ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਹਾਕੀ ਦੇਸ਼ ਦੀ ਕੌਮੀ ਖੇਡ ਹੈ ਅਤੇ ਟੀਮ ਦੇ ਚੰਗੇ ਪ੍ਰਦਰਸ਼ਨ ਲਈ ਖਿਡਾਰੀਆਂ ਨੂੰ ਲੋੜੀਂਦੇ ਭੱਤੇ ਜਾਂ ਵਿੱਤੀ ਸਹਾਇਤਾ ਪ੍ਰਦਾਨ ਕਰਨ 'ਚ ਆਨਾ-ਕਾਨੀ ਕਰਨਾ ਖਿਡਾਰੀਆਂ ਦਾ ਅਪਮਾਨ ਕਰਨ ਦੇ ਤੁਲ ਹੈ। ਖਿਡਾਰੀਆਂ ਨਾਲ ਵਧੀਆ ਵਿਹਾਰ ਕਰਨ ਦੀ ਬਜਾਏ ਉਨ੍ਹਾਂ ਨੂੰ ਪ੍ਰੇਸ਼ਾਨੀ 'ਚ ਰੱਖਣਾ ਉਨ੍ਹਾਂ ਦੇ ਮਨੋਬਲ ਨੂੰ ਢਾਹ ਲਾਉਂਦਾ ਹੈ। ਉਨ੍ਹਾਂ ਕਿਹਾ ਕਿ ਖਿਡਾਰੀ ਮੁਕਾਬਲੇ ਦੀ ਭਾਵਨਾ ਨਾਲ ਆਪਣੀ ਜਾਨ ਦਾਅ 'ਤੇ ਲਾ ਕੇ ਦੇਸ਼ ਦਾ ਨਾਮ ਉੱਚਾ ਕਰਨ ਲਈ ਜਿੱਤ ਦੀ ਖਾਤਰ ਖੇਡਦੇ ਹਨ ਪਰ ਉਨ੍ਹਾਂ ਨੂੰ ਲੋੜੀਂਦੇ ਭੱਤੇ ਜਾਂ ਵਿੱਤੀ ਸੁਵਿਧਾਵਾਂ ਪ੍ਰਦਾਨ ਕਰਨਾ ਸਬੰਧਤ ਸੰਸਥਾ ਹਾਕੀ ਫੈਡਰੇਸ਼ਨ ਜਾਂ ਸਰਕਾਰ ਦੀ ਮੁੱਖ ਜ਼ਿੰਮੇਵਾਰੀ ਹੈ।

ਉਨ੍ਹਾਂ ਕਿਹਾ ਕਿ ਚਾਹੀਦਾ ਤਾਂ ਇਹ ਹੈ ਕਿ ਇਸ ਕੌਮੀ ਖੇਡ ਨੂੰ ਹੋਰ ਉਤਸ਼ਾਹਤ ਕਰਨ ਤੇ ਵਧੀਆ ਪ੍ਰਾਪਤੀਆਂ ਲਈ ਖਿਡਾਰੀਆਂ ਦੇ ਬਣਦੇ ਵਿੱਤੀ ਭੱਤੇ ਸਮੇਂ ਤੋਂ ਪਹਿਲਾਂ ਦਿੱਤੇ ਜਾਣ ਪਰ ਹੋ ਇਸਦੇ ਉਲਟ ਰਿਹਾ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਦੇਸ਼ ਦਾ ਨਾਮ ਰੌਸ਼ਨ ਕਰ ਚੁੱਕੀ ਹਾਕੀ ਟੀਮ ਨਾਲ ਅਜਿਹਾ ਵਿਹਾਰ ਬਹੁਤ ਹੀ ਦੁਖਦਾਈ ਹੈ।

ਉਨ੍ਹਾਂ ਕਿਹਾ ਕਿ ਖਿਡਾਰੀਆਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਹਾਕੀ ਟੀਮ 'ਚ ਸਦਭਾਵਨਾ ਵਾਲਾ ਮਾਹੌਲ ਬਣਾ ਖੇਡ ਭਾਵਨਾ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ ਤਾਂ ਜੋ ਭਾਰਤੀ ਹਾਕੀ ਟੀਮ ਖੇਡ ਨੂੰ ਬੁਲੰਦੀਆਂ ਤੇ ਲਿਜਾ ਸਕੇ। ਜਥੇਦਾਰ ਅਵਤਾਰ ਸਿੰਘ ਦੇ ਆਦੇਸ਼ਾਂ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਦਲਮੇਘ ਸਿੰਘ ਨੇ ਅੱਜ ਭਾਰਤੀ ਟੀਮ ਦੇ ਕਪਤਾਨ ਨਾਲ ਫੋਨ 'ਤੇ ਗੱਲ ਕੀਤੀ ਅਤੇ ਉਨ੍ਹਾਂ ਨੂੰ ਦੇਸ਼ ਦੀ ਖਾਤਰ ਵਧੀਆ ਪ੍ਰਦਰਸ਼ਨ ਕਰਨ ਲਈ ਉਤਸ਼ਾਹਤ ਕਰਦਿਆਂ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ।

## ਆਸਟ੍ਰੇਲੀਆ ਨੂੰ ਮਹਾਰਾਸ਼ਟਰ 'ਚ ਨਹੀਂ ਖੇਡਣ ਦਿਆਂਗੇ

**ਪੁਣੇ :** ਆਸਟ੍ਰੇਲੀਆ ਵਿਚ ਭਾਰਤੀਆਂ 'ਤੇ ਹੋ ਰਹੇ ਹਮਲੇ ਨੂੰ ਧਿਆਨ ਵਿਚ ਰੱਖਦੇ ਹੋਏ ਸ਼ਿਵ ਸੈਨਾ ਮੁਖੀ ਬਾਲ ਠਾਕਰੇ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਆਸਟ੍ਰੇਲੀਆ ਦੀ ਟੀਮ ਨੂੰ ਮਹਾਰਾਸ਼ਟਰ ਵਿਚ ਕ੍ਰਿਕਟ ਨਹੀਂ ਖੇਡਣ ਦੇਵੇਗੀ। ਆਸਟ੍ਰੇਲੀਆ ਵਿਚ ਭਾਰਤੀਆਂ ਵਿਰੁਧ ਜਾਰੀ ਹਿੰਸਾ ਅਤੇ ਨਾਰਾਜ਼ਗੀ ਪ੍ਰਗਟਾਉਂਦੇ ਹੋਏ ਠਾਕਰੇ ਨੇ ਕਿਹਾ ਕਿ ਉਸ ਦੇਸ਼ ਵਿਚ ਸਾਡੇ ਲੜਕਿਆਂ ਨੂੰ ਚਾਕੂਆਂ ਨਾਲ ਵਿੰਨ੍ਹਿਆ ਜਾ ਰਿਹਾ ਹੈ, ਸਾੜਿਆ ਜਾ ਰਿਹਾ ਹੈ ਅਤੇ ਗੋਲੀ ਮਾਰੀ ਜਾ ਰਹੀ ਹੈ ਅਤੇ ਸਾਡੇ ਕ੍ਰਿਕਟਰਾਂ ਨੂੰ ਉਨ੍ਹਾਂ ਨਾਲ ਖੇਡਣ ਵਿਚ ਕੋਈ ਦਿੱਕਤ ਨਹੀਂ ਹੈ। ਕੀ ਇਹੋ ਹੈ ਉਨ੍ਹਾਂ ਦਾ ਕੌਮੀ ਗੌਰਵ? ਸ਼ਿਵ ਸੈਨਾ ਨੇ ਆਪਣੇ ਵਲੋਂ ਆਸਟ੍ਰੇਲੀਆ ਕ੍ਰਿਕਟ ਟੀਮ ਦੇ ਮਹਾਰਾਸ਼ਟਰ ਵਿਚ ਖੇਡਣ 'ਤੇ ਪਾਬੰਦੀ ਲਗਾ ਦਿੱਤੀ ਹੈ। ਪਾਰਟੀ ਦਾ ਇਹ ਐਲਾਨ ਉਸਦੇ ਮੁੱਖ ਅਖਬਾਰ 'ਸਾਮਨਾ' ਦੇ ਪਹਿਲੇ ਪੰਨੇ 'ਤੇ ਛਪਿਆ ਹੈ। ਸ੍ਰੀ ਠਾਕਰੇ ਨੇ ਯਾਦ ਕਰਾਇਆ ਕਿ ਉਨ੍ਹਾਂ ਦੇ ਵਰਕਰਾਂ ਨੇ ਇਸੇ ਤਰ੍ਹਾਂ ਦਾ ਕਦਮ ਪਾਕਿਸਤਾਨੀ ਕ੍ਰਿਕਟਰਾਂ ਵਿਰੁਧ ਵੀ ਚੁੱਕਿਆ ਸੀ ਅਤੇ ਉਹ ਅੱਜ ਤਕ ਸਾਡੇ ਸੂਬੇ ਵਿਚ ਨਹੀਂ ਖੇਡ ਸਕੇ।




ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ

ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi E-mail : shweat077@yahoo.com

Mobile : 98155-33933 Fax : 0091-181-5062627

# ਜਯੋਤੀ ਬਾਸੂ ਨਹੀਂ ਰਹੇ, ਮਾਰਕਸੀ ਸਿਆਸਤ ਦੇ ਇਕ ਜੁਗ ਦਾ ਅੰਤ

*(ਪਹਿਲੇ ਸਫੇ ਤੋਂ ਬਾਕੀ)*

ਦੇ ਫੁੱਲ ਭੇਟ ਕਰਨ ਲਈ ਘੰਟਿਆਂਬੱਧੀ ਕਤਾਰਾਂ 'ਚ ਖੜ੍ਹੇ ਆਪਣੀ ਵਾਰੀ ਦੀ ਉਡੀਕ ਕਰਦੇ ਰਹੇ।

ਇਸ ਤੋਂ ਪਹਿਲਾਂ ਜਯੋਤੀ ਬਾਸੂ ਦੀ ਦੇਹ ਨੂੰ ਅਲੀਮੁਦੀਨ ਸਟਰੀਟ 'ਚ ਪਾਰਟੀ ਹੈੱਡਕੁਆਟਰ ਵਿਖੇ ਅਤੇ ਰਾਈਟਰਜ਼ ਬਿਲਡਿੰਗਸ ਸੂਬਾ ਸਕੱਤਰੇਤ ਜਿਥੇ ਉਨ੍ਹਾਂ ਦਾ 1977 ਤੋਂ 23 ਸਾਲ ਦਫ਼ਤਰ ਰਿਹਾ ਵਿਖੇ ਥੋੜੀ ਦੇਰ ਰੱਖਣ ਪਿੱਛੋਂ ਸੂਬਾ ਵਿਧਾਨ ਸਭਾ 'ਚ ਲਿਆਂਦਾ ਗਿਆ। ਉਥੇ ਮੁੱਖ ਮੰਤਰੀ ਬੁੱਧਦੇਬ ਭੱਟਾਚਾਰਜੀ ਅਤੇ ਮੁੱਖ ਸਕੱਤਰ ਅਸ਼ੋਕ ਮੋਹਨ ਚੱਕਰਵਰਤੀ ਨੇ ਦੇਹ 'ਤੇ ਫੁੱਲਾਂ ਦੇ ਹਾਰ ਪਾਏ।

ਕਾਮਰੇਡ ਜਯੋਤੀ ਬਾਸੂ ਦੇ ਦੇਹਾਂਤ ਨਾਲ ਸੰਘਰਸ਼ਾਂ ਤੇ ਪ੍ਰਾਪਤੀਆਂ ਦੀ ਸੱਤ ਦਹਾਕਿਆਂ 'ਚ ਫੈਲੀ ਲੰਮੀ ਸਿਆਸੀ ਗਾਥਾ ਦਾ 17 ਜਨਵਰੀ ਨੂੰ ਅੰਤ ਹੋ ਗਿਆ। ਦੇਸ਼ ਦੀਆਂ ਖੱਬੀਆਂ, ਜਮਹੂਰੀ ਅਤੇ ਧਰਮ ਨਿਰਪੱਖ ਸ਼ਕਤੀਆਂ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਕਾਮਰੇਡ ਬਾਸੂ ਦੇ ਸ਼ੁਭਚਿੰਤਕਾਂ ਦੀ ਗਿਣਤੀ ਸਮੁੱਚੇ ਦੇਸ਼ ਵਿਚ ਹਾਜ਼ਰ ਹੈ ਅਤੇ ਉਨ੍ਹਾਂ ਦੇ ਦੇਹਾਂਤ ਨੂੰ ਦੇਸ਼ ਨੇ ਇੱਕ ਵੱਡੇ ਘਾਟੇ ਵਜੋਂ ਲਿਆ ਹੈ। ਕਾਮਰੇਡ ਬਾਸੂ ਦੇ ਦੇਹਾਂਤ ਦੀ ਖ਼ਬਰ ਸੁਣਦਿਆਂ ਹੀ ਪੱਛਮੀ ਬੰਗਾਲ ਖੱਬੇ ਮੋਰਚੇ ਦੇ ਚੇਅਰਮੈਨ ਬਿਮਾਨ ਬੋਸ ਤੇ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਬੁੱਧਦੇਵ ਭੱਟਾਚਾਰੀਆ ਤੁਰੰਤ ਹਸਪਤਾਲ ਪਹੁੰਚ ਗਏ।

ਬਜ਼ੁਰਗ ਕਮਿਊਨਿਸਟ ਆਗੂ ਨੇ 11.47 'ਤੇ ਆਖਰੀ ਸਾਹ ਲਿਆ। ਨਮੂਨੀਆ ਹੋਣ ਉਪਰੰਤ ਕਾਮਰੇਡ ਬਾਸੂ ਨੂੰ ਇਕ ਜਨਵਰੀ ਨੂੰ ਇਥੋਂ ਦੇ ਏ ਐਮ ਆਰ ਆਈ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਸੀ। 6 ਜਨਵਰੀ ਨੂੰ ਹਾਲਤ ਗੰਭੀਰ ਹੋਣ ਕਾਰਨ ਕਾਮਰੇਡ ਬਾਸੂ ਨੂੰ ਵੈਂਟੀਲੇਟਰ (ਸਾਹ ਦੇਣ ਵਾਲੀ ਬਨਾਉਟੀ ਮਸ਼ੀਨ) 'ਤੇ ਰੱਖਿਆ ਗਿਆ ਸੀ। ਕਾ. ਬਾਸੂ ਦੇ ਦੇਹਾਂਤ ਦੀ ਖ਼ਬਰ ਸੁਣਦਿਆਂ ਹੀ ਉਸ ਸਮੇਂ ਕੋਲਕਾਤਾ ਵਿਚ ਮੌਜੂਦ ਕੇਂਦਰੀ ਗ੍ਰਿਹ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਪੀ ਚਿਦੰਬਰਮ ਤੁਰੰਤ ਹਸਪਤਾਲ ਪਹੁੰਚ ਗਏ। ਸ੍ਰੀ ਚਿਦੰਬਰਮ ਨੇ ਕਿਹਾ ਕਿ ਕਾ. ਬਾਸੂ ਕਈ ਦਹਾਕਿਆਂ ਤੱਕ ਭਾਰਤੀ ਰਾਜਨੀਤੀ 'ਚ ਇੱਕ ਮਹਾਂਪੁਰਖ ਵਾਂਗ ਖੜ੍ਹੇ ਰਹੇ ਹਨ। ਉਹ ਮਹਾਨ ਦੇਸ਼ਭਗਤ ਤੇ ਮਹਾਨ ਲੋਕਤੰਤਰੀ ਆਗੂ ਸਨ, ਜੋ ਪੂਰੀ ਸ਼ਾਨ ਨਾਲ ਸਿਧਾਂਤਾਂ ਦੀ ਲੜਾਈ ਲੜਦੇ ਰਹੇ।

ਕਾ. ਬਾਸੂ ਦੇ ਦੇਹਾਂਤ ਮੌਕੇ ਉਨ੍ਹਾਂ ਦੇ ਪੁੱਤਰ ਚੰਦਨ, ਨੂੰਹ ਰਾਖੀ, ਪੋਤਰੀਆਂ ਪਾਇਲ, ਡੋਇਲ ਤੇ ਕੋਇਲ ਹਸਪਤਾਲ ਵਿਚ ਮੌਜੂਦ ਸਨ। ਇਸ ਮੌਕੇ ਹਸਪਤਾਲ ਵਿਚ ਕਾ. ਬੋਸ ਤੋਂ ਇਲਾਵਾ ਬਰਿੰਦਾ ਕਰਤ ਤੇ ਕਈ ਸੀਨੀਅਰ ਆਗੂ ਮੌਜੂਦ ਸਨ।

ਕਾਮਰੇਡ ਜਯੋਤੀ ਬਾਸੂ ਦੀ ਇੱਛਾ ਮੁਤਾਬਕ ਉਨ੍ਹਾਂ ਦੀ ਦੇਹ ਐਸ ਐਸ ਕੇ ਐਮ ਹਸਪਤਾਲ ਨੂੰ ਸੌਂਪੀ ਗਈ। ਸੀ ਪੀ ਆਈ (ਐਮ) ਦੇ ਕੁੱਲ ਹਿੰਦ ਜਨਰਲ ਸਕੱਤਰ ਕਾ.



**ਕਾਮਰੇਡ ਜਯੋਤੀ ਬਾਸੂ ਦੀ ਮ੍ਰਿਤਕ ਦੇਹ ਐਸ ਐਸ ਕੇ ਐਮ ਹਸਪਤਾਲ ਨੂੰ ਸੌਂਪੀ।**

**ਰਾਸ਼ਟਰਪਤੀ ਪ੍ਰਤਿਭਾ ਪਾਟਿਲ, ਉਪ ਰਾਸ਼ਟਰਪਤੀ ਹਾਮਿਦ ਅੰਸਾਰੀ, ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਸੋਨੀਆ ਗਾਂਧੀ, ਪ੍ਰਣਬ ਮੁਖਰਜੀ, ਐਸ ਐਮ ਕ੍ਰਿਸ਼ਨਾ ਵਲੋਂ ਦੁੱਖ ਦਾ ਪ੍ਰਗਟਾਵਾ**

ਪ੍ਰਕਾਸ਼ ਕਰਤ ਨੇ ਕਾਮਰੇਡ ਜਯੋਤੀ ਬਾਸੂ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਕਾ. ਬਾਸੂ ਸੀ ਪੀ ਆਈ (ਐਮ), ਖੱਬੀ ਲਹਿਰ ਤੇ ਦੇਸ਼ ਦੇ ਇਕ ਮਹਾਨ ਆਗੂ ਸਨ ਤੇ ਉਨ੍ਹਾਂ ਦੇ ਦੇਹਾਂਤ ਨਾਲ ਇੱਕ ਯੁੱਗ ਦਾ ਅੰਤ ਹੋ ਗਿਆ ਹੈ। ਇਸੇ ਤਰ੍ਹਾਂ ਸੀ ਪੀ ਆਈ ਦੀ ਕੇਂਦਰੀ ਕਮੇਟੀ ਨੇ ਇੱਕ ਵੱਖਰੇ ਬਿਆਨ ਵਿਚ ਕਾ. ਬਾਸੂ ਨੂੰ ਇਕ ਜੁਝਾਰੂ ਲੋਕ ਪੱਖੀ ਆਗੂ ਦੱਸਿਆ ਹੈ। ਸੀ ਪੀ ਆਈ ਆਗੂਆਂ ਨੇ ਕਿਹਾ ਹੈ ਕਿ ਪੱਛਮੀ ਬੰਗਾਲ ਦੇ ਵਿਕਾਸ 'ਚ ਕਾ. ਬਾਸੂ ਦਾ ਵੱਡਾ ਯੋਗਦਾਨ ਹੈ। ਆਲ ਇੰਡੀਆ ਕਿਸਾਨ ਸਭਾ, ਸੀਟੂ, ਭਾਰਤੀ ਜਨਵਾਦੀ ਨੌਜਵਾਨ ਸਭਾ, ਇਸਤਰੀ ਸਭਾ, ਹਰਿਆਣਾ ਸਟੇਟ ਕਮੇਟੀ ਤੋਂ ਇਲਾਵਾ ਵੱਖ-ਵੱਖ ਸੂਬਿਆਂ ਦੀਆਂ ਖੱਬੇ ਪੱਖੀ ਇਕਾਈਆਂ ਨੇ ਕਾ. ਬਾਸੂ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਚੰਡੀਗੜ੍ਹ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਕਾਮਰੇਡ ਜਯੋਤੀ ਬਾਸੂ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਾਰਟੀ ਦੇ ਪੰਜਾਬ ਰਾਜ ਕਮੇਟੀ ਦੇ ਸਕੱਤਰ ਕਾਮਰੇਡ ਚਰਨ ਸਿੰਘ ਵਿਰਦੀ ਸਮੇਤ ਸੂਬਾ ਸਕੱਤਰੇਤ ਨੇ ਕਿਹਾ ਹੈ ਕਿ ਉਨ੍ਹਾਂ ਦੇ ਜਾਣ ਨਾਲ ਸਮੁੱਚੀ ਕਮਿਊਨਿਸਟ ਪਾਰਟੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਪੰਜਾਬ ਸੀ ਪੀ ਆਈ ਦੇ ਸਕੱਤਰ ਸਾਥੀ ਭੁਪਿੰਦਰ ਸਿੰਘ ਸਾਂਬਰ ਨੇ ਕਾਮਰੇਡ ਜਯੋਤੀ ਬਾਸੂ ਦੇ ਦੇਹਾਂਤ ਦੀ ਖ਼ਬਰ ਸੁਣਦਿਆਂ ਹੀ ਸੀ ਪੀ ਆਈ (ਐਮ) ਦੇ ਦਫ਼ਤਰ ਬਾਬਾ ਕਰਮ ਸਿੰਘ ਚੀਮਾ ਭਵਨ ਚੰਡੀਗੜ੍ਹ ਵਿਖੇ ਸੀ ਪੀ ਆਈ (ਐਮ) ਦੇ ਸਕੱਤਰ ਸਾਥੀ ਚਰਨ ਸਿੰਘ ਵਿਰਦੀ ਨਾਲ ਅਫਸੋਸ ਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ। ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਨੇ ਕਾ. ਜਯੋਤੀ ਬਾਸੂ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਕਾਂਗਰਸ ਦੇ ਬੁਲਾਰੇ ਸ਼ਕੀਲ ਅਹਿਮਦ ਨੇ ਪਾਰਟੀ ਵਲੋਂ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਅੱਜ ਦੇਸ਼ ਲਈ ਬੇਹੱਦ ਮੰਦਭਾਗਾ ਦਿਨ ਹੈ, ਕਿਉਂਕਿ ਦੇਸ਼ ਨੇ ਆਪਣੇ ਮਹਾਨ ਸਪੂਤ ਨੂੰ ਖੋ ਦਿੱਤਾ ਹੈ। ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਰੁਣ ਜੇਤਲੀ ਨੇ ਕਿਹਾ ਕਿ ਜਨਤਾ ਦੀ ਸੇਵਾ, ਆਪਣੀ ਵਿਚਾਰਧਾਰਾ ਤੇ ਆਦਰਸ਼ਵਾਦ ਦੀ ਭਾਵਨਾ ਪ੍ਰਤੀ ਸਮਰਪਿਤ ਕਾ. ਬਾਸੂ ਭਾਰਤੀ ਰਾਜਨੀਤੀ ਦੇ ਦਿਉਕੱਦ ਨੇਤਾਵਾਂ ਵਿਚੋਂ ਇੱਕ ਸਨ।

ਰਾਸ਼ਟਰਪਤੀ ਪ੍ਰਤਿਭਾ ਪਾਟਿਲ, ਉਪ ਰਾਸ਼ਟਰਪਤੀ ਹਾਮਿਦ ਅੰਸਾਰੀ, ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਵਿੱਤ ਮੰਤਰੀ ਪ੍ਰਣਬ ਮੁਖਰਜੀ, ਤਾਮਿਲਨਾਡੂ ਦੇ ਮੁੱਖ ਮੰਤਰੀ ਐਮ ਕਰੁਣਾਨਿਧੀ ਤੇ ਭਾਜਪਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਅਤੇ ਹੋਰ ਬਹੁਤ ਸਾਰੇ ਆਗੂਆਂ ਨੇ ਕਾ. ਬਾਸੂ ਦੇ ਦੇਹਾਂਤ ਨੂੰ ਦੇਸ਼ ਲਈ ਵੱਡਾ ਘਾਟਾ ਦੱਸਿਆ ਹੈ।

### ਨੇਪਾਲ ਅਤੇ ਚੀਨ ਨੇ ਦੁੱਖ ਪ੍ਰਗਟਾਇਆ

**ਨਵੀਂ ਦਿੱਲੀ:** ਕਾਮਰੇਡ ਬਾਸੂ ਦੇ ਦੇਹਾਂਤ 'ਤੇ ਵੱਖ-ਵੱਖ ਦੇਸ਼ਾਂ ਦੇ ਆਗੂਆਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸੋਗ ਸੰਦੇਸ਼ ਭੇਜੇ ਹਨ। ਕੌਮਾਂਤਰੀ ਆਗੂਆਂ ਨੇ ਆਪਣੇ ਸੰਦੇਸ਼ 'ਚ ਕਾਮਰੇਡ ਬਾਸੂ ਨੂੰ ਨਪੀੜੇ ਹੋਏ ਲੋਕਾਂ ਦਾ ਅਸਲੀ ਰੱਬ ਦੱਸਿਆ ਹੈ। ਸੀ ਪੀ ਆਈ (ਐਮ) ਪਾਰਟੀ ਹੈਡਕੁਆਟਰ ਨੂੰ ਸੋਗ ਸੰਦੇਸ਼ ਭੇਜਦਿਆਂ ਨੇਪਾਲ ਦੇ ਪ੍ਰਧਾਨ ਮੰਤਰੀ ਮਾਧਵ ਕੁਮਾਰ ਨੇਪਾਲ ਨੇ ਕਿਹਾ ਕਿ ਕਾਮਰੇਡ ਬਾਸੂ ਕੌਮਾਂਤਰੀ ਕਮਿਊਨਿਸਟ ਲਹਿਰ ਦੀ ਪ੍ਰਸਿੱਧ ਸ਼ਖ਼ਸੀਅਤ ਸਨ। ਉਨ੍ਹਾਂ ਨੇ ਹਮੇਸ਼ਾ ਹੀ ਕਿਰਤੀਆਂ ਤੇ ਲਤਾੜੇ ਹੋਏ ਲੋਕਾਂ ਦੀ ਅਗਵਾਈ ਕੀਤੀ।

ਬਰਤਾਨੀਆ ਦੀ ਇੰਡੀਅਨ ਵਰਕਰ ਐਸੋਸੀਏਸ਼ਨ ਨੇ ਕਿਹਾ ਹੈ ਕਿ ਖੱਬੀ ਲਹਿਰ 'ਚ ਉਨ੍ਹਾਂ ਵੱਲੋਂ ਪਾਏ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਜਯੋਤੀ ਬਾਸੂ ਅਸਲ 'ਚ ਇਕ ਸਟੇਟਸਮੈਨ ਸਨ। ਬੰਗਲਾਦੇਸ਼ ਦੀ ਵਰਕਰਜ਼ ਪਾਰਟੀ ਨੇ ਕਾਮਰੇਡ ਬਾਸੂ ਨੂੰ ਬੰਗਲਾਦੇਸ਼ ਦਾ ਸੱਚਾ ਸਾਥੀ ਦੱਸਿਆ ਹੈ। ਆਗੂਆਂ ਨੇ ਕਿਹਾ ਕਿ ਬੰਗਲਾਦੇਸ਼ 'ਚ ਸੰਕਟ ਸਮੇਂ ਕਾਮਰੇਡ ਬਾਸੂ ਹਮੇਸ਼ਾ ਹੀ ਉਨ੍ਹਾਂ ਦੀ ਮਦਦ ਲਈ ਅੱਗੇ ਆਉਂਦੇ ਸਨ।

ਸੋਗ ਸੰਦੇਸ਼ 'ਚ ਚੀਨ ਦੇ ਅੰਬੈਸਡਰ ਝਾਂਗ ਯਾਨ ਨੇ ਕਿਹਾ ਕਿ ਕਾਮਰੇਡ ਬਾਸੂ ਕਦੇ ਵੀ ਆਪਣੇ ਵਿਚਾਰਾਂ ਤੋਂ ਥਿੜਕੇ ਨਹੀਂ। 70 ਸਾਲਾਂ ਦੇ ਆਪਣੇ ਸਿਆਸੀ ਜੀਵਨ 'ਚ ਕਾਮਰੇਡ ਬਾਸੂ ਨੇ ਹਮੇਸ਼ਾ ਹੀ ਪੂੰਜੀਵਾਦ ਦੇ ਵਿਰੁੱਧ ਆਵਾਜ਼ ਉਠਾਈ। ਇਸੇ ਤਰ੍ਹਾਂ ਰੂਸ ਦੇ ਅੰਬੈਸਡਰ ਅਲੈਗਜ਼ੈਂਡਰ ਕਾਡਕਿਨ ਨੇ ਕਾਮਰੇਡ ਬਾਸੂ ਨੂੰ ਇਕ ਕ੍ਰਿਸ਼ਮਈ ਆਗੂ ਦੱਸਿਆ।

## ਐਮਰਜੈਂਸੀ ਸਮੇਂ ਪੰਜਾਬ ਵਿਚ ਵੀ ਰਹੇ ਸਨ ਜਯੋਤੀ ਬਾਸੂ

**ਜਲੰਧਰ:** ਭਾਰਤ ਦੇ ਰਾਜਨੀਤਕ ਪਿੜ ਦੇ ਅਹਿਮ ਆਗੂ ਜਯੋਤੀ ਬਾਸੂ ਦੀਆਂ ਯਾਦਾਂ ਇਸ ਸ਼ਹਿਰ ਨਾਲ ਵੀ ਜੁੜੀਆਂ ਹੋਈਆਂ ਹਨ। ਇਹ ਬਹੁਤ ਘੱਟ ਲੋਕ ਜਾਣਦੇ ਹਨ ਕਿ ਭਾਰਤ ਵਿਚ 1975 ਦੀ ਐਮਰਜੈਂਸੀ ਦੌਰਾਨ ਸੀ.ਪੀ. ਆਈ.ਐਮ.ਦੇ ਕਈ ਹੋਰ ਅਹਿਮ ਆਗੂਆਂ ਨਾਲ ਜੋਤੀ ਬਾਸੂ ਨੇ ਆਪਣੇ ਗੁਪਤਵਾਸ ਦੇ ਤਿੰਨ ਦਿਨ ਸੀਨੀਅਰ ਅਕਾਲੀ ਆਗੂ ਕੁਲਦੀਪ ਸਿੰਘ ਵਡਾਲਾ ਦੇ ਸ਼ਹਿਰ ਦੇ ਨਾਲ ਹੀ ਸਥਿਤ ਫਾਰਮ ਹਾਊਸ ਵਿਖੇ ਬਿਤਾਏ ਸਨ। ਪੱਛਮੀ ਬੰਗਾਲ ਦੇ ਕਰੀਬ 24 ਸਾਲ ਮੁੱਖ ਮੰਤਰੀ ਰਹੇ ਜਯੋਤੀ ਬਾਸੂ ਗੁਪਤ ਰੂਪ ਵਿਚ ਕੋਲਕਾਤਾ ਤੋਂ ਜਲੰਧਰ ਕਸ਼ਮੀਰ ਮੇਲ ਰਾਹੀਂ ਪਹੁੰਚੇ ਸਨ।

ਇਹ ਯਾਤਰਾ ਉਨ੍ਹਾਂ ਨੇ ਆਪਣਾ ਨਾਂ ਬਦਲਕੇ ਕੀਤੀ ਸੀ ਤਾਂ ਜੋ ਐਮਰਜੰਸੀ ਦੌਰਾਨ ਗ੍ਰਿਫਤਾਰੀ ਤੋਂ ਬਚਿਆ ਜਾ ਸਕੇ। ਉਨ੍ਹਾਂ ਦਿਨਾਂ ਵਿਚ ਇਹ ਆਗੂ ਇਥੇ ਪੋਲਿਟ ਬਿਊਰੋ ਦੀ ਇਕ ਮੀਟਿੰਗ ਕਰਨ ਲਈ ਆਏ ਸਨ ਜਿਸ ਵਿਚ ਜਯੋਤੀ ਬਾਸੂ ਤੋਂ ਇਲਾਵਾ ਸੀ.ਪੀ.ਐਮ. ਦੇ ਅਹਿਮ ਆਗੂ ਈ.ਐਮ.ਐਸ. ਨਿਮੂਦਰੀਪਾਦ, ਪੀ. ਸੁੰਦਰਿਆ, ਪੀ ਰਾਮਾਮੂਰਤੀ, ਏ.ਕੇ. ਨਈਅਰ ਅਤੇ ਐਮ. ਬਸਵਾਕੁਨੱਈਆ ਸ਼ਾਮਲ ਹੋਏ ਸਨ। ਇਹ ਉਹ ਸਮਾਂ ਸੀ ਜਦੋਂ ਉਸ ਸਮੇਂ ਦੀ ਕਾਂਗਰਸੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਿਰਾ ਗਾਂਧੀ ਨੇ ਪੁਲੀਸ ਅਧਿਕਾਰੀਆਂ ਨੂੰ ਐਮਰਜੈਂਸੀ ਦਾ ਵਿਰੋਧ ਕਰਨ ਵਾਲੇ ਆਗੂਆਂ ਨੂੰ ਗ੍ਰਿਫਤਾਰ ਕਰਨ ਲਈ ਨਿਰਦੇਸ਼ ਦਿੱਤੇ ਹੋਏ ਸਨ ਅਤੇ ਪੁਲੀਸ ਸੀ.ਪੀ.ਆਈ.ਐਮ. ਦੇ ਮੁੱਖ ਆਗੂਆਂ ਨੂੰ ਗ੍ਰਿਫਤਾਰ ਕਰਨ ਲਈ ਪੂਰੀ ਤਰ੍ਹਾਂ ਸਰਗਰਮ ਸੀ। ਸੀ.ਪੀ.ਆਈ.ਐਮ.ਦੇ ਪੋਲਿਟ ਬਿਊਰੋ ਦੀ ਇਸ ਮੀਟਿੰਗ ਦੇ ਪ੍ਰਬੰਧ ਕਰਨ ਲਈ ਸ੍ਰੀ ਵਡਾਲਾ ਨੂੰ ਉਨ੍ਹਾਂ ਦੇ ਲੰਮਾ ਸਮਾਂ ਰਹੇ ਦੋਸਤ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ ਆਖਿਆ ਸੀ। ਇਨ੍ਹਾਂ ਆਗੂਆਂ ਦੇ ਗੁਪਤਵਾਸ ਦੇ ਤਿੰਨ ਦਿਨਾਂ ਦੀਆਂ ਯਾਦਾਂ ਨੂੰ ਤਾਜ਼ਾ ਕਰਦੇ ਹੋਏ ਸੀਨੀਅਰ ਅਕਾਲੀ ਆਗੂ ਕੁਲਦੀਪ ਸਿੰਘ ਵਡਾਲਾ ਦੱਸਦੇ ਹਨ ਕਿ ਜਯੋਤੀ ਬਾਸੂ ਬੜੇ ਸਾਦਾ ਸੁਭਾਅ ਦੇ ਅਤੇ ਹਰ ਨਵੀਂ ਘਟਨਾ ਅਤੇ ਰਾਜਨੀਤਕ ਮੋੜ ਉਤੇ ਤਿੱਖੀ ਨਜ਼ਰ ਰੱਖਣ ਵਿਚ ਦਿਲਚਸਪੀ ਰੱਖਦੇ ਸਨ। ਉਨ੍ਹਾਂ ਦੱਸਿਆ ਕਿ ਫਾਰਮ ਹਾਊਸ ਵਿਖੇ ਦਿਨ ਬਿਤਾਉਣ ਸਮੇਂ ਸ੍ਰੀ ਬਾਸੂ ਫਸਲਾਂ ਨੂੰ ਦੇਖ ਕੇ ਬੜਾ ਖੁਸ਼ ਹੁੰਦੇ ਸੀ। ਸ੍ਰੀ ਵਡਾਲਾ ਦਾ ਕਹਿਣਾ ਹੈ ਕਿ ਜਯੋਤੀ ਬਾਸੂ ਆਪਣੇ ਰਾਜਨੀਤਕ ਜੀਵਨ ਦੇ ਅਰਸੇ ਦੌਰਾਨ ਪੰਜਾਬ ਦੇ ਦੋਸਤ ਰਹੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬੀ ਸੂਬੇ ਲਈ ਸ੍ਰੀ ਬਾਸੂ ਅਤੇ ਕਾਮਰੇਡ ਸੁਰਜੀਤ ਨੇ ਡੱਟ ਕੇ ਆਵਾਜ਼ ਉਠਾਈ ਸੀ। ਉਨ੍ਹਾਂ ਦੱਸਿਆ ਕਿ ਸਤਲੁਜ ਯਮੁਨਾ ਲਿੰਕ ਨਹਿਰ ਦੇ ਮੁੱਦੇ ਉਤੇ ਵੀ ਇਸ ਕਾਮਰੇਡ ਆਗੂ ਨੇ ਅਕਾਲੀ ਦਲਦੀ ਹਮਾਇਤ ਕੀਤੀ ਸੀ।

ਗੁਪਤਵਾਸ ਦੇ ਦਿਨਾਂ ਬਾਰੇ ਸ੍ਰੀ ਵਡਾਲਾ ਦੱਸਦੇ ਹਨ ਕਿ ਮੀਟਿੰਗ ਕਰਨ ਤੋਂ ਬਾਅਦ ਸ੍ਰੀ ਬਾਸੂ ਜ਼ਿਆਦਾ ਸਮਾਂ ਫਾਰਮ ਉਤੇ ਹੀ ਗੁਜ਼ਾਰਦੇ। ਇਥੋਂ ਤੱਕ ਕਿ ਜਯੋਤੀ ਬਾਸੂ ਨੇ ਉਨ੍ਹਾਂ ਨੂੰ ਇਸ ਮੌਕੇ ਇਕ ਫੋਟੋ ਗ੍ਰਾਫਰਦਾ ਪ੍ਰਬੰਧ ਕਰਨ ਲਈ ਆਖਿਆ ਸੀ ਤਾਂ ਜੋ ਉਹ ਇਸ ਦੌਰੇ ਦੀਆਂ ਫੋਟੋਆਂ ਆਪਣੇ ਨਾਲ ਪੱਛਮੀ ਬੰਗਾਲ ਲਿਜਾ ਸਕਣ। ਮੀਟਿੰਗ ਤੋਂ ਬਾਅਦ ਵਿਚ ਇਨ੍ਹਾਂ ਆਗੂਆਂ ਨੂੰ ਵੱਖੋ-ਵੱਖਰੇ ਥਾਈਂ ਪਹੁੰਚਾ ਦਿੱਤਾ ਜਾਂਦਾ ਸੀ ਤਾਂ ਜੋ ਪੁਲੀਸ ਦੀ ਛਾਪੇਮਾਰੀ ਦੀ ਸੂਰਤ ਵਿਚ ਇਹ ਸਾਰੇ ਆਗੂ ਇਕੋ ਥਾਂ ਇਕੱਠੇ ਗ੍ਰਿਫਤਾਰ ਨਾ ਹੋ ਸਕੇ। ਉਹ ਉਨ੍ਹਾਂ ਆਗੂਆਂ ਵਿਚੋਂ ਸਨ ਜਿਨ੍ਹਾਂ ਨੇ ਪਾਰਟੀ ਨੂੰ ਕਦੇ ਵੀ ਲੋਕਤੰਤਰਿਕ ਕਦਰਾਂ ਕੀਮਤਾਂ ਤੋਂ ਹਿੱਲਣ ਨਹੀਂ ਦਿੱਤਾ ਅਤੇ ਸੰਗਠਤ ਰੱਖਿਆ।

# ਜਮਹੂਰੀ ਤੇ ਧਰਮ ਨਿਰਪੱਖ਼ ਤਾਕਤਾਂ ਦੇ ਪ੍ਰਤੀਕ ਬਣ ਗਏ ਸਨ ਬਾਸੂ

**ਪੰਜਾਬ ਟਾਈਮਜ਼ ਬਿਊਰੋ**

ਕਾਮਰੇਡ ਬਾਸੂ 1977 ਤੋਂ 2000 ਤੱਕ ਪੱਛਮੀ ਬੰਗਾਲ ਦੀ ਖੱਬੇ ਮੁਹਾਜ ਦੀ ਸਰਕਾਰ ਦੇ ਮੁੱਖ ਮੰਤਰੀ ਰਹੇ। ਉਹ 95 ਸਾਲ ਦੇ ਸਨ। ਜਯੋਤੀ ਬਾਸੂ ਬਰਤਾਨੀਆ 'ਚ ਕਾਨੂੰਨ ਦੀ ਪੜ੍ਹਾਈ ਕਰਦਿਆਂ ਕਮਿਊਨਿਸਟ ਬਣੇ, ਉਥੇ ਬਰਤਾਨਵੀ ਕਮਿਊਨਿਸਟ ਪਾਰਟੀ ਨਾਲ ਉਨ੍ਹਾਂ ਦਾ ਸੰਪਰਕ ਬਣਿਆ ਸੀ। 1940 'ਚ ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਮੈਂਬਰ ਬਣੇ। ਉਨ੍ਹਾਂ ਰੇਲਵੇ ਦੀ ਟਰੇਡ ਯੂਨੀਅਨ 'ਚ ਕੰਮ ਕਰਨਾ ਅਰੰਭ ਕੀਤਾ ਅਤੇ ਜਲਦ ਹੀ ਬੀ.ਏ. ਰੇਲ ਰੋਡ ਵਰਕਰਜ਼ ਯੂਨੀਅਨ ਤੇ ਆਲ ਇੰਡੀਆ ਰੇਲਵੇਮੈਨਜ਼ ਫੈਡਰੇਸ਼ਨ ਦੇ ਮਹੱਤਵਪੂਰਨ ਆਗੂ ਬਣ ਗਏ। 1946 'ਚ ਉਹ ਰੇਲਵੇ ਚੋਣ ਹਲਕੇ ਤੋਂ ਬੰਗਾਲ ਦੀ ਵਿਧਾਨ ਸਭਾ ਦੇ ਮੈਂਬਰ ਬਣੇ। 1953 ਤੋਂ 1961 ਤੱਕ ਉਹ ਭਾਰਤੀ ਕਮਿਊਨਿਸਟ ਪਾਰਟੀ ਦੀ ਪ੍ਰਾਂਤਕ ਕਮੇਟੀ ਦੇ ਸਕੱਤਰ ਰਹੇ। ਭਾਰਤੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਉਹ 1951 'ਚ ਬਣੇ। ਸੀ ਪੀ ਆਈ (ਐਮ) ਦੇ ਹੋਂਦ ਵਿਚ ਆਉਣ ਸਮੇਂ ਉਹ ਪੋਲਿਟ ਬਿਊਰੋ ਅਤੇ ਕੇਂਦਰੀ ਕਮੇਟੀ ਦੇ ਮੈਂਬਰ ਬਣੇ ਅਤੇ ਆਪਣੀ ਮੌਤ ਤੱਕ ਇਨ੍ਹਾਂ ਜ਼ਿੰਮੇਵਾਰੀਆਂ 'ਤੇ ਰਹੇ। ਪੱਛਮੀ ਬੰਗਾਲ 'ਚ ਸੀ ਪੀ ਆਈ (ਐਮ) ਨੂੰ ਵਿਗਸਾਉਣ ਲਈ ਉਨ੍ਹਾਂ ਪਰਮੋਦ ਦਾਸ ਗੁਪਤਾ ਨਾਲ ਮਿਲ ਕੇ ਕੰਮ ਕੀਤਾ। 1957 ਤੋਂ 1967 ਦੌਰਾਨ ਵਿਧਾਨ ਸਭਾ 'ਚ ਵਿਰੋਧੀ ਦਲ ਦੇ ਨੇਤਾ ਵਜੋਂ ਉਨ੍ਹਾਂ ਦੀ ਪਹਿਚਾਣ ਬਣੀ। 1967 ਤੋਂ 1970 ਦੌਰਾਨ ਸੰਯੁਕਤ ਮੋਰਚੇ ਦੀਆਂ ਸਰਕਾਰਾਂ 'ਚ ਜਯੋਤੀ ਬਾਸੂ ਡਿਪਟੀ ਮੁੱਖ ਮੰਤਰੀ ਰਹੇ। ਜ਼ਮੀਨੀ ਸੁਧਾਰ ਲਾਗੂ ਕਰਨ ਅਤੇ ਕਿਰਤੀਆਂ ਤੇ ਕਿਸਾਨਾਂ ਦੇ ਸੰਘਰਸ਼ਾਂ ਵਿਰੁਧ ਪੁਲਿਸ ਨੂੰ ਵਰਤਣ ਤੋਂ ਵਰਜਣ 'ਚ ਉਨ੍ਹਾਂ ਦੀ ਭੂਮਿਕਾ ਬਹੁਤ ਖਾਸ ਸੀ।

ਜਯੋਤੀ ਬਾਸੂ ਸੀ ਪੀ ਆਈ (ਐਮ) ਦੇ ਉਨ੍ਹਾਂ ਆਗੂਆਂ ਵਿਚੋਂ ਸਨ, ਜਿਨ੍ਹਾਂ ਨੇ ਮੁਢਲੇ ਸੱਤਰਵਿਆਂ 'ਚ ਪੱਛਮੀ ਬੰਗਾਲ ਦੀ ਅਰਧ ਫਾਸ਼ੀਵਾਦੀ ਦਹਿਸ਼ਤ ਦੇ ਔਖੇ ਦਿਨਾਂ 'ਚੋਂ ਪਾਰਟੀ ਨੂੰ ਸਫਲਤਾ ਨਾਲ ਉਭਾਰਿਆ। 1977 ਦੀ ਜ਼ਬਰਦਸਤ ਜਿੱਤ ਬਾਅਦ ਕਾਮਰੇਡ ਜਯੋਤੀ ਬਾਸੂ ਖੱਬੇ ਮੁਹਾਜ ਦੀ ਸਰਕਾਰ ਦੇ ਮੁੱਖ ਮੰਤਰੀ ਬਣੇ ਅਤੇ ਇਸ ਅਹੁਦੇ 'ਤੇ 23 ਸਾਲ ਰਹੇ, ਜਿਸ ਦੀ ਦੇਸ਼ 'ਚ ਮਿਸਾਲ ਨਹੀਂ ਮਿਲਦੀ। ਉਨ੍ਹਾਂ ਦੀ ਅਗਵਾਈ ਹੇਠ ਖੱਬੇ ਮੁਹਾਜ ਦੀ ਸਰਕਾਰ ਨੇ ਵਿਸ਼ਾਲ ਪੱਧਰ 'ਤੇ ਜ਼ਮੀਨੀ ਸੁਧਾਰ ਲਾਗੂ ਕੀਤੇ, ਪੰਚਾਇਤੀ ਰਾਜ ਪ੍ਰਣਾਲੀ ਲਾਗੂ ਕੀਤੀ, ਜਿਸ ਨਾਲ ਪੰਚਾਇਤੀ ਅਦਾਰਿਆਂ 'ਚ ਗਰੀਬ ਅਤੇ ਛੋਟੇ ਕਿਸਾਨਾਂ ਦੀ ਸੁਣੀ ਜਾਣ ਲੱਗੀ। ਜਯੋਤੀ ਬਾਸੂ ਦੀ ਅਗਵਾਈ ਹੇਠ ਪੱਛਮੀ ਬੰਗਾਲ ਭਾਈਚਾਰਕ ਇਕਸੁਰਤਾ ਅਤੇ ਧਰਮ ਨਿਰਪੱਖ ਕਦਰਾਂ ਕੀਮਤਾਂ ਦਾ ਨਖਲਿਸਤਾਨ ਬਣ ਗਿਆ। ਇੰਦਰਾ ਗਾਂਧੀ ਦੀ 1984 'ਚ ਹੋਈ ਹੱਤਿਆ ਤੋਂ ਬਾਅਦ ਜਦੋਂ ਸਿੱਖਾਂ ਵਿਰੁਧ ਸਾਰੇ ਦੇਸ਼ 'ਚ ਹਿੰਸਾ ਭੜਕ ਉਠੀ ਸੀ, ਉਨ੍ਹਾਂ ਦੀ ਅਗਵਾਈ ਹੇਠ ਪੱਛਮੀ ਬੰਗਾਲ 'ਚ ਅਜਿਹਾ ਕੁਝ ਵੀ ਨਾ ਵਾਪਰਨ ਦਿੱਤਾ ਗਿਆ। ਇਸ ਤਰ੍ਹਾਂ ਹੀ 1992 'ਚ ਬਾਬਰੀ ਮਸਜਿਦ ਢਾਹੁਣ ਬਾਅਦ ਭੜਕਾਹਟ ਪੈਦਾ ਕਰਨ ਦੇ ਯਤਨਾਂ ਨੂੰ ਉਨ੍ਹਾਂ ਸਖ਼ਤੀ ਨਾਲ ਨਜਿੱਠਿਆ।ਜਯੋਤੀ ਬਾਸੂ ਦੇਸ਼ 'ਚ ਖੱਬੀਆਂ, ਜਮਹੂਰੀ ਅਤੇ ਧਰਮ ਨਿਰਪੱਖ ਤਾਕਤਾਂ ਦੇ ਸੰਜੀਵ ਪ੍ਰਤੀਕ ਬਣ ਗਏ ਸਨ। ਪੱਛਮੀ ਬੰਗਾਲ ਦੇ ਲੋਕਾਂ ਨੇ ਉਨ੍ਹਾਂ ਦੀ ਬਹੁਤ ਕਦਰ ਕੀਤੀ ਅਤੇ ਉਹ ਸਾਰੇ ਕਮਿਊਨਿਸਟਾਂ ਅਤੇ ਅਗਾਂਹਵਧੂਆਂ ਲਈ ਪਾਰਲੀਮਾਨੀ ਅਦਾਰਿਆਂ 'ਚ ਕੰਮ ਕਰਨ ਅਤੇ ਲੋਕਾਂ ਦੀ ਸੇਵਾ ਕਰਨ ਪੱਖੋਂ ਮਿਸਾਲ ਬਣ ਗਏ ਸਨ। ਪਾਰਟੀ 'ਚ ਲਾਏ ਆਪਣੀ ਉਮਰ ਦੇ 70 ਸਾਲਾਂ 'ਚ ਉਨ੍ਹਾਂ ਨੇ ਸਾਢੇ ਤਿੰਨ ਸਾਲ ਜੇਲ੍ਹ 'ਚ ਕੱਟੇ ਅਤੇ 2 ਸਾਲ ਅੰਡਰ ਗਰਾਊਂਡ ਰਹੇ।

ਇੱਕ ਮੁੱਖ ਮੰਤਰੀ ਤੇ ਖੱਬੇ ਪੱਖੀ ਆਗੂ ਵਜੋਂ ਜਯੋਤੀ ਬਾਸੂ ਨੇ ਕੇਂਦਰ ਰਾਜ ਸਬੰਧਾਂ ਦੀ ਪੁਨਰ ਰਚਨਾ ਕਰਵਾਉਣ ਅਤੇ ਇਸ ਮੰਤਵ ਲਈ ਦੂਸਰੇ ਮੁੱਖ ਮੰਤਰੀਆਂ ਨੂੰ ਇਕੱਤਰ ਕਰਨ 'ਚ ਅਹਿਮ ਭੂਮਿਕਾ ਅਦਾ ਕੀਤੀ। 1980ਵਿਆਂ 'ਚ ਕਾਂਗਰਸ ਸਰਕਾਰ ਅਤੇ ਬਾਅਦ 'ਚ 90ਵਿਆਂ 'ਚ ਭਾਜਪਾ ਸਰਕਾਰ ਵਿਰੁਧ ਖੱਬੀਆਂ ਅਤੇ ਧਰਮ ਨਿਰਪੱਖ ਪਾਰਟੀਆਂ ਨੂੰ ਨਜ਼ਦੀਕ ਲਿਆਉਣ 'ਚ ਜਯੋਤੀ ਬਾਸੂ ਨੇ ਮਹੱਤਵਪੂਰਨ ਭੂਮਿਕਾ ਨਿਭਾਈ।ਜਯੋਤੀ ਬਾਸੂ ਇੱਕ ਮਾਰਕਸਵਾਦੀ ਸਨ, ਜੋ ਆਪਣੀਆਂ ਧਾਰਨਾਵਾਂ ਤੋਂ ਕਦੇ ਨਹੀਂ ਡੋਲੇ। ਸੋਵੀਅਤ ਯੂਨੀਅਨ ਦੇ ਬਿਖਰਾਅ ਅਤੇ ਸਮਾਜਵਾਦ ਨੂੰ ਲੱਗੀ ਸੱਟ ਬਾਅਦ ਜਯੋਤੀ ਬਾਸੂ ਨੇ ਮਾਰਕਸਵਾਦ-ਲੈਨਿਨਵਾਦ ਪ੍ਰਤੀ ਸੱਚੇ ਰਹਿੰਦਿਆਂ ਆਪਣੇ ਪੋਲਿਟ ਬਿਊਰੋ ਦੇ ਸਾਥੀਆਂ ਨਾਲ ਮਿਲ ਕੇ ਸਮਾਜਵਾਦ ਦੀ ਉਸਾਰੀ ਦੇ ਤਜ਼ਰਬੇ ਦਾ ਮੁਲਾਂਕਣ ਕਰਨ ਅਤੇ ਗਲਤੀਆਂ ਵਲ ਇਸ਼ਾਰਾ ਕਰਨ ਅਤੇ ਗਲਤ ਸੰਕਲਪਾਂ ਤੇ ਸਮਝ ਨੂੰ ਦਰੁਸਤ ਕਰਨ ਲਈ ਅਗਵਾਈ ਪ੍ਰਦਾਨ ਕੀਤੀ। ਉਹ ਅਜਿਹੇ ਮਾਰਕਸਵਾਦੀ ਸਨ, ਜਿਹੜੇ ਕਿ ਮਤਪੰਥੀ ਨਹੀਂ ਸਨ ਅਤੇ ਉਨ੍ਹਾਂ ਨੇ ਪਾਰਟੀ ਦਾ ਰਾਹ ਤਿਆਰ ਕਰਨ ਲਈ ਆਪਣੇ ਵਿਸ਼ਾਲ ਤਜ਼ਰਬੇ ਤੋਂ ਲਗਾਤਾਰ ਸਿੱਖਿਆ।ਉਹ ਪਾਰਟੀ ਦੇ ਮੁੱਖ ਅਤੇ ਸਭ ਤੋਂ ਮਕਬੂਲ ਆਗੂ ਵਜੋਂ ਉਭਰੇ ਪਰ ਸਭਨਾਂ ਲਈ ਮਿਸਾਲ ਸਥਾਪਤ ਕਰਦਿਆਂ ਉਨ੍ਹਾਂ ਹਮੇਸ਼ਾ ਪਾਰਟੀ ਦੇ ਅਨੁਸ਼ਾਸਤ ਮੈਂਬਰ ਵਜੋਂ ਕੰਮ ਕੀਤਾ। ਪਾਰਟੀ 'ਚ ਉਨ੍ਹਾਂ ਨੇ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਨਿਭਾਈਆਂ। ਉਹ ਪੀਪਲਜ਼ ਡੈਮੋਕਰੇਸੀ ਦੇ ਪਹਿਲੇ ਸੰਪਾਦਕ ਵੀ ਰਹੇ। ਉਹ ਸਾਰੀ ਉਮਰ ਟਰੇਡ ਯੂਨੀਅਨ ਲਹਿਰ ਨਾਲ ਜੁੜੇ ਰਹੇ। ਉਹ ਸੀਟੂ ਦੇ ਹੋਂਦ 'ਚ ਆਉਣ ਸਮੇਂ 1970 'ਚ ਇਸਦੇ ਉਪ ਪ੍ਰਧਾਨ ਚੁਣੇ ਗਏ ਸਨ।ਉਨ੍ਹਾਂ 2000 'ਚ ਉਮਰ ਅਤੇ ਸਿਹਤ ਦੇ ਕਾਰਨਾਂ ਕਰਕੇ ਮੁੱਖ ਮੰਤਰੀ ਦਾ ਅਹੁਦਾ ਛੱਡਿਆ। ਪਰ ਆਪਣੇ ਆਖਰੀ ਦਿਨ ਤੱਕ ਉਨ੍ਹਾਂ ਆਪਣੀਆਂ ਜ਼ਿੰਮੇਵਾਰੀਆਂ ਨਿਭਾਈਆਂ। ਉਹ ਦੇਸ਼ ਦੀ ਖੱਬੀ ਲਹਿਰ ਅਤੇ ਸੀਪੀਆਈ (ਐਮ) ਲਈ ਪ੍ਰੇਰਨਾ ਦੇ ਸਰੋਤ ਰਹੇ ਅਤੇ ਸਲਾਹ ਦਿੰਦੇ ਰਹੇ। ਵੱਖ-ਵੱਖ ਸਿਆਸੀ ਪਾਰਟੀਆਂ 'ਚ ਉਨ੍ਹਾਂ ਦੀ ਭਾਰੀ ਇੱਜ਼ਤ ਰਹੀ ਅਤੇ ਉਨ੍ਹਾਂ ਨੂੰ ਕੌਮੀ ਆਗੂ ਮੰਨਿਆ ਜਾਂਦਾ ਸੀ।

# ਖੰਡ ਦੇ ਮੁੱਦੇ 'ਤੇ ਸ਼ਰਦ ਪਵਾਰ ਤੇ ਮਾਇਆਵਤੀ ਆਹਮੋ-ਸਾਹਮਣੇ

**ਨਵੀਂ ਦਿੱਲੀ :** ਵਧੀਆਂ ਕੀਮਤਾਂ ਨੂੰ ਲੈ ਕੇ ਨਿਸ਼ਾਨੇ 'ਤੇ ਆਈ ਕੇਂਦਰ ਸਰਕਾਰ ਨੇ ਐਲਾਨ ਕੀਤਾ ਹੈ ਕਿ ਆਉਣ ਵਾਲੇ 8-10 ਦਿਨਾਂ (ਕਰੀਬ ਇੱਕ ਹਫ਼ਤੇ) ਤੱਕ ਖ਼ੁਰਾਕੀ ਵਸਤੂਆਂ ਦੀਆਂ ਕੀਮਤਾਂ ਘਟਣੀਆਂ ਸ਼ੁਰੂ ਹੋ ਜਾਣਗੀਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਕਿਹਾ ਕਿ ਮਹਿੰਗਾਈ ਨੂੰ ਲੈ ਕੇ ਕੇਂਦਰ ਸਰਕਾਰ ਬੇਹੱਦ ਚਿੰਤਤ ਹੈ ਤੇ ਇਸ ਦੇ ਮੱਦੇਨਜ਼ਰ 27 ਜਨਵਰੀ ਨੂੰ ਪ੍ਰਧਾਨ ਮੰਤਰੀ ਨੇ ਵੱਖ-ਵੱਖ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਮੀਟਿੰਗ ਕਰਨ ਦਾ ਫੈਸਲਾ ਲਿਆ ਹੈ। ਕੀਮਤਾਂ ਬਾਰੇ ਕੇਂਦਰੀ ਕੈਬਨਿਟ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਪਵਾਰ ਨੇ ਕਿਹਾ ਕਿ ਵੱਖ-ਵੱਖ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਦੌਰਾਨ ਪ੍ਰਧਾਨ ਮੰਤਰੀ ਜ਼ਰੂਰੀ ਵਸਤਾਂ ਬਾਰੇ ਕਾਨੂੰਨ ਨੂੰ ਸਹੀ ਤਰੀਕੇ ਨਾਲ ਲਾਗੂ ਕਰਨ ਲਈ ਵਿਚਾਰ-ਵਟਾਂਦਰਾ ਕਰਨਗੇ। ਕੇਂਦਰੀ ਮੰਤਰੀ ਨੇ ਕਿਹਾ ਕਿ ਖੰਡ ਦੀ ਕੀਮਤ ਨੂੰ ਘਟਾਉਣ ਲਈ ਇਸ ਮੀਟਿੰਗ ਵਿਚ ਕੱਚੀ ਖੰਡ ਨੂੰ 31 ਦਸੰਬਰ 2010 ਤੱਕ ਜ਼ੀਰੋ ਫੀਸਦੀ ਡਿਊਟੀ 'ਤੇ ਆਯਾਤ ਕਰਨ ਦੀ ਛੋਟ ਤੋਂ ਇਲਾਵਾ ਇਸ ਦੀ ਸੋਧ ਨਿਯਮਾਂ ਵਿਚ ਢਿੱਲ ਦੇਣ ਦਾ ਫੈਸਲਾ ਲਿਆ ਗਿਆ ਹੈ। ਇਸ ਦੇ ਨਾਲ ਹੀ ਮੀਟਿੰਗ ਵਿਚ ਮਹਿੰਗਾਈ ਰੋਕਣ ਲਈ 11 ਸੂਤਰੀ ਸੁਝਾਵਾਂ ਦੀ ਰੂਪਰੇਖਾ ਵੀ ਤਿਆਰ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਆਉਣ ਵਾਲੇ ਸਮੇਂ ਵਿਚ ਕਰੀਬ 30 ਲੱਖ ਟਨ ਕਣਕ ਤੇ ਚੌਲ ਖੁੱਲ੍ਹੇ ਬਾਜ਼ਾਰ ਵਿਚ ਸਪਲਾਈ ਕਰੇਗੀ। ਇਸ ਤੋਂ ਇਲਾਵਾ ਅਗਲੇ ਦੋ ਮਹੀਨਿਆਂ ਵਿਚ ਸੂਬਾਈ ਮਲਕੀਅਤ ਵਾਲੀਆਂ ਵਪਾਰਕ ਫਰਮਾਂ ਨੂੰ ਖ਼ੁਰਾਕੀ ਵਸਤਾਂ ਦਾ ਵਧੇਰੇ ਆਯਾਤ ਕਰਨ ਲਈ ਕਿਹਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜਿੱਥੇ ਇਸ ਮੀਟਿੰਗ ਵਿਚ ਉਪਰੋਕਤ ਕਦਮਾਂ ਤੋਂ ਇਲਾਵਾ ਸੂਬਾ ਸਰਕਾਰਾਂ ਨੂੰ ਜਮ੍ਹਾਂਖੋਰਾਂ ਖਿਲਾਫ਼ ਸਖ਼ਤ ਕਾਰਵਾਈ ਕਰਨ ਦਾ ਹੁਕਮ ਦਿੱਤਾ ਗਿਆ ਹੈ, ਉਥੇ ਕੇਂਦਰ ਸਰਕਾਰ ਖ਼ੁਦ ਗੈਰ ਕਾਨੂੰਨੀ ਢੰਗ ਨਾਲ ਨੇਪਾਲ ਜਾ ਰਹੇ ਗੰਨੇ ਅਤੇ ਖੰਡ 'ਤੇ ਨਜ਼ਰ ਰੱਖੇਗੀ। ਉਨ੍ਹਾਂ ਦੱਸਿਆ ਕਿ ਖੰਡ ਦੀ ਕੀਮਤ ਨੂੰ ਕਾਬੂ ਹੇਠ ਲਿਆਉਣ ਲਈ ਕੱਚੀ ਖੰਡ ਨੂੰ ਕਿਤੇ ਵੀ ਸੋਧਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਜਿਹੜੀ ਮਿੱਲ ਖੰਡ ਖਰੀਦਦੀ ਸੀ, ਉਹ ਹੀ ਉਸ ਨੂੰ ਸੋਧ ਸਕਦੀ ਸੀ, ਜੇਕਰ ਕੋਈ ਦੂਜੀ ਮਿੱਲ ਇਸ ਨੂੰ ਸੋਧਣਾ ਚਾਹੁੰਦੀ ਸੀ ਤਾਂ ਉਸ ਨੂੰ ਵਾਧੂ ਟੈਕਸ ਦੇਣਾ ਪੈਂਦਾ ਸੀ। ਇਸ ਮੀਟਿੰਗ ਵਿਚ ਕੇਂਦਰ ਸਰਕਾਰ ਨੇ ਆਪਣੇ ਇਸ ਫੈਸਲੇ 'ਚ ਸੋਧ ਕਰ ਦਿੱਤੀ ਹੈ ਹੁਣ ਕੱਚੀ ਖੰਡ ਨੂੰ ਕਿਤੇ ਵੀ ਸੋਧਣ 'ਤੇ ਕੋਈ ਟੈਕਸ ਨਹੀਂ ਲੱਗੇਗਾ। ਸ੍ਰੀ ਪਵਾਰ ਨੇ ਜਿੱਥੇ ਜ਼ਰੂਰੀ ਵਸਤਾਂ ਜਿਨ੍ਹਾਂ ਵਿਚ ਦਾਲਾਂ, ਖੰਡ ਤੇ ਹੋਰ ਖ਼ੁਰਾਕੀ ਵਸਤਾਂ ਸ਼ਾਮਲ ਹਨ, ਦੀ ਉਪਲਬਧਤਾ ਵਧਾਉਣ ਦੀ ਗੱਲ ਕਹੀ, ਉਥੇ ਵਧ ਰਹੀ ਮਹਿੰਗਾਈ ਲਈ ਸੂਬਾ ਸਰਕਾਰਾਂ ਨੂੰ ਜ਼ਿੰਮੇਵਾਰ ਵੀ ਠਹਿਰਾਇਆ।

ਉਨ੍ਹਾਂ ਕਿਹਾ ਕਿ ਵਧ ਰਹੀ ਮਹਿੰਗਾਈ ਲਈ ਸੂਬਾ ਸਰਕਾਰਾਂ ਵਧੇਰੇ ਜ਼ਿੰਮੇਵਾਰ ਹਨ, ਕਿਉਂਕਿ ਉਹ ਖ਼ੁਰਾਕੀ ਵਸਤਾਂ ਬਾਰੇ ਕੇਂਦਰ ਸਰਕਾਰ ਵਲੋਂ ਨਿਰਧਾਰਤ ਸਟਾਕ ਨੂੰ ਉਠਾਉਣ ਵਿਚ ਨਾਕਾਮ ਹੋ ਗਈਆਂ ਹਨ। ਸ੍ਰੀ ਪਵਾਰ ਨੇ ਤਰਕ ਦਿੱਤਾ ਕਿ ਕੇਂਦਰ ਸਰਕਾਰ ਨੇ ਕਰੀਬ 20 ਲੱਖ ਟਨ ਕਣਕ ਤੇ 10 ਲੱਖ ਟਨ ਚੌਲ ਸੂਬਾ ਸਰਕਾਰਾਂ ਨੂੰ ਦੇਣ ਲਈ ਰੱਖਿਆ ਸੀ ਪਰ ਸੂਬਾ ਸਰਕਾਰਾਂ ਨੇ ਸਿਰਫ਼ 1 ਲੱਖ 69 ਹਜ਼ਾਰ ਟਨ ਕਣਕ ਤੇ 2 ਲੱਖ 9 ਹਜ਼ਾਰ ਟਨ ਚੌਲ ਹੀ ਚੁੱਕਿਆ ਹੈ। ਕੇਂਦਰੀ ਮੰਤਰੀ ਨੇ ਸੂਬਿਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਆਯਾਤ ਕੀਤੀ ਗਈ ਖੰਡ 'ਤੇ ਵੈਟ ਨਾ ਲਗਾਉਣ। ਉਨ੍ਹਾਂ ਕਿਹਾ ਕਿ ਇਸ ਸਬੰਧੀ

## ਕਾਮਰੇਡਾਂ ਨੇ ਮਹਿੰਗਾਈ ਲਈ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ, ਪਵਾਰ 'ਤੇ 4 ਹਜ਼ਾਰ ਕਰੋੜ ਦੇ ਘਪਲੇ ਦਾ ਸ਼ੱਕ



ਦਿੱਲੀ ਸਰਕਾਰ ਨੇ ਸਹਿਮਤੀ ਪ੍ਰਗਟਾ ਦਿੱਤੀ ਹੈ, ਜਦੋਂ ਕਿ ਦੂਜੇ ਸੂਬਿਆਂ ਨੂੰ ਵੀ ਇਹ ਨੀਤੀ ਅਪਨਾਉਣੀ ਚਾਹੀਦੀ ਹੈ।

ਇਸ ਦੌਰਾਨ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਵਲੋਂ ਖੰਡ ਦੀਆਂ ਕੀਮਤਾਂ 'ਚ ਵਾਧੇ ਲਈ ਯੂਪੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਣ ਸਬੰਧੀ ਬਿਆਨ ਦੇਣ ਤੋਂ ਬਾਅਦ ਬਸਪਾ ਸੁਪਰੀਮੋ ਤੇ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਨੇ ਉਨ੍ਹਾਂ ਨੂੰ ਇਸੇ ਤਰਜ਼ 'ਤੇ ਮੋੜਵਾਂ ਜਵਾਬ ਦਿੱਤਾ ਹੈ। ਮਹਿੰਗਾਈ ਬਾਰੇ ਕੇਂਦਰੀ ਕੈਬਨਿਟ ਦੀ ਮੀਟਿੰਗ ਤੋਂ ਇਕ ਦਿਨ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਇਆਵਤੀ ਨੇ ਕਿਹਾ ਕਿ ਵਧ ਰਹੀ ਮਹਿੰਗਾਈ ਲਈ ਕੇਂਦਰ ਸਰਕਾਰ ਦੀਆਂ ਪੂੰਜੀਪਤੀਆਂ ਦੇ ਹਿੱਤ ਪੂਰਨ ਵਾਲੀਆਂ ਆਰਥਿਕ ਨੀਤੀਆਂ ਜ਼ਿੰਮੇਵਾਰ ਹਨ। ਉਨ੍ਹਾਂ ਇਹ ਵੀ ਚਿਤਾਵਨੀ ਦਿੱਤੀ ਕਿ ਜੇਕਰ ਛੇਤੀ ਹੀ ਮਹਿੰਗਾਈ ਨੂੰ ਕਾਬੂ ਨਾ ਕੀਤਾ ਗਿਆ ਤਾਂ ਬਸਪਾ ਮਹਿੰਗਾਈ ਵਿਰੁਧ ਕੌਮੀ ਪੱਧਰ 'ਤੇ ਅੰਦੋਲਨ ਛੇੜੇਗੀ। ਕੇਂਦਰ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਮਾਇਆਵਤੀ ਨੇ ਕਿਹਾ ਕਿ ਪੂੰਜੀਪਤੀਆਂ ਨੂੰ ਲਾਭ ਪਹੁੰਚਾਉਣ ਲਈ ਇਸ ਸਰਕਾਰ ਨੇ ਸਮਾਂ ਰਹਿੰਦਿਆਂ ਉਨ੍ਹਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਵਲ ਇਸ਼ਾਰਾ ਕਰਦਿਆਂ ਉਨ੍ਹਾਂ ਕਿਹਾ ਕਿ ਇਸੇ ਸਰਕਾਰ ਦਾ ਇਕ ਮੰਤਰੀ ਲਗਾਤਾਰ ਗ਼ੈਰ-ਜ਼ਿੰਮੇਵਾਰਾਨਾ ਬਿਆਨ ਦਿੰਦਾ ਰਿਹਾ ਹੈ ਪਰ ਸਰਕਾਰ ਨੇ ਉਸ ਦੇ ਬਿਆਨਾਂ ਵਲ ਧਿਆਨ ਦੇਣ ਦੀ ਥਾਂ ਚੁੱਪੀ ਵੱਟਣਾ ਹੀ ਬਿਹਤਰ ਸਮਝਿਆ। ਉਨ੍ਹਾਂ ਕਿਹਾ ਕਿ ਇਸ ਮੰਤਰੀ ਦੀ ਬਿਆਨਬਾਜ਼ੀ ਕਾਰਨ ਹੀ ਕਾਲਾਬਾਜ਼ਾਰੀਆਂ ਤੇ ਜ਼ਮ੍ਹਾਂਖੋਰਾਂ ਨੂੰ ਹੱਲਾਸ਼ੇਰੀ ਮਿਲੀ ਹੈ। ਕੈਬਨਿਟ ਦੀ ਮੀਟਿੰਗ 'ਚ ਲਏ ਫ਼ੈਸਲਿਆਂ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਕਦਮ ਬਹੁਤ ਪਹਿਲਾਂ ਚੁੱਕਣੇ ਚਾਹੀਦੇ ਸਨ। ਯੂਪੀਏ ਸਰਕਾਰ 'ਤੇ ਜਨਤਾ ਨਾਲ ਧੋਖਾ ਕਰਨ ਦਾ ਦੋਸ਼ ਲਗਾਉਂਦਿਆਂ ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸ ਸਰਕਾਰ ਨੇ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਘਟਾ ਦਿੱਤੀਆਂ ਸਨ, ਜਦਕਿ ਹੁਣ ਇਨ੍ਹਾਂ ਵਸਤਾਂ ਦੀਆਂ ਕੀਮਤਾਂ ਵਧਾਉਣ ਸਬੰਧੀ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਇਹ ਸਰਕਾਰ ਫੌਰੀ ਲਾਭਾਂ ਲਈ ਕੰਮ ਕਰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਸਮਾਂ ਰਹਿੰਦਿਆਂ ਖੰਡ ਤੇ ਚੌਲਾਂ ਦੇ ਨਿਰਯਾਤ 'ਤੇ ਰੋਕ ਲਗਾ ਦਿੰਦੀ ਤਾਂ ਨਾ ਤਾਂ ਇਨ੍ਹਾਂ ਵਸਤਾਂ ਦੀ ਕੀਮਤ ਵਧਣੀ ਸੀ ਤੇ ਨਾ ਹੀ ਘਾਟ ਪੈਦਾ ਹੋਣੀ ਸੀ।

ਉਧਰ ਭਾਜਪਾ ਦੇ ਸਾਬਕਾ ਸੰਸਦ ਮੈਂਬਰ ਕੇ. ਸੋਮਈਆ ਨੇ ਦੋਸ਼ ਲਗਾਇਆ ਕਿ ਕੇਂਦਰੀ



ਪੱਤਰਕਾਰ ਸੰਮੇਲਨ ਦੌਰਾਨ ਕਾਮਰੇਡ ਪ੍ਰਕਾਸ਼ ਕਰਤ ਤੇ ਹੋਰ ਆਗੂ।

ਖੇਤੀਬਾੜੀ ਮੰਤਰੀ ਸ਼ਰਦ ਪਵਾਰ ਅਤੇ ਕੁਝ ਖੰਡ ਮਿੱਲਾਂ ਦੀ ਮਿਲੀਭੁਗਤ ਨਾਲ ਖੰਡ ਦੀਆਂ ਕੀਮਤਾਂ ਵਿਚ ਉਛਾਲ ਆਇਆ। ਉਨ੍ਹਾਂ ਨੇ 4 ਹਜ਼ਾਰ ਕਰੋੜ ਰੁਪਏ ਦੇ ਘਪਲੇ ਦਾ ਸ਼ੱਕ ਜ਼ਾਹਰ ਕਰਦਿਆਂ ਮਾਮਲੇ ਦੀ ਸੀ.ਬੀ.ਆਈ. ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।



ਸੋਮਈਆ ਨੇ ਕਿਹਾ ਕਿ ਇਸ ਮਿਲੀਭੁਗਤ ਨੇ ਖੰਡ ਦੀਆਂ ਕੀਮਤਾਂ ਨੂੰ 50 ਰੁਪਏ ਪ੍ਰਤੀ ਕਿਲੋ ਤਕ ਪਹੁੰਚਾ ਦਿਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੋਮਈਆ ਨੇ ਕਿਹਾ ਕਿ ਖੰਡ ਦੇ ਭਾਅ ਇਕਦਮ 10 ਰੁਪਏ ਪ੍ਰਤੀ ਕਿਲੋ ਵਧ ਗਏ, ਇਸ ਦਾ ਕਾਰਨ ਖੰਡ ਦੀ ਕਮੀ ਨਹੀਂ ਸਗੋਂ ਜੋੜ-ਤੋੜ ਅਤੇ ਸੱਟੇਬਾਜ਼ੀ ਹੈ। ਸੋਮਈਆ ਨੇ ਸ਼ਰਦ ਪਵਾਰ ਉਤੇ ਦੋਸ਼ ਲਗਾਇਆ ਕਿ ਉਨ੍ਹਾਂ ਨੇ ਸੋਚ-ਸਮਝ ਕੇ ਖੰਡ ਦੀ ਕਿੱਲਤ ਪੈਦਾ ਕੀਤੀ ਅਤੇ 9 ਵੱਡੀਆਂ ਕੰਪਨੀਆਂ ਨਾਲ ਰਲ ਕੇ 200 ਕਰੋੜ ਕਿਲੋ ਖੰਡ ਦਰਾਮਦ ਕੀਤੀ। ਕੱਚੀ ਖੰਡ ਦਰਾਮਦ ਕਰਨ 'ਤੇ 18 ਤੋਂ 20 ਰੁਪਏ ਪ੍ਰਤੀ ਕਿਲੋ ਦਾ ਖ਼ਰਚਾ ਆਉਂਦਾ ਹੈ ਅਤੇ ਪ੍ਰੋਸੈਸਿੰਗ ਤੋਂ ਬਾਅਦ ਉਹ 25 ਰੁਪਏ ਪ੍ਰਤੀ ਕਿਲੋ ਦੇ ਭਾਅ 'ਤੇ ਵੇਚੇ ਜਾਣ ਲਈ ਤਿਆਰ ਹੋ ਜਾਂਦੀ ਹੈ ਪਰ ਜਿਹੜੀਆਂ ਕੰਪਨੀਆਂ ਨੂੰ ਇਸ ਕੰਮ ਲਈ ਚੁਣਿਆ ਗਿਆ, ਉਨ੍ਹਾਂ ਨੇ ਦਰਾਮਦ ਕੀਤੀ ਕੱਚੀ ਖੰਡ ਨੂੰ ਤਿਆਰ ਕਰ ਕੇ ਬਾਜ਼ਾਰ ਵਿਚ ਭੇਜਣ 'ਚ ਦਿਲਚਸਪੀ ਨਹੀਂ ਵਿਖਾਈ। ਹੁਣ ਇਹ ਖੰਡ ਮੁੰਬਈ ਦੇ ਗੁਦਾਮਾਂ ਵਿਚ ਪਈ ਹੈ। ਨਤੀਜਾ ਇਹ ਹੋਇਆ ਕਿ ਖੰਡ ਦੀਆਂ ਕੀਮਤਾਂ ਇਕਦਮ ਵਧ ਗਈਆਂ।ਇਸ ਦੌਰਾਨ ਕਾਮਰੇਡਾਂ ਨੇ ਖ਼ੁਰਾਕੀ ਤੇ ਹੋਰ ਜ਼ਰੂਰੀ ਵਸਤਾਂ ਦੀਆਂ ਵਧਦੀਆਂ ਕੀਮਤਾਂ ਸਬੰਧੀ ਕੇਂਦਰ ਸਰਕਾਰ ਵਲੋਂ ਗਲਤ ਰੁਖ਼ ਅਪਣਾਏ ਜਾਣ ਦਾ ਦੋਸ਼ ਲਾਇਆ ਹੈ। ਕੇਂਦਰੀ ਕੈਬਨਿਟ ਵਲੋਂ ਆਪਣੇ ਬਚਾਅ ਲਈ ਵੱਧ ਰਹੀ ਮਹਿੰਗਾਈ ਸਬੰਧੀ ਰਾਜ ਸਰਕਾਰਾਂ ਨੂੰ ਦੋਸ਼ੀ ਠਹਿਰਾਇਆ ਜਾ ਰਿਹਾ ਹੈ, ਜਦੋਂ ਕਿ ਰਾਜ ਸਰਕਾਰਾਂ ਦਾ ਇਸ ਨਾਲ ਸਿੱਧਾ ਕੋਈ ਸਬੰਧ ਨਹੀਂ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ 15 ਜਨਵਰੀ ਨੂੰ ਚੰਡੀਗੜ੍ਹ ਵਿਖੇ ਸੀਪੀਆਈ (ਐਮ) ਦੀ ਜਨਰਲ ਬਾਡੀ ਦੀ ਮੀਟਿੰਗ 'ਚ ਪਹੁੰਚੇ ਪਾਰਟੀ ਦੇ ਕੁੱਲ ਹਿੰਦ ਜਨਰਲ ਸਕੱਤਰ ਕਾਮਰੇਡ ਪ੍ਰਕਾਸ਼ ਕਰਤ ਨੇ ਮੀਟਿੰਗ ਤੋਂ ਬਾਅਦ ਇੱਕ ਪੱਤਰਕਾਰ ਸੰਮੇਲਨ ਦੌਰਾਨ ਕੀਤਾ।

ਕਾਮਰੇਡ ਕਰਤ ਨੇ ਕਿਹਾ ਕਿ ਅੱਜ ਖੰਡ 50 ਰੁਪਏ ਕਿਲੋ ਹੋ ਗਈ ਹੈ, ਜਿਸ ਲਈ ਸਿੱਧੇ ਤੌਰ 'ਤੇ ਕੇਂਦਰੀ ਸਰਕਾਰ ਦੀਆਂ ਗਲਤ ਨੀਤੀਆਂ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਅਜਿਹੇ ਸਮੇਂ ਵਿਚ ਸਰਕਾਰ ਨੂੰ ਖੰਡ ਦਾ ਵਾਧੂ ਸਟਾਕ ਰੱਖਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਖੰਡ ਨੂੰ ਆਯਾਤ ਕਰਨ ਲਈ ਮਿੱਲ ਮਾਲਕਾਂ ਨੂੰ ਜੋ ਰਿਆਇਤਾਂ ਦਿੱਤੀਆਂ ਗਈਆਂ ਹਨ, ਉਨ੍ਹਾਂ ਦਾ ਲਾਭ ਆਮ ਜਨਤਾ ਨੂੰ ਨਹੀਂ ਹੋਵੇਗਾ, ਸਗੋਂ ਇਹ ਵੱਡੇ ਘਰਾਣਿਆਂ ਦਾ ਹੀ ਘਰ ਪੂਰਾ ਕਰਨਗੀਆਂ। ਕਾਮਰੇਡ ਕਰਤ ਨੇ ਕਿਹਾ ਕਿ ਭਾਰਤੀ ਖ਼ੁਰਾਕ ਨਿਗਮ ਦੇ ਗੋਦਾਮਾਂ ਵਿਚ ਪਿਆ ਅਨਾਜ ਖੁੱਲ੍ਹੇ ਬਾਜ਼ਾਰ ਵਿਚ ਵੇਚਣ ਦੀ ਥਾਂ ਰਾਜ ਸਰਕਾਰਾਂ ਨੂੰ ਦਿੱਤਾ ਜਾਣਾ ਚਾਹੀਦਾ ਸੀ ਤਾਂ ਕਿ ਸੂਬਿਆਂ ਅੰਦਰ ਜਨਤਕ ਵੰਡ ਪ੍ਰਣਾਲੀ ਨੂੰ ਬੜਾਵਾ ਮਿਲ ਸਕੇ। ਉਨ੍ਹਾਂ ਮੰਗ ਕੀਤੀ ਕਿ ਗਰੀਬੀ ਰੇਖਾਂ ਤੋਂ ਹੇਠਾਂ ਰਹਿਣ ਵਾਲੇ ਪਰਿਵਾਰਾਂ ਦੇ ਨਾਲ-ਨਾਲ ਏਪੀਐਲ ਪਰਿਵਾਰਾਂ ਨੂੰ ਵੀ ਜਨਤਕ ਵੰਡ ਪ੍ਰਣਾਲੀ ਰਾਹੀਂ ਰਿਆਇਤੀ ਦਰਾਂ 'ਤੇ ਖ਼ੁਰਾਕੀ ਵਸਤਾਂ ਮੁਹੱਈਆ ਕਰਵਾਈਆਂ ਜਾਣ। ਕਾ. ਕਰਤ ਨੇ ਕਿਹਾ ਕਿ ਪਿਛਲੀ ਸਰਕਾਰ ਸਮੇਂ ਖੱਬੀਆਂ ਪਾਰਟੀਆਂ ਦੇ ਦਬਾਅ ਕਾਰਨ ਖੁੱਲ੍ਹੀ ਮੰਡੀ ਵਿਚ ਕਣਕ ਦਾ ਵਪਾਰ ਕਰਨ 'ਤੇ ਰੋਕ ਲਗਾ ਦਿੱਤੀ ਗਈ ਸੀ, ਪਰ ਹੁਣ ਫ਼ਿਰ ਕਣਕ ਖੁੱਲ੍ਹੀਆਂ ਮੰਡੀਆਂ ਰਾਹੀਂ ਵੇਚੀ ਜਾ ਰਹੀ ਹੈ। ਕਾਮਰੇਡ ਕਰਤ ਨੇ ਕਿਹਾ ਕਿ ਜ਼ਰੂਰੀ ਵਸਤਾਂ ਦੀ ਕਾਲਾਬਾਜ਼ਾਰੀ ਰੋਕਣ ਲਈ ਵੀ ਕੇਂਦਰੀ ਸਰਕਾਰ ਦੀਆਂ ਸਾਰੀਆਂ ਕੋਸ਼ਿਸ਼ਾਂ ਨਾਕਾਮ ਸਿੱਧ ਹੋਈਆਂ ਹਨ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਜਨਤਕ ਵੰਡ ਪ੍ਰਣਾਲੀ ਰਾਹੀਂ ਸੂਬਿਆਂ ਦਾ ਚੌਲ ਤੇ ਕਣਕ ਦਾ ਕੋਟਾ ਵਧਾ ਕੇ ਜਲਦ ਜਾਰੀ ਕਰੇ। ਉਨ੍ਹਾਂ ਇਹ ਵੀ ਕਿਹਾ ਕਿ ਬਿਨਾਂ ਕਿਸੇ ਦੇਰੀ ਤੋਂ ਅਨਾਜ ਸੁਰੱਖਿਆ ਕਾਨੂੰਨ ਪਾਸ ਕੀਤਾ ਜਾਵੇ, ਜਨਤਕ ਵੰਡ ਪ੍ਰਣਾਲੀ ਰਾਹੀਂ ਰਿਆਇਤੀ ਦਰਾਂ 'ਤੇ ਖੰਡ, ਦਾਲਾਂ ਤੇ ਖ਼ੁਰਾਕੀ ਤੇਲ ਦੀ ਸਪਲਾਈ ਕੀਤੀ ਜਾਵੇ। ਕਾਮਰੇਡ ਕਰਤ ਨੇ ਕਿਹਾ ਕਿ ਰਾਜ ਸਰਕਾਰਾਂ ਦੇ ਸਹਿਯੋਗ ਨਾਲ ਕੇਂਦਰ ਦੇਸ਼ ਪੱਧਰ 'ਤੇ ਕਾਲਾਬਾਜ਼ਾਰੀ ਰੋਕਣ ਲਈ ਵਿਸ਼ੇਸ਼ ਮੁਹਿੰਮ ਵਿੱਢੇ ਤੇ ਸਾਰੇ ਨਿੱਜੀ ਵਪਾਰੀਆਂ ਨੂੰ ਆਪਣਾ ਸਟਾਕ ਜਨਤਕ ਕਰਨ ਲਈ ਦਬਾਅ ਬਣਾਵੇ। ਇਸ ਦੇ ਨਾਲ ਹੀ ਉਨ੍ਹਾਂ ਮੰਗ ਕੀਤੀ ਕਿ ਪੈਟਰੋਲੀਅਮ ਪਦਾਰਥਾਂ 'ਤੇ ਲਗਾਏ ਟੈਕਸਾਂ ਨੂੰ ਘਟਾ ਕੇ ਆਮ ਲੋਕਾਂ ਨੂੰ ਰਾਹਤ ਦਿੱਤੀ ਜਾਵੇ। ਕਾਮਰੇਡ ਕਰਤ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਆਮ ਲੋਕਾਂ ਨੂੰ 2 ਰੁਪਏ ਪ੍ਰਤੀ ਕਿਲੋ ਕਣਕ ਤੇ ਚੌਲ ਮੁਹੱਈਆ ਕਰਵਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ, ਜਿਵੇਂ ਕਿ 8 ਸੂਬਾਈ ਸਰਕਾਰਾਂ ਵਲੋਂ ਚੁੱਕੇ ਗਏ ਹਨ।

# ਨੋਟਿਸ ਨਾ ਜਾਰੀ ਕਰਨ 'ਤੇ ਸੀ. ਬੀ. ਆਈ. ਨੂੰ ਝਾੜ

**ਨਵੀਂ ਦਿੱਲੀ :** ਦਿੱਲੀ ਦੀ ਇਕ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਇਕ ਮਾਮਲੇ ਵਿਚ ਕਾਂਗਰਸੀ ਨੇਤਾ ਸੱਜਣ ਕੁਮਾਰ ਵਿਰੁੱਧ ਮਾਮਲੇ ਨੂੰ ਖਤਮ ਕਰਨ ਲਈ ਅਰਜ਼ੀ ਦਾਖਲ ਕਰਨ ਤੋਂ ਪਹਿਲਾਂ ਫਰਿਆਦੀ ਨੂੰ ਨੋਟਿਸ ਜਾਰੀ ਕਰਨ ਵਿਚ ਨਾਕਾਮ ਰਹਿਣ ਨੂੰ ਲੈ ਕੇ 18 ਜਨਵਰੀ ਨੂੰ ਸੀ. ਬੀ. ਆਈ. ਦੀ ਖਿਚਾਈ ਕੀਤੀ। ਐਡੀਸ਼ਨਲ ਮੈਟਰੋਪਾਲੀਟਿਨ ਮੈਜਿਸਟ੍ਰੇਟ ਲੋਕੇਸ਼ਨ ਕੁਮਾਰ ਨੇ ਕਿਹਾ ਕਿ ਇਹ ਕਾਨੂੰਨੀ ਪੱਖੋਂ ਜ਼ਰੂਰੀ ਹੈ। ਤੁਹਾਨੂੰ ਇਸ ਮਾਮਲੇ ਵਿਚ ਕਾਰਵਾਈ ਨਾ ਕਰਨ ਨੂੰ ਲੈ ਕੇ ਫਰਿਆਦੀ ਨੂੰ ਸੂਚਨਾ ਦੇਣੀ ਚਾਹੀਦੀ ਸੀ। ਅਸਲ ਵਿਚ ਅਦਾਲਤ ਨੂੰ ਵੀ ਇਹ ਟਿੱਪਣੀ ਕਰਨੀ ਪਈ ਜਦੋਂ ਸੀ. ਬੀ. ਆਈ. ਇਸ ਸੰਬੰਧੀ ਕੋਈ ਦਸਤਾਵੇਜ਼ ਪੇਸ਼ ਕਰਨ ਵਿਚ ਨਾਕਾਮ ਹੋਈ ਕਿ ਉਸ ਨੇ ਅਦਾਲਤ ਵਿਚ ਇਸ ਮਾਮਲੇ ਨੂੰ ਖਤਮ ਕਰਨ ਲਈ ਅਰਜ਼ੀ ਦਾਖਲ ਕਰਨ ਤੋਂ ਪਹਿਲਾਂ ਫਰਿਆਦੀ ਹਰਵਿੰਦਰ ਕੌਰ ਨੂੰ ਕੋਈ ਨੋਟਿਸ ਜਾਰੀ ਕੀਤਾ ਸੀ। ਅਦਾਲਤ ਨੇ ਸੱਜਣ ਕੁਮਾਰ ਅਤੇ ਹੋਰਨਾਂ ਵਿਰੁੱਧ ਦਾਖਲ ਕੀਤੇ ਗਏ ਦੋਸ਼ ਪੱਤਰ 'ਤੇ ਸੁਣਵਾਈ ਇਕ ਫਰਵਰੀ ਤਕ ਟਾਲ ਦਿੱਤੀ। ਅਦਾਲਤ ਦੇ ਬਾਹਰ ਸੈਂਕੜੇ ਸਿੱਖ ਸੱਜਣ ਕੁਮਾਰ ਵਿਰੁੱਧ ਕਾਰਵਾਈ ਵਿਚ ਦੇਰੀ ਦਾ ਵਿਰੋਧ ਕਰਨ ਲਈ ਖੜ੍ਹੇ ਸਨ। ਲੋਕਾਂ ਨੇ ਸੱਜਣ ਕੁਮਾਰ ਦਾ ਪੁਤਲਾ ਵੀ ਸਾੜਿਆ।



ਇਸ ਦੌਰਾਨ ਲੰਘੀ 13 ਜਨਵਰੀ ਨੂੰਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਵਿਰੁਧ 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਦੋ ਕੇਸਾਂ ਵਿਚ ਸੀ.ਬੀ.ਆਈ. ਨੇ ਮੁੱਖ ਮੈਟਰੋਪਾਲੀਟਨ ਜੱਜ ਕਾਵੇਰੀ ਬਾਵੇਜਾ ਦੀ ਅਦਾਲਤ ਵਿਚ ਦੋਸ਼ ਪੱਤਰ ਦਾਖ਼ਲ ਕੀਤੇ ਹਨ। ਇੰਦਰਾ ਗਾਂਧੀ ਦੇ ਕਤਲ ਪਿੱਛੋਂ ਦਿੱਲੀ 'ਚ ਹੋਏ ਸਿੱਖ ਕਤਲੇਆਮ ਦੌਰਾਨ ਸੁਲਤਾਨਪੁਰੀ ਅਤੇ ਦਿੱਲੀ ਪੁਲਿਸ ਸਟੇਸ਼ਨਾਂ ਵਿਚ ਦਰਜ ਦੋ ਵੱਖ-ਵੱਖ ਕੇਸਾਂ 'ਚ ਸੀ.ਬੀ.ਆਈ. ਨੇ ਸੱਜਣ ਕੁਮਾਰ ਨੂੰ ਭੜਕਾਊ ਭਾਸ਼ਣ ਦੇਣ ਅਤੇ 12 ਵਿਅਕਤੀਆਂ ਦੀ ਮੌਤ ਦੇ ਮਾਮਲੇ ਵਿਚ ਇਹ ਦੋਸ਼ ਪੱਤਰ ਦਾਖ਼ਲ ਕੀਤੇ ਹਨ। ਇਨ੍ਹਾਂ ਕੇਸਾਂ ਵਿਚ ਸੁਲਤਾਨਪੁਰੀ ਪੁਲਿਸ ਸਟੇਸ਼ਨ 'ਚ ਸੱਤ ਵਿਅਕਤੀਆਂ ਦਾ ਕਤਲ ਅਤੇ ਦਿੱਲੀ ਕੈਂਟ ਪੁਲਿਸ ਸਟੇਸ਼ਨ ਵਿਚ ਪੰਜ ਵਿਅਕਤੀਆਂ ਦੇ ਕਤਲ ਦਾ ਕੇਸ ਦਰਜ ਸੀ। 2005 ਦੇ ਨਾਨਾਵਤੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤਹਿਤ ਸੀ.ਬੀ.ਆਈ. ਵਲੋਂ ਜਾਂਚ ਕੀਤੇ ਜਾ ਰਹੇ ਇਨ੍ਹਾਂ ਮਾਮਲਿਆਂ ਵਿਚ ਸੱਜਣ ਕੁਮਾਰ ਨੂੰ ਇੰਡੀਅਨ ਪੈਨਲ ਕੋਡ ਦੀਆਂ ਕਤਲ, ਭੜਕਾਊ ਭਾਸ਼ਣ ਅਤੇ ਦੰਗੇ ਫੈਲਾਉਣ ਦੀਆਂ ਕਈ ਧਾਰਾਵਾਂ ਹੇਠ ਦੋਸ਼ੀ ਠਹਿਰਾਇਆ ਗਿਆ ਹੈ। ਸੀ.ਬੀ.ਆਈ. ਨੇ ਦੋਸ਼ ਲਾਇਆ, "ਉਦੋਂ ਦੇ ਸੰਸਦ ਮੈਂਬਰ (ਸੱਜਣ ਕੁਮਾਰ) ਨੇ 300/400 ਬੰਦਿਆਂ ਦੇ ਹਜੂਮ ਨੂੰ ਸਿੱਖਾਂ ਨੂੰ ਮਾਰਨ ਅਤੇ ਸਾੜਨ ਲਈ ਉਕਸਾਇਆ ਅਤੇ ਸਿੱਖਾਂ ਦੇ ਘਰ ਸਾੜੇ ਤੇ ਲੁੱਟੇ।"

ਇਸੇ ਦੌਰਾਨ ਜਾਂਚ ਏਜੰਸੀ ਨੇ ਮੰਗੋਲਪੁਰੀ ਪੁਲਿਸ ਸਟੇਸ਼ਨ 'ਚ ਕਤਲੇਆਮ ਅਤੇ ਇਕ ਵਿਅਕਤੀ ਨੂੰ ਮਾਰਨ ਸਬੰਧੀ ਦਰਜ ਮਾਮਲੇ ਨੂੰ ਬੰਦ ਕਰਨ ਦੀ ਰੀਪੋਰਟ ਵੀ ਦਾਖ਼ਲ ਕੀਤੀ। ਦੋਹਾਂ ਦੋਸ਼ ਪੱਤਰਾਂ 'ਚ ਸੱਜਣ ਕੁਮਾਰ ਨੂੰ ਭਾਰਤੀ ਦੰਡ ਵਿਧਾਨ ਦੀ ਧਾਰਾ 153-ਏ ਤਹਿਤ ਦੋਵੇਂ ਜਮਾਤਾਂ 'ਚ ਦੁਸ਼ਮਣੀ ਭੜਕਾਉਣ ਦਾ ਦੋਸ਼ੀ ਪਾਇਆ ਗਿਆ।

SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR,
JET AIRWAYS
DELTA, AIR INDIA,

For Emergency
Call anytime at
India $545
EARLY BIRD SALE!!!!

Homeopathic Systems for Health Treatment
When you are tired of all treatments for any disease at any age
Try homeopathic, systems of treatment
ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant /Practitioner
GURDIP SINGH SANDHU
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

# ਕਾਲੀ ਸੂਚੀ ਸਿੱਖਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼:ਜਥੇਦਾਰ ਅਕਾਲ ਤਖ਼ਤ

**ਚੰਡੀਗੜ੍ਹ:** ਦੋ ਸਾਲ ਦੇ ਸਿੱਖ ਬੱਚੇ ਬਚਿੱਤਵੀਰ ਸਿੰਘ ਨੂੰ ਅਪਣੀ ਮਾਂ ਸਣੇ ਸਿਰਫ਼ ਇਸ ਕਰ ਕੇ ਭਾਰਤ ਵਿਚ ਦਾਖ਼ਲ ਨਹੀਂ ਹੋਣ ਦਿਤਾ ਗਿਆ ਕਿ ਉਸ ਦਾ ਨਾਂ ਭਾਰਤ ਸਰਕਾਰ ਦੀ ਕਾਲੀ ਸੂਚੀ ਵਿਚ ਹੈ। ਬਚਿੱਤਵੀਰ ਸਿੰਘ ਅਪਣੀ ਮਾਂ ਸ਼ੁਭਨੀਤ ਕੌਰ ਨਾਲ 12 ਜਨਵਰੀ ਨੂੰ ਬਾਅਦ ਦੁਪਹਿਰ ਲਗਭਗ 3 ਵਜੇ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਪੁੱਜਿਆ ਸੀ। ਨਿਊਜ਼ੀਲੈਂਡ ਦੇ ਨਾਗਰਿਕ ਹੋਣ ਕਾਰਨ ਦੋਹਾਂ ਨੂੰ ਭਾਰਤੀ ਸਫ਼ਾਰਤਖ਼ਾਨੇ ਤੋਂ ਵੀਜ਼ੇ ਮਿਲੇ ਹੋਏ ਸਨ ਅਤੇ ਕਿਸੇ ਵੀ ਦਸਤਾਵੇਜ਼ ਵਿਚ ਕੋਈ ਊਣਤਾਈ ਨਹੀਂ ਸੀ। ਇਸ ਦੇ ਬਾਵਜੂਦ ਮਾਂ-ਪੁੱਤਰ ਨੂੰ ਭਾਰਤੀ ਅਧਿਕਾਰੀਆਂ ਨੇ ਕਈ ਘੰਟੇ ਖੱਜਲ ਕਰਨ ਤੋਂ ਬਾਅਦ ਦੁਬਈ ਭੇਜ ਦਿਤਾ ਜਿਥੋਂ ਉਨ੍ਹਾਂ ਨੂੰ ਨਿਊਜ਼ੀਲੈਂਡ ਭੇਜਿਆ ਗਿਆ।

ਬਚਿੱਤਵੀਰ ਦਾ ਦਾਦਕਾ ਪਰਿਵਾਰ ਆਪਣੇ ਪੋਤੇ ਨੂੰ ਵੇਖਣ ਲਈ ਹਵਾਈ ਅੱਡੇ ਦੇ ਬਾਹਰ ਹੀ ਖੜਾ ਰਹਿ ਗਿਆ। ਸਰਕਾਰ ਨੇ ਦੋ ਸਾਲ ਦੇ ਬੱਚੇ ਦਾ ਨਾਂ ਵੀ ਕਾਲੀ ਸੂਚੀ ਵਿਚ ਪਾਇਆ ਹੋਇਆ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਸਰਕਾਰੀ ਵਿਭਾਗਾਂ ਦੇ ਕੰਮ-ਕਾਜ ਦੀ ਸਾਰ ਲੈਣ ਵਾਲਾ ਕੋਈ ਨਹੀਂ। ਦਸਣਯੋਗ ਹੈ ਕਿ ਸ਼ੁਭਨੀਤ ਕੌਰ 11 ਸਾਲ ਤੋਂ ਨਿਊਜ਼ੀਲੈਂਡ ਰਹਿ ਰਹੀ ਹੈ ਅਤੇ ਪਹਿਲਾਂ ਵੀ ਕਈ ਵਾਰ ਭਾਰਤ ਆਈ ਹੈ। ਦੁਨੀਆਂ ਭਰ ਵਿਚ ਵਸਦੇ ਸਿੱਖਾਂ ਨੇ ਇਸ ਘਟਨਾ 'ਤੇ ਤਿੱਖਾ ਰੋਸ ਜ਼ਾਹਰ ਕੀਤਾ ਹੈ। ਸਿੱਖ ਜਥੇਬੰਦੀਆਂ ਨੇ ਇਸ ਮਾਮਲੇ ਨੂੰ ਗ੍ਰਹਿ ਮੰਤਰਾਲੇ, ਨਿਊਜ਼ੀਲੈਂਡ ਵਿਚਲੇ ਸਫ਼ਾਰਤਖ਼ਾਨੇ, ਵਿਦੇਸ਼ ਮੰਤਰਾਲੇ ਅਤੇ ਪੰਜਾਬ ਸਰਕਾਰ ਦੇ ਧਿਆਨ ਵਿਚ ਲਿਆਉਣ ਦਾ ਫ਼ੈਸਲਾ ਕੀਤਾ ਹੈ।

ਇਸ ਦੌਰਾਨ ਘੱਟ-ਗਿਣਤੀ ਕਮਿਸ਼ਨ ਦੇ ਮੈਂਬਰ ਹਰਵਿੰਦਰ ਸਿੰਘ ਹੰਸਪਾਲ ਨੇ ਕਿਹਾ ਹੈ ਕਿ ਨਿਊਜ਼ੀਲੈਂਡ ਦੀ ਸਿੱਖ ਬੀਬੀ ਸ਼ੁਭਨੀਤ ਕੌਰ ਤੇ ਉਸ ਦੇ ਦੋ ਸਾਲਾ ਪੁੱਤਰ ਬਚਿੱਤਵੀਰ ਸਿੰਘ ਦਾ ਨਾਂ ਭਾਰਤ ਸਰਕਾਰ ਦੀ ਕਾਲੀ ਸੂਚੀ 'ਚ ਹੋਣ ਅਤੇ ਉਨ੍ਹਾਂ ਨੂੰ ਵਾਪਸ ਭੇਜਣ ਦਾ ਮਾਮਲਾ ਕੌਮੀ ਘੱਟ-ਗਿਣਤੀ ਕਮਿਸ਼ਨ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਉਠਾਵੇਗਾ। ਉਨ੍ਹਾਂ ਇਸ ਬਾਰੇ ਹੋਰ ਕੋਈ ਟਿਪਣੀ ਕਰਨ ਤੋਂ ਨਾਂਹ ਕਰ ਦਿਤੀ।

ਉਧਰ ਆਸਟ੍ਰੇਲੀਆ ਦੇ ਇਕ ਗੁਰਦਵਾਰੇ ਉਤੇ ਨਸਲਵਾਦੀਆਂ ਵਲੋਂ ਕੀਤੇ ਹਮਲੇ ਨੂੰ ਮੰਦਭਾਗਾ ਕਰਾਰ ਦਿੰਦਿਆਂ ਹੰਸਪਾਲ ਨੇ ਕਿਹਾ ਕਿ ਇਸ ਬਾਰੇ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੂੰ ਪੱਤਰ ਲਿਖ ਕੇ ਤੁਰਤ ਕਾਰਵਾਈ ਕਰਨ ਲਈ ਕਹਿਣਗੇ।

ਉਨ੍ਹਾਂ ਕਿਹਾ ਕਿ ਪਿਛਲੇ ਲੰਮੇਂ ਸਮੇਂ ਤੋਂ ਆਸਟ੍ਰੇਲੀਆ ਵਿਚ ਭਾਰਤੀ ਵਿਦਿਆਰਥੀਆਂ ਨੂੰ ਨਸਲਵਾਦੀ ਹਮਲਿਆਂ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ ਪਰ ਉਥੋਂ ਦੀ ਸਰਕਾਰ ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਕੋਈ ਠੋਸ ਯਤਨ ਨਹੀਂ ਕਰ ਸਕੀ। 'ਅੱਲਾ' ਸ਼ਬਦ ਦੀ ਵਰਤੋਂ ਸਬੰਧੀ ਮਲੇਸ਼ੀਆ ਸਥਿਤ ਕੁਆਲਾਲੰਪੁਰ ਦੇ ਇਕ ਗੁਰਦਵਾਰੇ ਉਤੇ ਕੀਤੇ ਗਏ ਪਥਰਾਅ ਨੂੰ ਵੀ ਉਨ੍ਹਾਂ ਮਾੜਾ ਦਸਿਆ ਤੇ ਕਿਹਾ ਕਿ ਇਹ ਬਹੁਤ ਹੀ ਦੁਖਦਾਈ ਸਥਿਤੀ ਹੈ ਕਿ ਉਥੇ ਦੇ ਮੁਸਲਮਾਨ ਭਾਈਚਾਰੇ ਦੇ ਲੋਕ ਇਸ ਸ਼ਬਦ ਦੀ ਕਿਸੇ ਹੋਰ ਨੂੰ ਵਰਤੋਂ ਕਰਨ ਦੇਣ ਦੇ ਵਿਰੁਧ ਹਨ ਜਦ ਕਿ ਗੁਰੂ ਗ੍ਰੰਥ ਸਾਹਿਬ ਵਿਚ ਤਾਂ ਕਈ ਥਾਵਾਂ 'ਤੇ ਅੱਲਾ ਸ਼ਬਦ ਵਰਤਿਆ ਗਿਆ ਹੈ।

ਇਸ ਦੌਰਾਨ ਨਿਊਜ਼ੀਲੈਂਡ ਤੋਂ ਆਈ ਇਕ ਸਿੱਖ ਮਹਿਲਾ ਅਤੇ ਉਸ ਦੇ 2 ਸਾਲਾ ਬੱਚੇ ਨੂੰ ਦਿੱਲੀ ਏਅਰਪੋਰਟ ਤੋਂ ਉਨ੍ਹਾਂ ਦਾ ਨਾਂ ਕਾਲੀ ਸੂਚੀ ਵਿਚ ਹੋਣ ਦੇ ਕਾਰਨ ਵਾਪਸ ਭੇਜਣ ਦਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਖ਼ਤ ਨੋਟਿਸ ਲਿਆ ਹੈ ਅਤੇ ਇਸ ਨੂੰ ਪੰਥ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ ਹੈ। ਲੰਘੀ 18 ਜਨਵਰੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਸੂਚਨਾ ਕੇਂਦਰ 'ਤੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਗਿਆਨੀ ਗੁਰਬਚਨ ਸਿੰਘ ਨੇ ਇਸ ਗੱਲ 'ਤੇ ਅਫਸੋਸ ਪ੍ਰਗਟਾਇਆ ਕਿ ਸਰਬੱਤ ਦਾ ਭਲਾ ਚਾਹੁਣ ਵਾਲੇ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ ਸਿੱਖ ਪੰਥ ਨੂੰ ਜ਼ਲੀਲ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਨਿਊਜ਼ੀਲੈਂਡ ਤੋਂ ਸ਼ੁਭਨੀਤ ਨਾਂ ਦੀ ਇਕ ਸਿੱਖ ਮਹਿਲਾ ਆਪਣੇ 2 ਸਾਲਾ ਬੱਚੇ ਨਾਲ ਦਿੱਲੀ ਏਅਰਪੋਰਟ ਪਹੁੰਚੀ। ਉਥੇ ਉਸ ਨੂੰ ਕਾਫੀ ਸਮੇਂ ਤੱਕ ਗੈਰ-ਜ਼ਰੂਰੀ ਪੁੱਛਗਿੱਛ ਕਰਕੇ ਪ੍ਰੇਸ਼ਾਨ ਕੀਤਾ ਗਿਆ ਅਤੇ ਉਸ ਤੋਂ ਉਪਰੰਤ ਉਸ ਨੂੰ ਇਹ ਕਹਿ ਕੇ ਵਾਪਸ ਭੇਜ ਦਿੱਤਾ ਗਿਆ ਕਿ ਉਨ੍ਹਾਂ ਦਾ ਨਾਂ ਕਾਲੀ ਸੂਚੀ ਵਿਚ ਹੈ। ਜਥੇ. ਨੇ ਦੱਸਿਆ ਕਿ ਉਕਤ ਜਾਣਕਾਰੀ



ਇਕ ਦੋ ਸਾਲ ਦਾ ਬੱਚਾ ਵੀ ਕਾਲੀ ਸੂਚੀ ਵਿਚ ?

ਮਹਿਲਾ ਦੇ ਪਿਤਾ ਦਲਜੀਤ ਸਿੰਘ ਨੇ ਉਨ੍ਹਾਂ ਨੂੰ ਫੋਨ 'ਤੇ ਦਿੱਤੀ। ਉਨ੍ਹਾਂ ਇਹ ਵੀ ਦੱਸਿਆ ਕਿ 2 ਸਾਲ ਪਹਿਲਾਂ ਵੀ ਉਕਤ ਮਹਿਲਾ ਆਪਣੇ ਪਤੀ ਰਣਬੀਰ ਸਿੰਘ ਦੇ ਨਾਲ ਭਾਰਤ ਆਈ ਸੀ ਪਰ ਉਸ ਸਮੇਂ ਤਾਂ ਉਨ੍ਹਾਂ ਨੂੰ ਕਿਸੇ ਨੇ ਨਹੀਂ ਰੋਕਿਆ। ਉਨ੍ਹਾਂ ਹੈਰਾਨੀ ਦਰਸਾਈ ਕਿ ਹੁਣ ਅਜਿਹਾ ਕੀ ਹੋ ਗਿਆ ਜਿਸ ਨਾਲ ਉਸ ਨੂੰ ਕਾਲੀ ਸੂਚੀ ਵਿਚ ਦੱਸ ਕੇ ਜ਼ਲੀਲ ਕੀਤਾ ਗਿਆ। ਉਨ੍ਹਾਂ ਭਾਰਤ ਸਰਕਾਰ ਦੀਆਂ ਨੀਤੀਆਂ 'ਤੇ ਰੋਸ ਪ੍ਰਗਟਾਉਂਦਿਆਂ ਕਿਹਾ ਕਿ ਸਿੱਖ ਪੰਥ ਨੂੰ ਬਦਨਾਮ ਕਰਨ ਲਈ ਜਾਣ-ਬੁੱਝ ਕੇ ਅਜਿਹੀਆਂ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖਾਂ 'ਤੇ ਅੱਤਵਾਦ ਅਤੇ ਵੱਖਵਾਦ ਜਿਹੇ ਸੰਗੀਨ ਦੋਸ਼ ਵੀ ਲਗਦੇ ਰਹੇ ਹਨ ਜਦ ਕਿ ਸਿੱਖਾਂ ਦਾ ਦੇਸ਼ ਵਿਰੋਧੀ ਤਾਕਤਾਂ ਨਾਲ ਕੋਈ ਵੀ ਲੈਣ-ਦੇਣ ਨਹੀਂ ਰਿਹਾ। ਉਨ੍ਹਾਂ ਅਨੁਸਾਰ ਸਰਕਾਰਾਂ ਵਲੋਂ ਰਚੀਆਂ ਜਾ ਰਹੀਆਂ ਸਾਜ਼ਿਸ਼ਾਂ ਦੇ ਆਧਾਰ 'ਤੇ ਜਾਣ-ਬੁੱਝ ਕੇ ਅੱਤਵਾਦ ਦੀ ਦਲਦਲ 'ਚ ਧਸਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਇਸੇ ਤਹਿਤ ਹਜ਼ਾਰਾਂ ਬੇਗੁਨਾਹ ਸਿੱਖ ਨੌਜਵਾਨ ਜੇਲਾਂ ਵਿਚ ਬੰਦ ਹਨ ਜੋ ਬਜ਼ੁਰਗ ਹੋ ਚੁੱਕੇ ਹਨ ਪਰ ਸਰਕਾਰ ਉਨ੍ਹਾਂ ਨੂੰ ਰਿਹਾਅ ਨਹੀਂ ਕਰ ਰਹੀ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਕਾਲੀ ਸੂਚੀ ਖ਼ਤਮ ਕਰਨੀ ਚਾਹੀਦੀ ਹੈ। ਉਨ੍ਹਾਂ ਅਨੁਸਾਰ ਕਾਲੀ ਸੂਚੀ 'ਚ ਸ਼ਾਮਲ ਲੋਕਾਂ 'ਤੇ ਕੋਈ ਸੰਗੀਨ ਦੋਸ਼ ਨਹੀਂ ਸਗੋਂ ਜਿਨ੍ਹਾਂ ਨੇ ਆਪਣੇ ਅਧਿਕਾਰਾਂ ਲਈ ਆਵਾਜ਼ ਉਠਾਈ ਹੈ, ਉਸ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜੋ ਕਿ ਘਿਣਾਉਣੀ ਸਾਜ਼ਿਸ਼ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇ. ਅਵਤਾਰ ਸਿੰਘ ਮੱਕੜ ਇਸ ਮਾਮਲੇ ਵਿਚ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਵੀ ਕਰਨਗੇ ਅਤੇ ਆਪਣੇ ਪੱਧਰ 'ਤੇ ਇਸ ਬੇਇਨਸਾਫੀ ਖਿਲਾਫ ਆਵਾਜ਼ ਵੀ ਉਠਾਉਣਗੇ।

ਵਿਦੇਸ਼ਾਂ ਵਿਚ ਵਸਦੇ ਸਿੱਖਾਂ ਨਾਲ ਹੋ ਰਹੀ ਬੇਇਨਸਾਫੀ ਅਤੇ ਗੁਰਦੁਆਰਿਆਂ 'ਚ ਅੱਗ ਲੱਗਣ ਦੀਆਂ ਘਟਨਾਵਾਂ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਜਥੇਦਾਰ ਨੇ ਸਮੂਹ ਸਿੱਖ ਸੰਗਤ ਨੂੰ ਕਿਹਾ ਕਿ ਉਹ ਜਿਥੋਂ ਤੱਕ ਹੋ ਸਕੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਦੀ ਬਜਾਏ ਆਪਣੇ ਦੇਸ਼ ਵਿਚ ਹੀ ਸਿੱਖਿਆ ਦੇ ਕੇ ਇਥੇ ਹੀ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਉਤਸ਼ਾਹਿਤ ਕਰਨ। ਮਾਤ-ਭਾਸ਼ਾ ਪੰਜਾਬੀ ਨੂੰ ਉਤਸ਼ਾਹਿਤ ਕਰਨ ਲਈ ਉਨ੍ਹਾਂ ਕਿਹਾ ਕਿ ਉਤਰਾਂਚਲ ਦੇ ਗੁਰਦੁਆਰਾ ਸਾਹਿਬ ਵਿਚ ਇਹ ਮੰਗ ਉਠਾਈ ਗਈ ਹੈ ਕਿ ਉਥੇ ਪੰਜਾਬੀ ਯੂਨੀਵਰਸਿਟੀ ਦਾ ਨਿਰਮਾਣ ਕੀਤਾ ਜਾਵੇ ਅਤੇ ਹਰਿਆਣਾ ਦੀ ਤਰ੍ਹਾਂ ਹੀ ਪੰਜਾਬੀ ਨੂੰ ਦੂਸਰੀ ਭਾਸ਼ਾ ਦੇ ਰੂਪ ਵਿਚ ਲਾਗੂ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਉਹ ਹਿੰਦੁਸਤਾਨ ਵਾਸੀ ਹਨ ਅਤੇ ਇਥੇ ਹਰ ਮਜ਼ਹਬ-ਵਰਗ ਦੇ ਲੋਕਾਂ ਨੂੰ ਰਹਿਣ ਦਾ ਅਧਿਕਾਰ ਹੈ।

## ਇਸ ਸਦੀ ਦਾ ਸਭ ਤੋਂ ਵੱਡਾ ਸੂਰਜ ਗ੍ਰਹਿਣ

**ਨਵੀਂ ਦਿੱਲੀ :** ਬੀਤੀ 15 ਜਨਵਰੀ ਨੂੰ ਸਦੀ ਦੇ ਸਭ ਤੋਂ ਵੱਡੇ ਸੂਰਜ ਗ੍ਰਹਿਣ ਦੌਰਾਨ ਦੁਪਹਿਰੇ ਸੂਰਜ ਤੇ ਧਰਤੀ ਦਰਮਿਆਨ ਚੰਨ ਦੇ ਆਉਣ ਨਾਲ ਭਾਰਤ ਦੇ ਦੱਖਣੀ ਧੁਰੇ ਤੇ ਉਸਦੇ ਗੁਆਂਢ ਦੇ ਖੇਤਰਾਂ ਵਿਚ ਹਨੇਰਾ ਛਾ ਗਿਆ। ਸੂਰਜ ਗ੍ਰਹਿਣ ਦੌਰਾਨ ਅਸਮਾਨ 'ਚ ਰਿੰਗ ਆਫ ਫਾਇਰ' (ਅੱਗ ਦਾ ਛੱਲਾ) ਦਾ ਦਿਲ ਖਿੱਚਵਾਂ ਨਜ਼ਾਰਾ ਵੀ ਵੇਖਿਆ ਗਿਆ। ਜਦਕਿ ਭਾਰਤ ਦੇ ਬਾਕੀ ਹਿੱਸਿਆਂ ਵਿਚ ਅੰਸ਼ਕ ਤੇ ਛੱਲੇਦਾਰ ਸੂਰਜ ਗ੍ਰਹਿਣ ਵਿਖਾਈ ਦਿੱਤਾ। ਹੁਣ ਇਸ ਤਰ੍ਹਾਂ ਦੀ ਘਟਨਾ ਸੰਨ 3043 'ਚ ਵੇਖਣ ਨੂੰ ਮਿਲੇਗੀ। ਵਿਗਿਆਨੀਆਂ ਮੁਤਾਬਕ ਸੂਰਜ ਗ੍ਰਹਿਣ 11.17 'ਤੇ ਧਨੁਸ਼ਕੋਡ 'ਚ ਸਭ ਤੋਂ ਪਹਿਲਾਂ ਵਿਖਾਈ ਦਿੱਤਾ। ਇਸ ਪ੍ਰੀਕਿਰਿਆ ਨਾਲ ਅਸਮਾਨ ਵਿਚ 10 ਮਿੰਟ ਤੱਕ ਬਾਅਦ 'ਰਿੰਗ ਆਫ ਫਾਇਰ' ਬਣਿਆ ਰਿਹਾ।ਜ਼ਿਕਰਯੋਗ ਹੈ ਕਿ 'ਰਿੰਗ ਆਫ ਫਾਇਰ' ਉਦੋਂ ਬਣਦਾ ਹੈ, ਜਦੋਂ ਚੰਨ ਦੀ ਛਾਇਆ ਸੂਰਜ ਦੀ ਤੈਅ ਨੂੰ ਸਿਰਫ਼ ਇੱਕ ਕਿਨਾਰਾ ਛੱਡ ਕੇ ਪੂਰੀ ਤਰ੍ਹਾਂ ਢਕ ਲੈਂਦੀ ਹੈ। ਇਸ ਘਟਨਾ ਨੂੰ ਧਿਆਨ ਨਾਲ ਜਾਂਚ ਰਹੇ ਵਿਗਿਆਨੀਆਂ ਦੇ ਇੱਕ ਗਰੁੱਪ ਨੇ ਦੱਸਿਆ ਕਿ ਇਹ ਸੂਰਜ ਗ੍ਰਹਿਣ ਪੂਰਨ ਹਨੇਰੇ ਦੀ ਸਥਿਤੀ ਤੋਂ ਕੁਝ ਘਟ ਸੀ। ਉਨ੍ਹਾਂ ਦੱਸਿਆ ਕਿ ਹੁਣ ਇਸ ਤਰ੍ਹਾਂ ਦੀ ਇੱਕ ਹੋਰ ਘਟਨਾ ਸਾਲ 2019 ਵਿਚ ਵੇਖਣ ਨੂੰ ਮਿਲੇਗੀ, ਪਰ ਉਸ ਦੀ ਸਮਾਂ ਸੀਮਾ ਇੰਨੀ ਲੰਮੀ ਨਹੀਂ ਹੋਵੇਗੀ ਤੇ ਉਸ ਨੂੰ ਤਾਮਿਲਨਾਡੂ ਤੇ ਕਰਨਾਟਕ ਵਿਚ ਵੇਖਿਆ ਜਾ ਸਕੇਗਾ। ਵਿਗਿਆਨੀਆਂ ਮੁਤਾਬਕ ਛੱਲੇਦਾਰ ਸੂਰਜ ਗ੍ਰਹਿਣ ਦੌਰਾਨ ਸੂਰਜ ਬਹੁਤ ਚਮਕੀਲੇ ਛੱਲੇ ਵਜੋਂ ਦਿਖਾਈ ਦਿੰਦਾ ਹੈ। ਵੇਖਣ 'ਚ ਇਹ ਅੱਗ ਦੇ ਛੱਲੇ ਵਰਗੇ ਲੱਗਦਾ ਹੈ। ਭਾਵੇਂ ਵਿਗਿਆਨੀਆਂ ਵਲੋਂ ਸੂਰਜ ਗ੍ਰਹਿਣ ਬਾਰੇ ਬਹੁਤ ਜ਼ਿਆਦਾ ਸਪਸ਼ਟੀਕਰਨ ਦਿੱਤਾ ਗਿਆ, ਪਰ ਇਸ ਦੇ ਬਾਵਜੂਦ ਕਈ ਥਾਈਂ ਅੰਧ ਵਿਸ਼ਵਾਸ ਵੇਖਣ ਨੂੰ ਮਿਲਿਆ।



ਇਸ ਦੌਰਾਨ ਦੇਸ਼ ਦੇ ਕਈ ਪ੍ਰਮੁੱਖ ਮੰਦਰਾਂ ਦੇ ਦਰਵਾਜ਼ੇ ਬੰਦ ਰਹੇ। ਜਦਕਿ ਸੂਰਜ ਗ੍ਰਹਿਣ ਦੇ ਚਾਰ ਘੰਟੇ ਬਾਅਦ ਵੱਡੀ ਗਿਣਤੀ ਵਿਚ ਲੋਕਾਂ ਨੇ ਨਦੀਆਂ ਵਿਚ ਇਸ਼ਨਾਨ ਕੀਤਾ। ਇਸ ਦੁਰਲਭ ਘਟਨਾ ਨੂੰ ਕਈ ਵਿਗਿਆਨੀਆਂ ਨੇ ਆਪਣੇ ਕੈਮਰੇ ਵਿਚ ਵੀ ਕੈਦ ਕੀਤਾ। ਇਸਦੇ ਨਾਲ ਵਿਕਰਮ ਸਾਰਾਭਾਈ ਪੁਲਾੜ ਕੇਂਦਰ ਸਥਿਤ ਵਿਗਿਆਨੀਆਂ ਨੇ ਅੰਕੜੇ ਇਕੱਠੇ ਕਰਨ ਲਈ ਥੁੰਬਾ ਤੋਂ ਕਈ ਸਿਲਸਿਲੇਵਾਰ ਰਾਕਟ ਵੀ ਦਾਗੇ।

# ਤੂੰ ਤਾਂ ਤੁਰ ਗਿਆ ਦਿਲਾਸੇ ਦੇ ਕੇ...

**ਸੁਰਜੀਤ ਮਾਨ**

ਭਾਰਤੀ ਹਾਕੀ ਦੇ ਵਰਕੇ ਫਰੋਲਦਿਆਂ ਪਤਾ ਲੱਗਦਾ ਹੈ ਕਿ ਇਸ ਨੂੰ ਹਮੇਸ਼ਾ ਆਪਣੇ ਦੀਵਾਰਨੁਮਾ ਰੱਖਿਅਕਾਂ 'ਤੇ ਮਾਣ ਰਿਹਾ ਹੈ, ਜਿਨ੍ਹਾਂ 'ਚ ਸਿਰਮੌਰ ਹੈ ਪ੍ਰਿਥੀਪਾਲ, ਸੁਰਜੀਤ ਅਤੇ ਪ੍ਰਗਟ ਦੀ ਤ੍ਰੈ-ਮੂਰਤੀ। ਇਹ ਫੁਲ ਬੈਕ ਗੇਂਦ ਦੀ ਤਾਂ ਗੱਲ ਛੱਡੋ, ਕੁਝ ਪਲਾਂ ਲਈ ਆਪਣੇ ਨੇੜਿਓਂ ਲੰਘਦੀ ਗੋਲੀ ਨੂੰ ਵੀ ਬਰਦਾਸ਼ਤ ਨਹੀਂ ਸਨ ਕਰਦੇ। ਮੇਰੇ ਇਸ ਸੰਖੇਪ ਪਰ ਸ਼ਿੱਦਤ ਸਮੋਏ ਲੇਖ ਦਾ ਨਾਇਕ ਵੀ ਇਕ ਅਜਿਹਾ ਸਿਰਮੌਰ ਫੁਲ ਬੈਕ ਹੀ ਹੈ, ਜਿਸ ਦੀ ਥਾਂ ਭਾਰਤ ਦੇ ਹੀ ਨਹੀਂ ਸਗੋਂ ਵਿਸ਼ਵ ਦੇ ਪਾਲ ਲਿਟਜ਼ਨ, ਫਿਸ਼ਰ, ਬੋਵਲੈਂਡਰ ਅਤੇ ਮਨਜ਼ੂਰ-ਉਲ-ਹਸਨ ਦੀ ਕਤਾਰ 'ਚ ਹੈ। ਇਹ ਸੀ ਬਟਾਲੇ ਦੀ ਕੁੱਖ 'ਚ ਵਸਦੇ ਪਿੰਡ ਦਾਖਲੇ ਦਾ ਸਾਧਾਰਨ ਰੰਧਾਵਾ ਜ਼ਿਮੀਂਦਾਰਾਂ ਦਾ ਸ਼ਰਮੀਲਾ ਅਤੇ ਜਜ਼ਬਾਤੀ ਜਿਹਾ ਮੁੰਡਾ ਸੁਰਜੀਤ, ਜਿਸਨੂੰ ਹੋਣੀ ਅਤਿ ਕੁਵੇਲੇ, ਉਮਰ ਦੇ ਸਿਖਰ ਦੁਪਹਿਰੇ 'ਜੋਬਨ ਰੁੱਤੇ' ਸਦਾ ਲਈ ਲੈ ਗਈ। ਅਜੇ ਤਾਂ ਉਸ ਨੇ ਆਪਣੀ ਲਾਡਲੀ ਖੇਡ ਦੇ ਮਸਤਕ 'ਤੇ ਪੈੜਾਂ ਛੱਡਣੀਆਂ ਸਨ, ਪਰ ਤਕਦੀਰ ਨੂੰ ਕੌਣ ਮੇਟੇ।

ਸੁਰਜੀਤ ਉਨ੍ਹਾਂ 'ਚੋਂ ਸੀ ਜਿਨ੍ਹਾਂ ਲਈ ਖੇਡ ਕਿੱਤਾ ਨਹੀਂ 'ਧਰਮ-ਕਾਜ' ਹੁੰਦੀ ਹੈ ਜਿਸ ਦੀ ਪ੍ਰਾਪਤੀ ਲਈ ਉਹ ਤਨੋਂ, ਮਨੋਂ ਜੁਝਦੇ ਹਨ। ਲੱਗਦਾ ਹੈ ਜਿਵੇਂ ਉਹ ਆਪਣੀ ਟੀਮ ਦੀ ਨਹੀਂ ਸਗੋਂ ਆਪਣੇ ਦੇਸ਼ ਦੇ ਕਿਸੇ ਕਿਲੇ ਦੀ ਰਾਖੀ ਕਰਨ ਲਈ ਭੀਸ਼ਮ ਸਹੁੰ ਨਿਭਾ ਰਹੇ ਹੋਣ। ਸੁਰਜੀਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਵਿਦਿਆਰਥੀ ਸੀ ਜਿਸ ਦੀ ਸਭ ਤੋਂ ਪ੍ਰਭਾਵਸ਼ਾਲੀ ਗਵਾਹੀ ਉਸਦੇ ਗਲੇ 'ਚ ਪਾਇਆ ਗੁਰਾਂ ਦਾ ਤਵੀਤ ਸੀ, ਜਿਸ ਨੂੰ ਸਿਜਦਾ ਕਰ ਉਹ ਮੈਦਾਨ 'ਚ ਉਤਰਦਾ। ਪੈਨਲਟੀ ਕਾਰਨਰ ਲਾਉਣ ਤੋਂ ਪਹਿਲਾਂ ਉਸਨੂੰ ਨਤਮਸਤਕ ਨਜ਼ਰਾਂ ਨਾਲ ਨਿਹਾਰਦਾ ਅਤੇ ਪਿੱਛੋਂ ਆਪਣੇ ਖ਼ੁਸ਼ਕ ਸਿਕਰੀ ਭਰੇ ਹੋਠਾਂ ਨਾਲ ਚੁੰਮਦਾ।

ਮਹਾਨ ਰਾਈਟ ਹਾਫ ਕਲਾਉਡੀਅਸ ਦੀ ਪਸੀਨੇਰਹਿਤ ਸ਼ਰਟ ਦੀ ਮਿੱਥ ਦੇ ਉਲਟ, ਸੁਰਜੀਤ ਦੀ ਸ਼ਰਟ ਮੈਚ ਦੇ ਆਗਾਜ਼ ਤੋਂ ਪਹਿਲਾਂ ਹੀ ਪਸੀਨੇ ਨਾਲ ਗੱਚ ਹੋਈ ਹੁੰਦੀ ਜਿਸ ਨੂੰ ਉਹ ਖੇਡ ਸਮੇਂ ਕਈ ਵਾਰ ਨਚੋੜ ਕੇ ਪਾਉਂਦਾ। ਇਹ ਬਾਹਰੀ ਪ੍ਰਤੀਕ ਸੀ ਉਸ ਦੇ ਅੰਦਰਲੀ ਜੱਦੋ-ਜਹਿਦ, ਸਿਦਕਵਾਨ ਸੰਘਰਸ਼ ਦਾ। ਸਚਿਨ-ਅਕਰਮ, ਸਰਵਣ ਬੱਲ-ਮਹਿੰਦਰ ਬੋਲੇ (ਕਬੱਡੀ) ਅਤੇ ਪ੍ਰਗਟ-ਸ਼ਾਹਬਾਜ਼ ਅਹਿਮਦ ਦੇ ਮੁਕਾਬਲੇ ਵਾਂਗ ਸੁਰਜੀਤ-ਸ਼ਹਿਨਾਜ਼ ਦੀ ਟੱਕਰ ਵੀ ਇਕ ਖਾਸ ਆਕਰਸ਼ਣ ਰੱਖਦੀ ਹੁੰਦੀ ਸੀ। ਇਕ ਨੂੰ ਜ਼ਿੱਦ ਹੁੰਦੀ ਸੀ ਲੰਘ ਜਾਣ ਦੀ ਅਤੇ ਦੂਜੇ ਨੂੰ ਰੋਕਣ ਦੀ।

ਸੁਰਜੀਤ ਦੀ ਨਿਮਰਤਾ ਵੇਖੋ 1982 ਦੇ ਵਿਸ਼ਵ ਕੱਪ ਵੇਲੇ ਗੈਰਰਸਮੀ ਗੱਲਬਾਤ 'ਚ ਸ਼ਹਿਨਾਜ਼ ਦੀ ਤਾਰੀਫ ਉਸ ਨੇ ਇਨ੍ਹਾਂ ਸ਼ਬਦਾਂ 'ਚ ਕੀਤੀ, ''ਮੈਂ ਪਰ੍ਹੇ 'ਚ ਇਕਬਾਲ ਕਰਦਾ ਹਾਂ ਕਿ ਸ਼ਹਿਨਾਜ਼ ਵਰਗਿਆਂ ਨੂੰ ਰੋਕਣਾ ਬਹੁਤ ਹੀ ਮੁਸ਼ਕਿਲ ਹੁੰਦਾ ਸੀ। ਮੈਨੂੰ ਯਾਦ ਹੈ ਤਹਿਰਾਨ ਏਸ਼ੀਆਡ 1974 ਵੇਲੇ ਮੈਂ ਉਸ ਨੂੰ ਪੂਰੀ ਤਰ੍ਹਾਂ ਮਾਰਕ ਕਰਕੇ ਰੱਖਿਆ, ਫਿਰ ਵੀ ਪਤਾ ਨਹੀਂ ਕਦੋਂ ਅਤੇ ਕਿਵੇਂ ਦੋ ਪੈਨਲਟੀ ਕਾਰਨਰ ਦਿਵਾ ਗਿਆ ਅਤੇ ਦੋਨੋਂ ਮਨਜ਼ੂਰ ਅਤੇ ਮੁਨੱਵਰ ਨੇ ਗੋਲਾਂ 'ਚ ਬਦਲ ਕੇ ਸਾਨੂੰ ਸ਼ਿਕਸਤ ਦੇ ਦਿੱਤੀ।'' ਉਮਰ ਦੇ ਸੋਲ੍ਹਵੇਂ ਵਰ੍ਹੇ ਉਸ ਨੇ ਪੰਜਾਬ ਵੱਲੋਂ ਰਾਸ਼ਟਰੀ ਹਾਕੀ ਮੁਕਾਬਲਿਆਂ 'ਚ ਸ਼ਿਰਕਤ ਕੀਤੀ, ਵਰ੍ਹਾ ਸੀ 1967 ਦਾ ਅਤੇ ਅਗਲੇ ਸਾਲ ਸਪੋਰਟਸ ਕਾਲਜ ਜਲੰਧਰ 'ਚ ਦਾਖਲਾ ਲੈ ਲਿਆ। 1972 ਮਿਊਨਿਖ ਓਲੰਪਿਕ ਹੋ ਚੁੱਕੀ ਸੀ, ਕੌਮੀ ਟੀਮ ਬਿਖਰਦੀ ਨਜ਼ਰ ਆ ਰਹੀ ਸੀ। 1973 ਐਮਸਟਰਡਮ ਵਿਸ਼ਵ ਕੱਪ 'ਚ ਸੁਰਜੀਤ 'ਤੇ ਬਹੁਤ ਉਮੀਦਾਂ ਸਨ। ਸੁਰਜੀਤ, ਸੁਰਜੀਤ ਹੋ ਗਈ ਜਦੋਂ 'ਡੱਚ' ਟੀਮ ਵਿਰੁੱਧ ਮੈਚ ਦੇ ਪਹਿਲੇ ਛੇ ਮਿੰਟਾਂ 'ਚ ਹੀ ਉਸ ਨੇ ਦੋ ਗੋਲ ਕਰ ਦਿੱਤੇ ਅਤੇ ਰਾਤੋ ਰਾਤ 'ਸਟਾਰ' ਬਣ ਗਿਆ। ਸਭ ਤੋਂ ਵੱਧ ਨੌਂ



ਗੋਲ ਕਰਕੇ 'ਟਾਪ ਸਕੋਰਰ' ਵੀ ਰਿਹਾ। ਇਕ ਵਾਰ ਤਾਂ ਲੱਗਿਆ ਜਿਵੇਂ ਪ੍ਰਿਥੀਪਾਲ ਦਾ 'ਬਦਲ' ਮਿਲ ਗਿਆ ਹੋਵੇ। ਤਹਿਰਾਨ-ਏਸ਼ੀਆਡ 1974 ਵੇਲੇ ਬਣੀ ਕੁੱਲ ਏਸ਼ਿਆਈ ਹਾਕੀ ਟੀਮ 'ਚ ਸੁਰਜੀਤ ਅਤੇ ਮਨਜ਼ੂਰ (ਪਾਕਿਸਤਾਨ) ਦੀ ਜੋੜੀ ਦੀ ਬਹੁਤ ਹੀ ਚਰਚਾ ਹੋਈ, ਜਿਵੇਂ ਅਜੀਤਪਾਲ ਅਤੇ ਅਖ਼ਤਰ ਰਸੂਲ ਦੀ ਜੋੜੀ ਦੀ। ਇਕਬਾਲ ਨੇ ਭਾਵੇਂ ਮਨਜ਼ੂਰ ਨੂੰ ਆਪਣੇ ਸਮੇਂ ਦਾ ਸਭ ਤੋਂ ਕੱਦਾਵਰ ਫੁਲਬੈਕ ਕਿਹਾ, ਪਰ ਸਮੀਉਲ੍ਹਾ ਦੇ ਅਜਿਹੇ ਸ਼ਬਦ ਹਮੇਸ਼ਾ ਸੁਰਜੀਤ ਲਈ ਰਹੇ। ਇੱਥੋਂ ਤਕ ਕਿ ਉਹ ਇਹ ਕਹਿਣ ਵੇਲੇ ਬਹੁਤ ਭਾਵੁਕ ਹੋ ਜਾਂਦਾ ਸੀ।

1975 ਵਿਸ਼ਵ ਕੱਪ ਕੁਆਲਾਲੰਪੁਰ ਜੋ ਭਾਰਤੀ ਹਾਕੀ ਤਵਾਰੀਖ ਵਿਚ ਆਪਣੀ ਹੀ ਮਹੱਤਤਾ ਰੱਖਦਾ ਹੈ, ਵੇਲੇ ਸੁਰਜੀਤ ਦੇ ਸਾਥੀ ਸਨ ਬਲਦੇਵ ਅਤੇ ਅਸਲਮ ਸ਼ੇਰ ਅਤੇ ਓਧਰ ਪਾਕਿਸਤਾਨ ਦੇ ਪੰਜੇ ਫਾਰਵਰਡ ਇਸਲਾਹ ਮਨਜ਼ੂਰ, ਸ਼ਹਿਨਾਜ਼, ਹਨੀਫ ਅਤੇ ਸਮੀਉਲ੍ਹਾ ਆਪਣੇ ਪੂਰੇ ਜਲਾਲ ਵਿਚ ਸਨ। ਸੁਰਜੀਤ ਨੇ ਚੀਨ ਦੀ ਦੀਵਾਰ ਦਾ ਕੰਮ ਵੀ ਕੀਤਾ ਅਤੇ ਗੋਲ ਕਰਵਾਉਣ 'ਚ ਅਹਿਮ ਹਿੱਸਾ ਪਾਇਆ। 1976 ਮਾਂਟਰੀਅਲ ਓਲੰਪਿਕ ਵਿਚ ਟੀਮ ਜਾ ਡਿੱਗੀ ਸੱਤਵੇਂ ਸਥਾਨ 'ਤੇ-ਓਹੀ ਅਜੀਤਪਾਲ, ਓਹੀ ਸੁਰਜੀਤ ਪਰ ਹੋਣੀ ਕਿਸੇ ਹੋਰ ਨਾਲ ਸੀ। ਟੀਮ ਦੀ ਕਪਤਾਨੀ ਕਰਨ ਦਾ ਪਹਿਲਾ ਮੌਕਾ ਸੁਰਜੀਤ ਨੂੰ ਮਿਲਿਆ। 1980 'ਚ ਕਰਾਚੀ ਵਿਖੇ ਚੈਂਪੀਅਨ ਟਰਾਫੀ 'ਚ। 1980 ਦੀਆਂ ਮਾਸਕੋ ਓਲੰਪਿਕ ਵਿਚ ਜਦੋਂ ਹਾਲਾਤ ਨੇ ਧੱਕੇ ਨਾਲ ਸੋਨ ਤਮਗਾ ਝੋਲੀ 'ਚ ਪਾਇਆ ਤਾਂ ਸੁਰਜੀਤ ਟੀਮ 'ਚ ਨਹੀਂ ਸੀ। ਸੂਰਜ ਨੂੰ ਸੂਰਜ ਕਹਿਣ ਦੀ ਸਜ਼ਾ ਭੁਗਤ ਰਿਹਾ ਸੀ, ਬਸ। ਸੁਰਜੀਤ ਪਾਤਰ ਦੇ ਇਨ੍ਹਾਂ ਬੋਲਾਂ ਦੇ ਇਲਜ਼ਾਮ ਸਹਿਣ ਵਰਗੀ ਦਸ਼ਾ ਸੀ, ''ਮੈਂ ਕਦ ਸੂਹੇ ਬੋਲ ਉਗਾਏ, ਮੈਂ ਕਦ ਰੌਸ਼ਨ ਬਾਤ ਕਹੀ, ਮੇਰੇ ਮਗਰ ਤਾਂ ਐਵੇਂ ਪੈ ਗਏ, ਇਸ ਬੇਨੂਰ ਨਗਰ ਦੇ ਲੋਗ।''

ਓਧਰ ਆਪਣਾ ਨਾਂ ਖ਼ੁਦਾਉਣਾ ਸੁਰਜੀਤ ਦੇ ਭਾਗੀ ਨਹੀਂ ਸੀ ਲਿਖਿਆ। ਯੂਨਾਨੀ ਨਾਟਕਾਂ ਦੇ ਨਾਇਕਾਂ ਵਾਂਗ ਉਹ ਅਜਿਹੇ ਅਣਕੀਤੇ ਗੁਨਾਹਾਂ ਦੀ ਸਜ਼ਾ ਭੁਗਤ ਰਿਹਾ ਸੀ ਜਿਨ੍ਹਾਂ ਦੀ ਸਿਖਰ ਆਉਣ ਵਿਚ ਹੀ ਨਹੀਂ ਸੀ ਆਉਂਦੀ। ਆਖਿਰ ਆਈਆਂ 1982 ਦੀਆਂ ਏਸ਼ਿਆਈ ਖੇਡਾਂ, ਆਪਣਾ ਦੇਸ਼, ਆਪਣੀ ਟੀਮ, ਪਰ ਸੁਰਜੀਤ ਨੇ ਇਹ ਵੇਖੀਆਂ ਆਮ ਦਰਸ਼ਕਾਂ ਵਾਂਗ ਬਾਹਰ, ਇਕੱਲੇ ਕੋਨੇ 'ਚ ਬੈਠ ਕੇ। ਪਾਕਿਸਤਾਨ ਹੱਥੋਂ 7-1 ਨਾਲ ਹੋਈ ਦੁਰਗਤੀ ਉਸ ਨੇ ਕਿੰਜ ਕ੍ਰਿਝਕ੍ਰਿਝ ਕੇ ਸਹੀ, ਇਹ ਤਾਂ ਕੋਈ ਮਨੋਵਿਗਿਆਨੀ ਹੀ ਜਾਣ ਸਕਦਾ ਹੈ। ਕਹਿੰਦੇ ਮੈਚ ਬਾਅਦ ਸੱਮੀ ਹੋਰੀ ਖ਼ੁਦ ਸੁਰਜੀਤ ਨੂੰ ਮਿਲੇ, ਦੁੱਖ-ਸੁੱਖ ਕੀਤਾ ''ਭਾਈ ਜਾਨ ਖੁਸ਼ੀ ਦੀ ਗੱਲ ਵੇ ਕਿ ਅਸੀਂ ਜਿੱਤ ਗਏ। ਪਰ ਤੁਹੀਂ ਹੁੰਦੇ, ਕਹਾਣੀ ਹੀ ਹੋਰ ਹੋਣੀ ਸੀ।''

ਉਸੇ ਵਰ੍ਹੇ ਮੁਨੱਕਿਤ ਹੋਇਆ ਬੰਬਈ 'ਚ ਵਿਸ਼ਵ ਕੱਪ। ਸੁਰਜੀਤ ਦੀ 'ਸਜ਼ਾ ਦੀ ਮਿਆਦ' ਖ਼ਤਮ ਹੋ ਗਈ ਲੱਗਦੀ ਸੀ। ਕਪਤਾਨ ਬਣਿਆ। 7 ਜਨਵਰੀ 1984 ਨੂੰ ਸੁਰਜੀਤ ਆਪਣੇ ਦੋ ਸਾਥੀਆਂ ਸੰਗ, ਭਾਰਤ-ਪਾਕਿ ਹਾਕੀ ਮੈਚ ਨਾਲ ਸਬੰਧਤ ਗੱਲਬਾਤ ਕਰਨ ਉਪਰੰਤ ਵਾਪਸ ਆ ਰਿਹਾ ਸੀ ਅਤੇ ਨਾਲ ਨਾਲ ਆ ਰਿਹਾ ਸੀ, ਕਾਲ। ਰਾਤ ਦੇ ਗਿਆਰਾਂ ਵਜੇ ਜਦੋਂ ਕਰਤਾਰਪੁਰ ਕੋਲ ਬਿਧੀਪੁਰ ਫਾਟਕ ਟੱਪਿਆ ਕਾਰ ਕਿਸੇ ਟਾਹਲੀ ਨਾਲ ਟਕਰਾ ਗਈ। ਅੱਗ ਵਾਂਗ ਮੱਚ ਕੇ ਖੇਡਣ ਵਾਲਾ ਸਵੇਰ ਦੇ ਸਾਢੇ ਪੰਜ ਤਕ ਉਥੇ ਹੀ ਪਿਆ ਰਿਹਾ, ਠਰਦਾ ਠਰਦਾ ਸਦਾ ਲਈ ਠਰ ਗਿਆ। ਉਨ੍ਹਾਂ ਛੇ ਘੰਟਿਆਂ 'ਚ ਉਸ ਨੇ ਕਿਸ-ਕਿਸ ਨੂੰ ਯਾਦ ਕੀਤਾ, ਕੀਹਦੇ ਕੀਹਦੇ ਲਈ ਰੋਇਆ-ਰੱਬ ਹੀ ਜਾਣਦਾ ਹੈ। ਇਕ ਸਾਥੀ ਪ੍ਰਕਾਸ਼ ਪਾਂਥੇ ਵੀ ਚੱਲ ਵਸਿਆ, ਦੂਜੇ ਰਾਮ ਪ੍ਰਤਾਪ ਦੀ ਵਧੀ ਹੋਈ ਸੀ। ਉਹ ਅੱਜ ਵੀ ਗਿਆਂ ਨੂੰ ਉਡੀਕਦਾ ਹੈ, ਰਾਤਾਂ ਨੂੰ ਡਰ ਡਰ ਉਠਦਾ ਹੈ। ਪਰ ''ਮੋਏ ਤੇ ਵਿਛੜੇ ਕੌਣ ਮੇਲੇ...!'' 8 ਜਨਵਰੀ 1984 ਦਾ ਬਦਸ਼ਗਨ, ਰਾਤ ਵਰਗੀ ਸਵੇਰ। ਕਿਸੇ ਦੇ ਸਿਰ ਦਾ ਸਾਂਈ ਤੁਰ ਗਿਆ, ਕਿਸੇ ਦੀ ਅੱਖ ਦਾ ਨੂਰ ਮੁੱਕ ਗਿਆ-ਬਾਕੀ ਸਨ ਰਸਮੀ ਸ਼ਰਧਾਂਜਲੀਆਂ। ਮਹਿਜ਼ ਸ਼ਬਦ! ਸ਼ਬਦ!! ਜਿੰਨੇ ਮੂੰਹ ਓਨੀਆਂ ਗੱਲਾਂ, ਨਸੀਹਤਾਂ।

ਸ਼ਿਵ ਕੁਮਾਰ ਬਟਾਲੇ ਦਾ ਸੁਰਜੀਤ ਦਾਖਲੇ ਦਾ। ਰਾਸ਼ੀ ਵੀ ਇਕੋ ਅਤੇ ਜੋਬਨ ਰੁੱਤੇ ਤੁਰ ਜਾਣਾ ਵੀ ਇਕੋ। ਇਕ ਨੇ ਮੌਤ ਹੱਥੀਂ ਸਹੇੜੀ, ਇਕ ਨੂੰ ਲੈਣ ਆ ਗਈ। ਦੋਨਾਂ ਦਾ ਆਪਣੇ ਆਪਣੇ ਖੇਤਰ 'ਚ ਕੋਈ ਸਾਨੀ ਨਹੀਂ। ਸ਼ਿਵ ਦੇ ਜਨਾਜ਼ੇ ਮਗਰ ਕਾਲੀ ਚੁੰਨੀ 'ਚ ਲਿਪਟੀ ਕਵਿਤਾ ਵੈਣ ਪਾਉਂਦੀ ਜਾ ਰਹੀ ਸੀ, ਸੁਰਜੀਤ ਦੇ ਮਗਰ ਜਾ ਰਹੀ ਸੀ ਕਾਲੀ ਚੁੰਨੀ 'ਚ ਲਿਪਟੀ ਹਾਕੀ। ਬਸ ਜੇ ਕਮੀ ਸੀ ਤਾਂ ਉਹ ਸ਼ੈਲੀ ਵਰਗੇ ਕਿਸੇ ਕਵੀ ਦੀ ਜੋ ਆਪਣੇ ਕੀਟਸ ਦੇ ਤੁਰ ਜਾਣ ਉਪਰੰਤ ਐਡੋਨਿਸ ਵਰਗਾ ਕੁੱਤਬਾ ਰਚ ਦਿੰਦਾ।


SUPER ENTERTAINMENT
Proudly Presents
VAISAKHI MELA 2010
ਵਿਸਾਖੀ ਮੇਲਾ
GURPREET GHUGGI
NACHATER GILL
SUDESH KUMARI
SURJIT BHULLAR
RUPINDER HANDA
AMAR PRINTING 718-899-0301
FOR SHOW BOOKING CALL
BALWINDER SINGH BAJWA
516-852-2222
Email: sanjhapunjabtv1@hotmail.com

# ਜੱਟਾਂ ਦੀਆਂ ਦਰਜਨਾਂ ਕਿਸਮਾਂ ਬਣਾ ਛੱਡੀਆਂ ਕਮਅਕਲੇ ਗਾਇਕਾਂ ਨੇ

**ਸਵਰਨ ਸਿੰਘ ਟਹਿਣਾ***

ਜਨਾਬ ਜੀ, ਪੰਜਾਬੀ ਗਾਇਕਾਂ ਨੇ ਜੱਟਾਂ ਬਾਰੇ ਅਰਥਹੀਣ ਗੀਤ ਗਾ-ਗਾ ਕੇ ਜਿਹੜੀ ਅੱਤ ਚੁੱਕੀ ਹੈ, ਉਸ ਬਾਰੇ ਤੁਸੀਂ ਸਾਰੇ ਜਾਣਦੇ ਹੀ ਹੋ। ਕੋਈ ਗਾਇਕ ਵੀ ਅਜਿਹਾ ਨਹੀਂ ਹੋਵੇਗਾ, ਜਿਸ ਨੇ ਆਪਣੇ ਗੀਤਾਂ ਜ਼ਰੀਏ ਜੱਟ ਦੇ ਵੱਟ ਨਾ ਕੱਢੇ ਹੋਣ। ਕੋਈ ਕੋਈ ਹੀ ਹੈ ਜਿਸ ਨੇ ਇਹ ਦੱਸਿਆ ਹੈ ਕਿ ਇਹ ਕੋਈ ਮੂਰਖ ਕੌਮ ਨਹੀਂ, ਸਗੋਂ ਦਿਨ-ਰਾਤ ਇੱਕ ਕਰਕੇ ਮੁਲਕ ਦਾ ਢਿੱਡ ਭਰਨ ਦਾ ਹੀਲਾ ਕਰਨ ਵਾਲੀ ਕੌਮ ਹੈ।

ਹੁਣ ਜਦੋਂ ਸਾਡੇ ਦੇਸ ਦਾ ਅੰਨਦਾਤਾ ਭੁੱਖਾ ਮਰ ਰਿਹਾ ਹੈ, ਉਹ ਸ਼ਾਹੂਕਾਰਾਂ ਦਾ ਗੁਲਾਮ ਬਣ ਚੁੱਕੈ, ਜਵਾਨ ਹੋ ਚੁੱਕੇ ਧੀਆਂ-ਪੁੱਤਾਂ ਦੀ ਪੜ੍ਹਾਈ-ਲਿਖਾਈ ਤੇ ਵਿਆਹਾਂ ਦਾ ਫਿਕਰ ਉਸ ਨੂੰ ਵੱਢ-ਵੱਢ ਖਾ ਰਿਹੈ, ਬੈਂਕਾਂ ਵਾਲੇ ਉਸ ਦੀਆਂ ਜ਼ਮੀਨਾਂ ਕੁਰਕ ਕਰਨ ਨੂੰ ਫਿਰਦੇ ਨੇ, ਚਿੰਤਾਵਾਂ ਤੋਂ ਮੁਕਤੀ ਪਾਉਣ ਲਈ ਉਹ ਗਲ 'ਚ ਰੱਸੇ ਪਾ ਕੇ ਦਰਖਤਾਂ ਨਾਲ ਲਟਕ ਰਿਹੈ ਤਾਂ ਸਾਡੇ ਗਾਉਣ ਵਾਲੇ ਪਤਾ ਨਹੀਂ ਕਿਹੜੇ ਚਾਅ 'ਚ ਮੂਰਖਾਂ ਵਾਲੀਆਂ ਗੱਲਾਂ ਕਰੀ ਜਾ ਰਹੇ ਨੇ। ਗਾਇਕਾਂ ਦੀ ਪਹਿਲੀ ਗਲਤੀ ਤਾਂ ਇਹ ਹੈ ਕਿ ਇਹ ਅੰਨਦਾਤੇ ਨੂੰ ਸਿਰਫ ਜੱਟਵਾਦ ਨਾਲ ਜੋੜ ਕੇ ਦੇਖਦੇ ਨੇ ਤੇ ਦੂਜੀ ਨਾ ਮੁਆਫੀਯੋਗ ਗਲਤੀ ਇਹ ਹੈ ਕਿ ਇਨ੍ਹਾਂ ਦੀਆਂ ਨਜ਼ਰਾਂ ਵਿਚ 'ਜੱਟ' ਸਿਰਫ ਉਜੱਡ ਹਨ, ਜਿਨ੍ਹਾਂ ਕੋਲ ਅਕਲ ਨਾਂ ਦੀ ਕੋਈ ਚੀਜ਼ ਨਹੀਂ।

ਸਾਡੇ ਗਾਇਕਾਂ ਨੇ ਜੱਟਾਂ ਦਾ ਅਕਸ 'ਆਲੂ' ਵਰਗਾ ਬਣਾ ਛੱਡਿਆ ਹੈ। ਜਿਵੇਂ ਹਰ ਸਬਜ਼ੀ ਵਿਚ ਆਲੂ ਦੀ ਪ੍ਰਧਾਨਗੀ ਚੱਲਦੀ ਹੈ, ਉਵੇਂ ਇਨ੍ਹਾਂ ਦੀਆਂ ਨਜ਼ਰਾਂ ਵਿਚ ਹਰ ਚੰਗੇ-ਮਾੜੇ ਕੰਮ ਦਾ ਸੂਤਰਧਾਰ ਸਿਰਫ ਜੱਟ ਹੈ। ਇਨ੍ਹਾਂ ਦੇ ਗੀਤਾਂ ਮੁਤਾਬਕ ਜੇ ਕਿਸੇ ਦੀ ਕੁੜੀ ਘਰੋਂ ਭੱਜ ਗਈ ਤਾਂ ਲਾਜ਼ਮੀ ਹੀ ਉਹ ਜੱਟਾਂ ਦੇ ਮੁੰਡੇ ਨਾਲ ਭੱਜੀ ਹੋਵੇਗੀ, ਜੇ ਕਿਸੇ ਨੇ ਕੁੜੀ ਦੇ ਮਾਪਿਆਂ ਨੂੰ ਲਲਕਾਰਿਆ ਤਾਂ ਉਹ ਵੀ ਜੱਟ ਹੀ ਹੋਵੇਗਾ, ਜੇ ਕਿਸੇ ਨੇ ਕਿਸੇ ਦਾ ਸਿਰ ਪਾੜ ਸੁੱਟਿਆ ਤਾਂ ਇਹ 'ਬਹਾਦਰੀ' ਵਾਲਾ ਕੰਮ ਵੀ ਕਿਸੇ ਜੱਟ ਨੇ ਹੀ ਕੀਤਾ ਹੋਵੇਗਾ, ਜੇ ਪਾਣੀ ਦੀ ਵਾਰੀ ਪਿੱਛੇ ਗੋਲੀਆਂ ਦੀ ਵਾਛੜ ਹੋਈ ਹੋਵੇਗੀ ਤਾਂ ਸਭ ਤੋਂ ਵੱਧ ਫਾਇਰ ਕਰਨ ਵਾਲਾ ਵੀ ਜੱਟ ਹੀ ਹੋਵੇਗਾ, ਜੇ ਕਚਹਿਰੀਆਂ ਵਿਚ ਕੋਈ ਕੇਸ ਭੁਗਤਣ ਆਇਆ ਹੋਵੇਗਾ ਤਾਂ 'ਸ਼ੋਭਾ' ਵਾਲਾ ਇਹ ਕੰਮ ਵੀ ਜੱਟ ਹੀ ਕਰ ਰਿਹਾ ਹੋਵੇਗਾ ਤੇ ਜੇ ਬੂਹੇ ਅੱਗੇ ਖੰਘੂਰਾ ਮਾਰਨ ਵਾਲੇ ਦੀ ਸੰਘੀ ਘੁੱਟੀ ਹੋਵੇਗੀ ਤਾਂ ਇਹ ਕੰਮ ਵੀ ਜੱਟ ਨੇ ਹੀ ਕੀਤਾ ਹੋਵੇਗਾ।

ਗਾਇਕਾਂ ਦੀਆਂ ਨਜ਼ਰਾਂ 'ਚ ਜੱਟ ਖੂਨੀ ਹੈ, ਉਜੱਡ ਹੈ, ਅਣਖ ਦੇ ਨਾਂ 'ਤੇ ਸਿਰੇ ਦਾ ਮੁਸ਼ਟੰਡਾਪਣ ਕਰਨ ਵਾਲਾ ਹੈ, ਲੁਟੇਰਾ ਵੀ ਹੈ, ਪੜ੍ਹਾਈ-ਲਿਖਾਈ ਤੋਂ ਕੋਰਾ ਹੈ, ਵਿਹਲਾ ਹੈ, ਅਕਲ ਦੀ ਗੱਲ ਕਰਨ ਨੂੰ ਗੁਨਾਹ ਸਮਝਦਾ ਹੈ, ਸਿਰ 'ਤੇ ਕਰਜ਼ੇ ਦੀ ਪੰਡ ਹੈ ਪਰ ਹੰਕਾਰ ਰੱਤੀ ਭਰ ਵੀ ਘੱਟ ਨਹੀਂ, ਸ਼ਰਾਬ ਪੀ ਕੇ ਜੀਹਦੇ ਮਰਜ਼ੀ ਗਲ਼ 'ਚ 'ਗੂਠਾ ਦੇ ਸਕਦਾ ਹੈ, ਕਚਹਿਰੀ ਦੇ ਗੇੜੇ ਮਾਰਨ ਨੂੰ ਆਪਣੀ ਸ਼ਾਨ ਸਮਝਦਾ ਹੈ ਤੇ ਜੇਲ੍ਹ ਨੂੰ ਮਾਂ ਦੀ ਬੁੱਕਲ ਦੇ ਨਿੱਘ ਵਰਗੀ ਸਮਝਦਾ ਹੈ, ਜਦੋਂ ਮਸਤੀ 'ਚ ਆਇਆ ਹੁੰਦੈ ਤਾਂ ਜਿਹੜੀ ਕੁੜੀ ਸੋਹਣੀ ਲੱਗਦੀ ਐ, ਉਹਨੂੰ ਚੁੱਕ ਕੇ ਬੁੱਕਲ 'ਚ ਬਿਠਾ ਲੈਂਦੈ, ਕਿਸੇ ਤੋਂ ਨਹੀਂ ਡਰਦਾ ਕਿਉਂਕਿ ਇਹ 'ਗੈਰਤਮੰਦ' ਹੈ।

ਜ਼ਰਾ ਸੋਚੋ, ਗਾਇਕ ਜੱਟਾਂ ਦਾ ਜਿਹੜਾ ਅਕਸ ਪੇਸ਼ ਕਰ ਰਹੇ ਹਨ, ਕੀ ਤੁਹਾਨੂੰ ਅੱਜ ਤੱਕ ਪੰਜਾਬ ਦੇ ਕਿਸੇ ਕੋਨੇ ਵਿਚ ਉਪਰੋਕਤ ਹਰਕਤਾਂ ਵਾਲਾ ਜੱਟ ਕਿਤੇ ਮਿਲਿਐ? ਕੀ ਗਾਇਕਾਂ ਵੱਲੋਂ ਦਿੱਤੀਆਂ ਤਸ਼ਬੀਹਾਂ ਵਾਲਾ ਖਲਨਾਇਕ ਜੱਟ ਕਦੇ ਤੁਹਾਡੀ ਨਜ਼ਰ ਪਿਐ? ਉਮੀਦ ਹੈ ਤੁਹਾਡਾ ਜਵਾਬ ਨਾਂਹ ਵਿਚ ਹੀ ਹੋਵੇਗਾ। ਇਸ ਕਿਰਦਾਰ ਵਾਲੇ ਜੱਟ ਸਿਰਫ ਪੰਜਾਬ ਦੇ ਗਾਉਣ ਵਾਲਿਆਂ ਦੇ ਸਕੇ-ਸਬੰਧੀਆਂ ਵਿਚ ਹੀ ਹੋ ਸਕਦੇ ਹਨ, ਸਧਾਰਨ ਲੋਕਾਂ ਵਿਚ ਨਹੀਂ।

ਪਹਿਲੀ ਗੱਲ ਤਾਂ 'ਜੱਟ' ਸ਼ਬਦ ਵਰਤ ਕੇ ਜਾਤੀਵਾਦ/ਬਰਾਦਰੀਵਾਦ ਭਾਰੂ ਕੀਤਾ ਜਾ ਰਿਹੈ ਤੇ ਦੂਜੇ, ਜਿਨ੍ਹਾਂ ਦੀ ਗੱਲ ਕੀਤੀ ਜਾ ਰਹੀ ਹੈ, ਉਨ੍ਹਾਂ ਦੇ ਅਕਸ ਨੂੰ ਏਨੇ ਮਾੜੇ ਤਰੀਕੇ ਨਾਲ ਪੇਸ਼ ਕੀਤਾ ਜਾ ਰਿਹੈ ਕਿ ਗਾਇਕਾਂ ਦੀ ਕਮਅਕਲੀ 'ਤੇ ਹਾਸਾ ਆਉਂਦਾ ਹੈ। ਜੇ ਆਉਂਦੀਆਂ ਪੀੜ੍ਹੀਆਂ ਨੇ ਲੰਘੇ ਵੇਲੇ ਦੇ ਜੱਟ ਤਬਕੇ ਬਾਰੇ ਜਾਣਨਾ ਹੋਇਆ ਤਾਂ ਅੱਜ ਕੱਲ੍ਹ ਦੇ ਗੀਤ ਸੁਣ ਕੇ ਅੰਦਾਜ਼ਾ ਲਾਉਣਗੀਆਂ ਕਿ ਬੜੀ ਉਜੱਡ ਕੌਮ ਰਹੀ ਹੈ ਇਹ।

ਕਮਾਲ ਦੇਖੋ, ਪੰਜਾਬ ਦੇ ਗਾਇਕਾਂ ਨੇ ਜੱਟਾਂ ਦੀਆਂ ਦਰਜਨ ਤੋਂ ਵੱਧ ਕਿਸਮਾਂ ਬਣਾ ਛੱਡੀਆਂ ਨੇ। ਕੋਈ ਗਾਇਕ ਜੱਟਾਂ ਨੂੰ ਖੂਨੀ ਬਘਿਆੜ ਦੱਸਦਾ ਹੈ, ਕੋਈ ਇਨ੍ਹਾਂ ਨੂੰ ਧੱਕੇ ਨਾਲ ਕੁੜੀਆਂ ਚੁੱਕਣ ਵਾਲੇ ਗੁੰਡਾ ਗਿਰੋਹ ਦੇ ਮੈਂਬਰ ਦੱਸਦੈ, ਕੋਈ ਸਿਰਫ ਤੇ ਸਿਰਫ ਅਦਾਲਤਾਂ ਦੇ ਗੇੜੇ ਮਾਰਨ ਵਾਲੇ ਵਿਹਲੜ ਗਰਦਾਨਦੈ, ਕੋਈ ਹੋਰ ਇਨ੍ਹਾਂ ਨੂੰ ਦਾਰੂ ਪੀਣੇ ਤੇ ਮੁਰਗੇ ਖਾਣੇ ਆਖ ਕੇ ਵਡਿਆਈ ਮਹਿਸੂਸ ਕਰਦੈ, ਕੋਈ ਇਨ੍ਹਾਂ ਨੂੰ ਨਖਰੇ 'ਚ ਨਹੁੰ ਨਾ ਖੁੱਭਣ ਦੇਣ ਵਾਲੇ ਕਹਿੰਦੈ ਤੇ ਕੋਈ ਜੋ ਕਦੇ-ਕਦੇ ਸਾਹਮਣੇ ਆਉਂਦੈ, ਇਹ ਕਹਿੰਦੈ ਕਿ ਜੱਟਾਂ ਦਾ ਵਾਲ ਵਾਲ ਕਰਜ਼ੇ 'ਚ ਵਿੰਨਿਆ ਪਿਐ।

ਜ਼ਰਾ ਇਨ੍ਹੀਂ ਦਿਨੀਂ ਟੀ.ਵੀ. ਚੈਨਲਾਂ 'ਤੇ ਜੱਟਾਂ ਬਾਰੇ ਚੱਲ ਰਹੇ ਗੀਤਾਂ ਦੀ ਗੱਲ ਕਰੀਏ। ਇੱਕ ਗਾਇਕ ਦੀ ਨਜ਼ਰ ਵਿਚ ਜੱਟ ਬੰਦਾ ਵੱਢਣ ਵਾਲਾ ਜੱਲਾਦ ਹੈ, ਦੂਜੇ ਦੀ ਨਜ਼ਰ ਵਿਚ ਇਨ੍ਹਾਂ ਦੀ ਧੌਣ ਵੱਢੀ ਜਾ ਸਕਦੀ ਹੈ ਪਰ ਸਿਰ ਨੀਵਾਂ ਕਰਨਾ ਮੁਸ਼ਕਲ ਹੈ, ਤੀਜੇ ਦੀ ਨਿਗ੍ਹਾ ਵਿਚ ਇਹ ਏਨੀ ਅਣਖੀ ਕੌਮ ਹੈ ਕਿ ਪਾਣੀ ਦੀ ਵਾਰੀ ਦੇ ਇੱਕ

**ਗੀਤ-ਸੰਗੀਤ**

ਮਿੰਟ ਪਿੱਛੇ ਉਮਰ ਕੈਦ ਭੋਗ ਲੈਂਦੀ ਹੈ ਤੇ ਚੌਥਾ ਵਿਚਾਰਾ ਇਹ ਕਹਿ ਰਿਹੈ ਕਿ ਜੇ ਸਰਕਾਰਾਂ ਤੇ ਆੜਤੀਏ ਜੱਟਾਂ ਪ੍ਰਤੀ ਆਪਣਾ ਰਵੱਈਆ ਨਰਮ ਕਰਨ ਤਾਂ ਜੱਟ ਦੀ ਮੰਦੀ ਹਾਲਤ ਕੁਝ ਹਾਲਤ ਤੱਕ ਸੁਧਰ ਸਕਦੀ ਹੈ।

ਟੀ.ਵੀ. ਚੈਨਲਾਂ 'ਤੇ ਸੰਨੀ ਗਿੱਲ ਨਾਂ ਦੇ ਅਸਲੋਂ ਨਵੇਂ ਕਲਾਕਾਰ ਦੀ ਕੈਸਿਟ 'ਹਕੀਕਤ' ਦੇ ਗੀਤ ਪੇਸ਼ ਹੋ ਰਹੇ ਨੇ। ਗਾਇਕ ਦੇ ਚਿਹਰੇ ਦੀ ਭਾਵੇਂ ਸਰੋਤਿਆਂ ਵਿਚ ਚਾਲੂ ਜਿਹੇ ਗਾਇਕਾਂ ਜਿੰਨੀ







ਪਛਾਣ ਨਹੀਂ ਹੈ, ਪਰ ਉਸ ਦੀ ਸੋਚ 'ਤੇ ਕੁਰਬਾਨ ਹੋਣ ਨੂੰ ਮਨ ਕਰਦੈ। ਖੁਸ਼ੀ ਦੀ ਗੱਲ ਇਹ ਹੈ ਕਿ 'ਹਕੀਕਤ' ਵਿਚ ਉਸ ਨੇ ਹਕੀਕਤ ਵਾਲੇ ਹੀ ਗੀਤ ਗਾਏ ਹਨ। ਉਹਨੇ ਆਪਣੇ ਗੀਤਾਂ ਨੂੰ ਸਿਰਫ ਵਪਾਰਕ ਨਜ਼ਰੀਏ ਨਾਲ ਪੇਸ਼ ਕਰਨ ਦੀ ਥਾਂ ਸਮਾਜਿਕ ਨਜ਼ਰੀਏ ਨੂੰ ਭਾਰੂ ਰੱਖਿਆ ਹੈ। ਉਸ ਨੂੰ ਪਤਾ ਹੈ ਕਿ ਜੱਟ ਕੌਮ ਦੀ ਹਾਲਤ ਬਦ ਤੋਂ ਬਦਤਰ ਹੋਈ ਪਈ ਹੈ, ਉਸ ਨੂੰ ਪਤਾ ਹੈ ਕਿ ਆੜਤੀਏ ਜੱਟਾਂ ਦੀ ਅਨਪੜ੍ਹਤਾ ਦਾ ਨਾਜਾਇਜ਼ ਫਾਇਦਾ ਲੈਂਦਿਆਂ ਉਨ੍ਹਾਂ ਤੋਂ ਵੱਧ ਪੈਸਿਆਂ 'ਤੇ ਅੰਗੂਠਾ ਲਵਾ ਲੈਂਦੇ ਨੇ। ਉਸ ਦੇ ਗੀਤ ਦਾ ਨਮੂਨਾ ਦੇਖੋ:

ਲੈਂਸਰਾਂ, ਸਫਾਰੀਆਂ 'ਚ ਜੱਟ ਫਿਰਦੇ,
ਫਸਲਾਂ ਦੇ ਜੇ ਪੂਰੇ ਮੁੱਲ ਮਿਲਦੇ।
ਡੇਅਰੀ ਫਾਰਮਾਂ 'ਚੋਂ ਬਸ ਬਚਦੀ ਏ ਰੂੜੀ,
ਖੇਤੀਆਂ ਦੇ ਵਿਚੋਂ ਮਸਾਂ ਬਚਦੀ ਏ ਤੂੜੀ।
ਦੇਖੋ ਕਿੰਨੇ ਹੋਏ ਪਏ ਨੇ ਬੁਰੇ ਹਾਲ ਜੱਟਾਂ ਦੇ,
ਬੇਇਨਸਾਫੀ ਇਹੋ ਨਾਲ ਜੱਟਾਂ ਦੇ।

ਗੀਤ ਆਪਣਾ ਸਫਰ ਤੈਅ ਕਰਦਾ ਜਾਂਦਾ ਹੈ ਤੇ ਸਾਡੇ ਲੀਡਰਾਂ ਦੀਆਂ ਦੋਗਲੀਆਂ ਨੀਤੀਆਂ, ਆੜਤੀਆਂ ਦੀਆਂ ਚਲਾਕੀਆਂ, ਕੁਦਰਤ ਦੀ ਮਾਰ, ਬਿਜਲੀ ਕੱਟਾਂ ਦੇ ਕਹਿਰ ਅਤੇ ਮੰਡੀਆਂ ਵਿਚ ਰੁਲਦੇ ਜੱਟਾਂ ਦੀ ਕਹਾਣੀ ਸੱਚੋ ਸੱਚ ਬਿਆਨ ਕਰਦਾ ਜਾਂਦਾ ਹੈ। ਹਰ ਸਤਰ ਵਿਚ 'ਹਕੀਕਤ' ਸਾਂਭੀ ਹੋਈ ਹੈ ਤੇ ਗੀਤ ਨਾਲ-ਨਾਲ ਕਈ ਸਵਾਲ ਵੀ ਖੜ੍ਹੇ ਕਰਦੇ ਜਾਂਦਾ ਹੈ ਕਿ ਪੰਜਾਬ ਦੇ ਉਹ ਗਾਇਕ ਕਿਉਂ ਬੇਵਕੂਫੀ ਭਰੀਆਂ ਗੱਲਾਂ ਕਰ ਰਹੇ ਨੇ, ਜਿਨ੍ਹਾਂ ਦੇ ਪੰਜਾਬ ਵਿਚ ਜੱਟਾਂ ਦਾ ਅਸਲ ਪੱਖ ਇਹੋ ਜਿਹਾ ਹੈ। ਗੀਤ ਦਾ ਅਗਲਾ ਅੰਤਰਾ ਦੇਖੋ:

ਸਾਡੀਆਂ ਜ਼ਮੀਨਾਂ ਇਹੇ ਇਥੇ ਹੀ ਰਹਿ ਜਾਣੀਆਂ,
ਜੱਟਾਂ ਨੇ ਨੀਂ ਛਾਤੀਆਂ 'ਤੇ ਧਰ ਕੇ ਲਿਜਾਣੀਆਂ।
ਮੰਤਰੀਓ ਤੁਸੀਂ ਸਾਨੂੰ ਫਿਰਦੇ ਓ ਭੁੱਲੇ,
ਪੈਸੇ ਫੜ ਕੇ ਵਿਆਜੂ ਸਾਡੇ ਚੱਲਦੇ ਨੇ ਚੁੱਲ੍ਹੇ,
ਪੁੱਛੋ ਆੜ੍ਹਤੀਆਂ ਕੋਲੋਂ ਕੀ ਹਿਸਾਬ ਜੱਟਾਂ ਦੇ,
ਬੇਇਨਸਾਫੀ ਇਹੋ ਨਾਲ ਜੱਟਾਂ ਦੇ...।

ਹਾਲੇ ਇਸ ਗੀਤ ਨੂੰ ਟੀ.ਵੀ. 'ਤੇ ਆਇਆਂ ਕੁਝ ਮਿੰਟ ਹੀ ਹੋਏ ਹੁੰਦੇ ਨੇ ਕਿ ਬਰਨਾਲੇ ਵੱਲ ਦੇ ਗਾਇਕ ਬੰਸੀ ਬਰਨਾਲਾ ਦਾ ਇਹੋ ਜਿਹਾ ਗੀਤ ਚੱਲ ਪੈਂਦਾ ਹੈ। ਬੰਸੀ ਦੀ ਨਜ਼ਰ ਵਿਚ ਜੱਟ ਕੋਈ ਗਰੀਬ ਕੌਮ ਨਹੀਂ, ਇਹ ਖਰਮਸਤੀਆਂ ਕਰਨ ਵਾਲੀ ਨਸਲ ਹੈ। ਇਹ ਕੌਮ ਬੰਦੇ ਦੀ ਧੌਣ ਇਉਂ ਵੱਢਦੀ ਹੈ, ਜਿਵੇਂ ਸਲਾਦ ਲਈ ਖੀਰਾ। ਇਹ ਕੌਮ ਜ਼ਮੀਨ ਪਿੱਛੇ ਇਸ ਕਦਰ ਲੜਦੀ ਹੈ ਕਿ ਮਰਨੋਂ ਮੂਲ ਨਹੀਂ ਡਰਦੀ। ਜੇ ਇਹ ਕੌਮ ਸਿਆਣਪ ਤੋਂ ਕੰਮ ਲੈਣ ਲੱਗ ਜਾਵੇ ਤਾਂ ਕਚਹਿਰੀਆਂ ਨੂੰ ਤਾਲੇ ਲੱਗ ਜਾਣ। ਬੰਸੀ ਦੇ ਗੀਤ ਦੇ ਬੋਲ ਦੇਖੋ :

ਚਿਰਾਂ ਤੋਂ ਪੁਰਾਣੀ ਕੋਈ ਜ਼ਮੀਨੀ ਲਾਗਡਾਟ ਸੀ,
ਵੈਰੀਆਂ ਦਾ ਕਾਲ ਬਣ ਗਈ ਉਹੋ ਰਾਤ ਸੀ।
ਟੀ.ਵੀ. ਚੈਨਲਾਂ ਦੇ ਉੱਤੇ ਚੱਲੇ ਚਰਚਾ,
ਨੀਂ ਕੀਤੇ ਹੋਏ ਕਾਰੇ ਦਾ।
ਬੰਦਾ ਵੱਢ ਕੇ ਥਾਣੇ ਦੇ ਵਿਚ ਆ ਗਿਆ,
ਨੀਂ ਜੱਟ ਬਰਨਾਲੇ ਦਾ।

ਹੁਣ ਤੁਸੀਂ ਸੋਚੋ ਕਿ ਟੁੰਬਣ ਵਾਲਾ ਗੀਤ ਸੰਨੀ ਦਾ ਹੈ ਜਾਂ ਬੰਸੀ ਦਾ। ਬੰਸੀ ਦੀ ਨਜ਼ਰ ਵਿਚ ਬਰਨਾਲੇ ਦੇ ਜੱਟ ਬੰਦਾ ਵੱਢ ਕੇ ਆਪੇ ਥਾਣੇ ਪਹੁੰਚ ਜਾਂਦੇ ਨੇ ਤਾਂ ਜੋ ਪੁਲਿਸ ਵਾਲਿਆਂ ਨੂੰ ਮਿਹਨਤ ਨਾ ਕਰਨੀ ਪਵੇ। ਉਸ ਦਾ ਇਸ ਗੱਲ ਨਾਲ ਕੋਈ ਤਾਅਲੁਕ ਨਹੀਂ ਕਿ ਬਰਨਾਲੇ ਵਾਲੇ ਜੱਟਾਂ ਦੀਆਂ ਜ਼ਮੀਨਾਂ ਕੁਰਕ ਹੋ ਰਹੀਆਂ ਨੇ, ਬੈਂਕਾਂ ਤੋਂ ਲਿਆ ਲੋਨ ਉਨ੍ਹਾਂ ਦੀ ਨੀਂਦ ਹਰਾਮ ਕਰ ਰਿਹਾ ਹੈ, ਕਿਸਾਨ ਦੇ ਪੁੱਤ ਜ਼ਿੰਦਗੀ ਤੋਂ ਨਿਰਾਸ਼ ਹੋ ਕੇ ਨਸ਼ਿਆਂ ਦੇ ਲੜ ਲੱਗ ਰਹੇ ਨੇ। ਸਭ ਤੋਂ ਵੱਡੀ ਗੱਲ ਕਿ ਬਰਨਾਲੇ ਦਾ ਜੱਟ ਥਾਣੇ ਤਾਂ ਆਪੇ ਪਹੁੰਚ ਗਿਆ, ਪਰ ਉਸ 'ਤੇ 302 ਦਾ ਜਿਹੜਾ ਪਰਚਾ ਦਰਜ ਹੋਣਾ ਹੈ, ਉਸ ਬਾਰੇ ਨਾ ਗਾਉਣ ਵਾਲੇ ਨੂੰ ਕੋਈ ਖਿਆਲ ਹੈ ਤੇ ਨਾ ਹੀ ਇਸ ਨੂੰ ਲਿਖਣ ਵਾਲੇ ਰੋਸ਼ਾ ਚੱਕੀ ਵਾਲਾ ਨਾਂ ਦੇ ਗੀਤਕਾਰ ਨੂੰ।

ਜੱਟਾਂ ਨੂੰ ਗੁੰਡੇ, ਬਦਮਾਸ਼, ਲੁਟੇਰੇ, ਡਾਕੂ ਕਹਿਣ ਤੋਂ ਇਲਾਵਾ ਗਾਇਕਾਂ ਵੱਲੋਂ ਹੋਰ ਵੀ ਅਨੇਕਾਂ ਤਸ਼ਬੀਹਾਂ ਨਾਲ ਵਡਿਆਇਆ ਜਾਂਦਾ ਹੈ। ਇੱਕ ਹੋਰ ਛੋਟੀ ਜਿਹੀ ਧੌਣ ਵਾਲਾ ਗਾਇਕ ਜ਼ੋਰ ਲਾ-ਲਾ ਕੇ ਕਹਿੰਦਾ ਹੈ, 'ਸ਼ੇਰਾਂ ਵਰਗੇ ਜਿਗਰੇ ਰੱਬ ਨੇ ਦਿੱਤੇ ਜੱਟਾਂ ਨੂੰ...' ਇਸ ਗੀਤ ਵਿਚ ਉਹ ਇਹ ਵੀ ਕਹਿੰਦਾ ਹੈ ਕਿ ਜੱਟਾਂ ਨੂੰ ਲਗਜ਼ਰੀ ਕਾਰਾਂ ਦਾ ਸ਼ੌਕ ਹੈ, ਇਹ ਬੰਦੂਕਧਾਰੀ ਹੁੰਦੇ ਨੇ, ਇਹ ਲਾਲਿਆਂ ਦੀਆਂ ਹੱਟਾਂ ਨੂੰ ਸੈਕਿੰਡਾਂ ਵਿਚ ਹੀ ਖਰੀਦ ਲੈਂਦੇ ਨੇ, ਸਰਕਾਰੇ ਦਰਬਾਰੇ ਇਨ੍ਹਾਂ ਦੀ ਤੂਤੀ ਬੋਲਦੀ ਰਹਿੰਦੀ ਹੈ ਤੇ ਹੋਰ ਵੀ ਇਹ ਬੜਾ ਕੁੱਝ ਕਰਦੇ ਨੇ, ਜਿਹੜਾ ਜਗ ਨੂੰ ਹੈਰਾਨ ਕਰ ਛੱਡਦੈ।

ਉਪਰੋਕਤ ਉਦਾਹਰਣਾਂ ਕੁਇੰਟਲਾਂ 'ਚੋਂ ਦੋ-ਤਿੰਨ ਗ੍ਰਾਮ ਹੀ ਨੇ। ਪਹਿਲੀ ਗੱਲ ਤਾਂ ਅਸੀਂ 'ਜੱਟਵਾਦ' ਫੈਲਾਉਣ ਵਾਲੇ ਗੀਤਾਂ ਦੇ ਹੀ ਖਿਲਾਫ ਹਾਂ। ਸਾਡੀ ਜਾਚੇ ਇਨਸਾਨ ਨੂੰ ਇਨਸਾਨੀਅਤ ਦਾ ਪਾਠ ਪੜ੍ਹਨਾ ਚਾਹੀਦਾ ਹੈ, ਇੱਕੋ ਅੱਖ ਨਾਲ ਸਭਨਾਂ ਨੂੰ ਦੇਖਣਾ ਚਾਹੀਦਾ ਹੈ, ਮੁਹੱਬਤ ਦੇ ਪਸਾਰ ਦਾ ਹੀਲਾ ਕਰਨਾ ਚਾਹੀਦਾ ਹੈ, ਵਰਗ ਵੰਡ ਨੂੰ ਦਿਮਾਗ ਦੇ ਖਾਨਿਆਂ 'ਚੋਂ ਕੱਢ ਦੇਣਾ ਚਾਹੀਦਾ ਹੈ ਤੇ ਜੇ ਗਾਉਣ ਵਾਲੇ ਵਰਗ ਵੰਡ ਕਰੇ ਬਿਨਾਂ ਨਹੀਂ ਰਹਿ ਸਕਦੇ ਤਾਂ ਜਿਨ੍ਹਾਂ ਬਾਰੇ ਇਹ ਲੋਕ ਗਾਉਂਦੇ ਨੇ, ਉਨ੍ਹਾਂ ਦੀ ਅਸਲ ਹਾਲਤ ਨੂੰ ਬਿਆਨ ਕਰਨਾ ਚਾਹੀਦਾ ਹੈ। ਚਾਂਭਲ-ਚਾਂਭਲ ਕੇ ਸੱਚ ਉੱਤੇ ਝੂਠ ਦੀ ਮੋਹਰ ਨਹੀਂ ਲਾਉਣੀ ਚਾਹੀਦੀ।

ਜਿਹੜੇ ਜੱਟ ਗਾਇਕ 'ਜੱਟਾਂ' ਬਾਰੇ ਕੂੜ-ਕਬਾੜ ਗਾ ਰਹੇ ਨੇ, ਉਹ ਦੂਜਿਆਂ ਦੀ ਗੱਲ ਕਰਨ ਤੋਂ ਪਹਿਲਾਂ ਆਪਣੇ ਵੱਲ ਹੀ ਦੇਖ ਲੈਣ ਤੇ ਜਿਹੜੇ ਜੱਟ ਨਾ ਹੁੰਦਿਆਂ ਜੱਟਾਂ ਨੂੰ ਬੇਲੋੜੀ ਫੂਕ ਛਕਾ ਰਹੇ ਨੇ, ਉਨ੍ਹਾਂ ਨੂੰ ਇਹੋ ਜਿਹੇ ਬਕਵਾਸ ਭਰੇ ਗੀਤ ਗਾਉਣ ਤੋਂ ਕਿਨਾਰਾ ਕਰਨਾ ਚਾਹੀਦਾ ਹੈ।

*ਫੋਨ:91-98141-78883

# ਚੀਨ ਦਾ ਭਾਰਤੀ ਇਲਾਕੇ 'ਤੇ ਕਬਜ਼ਾ ਨਹੀਂ-ਜਨਰਲ ਕਪੂਰ

**ਨਵੀਂ ਦਿੱਲੀ:** ਫੌਜ ਦੇ ਮੁਖੀ ਜਨਰਲ ਦੀਪਕ ਕਪੂਰ ਨੇ ਇਹ ਗੱਲ ਜ਼ੋਰ ਦੇ ਕੇ ਕਹੀ ਹੈ ਕਿ ਭਾਰਤ ਦੇ ਕਿਸੇ ਵੀ ਇਲਾਕੇ 'ਤੇ ਚੀਨ ਨੇ ਕਬਜ਼ਾ ਨਹੀਂ ਕੀਤਾ ਅਤੇ ਤੈਅਸ਼ੁਦਾ 'ਅਸਲ ਕੰਟਰੋਲ ਰੇਖਾ' 'ਚ ਕੋਈ ਵੀ ਤਬਦੀਲੀ ਨਹੀਂ ਕੀਤੀ ਗਈ। ਫੌਜ ਦਿਵਸ ਦੀ ਪੂਰਵ ਸੰਧਿਆ 'ਤੇ 17 ਜਨਵਰੀ ਨੂੰ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜਨਰਲ ਕਪੂਰ ਨੇ ਕਿਹਾ ਕਿ ਮੈਂ ਤੁਹਾਨੂੰ ਅਤੇ ਰਾਸ਼ਟਰ ਨੂੰ ਭਰੋਸਾ ਦਵਾਉਂਦਾ ਹਾਂ ਕਿ ਚੀਨ ਨਾਲ ਲੱਗਦੀ ਸਰਹੱਦ ਕਿਸੇ ਵੀ ਥਾਂ ਤੋਂ ਸੁੰਗੜੀ ਨਹੀਂ ਹੈ। ਜਿੱਥੋਂ ਤੱਕ ਸਾਡੀ ਸਥਿਤੀ ਦਾ ਸਵਾਲ ਹੈ, ਤੈਅਸ਼ੁਦਾ ਅਸਲ ਕੰਟਰੋਲ ਰੇਖਾ 'ਚ ਕੋਈ ਵੀ ਤਬਦੀਲੀ ਨਹੀਂ ਹੋਈ। ਜਨਰਲ ਕਪੂਰ ਉਨ੍ਹਾਂ ਰਿਪੋਰਟਾਂ 'ਤੇ ਪ੍ਰਤੀਕਿਰਿਆ ਦੇ ਰਹੇ ਸਨ, ਜਿਨ੍ਹਾਂ 'ਚ ਕਿਸੇ ਸਰਕਾਰੀ ਦਸਤਾਵੇਜ਼ ਦਾ ਇਹ ਕਹਿੰਦਿਆਂ ਹਵਾਲਾ ਦਿੱਤਾ ਗਿਆ ਹੈ ਕਿ ਜੰਮੂ-ਕਸ਼ਮੀਰ ਦੇ ਲੱਦਾਖ ਖੇਤਰ 'ਚ ਅਸਲ ਕੰਟਰੋਲ ਰੇਖਾ ਤੋਂ ਪਾਰ ਆ ਕੇ ਚੀਨ ਨੇ ਪਿਛਲੇ ਦੋ ਦਹਾਕਿਆਂ ਦੌਰਾਨ ਭਾਰਤ ਦੇ ਕਾਫੀ ਇਲਾਕੇ 'ਤੇ ਕਬਜ਼ਾ ਕਰ ਲਿਆ ਹੋਇਆ ਹੈ।

ਉਨ੍ਹਾਂ ਕਿਹਾ ਕਿ ਰੱਖਿਆ ਮੰਤਰੀ ਵੀ ਇਹ ਆਖ ਚੁੱਕੇ ਹਨ ਕਿ ਚੀਨ ਨੇ ਅਸਲ ਕੰਟਰੋਲ ਰੇਖਾ ਦੀ ਕੋਈ ਉਲੰਘਣਾ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਸਰਹੱਦ ਨੂੰ ਲੈ ਕੇ ਭਾਰਤ ਅਤੇ ਚੀਨ ਵਿਚਾਲੇ ਮਤਭੇਦ ਕਾਇਮ ਹਨ, ਕਿਉਂਕਿ ਇਹ ਮਸਲਾ ਅਜੇ ਹੱਲ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਜਦੋਂ ਵੀ ਕੋਈ ਸਰਹੱਦੀ ਉਲੰਘਣਾ ਹੁੰਦੀ ਹੈ ਤਾਂ ਦੋਹਾਂ ਦੇਸ਼ਾਂ ਵਿਚਾਲੇ ਹਾਟਲਾਈਨ ਅਤੇ ਫਲੈਗ ਮੀਟਿੰਗਾਂ ਜ਼ਰੀਏ ਮਾਮਲਾ ਵਿਚਾਰਿਆ ਜਾਂਦਾ ਹੈ।



ਦਾਰਜੀਲਿੰਗ 'ਚ ਸੁਕਨਾ ਜ਼ਮੀਨ ਸਕੈਂਡਲ ਬਾਰੇ ਗੱਲ ਕਰਦਿਆਂ ਜਨਰਲ ਕਪੂਰ ਨੇ ਕਿਹਾ ਕਿ ਮੀਡੀਆ ਦੇ ਦਬਾਅ ਜਾਂ ਨਿੱਜੀ ਪੱਖਪਾਤੀ ਰਵੱਈਏ ਹੇਠ ਨਿਆਂ ਤੋਂ ਨਹੀਂ ਭਟਕਿਆ ਜਾਵੇਗਾ ਅਤੇ ਕਿਸੇ ਵੀ ਮਾੜੇ ਵਤੀਰੇ ਨੂੰ ਗੰਭੀਰਤਾ ਨਾਲ ਨਜਿੱਠਿਆ ਜਾਵੇਗਾ। ਇਹ ਸਪਸ਼ਟ ਕਰਦਿਆਂ ਕਿ ਉਹ ਫੌਜ ਦੇ ਅਕਸ ਪ੍ਰਤੀ ਪੂਰੇ ਚੌਕਸ ਹਨ, ਫੌਜ ਦੇ ਮੁਖੀ ਨੇ ਕਿਹਾ ਕਿ ਆਰਮੀ ਐਕਟ ਅਧੀਨ ਯੋਗ ਕਾਰਵਾਈ ਕੀਤੀ ਜਾਵੇਗੀ ਅਤੇ ਬਿਨਾਂ ਕਿਸੇ ਬਾਹਰੀ ਦਬਾਅ ਦੇ ਇਨਸਾਫ ਕੀਤਾ ਜਾਵੇਗਾ। ਆਪਣੀ ਸਾਲਾਨਾ ਪ੍ਰੈਸ ਕਾਨਫਰੰਸ ਦੌਰਾਨ ਜ਼ਮੀਨ ਸਕੈਂਡਲ ਬਾਰੇ ਸਵਾਲਾਂ ਦੀ ਵਾਛੜ ਦਾ ਸਾਹਮਣਾ ਕਰਦਿਆਂ ਕਪੂਰ ਨੇ ਕਿਹਾ ਕਿ ਫੌਜ ਦੇ ਅਕਸ ਨੂੰ ਹਰ ਹਾਲ ਬਹਾਲ ਰੱਖਿਆ ਜਾਵੇਗਾ ਅਤੇ ਕੇਸ ਦੇ ਗੁਣ-ਦੋਸ਼ ਦੇ ਅਧਾਰ 'ਤੇ ਕਿਸੇ ਵੀ ਕੁਰਾਹੇ ਜਾਂ ਬਦ-ਇੰਤਜ਼ਾਮੀ ਨਾਲ ਗੰਭੀਰਤਾ ਨਾਲ ਨਜਿੱਠਿਆ ਜਾਵੇਗਾ।

ਜਨਰਲ ਕਪੂਰ ਨੂੰ ਇਸ ਮੁੱਦੇ 'ਤੇ ਸਵਾਲ ਪੁੱਛੇ ਜਾਣ ਦੀ ਪਹਿਲਾਂ ਹੀ ਉਮੀਦ ਸੀ, ਇਸ ਲਈ ਉਨ੍ਹਾਂ ਸ਼ੁਰੂਆਤ ਇਸ ਮੁੱਦੇ ਤੋਂ ਹੀ ਕੀਤੀ ਤੇ ਕਿਹਾ ਕਿ ਆਰਮੀ ਐਕਟ ਦੇ ਨਿਯਮਾਂ ਅਨੁਸਾਰ ਅਸੀਂ ਢੁਕਵੀਂ ਕਾਰਵਾਈ ਕਰਾਂਗੇ। ਜਨਰਲ ਕਪੂਰ ਨੇ ਕੇਸ ਦੇ ਵੇਰਵਿਆਂ ਜਾਂ ਕਾਰਵਾਈ ਕਰਨ ਦੀ ਸਮਾਂ ਸੀਮਾ ਬਾਰੇ ਸਾਰੇ ਸਵਾਲਾਂ ਦੇ ਜਵਾਬ ਦੇਣ ਤੋਂ ਇਹ ਕਹਿੰਦਿਆਂ ਇਨਕਾਰ ਕਰ ਦਿੱਤਾ ਕਿ ਉਹ ਮਾਮਲੇ ਦੇ ਵਿਸ਼ੇਸ਼ ਪਹਿਲੂਆਂ ਬਾਰੇ ਵਿਚਾਰ ਨਹੀਂ ਪ੍ਰਗਟਾ ਸਕਦੇ ਅਤੇ ਉਨ੍ਹਾਂ ਆਪਣੇ ਆਪ ਦੀ ਤੁਲਨਾ ਸੁਪਰੀਮ ਕੋਰਟ ਜਾਂ ਹਾਈ ਕੋਰਟ ਦੇ ਇਕ ਜੱਜ ਨਾਲ ਕੀਤੀ, ਜੋ ਸੁਣਵਾਈ ਅਧੀਨ ਮਾਮਲੇ 'ਤੇ ਗੱਲ ਨਹੀਂ ਕਰ ਸਕਦਾ।

ਸੈਨਾ ਮੁਖੀ ਜਨਰਲ ਦੀਪਕ ਕਪੂਰ ਨੇ ਕਿਹਾ ਹੈ ਕਿ ਭਾਰਤ ਚੀਨ ਨਾਲ ਸਦਭਾਵਨਾ ਭਰੇ ਤੇ ਸ਼ਾਂਤੀਪੂਰਨ ਸੰਬੰਧ ਚਾਹੁੰਦਾ ਹੈ। ਜਨਰਲ ਕਪੂਰ ਨੇ ਕਿਹਾ ਕਿ ਮੌਜੂਦਾ ਸਥਿਤੀ ਬਹੁਤ ਹੱਦ ਤਕ ਕਾਬੂ ਹੇਠ ਹੈ। ਸਿਆਸੀ ਤੇ ਸੁਰੱਖਿਆ ਹਾਲਾਤ ਵਿਚ ਤਬਦੀਲੀ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਹ ਦੋ ਪੱਖੀ ਤੋਂ ਬਹੁ-ਪੱਖੀ ਸਹਿਯੋਗ ਦਾ ਯੁਗ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਕਈ ਦੇਸ਼ਾਂ ਨਾਲ ਸਾਂਝੇ ਟ੍ਰੇਨਿੰਗ ਪ੍ਰੋਗਰਾਮਾਂ ਦੀ ਗਿਣਤੀ ਵਿਚ ਵਾਧਾ ਕਰ ਰਿਹਾ ਹੈ। ਜਨਰਲ ਕਪੂਰ ਨੇ ਹਾਵਿਤਜ਼ਰ ਤੋਪਾਂ ਦੀ ਪਰਖ ਫਰਵਰੀ ਮਹੀਨੇ ਵਿਚ ਹੋਣ ਦੀ ਪੁਸ਼ਟੀ ਕੀਤੀ। ਉਨ੍ਹਾਂ ਇਹ ਗੱਲ ਮੰਨੀ ਕਿ ਤੋਪਾਂ ਦੇ ਆਧੁਨਿਕੀਕਰਨ ਦੇ ਮਾਮਲੇ ਵਿਚ ਫੌਜ ਕਾਫੀ ਪਿਛੜ ਚੁੱਕੀ ਹੈ। ਦੂਜੇ ਪਾਸੇ ਅਗਲੇ ਮਹੀਨੇ ਦੀ ਪਰਖ ਲਈ ਦੌੜ ਵਿਚ ਸ਼ਾਮਲ ਤੋਪਾਂ ਨੇ ਮੀਡੀਆ ਵਿਚ ਆਪਣੀ ਹਾਜ਼ਰੀ ਲਗਾਉਣੀ ਸ਼ੁਰੂ ਕਰ ਦਿੱਤੀ ਹੈ।

## ਇਟਲੀ 'ਚ ਹਾਦਸੇ 'ਚ ਪੰਜਾਬੀ ਨੌਜਵਾਨ ਦੀ ਮੌਤ

**ਰੋਮ:** ਬੀਤੇ ਦਿਨ ਇਟਲੀ ਵਿਖੇ ਇਕ ਸੜਕ ਹਾਦਸੇ 'ਚ ਇਕ ਪੰਜਾਬੀ ਨੌਜਵਾਨ ਦੀ ਮੌਤ ਹੋ ਗਈ, ਜਦਕਿ ਉਸਦਾ ਸਾਥੀ ਗੰਭੀਰ ਜ਼ਖਮੀ ਹੋ ਗਿਆ। ਜਗਜੀਤ ਸਿੰਘ (24) ਵਾਸੀ ਨੰਗਲ ਲੁਬਾਣਾ (ਕਪੂਰਥਲਾ) ਅਤੇ ਪਰਮਿੰਦਰ ਸਿੰਘ (40) ਵਾਸੀ ਅਵਾਨ ਭੀਖੇ ਸ਼ਾਹ (ਕਪੂਰਥਲਾ) ਸਕੂਟਰ 'ਤੇ ਆ ਰਹੇ ਸਨ ਕਿ ਇਕ ਤੇਜ਼ ਰਫਤਾਰ ਟਰੱਕ ਦੀ ਲਪੇਟ 'ਚ ਆ ਗਏ। ਇਸ ਹਾਦਸੇ 'ਚ ਪਰਮਿੰਦਰ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ, ਜਦਕਿ ਜਗਜੀਤ ਸਿੰਘ ਗੰਭੀਰ ਰੂਪ 'ਚ ਜ਼ਖਮੀ ਹੋ ਗਿਆ।

## ਮੁੜ ਮੁੜ ਯਾਦ ਸਤਾਵੇ...

# ਗੌਰਮਿੰਟ ਕਾਲਜ ਚੰਡੀਗੜ੍ਹ: ਡਾ. ਬਲਬੀਰ ਸਿੰਘ ਦਿਲ ਦੀ ਸ਼ਾਗਿਰਦੀ ਦੇ ਦਿਨ

ਸੰਨ 1974 ਵਿਚ ਹਰਿਆਣਾ ਸਰਕਾਰ ਨੇ ਇਕ ਕਾਨੂੰਨ ਪਾਸ ਕਰਕੇ ਹਰਿਆਣੇ ਦੇ ਸਾਰੇ ਕਾਲਜ ਪੰਜਾਬ ਯੂਨੀਵਰਸਿਟੀ ਨਾਲੋਂ ਤੋੜ ਕੇ ਕੁਰੂਕਸ਼ੇਤਰ ਯੂਨੀਵਰਸਿਟੀ ਨਾਲ ਲਾ ਦਿੱਤੇ। ਮੇਰੇ ਚਾਚੇ ਵਕੀਲ ਜਗੀਰ ਸਿੰਘ ਦੀ ਸਲਾਹ ਸੀ ਕਿ ਮੈਂ ਬੀ.ਏ. ਪੰਜਾਬ ਯੂਨੀਵਰਸਿਟੀ ਤੋਂ ਹੀ ਕਰਾਂ ਅਤੇ ਅੱਗੋਂ ਪੜ੍ਹਾਈ ਵੀ ਚੰਡੀਗੜ੍ਹ ਪੰਜਾਬ

**ਅਮੋਲਕ ਸਿੰਘ ਜੰਮੂ**

ਯੂਨੀਵਰਸਿਟੀ ਵਿਚ ਹੀ ਕਰਾਂ। ਸੋ ਉਨ੍ਹਾਂ ਦੀ ਸਲਾਹ ਨਾਲ ਮੈਂ ਗੌਰਮਿੰਟ ਕਾਲਜ ਚੰਡੀਗੜ੍ਹ ਵਿਚ ਦਾਖਲਾ ਲੈਣ ਦਾ ਫੈਸਲਾ ਕਰ ਲਿਆ।

ਦਾਖਲੇ ਦੀਆਂ ਤਾਰੀਖਾਂ ਪਤਾ ਕਰਕੇ ਮੈਂ ਸਿਰਸੇ ਤੋਂ ਚੰਡੀਗੜ੍ਹ ਨੂੰ ਜਾਣ ਵਾਲੀ ਬੱਸ ਫੜ੍ਹ ਲਈ। ਘਰ ਤੋਂ ਇਕੱਲਿਆਂ ਦੂਰ ਜਾਣ ਦਾ ਮੇਰਾ ਇਹ ਪਹਿਲਾ ਸਫਰ ਸੀ। ਜੁਲਾਈ ਦਾ ਸ਼ੁਰੂ ਸੀ ਅਤੇ ਮੈਂ ਮਾਨਸਾ, ਸੁਨਾਮ, ਪਟਿਆਲਾ ਦਾ ਸਫਰ ਕਰਦਾ ਚੰਡੀਗੜ੍ਹ ਜਾ ਰਿਹਾ ਸੀ। ਬਰਸਾਤ ਸ਼ੁਰੂ ਹੋ ਚੁੱਕੀ ਸੀ ਅਤੇ ਰਸਤੇ ਵਿਚ ਕਈ ਜਗ੍ਹਾ ਬਰਸਾਤੀ ਪਾਣੀ ਸੜਕਾਂ 'ਤੇ ਖੜ੍ਹਾ ਸੀ। ਬੱਸ ਜਦੋਂ ਜ਼ੀਰਕਪੁਰ ਤੋਂ ਚੰਡੀਗੜ੍ਹ ਨੂੰ ਮੁੜੀ ਤਾਂ ਉਦੋਂ ਹੀ ਚੰਡੀਗੜ੍ਹ ਦੀ ਪੈੜਚਾਲ ਦਿਸਣ ਲੱਗ ਪਈ ਸੀ। ਉਨ੍ਹਾਂ ਦਿਨਾਂ ਵਿਚ ਜ਼ੀਰਕਪੁਰ ਕੁਝ ਇਕ ਢਾਬਿਆਂ ਤੋਂ ਵੱਧ ਕੁਝ ਵੀ ਨਹੀਂ ਸੀ ਹੁੰਦਾ, ਹੁਣ ਤਾਂ ਪੂਰਾ ਵੱਡਾ ਸ਼ਹਿਰ ਬਣ ਗਿਆ ਹੈ। ਤੇਜ਼ ਰਫਤਾਰ ਜਾ ਰਹੀ ਬੱਸ ਦੇ ਨਾਲ ਮੇਰਾ ਮਨ ਵੀ ਚੰਡੀਗੜ੍ਹ ਦੀਆਂ ਉਡਾਰੀਆਂ ਭਰਦਾ ਜਾ ਰਿਹਾ ਸੀ।

ਚੰਡੀਗੜ੍ਹ ਦੇ 17 ਸੈਕਟਰ ਵਿਚਲੇ ਬਸ ਸਟੈਂਡ ਤੋਂ ਉਤਰ ਕੇ ਮੈਂ ਆਪਣੇ ਵਕੀਲ ਚਾਚੇ ਦੀ ਹਦਾਇਤ ਅਨੁਸਾਰ ਰਿਕਸ਼ਾ ਲੈ ਕੇ 18 ਸੈਕਟਰ ਦੇ ਪੰਚਾਇਤ ਭਵਨ ਨੂੰ ਰਵਾਨਾ ਹੋ ਪਿਆ। ਰਸਤੇ ਵਿਚ ਬਰਸਾਤਾਂ ਦੇ ਪਾਣੀ ਨਾਲ ਲਸ਼ ਲਸ਼ ਕਰਦੇ ਹਰੇ ਕਚੂਰ ਘਾਹ ਨੂੰ ਵੇਖ ਕੇ ਜਿਹੜਾ ਖਿਆਲ ਮੇਰੇ ਮਨ 'ਤੇ ਭਾਰੂ ਹੋਣ ਲੱਗਾ ਉਹ ਸੀ, ਇਥੇ ਮੱਝਾਂ ਚਰਾਉਣ ਦਾ ਸਵਾਦ ਆ ਜਾਵੇ। ਉਸ ਰਾਤ ਸਚਮੁੱਚ ਹੀ ਮੈਂ ਸੁਪਨੇ ਵਿਚ ਵੀ ਇਸ ਘਾਹ ਉਤੇ ਮੱਝਾਂ ਚਰਾਉਂਦਾ ਰਿਹਾ। ਮੇਰੀ ਇਹ ਗੱਲ ਕਈ ਪਾਠਕਾਂ ਨੂੰ ਸ਼ਾਇਦ ਫਜ਼ੂਲ ਜਾਪੇ ਪਰ ਜਿਹੜੇ ਪੇਂਡੂਆਂ ਨੇ ਕਦੀ ਖੇਤਾਂ ਵਿਚ ਮੱਝਾਂ ਚਰਾਈਆਂ ਹਨ ਉਨ੍ਹਾਂ ਨੂੰ ਇਹ ਗੱਲ ਸਹਿਜੇ ਹੀ ਸਮਝ ਪੈ ਜਾਏਗੀ। ਮੈਂ ਬਥੇਰਾ ਚਿਰ ਮੱਝਾਂ ਚਾਰੀਆਂ ਹਨ। ਗਰਮੀਆਂ ਦੀਆਂ ਛੁਟੀਆਂ ਵਿਚ ਘਰਦਿਆਂ ਨਾਲ ਖੇਤੀ ਦਾ ਕੋਈ ਵੀ ਹੋਰ ਕੰਮ ਕਰਾਉਣ ਦੀ ਥਾਂ ਮੈਨੂੰ ਮੱਝਾਂ ਚਰਾਉਣੀਆਂ ਸੌਖਾ ਕੰਮ ਲਗਦਾ ਸੀ। ਮਝਾਂ ਚਰਾਉਣ ਦਾ ਵੀ ਆਪਣਾ ਹੀ ਇਕ ਸਵਾਦ ਹੈ। ਸਾਡੇ ਸਾਂਝੇ ਘਰ ਦੇ ਮੱਝਾਂ-ਕੱਟੀਆਂ ਰਲਾ ਕੇ ਸੋਲਾਂ ਸਤਾਰਾਂ ਡੰਗਰ ਬਣਦੇ ਸਨ। ਪਿੰਡ ਤੋਂ ਸਾਡਾ ਖੇਤ ਕੋਈ ਤਿੰਨ ਕਿਲੋਮੀਟਰ ਸੀ। ਹਰ ਰੋਜ਼ ਤਕਾ ਕੇ ਜਾਇਆ ਕਰਨਾ ਕਿ ਭਲਕੇ ਇਥੇ ਮੱਝਾਂ ਚਾਰਾਂਗਾ। ਕਈ ਵਾਰ ਵਡੀ ਮੱਝ ਜੋ ਸਭਦੀ ਲੀਡਰ ਹੁੰਦੀ ਸੀ, ਅੱਗੇ ਨਿਕਲ ਜਾਂਦੀ ਤੇ ਬਾਕੀ ਸਾਰੇ ਕੱਟੜੂ-ਵਛੜੂ ਉਸ ਦੇ ਮਗਰ ਮਗਰ। ਕਈ ਵਾਰ ਮੱਝਾਂ ਨਹਿਰ ਵਿਚ ਨਹਾਉਣ ਲਈ ਛਡ ਕੇ ਆਪ ਮੁੰਡਿਆਂ ਨਾਲ ਤਾਰੀਆਂ ਮਾਰਨ ਲਗ ਜਾਣਾ। ਜਰਾ ਕੁ ਧਿਆਨ ਇਧਰ-ਉਧਰ ਹੋਇਆ ਨਹੀਂ ਕਿ ਵਡੀ ਮੱਝ ਨੇ ਆਪਣੀ ਲੀਡਰੀ ਦਿਖਾਉਣ ਦਾ ਮੌਕਾ ਹੱਥੋਂ ਨਾ ਜਾਣ ਦੇਣਾ। ਬੜਾ ਗੁੱਸਾ ਆਉਂਦਾ ਸੀ ਉਸ ਮੱਝ ਤੇ ਪਰ ਅੱਜ ਇਹ ਗੱਲ ਸੋਚ ਕੇ ਹਾਸਾ ਆਉਂਦਾ ਹੈ। ਬਾਅਦ ਵਿਚ ਜਦੋਂ ਮੈਂ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਦੋ ਆਨੇ ਦਾ ਘਾਹ' ਪੜ੍ਹੀ ਤਾਂ ਮੈਨੂੰ ਇਕ ਦਮ ਸਮਝ ਆ ਗਈ ਕਿ ਕਹਾਣੀ ਵਿਚ ਘਾਹ ਸਿਰਫ ਦੋ ਆਨੇ ਦਾ ਨਹੀਂ ਸੀ।

ਗਿਆਰਾਂ ਸੈਕਟਰ ਵਿਚ ਸਥਿਤ ਇਸ ਕਾਲਜ ਤੱਕ ਮੈਂ ਅਠਾਰਾਂ ਸੈਕਟਰ ਤੋਂ ਦੁੜੰਗੇ ਲਾਉਂਦਾ ਪੈਦਲ ਹੀ ਪਹੁੰਚ ਗਿਆ। ਇੰਟਰਵਿਊ ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਐਚ ਐਮ ਢਿੱਲੋਂ ਖੁਦ ਲੈ ਰਹੇ ਸਨ। ਉਨ੍ਹਾਂ ਮੇਰੇ ਕੋਲੋਂ ਇਕ ਦੋ ਸਵਾਲ ਪੁੱਛੇ ਤੇ ਮੇਰਾ ਦਾਖਲਾ ਹੋ ਗਿਆ। ਸਬੱਬੀਂ ਮੈਨੂੰ ਨੈਸ਼ਨਲ ਕਾਲਜ ਸਿਰਸਾ ਵਿਚ ਆਪਣੇ ਤੋਂ ਦੋ ਸਾਲ ਸੀਨੀਅਰ ਲਹਿਰਿਆਂ ਵਾਲੀ ਢਾਣੀ ਦਾ ਬਲਦੇਵ ਸਿੰਘ ਮੋਮੀ ਮਿਲ ਪਿਆ ਜਿਸ ਨੇ ਮੈਨੂੰ ਯੂਨੀਵਰਸਿਟੀ ਦੇ ਹੋਸਟਲ ਵਿਚ ਹੀ ਆਪਣੇ ਨਾਲ ਵਾਲਾ ਹੀ ਕਮਰਾ ਕਿਸੇ ਤਰ੍ਹਾਂ ਲੈ ਦਿੱਤਾ। ਹੋਸਟਲ ਨੰਬਰ 1 ਵਿਚ 4/59 ਮੇਰਾ ਕਮਰਾ ਸੀ ਅਤੇ 4/60 ਬਲਦੇਵ ਦਾ।

ਅੱਜ ਕਲ੍ਹ ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਵਿਭਾਗ ਵਿਚ ਸੀਨੀਅਰ ਪ੍ਰੋਫੈਸਰ ਡਾ. ਜਗਜੀਤ ਸਿੰਘ ਉਨ੍ਹਾਂ ਦਿਨਾਂ ਵਿਚ ਐਮ ਏ ਭਾਗ ਦੂਜਾ ਦਾ ਵਿਦਿਆਰਥੀ ਸੀ। ਯੂਨੀਵਰਸਿਟੀ ਦੀਆਂ ਵਿਦਿਆਰਥੀ ਚੋਣਾਂ ਵਿਚ ਉਸ ਨੂੰ ਵਿਭਾਗ ਦੇ ਨੁਮਾਇੰਦੇ ਦੀ ਚੋਣ ਲੜਾਈ ਗਈ। ਇਸ ਚੋਣ ਦੀ ਸਾਰੀ ਯੋਜਨਾਬੰਦੀ ਬਲਦੇਵ ਸਿੰਘ ਮੋਮੀ ਕਰਕੇ ਮੇਰੇ ਹੀ ਕਮਰੇ ਵਿਚ ਹੋਈ ਅਤੇ ਜਦ ਤੱਕ ਇਹ ਚੋਣ ਮੁੱਕ ਨਾ ਗਈ, ਮੇਰਾ ਕਮਰਾ ਚੋਣ ਦਫਤਰ ਬਣਿਆ ਰਿਹਾ ਅਤੇ ਮੇਰਾ ਡੇਰਾ ਬਲਦੇਵ ਦੇ ਕਮਰੇ ਵਿਚ ਰਿਹਾ। ਇਥੇ ਹੀ ਮੁਲਾਕਾਤ ਉਨ੍ਹੀਂ ਦਿਨੀਂ ਐਮ ਏ ਪੰਜਾਬੀ ਦੇ ਵਿਦਿਆਰਥੀਆਂ ਸਵਰਨ ਸਿੰਘ ਚੀਮੇ ਅਤੇ ਦਰਸ਼ਨ ਸਿੰਘ ਸੇਖੋਂ ਨਾਲ ਹੋਈ। ਦੋਹਾਂ ਦਾ ਕਮਰਾ ਨਾਲੋ-ਨਾਲ ਸੀ। ਸੇਖੋਂ ਨੇ ਕੱਪੜੇ ਤਾਂ ਵੰਨ-ਸੁਵੰਨੇ ਪਾਉਣੇ, ਮਹਿੰਗੇ ਤੋਂ ਮਹਿੰਗੇ ਅਤੇ ਉਹ ਵੀ ਹਮੇਸ਼ਾਂ ਪ੍ਰੈਸ ਕਰਵਾ ਕੇ, ਪਰ ਪਿਓ ਦੇ ਪੁਤ ਨੇ ਆਪਣੇ ਹੱਥੀਂ ਨਹਾਉਣ ਲਈ ਸਾਬਣ ਅਤੇ ਦੰਦਾਂ ਲਈ ਟੁਥਪੇਸਟ ਕਦੇ ਖਰੀਦ ਕੇ ਨਾ ਲਿਆਂਦਾ, ਉਹ ਹਮੇਸ਼ਾਂ ਹੀ ਸਵਰਨ ਦੇ ਕਮਰੇ ਵਿਚੋਂ ਲੈਣਾ। ਜੇ ਕਦੇ ਸਵਰਨ ਨੇ ਇਸ ਗੱਲੋਂ ਉਸਨੂੰ ਛੇੜਨਾ, ਤਾਂ ਜਵਾਬ ਹੁੰਦਾ ਸੀ, ਓਏ ਜਾਗੀਰਦਾਰ ਵੀ ਕਦੇ ਇਹੋ ਜਿਹੀਆਂ ਚੀਜ਼ਾਂ ਖਰੀਦਣ ਜਾਂਦੇ ਆ ਬਾਜ਼ਾਰ।

ਕੁਝ ਹੀ ਦਿਨਾਂ ਬਾਅਦ ਪਤਾ ਲੱਗਾ ਕਿ ਨੈਸ਼ਨਲ ਕਾਲਜ ਵਿਚ ਮੇਰੇ ਨਾਲ ਪੜ੍ਹਦੇ ਦਿਲਬਾਗ, ਕ੍ਰਿਸ਼ਨ ਲਾਲ ਅਤੇ ਕਸ਼ਮੀਰ ਸਿੰਘ ਨੇ ਵੀ ਚੰਡੀਗੜ੍ਹ ਖਾਲਸਾ ਕਾਲਜ ਵਿਚ ਦਾਖਲਾ ਲੈ ਲਿਆ ਹੈ। ਤਿੰਨੇ ਜਣੇ 22 ਸੈਕਟਰ ਵਿਚ ਕਮਰਾ ਲੈ ਕੇ ਰਹਿੰਦੇ ਸਨ। ਕਿਰਾਇਆ ਅਸਲ ਵਿਚ ਦਿਲਬਾਗ ਤੇ ਕ੍ਰਿਸ਼ਨ ਦਿੰਦੇ ਸਨ, ਕਸ਼ਮੀਰ ਤੇ ਵਿਚਾਰਾ ਬਹੁਤ ਹੀ ਗਰੀਬ ਘਰ ਤੋਂ ਸੀ। ਮਜ਼ਬੀ ਸਿੱਖਾਂ ਦਾ ਪੁਤਰ ਹੋਣ ਕਰ ਕੇ ਉਸਨੂੰ ਰਿਜ਼ਰਵੇਸ਼ਨ ਅਤੇ ਵਜੀਫਾ ਮਿਲਦਾ ਸੀ। ਮੈਡੀਕਲ ਕਰਨ ਦੇ ਚੱਕਰ ਵਿਚ ਫਸਿਆ ਉਹ ਚੰਡੀਗੜ੍ਹ ਪਹੁੰਚਿਆ ਸੀ। ਦਸਵੀਂ ਵਿਚ ਉਹ ਮੇਰਾ ਸਹਿਪਾਠੀ ਸੀ ਪਰ ਫਿਰ ਨੰਬਰ ਬਣਾਉਣ ਦੇ ਚੱਕਰ ਵਿਚ ਦੋ ਵਾਰ ਪੇਪਰ ਛਡ ਕੇ ਪਿਛੇ ਰਹਿ ਗਿਆ ਸੀ। ਇਨ੍ਹਾਂ ਤਿੰਨਾਂ ਨੇ ਹੀ ਰਲ ਕੇ ਕਈ ਵਾਰ ਹੋਸਟਲ ਆ ਜਾਣਾ, ਮੇਰੇ ਕਮਰੇ ਵਿਚ ਜਾਂ ਬਲਦੇਵ ਦੇ। ਜਦੋਂ ਕਸ਼ਮੀਰ ਨੇ ਮੰਜੇ ਤੇ ਬੈਠਣ ਲਗਣਾ ਤਾਂ ਦਿਲਬਾਗ ਜਾਂ ਕ੍ਰਿਸ਼ਨ ਨੇ ਕਹਿਣਾ, 'ਸਾਲਿਆ ਥੱਲੇ ਬਹਿ, ਮੰਜਾ ਨਾ ਭਿੱਟ ਦੇਈਂ।' ਅਗੋਂ ਕਸ਼ਮੀਰ ਕਿਹੜਾ ਘੱਟ ਸੀ। ਉਸਨੇ ਕਮਰੇ ਵਿਚ ਰਖੀ ਸੁਰਾਹੀ 'ਤੋਂ ਗਿਲਾਸ ਚੁਕਣਾ, ਪਾਣੀ ਪੀਣਾ ਤੇ ਜੂਠਾ ਗਲਾਸ ਵਾਪਸ ਸੁਰਾਹੀ ਤੇ ਮੂਧਾ ਮਾਰ ਦੇਣਾ। ਫਿਰ ਕਹਿਣਾ, 'ਸੁਟੋ ਪਹਿਲਾਂ ਇਹ ਸੁਰਾਹੀ ਤੇ ਗਿਲਾਸ, ਮੈਂ ਵੇਖਾਂ ਤੁਹਾਡੀ ਵੱਡੀ ਸਰਦਾਰੀ। ਸਾਲੇ ਆਏ ਭਿੱਟਣ ਦੇ।'

ਗੌਰਮਿੰਟ ਕਾਲਜ ਵਿਚ ਮਾਹੌਲ ਨੈਸ਼ਨਲ ਕਾਲਜ ਨਾਲੋਂ ਕਾਫੀ ਵੱਖਰਾ ਸੀ। ਕਿੰਨੇ ਹੀ ਸਾਰੇ ਸੈਕਸ਼ਨ, ਕਿੰਨੇ ਹੀ ਸਾਰੇ ਸਬਜੈਕਟ ਜਿਨ੍ਹਾਂ ਵਿਚੋਂ ਕਈਆਂ ਦੇ ਮੈਂ ਨਾਂ ਤੱਕ ਵੀ ਨਹੀਂ ਸਨ ਸੁਣੇ ਹੋਏ। ਕੁਝ ਦਿਨ ਓਪਰਾ ਓਪਰਾ ਲੱਗਦਾ ਰਿਹਾ ਪਰ ਫਿਰ ਮੇਰੀ ਜੋਟੀ ਸੈਕਟਰ ਬਾਰਾਂ ਤੋਂ ਪਰਲੇ ਪਾਸੇ ਵਸਦੇ ਪਿੰਡ ਖੁੱਡਾ ਲਾਹੌਰਾ ਦੇ ਰਘਬੀਰ ਸਿੰਘ ਨਾਲ ਪੈ ਗਈ। ਇਕਨਾਮਿਕਸ ਅਤੇ ਪੰਜਾਬੀ ਸਾਡੇ ਸਾਂਝੇ ਸਬਜੈਕਟ ਸਨ। ਇਕਨਾਮਿਕਸ ਦੇ ਪੀਰੀਅਡ ਵਿਚ ਵਾਹਵਾ ਸ਼ੁਗਲ ਬਣਦਾ। ਪ੍ਰੋ. ਸਤੀਸ਼ ਅਗਰਵਾਲ ਜੇ ਅੰਗਰੇਜ਼ੀ ਵਿਚ ਪੜ੍ਹਾਉਣ ਲੱਗਦੇ ਤਾਂ ਮੁੰਡੇ ਇਤਰਾਜ਼ ਕਰਦੇ ਕਿ ਹਿੰਦੀ 'ਚ ਪੜ੍ਹਾਓ। ਉਹ ਇਕ ਦਮ ਆਪਣਾ ਸਵਿਚ ਬਦਲ ਕੇ ਹਿੰਦੀ ਵਿਚ ਕਰ ਲੈਂਦੇ। ਇੰਨੇ ਨੂੰ ਅਸੀਂ ਪੰਜ-ਛੇ ਮੁੰਡੇ ਰੌਲਾ ਪਾ ਦਿੰਦੇ, ਨਹੀਂ ਸਰ ਪੰਜਾਬੀ ਵਿਚ ਪੜ੍ਹਾਓ ਅਤੇ ਉਹ ਝੱਟ ਹੀ ਸਵਿਚ ਬਦਲ ਕੇ ਪੰਜਾਬੀ ਵਿਚ ਕਰ ਲੈਂਦੇ। ਚੰਗੀ ਗੱਲ ਇਹ ਸੀ ਕਿ ਪ੍ਰੋਫੈਸਰ ਅਗਰਵਾਲ ਕਦੇ ਇਸ ਗੱਲ ਦਾ ਗੁੱਸਾ ਨਹੀਂ ਸਨ ਮਨਾਉਂਦੇ ਅਤੇ ਨਾ ਹੀ ਉਨ੍ਹਾਂ ਦੇ ਪੜ੍ਹਾਉਣ ਵਿਚ ਕਦੀ ਕੋਈ ਵਿਘਨ ਹੀ ਪੈਂਦਾ।

ਸਵਿਮਿੰਗ ਪੂਲ ਵੇਖਣ ਦਾ ਵੀ ਪਹਿਲੀ ਵਾਰ ਮੌਕਾ ਮਿਲਿਆ। ਸਵਿਮਿੰਗ ਪੂਲ ਫਿਲਮਾਂ ਵਿਚ ਵੇਖਿਆ ਸੀ ਪਰ ਅਸਲ ਵਿਚ ਨਹੀਂ ਸੀ ਦੇਖਿਆ। ਕਾਲਜ ਦਾ ਸਵਿਮਿੰਗ ਪੂਲ ਭਾਵੇਂ ਬਹੁਤ ਵੱਡਾ ਨਹੀਂ ਸੀ ਪਰ ਮੇਰੇ ਲਈ ਇਕ ਨਵੀਂ ਚੀਜ਼ ਜ਼ਰੂਰ ਸੀ। ਹੋਰ ਮੁੰਡਿਆਂ ਨੂੰ ਵੇਖ ਇਕ ਦਿਨ ਦੁਪਹਿਰ ਬਾਅਦ ਮੈਂ ਵੀ ਜਾ ਸਵਿਮਿੰਗ ਪੂਲ ਵਿਚ ਛਾਲ ਮਾਰੀ। ਮੈਂ ਸਾਡੇ ਘਰ ਅੱਗੋਂ ਲੰਘਦੀ ਵੱਡੀ ਨਹਿਰ ਦੇ ਪੁਲ ਉਤੋਂ ਛਾਲਾਂ ਮਾਰਨ ਅਤੇ ਲੰਮੀਆਂ ਤਾਰੀਆਂ ਲਾਉਣ ਦਾ ਆਦੀ ਸਾਂ, ਮੈਨੂੰ ਸਵਿਮਿੰਗ ਪੂਲ ਬਹੁਤਾ ਹੀ ਛੋਟਾ ਲੱਗਿਆ। ਹਾਂ, ਇਸ ਦਾ ਪਾਣੀ ਜ਼ਰੂਰ ਨੀਲੇ ਰੰਗ ਦਾ ਅਤੇ ਸਾਫ ਸੀ। ਨਹਿਰ ਵਾਂਗ ਮਟਮੈਲਾ ਨਹੀਂ। ਅਜੇ ਮੈਂ ਦੋ ਕੁ ਹੀ ਛਾਲਾਂ ਲਾਈਆਂ ਸਨ ਕਿ ਇੰਚਾਰਜ ਪ੍ਰੋਫੈਸਰ ਦੀ ਨਿਗ੍ਹਾ ਮੇਰੇ ਉਤੇ ਪੈ ਗਈ। ਮੇਰਾ ਫਾਂਟਾਂ ਵਾਲਾ ਕੱਛਾ ਵੇਖ ਕੇ ਉਸ ਪੁੱਛਿਆ, ਤੇਰੀ ਸਵਿਮਿੰਗ ਕਾਸਚਿਊਮ ਕਿਥੇ ਹੈ? ਮੇਰੀ ਜਾਣੇ ਬਲਾ ਸਵਿਮਿੰਗ ਕਾਸਚਿਊਮ ਕੀ ਹੁੰਦੀ ਹੈ। ਪ੍ਰੋਫੈਸਰ ਨੇ ਕਹਿ ਦਿੱਤਾ ਕਿ ਕੱਲ੍ਹ ਕਾਸਚਿਊਮ ਲੈ ਕੇ ਆਵੀਂ ਅਤੇ ਫਿਰ ਸਵਿਮਿੰਗ ਕਰੀਂ। ਮੈਂ ਸਵਿਮਿੰਗ ਦਾ ਖਹਿੜਾ ਹੀ ਛੱਡ ਦਿਤਾ।

ਗੌਰਮਿੰਟ ਕਾਲਜ ਵਿਚ ਪੜ੍ਹਦਿਆਂ ਮੇਰੀ ਸਭ ਤੋਂ ਦਿਲਚਸਪ ਕਲਾਸ ਪੰਜਾਬੀ ਦੀ ਹੁੰਦੀ ਸੀ। ਇਸ ਕਲਾਸ ਵਿਚ ਮੈਂ ਤੇ ਰਘਬੀਰ ਸਿੰਘ ਦੋ ਹੀ ਵਿਦਿਆਰਥੀ ਸਾਂ। ਡਾ. ਬਲਬੀਰ ਸਿੰਘ ਦਿਲ ਜੋ ਹੁਣ ਇਸ ਜਹਾਨ 'ਤੇ ਨਹੀਂ ਰਹੇ, ਸਾਨੂੰ ਪੰਜਾਬੀ ਪੜ੍ਹਾਉਂਦੇ ਸਨ। ਬੜੇ ਜ਼ਹੀਨ ਕਿਸਮ ਦੇ ਇਨਸਾਨ ਸਨ। ਬੱਚਾ ਸ਼ਾਇਦ ਉਨ੍ਹਾਂ ਦੇ ਕੋਈ ਹੈ ਨਹੀਂ ਸੀ, ਪੰਦਰਾਂ ਸੈਕਟਰ ਵਿਚ ਆਪਣਾ ਘਰ ਸੀ। ਅਧਿਆਤਮਕ ਰਹੱਸਵਾਦ ਉਨ੍ਹਾਂ ਦਾ ਮਨਭਾਉਂਦਾ ਵਿਸ਼ਾ ਸੀ। ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਉਹ ਕਿਸੇ ਸੱਚ ਦੀ ਭਾਲ ਵਿਚ ਕਈ ਚਿਰ ਸਾਧ ਵੀ ਬਣੇ ਰਹੇ। ਕਿਸੇ ਕਿਸਮ ਦਾ ਕੋਈ ਐਬ ਉਨ੍ਹਾਂ ਦੇ ਨੇੜੀਓਂ ਨਹੀਂ ਸੀ ਲੰਘਿਆ। ਨਾ ਕਿਸੇ ਦੀ ਨਿੰਦਿਆ ਨਾ ਚੁਗਲੀ। ਕਵਿਤਾ ਲਿਖਦੇ ਸਨ ਪਰ ਸਾਹਿਤਕ ਪ੍ਰਵਾਨਗੀ ਹਾਸਲ ਕਰਨ ਲਈ ਕਿਸੇ ਤਰ੍ਹਾਂ ਦੀ ਤਿਕੜਮਬਾਜ਼ੀ ਵਿਚ ਨਹੀਂ ਸਨ ਪੈਂਦੇ। ਅੱਜ ਕੱਲ ਕੈਲੀਫੋਰਨੀਆ ਵਸਦੇ ਪ੍ਰੋਫੈਸਰ ਬਰਜਿੰਦਰ ਸਿੰਘ ਸਿੱਧੂ ਉਨ੍ਹੀਂ ਦਿਨੀਂ ਫਿਜ਼ਿਕਸ ਦੇ ਅਧਿਆਪਕ ਹੋਇਆ ਕਰਦੇ ਸਨ। ਇਹ ਗੱਲ ਉਨ੍ਹਾਂ ਦੋ ਕੁ ਸਾਲ ਪਹਿਲਾਂ ਚੰਡੀਗੜ੍ਹ ਬਾਰੇ ਗੱਲ ਕਰਦਿਆਂ ਮੈਨੂੰ ਆਪ ਦੱਸੀ ਸੀ।

## ਰੰਗ-ਬੇਰੰਗ

ਡਾ. ਦਿਲ ਦੀ ਕਲਾਸ ਪੜ੍ਹਾਈ ਪੱਖੋਂ ਬਹੁਤ ਹੀ ਵਧੀਆ ਹੁੰਦੀ ਸੀ ਪਰ ਬਿਨਾ ਕਿਸੇ ਤਰ੍ਹਾਂ ਦੇ ਵੀ ਬੋਝ ਤੋਂ। ਬਹੁਤੀ ਵਾਰੀ ਉਨ੍ਹਾਂ ਬਾਹਰ ਅੰਬਾਂ ਥੱਲੇ ਜਾਂ ਫਿਰ ਧੁੱਪੇ ਸੀਮੈਂਟ ਦੇ ਬੈਂਚਾਂ ਉਤੇ ਹੀ ਆਪਣੀ ਕਲਾਸ ਲਾ ਲੈਣੀ। ਇਕ ਪਾਸੇ ਮੈਨੂੰ ਬਿਠਾ ਲੈਣਾ ਅਤੇ ਦੂਜੇ ਪਾਸੇ ਰਘਬੀਰ ਸਿੰਘ ਨੂੰ। ਚਾਹ ਦੇ ਤਿੰਨ ਕੱਪਾਂ ਦਾ ਆਰਡਰ ਉਹ ਬਹੁਤੀ ਵਾਰ ਪਹਿਲਾਂ ਹੀ ਕੰਟੀਨ ਵਿਚ ਦੇ ਆਉਂਦੇ।

ਪੰਜਾਬੀ ਵਿਸ਼ੇ ਨਾਲ ਮੇਰੀ ਦਿਲਚਸਪੀ ਨੈਸ਼ਨਲ ਕਾਲਜ ਸਿਰਸੇ ਪੜ੍ਹਦਿਆਂ ਵੀ ਕਾਫੀ ਸੀ ਅਤੇ ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਦੇ ਕਰੀਬ ਕਰੀਬ ਸਾਰੇ ਨਾਵਲ ਮੈਂ ਉਦੋਂ ਹੀ ਪੜ੍ਹ ਲਏ ਹੋਏ ਸਨ। ਪਰ ਪੰਜਾਬੀ ਦੀ ਅਸਲ ਪੜ੍ਹਾਈ ਮੈਂ ਡਾ. ਦਿਲ ਕੋਲੋਂ ਹੀ ਕੀਤੀ। ਉਨ੍ਹਾਂ ਹੀ ਸਿਖਾਇਆ ਕਿ ਕਿਵੇਂ ਘੱਟ ਤੋਂ ਘੱਟ ਸ਼ਬਦਾਂ ਵਿਚ ਵੱਧ ਤੋਂ ਵੱਧ ਗੱਲ ਕਹਿਣੀ ਹੈ। ਨੰਬਰ ਬਹੁਤਾ ਲਿਖਣ ਨਾਲ ਨਹੀਂ, ਸਗੋਂ ਥੋੜਾ ਤੇ ਚੰਗਾ ਲਿਖਣ ਨਾਲ ਮਿਲਦੇ ਹਨ। ਸ਼ਬਦ ਜੋੜ ਵੀ ਉਨ੍ਹਾਂ ਨਾਲ ਬਿਠਾ ਕੇ ਠੀਕ ਕਰਵਾਏ। ਜੇ ਕੋਈ ਕਸਰ ਬਾਕੀ ਸੀ ਤਾਂ ਅੱਜਕਲ੍ਹ ਸਿੱਖ ਨੈਸ਼ਨਲ ਕਾਲਜ ਬੰਗੇ ਲੱਗੇ ਹੋਏ ਪ੍ਰੋਫੈਸਰ ਹਰਪਾਲ ਸਿੰਘ ਨੇ ਪੂਰੀ ਕਰ ਦਿੱਤੀ, ਜਿਸ ਨੇ ਪੰਜਾਬੀ ਤੇਜ ਲਿਖਣੀ ਅਤੇ ਅੰਗਰੇਜ਼ੀ ਵਾਂਗ ਬਿਨਾ ਪੈਨ ਚੁੱਕਿਆਂ ਲਿਖਣ ਦੀ ਜਾਚ ਸਿਖਾਈ। ਹਰਪਾਲ ਸਿੰਘ ਬਲਦੇਵ ਸਿੰਘ ਮੋਮੀ ਦਾ ਸਹਿਪਾਠੀ ਅਤੇ ਮਿੱਤਰ ਸੀ, ਤੇ ਇਸ ਤਰ੍ਹਾਂ ਮੇਰਾ ਮਿੱਤਰ ਬਣਿਆ। ਡਾ. ਦਿਲ ਅਤੇ ਪ੍ਰੋਫੈਸਰ ਹਰਪਾਲ ਸਿੰਘ ਦੀ ਸ਼ਾਗਿਰਦੀ ਕਰਕੇ ਹੀ ਮੈਂ ਪੰਜਾਬੀ ਦੇ ਵਿਸ਼ੇ ਵਿਚ ਯੂਨੀਵਰਸਿਟੀ ਵਿਚ ਪਹਿਲੇ ਨੰਬਰ 'ਤੇ ਰਿਹਾ ਅਤੇ ਫਿਰ ਐਮ ਏ ਪੰਜਾਬੀ ਦੇ ਪਹਿਲੇ ਸਾਲ ਯੂਨੀਵਰਸਿਟੀ ਵਿਚ ਦੂਜੇ ਨੰਬਰ 'ਤੇ ਰਿਹਾ।

#


## ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ
ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**Global Multi Services**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh
Insurance Lic No. 0G73739

RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Financing Available For Buying Trucks

Cell:(510) 557-6988, Ph:209-982-9996

## ਪਾਠਕਾਂ ਦਾ ਪੰਨਾ

# ਮੈਨੂੰ ਵੀ ਚੇਤੇ ਹਨ ਉਹ ਰੂਪੋਸ਼ੀ ਸਮੇਂ ਦੀਆਂ ਮਾਵਾਂ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

16 ਜਨਵਰੀ 2010 ਦੇ 'ਪੰਜਾਬ ਟਾਈਮਜ਼' 'ਚ ਨੰਦ ਸਿੰਘ ਮਹਿਤਾ ਵਲੋਂ ਆਪਣੀਆਂ ਰੂਪੋਸ਼ੀ ਸਮੇਂ ਦੀਆਂ ਮਾਵਾਂ ਵਾਰੇ ਲਿਖਿਆ ਲੇਖ ਪੜ੍ਹਿਆ ਤਾਂ 1970-74 ਦਾ ਸਮਾਂ ਮੇਰੇ ਸਾਹਮਣੇ ਹੂ-ਬ-ਹੂ ਸਾਕਾਰ ਹੋ ਗਿਆ। ਨੰਦ ਸਿੰਘ ਦਾ ਪਿੰਡ ਮਹਿਤਾ ਮੇਰੇ ਪਿੰਡ ਤੋਂ ਮਸਾਂ 2-3 ਮੀਲ ਦੀ ਦੂਰੀ ਤੇ ਹੈ। ਸਾਡੇ ਪਿੰਡਾਂ ਦੀਆਂ ਜੂਹਾਂ ਇਕ ਦੂਜੇ ਦੇ ਨਾਲ ਲਗਦੀਆਂ ਹਨ। ਉਂਜ ਉਹ ਨੰਦ ਸਿੰਘ 'ਸਿੱਧੂ' ਹੈ ਪਰ ਉਹ ਹਮੇਸ਼ਾ ਆਪਣੇ ਨਾਂ ਨਾਲ ਆਪਣੇ ਪਿੰਡ ਦਾ ਨਾਂ ਹੀ ਲਿਖਦਾ ਹੈ, ਇਸ ਕਰਕੇ ਉਸ ਨੂੰ ਨੰਦ ਸਿੰਘ 'ਮਹਿਤਾ' ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ। ਜਦੋਂ ਨਕਸਲਬਾੜੀ ਲਹਿਰ ਪੰਜਾਬ 'ਚ ਸ਼ੁਰੂ ਹੋਈ ਤਾਂ ਬਠਿੰਡਾ ਜ਼ਿਲ੍ਹੇ 'ਚ ਇਸ ਦਾ ਅਸਰ ਬਾਕੀ ਸਭ ਜ਼ਿਲ੍ਹਿਆਂ ਨਾਲੋਂ ਵਧ ਸੀ। ਸ਼ਾਇਦ ਇਹ ਇਸ ਕਰਕੇ ਸੀ ਕਿ ਇਸ ਲਹਿਰ ਦੇ ਪਹਿਲੇ ਵੱਡੇ ਆਗੂ ਜਿਵੇਂ ਪ੍ਰੋ. ਹਰਭਜਨ ਸਿੰਘ ਸੋਹੀ ਤੇ ਹਾਕਮ ਸਿੰਘ ਸਮਾਓ ਇਸ ਜ਼ਿਲੇ ਨਾਲ ਸਬੰਧਤ ਸਨ। ਉਸ ਵੇਲੇ ਨੰਦ ਸਿੰਘ ਮਹਿਤਾ ਖੇਤੀ ਯੂਨੀਵਰਸਿਟੀ ਲੁਧਿਆਣਾ ਵਿਖੇ ਬੀ.ਐਸ.ਸੀ. ਕਰ ਰਿਹਾ ਸੀ। ਉਦੋਂ ਪੰਜਾਬ 'ਚ ਚਾਰੂ ਦੀ ਲਾਈਨ ਹੀ ਲਾਗੂ ਸੀ ਜਿਸ ਕਰਕੇ ਜਨਤਕ ਜਥੇਬੰਦੀਆਂ ਦਾ ਕੰਮ ਸ਼ੁਰੂ ਨਹੀਂ ਸੀ ਹੋਇਆ। ਇਸ ਤਰ੍ਹਾਂ ਕੁੱਲਵਕਤੀ ਕਾਰਕੁੰਨ ਲਗਭਗ ਗੁਪਤਵਾਸ ਹੋ ਕੇ ਹੀ ਕੰਮ ਸ਼ੁਰੂ ਕਰਦੇ ਸਨ। ਨੰਦ ਸਿੰਘ ਨੇ ਵੀ ਪੜ੍ਹਾਈ ਵਿਚੇ ਛੱਡ ਕੇ ਲਹਿਰ ਦੇ ਕੁਲਵਕਤੀ ਕਾਰਕੁੰਨ ਦੇ ਤੌਰ ਤੇ ਰੁਪੋਸ਼ ਹੋ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਫਿਰ ਪ੍ਰੋ. ਹਰਭਜਨ ਸੋਹੀ ਦੇ ਗਰੁਪ ਨੇ ਚਾਰੂ ਲਾਈਨ ਛੱਡ ਕੇ ਆਂਧਰਾ ਵਾਲੇ ਨਾਗਾਰੈਡੀ ਦੀ ਜਨਤਕ ਲਾਈਨ (ਮਾਸ ਲਾਈਨ) ਨਾਲ ਸਹਿਮਤੀ ਕੀਤੀ ਤੇ ਪੰਜਾਬ 'ਚ ਵੀ ਜਨਤਕ ਜਥੇਬੰਦੀਆਂ ਉਸਾਰਨ ਦਾ ਕੰਮ ਸ਼ੁਰੂ ਕੀਤਾ। ਵਿਹੰਦਿਆਂ ਵਿਹੰਦਿਆਂ ਹੀ ਐਮ.ਐਲ. ਪਾਰਟੀ ਦੀ ਸੇਧ 'ਚ ਜਨਤਕ ਜਥੇਬੰਦੀਆਂ ਬਣਨ ਲੱਗੀਆਂ। ਮਾਸਟਰ ਯਸ਼ਪਾਲ ਦੀ ਅਗਵਾਈ 'ਚ ਸਰਕਾਰੀ ਅਧਿਆਪਕ ਯੂਨੀਅਨ, ਗੁਰਦਿਆਲ ਸਿੰਘ ਦੀ ਅਗਵਾਈ 'ਚ ਬੇਰੁਜ਼ਗਾਰ ਅਧਿਆਪਕ ਯੂਨੀਅਨ, ਗੁਰਨਾਮ ਗਾਮੇ ਅਤੇ ਗੁਲਜੀਤ ਦੀ ਅਗਵਾਈ 'ਚ ਭਾਰਤ ਨੌਜੁਵਾਨ ਸਭਾ, ਚਮਨ ਲਾਲ 'ਪ੍ਰਭਾਕਰ' (ਹੁਣ ਡਾ. ਚਮਨ ਜੇ.ਐਨ.ਯੂ) ਵਰਗਿਆਂ ਦੀ ਅਗਵਾਈ 'ਚ ਸਾਹਿਤ ਸਭਿਆਚਾਰ ਮੰਚ, ਪਹਿਲਾਂ ਦਰਸ਼ਨ ਬਾਗੀ ਤੇ ਫਿਰ ਬਲਜੀਤ ਬੱਲੀ ਦੀ ਅਗਵਾਈ 'ਚ ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐਸ.ਯੂ.), ਲੰਬੀ ਵਰਗਿਆਂ ਦੀ ਅਗਵਾਈ 'ਚ ਬਿਜਲੀ ਬੋਰਡ ਦੀ ਟੈਕਨੀਕਲ ਸਰਵਿਸ ਯੂਨੀਅਨ (ਈ.ਐਸ.ਯੂ) ਮੇਜਰ ਸਿੰਘ ਦੀ ਅਗਵਾਈ 'ਚ ਲੁਧਿਆਣੇ ਦੀ ਸਟੀਲ ਐਂਡ ਮੋਲਡਰਜ਼ ਵਰਕਰ ਯੂਨੀਅਨ ਅਤੇ ਨੰਦ ਸਿੰਘ 'ਮਹਿਤਾ' ਦੀ ਅਗਵਾਈ 'ਚ ਪੰਜਾਬ ਵਾਹੀਕਾਰ ਯੂਨੀਅਨ ਵਰਗੀਆਂ ਜਥੇਬੰਦੀਆਂ ਸੋਹੀ ਗਰੁਪ ਦੀਆਂ ਕੋਸ਼ਿਸ਼ ਦਾ ਹੀ ਨਤੀਜਾ ਸਨ। ਇਨ੍ਹਾਂ ਨੇਤਾਵਾਂ ਨੇ ਲੋਕਾਂ ਦੀਆਂ ਮੰਗਾਂ ਦੇ ਆਧਾਰ 'ਤੇ ਉਨ੍ਹਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬ ਵਾਹੀਕਾਰ ਯੂਨੀਅਨ ਦੀਆਂ ਪਿੰਡ-ਪਿੰਡ ਇਕਾਈਆਂ ਬਣ ਗਈਆਂ।

1974 'ਚ ਨੰਦ ਸਿੰਘ ਮਹਿਤਾ ਦੀ ਅਗਵਾਈ 'ਚ ਬਠਿੰਡਾ ਜ਼ਿਲ੍ਹੇ 'ਚ ਇਕ ਬੜਾ ਵੱਡਾ ਕਿਸਾਨ ਘੋਲ ਲੜਿਆ ਗਿਆ ਜਿਸ ਨੂੰ 'ਨਰਮਾ ਘੋਲ' ਕਿਹਾ ਜਾਂਦਾ ਹੈ ਕਿਉਂਕਿ ਇਸ ਘੋਲ ਦੀ ਮੁੱਖ ਮੰਗ ਨਰਮੇ ਦੇ ਸਰਕਾਰੀ ਭਾਅ 'ਚ ਵਾਧਾ ਕਰਵਾਉਣਾ ਸੀ। ਦਿਨੋ ਦਿਨ ਮਿੱਥੇ ਹੋਏ ਢੰਗ ਨਾਲ ਇਸ ਘੋਲ ਦਾ ਰੂਪ ਖਾੜਕੂ ਹੁੰਦਾ ਜਾ ਰਿਹਾ ਸੀ। ਆਖਰੀ ਦਿਨ ਸਾਰੇ ਹਜ਼ਾਰਾਂ ਦੀ ਗਿਣਤੀ 'ਚ ਕਿਸਾਨ ਟਰੈਕਟਰ ਟਰਾਲੀਆਂ ਤੇ ਸਵਾਰ ਹੋ ਕੇ ਸ਼ਹਿਰ ਦੀ ਅਨਾਜ਼-ਮੰਡੀ ਪਹੁੰਚੇ। ਉਨ੍ਹਾਂ ਕੋਲ ਛੋਟੀਆਂ ਛੋਟੀਆਂ ਡਾਂਗਾਂ ਕਿਸਮ ਦੀਆਂ ਸੋਟੀਆਂ ਵੀ ਸਨ। ਗਰਮਾ-ਗਰਮ ਨਾਹਰੇ ਮਾਰਦੇ ਕਿਸਾਨ ਪੈਦਲ ਬਾਜ਼ਾਰਾਂ 'ਚੋਂ ਹੁੰਦੇ ਹੋਏ ਡੀ.ਸੀ.ਤੇ ਐਸ.ਐਸ.ਪੀ. ਦੇ ਦਫਤਰ ਅੱਗੇ ਪਹੁੰਚੇ ਜਿਨ੍ਹਾਂ ਦੇ ਵਿਹੜੇ ਦਾ ਇਕੋ ਵੱਡਾ ਸੀਖਾਂ ਵਾਲਾ ਗੇਟ ਸੀ। ਇਸ ਦੇ ਬਿਲਕੁਲ ਸਾਹਮਣੇ ਸੜਕੋਂ ਪਾਰ ਜ਼ਿਲਾ ਕਚਹਿਰੀਆਂ ਦਾ ਵਿਹੜਾ ਹੈ ਜਿਥੇ ਸੈਂਕੜਿਆਂ ਦੀ ਗਿਣਤੀ 'ਚ ਵਕੀਲਾਂ ਦੀਆਂ ਕੁਰਸੀਆਂ ਤੇ ਵੱਡੇ ਮੇਜ਼ ਪਏ ਹੁੰਦੇ ਹਨ। ਡੀ.ਸੀ. ਅਤੇ ਐਸ.ਐਸ.ਪੀ. ਦਾ ਸੀਖਾਂ ਵਾਲਾ ਗੇਟ ਬੰਦ ਸੀ ਤੇ ਅੰਦਰ ਵਿਹੜੇ 'ਚ ਕਾਫੀ ਪੁਲਿਸ ਤਾਇਨਾਤ ਸੀ। ਕਿਸਾਨ ਆਗੂ ਚਾਹੁੰਦੇ ਸਨ ਕਿ ਖੁਦ ਡੀ.ਸੀ. ਬਾਹਰ ਆ ਕੇ ਉਨ੍ਹਾਂ ਨਾਲ ਗੱਲ ਕਰੇ ਤੇ ਮੰਗ-ਪੱਤਰ ਲਵੇ ਪਰ ਇਕ ਪੁਲਿਸ ਇੰਸਪੈਕਟਰ ਤੇ ਡਿਊਟੀ 'ਤੇ ਹਾਜ਼ਰ ਕੁਝ ਹੋਰ ਅਧਿਕਾਰੀ ਕਹਿ ਰਹੇ ਸਨ ਕਿ ਮੰਗ ਪੱਤਰ ਉਨ੍ਹਾਂ ਨੂੰ ਦੇ ਦਿੱਤਾ ਜਾਵੇ ਤੇ ਉਹ ਡੀ.ਸੀ. ਸਾਹਿਬ ਨੂੰ ਦੇ ਦੇਣਗੇ।

ਇਸੇ ਗੱਲ ਤੋਂ ਤਲਖੀ ਵਧ ਗਈ ਤੇ ਸੀਖਾਂ ਵਿਚੋਂ ਦੀ ਹੀ ਹੱਥੋ-ਪਾਈ 'ਚ ਇੰਸਪੈਕਟਰ ਦੀ ਪੱਗ ਵੀ ਲੱਥ ਗਈ। ਕਿਸਾਨਾਂ ਦੇ ਹੱਥਾਂ 'ਚ ਵੀ ਡੰਡੇ ਹੋਣ ਕਰਕੇ ਪੁਲਿਸ ਸੜਕ 'ਤੇ ਤਾਂ ਨਹੀਂ ਆਈ ਪਰ ਕਿਸਾਨਾਂ ਨੂੰ ਤਿਤਰ-ਬਿਤਰ ਕਰਨ ਲਈ ਰਬੜ ਦੀਆਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਵਕੀਲ ਆਪਣੇ ਅੱਡੇ ਛੱਡ ਕੇ ਕਚਹਿਰੀਆਂ ਦੇ ਪਿੱਛੇ ਚਲੇ ਗਏ ਅਤੇ ਕਿਸਾਨਾਂ ਨੇ ਉਨ੍ਹਾਂ ਦੇ ਮੇਜ਼ ਚੁੱਕ ਕੇ ਆਪਣੀਆਂ ਢਾਲਾਂ ਬਣਾ ਲਈਆਂ ਤੇ ਰਬੜ ਦੀਆਂ ਗੋਲੀਆਂ ਦਾ ਜਵਾਬ ਪੱਥਰਾਂ-ਵੱਟਿਆਂ ਨਾਲ ਦੇਣਾ ਸ਼ੁਰੂ ਕਰ ਦਿੱਤਾ। ਨੰਦ ਸਿੰਘ ਬਿਲਕੁਲ ਅੱਗੇ ਸੀ ਅਤੇ ਕਿਸਾਨਾਂ ਨੂੰ ਪਿੱਛੇ ਹਟਣ ਲਈ ਕਹਿ ਰਿਹਾ ਸੀ ਪਰ ਕੋਈ ਕਿਸੇ ਦੀ ਨਹੀਂ ਸੀ ਸੁਣ ਰਿਹਾ। ਪੁਲਿਸ ਨੂੰ ਡਰੀ ਦੇਖ ਕਿਸਾਨ ਨੇੜੇ ਹੋ ਹੋ ਕੇ ਵੱਟੇ ਚਲਾ ਰਹੇ ਸਨ। ਇੰਨੇ ਨੂੰ ਐਸ.ਐਸ.ਪੀ. ਗੁਰਬਚਨ ਸਿੰਘ 'ਜਗਤ' ਨੇ ਕੁਝ ਪੁਲਿਸ ਵਾਲਿਆਂ ਨੂੰ ਗੰਡਾਸੇ ਦੇ ਕੇ ਟਰੈਕਟਰ ਟਰਾਲੀਆਂ ਦੇ ਟਾਇਰ ਵੱਢ ਦੇਣ ਲਈ ਭੇਜ ਦਿੱਤਾ ਅਤੇ ਇਸ ਗੱਲ ਦੀ ਖ਼ਬਰ ਲੜ ਰਹੇ ਕਿਸਾਨਾਂ ਤੱਕ ਵੀ ਪਹੁੰਚਾ ਦਿੱਤੀ ਗਈ। ਇਸ ਤੋਂ ਬਾਅਦ ਕਿਸਾਨਾਂ ਨੇ ਫਿਕਰ 'ਚ ਵਾਹੋ ਦਾਹੀ ਅਨਾਜ਼ ਮੰਡੀ ਵਲ ਦੌੜਨਾ ਸ਼ੁਰੂ ਕਰ ਦਿੱਤਾ ਤੇ ਰਹਿੰਦਿਆਂ ਨੂੰ ਪੁਲਿਸ ਨੇ ਡਾਂਗਾਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਐਸ.ਐਸ.ਪੀ. ਜਗਤ ਨੂੰ ਸਿਵਲ ਕਪੜਿਆਂ 'ਚ ਡਾਂਗਾਂ ਵਰਾਉਂਦਿਆਂ ਮੈਂ ਆਪ ਵੇਖਿਆ ਹੈ। ਬੜੇ ਲੋਕਾਂ ਦੇ ਸੱਟਾਂ ਲੱਗੀਆਂ। ਟਰੈਕਟਰ ਟਰਾਲੀਆਂ ਦੇ ਟਾਇਰਾਂ ਦਾ ਬਹੁਤ ਨੁਕਸਾਨ ਹੋ ਚੁੱਕਿਆ ਸੀ ਤੇ ਕਿਸਾਨ ਨਿਰਾਸ਼ ਹੋ ਗਏ।

ਭਾਵੇਂ ਨੰਦ ਸਿੰਘ ਮਹਿਤਾ ਤੇ ਉਸ ਦੀ ਟੀਮ ਪਿੰਡ ਪਿੰਡ ਜਾ ਕੇ ਇਸ ਹਾਰ ਨੂੰ ਵਕਤੀ ਦੱਸ ਕੇ ਕਿਸਾਨਾਂ ਦਾ ਹੌਂਸਲਾ ਵਧਾਉਂਦੇ ਰਹੇ ਪਰ ਉਹ ਗੱਲ ਬਣਦੀ ਨਹੀਂ ਸੀ ਦਿਸਦੀ। ਇਨੇ ਨੂੰ ਭਾਰਤ 'ਚ ਐਮਰਜੈਂਸੀ ਲੱਗ ਗਈ ਅਤੇ ਉਪਰੋਕਤ ਦੱਸੀਆਂ ਜਨਤਕ ਜਥੇਬੰਦਿਆਂ ਦੇ ਸਾਰੇ ਆਗੂ ਰਾਤੋ ਰਾਤ ਗ੍ਰਿਫਤਾਰ ਕਰ ਲਏ ਗਏ। ਪ੍ਰੋ. ਹਰਭਜਨ ਸੋਹੀ, ਚਮਨ ਲਾਲ ਪ੍ਰਭਾਕਰ ਤੇ ਕੁਝ ਹੋਰ ਕਾਮਰੇਡ ਪ੍ਰੋ. ਸੋਹੀ ਦੀ ਕੋਠੀ ਦੀ ਛੱਤ 'ਤੇ ਸੁੱਤੇ ਪਏ ਗ੍ਰਿਫਤਾਰ ਕਰ ਲਏ ਗਏ। ਐਮਰਜੈਂਸੀ ਹਟਣ ਤੋਂ ਬਾਅਦ ਇਹ ਸਭ ਲੋਕ ਬਾਹਰ ਆਏ ਤਾਂ ਮਾਹੌਲ ਪੂਰਾ ਤਬਦੀਲ ਹੋਇਆ ਪਿਆ ਸੀ। ਹਰ ਪਾਸੇ ਜਨਤਾ ਪਾਰਟੀ ਪੱਖੀ ਅਤੇ ਕਾਂਗਰਸ ਤੇ ਸੀ.ਪੀ.ਆਈ. ਵਿਰੋਧੀ ਸਿਆਸਤ ਦਾ ਬੋਲਬਾਲਾ ਸੀ। ਉਪਰੋਕਤ ਐਮ.ਐਲ. ਦੀਆਂ ਜਥੇਬੰਦੀਆਂ ਦੇ ਕੁਝ ਨੇਤਾ ਠੰਢੇ ਪੈ ਚੁਕੇ ਸਨ। ਚਮਨ ਲਾਲ ਪ੍ਰਭਾਕਰ ਦੀ ਸਰਕਾਰੀ ਨੌਕਰੀ ਚਲੀ ਗਈ ਤੇ ਉਹ ਜੇ.ਐਨ.ਯੂ. 'ਚ ਪੀ-ਐਚ.ਡੀ. ਕਰਨ ਚਲਾ ਗਿਆ। ਅੱਜ ਕੱਲ੍ਹ ਉਹ ਜੇ.ਐਨ.ਯੂ. ਦੇ ਭਾਰਤੀ ਭਾਸ਼ਾਵਾਂ ਦੇ ਵਿਕਾਸ ਵਿਭਾਗ ਦਾ ਚੇਅਰਮੈਨ ਹੈ ਅਤੇ ਉਥੇ ਪੰਜਾਬੀ ਚੇਅਰ ਸਥਾਪਤ ਕਰਵਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਬਸ਼ਰਤੇ ਕਿ ਪੰਜਾਬ ਸਰਕਾਰ ਤਿੰਨ ਕਰੋੜ ਰੁਪਿਆ ਫਿਕਸਡ ਡਿਪਾਜਿਟ ਕਰਵਾ ਦੇਵੇ। ਉਸ ਨੇ ਭਗਤ ਸਿੰਘ ਬਾਰੇ ਵੀ ਖੋਜ ਦਾ ਕਾਫੀ ਕੰਮ ਕੀਤਾ ਹੈ। ਨੰਦ ਸਿੰਘ ਮਹਿਤਾ ਨੇ ਵਾਪਸ ਖੇਤੀ ਯੂਨੀਵਰਸਿਟੀ 'ਚ ਦਾਖਲਾ ਲੈ ਲਿਆ ਅਤੇ ਬੀ.ਐਸ.ਸੀ. ਪੂਰੀ ਕਰਕੇ ਸਾਡੇ ਨੇੜੇ ਦੇ ਸਰਕਾਰੀ ਹਾਈ ਸਕੂਲ 'ਚ ਨੌਕਰੀ ਲੱਗ ਗਿਆ। ਅੱਜ ਕੱਲ ਰਿਟਾਇਰ ਹੋ ਕੇ ਆਪਣੇ ਪਰਿਵਾਰ ਨਾਲ ਬਠਿੰਡਾ ਰਹਿੰਦਾ ਹੈ।

ਨੰਦ ਸਿੰਘ ਮਹਿਤਾ ਨੇ ਆਪਣੇ ਲੇਖ 'ਚ ਜਿਨ੍ਹਾਂ ਮਾਂਵਾਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ 'ਚੋਂ ਸਧਾਣਿਆਂ ਵਾਲੀ ਖੂੰਡੇ ਵਾਲੀ ਬੇਬੇ, ਹਰਦੇਵ ਦੀ ਮਾਂ ਅਤੇ ਬਠਿੰਡੇ ਵਾਲੀ ਬੀਬੀ ਨੂੰ ਮੈਂ ਵੀ ਕੁਝ ਕੁਝ ਜਾਣਦਾ ਹਾਂ। ਸਧਾਣਿਆਂ ਵਾਲੀ ਬੇਬੇ ਅਸਲ 'ਚ ਸਧਾਣਿਆਂ ਵਾਲੇ ਭੋਲੇ ਦੀ ਮਾਂ ਹੈ। ਹਰਦੇਵ ਤੇ ਭੋਲਾ ਬੀ.ਏ. ਆਖਰੀ ਸਾਲ 1972 'ਚ ਮੇਰੇ ਵਿਦਿਆਰਥੀ ਸਨ। ਦੋਵੇਂ ਪੀ.ਐਸ.ਯੂ. ਦੇ ਸਰਗਰਮ ਵਰਕਰ ਰਹੇ। ਮੋਗਾ ਘੋਲ ਵੇਲੇ ਵਾਰੰਟਡ ਵੀ ਰਹੇ। ਫਿਰ ਇਨ੍ਹਾਂ ਭਾਰਤ ਨੌਜਵਾਨ ਸਭਾ 'ਚ ਵੀ ਕੰਮ ਕੀਤਾ ਤੇ ਵਾਹੀਕਾਰ ਯੂਨੀਅਨ 'ਚ ਵੀ।

ਹਰਦੇਵ ਗਾਇਕ ਵੀ ਬੜਾ ਵਧੀਆ ਸੀ ਤੇ ਸਾਜਿੰਦਾ ਵੀ। ਉਸ ਦੀ ਮਾਂ ਉਸਨੂੰ ਪਿਆਰ ਵੀ ਬਹੁਤ ਕਰਦੀ ਸੀ ਤੇ ਉਸਦਾ ਫਿਕਰ ਵੀ। ਐਮਰਜੈਂਸੀ ਤੋਂ ਬਾਅਦ ਉਸਨੇ ਬਿਜਲੀ ਬੋਰਡ 'ਚ ਨੌਕਰੀ ਕਰ ਲਈ ਸੀ ਤੇ ਫਿਰ ਨੌਕਰੀ ਛੱਡ ਕੇ ਸਾਧ ਵੀ ਬਣ ਗਿਆ ਸੀ। ਬਹੁਤ ਦੇਰ ਬਾਅਦ ਇਕ ਵਾਰ ਬਸ 'ਚ ਮਿਲਿਆ ਤਾਂ ਦੱਸਦਾ ਸੀ ਕਿ ਗੰਗਾਨਗਰ ਤੋਂ ਇਕ ਕਤਲ ਕੇਸ ਦੀ ਸੁਣਵਾਈ ਭੁਗਤ ਕੇ ਆਇਆ ਹੈ, ਥੋੜਾ ਅੱਪਸੈਟ ਲਗਦਾ ਸੀ। ਭੋਲੇ ਕਾ ਲਾਣਾ ਬਹੁਤ ਵੱਡਾ ਸੀ। ਸਾਰੇ ਤਾਏ ਚਾਚੇ ਇਕ ਚੁੱਲ੍ਹੇ 'ਤੇ ਰੋਟੀ ਖਾਂਦੇ ਸਨ। ਸ਼ਾਮ ਨੂੰ ਵੱਡੇ ਕੜਾਹੇ 'ਚ ਪਾਣੀ ਗਰਮ ਹੁੰਦਾ ਸੀ। ਵੱਡੇ ਦੇਗਚੇ 'ਚ ਹੀ ਦਾਲ-ਸਬਜ਼ੀ ਬਣਦੀ ਸੀ ਤੇ ਵੱਡੀ ਤਵੀ 'ਤੇ ਰੋਟੀਆਂ ਪੱਕਦੀਆਂ ਸਨ। ਇਕ ਦਿਨ ਪਟਿਆਲੇ ਦਾ ਇਕ ਸ਼ਹਿਰੀ ਕਾਮਰੇਡ ਸ਼ਾਮ ਨੂੰ ਭੋਲੇ ਨੂੰ ਮਿਲਣ ਗਿਆ ਤੇ ਇਕੱਠ ਦੇਖ ਕੇ ਬਾਹਰੋਂ ਹੀ ਮੁੜ ਕੇ ਉਸੇ ਪਿੰਡ ਦੇ ਇਕ ਹੋਰ ਦੋਸਤ ਕੋਲ ਚਲਾ ਗਿਆ ਤੇ ਉਸਨੂੰ ਕਹਿਣ ਲੱਗਾ, "ਯਾਰ ਮਿਲਣਾ ਤਾਂ ਭੋਲੇ ਨੂੰ ਸੀ ਪਰ ਉਨ੍ਹਾਂ ਦੇ ਤਾਂ ਕੋਈ ਫੰਕਸ਼ਨ ਜਾਂ ਵਿਆਹ ਲਗਦਾ ਹੈ।" ਦੋਸਤ ਸੁਣ ਕੇ ਤੇ ਹੱਸ ਕੇ ਕਹਿਣ ਲੱਗਾ, "ਇਹੋ ਜਿਹਾ ਫੰਕਸ਼ਨ ਤਾਂ ਉਨ੍ਹਾਂ ਦੇ ਰੋਜ਼ ਹੀ ਹੁੰਦਾ ਹੈ। ਸੁੱਖ ਨਾਲ ਉਨ੍ਹਾਂ ਦਾ ਆਵਦਾ ਟੱਬਰ ਹੀ ਨਾਨਕੇ ਮੇਲ ਜਿੱਡਾ ਹੈ।"

ਬਠਿੰਡੇ ਵਾਲੀ ਬੀਬੀ ਅਸਲ 'ਚ ਪ੍ਰੋ. ਹਰਭਜਨ ਸੋਹੀ ਦੀ ਮਾਂ ਹੀ ਹੈ। ਉਹ ਅੱਖਾਂ ਦੀ ਤਕਲੀਫ ਕਰਕੇ ਹਰ ਵੇਲੇ ਗੂੜ੍ਹੀ ਕਾਲੀ ਐਨਕ ਲਾਈ ਰੱਖਦੀ ਸੀ। ਪ੍ਰੋ. ਹਰਭਜਨ ਤਾਂ ਰੂਪੋਸ਼ ਹੀ ਰਿਹਾ ਸੀ। ਜਦੋਂ ਆਂਢ-ਗੁਆਂਢ ਦੀਆਂ ਔਰਤਾਂ ਇਸ ਗੱਲ ਦਾ ਅਫਸੋਸ ਕਰਦੀਆਂ ਕਿ ਇਕੋ ਹੀ ਪੁੱਤ ਹੈ ਉਹ ਵੀ ਘਰ ਨਹੀਂ ਵੜਦਾ ਤਾਂ ਉਹ ਹਮੇਸ਼ਾ ਇਹੋ ਕਹਿੰਦੀ, ਆਹ ਜਿਹੜੇ ਭਜਨ ਦੇ ਦੋਸਤ ਮਿੱਤਰ ਨੇ ਇਹ ਮੇਰਾ ਉਸ ਨਾਲੋਂ ਵੀ ਵਧ ਖਿਆਲ ਰੱਖਦੇ ਹਨ। ਕਈ ਨੰਦ ਵਰਗਿਆਂ ਨੂੰ ਤਾਂ ਉਹ ਪੈਰਾਂ ਦੇ ਖੜਾਕ ਤੋਂ ਹੀ ਪਹਿਚਾਣ ਲੈਂਦੀ ਸੀ।

## ਸ਼ਾਨਦਾਰ ਪੱਤਰਕਾਰੀ ਦੇ 10 ਸਾਲ

ਪੰਜਾਬ ਟਾਈਮਜ਼ ਨੇ ਪਿਛਲੇ ਦਸ ਸਾਲਾਂ ਵਿਚ ਅਮਰੀਕਾ ਦੀ ਧਰਤੀ 'ਤੇ ਮਿਆਰੀ ਪੱਤਰਕਾਰੀ ਦੇ ਜਿਹੜੇ ਪੂਰਨੇ ਪਾਏ ਹਨ ਉਨ੍ਹਾਂ ਲਈ ਇਸ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਅਤੇ ਇਸ ਦਾ ਸਟਾਫ ਵਧਾਈ ਦਾ ਹੱਕਦਾਰ ਹੈ। ਬੇਲਾਗ ਅਤੇ ਬੇਬਾਕ ਹੋ ਕੇ ਪੰਜਾਬ ਟਾਈਮਜ਼ ਨੇ ਪੰਜਾਬੀ ਭਾਈਚਾਰੇ ਦੀ ਜਿਸ ਤਰ੍ਹਾਂ ਸੇਵਾ ਕੀਤੀ ਹੈ, ਉਹ ਤਾਰੀਫ ਦੀ ਹੱਕਦਾਰ ਹੈ।

ਅਖਬਾਰ ਪੜ੍ਹਨ ਦੀ ਤਾਂਘ ਤਾਂ ਹਫਤਾ ਸ਼ੁਰੂ ਹੁੰਦਿਆਂ ਹੀ ਸ਼ੁਰੂ ਹੋ ਜਾਂਦੀ ਹੈ। ਇਹ ਪਤਾ ਵੀ ਹੁੰਦਾ ਹੈ ਕਿ ਬੁੱਧਵਾਰ ਨੂੰ ਅਖਬਾਰ ਛਪਣ 'ਤੇ ਸਵੇਰੇ ਹੀ ਈਮੇਲ ਵਿਚ ਅਖਬਾਰ ਦਾ ਵੈਬਸਾਈਟ ਲਿੰਕ ਪਹੁੰਚ ਜਾਏਗਾ ਫਿਰ ਵੀ ਮੰਗਲਵਾਰ ਨੂੰ ਹੀ ਵੈਬਸਾਈਟ ਚੈਕ ਕਰਨ ਲੱਗ ਜਾਈਦਾ ਹੈ ਕਿ ਕਿਤੇ ਅਖਬਾਰ ਇਕ ਦਿਨ ਪਹਿਲਾਂ ਤਾਂ ਨਹੀਂ ਛਪ ਗਿਆ।

ਸਾਹਿਤਕ ਅਤੇ ਹੋਰ ਵੱਖ-ਵੱਖ ਵਿਸ਼ਿਆਂ ਉਤੇ ਪੰਜਾਬ ਟਾਈਮਜ਼ ਵਿਚ ਛਪਦੀ ਸਮਗਰੀ ਬਹੁਤ ਹੀ ਉਚੇ ਮਿਆਰ ਦੀ ਹੁੰਦੀ ਹੈ ਜਿਸ ਦਾ ਮੁਕਾਬਲਾ ਅਮਰੀਕਾ ਕੈਨੇਡਾ ਦੀ ਧਰਤੀ 'ਤੇ ਛਪਦਾ ਹੋਰ ਕੋਈ ਪੰਜਾਬੀ ਅਖਬਾਰ ਨਹੀਂ ਕਰਦਾ। ਸ. ਤਰਲੋਚਨ ਸਿੰਘ ਦੁਪਾਲਪੁਰ ਅਤੇ ਐਸ. ਅਸ਼ੋਕ ਭੌਰਾ ਨੂੰ ਤਾਂ ਨਿਜੀ ਤੌਰ 'ਤੇ ਵੀ ਮਿਲਣ ਦਾ ਮੌਕਾ ਮਿਲਿਆ ਹੈ। ਇਨ੍ਹਾਂ ਦੋਹਾਂ ਲੇਖਕਾਂ ਦੀ ਪਾਠਕ ਬੜੀ ਬੇਸਬਰੀ ਨਾਲ ਉਡੀਕ ਕਰਦੇ ਹਨ। ਬਲਜੀਤ ਬਾਸੀ, ਪ੍ਰੋ. ਕੁਲਵੰਤ ਸਿੰਘ ਰੋਮਾਣਾ, ਮੇਜਰ ਕੁਲਾਰ, ਮਨਦੀਪ ਮਾਨ, ਜਸਵੀਰ ਸ਼ੀਰੀ ਅਤੇ ਬਿੰਦਰ ਬਸਰਾ ਵੀ ਕਿਸੇ ਪੱਖੋਂ ਘੱਟ ਨਹੀਂ। ਮੇਰਾ ਪੰਜਾਬ ਟਾਈਮਜ਼ ਨਾਲ ਇਕ ਪੱਤਰਕਾਰ ਨਾਤੇ ਵਾਸਤਾ ਪਿਛਲੇ ਤਿੰਨ ਕੁ ਸਾਲ ਤੋਂ ਹੈ ਅਤੇ ਮੈਨੂੰ ਇਸ ਅਖਬਾਰ ਤੋਂ ਕਦੇ ਕੋਈ ਸ਼ਿਕਾਇਤ ਨਹੀਂ ਆਈ।

ਅਖਬਾਰ ਦੀ ਭਾਸ਼ਾ ਸਾਫ ਸੁਥਰੀ ਅਤੇ ਵਿਆਕਰਣਕ ਪੱਖੋਂ ਹਮੇਸ਼ਾ ਮਿਆਰੀ ਹੁੰਦੀ ਹੈ। ਖਬਰਾਂ ਦਾ ਸੰਪਾਦਨ ਬੜੀ ਮੁਸ਼ਤੈਦੀ ਨਾਲ ਕੀਤਾ ਹੁੰਦਾ ਹੈ। ਇਕ ਹੋਰ ਗੱਲ, ਜਿਸ ਵਿਚ ਇਸ ਅਖਬਾਰ ਨੇ ਆਪਣੀ ਵੱਖਰੀ ਪਹਿਚਾਣ ਬਣਾਈ ਹੈ, ਉਹ ਹੈ ਕਿ ਇਹ ਅਖਬਾਰ ਸਿਰਫ ਆਮਦਨ ਵਧਾਉਣ ਲਈ ਮਿਆਰ ਤੋਂ ਹੇਠਲੇ ਇਸ਼ਤਿਹਾਰ ਨਹੀਂ ਛਾਪਦਾ। ਪੀਰਾਂ-ਬਾਬਿਆਂ ਦੇ ਇਸ਼ਤਿਹਾਰਾਂ ਤੋਂ ਤਾਂ ਇਹ ਪਰਹੇਜ ਕਰਦਾ ਹੀ ਹੈ। ਉਮੀਦ ਹੈ ਕਿ ਸਾਡਾ ਸਭ ਦਾ ਇਹ ਹਰਮਨ ਪਿਆਰਾ ਅਖਬਾਰ ਹਰ ਹਫਤੇ ਸਾਡੇ ਤੱਕ ਪਹੁੰਚਦਾ ਰਹੇਗਾ ਅਤੇ ਅੱਗੋਂ ਹੋਰ ਤਰੱਕੀ ਕਰੇਗਾ।

*ਰਾਣਾ ਇਕਬਾਲ, ਡੈਲਸ (ਟੈਕਸਸ)*
*469-767-8448*

# ਸੋਹਣੀ ਪੱਗ ਤੇ ਮਾਰਤੀਓ ਨਾਂ ਦੀ ਉਹ ਬਰਾਜ਼ੀਲੀ ਕੁੜੀ

**ਮੇਜਰ ਕੁਲਾਰ ਬੋਪਾਰਾਏ ਕਲਾਂ***

ਕੁੱਝ ਗੱਲਾਂ, ਯਾਦਾਂ ਤੇ ਘਟਨਾਵਾਂ ਭੁੱਲ ਜਾਣ ਲਈ ਹੁੰਦੀਆਂ ਨੇ, ਕਈਆਂ ਨੂੰ ਭੁਲਾਉਂਦੇ ਹੋਏ ਵੀ ਅਸੀਂ ਦਿਲ ਦਿਮਾਗ ਵਿਚੋਂ ਨਹੀਂ ਕੱਢ ਸਕਦੇ। ਜ਼ਿੰਦਗੀ ਰੂਪੀ ਇਹ ਰੇਲ ਗੱਡੀ ਜਿਉਂ-ਜਿਉਂ ਮੌਤ ਦੇ ਸਟੇਸ਼ਨ ਵੱਲ ਦੌੜਦੀ ਜਾ ਰਹੀ ਹੈ ਕਈ ਯਾਦਾਂ ਤੇ ਅਤੀਤ ਦੇ ਸਟੇਸ਼ਨ ਵੀ ਪਿੱਛੇ ਛੱਡਦੀ ਜਾ ਰਹੀ ਹੈ। ਕਈ ਵਾਰ ਕਿਸੇ ਰੁਕੇ ਹੋਏ ਸਟੇਸ਼ਨ 'ਤੇ ਕੁਝ ਅਜਿਹਾ ਮਿਲ ਜਾਂਦਾ ਹੈ ਜਾਂ ਕੁੱਝ ਅਜਿਹਾ ਬੀਤ ਜਾਂਦਾ ਹੈ, ਜਿਸਨੂੰ ਸਾਰੀ ਜ਼ਿੰਦਗੀ ਭੁਲਾਇਆ ਨਹੀਂ ਜਾਂਦਾ। ਥੋੜ੍ਹੇ ਸਮੇਂ ਵਿਚ ਇਕ ਵੱਡੀ ਯਾਦ ਤੁਹਾਡੀ ਯਾਦਾਂ ਦੀ ਪਟਾਰੀ ਵਿਚ ਸਮੋ ਜਾਂਦੀ ਹੈ। ਇਸ ਤਰ੍ਹਾਂ ਦੀ ਇਕ ਬਿਲਕੁਲ ਸੱਚੀ ਤੇ ਸੁੱਚੀ ਯਾਦ ਜੋ ਮੇਰੇ ਕੋਲੋਂ ਭੁਲਾਈ ਨਹੀਂ ਜਾਂਦੀ ਤੁਹਾਡੇ ਨਾਲ ਸਾਂਝੀ ਕਰਨ ਦੀ ਕੋਸ਼ਿਸ਼ ਕਰਨ ਲੱਗਾ ਹਾਂ।

ਮੈਂ ਅਕਤੂਬਰ 1999 ਵਿਚ ਮਦਰਾਸ ਤੋਂ ਇੰਡੀਆ ਦੀ ਧਰਤੀ ਨੂੰ ਛੱਡ ਕੇ ਸੱਤ ਸਮੁੰਦਰਾਂ ਦੇ ਸਾਂਝੇ ਪਾਣੀ ਵਿਚ ਪੈਰ ਰਖਿਆ ਯਾਨਿ ਇਕ ਸਮੁੰਦਰੀ ਸ਼ਿਪ ਰਾਹੀ ਸੀ-ਮੈਨ ਬਣ ਕੇ ਇੰਡੀਆ ਤੋਂ ਤੁਰਿਆ ਸਾਂ। ਮੈਂ ਕਦੇ ਪੰਜਾਬ ਤੋਂ ਬਾਹਰ ਨਹੀਂ ਸੀ ਗਿਆ। ਹੁਣ ਮੈਨੂੰ ਚਾਰੇ ਪਾਸੇ ਪਾਣੀ ਹੀ ਪਾਣੀ ਸੀ। ਇਸ ਸਮੁੰਦਰੀ ਜਹਾਜ਼ ਵਿਚ ਅਸੀਂ ਤਿੰਨ ਪੰਜਾਬੀ, ਅਠਾਰਾਂ ਰਸ਼ੀਅਨ ਤੇ ਇਕ ਕੈਪਟਨ ਜੋ ਗਰੀਸ ਦਾ ਸੀ, ਮੌਜੂਦ ਸਾਂ। ਮੈਨੂੰ ਪੰਜਾਬੀ ਤੋਂ ਸਿਵਾਏ ਕੋਈ ਹੋਰ ਬੋਲੀ ਨਹੀਂ ਆਉਂਦੀ ਸੀ, ਨਾ ਹੀ ਸ਼ਿਪ ਦਾ ਕੰਮ-ਕਾਰ ਆਉਂਦਾ ਸੀ। ਜੇ ਕੁੱਝ ਆਉਂਦਾ ਸੀ ਉਹ ਸ਼ੁੱਧ ਪਾਠ ਕਰਨਾ ਤੇ ਸ਼ੁਧ ਅਰਦਾਸ ਕਰਨੀ, ਜੋ ਮੈਂ ਆਪਣੇ ਨਗਰ ਦੇ ਗੁਰਦੁਆਰੇ ਤੋਂ ਸੰਥਿਆ ਲੈ ਕੇ ਸਿੱਖਿਆ ਸੀ। ਸ਼ਿਪ ਵਿਚ ਵੀ ਗੁਰੂ ਦਾ ਆਸਰਾ ਲੈ ਕੇ ਚੜ੍ਹਿਆ ਸੀ। ਝੋਨੇ ਦੀ ਫਸਲ ਸਿਰੇ ਗਈ ਛੱਡ ਕੇ, ਗਰੀਬੀ ਤੋਂ ਛੁਟਕਾਰਾ ਪਾਉਣ ਲਈ ਮੈਂ ਆਪਣੇ ਪਰਿਵਾਰ ਤੋਂ ਓਪਰਿਆਂ ਵਾਂਗ ਵਿਛੜ ਕੇ ਘਰੋਂ ਤੁਰਿਆ ਸਾਂ।

ਕਿਸੇ ਟਾਈਮ ਡੁਬਈ ਦੇ ਵੀਜ਼ੇ ਲਈ ਤਰਸਣ ਵਾਲਾ, ਅੱਜ ਵੱਡੇ ਵੱਡੇ ਦੇਸ਼ਾਂ ਦੇ ਕਿਨਾਰੇ ਲੱਗ ਰਿਹਾ ਸੀ। ਜਿੱਥੇ ਕਿਤੇ ਗਏ ਉਸ ਦੇਸ਼ ਦੇ ਸੀ-ਪੋਰਟ ਸ਼ਹਿਰ ਸਾਰੀ ਸਾਰੀ ਰਾਤ ਘੁੰਮਦੇ ਰਹਿਣਾ। ਅਸੀਂ ਇੰਡੋਨੇਸ਼ੀਆ, ਅਫਰੀਕਾ ਹੁੰਦੇ ਹੋਏ ਬਰਾਜ਼ੀਲ ਦੀ ਇੱਕ ਸੀ-ਪੋਰਟ (ਬੰਦਰਗਾਹ) 'ਤੇ ਪਹੁੰਚੇ ਜਿਸਦਾ ਨਾਂ ਸੀ ਦੀ ਇਲੀਅਸ। ਪੋਰਟ ਬਹੁਤ ਸੋਹਣੀ ਸੀ, ਸ਼ਹਿਰ ਵੀ ਬਹੁਤ ਸੋਹਣਾ। ਸ਼ਾਮੀਂ ਸਾਡਾ ਸ਼ਿੱਪ ਕਿਨਾਰੇ ਲੱਗ ਗਿਆ। ਆਪਣੀ ਡਿਊਟੀ ਖਤਮ ਕਰਕੇ, ਨਹਾ ਧੋ ਕੇ ਅਸੀਂ ਕੈਪਟਨ ਤੋਂ ਸੀ-ਮੈਨ ਪਾਸ ਲੈਣ ਲਈ ਉਸਦੇ ਦਫਤਰ ਪਹੁੰਚੇ, ਪਾਸ ਲੈਣਾ ਜਰੂਰੀ ਹੁੰਦਾ ਏ। ਕੈਪਟਨ ਗਰੀਕੀ ਹੁੰਦੇ ਹੋਏ ਵੀ ਵਧੀਆ ਪੰਜਾਬੀ ਬੋਲ ਲੈਂਦਾ ਸੀ। ਉਸ ਨੇ ਬਹੁਤ ਪੰਜਾਬੀ ਮੁੰਡਿਆਂ ਨਾਲ ਕੰਮ ਕੀਤਾ ਸੀ। ਸਾਡੇ ਤਿੰਨਾਂ ਨੂੰ ਪਾਸ ਦਿੰਦੇ ਹੋਏ ਪੁੱਛਿਆ ਕਿ ਤੁਹਾਡੇ ਵਿਚੋਂ ਕਿਹੜਾ ਸਿੰਘ ਵਧੀਆ ਪੱਗ ਬੰਨ੍ਹ ਲੈਂਦਾ ਹੈ। ਮੇਰੇ ਦੋਸਤ ਜਤਿੰਦਰ ਨੇ ਮੇਰਾ ਨਾਂ ਲੈ ਦਿੱਤਾ। ਉਸ ਨੇ ਮੇਰਾ ਪਾਸਪੋਰਟ ਤੇ ਮੇਰੀਆਂ ਫੋਟੋਆਂ ਵੇਖੀਆਂ ਸਨ। ਕੈਪਟਨ ਨੇ ਮੇਰਾ ਪਾਸ ਵਾਪਿਸ ਲੈ ਲਿਆ ਤੇ ਹੁਕਮ ਦਿੱਤਾ ਕਿ ਪਹਿਲਾਂ ਪੱਗ ਬੰਨ੍ਹ ਕੇ ਆਵਾਂ। ਮੈਂ ਕਮਰੇ ਵਿਚ ਜਾ ਕੇ ਪੂਰਾ ਜੋਰ ਲਾ ਕੇ ਯਾਨਿ ਵਧੀਆ ਪੱਗ ਬੰਨਣ ਦੀ ਪੂਰੀ ਕੋਸ਼ਿਸ਼ ਕੀਤੀ। ਪੱਗ ਬੰਨ੍ਹ ਕੇ ਫਿਰ ਕੈਪਟਨ ਕੋਲ ਪਹੁੰਚ ਗਿਆ। ਉਹ ਮੇਰੀ ਪੱਗ ਵੇਖ ਕੇ ਬਹੁਤ ਖੁਸ਼ ਹੋਇਆ। ਮੇਰਾ ਸਿਰ ਦੋਵਾਂ ਹੱਥਾਂ ਵਿਚ ਲੈ ਕੇ ਮੇਰੀ ਪੱਗ ਨੂੰ ਚੁੰਮ ਲਿਆ।

ਪੱਗ ਪ੍ਰਤੀ ਕੈਪਟਨ ਦਾ ਪਿਆਰ ਵੇਖ ਕੇ ਮੇਰੇ ਹੰਝੂ ਮੇਰਾ ਮੁੱਖ ਧੋਣ ਲੱਗੇ। ਇਥੇ ਮੈਂ ਆਪਣੀ ਵਡਿਆਈ ਨਹੀਂ ਕਰਨੀ ਚਾਹੁੰਦਾ। ਮੈਂ ਸਿਫਤ ਕਰਨੀ ਚਾਹੁੰਦਾ ਹਾਂ, ਬਾਜਾਂ ਵਾਲੇ ਨੇ ਜੋ ਸਾਨੂੰ ਪੱਗ ਬਖਸ਼ੀ ਏ, ਉਸ ਦੀ। ਕੈਪਟਨ ਨੇ ਮੈਨੂੰ ਆਪਣੀ ਬੁੱਕਲ ਵਿਚ ਲੈ ਕੇ ਇੱਕ ਫੋਟੋ ਖਿਚਵਾਈ ਜੋ ਬਾਅਦ ਵਿਚ ਮੈਂ ਉਸ ਦੇ ਦਫਤਰ ਵਿਚ ਲੱਗੀ ਕਈ ਵਾਰ ਵੇਖੀ। ਇਕ ਗਰੀਕੀ ਵਿਚ ਪੱਗ ਦਾ ਸਤਿਕਾਰ ਮੈਂ ਕਦੇ ਨਹੀਂ ਸੀ ਵੇਖਿਆ। ਆਪ ਮੁਹਾਰੇ ਮੂੰਹੋਂ ਨਿਕਲਦਾ, ਧੰਨ ਬਾਜਾਂ ਵਾਲਿਆ, ਧੰਨ ਤੇਰੀ ਦਸਤਾਰ।

ਕੈਪਟਨ ਤੋਂ ਪਾਸ ਲੈ ਕੇ ਬਿਨਾਂ ਪੱਗ ਉਤਾਰੇ ਅਸੀਂ ਸ਼ਹਿਰ ਨੂੰ ਤੁਰ ਪਏ। ਪੂਰਾ ਇਕ ਮਹੀਨਾ ਪਾਣੀ ਵਿਚ ਰਹਿਣ ਕਰਕੇ, ਜਦੋਂ ਅਸੀਂ ਆਪਣੇ ਪੈਰ ਧਰਤੀ 'ਤੇ ਟਿਕਾਏ ਤਾਂ ਲੱਗਾ ਜਿਵੇਂ ਧਰਤੀ ਸਾਨੂੰ ਕਰੰਟ ਮਾਰਦੀ ਹੈ। ਇਕ ਵੱਖਰਾ ਜਿਹਾ ਸਪਰਸ਼ ਮਹਿਸੂਸ ਹੋ ਰਿਹਾ ਸੀ। ਅਸੀਂ ਤੁਰਨਾ ਹੀ ਠੀਕ ਸਮਝਿਆ। ਸ਼ਹਿਰ ਦੇ ਵਿਚ ਇਕ ਛੋਟਾ ਜਿਹਾ ਦਰਿਆ ਲੰਘਦਾ ਹੈ। ਦਰਿਆ ਦੇ ਕੰਢੇ ਇੱਕ ਦੁਕਾਨ ਸੀ। ਦੁਕਾਨ ਦੇ ਨਾਲ ਹੀ ਛੋਟੀ ਜਿਹੀ ਹਰਿਆਵਲੀ ਪਾਰਕ ਸੀ। ਇਕ ਪਾਸੇ ਪੀ.ਸੀ.ਓ. ਦੀ ਦੁਕਾਨ ਸੀ ਅਸੀਂ ਪਹਿਲਾਂ ਆਪਣੇ ਘਰਾਂ ਨੂੰ ਫੋਨ ਕਰਕੇ ਹਾਲ ਚਾਲ ਪਤਾ ਕੀਤਾ ਫਿਰ ਅਸੀਂ ਅਗਲੀ ਦੁਕਾਨ 'ਤੇ ਚਲੇ ਗਏ। ਜਿੱਥੇ ਕੌਫੀ ਸਨੈਕ, ਸੋਡਾ ਹੋਰ ਬੜਾ ਕੁਝ ਸੀ। ਕਾਊਂਟਰ 'ਤੇ ਖੜ੍ਹੀ ਕੁੜੀ ਮੇਰੇ ਵੱਲ ਵੇਖੀ ਜਾ ਰਹੀ ਸੀ। ਸ਼ਾਇਦ ਉਹ ਮੇਰੀ ਪੱਗ ਵੱਲ ਵੇਖਦੀ ਸੀ। ਦੁਕਾਨ 'ਤੇ ਉਸ ਕੁੜੀ ਦੇ ਨਾਲ ਇਕ ਹੋਰ ਪੰਤਾਲੀ ਕੁ ਸਾਲ ਦੀ ਜਨਾਨੀ ਸੀ। ਵੇਖਣ ਨੂੰ ਉਸ ਕੁੜੀ ਦੀ ਮਾਂ ਲੱਗਦੀ ਸੀ। ਕੁੜੀ ਜਿਵੇਂ ਅਸਮਾਨੋਂ ਉੱਤਰੀ ਪਰੀ ਹੋਵੇ। ਜਿਵੇਂ ਸਾਰੇ ਬਰਾਜ਼ੀਲ ਤੋਂ ਸੋਹਣੀ ਹੋਵੇ, ਜਤਿੰਦਰ ਦੇ ਪੁੱਛਣ ਤੇ ਉਸ ਨੇ ਮੇਰੀ ਪੱਗ ਦੀ ਬਹੁਤ ਤਾਰੀਫ ਕੀਤੀ। ਉਸ ਨੂੰ ਸਰਦਾਰ ਮੁੰਡੇ ਚੰਗੇ ਲੱਗਦੇ ਸਨ। ਕਦੇ-ਕਦੇ ਹੋਰ ਸ਼ਿਪਾਂ ਵਿਚ ਪੰਜਾਬੀ ਮੁੰਡੇ ਪੱਗ ਬੰਨ ਉਸ ਦੀ ਦੁਕਾਨ 'ਤੇ ਜਾਂਦੇ ਸਨ। ਉਹ ਪੱਗ ਵਾਲੇ ਨਾਲ ਫੋਟੋ ਜ਼ਰੂਰ ਖਿਚਵਾਉਂਦੀ ਸੀ। ਸਾਨੂੰ ਉਸ ਨੇ ਕਈ ਫੋਟੋਆਂ ਵਿਖਾਈਆਂ ਵੀ।

ਸਾਡੀ ਬੋਲੀ ਦੀ ਵਿਚੋਲਗੀ ਜਤਿੰਦਰ ਕਰ ਰਿਹਾ ਸੀ। ਵਾਪਿਸ ਸ਼ਿਪ ਵਿਚ ਆ ਕੇ ਮੈਂ ਸੋਚਦਾ ਰਿਹਾ ਕਿ ਸਾਡੀ ਪੱਗ ਦੀ ਇੰਨੀ ਕਦਰ ਹੈ। ਪਹਿਲਾਂ ਕੈਪਟਨ ਤੇ ਫਿਰ ਇਹ ਕੁੜੀ ਜਿਨ੍ਹਾਂ ਨੂੰ ਪੱਗ ਨਾਲ ਇਨਾ ਪਿਆਰ ਹੈ। ਪਰ ਮੇਰੇ ਆਪਣੇ ਦੇਸ਼ ਦੇ ਨੌਜਵਾਨ ਪੱਗ ਤੋਂ ਪਿੱਛੇ ਕਿਉਂ ਹੱਟ ਰਹੇ ਨੇ?

ਦੂਜੇ ਦਿਨ ਫਿਰ ਅਸੀਂ ਉਸ ਦੁਕਾਨ 'ਤੇ ਪਹੁੰਚੇ। ਪੁੱਛਣ 'ਤੇ ਉਸ ਨੇ ਆਪਣਾ ਨਾਂ ਮਾਰਤੀਓ ਰੀਓ ਦੱਸਿਆ ਜੋ ਆਪਣੀ ਮਾਂ ਦੀ ਇਕਲੌਤੀ ਧੀ ਸੀ। ਉਨ੍ਹਾਂ ਕੋਲ ਦੋ ਵਧੀਆ ਘਰ ਸਨ। ਇਹ ਦੁਕਾਨ ਸੀ-ਪੋਰਟ 'ਤੇ ਹੋਣ ਕਰਕੇ ਬਹੁਤ ਵਧੀਆ ਚੱਲਦੀ ਸੀ। ਉਸ ਨੇ ਮੇਰੇ ਪਰਿਵਾਰ ਬਾਰੇ ਪੁੱਛਿਆ, ਜਦ ਮੈਂ ਦੱਸਿਆ ਕਿ ਮੈਂ ਸ਼ਾਦੀਸ਼ੁਦਾ ਹਾਂ ਤਾਂ ਉਸ ਨੇ ਆਪਣਾ ਆਪ ਕਾਬੂ ਕਰਦੇ ਹੋਏ ਕਿਹਾ ਬਹੁਤ ਅੱਛਾ। ਉਸ ਦੇ ਕਹਿਣ 'ਤੇ ਮੈਂ ਰੋਜ ਪੱਗ ਬੰਨ ਉਸ ਦੀ ਦੁਕਾਨ 'ਤੇ ਜਾਂਦਾ। ਆਖਰੀ ਦਿਨ ਜਦੋਂ ਅਸੀਂ ਉਸ ਨੂੰ ਮਿਲਣ ਗਏ ਤਾਂ ਉਸ ਨੇ ਆਖਿਆ ਸਿੰਘ ਕੀ ਤੂੰ ਮੇਰੇ ਨਾਲ ਵਿਆਹ ਕਰਵਾ ਸਕਦਾ ਏਂ, ਜੋ ਕੁਝ ਮੇਰੇ ਕੋਲ ਹੈ ਮੈਂ ਸਭ ਤੇਰੇ ਨਾਂ ਕਰ ਦੇਵਾਂਗੀ। ਫਿਰ ਉਸ ਨੇ ਆਪਣੀ ਮਾਂ ਤੋਂ ਵੀ ਇਹ ਬੇਨਤੀ ਕਰਵਾਈ ਕਿ ਮੈਂ ਉਸ ਨਾਲ ਵਿਆਹ ਕਰਵਾ ਕੇ ਬਰਾਜ਼ੀਲ ਹੀ ਸੈੱਟ ਹੋ ਜਾਵਾਂ। ਉਹ ਸਿੰਘਣੀ ਬਣਨ ਲਈ ਵੀ ਤਿਆਰ ਸੀ। ਉਸ ਕੁੜੀ ਦੀ ਦਿਲੀ ਤਮੰਨਾ ਸਰਦਾਰ ਮੁੰਡੇ ਨਾਲ ਵਿਆਹ ਕਰਵਾਉਣ ਦੀ ਸੀ। ਮੇਰੇ ਨਾਂਹ ਕਹਿਣ ਤੇ ਪਤਾ ਨਹੀਂ ਉਸ ਦੇ ਦਿਲ 'ਤੇ ਕੀ ਬੀਤੀ ਹੋਏਗੀ ਪਰ ਅੱਜ ਤਕ ਮੈਨੂੰ ਉਹ ਕੁੜੀ ਭੁੱਲੀ ਨਹੀਂ।

ਅਸੀਂ ਕਈ ਦੇਸ਼ ਹੋਰ ਗਹੁਣ ਪਿਛੋਂ ਅਖੀਰ ਅਮਰੀਕਾ ਹੀ ਟਿਕ ਗਏ। ਹੁਣ ਇਥੇ ਨਵੇਂ ਦੋਸਤ, ਨਵੀਆਂ ਰਿਸ਼ਤੇਦਾਰੀਆਂ ਵਿਚ ਆਉਣਾ-ਜਾਣਾ ਹੋਣ ਲੱਗਿਆ। ਇਕ ਤਾਜਾ ਘਟਨਾ ਨੇ ਮੈਨੂੰ ਫਿਰ ਮਾਰਤੀਓ ਯਾਦ ਕਰਵਾ ਦਿੱਤੀ। ਮੇਰੇ ਨਜ਼ਦੀਕੀ ਰਿਸ਼ਤੇਦਾਰ ਸਾਰੇ ਗੁਰਸਿੱਖ ਹਨ। ਉਨ੍ਹਾਂ ਦੀ ਵੱਡੀ ਲੜਕੀ ਯੂਨੀਵਰਸਿਟੀ ਪਾਸ ਹੈ। ਉਸ ਲਈ ਵਰ ਦੀ ਤਲਾਸ਼ ਹੋਣ ਲੱਗੀ, ਇੱਥੇ ਅਮਰੀਕਾ ਵਿਚ ਵੀ ਤੇ ਪੰਜਾਬ ਵਿਚ ਵੀ। ਵੇਖੋ ਲੜਕੀ ਦੀ ਦਲੇਰੀ! ਸਾਰੇ ਪਰਿਵਾਰ ਨੂੰ ਕਹਿ ਦਿੱਤਾ ਕਿ ਮੈਂ ਕਲੀਨਸ਼ੇਵ ਲੜਕੇ ਨਾਲ ਵਿਆਹ ਕਰਵਾਉਣਾ ਹੈ ਪੱਗ ਵਾਲੇ ਸਰਦਾਰ ਨਾਲ ਨਹੀਂ। ਜੇ ਤੁਸੀਂ ਲੱਭ ਸਕਦੇ ਹੋ ਤਾਂ ਲੱਭੋ ਨਹੀਂ ਤਾਂ ਮੈਂ ਆਪ ਲੱਭ ਲਵਾਂਗੀ। ਇਹ ਸੁਣ ਪਰਿਵਾਰ ਨੂੰ ਧਰਤੀ ਵਿਹਲ

*(ਬਾਕੀ ਅਗਲੇ ਸਫੇ 'ਤੇ)*

# ਸਿਆਸੀ ਛਣਕਾਟੇ ਦੀ ਛਣਕਾਰ ਦੇ ਅੱਗੇ-ਪਿੱਛੇ

*ਜਿਹੜਾ ਖਾਣਾ ਦੇਖਣ ਨੂੰ ਚੰਗਾ ਨਾ ਲੱਗੇ, ਮਹਿਕ ਨਾ ਦੇਵੇ ਤੇ ਜੀਭ ਦੇ ਸੁਆਦ 'ਤੇ ਖਰਾ ਨਾ ਉਤਰੇ ਉਹ ਕਿੰਨਾ ਵੀ ਪੌਸ਼ਟਿਕ ਤੇ ਵਿਟਾਮਿਨ ਭਰਪੂਰ ਹੋਵੇ ਨਾ ਛੇਤੀ ਹਜ਼ਮ ਹੋਵੇਗਾ ਤੇ ਨਾ ਸਰੀਰ ਲਈ ਲਾਹੇਵੰਦ ਹੋਵੇਗਾ। ਪਰ ਆਪਣੇ ਮੁਲਕ ਵਿਚ ਰਾਜਨੀਤੀ ਤੇ ਰਾਜਨੀਤਕ ਲੋਕਾਂ 'ਤੇ ਇਹ ਲਾਗੂ ਨਹੀਂ ਹੁੰਦਾ। ਅਸਲ ਵਿਚ ਵਿਕਰਮ ਅਤੇ ਬੇਤਾਲ ਦੀ ਭੂਮਿਕਾ ਕਈ ਵਾਰ ਰਾਜਨੀਤੀ ਵਿਚ ਇਕੋ ਕਰੈਕਟਰ ਨਿਭਾ ਰਿਹਾ ਹੁੰਦਾ ਹੈ। ਇਹਦੇ ਲਈ ਜ਼ਿੰਦਾਬਾਦ ਦੇ ਨਾਅਰੇ ਸੁਣਨ ਦੇ ਇਹ ਆਦੀ ਵੀ ਹੁੰਦੇ ਹਨ ਤੇ 'ਮੁਰਦਾਬਾਦ' ਸੁਣ ਕੇ ਸੁਆਉਂਦੇ ਵੀ ਨਹੀਂ। ਨਰੋਏ ਸਮਾਜ 'ਤੇ ਅਧਰੰਗ ਦਾ ਹੱਲਾ ਸਭ ਜਾਣਦੇ ਹਨ ਕਿ ਕੌਣ ਕਰਵਾਉਂਦਾ ਹੈ। ਦੰਗੇ ਫਸਾਦ ਕਿਤੇ ਵੀ ਹੋਣ, ਕਿਸੇ ਕਾਰਨ ਵੀ ਹੋਣ, ਹਾਲੇ ਤੱਕ ਕੋਈ ਵੀ ਜਾਂਚ ਰਿਪੋਰਟ ਇਹ ਨਹੀਂ ਆਈ ਕਿ ਇਸ ਵਿਚ ਕਿਸੇ ਭਲੇਮਾਨਸ ਨੇਤਾ ਦਾ ਹੱਥ ਨਹੀਂ ਸੀ। ਦਿਲ 'ਤੇ ਹੱਥ ਰੱਖ ਕੇ ਵੇਖੋ ਕਿ ਕਈ ਲੋਕਾਂ ਦੀ ਟੌਹਰ ਵੇਖ ਕੇ ਤਾਂ ਲਗਦਾ ਹੈ ਕਿ ਸਲਾਮ ਕਰੀਏ ਪਰ ਕਰਤੂਤ ਦੇਖ ਕੇ ਹੱਥ ਪੈਰਾਂ ਵੱਲ ਨੂੰ ਭੱਜਦੇ ਹਨ ਕਿ 'ਛੇਤੀ ਜਾਹ'। ਹਾਲੇ ਤੱਕ ਕਿਸੇ ਕੰਜਰੀ ਦੇ ਕੋਠੇ ਤੋਂ ਕਿਸੇ ਸਰੀਫ ਦਾ ਸਿਰਨਾਵਾਂ ਨਹੀਂ ਲੱਭਾ ਤੇ ਜੇ ਕਿਤੇ ਲੱਭ ਵੀ ਪਿਆ ਹੋਵੇ ਤਾਂ ਡਾਕੀਆ ਮੁੜਦੀ ਡਾਕ ਲਿਫਾਫੇ ਦੇ ਬਾਹਰ ਲਿਖ ਦੇਵੇਗਾ 'ਅੱਜ ਕੱਲ ਇਸ ਪਤੇ 'ਤੇ ਕੋਈ ਨਹੀਂ ਰਹਿੰਦਾ।' ਹੱਡ-ਹਰਾਮੀ ਲੋਕਾਂ ਦੇ ਹੱਡ ਚਾਹੇ ਗੰਗਾ ਪਾ ਦਿਓ ਚਾਹੇ ਕੀਰਤਪੁਰ ਸਾਹਿਬ, ਕੁਝ ਫਰਕ ਨਹੀਂ ਪੈਂਦਾ। ਸੇਵਾ ਸੰਤ ਸੁਭਾਅ ਲੋਕਾਂ ਦਾ ਸ਼ਬਦ ਹੈ ਜਦੋਂਕਿ ਰਾਜਨੀਤਕ ਸ਼ਕਤੀ ਉਸ ਨੂੰ ਕਹਿੰਦੇ ਨੇ ਜਦੋਂ ਸਿਰਫ ਹੁਕਮ ਕਰਨ ਤੇ ਹੁਕਮ ਚਲਾਉਣ ਦੀ ਆਦਤ ਹੀ ਹੁੰਦੀ ਹੈ। ਜੀਹਦੇ ਆਖੇ ਲੱਗਣ ਤੋਂ ਪੁੱਤ ਵੀ ਸਿਰ ਫੇਰ ਦੇਣ ਉਹ ਕਈ ਵਾਰ ਵੋਟਾਂ ਦੀ ਫਿਲਾਸਫੀ ਦਾ ਡਾਕਟਰ ਬਣਨ ਦੇ ਸੁਪਨਿਆਂ 'ਚ ਗੁਆਚਣ ਲੱਗਦਾ ਹੈ। ਅੱਜ ਦੇ ਯੁੱਗ ਵਿਚ ਲੋਕੀਂ ਵਿਅੰਗ ਨਾਲ ਸਮਝਣ ਦੇ ਵਧ ਸ਼ੌਕੀ ਹੋ ਗਏ ਹਨ, ਕਿਉਂਕਿ ਖਾਲੀ ਹੱਥਾਂ ਨਾਲ ਖਾਲੀ ਝੋਲੀਆਂ ਭਰਨੀਆਂ, ਭਰੀਆਂ ਖਾਲੀ ਕਰਨੀਆਂ ਰਾਜਨੀਤੀ ਦਾ ਜਾਦੂ ਹੈ। ਤੇ ਇਸੇ ਜਾਦੂ ਦੇ ਭੇਦ ਲੱਭਣ ਲਈ ਬਹੁਤ ਲੋਕ ਗੁਆਹ ਰਹੇ ਹਨ, ਰਾਜਨੀਤੀ ਭਾਵੇਂ ਪਹਿਰਾਵੇ ਨਾਲ ਜੁੜੀ ਰਹੀ ਹੈ ਪਰ ਇਹ ਇਮਾਨਦਾਰੀ ਤੇ ਸੇਵਾ ਦਾ ਜੋੜ ਮੇਲਾ ਕਦੇ ਵੀ ਨਹੀਂ ਬਣੀ ਇਸੇ ਲਈ ਵਿਅੰਗ ਦੇ ਛਣਕਾਟੇ ਪੈਣੇ ਸੁਭਾਵਿਕ ਹੀ ਹੁੰਦੇ ਹਨ।*

*ਗੱਲੀਂ-ਬਾਤੀਂ*



ਐਸ. ਅਸ਼ੋਕ ਭੌਰਾ
ਫੋਨ: 925-752-8025

ਕਹਿੰਦੇ ਨੇ ਬਾਦਸ਼ਾਹ ਅਕਬਰ ਸੰਗੀਤ ਦਾ ਹੀ ਸ਼ੌਕੀਨ ਨਹੀਂ ਸੀ ਬਲਕਿ ਹਾਸਰਸ ਦਾ ਵੀ ਮੁਰੀਦ ਸੀ। ਇਸੇ ਕਰਕੇ ਅਕਬਰ ਤੇ ਬੀਰਬਲ ਦੇ ਕਿੱਸੇ ਜਗਤ ਪ੍ਰਸਿੱਧ ਹੀ ਨਹੀਂ ਸਗੋਂ ਇਹ ਦੋ ਪਾਤਰ ਆਮ ਲੋਕਾਂ ਦੀ ਜਾਣਕਾਰੀ ਵਿਚ ਵੱਸਦੇ ਆਏ ਹਨ। ਇਕ ਵਾਰ ਕਹਿੰਦੇ ਨੇ ਜਦੋਂ ਬੀਰਬਲ ਦੇ ਪੁੱਤਰ ਪੈਦਾ ਹੋਇਆ ਤਾਂ ਅਕਬਰ ਨੇ ਗੀਤ ਸੰਗੀਤ ਤੋਂ ਪਹਿਲਾਂ ਭੰਡਾਂ, ਨਕਲੀਆਂ ਤੇ ਮਸਖਰਿਆਂ ਨੂੰ ਬੁਲਾਵਾ ਭੇਜਿਆ। ਜਦੋਂ ਭੰਡ ਫਜ਼ਲਦੀਨ ਤੇ ਵਸਲਦੀਨ ਦੀ ਵਾਰੀ ਆਈ ਤਾਂ ਹਾਸਿਆਂ ਦਾ ਮੀਂਹ ਹੀ ਨਹੀਂ ਵਰ੍ਹਿਆ ਸਗੋਂ ਭੰਡ ਵੀ ਮਾਲੋ ਮਾਲ ਹੋ ਗਏ। ਵਾਕਿਆ ਸੀ-

'ਆ ਬਈ ਭੰਡਾ?'
'ਸੁਣਾ ਬਈ ਭੰਡਾ।'
'ਫਜ਼ਲਦੀਨਾ ਬਾਹਲਾ ਖੁਸ਼ ਏਂ।'
'ਵਸਲਦੀਨਾ ਹੋਵਾਂ ਕਿਉਂ ਨਾ?'
'ਖੋਲ੍ਹ ਕੇ ਦੱਸ ਫੇਰ'।
'ਮੈਂ ਕੱਲ੍ਹ ਗਿਆ ਅਮਾਮੋਦੀਨ ਦੇ।'
'ਫੇਰ?'
'ਮੈਂ ਕਿਹਾ ਹਜ਼ੂਰ ਬਾਹਲੀ ਭੁੱਖ ਲੱਗੀ ਏ।'
'ਕੀ ਮਿਲਿਆ ਖਾਣ ਨੂੰ।'
'ਆਂਹਦਾ ਕੱਲ ਮੁਹਤਰਮਾ ਨੇ ਖੀਰ ਦਾ ਪਤੀਲਾ ਧਰ ਲਿਆ। ਪੂਰੇ ਟੱਬਰ ਤੋਂ ਖਾਧਾ ਨ੍ਹੀ ਗਿਆ, ਵਾਧੂ ਪਈ ਏ, ਛਕ ਜਾ ਅੱਖਾਂ ਮੀਚ ਕੇ ਸਾਰੀ।'
'ਫੇਰ?'
'ਫੇਰ ਕੀ, ਪਾਤਾ ਮੋਛਾ। ਮੁਹਤਰਮਾ ਦੇ ਮਾਂਜਣ ਜੋਗੀ ਨੀ ਛੱਡੀ, ਉਦੋਂ ਰੱਖੀ ਹੇਠਾਂ ਜਦੋਂ ਕਲੀ ਉਤਰ ਕੇ ਜੀਭ ਨੂੰ ਚੜ੍ਹਨ ਲੱਗ ਪਈ।
'ਦੁਰ ਫਿਟੇ ਮੂੰਹ ਬੇਸਬਰਾ।'
'ਅਖੇ ਹੱਥ ਨਾ ਪੁੱਜੇ ਥੂਹ ਕੌੜੀ।'
'ਫਜ਼ਲਦੀਨਾ ਹੋਰ ਸੁਣਾ ਫਿਰ?'
'ਲੈ ਸੁਣ, ਪਰਸੋਂ ਮੈਂ ਗਿਆ ਲੰਬੜਦਾਰਾਂ ਦੇ ਬਚਨ ਸਿਹੁੰ ਦੇ।'
'ਉਥੇ ਵੀ ਖਿਲਾਰੀ ਭੁੱਖ।'
'ਗੱਲ ਸੁਣੇਂਗਾ ਕਿ ਵਿਚੋਂ ਟੋਕੀ ਜਾਵੇਂਗਾ?'
'ਚੱਲ ਸੁਣਾ।'
'ਮੈਂ ਕਿਹਾ ਲੰਬੜਦਾਰਾ ਰਾਤੇ ਦਾ ਸੁੱਤਾ ਨ੍ਹੀ। ਭੁੱਖ ਝੱਲ੍ਹੀ ਨੀ ਜਾਂਦੀ।'
'ਕੀ ਕਹਿਣ ਲੱਗਾ ਫੇਰ।'
'ਕਹਿਣ ਲੱਗਾ ਤਾਈ ਤੇਰੀ ਘਰ ਨ੍ਹੀ ਰੋਟੀਆਂ ਵਾਲਾ ਛਾਬਾ ਖਾਲੀ ਐ, ਆਪਣੀ ਸੂਈ ਐ ਤਾਜੀ ਮੱਝ, ਬਾਲਟੀ ਅਹੁ ਕਿੱਲੀ ਨਾਲ ਲਟਕਦੀ ਐ, ਵਾਧੂ ਪਿਆ ਦੁੱਧ, ਛਕ ਲੈ ਫਜ਼ਲਦੀਨਾ।'
'ਫੇਰ?'
'ਪਾਧਾ ਨੀ ਪੁੱਛਿਆ ਉਦੋਂ ਹੀ ...ਜਦੋਂ ਬਾਲਟੀ ਆਖੇ ਜੈ ਹਿੰਦ।'

ਤੇ ਫਜ਼ਲਦੀਨਾ ਅੱਜ ਤਾਂ ਫਿਰ ਬੀਰਬਲ ਦੇ ਪੁੱਤਰ ਜੰਮਣ ਦੀ ਖੁਸ਼ੀ 'ਚ ਜਸ਼ਨ ਮਨਾਏ ਜਾ ਰਹੇ ਨੇ ਬਾਦਸ਼ਾਹ ਪਨਾਹ ਤੋਂ ਕੀ ਮੰਗੇਂਗਾ ਅੱਜ?

'ਅਮਾਮੋਦੀਨਾ ਚਿੜੀ ਵਰਗਾ ਮੂੰਹ ਆਲ੍ਹੇ ਜਿੱਡਾ ਅੱਡ ਹੁੰਦਾ ਭਲਾ?'
'ਅੱਜ ਜੋ ਮੰਗੇਂਗਾ ਉਹੀ ਮਿਲੂ ਭਰ ਲੈ ਝੋਲੀਆਂ।'
'ਸੱਚੀਂ?'
'ਮੰਗ ਕੇ ਵੇਖ?'
'ਦਿਲ ਡਰਦੈ।'
'ਕਿਉਂ?'
'ਮਹਾਰਾਜ ਚੱਕ ਕੇ ਕਿਤੇ ਅੰਦਰ ਨਾ ਕਰ ਦੇਣ।'

ਤੇ ਕਹਿੰਦੇ ਨੇ ਅਕਬਰ ਸਿੰਘਾਸਣ ਤੋਂ ਉੱਠ ਕੇ ਹੇਠਾਂ ਆ ਕੇ ਕਹਿਣ ਲੱਗਾ, 'ਫਜ਼ਲਦੀਨਾ ਚੱਲ ਫਿਰ ਤਿੰਨ ਬਚਨ, ਕਰ ਲੈ ਚਾਅ ਪੂਰੇ।'

'ਮਹਾਰਾਜ ਮੈਂ ਛੜਾਂ।'
'ਫੇਰ?'
'ਮਹਾਰਾਜ ਤੁਹਾਡੀਆਂ ਕਿੰਨੀਆਂ ਰਾਣੀਆਂ ਨੇ। ਵਾਧੂ ਨੇ, ਇਕ ਸਾਡੇ ਨਾਲ ਤੋਰ ਦਿਓ।'

ਤੇ ਪੰਡਾਲ ਵਿਚ ਲੋਕ ਹੱਸ ਹੱਸ ਦੂਹਰੇ ਹੋ ਗਏ।

ਖੈਰ! ਅਕਬਰ ਫਜ਼ਲਦੀਨ ਨੂੰ ਰਾਣੀ ਤਾਂ ਨਹੀਂ ਦੇ ਸਕਿਆ ਪਰ ਮੋਹਰਾਂ ਦਾ ਥੈਲਾ ਚੁੱਕਾ ਕੇ ਬੀਰਬਲ ਦੀ ਡਿਊਟੀ ਲਾਈ ਕਿ ਇਹਦਾ ਨਿਕਾਹ ਹਫਤੇ 'ਚ ਪੜ੍ਹਿਆ ਜਾਣਾ ਚਾਹੀਦੈ...ਤੇ ਹੁਣ ਥੋੜਾ ਜਿਹਾ ਚਾਰ ਕੁ ਸਾਲ ਪਿੱਛੇ ਨੂੰ ਚਲੋ ਤਾਂ ਚੇਤਾ ਆ ਜਾਵੇਗਾ ਕਿ ਆਪਣੇ ਦੋ ਪੜ੍ਹੇ ਲਿਖੇ ਭੰਡਾਂ ਭੱਲੇ ਤੇ ਬਾਲੇ ਨਾਲ ਪਟਿਆਲੇ 'ਚ ਕੀ ਹੋਇਆ ਸੀ ਜਦੋਂ ਵੇਲੇ ਦੇ ਹਾਕਮ ਮਹਾਰਾਜ ਦੀ ਮਹਾਰਾਣੀ ਨੂੰ ਮੇਲੇ 'ਤੇ ਇਕ ਟਿੱਚਰ ਤਾਂ ਕੀ ਕਰਤੀ ਕਿ ਅਗਲੇ ਦਿਨ ਮਹਾਰਾਜੇ ਦੇ ਇਕ ਅਈ. ਏ. ਐਸ. ਚਮਚੇ ਨੇ ਚੰਡੀਗੜ੍ਹ 'ਚ ਸਕੱਤਰੇਤ 'ਚ ਬੁਲਾ ਕੇ ਉਹ ਪੱਤ ਲਾਹੀ, ਉਹ ਬੇਹਿਸਾਬ ਕੀਤੀ ਕਿ ਪਤਾ ਲੱਗਾ ਕਿ ਮਹਾਰਾਜਿਆਂ 'ਚ ਵੀ ਬੜਾ ਫਰਕ ਹੁੰਦੈ। ਇਸ ਦੁਖਾਂਤਕ ਘਟਨਾਕ੍ਰਮ 'ਤੇ ਭਾਵੇਂ ਛੇਤੀ ਮਿੱਟੀ ਪਾ ਦਿੱਤੀ ਗਈ ਪਰ ਅਗਲੇ ਸਾਲ ਦੇ ਛਣਕਾਟੇ 'ਤੇ ਭੱਲੇ ਤੇ ਬਾਲੇ ਨੇ ਰਾਜ ਗਾਇਕ ਹੰਸ ਦਾ ਕੀ ਰੋਲ ਰਿਹੈ, ਸਰਦੂਲ ਦਾ ਕੀ, ਸਿੰਦੇ ਦਾ ਕੀ? ਸਭ ਪਰਦੇ ਖੋਲ੍ਹ 'ਤੇ।

ਹਾਲ ਹੀ ਵਿਚ ਜਸਵਿੰਦਰ ਭੱਲੇ ਤੇ ਬਾਲ ਮੁਕੰਦ ਸ਼ਰਮਾ ਦੀ ਸਾਲਾਨਾ ਲੜੀ 'ਚ 'ਛਣਕਾਟਾ 2009-ਮਿੱਠੇ ਪੋਚੇ' ਰਿਲੀਜ਼ ਹੋਈ ਹੈ। ਇਕ ਵਿਅੰਗਮਈ ਪਰ ਉਸਾਰੂ ਸੋਚ ਵਾਲੀ ਵੀਡੀਓ ਵਿਚ ਬੜਾ ਕੁਝ ਗੌਰ ਕਰਨ ਵਾਲਾ ਹੈ। ਇਹਦੀ ਗੱਲ ਕਰਨ ਤੋਂ ਪਹਿਲਾਂ ਭੱਲੇ-ਬਾਲੇ ਦੀ ਗੱਲ ਕਰਨੀ ਜ਼ਰੂਰੀ ਸਮਝਦਾ ਹਾਂ। ਖਾਸ ਗੱਲ ਇਹ ਹੈ ਕਿ ਇਹ ਜੋੜੀ ਪੜ੍ਹੀ-ਲਿਖੀ ਹੈ, ਭੱਲਾ ਇਸ ਵੇਲੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਪ੍ਰੋਫੈਸਰ ਹੈ ਤੇ ਬਾਲ ਮੁਕੰਦ ਸ਼ਰਮਾ ਮਾਰਕਫੈਡ ਵਿਚ ਜ਼ਿਲ੍ਹਾ ਅਧਿਕਾਰੀ। ਮੈਂ ਇਨ੍ਹਾਂ ਨੂੰ ਉਦੋਂ ਤੋਂ ਜਾਣਦਾ ਹਾਂ ਜਦੋਂ ਜੱਸੋਵਾਲ ਦੇ ਗੁਰਦੇਵ ਨਗਰ ਵਿਚਲੇ ਘਰ ਵਿਚ ਗਾਇਕ ਡਾਕਟਰ ਸੁਖਚੈਨ ਵਾਂਗ ਇਹ ਦੋਵੇਂ ਹੀ ਪੁੱਤਾਂ ਵਾਂਗ ਰਹਿੰਦੇ ਸਨ। ਤੇ ਇਥੇ ਹੀ ਜੱਸੋਵਾਲ ਹਰ ਸ਼ਾਮ ਇਨ੍ਹਾਂ ਦੇ ਟੋਟਕਿਆਂ ਨਾਲ ਰੰਗੀਨ ਬਣਾਉਂਦਾ ਸੀ। ਵੇਖਦਿਆਂ ਵੇਖਦਿਆਂ ਇਥੇ ਹੀ ਕੁਲਦੀਪ ਪਾਰਸ ਜੁਆਨ ਗਾਇਕ ਬਣਿਆ ਤੇ ਰਵਿੰਦਰ ਗਰੇਵਾਲ ਤੱਕ ਹਾਲੇ ਇਹ ਘਰ ਮੱਕਾ ਹੀ ਹੈ।

ਛਣਕਾਟੇ ਦੀਆਂ ਡੇਢ ਦਰਜਨ ਤੋਂ ਵੱਧ ਕੈਸਿਟਾਂ ਸੀਡੀਆਂ ਤੇ ਡੀ.ਵੀ.ਡੀ. ਹਨ ਪਰ ਇਸ ਵਾਰ ਬੜਾ ਕੁਝ ਖਾਸ ਹੈ। ਵੇਖਿਆ ਜਾਵੇ ਤਾਂ ਰੋਜ਼ਾਨਾ ਦਰਜਨਾਂ ਕੈਸਿਟਾਂ ਮਾਰਕਿਟ ਵਿਚ ਡਿਗਦੀਆਂ ਹਨ ਪਰ ਪਾਣੀ ਨਹੀਂ ਮੰਗਦੀਆਂ। ਜਿਹੜੇ ਉਜੱਡ ਕਿਸਮ ਦੇ ਗੀਤਕਾਰ ਗਾਇਕ ਮਸ਼ਹੂਰ ਹੋਣ ਤੇ ਸਟਾਰ ਬਣਨ ਦੇ ਚੱਕਰ ਵਿਚ ਆਏ ਸਨ ਸਭ ਕੁਝ ਫਨਾਹ ਕਰੀ ਜਾਂਦੇ ਹਨ। ਦਿਲਚਸਪ ਗੱਲ ਇਹ ਵੀ ਹੈ ਕਿ ਇਹ ਗਾਇਕ ਭਾਵੇਂ ਬਹੁਗਿਣਤੀ ਵਿਚ ਰੋਟੀ ਰੋਜ਼ੀ ਤੋਂ ਆਵਾਜ਼ਾਰ ਹੋ ਕੇ ਭੁੱਖਮਰੀ ਵੱਲ ਖਿਸਕ ਰਹੇ ਹਨ ਪਰ ਇਕ ਚੈਨਲ ਇਨ੍ਹਾਂ ਪੰਜਾਬੀ ਗਾਇਕਾਂ ਦੇ ਸਿਰ 'ਤੇ ਹੀ ਮੋਟੀ ਖੱਟੀ ਖੱਟ ਰਿਹਾ ਹੈ। ਇਹ ਗੱਲਾਂ ਕਰਨ ਦਾ ਮਤਲਬ ਇਹ ਹੈ ਕਿ ਅੱਜ ਦੇ ਦੌਰ ਵਿਚ ਵਡਾਲੀ ਭਰਾਵਾਂ ਨੇ ਸੂਫੀ ਰੰਗ 'ਚ ਹੀ ਪਦਮਸ੍ਰੀ ਹਾਸਿਲ ਕਰ ਲਿਆ ਹੈ, ਹੁਸ਼ਿਆਰਪੁਰੀਆ ਮੁੰਡਾ ਸਰਤਾਜ ਬਿਨਾਂ ਕਿਸੇ ਆਡੀਓ, ਵੀਡੀਓ ਤੋਂ ਕੁੱਝ ਪੱਲੇ ਹੋਣ ਕਰਕੇ ਧੱਕੇ ਦੇ ਕੇ ਅੱਗੇ ਆਇਆ ਹੈ...। ਗੁਰਦਾਸ ਵਾਂਗ ਮਹਿੰਗੇ ਸ਼ੋਅ ਤੇ ਮਹਿੰਗੀਆਂ ਟਿਕਟਾਂ ਖਰੀਦ ਕੇ ਉਹਦੇ ਸ਼ੋਅ ਵੇਖਣ ਤੋਂ ਲੋਕ ਉਕਤਾ ਨਹੀਂ ਰਹੇ। ਅਸਲ ਵਿਚ ਖਰਬੂਜੇ ਚੱਪਣ ਕੱਦੂ ਨਹੀਂ ਹੁੰਦੇ।

ਭੱਲੇ ਹੁਣਾਂ ਨੇ ਰਾਜਨੀਤੀ ਦੀ ਚੀਰ-ਫਾੜ ਏਨੀ ਸੁਹਿਰਦਤਾ ਨਾਲ ਕੀਤੀ ਹੈ ਕਿ ਥੋੜ੍ਹਾ ਜਿਹਾ ਸੁਚੇਤ ਬੰਦਾ ਵੀ ਕਹਿ ਦੇਵੇਗਾ, ਕਿਆ ਬਾਤ ਹੈ? ਅਸਲ ਵਿਚ ਜਿਹੜੀਆਂ ਫਿਲਮਾਂ, ਕਹਾਣੀਆਂ, ਰਚਨਾਵਾਂ ਉਦੇਸ਼ਹੀਣ ਹੋਣ ਉਹ ਆਈ ਚਲਾਈ 'ਚ ਹੀ ਗੁਆਚ ਜਾਂਦੀਆਂ ਨੇ। ਸੋਨਾ ਲਾਕਰ 'ਚ ਹੀ ਰੱਖਿਆ ਜਾਂਦਾ ਹੈ।

ਹਾਲ ਹੀ 'ਚ ਮੁਕਤਸਰ 'ਚ ਬੀਬੀ ਭੱਠਲ ਨੇ ਜਿਵੇਂ ਹਾਰਿਆ ਬੰਦਾ ਜਾਂ ਕਮਜ਼ੋਰ ਜ਼ੋਰਾਵਰ ਦੀ ਪਿੱਠ ਪਿੱਛੇ ਭੜਾਸ ਕੱਢਦਾ ਹੈ ਕਿਹਾ ਕਿ ਪੰਜਾਬ ਨੂੰ ਇਕ ਪਰਿਵਾਰ ਚਲਾ ਰਿਹਾ ਹੈ ਪਿਓ ਮੁੱਖ ਮੰਤਰੀ, ਪੁੱਤਰ ਉਪ ਮੁੱਖ ਮੰਤਰੀ, ਨੂੰਹ ਰਾਣੀ ਐਮ.ਪੀ. ਅਤੇ ਭਤੀਜੇ ਮਨਪ੍ਰੀਤ ਬਾਦਲ ਕੋਲ ਖਜ਼ਾਨੇ ਦੀਆਂ ਚਾਬੀਆਂ। ਮੁਗਲ ਰਾਜ ਤੋਂ ਬਾਅਦ ਪਹਿਲੀ ਵਾਰ ਏਦਾਂ ਹੋਇਆ ਹੈ। ਪਰ ਭੱਲੇ ਹੋਰਾਂ ਇਸ ਸਥਿਤੀ ਨੂੰ ਹੋਰ ਤਰ੍ਹਾਂ ਚਿਤਰਿਆ ਹੈ। ਮਹਾਰਾਜਾ ਰਣਜੀਤ ਸਿੰਘ ਵਾਲਾ ਰਾਜ ਸੱਚੀਂ ਮਿਲਿਆ ਹੈ, ਉਦੋਂ ਬਿਜਲੀ ਹੁੰਦੀ ਨਹੀਂ ਸੀ ਹੁਣ ਆਉਂਦੀ ਨਹੀਂ ਤੇ ਨਾਅਰਾ ਜਿਹੜਾ 'ਰਾਜ ਨਹੀਂ ਸੇਵਾ' ਵਾਲਾ ਹੈ, ਵੇਖੋ ਹੁਣੇ ਲੁਧਿਆਣੇ 'ਚ ਜਥੇਦਾਰਾਂ ਨੇ ਤਹਿਸੀਲਦਾਰ ਦੀ ਸੇਵਾ ਕੀਤੀ ਹੈ, ਸਰਬਜੀਤ ਮੱਕੜ ਨੇ ਮਨੋਰੰਜਨ ਕਾਲੀਏ ਦੀ।

ਬੜੇ ਕਮੇਡੀ ਕਲਾਕਾਰ ਨੇ ਪੰਜਾਬ ਵਿਚ ਪਰ ਜਿਸ ਤਰ੍ਹਾਂ ਦੀ ਦਲੇਰੀ ਨਾਲ ਭੱਲੇ ਹੋਰਾਂ ਨੇ ਸਿੱਧੇ ਰੂਪ ਵਿਚ ਬਣੇ ਕਾਂਗਰਸ ਅਤੇ ਅਕਾਲੀਆਂ 'ਤੇ ਚੋਟਾਂ ਕੀਤੀਆਂ ਹਨ ਅਜਿਹਾ ਕੰਮ ਕਰਨਾ ਉਦੋਂ ਬਹੁਤ ਔਖਾ ਹੈ ਜਦੋਂ ਰਾਜਨੀਤਕ ਲੋਕ ਸਹਿਣਸ਼ੀਲਤਾ ਦਾ ਕਟੋਰਾ ਭੰਨ ਕੇ ਹੱਥੀਂ ਉਤਰ ਆਉਣ ਦੀ ਨੌਬਤ ਤੱਕ ਪਹੁੰਚ ਜਾਣ। ਮਸਲਨ ਇਸ ਗੱਲ ਨੂੰ ਬਹੁਤ ਚਿਟਕਾਰੀ ਲਾ ਕੇ ਪੇਸ਼ ਕੀਤਾ ਹੈ।

ਨਾ ਕਿਸੇ ਨੇ ਭੇਦ ਹੈ ਪਾਇਆ
ਨਾ ਕੋਈ ਅੱਖ ਪਛਾਣੇ
ਬਾਦਲ ਸਾਹਿਬ ਸਮੁੰਦਰੋਂ ਡੂੰਘੇ
ਕੌਣ ਦਿਲਾਂ ਦੀਆਂ ਜਾਣੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਪਰਚੀ ਰਾਹੀਂ ਚੋਣ ਕਿ ਪ੍ਰਧਾਨ ਕੌਣ ਬਣੇਗਾ, ਰੱਬ, ਬਾਦਲ ਤੇ ਪ੍ਰਧਾਨ ਹੀ ਜਾਣਦੇ ਹੁੰਦੇ ਨੇ। ਤੇ ਐਤਕਾਂ ਇਹ ਤਜ਼ਰਬਾ ਪੁੱਤਰ ਨੂੰ ਵੀ ਕਰਵਾ ਦਿੱਤਾ ਹੈ।

ਰਾਜਨੀਤੀ 'ਚ ਸਭ ਦਰੁਸਤ-ਫਰੁਸਤ ਹੀ ਨਹੀਂ, ਪ੍ਰਵਾਨ ਵੀ ਹੈ ਤੇ ਚਲਦਾ ਵੀ ਹੈ। ਛਣਕਾਟੇ ਦੀ ਛਣਕਾਰ ਦਾ ਇਕ ਰੰਗ ਹੈ ਕਿ ਬਾਦਲ ਸਾਹਿਬ ਸੀਟਾਂ ਤਾਂ ਵਧ ਵੀ ਲਿਜਾ ਸਕਦੇ ਸੀ ਪਰ ਸਾਰਾ ਜ਼ੋਰ ਬਠਿੰਡੇ ਲੱਗਣ ਕਰਕੇ ਪੰਜਾਂ ਨਾਲ ਹੀ ਸਬਰ ਕਰਨਾ ਪਿਆ। ਬਾਦਲ ਸਾਹਿਬ ਠੰਡੇ ਪਰ

ਕਾਕਾ ਜੀ 'ਚ ਡਾਢਾ ਜੋਸ਼
ਨੰਨੀ ਛਾਂ ਜਦ ਦਿੱਲੀ ਗੱਜੀ
ਉਡ ਗਏ ਸਭ ਦੇ ਹੋਸ਼
ਕੀ ਕੀ ਪੰਜਾਬ ਨਾਲ ਹੁੰਦਾ ਧੱਕਾ
ਸਭ ਨੂੰ ਹੈ ਸਮਝਾਇਆ
ਨੰਨ੍ਹੀ ਛਾਂ ਜਦ ਕਿੰਗ ਬਣੂਗੀ
ਪਲਟ ਦਿਊਗੀ ਕਾਇਆ...।

ਜਿਵੇਂ ਆਲੂ ਨੂੰ ਪੁੱਛਣਾ ਨਹੀਂ ਪੈਂਦਾ ਕਿ ਤੈਨੂੰ ਕਿਹੜੀ ਦਾਲ ਜਾਂ ਸਬਜ਼ੀ 'ਚ ਪਾ ਲਈਏ ਇਵੇਂ ਮਿਸ ਪੂਜਾ ਦੇ ਹਰ ਇਕ ਨਾਲ ਗਾਉਣ 'ਤੇ ਤਿੱਖੀ ਟਿੱਪਣੀ ਹੈ;

ਪੂਜਾ ਤੋਂ ਬਾਅਦ ਕਿਵੇਂ ਗਾਇਆ ਕਰਾਂਗੇ
ਇਸ ਗੱਲ ਦਾ ਹੀ ਫਿਕਰ ਪਿਆ...।

ਪੂਜਾ ਨੇ ਆਪਣੀ ਸੋਲੋ ਟੇਪ ਹੁਣੇ ਕੱਢੀ ਹੈ, ਪਰ ਪੰਜਾਬ ਦੇ ਹਰ ਫੇਲ੍ਹ ਸਿੰਗਰ ਨਾਲ ਦੋ-ਗਾਣੇ ਗਾ ਕੇ ਉਹਨੂੰ ਰੋਟੀ ਖਾਣ ਜੋਗਾ ਕਰ ਦਿੱਤਾ ਹੈ। ਜਿੰਨੇ ਲੁਧਿਆਣੇ 'ਚ ਭਈਏ ਨੇ ਉਸ ਤੋਂ ਵਧ ਗਵੱਈਏ। ਜੇ ਪੰਜਾਬ 'ਚ 12400 ਪਿੰਡ ਹਨ ਤਾਂ ਦੁਗਣੇ ਗਾਇਕ। ਗਾਇਕਾਂ ਦਾ ਵਰਗੀਕਰਨ ਕਿਆ ਕਮਾਲ ਹੈ ਕਿ;

ਜੇ ਕਿਸੇ ਦੀ ਰੁੱਸ ਜਾਵੇ ਭੱਜ ਜਾਏ
ਜਾਂ ਟੁੱਟ ਜਾਏ ਜੋਟੀ, ਫਿਰ?
ਕੀਰਨੇ ਪਾਉਣ ਲਈ ਸੱਦੋ
ਮਾਸਟਰ ਸਲੀਮ, ਕਲੇਰ ਕੰਠ ਜਾਂ ਸਾਬਰਕੋਟੀ।'
ਤੇ ਲੋਕਾਂ ਦੀ ਜੇਬ ਨਾਲ ਧੱਕੇ ਵਿਚ
ਜੇ ਰੰਗੀਨ ਮਹੌਲ ਬਣਾਉਣਾ ਹੋਵੇ
ਸੁੱਕਾ ਰੋਅਬ ਜਮਾਉਣਾ ਹੋਵੇ
ਤੇ ਨੱਚਣੇ ਨੂੰ ਕਰੇ ਜੀਅ
ਤਾਂ ਕੱਢੋ ਚਾਰ ਲੱਖ ਤੇ ਸੱਦੋ
ਲਹਿੰਬਰ, ਨਿੱਕੂ, ਬਲਕਾਰ ਜਾਂ ਜੈਜ਼ੀ ਬੀ.?

ਅਸਲ ਵਿਚ ਨਵੇਂ ਗਾਇਕਾਂ ਨਾਲ ਕੁਪੱਤ ਹੋਣ ਤੱਕ ਦੀ ਨੌਬਤ ਆ ਗਈ ਹੈ ਜਿਹੜੇ ਕੁੜੀਆਂ ਦੇ ਕਾਲਜ ਦੇ ਗੇਟ ਮੂਹਰੇ ਜੰਗ ਲੱਗਣ ਦੀਆਂ ਧਮਕੀਆਂ ਦੇਣ ਲੱਗ ਪਏ ਹਨ ਪਰ ਪੰਜਾਬ ਦੇ ਆਰਥਿਕ, ਰਾਜਨੀਤਕ ਤੇ ਪਾਖੰਡੀ ਵਰਤਾਰੇ 'ਤੇ ਸਿੱਧੀਆਂ ਹੁੱਜਾਂ ਮਾਰੀਆਂ ਹਨ, ਤਾਂ ਇਹ ਦਲੇਰੀ ਕਮੇਡੀ 'ਚ ਸਿਰਫ ਤੇ ਇਕੱਲੇ ਭੱਲੇ-ਬਾਲੇ ਹੋਰਾਂ ਕੀਤੀ ਹੈ। ਹਾਲਾਂਕਿ ਪਿਛਲੀ ਉਨ੍ਹਾਂ ਨਾਲ ਹੋਈ ਜੱਗੋਂ ਤੇਰਵੀਂ ਕਿਸੇ ਤੋਂ ਛੁਪੀ ਨਹੀਂ। ਕੈਸਿਟ ਨੂੰ ਪੂਰਾ ਕਰਨ ਲਈ ਭਾਵੇਂ ਗੀਤ ਤੇ ਕੁਝ ਹੋਰ ਹਲਕਾ ਫੁਲਕਾ ਹੈ ਪਰ ਸਮੁੱਚੇ ਰੂਪ ਵਿਚ ਇਸ ਵਾਰ ਦਾ ਛਣਕਾਟਾ ਕੁਲਦੀਪ ਨਈਅਰ ਵਰਗੇ ਪੱਤਰਕਾਰ ਵਾਂਗ ਭੱਲੇ ਦਾ ਮੁਕੰਮਲ ਹਾਸਰਸ ਤੇ ਸਿੱਧਿਆਂ ਹੀ ਸੱਚ ਨੂੰ ਨੰਗਾ ਕਰਨ ਦਾ ਜ਼ੋਖਮ ਭਰਿਆ ਤਜਰਬਾ ਹੈ। ਦੋ ਵਿਅੰਗਮਈ ਕਾਵਿ ਵੰਨਗੀਆਂ ਦਾ ਲੇਖਾ-ਜੋਖਾ ਵੀ ਕਰਨ ਵਾਲਾ ਹੈ, ਪਹਿਲੀ;

ਕੁਝ ਫੈਸ਼ਨ ਦੇ ਲਈ ਨੰਗੇ ਨੇ
ਕਿਤੇ ਨੰਗਾ ਪੱਲੇ ਧੇਲਾ ਨ੍ਹੀਂ
ਵੋਟਾਂ ਦੇ ਮਗਰੋਂ ਨੇਤਾ ਕੋਲ
ਜਿਥੇ ਲੋਕਾਂ ਦੇ ਲਈ ਵੇਲਾ ਨਹੀਂ।
ਜਿਥੇ ਕੁੱਤਿਆਂ ਦੇ ਲਈ ਏ.ਸੀ. ਨੇ
ਤੇ ਪੱਖਾ ਨਹੀਂ ਇਨਸਾਨ ਲਈ
ਇਸ ਤੋਂ ਵੱਡੀ ਗੱਲ ਕੀ ਆਖਾਂ
ਮੈਂ ਭਾਰਤ ਦੇਸ਼ ਮਹਾਨ ਲਈ...।

ਹਾਲਾਂਕਿ ਮਹਾਰਾਜੇ ਦੀ ਕੁਪੱਤ ਦੋਹਾਂ ਦੇ ਚੇਤੇ 'ਚੋਂ ਕਦੇ ਨਹੀਂ ਖਿਸਕੇਗੀ ਪਰ ਜੇ 'ਰਾਜ ਨਹੀਂ ਸੇਵਾ' ਵਾਲਿਆਂ ਤੋਂ ਪਿਛੋਂ ਮਹਾਰਾਜਾ ਗੱਦੀ ਚਾਹੁੰਦਾ ਹੈ ਤਾਂ ਉਹਦੇ ਲਈ ਇਕ ਨਸੀਅਤ ਹੈ-

ਰੁੱਖਾਪਣ ਤੇ ਸਖਤ ਰਵੱਈਆ
ਨੇਤਾ ਨੂੰ ਨਾ ਰਾਸੇ
ਸਿਆਸਤ ਦੇ ਵਿਚ ਧੌਣ 'ਚੋਂ ਕੀਲਾ
ਕੱਢਣਾ ਪੈਂਦਾ ਪਾਸੇ
ਚੁਗਲਖੋਰਾਂ ਤੇ ਚਾਪਲੂਸਾਂ ਤੋਂ
ਫੇਰ ਨਾ ਜਾਣਾ ਡੰਗੇ
ਸਭ ਤੋਂ ਖਤਰਨਾਕ ਹੈ ਲੈਣੇ
ਆਪਣਿਆਂ ਨਾਲ ਪੰਗੇ
ਰਾਜਨੀਤੀ ਵਿਚ ਨਾਲ ਸਮੇਂ ਦੇ
ਸਭ ਨੂੰ ਪੈਂਦਾ ਵਹਿਣਾ
ਬਾਕੀ ਰਾਜਾ ਜੀ ਤੁਸੀਂ ਆਪ ਸਿਆਣੇ
ਬਹੁਤ ਕੀ ਅਸੀਂ ਕਹਿਣਾ...।

ਜੇ ਰਾਜਨੀਤਕ ਸੋਚ ਰੱਖਦੇ ਹੋ, ਨੀਲੀਆਂ ਵਾਲਿਆਂ ਦੇ ਕਿਸੇ ਵੀ ਧੜੇ ਦੇ ਹਾਮੀ ਹੋ, ਗਰਮ ਹੋ ਠੰਡੇ ਹੋ, ਧੋਤੀ ਵਾਲੇ ਹੋ, ਟੋਪੀ ਜਾਂ ਨਿੱਕਰ ਵਾਲੇ ਹੋ ਤਾਂ ਭੱਲੇ-ਬਾਲੇ ਦੇ ਇਸ ਵਾਰ ਦੇ ਛਣਕਾਟੇ 'ਚ ਉਹਦੀ ਸੁਚੇਤ ਹੋਣ ਵਾਲੀ ਅੱਡੀ ਨਾਲ ਹੇਲ-ਮੇਲ ਜ਼ਰੂਰ ਹੋ ਕੇ ਵੇਖੋ ਫਿਰ ਸੁਆਦ ਆ ਜਾਵੇਗਾ ਤੇ ਲੱਗੇਗਾ ਕਿ ਜ਼ਰੂਰੀ ਨਹੀਂ ਜਿਸਦਾ ਨਾਂ ਚਤੁਰ ਸਿੰਘ ਹੋਵੇ ਉਹ ਚਲਾਕ ਹੋਵੇ ਪਰ ਇਹਦੇ 'ਚ ਚਤੁਰ ਸਿੰਘ ਵਲੋਂ ਭੱਜਦੀਆਂ ਵੱਖੀਆਂ 'ਵੇਖ ਗਿੱਧਾ ਜ਼ਰੂਰ ਪਾਉਣ ਨੂੰ ਦਿਲ ਕਰੇਗਾ ਤੇ ਲੱਗੇਗਾ ਕਿ ਲੋਕ ਕੁਰਾਹੇ ਪਿਆਂ ਨਾਲ ਤੁਰਨ ਦਾ ਵੀ ਬੁਰਾ ਨਹੀਂ ਮਨਾਉਂਦੇ।

## ਸੋਹਣੀ ਪੱਗ ਤੇ ਮਾਰਤੀਓ

ਨਹੀਂ ਦੇ ਰਹੀ ਸੀ। ਗੁਰਸਿੱਖ ਪਰਿਵਾਰ ਦੀ ਇਹ ਬੀਬਾ ਪੱਗ ਤੋਂ ਕਿਉਂ ਡਰਦੀ ਏ? ਕੀ ਇਸਨੂੰ ਮਾਈ ਭਾਗੋ ਤੇ ਬੀਬੀ ਗੁਰਸ਼ਰਨ ਕੌਰ ਦੇ ਇਤਿਹਾਸ ਦਾ ਪਤਾ ਨਹੀਂ? ਕੀ ਹੋ ਗਿਆ ਮੇਰੀਆਂ ਭੈਣਾਂ ਨੂੰ? ਮੈਂ ਰੋਜ਼ ਸੋਚਦਾ ਰਹਿਨਾਂ ਕਿ ਇਨ੍ਹਾਂ ਭੈਣਾਂ ਦੀ ਸੋਚ ਵੀ ਉਸ ਮਾਰਤੀਓ ਵਰਗੀ ਬਣ ਜਾਵੇ, ਜੋ ਗੈਰ-ਮੁਲਕ ਗੈਰ-ਮਜ਼ਹਬ ਦੀ ਹੋ ਕੇ ਪੱਗ ਪਿੱਛੇ ਆਪਣਾ ਤਨ ਮਨ ਧਨ ਅਰਪਨ ਕਰਨ ਲਈ ਤਿਆਰ ਸੀ। ਉਸ ਕੈਪਟਨ ਵਰਗੀ ਸੋਚ ਬਣ ਜਾਵੇ, ਜਿਸ ਨੂੰ ਪੱਗ ਨਾਲ ਇੰਨਾ ਪਿਆਰ ਸੀ। ਸਭ ਕੁਝ ਗੈਰ ਹੁੰਦੇ ਹੋਏ ਵੀ ਇਕ ਸਰਦਾਰ ਦੀ ਫੋਟੋ ਉਸ ਦੇ ਦਫਤਰ ਵਿਚ ਲੱਗੀ ਹੋਈ ਸੀ। ਸੋਚਣ ਤੇ ਸਮਝਣ ਦੀ ਲੋੜ ਹੈ। ਰੱਬ ਰਾਖਾ

*ਫੋਨ:916-273-2856

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਮਹਾਨ ਮੁਲਕ

ਹੁਣ ਮਹਿਮਾਨਾਂ ਦੀ ਨਾ ਕਰਦਾ ਉਡੀਕ ਕੋਈ, ਬੋਲਦਾ ਬਨੇਰੇ ਉੱਤੇ ਕਦੋਂ ਕਾਲਾ ਕਾਂ ਏ।
ਕੁੱਤਾ ਬਿੱਲਾ ਕਿਤੇ ਕੋਈ ਅੰਦਰ ਨਾ ਆਣ ਵੜੇ, ਖੂੰਡੀ ਲੈ ਕੇ ਦਰਾਂ ਮੂਹਰੇ ਬੈਠੀ ਬੁੱਢੀ ਮਾਂ ਏ।
ਹੰਗਲੀ ਜਵਾਨੀ ਖਾ ਲਈ ਨਸ਼ਿਆਂ ਚਰੂੰਢ ਸਾਰੀ, ਦੱਸੋ ਕਿਹੜਾ ਬਚਿਆ ਸ਼ਹਿਰ ਜਾਂ ਗਰਾਂ ਏ।
ਬਾਪ ਦੀਆਂ ਰਗਾਂ ਉੱਤੇ ਪੁੱਤ ਗੂਠਾ ਧਰੀ ਬੈਠਾ, ਮਾਪਿਆਂ ਨੂੰ ਮੰਨੇ ਨਾ ਔਲਾਦ ਠੰਡੀ ਛਾਂ ਏ।
ਭਾਈਆਂ ਹੱਥੋਂ ਭਾਈਆਂ ਦੇ ਕਤਲ ਹੋਣ ਲੱਗੇ, ਗਲ ਨੂੰ ਹੀ ਪੈਂਦੀ ਜੀਹਨੂੰ ਕਹਿੰਦੇ ਭੱਜੀ ਬਾਂਹ ਏ।
ਦੁਨੀਆਂ ਦੇ ਰੰਗਾਂ 'ਚ ਬੇਰੰਗ ਹੋਇਆ ਫਿਰੇ ਬੰਦਾ ਮੇਲੇ 'ਚ ਗੁਆਚੀ ਜਿਵੇਂ ਹੁੰਦੀ ਕੋਈ ਗਾਂ ਏ।
ਕਹਿਣ ਨੂੰ ਹੀ ਰਹਿ ਗਿਆ ਮੁਲਕ ਮਹਾਨ ਮੇਰਾ, ਚਿੱਟੀਆਂ ਤੇ ਨੀਲੀਆਂ ਦੀ ਲੁੱਟੀ ਹੋਈ ਸਰਾਂ ਏ।

***

### ਢਿੰਬਰੀ ਟਾਈਟ

ਮੁਸ਼ਟੰਡੇ ਰਠੌਰ ਨੇ ਨਹਿਰੂ ਨਾਲ ਕਰੀ ਤੁਲਨਾ, ਹੁੰਦਾ ਗਮਾਂ ਵਿਚ ਹੱਸਣਾ ਰਾਈਟ ਮੀਆਂ।
ਕੇਸ ਮੇਰੇ 'ਤੇ ਕਿੰਨੇ ਵੀ ਬਣੀ ਜਾਵਣ, ਆਪਾਂ ਕਰਾਂਗੇ ਪੂਰੀ ਹੀ ਫਾਈਟ ਮੀਆਂ।
ਜਿਹੜਾ ਕਹਿੰਦਾ ਸੀ ਸਹੇ ਦੀਆਂ ਤਿੰਨੇ ਟੰਗਾਂ, ਹੁਣ ਅੱਖਾਂ ਵਿਚ ਲੱਗਦੀ ਨਾਈਟ ਮੀਆਂ।
ਡਾਢਾ ਵਕਤ ਨ੍ਹੀਂ ਪੁੱਛ ਕੇ ਵਾਰ ਕਰਦਾ, ਦੇਂਦਾ ਪਲਾਂ ਵਿਚ ਬਦਲ ਏ ਸਾਈਟ ਮੀਆਂ।
ਧਰਮ ਰਾਜ ਸੀ ਬਣਿਆ ਪੁਲਿਸ ਅਫਸਰ, ਵਿਚ ਅੰਬਰਾਂ ਦੇ ਉਡਦੀ ਸੀ ਕਾਈਟ ਮੀਆਂ।
ਸਦਾ ਚੰਮ ਦੀਆਂ ਚਲਦੀਆਂ ਨਹੀਂ ਰਹੀਆਂ, ਕਿੰਨੀ ਤਾਕਤ ਦੀ ਹੋਵੇ ਵੀ ਹਾਈਟ ਮੀਆਂ।
ਤੇ ਚੇਤੇ ਉਦੋਂ ਹੀ ਨਾਨੀ ਨੂੰ ਲੋਕ ਕਰਦੇ, ਜਦੋਂ ਹੁੰਦੀ ਏ ਢਿੰਬਰੀ ਟਾਈਟ ਮੀਆਂ।

# ਸਿੱਖਾਂ ਨੂੰ ਦਰਪੇਸ਼ ਚੁਣੌਤੀਆਂ

**ਖਾਲਸਾ ਪੰਥ**


**ਪ੍ਰੋ. ਬਲਕਾਰ ਸਿੰਘ ਪਟਿਆਲਾ**

*ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ ਦੀ ਗੱਲ ਵਾਰ ਵਾਰ ਹੁੰਦੀ ਆਈ ਹੈ। ਇਨ੍ਹਾਂ ਵਿਚੋਂ ਕਈ ਚੁਣੌਤੀਆਂ ਅੰਦਰਲੀਆਂ ਹਨ ਅਤੇ ਕੁਝ ਬਾਹਰੀ। ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਦਿਆਂ ਪੰਜਾਬ ਦੇ ਸਿੱਖਾਂ ਨੇ ਦੁੱਖ ਵੀ ਬਥੇਰਾ ਝੱਲਿਆ ਹੈ। ਪ੍ਰੋ. ਬਲਕਾਰ ਸਿੰਘ ਪੰਜਾਬੀ ਯੂਨੀਵਰਸਿਟੀ ਵਿਚ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਰਹੇ ਹਨ ਅਤੇ ਸਿੱਖ ਸਿਆਸਤ ਨਾਲ ਨੇੜਿਓਂ ਵਾਬਸਤਾ ਰਹੇ ਹਨ। ਉਹ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਵੀ ਨੇੜੇ ਰਹੇ ਹਨ। ਇਸ ਲੇਖ ਵਿਚ ਉਨ੍ਹਾਂ ਸਿੱਖਾਂ ਨੂੰ ਦਰਪੇਸ਼ ਅਸਲ ਚੁਣੌਤੀਆਂ ਦੀ ਗੱਲ ਕੀਤੀ ਹੈ। ਇਹ ਪਰਚਾ ਉਨ੍ਹਾਂ 23 ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿਖੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਿਮਰਤੀ ਸਮਾਰੋਹ ਵਿਚ ਪੜ੍ਹਨਾ ਹੈ। ਅਸੀਂ ਇਹ ਪਰਚਾ ਪਾਠਕਾਂ ਦੀ ਦਿਲਚਸਪੀ ਲਈ ਕਿਸ਼ਤਾਂ ਵਿਚ ਛਾਪ ਰਹੇ ਹਾਂ। ਇਸ ਲੇਖ ਪ੍ਰਤੀ ਪਾਠਕਾਂ ਦੇ ਪ੍ਰਤੀਕ੍ਰਮ ਦੀ ਸਾਨੂੰ ਉਡੀਕ ਰਹੇਗੀ। -ਸੰਪਾਦਕ*

ਸਿੱਖਾਂ ਦੀ ਇਕ ਚੁਣੌਤੀ ਇਹ ਹੈ ਕਿ ਚੇਤਨਾ ਅਤੇ ਭਾਵੁਕਤਾ ਨੂੰ ਰਲਗਡ ਕਰ ਲੈਣ ਕਰਕੇ ਅਸਲ ਮੁੱਦੇ ਤੋਂ ਅਕਸਰ ਹੀ ਭਟਕ ਜਾਂਦੇ ਹਨ। ਭਾਵਕ-ਉਲਾਰ ਨਾਲੋਂ ਚੇਤਨਾ ਦਾ ਵਡਾ ਵੈਰੀ ਕੋਈ ਹੋ ਹੀ ਨਹੀਂ ਸਕਦਾ। ਅਨੰਦਪੁਰ ਸਾਹਿਬ ਦੇ ਮਤੇ ਨੂੰ ਹੀ ਲੈ ਲਓ। ਇਹ ਮਤਾ ਕੇਂਦਰ ਸਰਕਾਰ ਵਲੋਂ ਸੂਬਿਆਂ ਨੂੰ 'ਮਿਊਂਸਪੈਲਟੀਆਂ' ਬਣਾ ਦਿਤੇ ਜਾਣ ਤੋਂ ਬਚਾਉਣ ਲਈ ਸੂਬਿਆਂ ਦੇ ਵਧ ਅਧਿਕਾਰਾਂ ਵਾਸਤੇ ਸੀ। ਇਸ ਨੂੰ ਏਨਾਂ ਹੁੰਗਾਰਾ ਮਿਲਿਆ ਕਿ ਅਕਾਲੀ-ਸਿਆਸਤਦਾਨਾਂ ਨੂੰ ਸੂਬਾਈ-ਸਿਆਸੀ-ਪਾਰਟੀਆਂ ਨੇ ਆਗੂ ਮੰਨ ਲਿਆ ਪਰ ਲੁਧਿਆਣਾ ਦੀ ਅਕਾਲੀ ਕਾਨਫਰੰਸ ਵਿਚ ਅਜਿਹਾ ਮਾਹੌਲ ਪੈਦਾ ਹੋ ਗਿਆ ਕਿ ਇਸ ਮਤੇ ਨੂੰ ਵਖਵਾਦੀ-ਸਿਆਸਤ ਨਾਲ ਜੁੜਨਾ ਪੈ ਗਿਆ। ਅੱਜ ਇਹ ਗੱਲ ਅਕਾਲੀਆਂ ਨੇ ਆਪ ਹੀ ਮੰਨ ਲਈ ਹੈ ਅਤੇ ਇਸ ਮਤੇ ਦਾ ਨਾਮ ਲੈਣਾ ਹੀ ਛਡ ਦਿਤਾ ਹੈ।

ਭਾਵੁਕਤਾ ਅਧੀਨ ਇਹੋ ਜਿਹੀਆਂ ਗਲਤੀਆਂ ਸਾਡੇ ਕੋਲੋਂ ਆਮ ਜ਼ਿੰਦਗੀ ਵਿਚ ਹੋ ਜਾਂਦੀਆਂ ਹਨ ਅਤੇ ਇਸ ਦੇ ਸਿੱਟੇ ਮੁੱਦਿਆਂ ਦੇ ਰੁਲ ਜਾਣ ਵਿਚ ਨਿਕਲਦੇ ਹਨ। ਮੇਰੇ ਇਕ ਦੋਸਤ ਦਾ ਅਮਰੀਕਾ ਤੋਂ ਫੋਨ ਆਇਆ ਕਿ ਸਿੱਖਾਂ ਨੂੰ ਵਿਦੇਸ਼ੀ ਧਰਤੀ 'ਤੇ ਈਸਾਈ ਬਣਾਇਆ ਜਾ ਰਿਹਾ ਹੈ ਅਤੇ ਇਸ ਨੂੰ ਰੋਕਣ ਲਈ ਲੇਖ ਲਿਖਣੇ ਚਾਹੀਦੇ ਹਨ। ਮੇਰਾ ਇਹ ਦੋਸਤ ਸਜੱਗ ਸਿੱਖ ਹੈ ਅਤੇ ਕਹਿ ਵੀ ਸੁੱਚੀ-ਭਾਵੁਕਤਾ ਨਾਲ ਰਿਹਾ ਸੀ, ਪਰ ਉਸ ਕੋਲ ਸਥਿਤੀ ਨਾਲ ਨਜਿੱਠਣ ਵਾਸਤੇ ਨਾ ਹੀ ਕੋਈ ਵਿਧੀਵਤ-ਚੇਤਨਾ 'ਤੇ ਆਧਾਰਤ ਯੋਜਨਾਬੰਦੀ ਸੀ ਅਤੇ ਨਾ ਹੀ ਉਹ ਇਸ ਪਾਸੇ ਤੁਰਨ ਲਈ ਤਿਆਰ ਸੀ। ਸਾਡੇ ਵਿਚੋਂ ਬਹੁਤਿਆਂ ਦਾ ਵਤੀਰਾ 'ਕੌਮ' ਦੇ ਸਵਾਲ ਬਾਰੇ ਹੈ। ਇਹ ਸੱਚਾਈ ਤਾਂ ਸਾਰਿਆਂ ਨੇ ਪ੍ਰਵਾਨ ਕਰ ਲਈ ਹੈ ਕਿ ਭਾਰਤੀ ਧਰਮ-ਚਿੰਤਨ ਵਿਚ ਤਾਂ ਕੌਮ ਦੇ ਸੰਕਲਪੀ-ਸਰੋਕਾਰਾਂ ਵਾਸਤੇ ਕੋਈ ਥਾਂ ਹੀ ਨਹੀਂ ਹੈ। ਇਸਲਾਮ ਦੇ ਨਾਲ ਕੌਮ ਦਾ ਸੰਕਲਪ ਤਾਂ ਭਾਰਤ ਵਿਚ ਜ਼ਰੂਰ ਆ ਗਿਆ ਸੀ, ਪਰ ਉਸ ਤੱਕ ਜਾਣ ਦਾ ਇਕੋ ਇਕ ਰਾਹ ਧਰਮ-ਪਰਿਵਰਤਨ ਹੀ ਸੀ। ਵੈਸੇ ਵੀ ਸਿੱਖ ਧਰਮ ਦਾ ਨਿਕਾਸ ਅਤੇ ਇਸਲਾਮ ਦਾ ਵਿਕਾਸ, 'ਬਾਬੇ ਕੇ' ਅਤੇ 'ਬਾਬਰ ਕੇ' ਦੇ ਕਥਨ ਅਨੁਸਾਰ ਲਗਭਗ ਇਕੋ ਹੀ ਸਮੇਂ ਹੋ ਰਿਹਾ ਸੀ। ਜਿਹੜੇ ਸਿੱਖ-ਭਾਈਚਾਰੇ ਦੇ ਆਧਾਰ ਗੁਰੂ ਨਾਨਕ ਦੇਵ ਵਲੋਂ ਸਿਰਜੇ ਜਾ ਰਹੇ ਸਨ, ਉਨ੍ਹਾਂ ਦੀ ਕੌਮੀ-ਪਛਾਣ ਨੂੰ ਆਖਰੀ ਛੋਹਾਂ ਗੁਰੂ ਗੋਬਿੰਦ ਸਿੰਘ ਨੇ 1699 ਦੀ ਵਿਸਾਖੀ ਨੂੰ ਦਿਤੀਆਂ ਸਨ। ਇਸ ਨਾਲ ਇਕ ਪਿਤਾ, ਇਕ ਮਾਤਾ ਅਤੇ ਇਕ ਜਨਮ-ਭੂਮੀ (ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਦੇਵਾਂ ਜੀ ਅਤੇ ਵਾਸੀ ਸ੍ਰੀ ਅਨੰਦਪੁਰ ਸਾਹਿਬ) ਵਾਲੇ ਸਿੱਖ-ਭਾਈਚਾਰੇ ਨੂੰ 'ਖਾਲਸਾ' ਵਜੋਂ ਮਾਨਤਾ ਮਿਲ ਗਈ ਸੀ। ਇਹੀ ਇਸ ਵੇਲੇ ਸਿੱਖ-ਭਾਈਚਾਰੇ ਲਈ ਚੁਣੌਤੀ ਹੋ ਗਿਆ ਹੈ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਕੌਮੀਅਤ ਦੇ ਸਵਾਲ ਨੂੰ ਸਿੱਖ ਧਰਮ-ਚਿੰਤਨ ਅਨੁਸਾਰ ਸਮਝਣ ਦੀ ਕੋਸ਼ਿਸ਼ ਹੀ ਕਿਧਰੇ ਨਜ਼ਰ ਨਹੀਂ ਆਉਂਦੀ। ਵਾਧਾ ਇਹ ਕਿ ਬੈਨੀਡਿਕਟ ਐਂਡਰਸਨ ਦੀ ਪੁਸਤਕ 'ਇਮੈਜਿਨਿਡ ਕਮਿਊਨਿਟੀਜ਼' ਨਾਲ ਕਲਪਿਤ ਭਾਈਚਾਰਿਆਂ ਦੀ ਗੱਲ ਚਲ ਪਈ ਹੈ। ਇਸ ਵਿਚਾਰ ਨੂੰ ਉਸ ਨੇ ਖ਼ੂਨ ਦੇ ਰਿਸ਼ਤਿਆਂ ਅਤੇ ਧਰਮ ਨਾਲ ਜੋੜ ਕੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਧਾਰਨਾ ਮੁਤਾਬਕ ਕੌਮ ਹੁੰਦੀ ਤਾਂ ਨਹੀਂ, ਪਰ ਬਣਾਈ ਜਾ ਸਕਦੀ ਹੈ। ਕੌਮ ਰੂਪ ਵਿਚ ਚਿਤਵਨਾ ਦੇ ਇਸ ਪ੍ਰਗਟਾਵੇ ਨੂੰ ਸੀਮਾਵਾਂ ਵਿਚ ਹੀ ਸਮਝਿਆ ਤੇ ਸਮਝਾਇਆ ਜਾ ਸਕਦਾ ਹੈ। ਇਸ ਦੀ ਲੋੜ ਇਸ ਕਰਕੇ ਪਈ ਕਿਉਂਕਿ ਪੱਛਮ ਵਿਚ ਪਹਿਲਾਂ ਜਾਗ੍ਰਿਤੀ-ਲਹਿਰ, ਫਿਰ ਸਕ੍ਰਿਅ-ਧਾਰਮਿਕ-ਬਹੁਲਵਾਦੀ ਉਭਾਰ ਅਤੇ ਫਿਰ ਇਨਕਲਾਬੀ-ਰਾਜਨੀਤਕ-ਪਲਟਿਆਂ ਨਾਲ ਰਾਜਾਸ਼ਾਹੀਆਂ ਅਤੇ ਜਗੀਰਦਾਰੀਆਂ ਨੂੰ ਜੋ ਨੁਕਸਾਨ ਹੋਇਆ, ਉਸੇ ਦੀ ਭਰਪਾਈ ਲਈ, ਪ੍ਰਭੁਤਾ-ਸੰਪੰਨ ਕਲਪਿਤ-ਭਾਈਚਾਰੇ ਦਾ ਸੰਕਲਪ ਅਤੇ ਪ੍ਰਗਟਾਵਾ ਸਾਹਮਣੇ ਆ ਗਿਆ ਹੈ। ਰਿਚਰਡਸਨ ਨੇ ਇਹ ਵੀ ਮੰਨ ਲਿਆ ਹੈ ਕਿ ਧਰਮ ਦੇ ਆਸਰੇ ਬਿਨਾ ਕਿਸੇ ਵੀ ਵਿਚਾਰਧਾਰਾ ਦੀ ਨਿਰੰਤਰਤਾ ਕਾਇਮ ਨਹੀਂ ਰੱਖੀ ਜਾ ਸਕਦੀ। ਇਸ ਦੀ ਪੁਸ਼ਟੀ ਉਸ ਅਨੁਸਾਰ ਇਨਕਲਾਬ ਅਤੇ ਪ੍ਰਗਤੀਵਾਦ ਦੇ ਮੁਰਝਾ ਗਏ ਨਤੀਜਿਆਂ ਨਾਲ ਹੋ ਜਾਂਦੀ ਹੈ।

ਸਿੱਖ ਧਰਮ ਚਿੰਤਨ ਦੇ ਜਲੌਅ-ਆਧਾਰਾਂ ਨੂੰ ਸਾਹਮਣੇ ਲਿਆਉਣ ਦੀ ਜ਼ੁੰਮੇਵਾਰੀ ਇਸ ਦੇ ਵਾਰਸਾਂ ਦੀ ਹੀ ਸੀ ਅਤੇ ਹੈ। ਕਿਸੇ ਵੀ ਕੌਮ ਦੇ ਫਖਰਯੋਗ-ਸਰੋਕਾਰਾਂ ਨੂੰ ਮਾਪਣ ਵਾਸਤੇ ਸਬੰਧਤ ਧਰਮ ਦੀਆਂ ਸਮਕਾਲ-ਪ੍ਰਾਪਤੀਆਂ ਨੂੰ ਹੀ ਆਧਾਰ ਬਣਾਇਆ ਜਾਂਦਾ ਹੈ। ਸਿੱਖ ਧਾਰਮ ਦਾ ਸਮਕਾਲ ਗ੍ਰੰਥ ਅਤੇ ਪੰਥ ਦੀ ਅਬਿਨਸਣਹਾਰ ਅਗਵਾਈ ਦੀ ਥਾਂ ਸਿੱਖ-ਸਿਆਸਤਦਾਨਾਂ ਦੀ ਬਿਨਸਣਹਾਰ-ਅਗਵਾਈ ਵਿਚ ਤੁਰ ਰਿਹਾ ਸਾਫ ਨਜ਼ਰ ਆ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਸਿੱਖ-ਸੰਸਥਾਵਾਂ ਦਾ ਸਿੱਖ-ਸਿਆਸਤਦਾਨਾਂ ਨੇ ਅਪਹਰਣ ਕਰ ਲਿਆ ਹੈ। ਮਨੋਵਿਗਿਆਨ ਦਾ ਅਸੂਲ ਹੈ ਕਿ ਬੰਦੇ ਦਾ ਦੋਸ਼ੀ-ਅਹਿਸਾਸ ਹੀ ਖਬਤ-ਰੋਗ ਵਿਚ ਤਬਦੀਲ ਹੋ ਜਾਂਦਾ ਹੈ। ਸਿੱਖ-ਸਿਆਸਤਦਾਨ, ਸਿੱਖ-ਸੰਸਥਾਵਾਂ ਦਾ ਅਪਹਰਣ ਕਰਨ ਦੇ ਦੋਸ਼ੀ-ਅਹਿਸਾਸ ਦੇ ਸ਼ਿਕਾਰ ਹਨ ਅਤੇ ਸਿੱਖ-ਸੰਸਥਾਵਾਂ ਦੀ ਸਮਕਾਲੀ ਸਥਿਤੀ, ਸਿੱਖ-ਸਿਆਸਤਦਾਨਾਂ ਦੇ ਖਬਤ-ਰੋਗ ਦਾ ਨਤੀਜਾ ਹੈ। ਜਿਸ ਢੰਗ ਨਾਲ ਸਿੱਖ-ਕੌਮ ਇਹ ਸਭ ਕੁਝ ਸਹਿਣ ਕਰੀ ਜਾ ਰਹੀ ਹੈ, ਉਹ ਆਪਣੇ ਆਪ ਵਿਚ ਪੰਥਕ-ਚੁਣੌਤੀ ਹੁੰਦੀ ਜਾ ਰਹੀ ਹੈ। ਸਿੱਖ-ਕੌਮ ਨੂੰ ਅਜਿਹੇ ਬੰਧਨਾਂ ਤੋਂ ਮੁਕਤ ਕਰਨ ਲਈ ਜੋ ਵਿਧੀ (ਸ਼ਬਦ-ਜੁਗਤਿ) ਗ੍ਰੰਥ ਰੂਪ ਵਿਚ ਬਖਸ਼ੀ ਗਈ ਸੀ ਅਤੇ ਪੰਥਕ ਰੂਪ ਵਿਚ ਅਪਨਾਈ ਗਈ ਸੀ, ਉਸ ਵਿਚ ਉਨ੍ਹਾਂ ਸਾਰੀਆਂ ਤਿਲਕਣਬਾਜ਼ੀਆਂ ਨੂੰ ਧਿਆਨ ਵਿਚ ਰੱਖ ਲਿਆ ਗਿਆ ਸੀ, ਜਿਸ ਦੀ ਗੱਲ ਉਪਰ ਐਂਡਰਸਨ ਦੇ ਹਵਾਲੇ ਨਾਲ ਕੀਤੀ ਗਈ ਹੈ।


ਜਥੇਦਾਰ ਗੁਰਚਰਨ ਸਿੰਘ ਟੌਹੜਾ

ਸਵੈ-ਨਿਰਭਰ ਮਾਨਵ ਨੂੰ ਸਿੱਖ ਪ੍ਰਵਾਨ ਕੀਤਾ ਗਿਆ ਹੈ ਅਤੇ ਇਸ ਵਾਸਤੇ ਸੰਗਤੀ-ਵਿਧੀ ਤਿਆਰ ਕੀਤੀ ਗਈ ਪ੍ਰਵਾਨਤ ਹੈ। ਇਸ ਦੀ ਆਧਾਰ-ਪ੍ਰੇਰਨਾ ਅਕਾਲਪੁਰਖ ਪ੍ਰਵਾਨ ਕੀਤੀ ਗਈ (ਸਤਿਸੰਗਤ ਐਸੀ ਜਾਣੀਐ ਜਿਥੇ ਏਕੋ ਨਾਮ ਪਛਾਣੀਐ) ਹੈ। ਉਸਾਰੂ, ਨਿਰਭਉ ਅਤੇ ਨਿਰਵੈਰ ਸਰੋਕਾਰਾਂ ਵਿਚ ਗੁੱਧੀ ਹੋਈ ਮਾਨਸਿਕਤਾ ਨੂੰ ਖਾਨਦਾਨੀ-ਰਿਸ਼ਤਿਆਂ ਨਾਲੋਂ ਉਪਰ ਰਖਿਆ ਗਿਆ ਸੀ। ਤਿੰਨ ਸੌ ਸਾਲ (1499-1699) ਗੁਰੂ ਨੂੰ ਅੰਗ ਸੰਗ ਪ੍ਰਵਾਨ ਕਰਕੇ ਤੁਰਦੀ ਰਹੀ ਸਿੱਖ-ਮਾਨਸਿਕਤਾ ਨੂੰ ਖਾਲਸਾ-ਮਾਨਸਿਕਤਾ, ਇਸ ਲਈ ਪ੍ਰਵਾਨ ਕਰ ਲਿਆ ਗਿਆ ਸੀ ਕਿਉਂਕਿ ਇਹ ਨਾਸ਼-ਮਾਡਲ (ਜਨਮ-ਨਾਸ਼, ਕਰਮ-ਨਾਸ਼, ਭਰਮ-ਨਾਸ਼ ਆਦਿ) ਦਾ ਇਮਤਿਹਾਨ ਪਾਸ ਕਰ ਗਈ ਸੀ। ਵਰਤਮਾਨ ਵਿਚ ਇਹੀ ਪ੍ਰਾਪਤੀ ਇਸ ਲਈ ਵੰਗਾਰੀ ਗਈ ਹੈ ਕਿਉਂਕਿ ਇਸ ਦੇ ਵਾਰਸਾਂ ਨੇ ਵਿਰਾਸਤੀ-ਮਲਕੀਅਤ ਦੇ ਉਲਾਰ ਵਿਚ, ਪਿਛਲ-ਪੈਰੀਂ ਤੁਰਨਾ ਸ਼ੁਰੂ ਕਰ ਦਿਤਾ ਹੋਇਆ ਹੈ। ਜਿਨ੍ਹਾਂ ਨੂੰ ਸਿੱਖ ਕੌਮ ਦਾ ਪਿਛਲ-ਪੈਰੀਂ ਤੁਰਨਾ ਠੀਕ ਬੈਠਦਾ ਹੈ, ਉਹ ਸਿੱਖ-ਸਿਆਸਤਦਾਨਾਂ ਨੂੰ ਕੌਮੀ-ਰਾਹਬਰ ਹੋਣ ਦੇ ਅਹਿਸਾਸ ਵਲ ਤੋਰੀ ਰਖਦੇ ਹਨ। ਨਤੀਜਾ ਇਹ ਨਿਕਲ ਆਇਆ ਹੈ ਕਿ ਸਿੱਖ-ਰੂਪ ਵਿਚ ਤਾਂ ਸਫਲ-ਸਿੱਖ ਬਹੁਤ ਮਿਲ ਜਾਣਗੇ, ਪਰ ਪੰਥਕ-ਰੂਪ ਵਿਚ ਸਫਲਤਾ ਕਿਧਰੇ ਨਜ਼ਰ ਨਹੀਂ ਆ ਰਹੀ। ਇਕਲੇ ਇਕਲੇ ਸਿੱਖ ਨੇ ਦੁਨੀਆਂ ਵਿਚ ਸਿੱਖੀ ਦਾ ਨਾਮ ਰੌਸ਼ਨ ਕੀਤਾ ਹੈ, ਪਰ ਪੰਥਕ ਰੂਪ ਵਿਚ ਕੌਮ ਕੋਲੋਂ ਗੁਰਦੁਆਰਾ-ਸੰਸਥਾ ਵੀ ਨਹੀਂ ਸੰਭਾਲੀ ਜਾ ਰਹੀ। ਨਤੀਜਾ ਇਹ ਹੈ ਕਿ ਦੁਨੀਆਂ ਦੇ ਸਭਿਆਚਾਰਕ ਭਾਈਚਾਰੇ ਕਲਪਿਤ-ਭਾਈਚਾਰਿਆਂ ਤੋਂ ਕੌਮ ਵਲ ਨੂੰ ਵਧ ਰਹੇ ਹਨ ਅਤੇ ਖਾਲਸਾ-ਪੰਥ ਕੌਮ ਤੋਂ ਕਲਪਿਤ-ਭਾਈਚਾਰਾ ਹੋ ਜਾਣ ਵਲ ਨੂੰ ਵਧੀ ਜਾ ਰਿਹਾ ਹੈ। ਸਿੱਖ ਜਾਂ ਸਿੱਖੀ-ਰੰਗ ਵਿਚ ਪੰਜਾਬੀ ਤਾਂ ਦੇਸ਼ ਦੀ ਵਾਗਡੋਰ ਵੀ ਸੰਭਾਲ ਸਕਦੇ ਹਨ ਅਤੇ ਦੁਨੀਆਂ ਨੂੰ ਆਰਥਿਕ ਸੰਕਟ ਵਿਚੋਂ ਕਢਣ ਵਾਸਤੇ ਮੋਹਰੀ ਭੂਮਿਕਾ ਵੀ ਨਿਭਾ ਸਕਦੇ ਹਨ। ਪਰ ਪੰਥਕ-ਰੂਪ ਵਿਚ ਉਸੇ ਹੀ ਕੌਮ ਦੇ ਖਾਲਸਾ-ਸਿੱਖ ਇਕ ਗੁਰਦੁਆਰੇ ਦਾ ਪ੍ਰਬੰਧ ਵੀ ਨਹੀਂ ਚਲਾ ਸਕਦੇ। ਇਸ ਚੁਣੌਤੀ ਦੇ ਸਨਮੁਖ ਹੋਣ ਦੀ ਲੋੜ ਹੈ ਕਿ ਸਿੱਖ ਰੂਪ ਵਿਚ ਸਫਲ ਵਿਅਕਤੀ, ਪੰਥਕ ਪ੍ਰਸੰਗ ਵਿਚ ਫੇਲ੍ਹ ਹੋ ਜਾਣ ਵਾਲੇ ਰਾਹੇ ਕਿਉਂ ਅਤੇ ਕਿਵੇਂ ਪੈ ਜਾਂਦਾ ਹੈ?

ਦੂਜੀ ਚੁਣੌਤੀ ਇਸੇ ਨਾਲ ਜੁੜੀ ਹੋਈ ਹੈ। "ਇਕ ਸਿੱਖ ਦੋਇ ਸਾਧਸੰਗ ਪੰਜੀਂ ਪਰਮੇਸ਼ਰ" ਦਾ ਸਮਕਾਲੀ-ਜਲੌਅ ਗੁਆਚ ਗਿਆ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇਸ ਧਾਰਮਿਕ-ਜਲੌਅ ਦਾ ਸਿਆਸੀਕਰਨ ਹੋ ਗਿਆ ਹੈ। ਫਿਰ ਤਾਂ ਇਹੀ ਸਮਝ ਆਉਂਦਾ ਹੈ ਕਿ ਸਿੱਖ ਨੂੰ ਸਿੱਖ ਦੇ ਗੁਣ ਨਹੀਂ ਔਗੁਣ ਹੀ ਔਗੁਣ ਨਜ਼ਰ ਆਉਣ ਲੱਗ ਪਏ ਹਨ। ਤਾਂ ਤੇ ਸਿੱਖ ਹੀ ਸਿੱਖ ਦੀ ਅਸਫਲਤਾ ਲਈ ਜਿੰਮੇਵਾਰ ਬਣਦਾ ਜਾ ਰਿਹਾ ਹੈ। ਇਸ ਦਾ ਵੰਗਾਰ ਰੂਪ ਇਹ ਹੋਇਆ ਕਿ ਸਿੱਖ ਨੂੰ ਪਹਿਲਾਂ ਸਿੱਖ ਤੋਂ ਅਤੇ ਫਿਰ ਸਿੱਖੀ ਨੂੰ ਸਿੱਖਾਂ ਤੋਂ ਬਚਾਏ ਜਾਣ ਦੀ ਲੋੜ ਹੈ। ਇਸ ਦਾ ਵਿਚਾਰ ਇਸ ਗੱਲ ਤੋਂ ਸ਼ੁਰੂ ਕਰਨਾ ਪਵੇਗਾ ਕਿ ਜੇ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ ਤਾਂ ਫਸਲ ਨੂੰ ਬਚਾਉਣ ਦੀਆਂ ਸਾਰੀਆਂ ਸਕੀਮਾਂ ਨੂੰ ਸਿਆਸਤ ਦਾ ਸੱਚ ਕਹਿਣਾ ਚਾਹੀਦਾ ਹੈ। ਵਿਰਾਸਤ ਨੂੰ ਜੇ ਵਾਰਸਾਂ ਤੋਂ ਹੀ ਖਤਰਾ ਪੈਦਾ ਹੋ ਜਾਵੇ ਤਾਂ ਸਿੱਖ ਪ੍ਰਸੰਗ ਵਿਚ, ਸਿੱਖੀ ਨੂੰ ਸਿੱਖਾਂ ਤੋਂ ਬਚਾਉਣ ਦੀ ਵੰਗਾਰ ਪੈਦਾ ਹੋ ਜਾਏਗੀ। ਇਸ ਦੀ ਲੋੜ ਸਦਾ ਹੀ ਪੈਂਦੀ ਰਹੀ ਹੈ ਅਤੇ ਪੈਂਦੀ ਵੀ ਰਹਿਣੀ ਹੈ। ਕਾਰਨ ਇਹ ਹੈ ਕਿ ਸਿੱਖਾਂ ਨੂੰ ਵਿਰੋਧੀਆਂ ਨਾਲ ਲੜਨ ਦੀ ਵਿਧੀ ਤਾਂ ਬਾਖੂਬੀ ਆਉਂਦੀ ਹੈ, ਪਰ ਅੰਦਰਲੇ ਭਾਈਚਾਰਕ-ਵਿਰੋਧੀਆਂ ਨਾਲ ਲੜਨ ਵਾਸਤੇ ਸਿੱਖ ਲਗਭਗ ਅਨਾੜੀ ਹੀ ਕਹਿਣੇ ਚਾਹੀਦੇ ਹਨ। ਅਨਾੜੀਪਨ ਕੇਵਲ ਤੇ ਕੇਵਲ ਸਿਆਸਤਦਾਨਾਂ ਨੂੰ ਹੀ ਠੀਕ ਬੈਠ ਸਕਦਾ ਹੈ ਕਿਉਂਕਿ ਅਨਾੜੀ ਵੋਟ-ਬੈਂਕ ਲਾਰਾ-ਸਿਆਸਤ ਵਿਚ ਸੌਖਿਆਂ ਉਲਝਾਇਆ ਜਾ ਸਕਦਾ ਹੈ। ਇਹ ਪਰਤ ਆਪਣਿਆਂ ਨਾਲ ਨਜਿੱਠਣ ਵਲ ਇਸ਼ਾਰਾ ਕਰ ਦੇਂਦੀ ਹੈ। ਇਸ ਨਾਲ ਇਹ ਗੱਲ ਸਾਹਮਣੇ ਆ ਜਾਂਦੀ ਹੈ ਕਿ ਅੰਦਰਲਿਆਂ ਨਾਲ ਲੜਾਈ ਦਾ ਇਤਿਹਾਸ ਵਿਚ ਪ੍ਰਕਾਸ਼ਨ, ਗੁਰੂ ਸਾਹਿਬਾਨ ਦੀ ਅਗਵਾਈ ਵਿਚ ਵੀ ਨਜ਼ਰ ਨਹੀਂ ਆਉਂਦਾ। ਗੁਰੂ-ਕਾਲ ਵਿਚ ਵੀ ਗੁਰੂ ਸਾਹਿਬਾਨ ਨੇ 'ਸ੍ਰੀ ਚੰਦੀਏ ਵੈਰਾਗੀਆਂ' ਵਿਰੁਧ ਕੋਈ ਮੁਹਿੰਮ ਨਹੀਂ ਵਿੱਢੀ ਸੀ। ਗੁਰੂ-ਸੁਰਤ ਤੋਂ ਗੁਰੂ-ਵਿਰੋਧੀ ਹੋ ਗਿਆ ਪ੍ਰਿਥੀ ਚੰਦ ਅਤੇ ਉਨ੍ਹਾਂ ਦੇ ਪੁੱਤਰ ਮਿਹਰਬਾਨ ਵਿਰੁਧ ਵੀ ਪੰਚਮ ਪਾਤਸ਼ਾਹ ਜੀ ਨੇ ਕੋਈ ਲੜਾਈ ਨਹੀਂ ਲੜੀ ਸੀ ਅਤੇ ਇਤਿਹਾਸ ਵਿਚ ਵੀ ਸਿੱਖ ਪ੍ਰਿਥੀ ਚੰਦ ਦਾ ਗੁੱਸਾ 'ਚੰਦੂ' 'ਤੇ ਹੀ ਕਢਦੇ ਰਹੇ ਜਾਪਦੇ ਹਨ। 'ਰਾਮਰਾਈਏ' ਅਤੇ 'ਧੀਰਮਲੀਏ' ਸਿੱਖਾਂ ਦੇ ਤ੍ਰਿਸਕਾਰ ਦਾ ਸ਼ਿਕਾਰ ਤਾਂ ਜ਼ਰੂਰ ਹੋਏ ਪਰ ਇਨ੍ਹਾਂ ਵਿਰੁਧ ਵੀ ਲੜਾਈ ਉਸ ਤਰ੍ਹਾਂ ਵਿਉਂਤਬੱਧ ਢੰਗ ਨਾਲ ਗੁਰੂ ਸਾਹਿਬਾਨ ਵਲੋਂ ਨਹੀਂ ਲੜੀ ਗਈ ਸੀ, ਜਿਵੇਂ ਲੜੀ ਜਾਣੀ ਚਾਹੀਦੀ ਸੀ ਜਾਂ ਜਿਵੇਂ ਲੜੀ ਜਾ ਸਕਦੀ ਸੀ। ਇਸ ਨਾਲ ਇਹ ਨੁਕਤਾ ਸਾਹਮਣੇ ਆ ਜਾਂਦਾ ਹੈ ਕਿ 'ਚੜ੍ਹਦੀ ਕਲਾ' ਅਤੇ 'ਸਭ ਭਾਣੇ ਵਿਚ ਹੈ' ਦੀ ਭਾਵਨਾ ਵਿਚ ਗੁਝੀ ਹੋਈ ਸਿੱਖ ਮਾਨਸਿਕਤਾ, ਜਿਵੇਂ ਵਿਰੋਧੀਆਂ ਨਾਲ ਨੰਗੇ ਪੈਰੀਂ ਅਤੇ ਨੰਗੇ ਪਿੰਡੇ ਲੜਦੀ ਆ ਰਹੀ ਹੈ, ਉਸ ਤਰ੍ਹਾਂ ਅੰਦਰਲੇ ਦੁਸ਼ਮਣਾਂ ਖਿਲਾਫ ਲਗਭਗ ਕਦੇ ਵੀ ਨਹੀਂ ਲੜ ਸਕੀ। ਇਸ ਦਾ ਵਰਤਮਾਨ ਪ੍ਰਸੰਗ ਸਿੱਖ-ਸਿਆਸਤਦਾਨ ਬੇਸ਼ਕ ਵਧੇਰੇ ਰੜਕਵੇਂ ਹਨ ਪਰ ਕੌਮੀ-ਵਾਰਸਾਂ ਦੀ ਸੁੱਤ ਨੂੰ ਵੀ ਅਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਇਸੇ ਨੂੰ ਇਥੇ ਪੰਥਕ-ਵੰਗਾਰ ਵਜੋਂ ਇਥੇ ਵਿਚਾਰਿਆ ਜਾ ਰਿਹਾ ਹੈ।

ਇਸ ਵਿਸ਼ੇ ਉਤੇ ਜਦੋਂ ਸ. ਕਪੂਰ ਸਿੰਘ ਗੱਲ ਕਰਦੇ ਹੁੰਦੇ ਸਨ ਤਾਂ ਆਪਣੀ ਭਾਵਨਾ ਨੂੰ 'ਮੂਰਖ ਸਿੱਖ' ਕਹਿ ਕੇ ਪ੍ਰਗਟਾਉਣ ਦੀ ਕੋਸ਼ਿਸ਼ ਕਰਿਆ ਕਰਦੇ ਸਨ। ਜੇ ਸਿੱਖ ਭਾਈਚਾਰੇ ਵਿਚ ਪੜ੍ਹਨ ਲਿਖਣ ਦਾ ਸੁਭਾ ਹੁੰਦਾ ਤਾਂ ਡਾ. ਜਸਬੀਰ ਸਿੰਘ ਆਹਲੂਵਾਲੀਆਂ ਦੀ ਪੁਸਤਕ, 'ਲਿਬਰੇਟਿੰਗ ਸਿੱਖਇਜ਼ਮ ਫਰੌਮ ਸਿੱਖਸ' 2003) ਬਾਰੇ ਚਰਚਾ ਜ਼ਰੂਰ ਚਲਣੀ ਚਾਹੀਦੀ ਸੀ। ਇਸ ਪੁਸਤਕ ਵਿਚ ਕੀ ਹੋ ਰਿਹਾ ਹੈ, ਕੀ ਕਰ ਸਕਦੇ ਹਾਂ ਅਤੇ ਕਿਉਂ ਨਹੀਂ ਕਰ ਰਹੇ, ਦਾ ਅਕਾਦਮਿਕ ਅਤੇ ਸਿੱਖ ਪ੍ਰਸੰਗ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪਹਿਲਾਂ ਖੁਸ਼ਵੰਤ ਸਿੰਘ ਨੇ ਕਿਹਾ ਸੀ ਕਿ ਆਉਂਦੇ 50 ਸਾਲਾਂ ਵਿਚ ਸਿੱਖ ਨਹੀਂ ਰਹਿਣੇ। ਬਥੇਰਾ ਰੌਲਾ ਪਿਆ ਸੀ। ਪਰ ਕਿਸੇ ਨੇ ਨਹੀਂ ਸੋਚਿਆ ਕਿ ਇਸ ਨੂੰ ਭਵਿਖਵਾਣੀ ਵਾਂਗ ਲੈਣ ਦੀ ਥਾਂ ਇਹ ਸਮਝੇ ਜਾਣ ਦੀ ਲੋੜ ਹੈ ਕਿ ਇਸ ਟਿੱਪਣੀ ਨਾਲ ਸਿੱਖਾਂ ਵਲੋਂ ਸਿੱਖੀ ਨੂੰ ਦਰਪੇਸ਼ ਖਤਰੇ ਵਲ ਉਂਗਲੀ ਉਠ ਗਈ ਹੈ। ਇਸ ਟਿਪਣੀ ਬਾਰੇ ਅਕਾਦਮਿਕ-ਸੰਵਾਦ ਛੇੜਨ ਦੀ ਥਾਂ, ਇਸ ਦੇ ਵਿਰੋਧ ਦੀ ਸਿਆਸਤ ਨਾਲ ਸੰਤੁਸ਼ਟ ਹੋਣ ਦੀ ਕੋਸ਼ਿਸ਼ ਕੀਤੀ ਗਈ ਸੀ ਅਤੇ ਬੱਸ ਗੱਲ ਖਤਮ ਹੋ ਗਈ ਸੀ। ਇਹੋ ਜਿਹਾ ਸਿੱਖ-ਸੁਭਾ ਚੁਣੌਤੀਆਂ ਦਾ ਜਵਾਬ ਦੇਣ ਦੀ ਥਾਂ, ਚੁਣੌਤੀਆਂ ਨੂੰ ਸ਼ਹਿ ਦੇਂਦਾ ਆ ਰਿਹਾ ਹੈ। ਦੁਨੀਆਂ ਦੇ ਵਡੇ ਧਰਮਾਂ ਦੇ ਵਿਰੁਧ ਬੇਬਾਕ ਟਿਪਣੀਆਂ ਦੀ ਆਜ਼ਾਦੀ ਰਹੀ ਹੈ ਅਤੇ ਸਥਾਪਤ ਧਰਮਾਂ ਦੇ ਵਿਰੋਧ ਵਿਚ ਬਹੁਤ ਕੁਝ ਲਿਖਿਆ ਜਾਂਦਾ ਰਿਹਾ ਹੈ। ਪਰ ਸਬੰਧਤ ਧਰਮੀਆਂ ਵਲੋਂ ਲੇਖਕਾਂ ਨੂੰ ਚੁੱਪ ਕਰਾਉਣ ਦੇ ਯਤਨ ਘੱਟ ਹੀ ਹੋਏ ਹਨ।

ਗੱਲ ਡਾ. ਆਹਲੂਵਾਲੀਆਂ ਦੀ ਉਪਰੋਕਤ ਪੁਸਤਕ ਦੀ ਚਲ ਰਹੀ ਹੈ। ਇਸ ਵਿਚ ਵੀ ਨਤੀਜਾ ਇਹੀ ਕਢਿਆ ਹੋਇਆ ਹੈ ਕਿ ਸਿੱਖੀ ਤਾਂ ਕਾਇਮ ਰਹਿਣੀ ਹੈ ਪਰ ਸਿੱਖਾਂ ਦੇ ਕਾਇਮ ਰਹਿਣ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ? ਪੁਸਤਕ ਦਾ ਰੀਵੀਊ ਵੀ ਲੇਖ ਬਣ ਸਕਦਾ ਹੈ ਪਰ ਆਪਣੀ ਗੱਲ ਕਰਨ ਤੋਂ ਪਹਿਲਾਂ ਮੈ ਪੁਸਤਕ ਦਾ ਮੁੱਦਾ ਲੇਖਕ ਦੇ ਆਪਣੇ ਸ਼ਬਦਾਂ ਵਿਚ ਸਾਂਝਾ ਕਰਨਾ ਚਾਹੁੰਦਾ ਹਾਂ:

"Out of these, the most manipulative stratagem is the symbiotic relationship in which the religious and political leadership sustain each other, strengthen each other, weaken each other, exploit each other, while all the time complementing each other. It is liberation from such stereotyped Sikh praxis that I, euphemistically, call liberation of Sikhism from 'the Sikhs'- a liberation from an obsolescent mindset; a liberation from the hardened dogma encrusting the spirit of Sikhism; a liberation from the self-styled custodians of the faith; a liberation from the, theonomy of the Takht Clergy claiming, virtually regency of the Guru and God on earth; a liberation from the Jekyll-and Hyde type of leaders who well qualify as dramatis personae of the political theater of the Absurd; a liberation from mushrooming sants emitting scented stinks; a liberation from 'Pop intellectuals' of Sikhism; a liberation from theologasters delivering in the shrines shallow discourses with sprinkling of (little understood) sakhis; a liberation from Stupid Sikhs (in the words of Sirdar Kapur Singh). "(Introduction, p. 18)

ਇਸ ਟਿਪਣੀ ਨੂੰ ਪ੍ਰਸੰਗ ਵਿਚ ਸਮਝਣ ਅਤੇ ਵਰਤਣ ਦੀ ਚੁਣੌਤੀ ਦੀ ਥਾਂ, ਇਹੀ ਸਮਝਿਆ ਜਾਂਦਾ ਰਿਹਾ ਹੈ ਕਿ ਇਹ ਟਿਪਣੀ, ਹਰੇਕ ਸਿੱਖ ਵਲੋਂ ਆਪਣੇ ਆਪਣੇ ਵਿਰੋਧੀ-ਸਿੱਖ ਵਿਰੁਧ ਵਰਤਣ ਵਾਸਤੇ ਕੁਤਕੇ ਵਾਂਗ ਵਰਤੀ ਜਾ ਸਕਦੀ ਹੈ। ਇਸੇ ਨੂੰ ਮੈਂ ਸਿੱਖ-ਸਿਆਸਤ ਕਹਿਣ ਦਾ ਯਤਨ ਕਰ ਰਿਹਾ ਹਾਂ। ਇਹ ਸਮਝਣਾ ਕੋਈ ਔਖਾ ਨਹੀਂ ਹੈ ਕਿ ਜਿਹੜੀਆਂ ਵੰਗਾਰਾਂ ਤੋਂ ਬਚਣ ਦੀ ਗੱਲ ਇਸ ਟਿਪਣੀ ਨਾਲ ਕੀਤੀ ਜਾ ਰਹੀ ਹੈ, ਉਨ੍ਹਾਂ ਵੰਗਾਰਾਂ ਦੇ ਸਾਰਿਆਂ ਸੋਮਿਆਂ ਉਤੇ ਸਿੱਖਾਂ ਦਾ ਹੀ ਕਬਜ਼ਾ ਹੈ। ਜਿਹੜੀਆਂ ਗੱਲਾਂ ਸਿੱਖਾਂ ਵਲੋਂ ਸਿੱਖਾਂ ਵਾਸਤੇ ਕੀਤੀਆਂ ਜਾ ਰਹੀਆਂ ਹਨ, ਜੇ ਉਹ ਸਿੱਖਾਂ ਦੇ ਹੀ ਹੱਕ ਵਿਚ ਨਹੀਂ ਭੁਗਤ ਰਹੀਆਂ ਤਾਂ ਤੇ ਸਿੱਖੀ ਨੂੰ ਸਿੱਖਾਂ ਤੋਂ ਬਚਾਉਣ ਦੀ ਗੱਲ ਕਰਨੀ ਹੀ ਚਾਹੀਦੀ ਹੈ।

ਡਾ. ਆਹਲੂਵਾਲੀਆਂ ਨੇ ਵੀ ਉਪਰੋਕਤ ਹਵਾਲੇ ਨਾਲ ਇਹੀ ਕਹਿਣ ਦੀ ਕੋਸ਼ਿਸ਼ ਕੀਤੀ ਜਾਪਦੀ ਹੈ। ਗੱਲ ਭਾਵੇਂ ਸਿੱਖ-ਸਿਆਸਤਦਾਨਾਂ ਅਤੇ ਸਿੱਖ-ਸੰਸਥਾਵਾਂ ਦੇ ਪ੍ਰਬੰਧਕਾਂ ਵਿਚਕਾਰ ਚਲ ਰਹੇ ਅਪਵਿਤਰ-ਗਠਜੋੜ ਨਾਲ ਹੀ ਸ਼ੁਰੂ ਹੁੰਦੀ ਹੈ, ਪਰ ਦੁਖਾਂਤ ਤਾਂ ਇਹ ਹੈ ਕਿ ਇਸ ਕੰਮ-ਚਲਾਊ ਸਮਝੌਤੇ ਦੇ ਬਾਵਜੂਦ, ਦੋਵੇਂ ਧਿਰਾਂ ਇਕ ਦੂਜੇ ਨੂੰ ਕਮਜ਼ੋਰ ਵੀ ਕਰ ਰਹੀਆਂ ਹਨ, ਇਕ ਦੂਜੇ ਦਾ ਸ਼ੋਸ਼ਣ ਵੀ ਕਰ ਰਹੀਆਂ ਹਨ, ਭਾਵੇਂ ਉਹ ਦੋਵੇਂ ਧਿਰਾਂ ਪਰਸਪਰ ਮਹਿਮਾ-ਸਭਾ ਵਾਂਗ ਵੀ ਕੰਮ ਕਰ ਰਹੀਆਂ ਲਗਦੀਆਂ ਹਨ। ਇਸ ਨਾਲ ਘਸੇ-ਪਿਟੇ ਅਜਿਹੇ ਸਿੱਖ-ਅਮਲ ਪੈਦਾ ਹੋ ਗਏ ਹਨ, ਜਿਨ੍ਹਾਂ ਤੋਂ ਮੁਕਤੀ ਨੂੰ ਹੀ, ਸਿੱਖੀ ਨੂੰ ਸਿੱਖਾਂ ਤੋਂ ਮੁਕਤੀ ਕਿਹਾ ਜਾ ਰਿਹਾ ਹੈ। ਡਾ. ਆਹਲੂਵਾਲੀਆਂ ਦੀ ਭਾਵਨਾ ਵਿਚ ਇਹ ਮੁਕਤੀ ਹੈ ਵਕਤ ਵਿਹਾ ਚੁਕੀ ਮਾਨਸਿਕਤਾ ਤੋਂ, ਇਹ ਮੁਕਤੀ ਹੈ ਸਿੱਖੀ ਨਾਲ ਢਕੀ ਹੋਈ ਕੱਟੜਤਾ ਤੋਂ, ਇਹ ਮੁਕਤੀ ਹੈ ਆਪੇ ਬਣੇ ਸਿੱਖੀ ਦੇ ਰਖਵਾਲਿਆਂ ਤੋਂ, ਇਹ ਮੁਕਤੀ ਹੈ ਗੁਰੂ ਅਤੇ ਅਕਾਲਪੁਰਖ ਦੇ ਨਾਮ ਤੇ ਮਾਲਕ ਬਣੇ ਬੈਠੇ ਤਖਤਾਂ ਦੇ ਪੁਜਾਰੀਆਂ ਤੋਂ, ਇਹ ਮੁਕਤੀ ਹੈ ਖੁੰਬਾਂ ਵਾਂਗੂ ਪੈਦਾ ਹੋ ਰਹੇ ਸੰਤਾਂ ਦੇ ਡੇਰਿਆਂ ਤੋਂ, ਇਹ ਮੁਕਤੀ ਹੈ ਅਖੌਤੀ ਬੁਧੀਜੀਵੀਆਂ ਤੋਂ, ਇਹ ਮੁਕਤੀ ਹੈ ਬਿਨਾਂ ਸਮਝੇ ਸਾਖੀਆਂ ਸੁਣਾਉਣ ਵਾਲੇ ਕਥਾਕਾਰਾਂ ਤੋਂ ਅਤੇ ਇਹ ਮੁਕਤੀ ਹੈ ਸਿਰਦਾਰ ਕਪੂਰ ਸਿੰਘ ਦੇ ਸ਼ਬਦਾਂ ਵਿਚ 'ਮੂਰਖ ਸਿੱਖਾਂ' ਤੋਂ। ਇਸ ਨਾਲ ਇਹ ਸਮਝਣਾ ਔਖਾ ਨਹੀ ਰਿਹਾ ਕਿ ਸਿੱਖੀ ਨੂੰ ਸਿੱਖਾਂ ਤੋਂ

ਬਚਾਉਣਾ ਕਿਉਂ ਜ਼ਰੂਰੀ ਹੁੰਦਾ ਜਾ ਰਿਹਾ ਹੈ?

ਪਰ ਇਹਦੇ ਨਾਲ ਪੰਥਕ-ਚੁਣੌਤੀਆਂ ਦੀ ਗੱਲ ਮੁੱਕਦੀ ਨਹੀਂ ਸਗੋਂ ਤੁਰਦੀ ਹੈ। ਵੇਖਣ ਨੂੰ ਤਾਂ ਇਉਂ ਹੀ ਲਗਦਾ ਹੈ ਕਿ ਸਿੱਖੀ ਦਾ ਅੰਦਰੋਂ ਨੁਕਸਾਨ ਉਹੀ ਵਰਗ ਕਰ ਰਿਹਾ ਹੈ, ਜਿਨ੍ਹਾਂ ਕੋਲ ਸਿੱਖ-ਸੰਸਥਾਵਾਂ ਦੀ ਪ੍ਰਬੰਧਕੀ-ਇਜਾਰੇਦਾਰੀ ਹੈ। ਇਹ ਗੱਲ ਜੇ ਬਿਲਕੁਲ ਠੀਕ ਵੀ ਮੰਨ ਲਈਏ ਤਾਂ ਵੀ ਇਸ ਵਰਗ ਦੀ ਗਿਣਤੀ ਅੱਧਾ ਪ੍ਰਤੀਸ਼ਤ ਵੀ ਨਹੀਂ ਬਣੇਗੀ। ਇਨ੍ਹਾਂ ਨੂੰ ਜੇ ਸਾਢੇ ਨੜ੍ਹਿਨਵੇਂ ਪ੍ਰਤੀਸ਼ਤ ਸਿੱਖਾਂ ਵਲੋਂ ਕਿਸੇ ਵੀ ਕਾਰਨ/ਬਹਾਨੇ ਜੇ ਆਸਰਾ ਨਾ ਮਿਲੇ ਤਾਂ ਪ੍ਰਬੰਧਕੀ-ਇਜਾਰੇਦਾਰੀ ਕਿਵੇਂ ਸੰਭਵ ਹੋ ਸਕਦੀ ਹੈ? ਇਹ ਵਖਰੀ ਗੱਲ ਹੈ ਕਿ ਇਜਾਰੇਦਾਰੀ-ਸਿਆਸਤ ਵਾਸਤੇ ਅਪਵਿੱਤਰ-ਗੱਠਜੋੜ ਹੀ ਵਧੇਰੇ ਕੰਮ ਆਉਂਦੇ ਹਨ। ਇਹ ਸਾਰਾ ਕੁਝ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਆਮ ਸਿੱਖ ਅਗਿਆਨ-ਕਲਪਿਤ ਬੰਧਨਾਂ ਅਤੇ ਭਰਮ-ਮੂਲਕ ਕਰਮਾਂ ਵਿਚ ਏਨਾਂ ਫਸ ਜਾਵੇ ਕਿ ਬਾਹਰ ਆਉਣ ਦੇ ਕਾਬਲ ਹੀ ਨਾ ਰਹੇ। ਸਿੱਖੀ ਨੇ ਆਮ ਆਦਮੀ ਨੂੰ ਇਸ ਦਲਦਲ ਵਿਚੋਂ ਨਿਕਲਣ ਦਾ ਜੋ ਮਾਰਗ ਦਸਿਆ ਸੀ, ਉਸੇ ਨੂੰ 'ਸਿੱਖੀ' ਕਿਹਾ ਜਾ ਰਿਹਾ ਹੈ। ਸਿੱਖੀ ਨੂੰ ਆਮ ਮਾਨਸਿਕਤਾ ਵਿਚ ਉਤਾਰਨ ਲਗਿਆਂ ਦੋ ਸਦੀਆਂ (1499-1699) ਲੱਗ ਗਈਆਂ ਸਨ। ਸਿੱਖੀ ਦੇ ਰੂਪ ਵਿਚ ਪਹਿਲੀ ਵਾਰ ਅਜਿਹੀ ਸਿੱਖ-ਅਧਿਆਤਮਿਕ-ਜੁਗਤਿ ਸਾਹਮਣੇ ਆਈ ਸੀ, ਜਿਸ ਦਾ ਟੀਚਾ 'ਚੜ੍ਹਿਆ ਸੋਧਨ ਧਰਤ ਲੋਕਾਈ' ਸੀ; 'ਜਗਤ ਜਲੰਦਾ ਰਖ ਲੈ' ਸੀ; 'ਸਗਲ ਸੰਗਿ ਹਮ ਕਉ ਬਨਿ ਆਈ' ਸੀ ਅਤੇ 'ਸਰਬਤ ਦਾ ਭਲਾ' ਦੀ ਵਿਵਹਾਰਕ ਨੈਤਿਕਤਾ ਸੀ।

ਕਿਸੇ ਵੀ ਸਮਕਾਲ ਵਿਚ ਹੋ ਰਹੀ ਸਿਆਸਤ ਨੂੰ ਇਹ ਸਾਰੇ ਨੈਤਿਕ-ਸਰੋਕਾਰ ਰਾਸ ਨਹੀਂ ਆ ਸਕਦੇ ਅਤੇ ਸਿੱਖਾਂ ਵਲੋਂ ਹੋਣ ਵਾਲੀ ਸਿਆਸਤ ਨੂੰ ਵੀ ਰਾਸ ਨਹੀਂ ਆ ਸਕਦੇ। ਸ਼ਾਇਦ ਏਸੇ ਕਰਕੇ ਸਿੱਖੀ ਨੂੰ ਸਿਆਸਤ ਕਦੇ ਰਾਸ ਹੀ ਨਹੀਂ ਆਈ ਕਿਉਂਕਿ ਸਿਆਸਤ ਕਿਸੇ ਵੀ ਧਰਮ ਦਾ ਕੁਦਰਤੀ-ਹਿੱਸਾ ਹੋ ਹੀ ਨਹੀਂ ਸਕਦੀ। ਜੇ ਸਿੱਖੀ ਨੂੰ ਸਿਆਸਤ ਨੂੰ ਹੋ ਹੀ ਸਿੱਖੀ ਮੰਨ ਲਿਆ ਹੈ ਤਾਂ ਕਸੂਰ ਸਿੱਖੀ ਦਾ ਤਾਂ ਨਹੀਂ ਕਿਹਾ ਜਾ ਸਕਦਾ, ਸਿੱਖਾਂ ਦਾ ਹੀ ਕਹਿਣਾ ਪਵੇਗਾ। ਵਰਤਮਾਨ ਵੰਗਾਰਾਂ ਲਈ ਕਸੂਰਵਾਰ ਦੀ ਨਿਸ਼ਾਨਦੇਹੀ ਕਰਨੀ ਹੋਵੇ ਤਾਂ ਕਥਿਤ-ਕਸੂਰ ਤੋਂ ਕੋਈ ਵੀ ਸਿੱਖ ਭੱਜ ਨਹੀਂ ਸਕਦਾ ਕਿਉਂਕਿ ਕਸੂਰ, ਜੇ ਸਿੱਖਾਂ ਦਾ ਆਮ ਕਰਕੇ ਹੈ ਤਾਂ ਸਿੱਖ-ਸਿਆਸਤਦਾਨਾਂ ਦਾ ਖਾਸ ਕਰਕੇ ਹੀ ਕਹਿਣਾ ਪਵੇਗਾ। ਏਸੇ ਪਰਤ ਦਾ ਨਤੀਜਾ ਸਿੱਖੀ ਨੂੰ ਸਿੱਖਾਂ ਤੋਂ ਬਚਾਉਣ ਵਿਚ ਨਿਕਲਦਾ ਕਹਿ ਰਿਹਾ ਹਾਂ।

ਕਿਸਨੂੰ ਭੁਲੇਖਾ ਹੈ ਕਿ ਸਿੱਖ ਸਿਆਸਤ ਦੀ ਵਿਆਖਿਆ ਵੀ ਇਹ ਹੁੰਦੀ ਜਾ ਰਹੀ ਹੈ ਕਿ ਜਿਸ ਨੂੰ, ਜਿੰਨਾ ਘਟ ਪਤਾ ਹੋਵੇ, ਓਨਾ ਹੀ ਉਚੀ ਬੋਲਣ ਵਾਲਾ ਹੀ ਸਿੱਖ-ਸਿਆਸਤਦਾਨ ਹੋ ਗਿਆ ਹੈ। ਇਸ ਦੀ ਇਕ ਹੋਰ ਪਰਤ ਇਹ ਹੋ ਗਈ ਹੈ ਕਿ ਬਿਨਾਂ ਯੋਗਤਾ ਅਤੇ ਯੋਗਦਾਨ ਤੋਂ, ਸੌਖਿਆਂ ਅਮੀਰ ਹੋਣ ਦੇ ਗਰੰਟੀਸ਼ੁਦਾ ਸਾਧਨ ਨੂੰ ਵੀ ਸਿੱਖ-ਸਿਆਸਤ ਕਿਹਾ ਜਾਣ ਲੱਗ ਪਿਆ ਹੈ। ਝੂਠ ਨੂੰ ਸੱਚ ਵਾਂਗ ਵੇਚ ਸਕਣ ਦਾ ਵਪਾਰ ਵੀ ਸਮਕਾਲੀ-ਸਿਆਸਤ ਹੋ ਗਿਆ ਹੈ ਅਤੇ ਤਲਿੱਸਮੀ-ਅਨੈਤਿਕਤਾ ਦਾ ਸ੍ਰੋਤ ਵੀ ਸਮਕਾਲੀ-ਸਿਆਸਤ ਹੀ ਹੋ ਗਈ ਹੈ। ਸਿਆਸਤ ਦੇ ਇਹ ਸਾਰੇ ਔਗੁਣ ਸਿੱਖ-ਸਿਆਸਤ ਵਿਚ ਸਿੱਖਾਂ ਨੇ ਆਪ ਲਿਆਂਦੇ ਹਨ ਅਤੇ ਇਹੀ ਔਗੁਣ ਪੰਥ ਨੂੰ ਖਤਰੇ ਦੀ ਸਿਆਸਤ ਅਤੇ ਆਮ ਕਰਕੇ ਸਿਆਸਤ ਦਾ ਵਪਾਰ ਹੋ ਗਏ ਹਨ। ਇਸ ਵਿਚ ਕਿਹੜੇ ਸਿੱਖ-ਵਰਗ ਨੇ ਸਿੱਧਾ ਜਾਂ ਅਸਿੱਧਾ ਹਿੱਸਾ ਨਹੀਂ ਪਾਇਆ ਜਾਂ ਨਹੀਂ ਪਾ ਰਿਹਾ? ਜੋ ਇਸ ਨਾਲ ਮਾਲਾਮਾਲ ਹੋ ਗਏ ਹਨ, ਉਨ੍ਹਾਂ ਦਾ ਕਸੂਰ ਓਨਾ ਨਹੀਂ, ਜਿੰਨਾ ਉਨ੍ਹਾਂ ਗੁਰੂਕਿਆਂ ਦਾ ਹੈ, ਜਿਨ੍ਹਾਂ ਨੇ ਇਸ ਨਾਲ ਸਮਝੌਤਾ ਕਰ ਲਿਆ ਹੈ, ਜਾਂ ਵੇਖ ਕੇ ਵੀ ਅੱਖਾਂ ਮੀਟ ਲਈਆਂ ਹਨ। ਜਦੋਂ ਪੰਥਕ-ਸਿਆਸਤ ਦੀ ਆੜ ਵਿਚ ਸਿੱਖ-ਸਿਆਸਤਦਾਨਾਂ ਦੀ ਮਗਰ ਰਹਿ ਗਈ ਜਾਂ ਪਛੜ ਗਈ ਕੋਈ ਵੀ ਧਿਰ, ਕਾਬਜ਼ ਧਿਰ ਦੀ ਮੁਖ਼ਾਲਫਤ ਕਰਦੀ ਹੈ ਤਾਂ ਅਸਲ ਵਿਚ ਪਹਿਲਾਂ ਜੋ ਹੋ ਰਿਹਾ ਹੈ, ਉਸ ਦਾ ਅਸਿੱਧਾ ਸਮਰਥਨ ਵੀ ਕਰਦੀ ਹੈ ਅਤੇ ਫਿਰ ਆਪਣਾ ਹਿੱਸਾ ਵੀ ਮੰਗਦੀ ਸਾਫ ਨਜ਼ਰ ਆਉਂਦੀ ਹੈ। ਸਿੱਧੀ-ਸਾਦੀ ਬੋਲੀ ਵਿਚ ਇਸ ਨੂੰ 'ਉਤਰ ਕਾਟੋ ਮੈਂ ਚੜ੍ਹਾਂ' ਕਿਹਾ ਜਾ ਸਕਦਾ ਹੈ। ਹੁਣ ਤਾਂ 'ਮਹਾਪੁਰਸ਼' ਕਹਾਉਣ ਵਾਲੇ ਸੰਤ ਮਹਾਤਮਾ ਵੀ ਇਸ ਸਿਆਸੀ-ਖੇਡ ਵਿਚ ਕਿਸੇ ਨਾਲੋਂ ਪਿਛੇ ਨਹੀਂ ਰਹਿਣਾ ਚਾਹੁੰਦੇ। ਇਹੀ ਸਥਿਤੀ ਹੈ, ਜਿਸ ਵਿਚ ਭਾਈ ਗੁਰਦਾਸ ਨੇ ਆਪਣੇ ਕਬਿੱਤ 544 ਵਿਚ ਕਿਹਾ ਸੀ ਕਿ ਸਿੱਖ-ਸੰਸਥਾਵਾਂ ਦੀ ਹੀ ਸਿਆਸਤ ਹੋਣ ਲਗ ਪਵੇ ਤਾਂ ਫਿਰ ਭਰੋਸਾ ਕਿਸ ਉਤੇ ਕੀਤਾ ਜਾਵੇ:

ਬਾਹਰ ਕੀ ਅਗਨਿ ਬੁਝਤ ਜਲ ਸਰਤਾ ਕੈ,
ਨਾਉ ਮੈ ਜਉ ਅਗਨਿ ਲਾਗੈ ਕੈਸੇ ਕੈ ਬੁਝਾਈਐ।
ਬਾਹਰ ਤੇ ਭਾਗਿ ਓਟ ਲੀਜੀਅਤ ਕੋਟ ਗੜ,
ਗੜ ਮੈ ਜਉ ਲੂਟਿ ਲੀਜੈ ਕਹੋ ਕਤ ਜਾਈਐ।
ਚੋਰਨ ਕੈ ਤ੍ਰਾਸ ਜਾਇ ਸਰਨਿ ਗਹੈ ਨਰਿੰਦ,
ਮਾਰੈ ਮਹੀਪਤਿ ਜੀਉ ਕੈਸੇ ਕੈ ਬਚਾਈਐ।
ਮਾਇਆ ਡਰ ਡਰਪਤ ਹਾਰ ਗੁਰਦੁਆਰੇ ਜਾਵੈ,
ਤਹਾਂ ਜਉ ਮਾਇਆ ਬਿਆਪੈ ਕਹਾਂ ਠਹਰਾਈਐ।

ਜੋ ਵੀ ਇਸ ਨਾਲ ਸਹਿਮਤ ਹੈ, ਉਸਨੂੰ ਇਹ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਸਿੱਖ-ਸੰਸਥਾਵਾਂ ਦੀ ਇਹ ਸਥਿਤੀ ਕੇਵਲ ਸਿੱਖਾਂ ਕਰਕੇ ਹੀ ਹੋ ਸਕਦੀ ਹੈ ਅਤੇ ਸਿੱਖ-ਵਿਰੋਧੀਆਂ ਕਰਕੇ ਕਦੇ ਵੀ ਨਹੀਂ ਹੋਈ, ਇਹ ਮੰਨ ਲੈਣਾ ਚਾਹੀਦਾ ਹੈ। ਗੁਰਦੁਆਰਾ-ਸੰਸਥਾ ਨੂੰ ਅਸੀਂ ਕਿਥੋਂ ਕਿਧਰ ਨੂੰ ਲੈ ਗਏ ਹਾਂ, ਇਸ ਦਾ ਅੰਦਾਜ਼ਾ ਗੁਰਦੁਆਰੇ ਦੀ ਉਸ ਵਿਆਖਿਆ ਦੁਆਰਾ ਸਮਝਣਾ ਹੋਵੇ ਤਾਂ ਸਮਝਿਆ ਜਾ ਸਕਦਾ ਹੈ, ਜਿਹੜੀ ਵਿਆਖਿਆ ਭਾਈ ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਦੇ ਪੰਨਾਂ 417 ਤੇ ਇਸ ਤਰ੍ਹਾਂ ਕੀਤੀ ਹੋਈ ਹੈ:

"ਸਿੱਖਾਂ ਦਾ ਗੁਰਦੁਆਰਾ ਵਿਦਯਾਰਥੀਆਂ ਲਈ ਸਕੂਲ, ਆਤਮ-ਜਿਗਯਾਸਾ ਵਾਲਿਆਂ ਲਈ ਗਯਾਨ ਉਪਦੇਸ਼ਕ ਅਚਾਰਯ, ਰੋਗੀਆਂ ਲਈ ਸ਼ਫਾਖਾਨਾ, ਭੁਖਿਆਂ ਲਈ ਅੰਨਪੂਰਣਾ, ਇਸਤ੍ਰੀ ਜਾਤ ਦੀ ਪਤ ਰੱਖਣ ਲਈ ਲੋਹਮਈ ਦੁਰਗ, ਅਤੇ ਮੁਸਾਫਰਾਂ ਲਈ ਵਿਸ਼੍ਰਾਮ ਦਾ ਅਸਥਾਨ ਹੈ"।

ਆਮਦਨ-ਕੇਂਦਰ ਬਣ ਚੁਕੇ ਗੁਰਦੁਆਰਿਆਂ ਨੂੰ ਵਰਤਮਾਨ ਹਾਲਾਤ ਤਕ ਪਹੁੰਚਾਣ ਲਈ ਸਿੱਖਾਂ ਤੋਂ ਬਿਨਾਂ ਕਿਸੇ ਹੋਰ ਨੂੰ ਜ਼ਿੰਮੇਵਾਰ ਕਿਵੇਂ ਠਹਿਰਾਇਆ ਜਾ ਸਕਦਾ ਹੈ। ਮਿਸਾਲਾਂ ਦੇਈ ਜਾਵਾਂ ਤਾਂ ਗੱਲ ਲੰਮੀ ਹੋ ਜਾਵੇਗੀ ਅਤੇ ਇਸ ਦੀ ਲੋੜ ਹੀ ਕੀ ਹੈ ਕਿਉਂਕਿ ਸਿਆਣੇ ਲਈ ਤਾਂ ਇਸ਼ਾਰਾ ਹੀ ਕਾਫੀ ਹੁੰਦਾ ਹੈ।



ਸਿੱਖੀ ਸੰਪੂਰਨ ਜੀਵਨ ਨੂੰ ਨਾਲ ਲੈ ਕੇ ਤੁਰਨ ਵਾਲਾ ਧਰਮ ਹੈ ਅਤੇ ਇਸ ਵਿਚ ਜੀਵਨ ਦੀ ਕਿਸੇ ਇਕ ਪਰਤ ਨਾਲ ਸੰਤੁਸ਼ਟ ਹੋ ਜਾਣਾ ਜਾਂ ਕਿਸੇ ਇਕ ਦੀ ਕੀਮਤ ਉਤੇ ਦੂਜੀ ਪਰਤ ਨੂੰ ਹੰਢਾਉਣ ਜਾਂ ਵਰਤਣ ਦੀ ਆਗਿਆ ਨਹੀਂ ਹੈ। ਪਰ ਅਸੀਂ ਲਗਾਤਾਰ ਇਹੋ ਹੀ ਕਰੀ ਜਾ ਰਹੇ ਹਾਂ ਅਤੇ ਸਿੱਖੀ ਦੀਆਂ ਪਵਿੱਤਰ ਪਰਤਾਂ ਨੂੰ ਸੌੜੇ ਹਿਤਾਂ ਲਈ ਵਰਤੀ ਜਾ ਰਹੇ ਹਾਂ। ਇਹ ਚੁਣੌਤੀ ਵੀ ਸਾਹਮਣੇ ਹੈ ਕਿ ਮੀਰੀ-ਪੀਰੀ ਦੇ ਪਵਿੱਤਰ ਸਿਧਾਂਤ ਨੂੰ ਸਿੱਖ-ਸਿਆਸਤ ਨੇ ਕਿਥੋਂ ਕਿਥੇ ਪਹੁੰਚਾ ਦਿਤਾ ਹੈ? ਇਹ ਕਿਸ ਕੋਲੋਂ ਭੁਲਿਆ ਹੋਇਆ ਹੈ ਕਿ ਇਸ ਸਿਧਾਂਤ ਦੇ ਦੋਹਾਂ ਸਿਰਿਆਂ ਵਿਚਕਾਰ ਸਹਿਜ ਸਥਾਪਤ ਕਰਨ ਦੀ ਥਾਂ, ਮੀਰੀ ਨੂੰ ਹੀ ਸਭ ਕੁਝ ਮੰਨ ਲਿਆ ਗਿਆ ਹੈ ਕਿਉਂਕਿ ਇਹ ਸਿੱਖ-ਸਿਆਸਤ ਦੀ ਲੋੜ ਨੂੰ ਪੂਰਿਆਂ ਕਰਦਾ ਹੈ। ਕਿਸ ਨੂੰ ਭੁਲੇਖਾ ਹੈ ਕਿ ਸਿੱਖਾਂ ਕੋਲ ਜਦੋਂ ਵੀ ਸਿਆਸੀ ਤਾਕਤ ਆਈ ਨੁਕਸਾਨ ਪੀਰੀ ਅਰਥਾਤ ਸਿੱਖੀ ਦਾ ਹੀ ਹੋਇਆ। ਰਾਜ ਦੀ ਜਿਹੜੀ ਪਰਤ ਬਾਬਾ ਬੰਦਾ ਸਿੰਘ ਬਹਾਦਰ ਨੇ ਸਥਾਪਤ ਕੀਤੀ ਸੀ, ਉਸ ਨੂੰ ਸਿੱਖਾਂ ਦੇ ਹੱਕ ਵਿਚ ਕਿੰਨਾ ਕੁ ਭੁਗਤਾਇਆ ਜਾ ਸਕਿਆ ਸੀ? ਇਸ ਦਾ ਲੇਖਾ-ਜੋਖਾ ਅਜੇ ਅਸੀਂ ਕਰਨਾ ਹੈ। ਬੰਦਾ ਬਹਾਦਰ ਦੇ ਹਵਾਲੇ ਨਾਲ ਕਿਹਾ ਜਾ ਸਕਦਾ ਹੈ ਕਿ ਜਿਸ (ਬੰਦਾ ਬਹਾਦਰ) ਉਤੇ ਗੁਰੂ ਜੀ ਨੇ ਭਰੋਸਾ ਕੀਤਾ, ਉਸ ਉਤੇ ਸਿੱਖਾਂ ਨੇ ਭਰੋਸਾ ਕਿਉਂ ਨਾ ਕੀਤਾ? ਮਿਸਲਾਂ ਵਾਲੀ ਸਿਆਸਤ ਤਾਂ ਵਰਤਮਾਨ ਵਿਚ ਸਿਆਸਤ ਦੇ ਸਿੱਖ ਧੜਿਆਂ ਵਰਗੀ ਹੀ ਸੀ। ਉਨ੍ਹਾਂ (ਮਿਸਲਦਾਰਾਂ) ਨੂੰ ਕੂਟਨੀਤਕ ਢੰਗ ਨਾਲ ਜਿੱਧ ਕੇ ਜੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਬਣ ਵੀ ਗਿਆ ਸੀ ਤਾਂ ਕਿੰਨਾ ਕੁ ਠੀਕ ਸੀ ਪੰਥਕ-ਸੁਰ ਵਿਚ। ਇਸ ਕਥਿਤ ਸਿੱਖ-ਰਾਜ ਨਾਲ ਸਿੱਖੀ ਦਾ ਕੀ ਸੰਵਰਿਆ ਸੀ? ਇਸ ਬਾਰੇ ਵੀ ਫੈਸਲਾ ਅਜੇ ਤਕ ਵਾਰਸਾਂ ਵਲੋਂ ਨਹੀਂ ਹੋਇਆ। ਫੈਸਲਾ ਲੈਣ ਲਗਿਆਂ ਇਹ ਵੀ ਧਿਆਨ ਵਿਚ ਰਖਣਾ ਪਵੇਗਾ ਕਿ ਵਰਤਮਾਨ ਵਿਚ ਕਾਬਜ਼ ਅਕਾਲੀ-ਸਿਆਸਤਦਾਨਾਂ ਸਾਹਮਣੇ ਮਹਾਰਾਜਾ ਰਣਜੀਤ ਸਿੰਘ ਹੀ ਸਿਆਸੀ ਰੋਲ-ਮਾਡਲ ਕਿਉਂ ਹੈ? ਸਿੱਖ ਸਿਆਸਤ ਦੀ ਪ੍ਰਾਪਤੀ ਗੁਰਦੁਆਰਾ ਐਕਟ 1925 ਹੀ ਹੈ ਤਾਂ ਫਿਰ ਸਿੱਖਾਂ ਨੇ ਕੀ ਖੱਟਿਆ? ਇਸ ਨਾਲ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ, ਅਕਾਲੀ ਦਲ ਦਾ ਵਿੰਗ ਹੀ ਕਿਉਂ ਬਣ ਚੁਕੇ ਹਨ? ਜੇ ਅਕਾਲੀਆਂ ਵਾਂਗ ਇਨ੍ਹਾਂ ਸੰਸਥਾਵਾਂ ਦੀ ਸਿਆਸੀ ਵਰਤੋਂ, ਪੰਜਾਬ ਦੀ ਕੋਈ ਹੋਰ ਸਿਆਸੀ ਪਾਰਟੀ ਕਰੇਗੀ ਤਾਂ ਇਸ ਵਾਸਤੇ ਸਿੱਖ-ਸਿਆਸਤਦਾਨਾਂ ਤੋਂ ਬਿਨਾਂ ਕਿਸੇ ਹੋਰ ਸਿਆਸੀ ਪਾਰਟੀ ਨੂੰ ਜ਼ਿੰਮੇਵਾਰ ਕਿਵੇਂ ਠਹਿਰਾ ਸਕਾਂਗੇ? ਇਹ ਤੇ ਇਹੋ ਜਿਹੇ ਹੋਰ ਗੁੰਝਲਦਾਰ ਪ੍ਰਸ਼ਨ, ਪੈਦਾ ਤਾਂ ਸਿੱਖ-ਸਿਆਸਤਦਾਨਾਂ ਨੇ ਕੀਤੇ ਹਨ ਅਤੇ ਜਵਾਬ ਕਿਸੇ ਸਿੱਖ ਕੋਲ ਵੀ ਨਹੀਂ ਹੈ। ਇਹ ਸਾਰੀਆਂ ਗੱਲਾਂ ਆਪਣੀ ਸਿਖਰ ਵਲ ਬੜੀ ਤੇਜ਼ੀ ਨਾਲ ਵਧ ਰਹੀਆਂ ਹਨ ਕਿ ਜੋ ਸਿੱਖ-ਸਿਆਸਤਦਾਨ ਨਾਲ ਸਹਿਮਤ ਨਹੀਂ, ਉਹ ਪੰਥਕ ਹੀ ਨਹੀਂ ਹੈ। ਸਿੱਖ-ਸਿਆਸਤਦਾਨ ਆਪ ਤਾਂ ਇਹੋ ਜਿਹਾ ਫੈਸਲਾ ਨਹੀਂ ਲੈ ਸਕਦਾ ਪਰ ਇਹੋ ਜਿਹਾ ਫੈਸਲਾ ਜੇ ਉਹ ਅਕਾਲ ਤਖਤ ਸਾਹਿਬ ਦੇ ਜਥੇਦਾਰ ਰਾਹੀਂ ਲਵੇਗਾ ਤਾਂ ਉਸ ਨੂੰ ਕਿਵੇਂ ਰੋਕ ਸਕਾਂਗੇ? ਜੇ ਕੋਈ ਸਿੱਖ, ਇਸ ਸਭ ਕੁਝ ਦੇ ਬਾਵਜੂਦ, ਫਿਰ ਵੀ ਪੰਥਕ ਹੋਣ ਦੀ ਕੋਸ਼ਿਸ਼ ਕਰੇ ਤਾਂ ਉਸ ਨੂੰ ਸਿੱਖ-ਸਿਆਸਤਦਾਨਾਂ ਦੇ ਵਿਰੋਧੀਆਂ ਦੀ ਕੁਹਾੜੀ ਦਾ ਦਸਤਾ ਕਹਿ ਕੇ ਭੰਡਣ ਦੀ ਸਿਆਸੀ-ਕੋਸ਼ਿਸ਼ ਆਰੰਭ ਹੋ ਜਾਣੀ ਕੁਦਰਤੀ ਹੈ। ਇਹ ਸਾਰੀਆਂ ਗੱਲਾਂ ਸਾਡੇ ਸਮਕਾਲ ਵਿਚ ਵਾਪਰ ਰਹੀਆਂ ਹਨ ਅਤੇ ਇਨ੍ਹਾਂ ਨੂੰ ਪੰਥਕ-ਚੁਣੌਤੀਆਂ ਦੀ ਹੀ ਪਰਤ ਵਜੋਂ ਸਮਝਣ ਅਤੇ ਨਜਿੱਠਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਸਿੱਖ ਨਿਰਸੰਦੇਹ ਸੁਤੰਤਰ ਕੌਮ ਹਨ ਪਰ ਕੌਮੀਅਤ ਦੀ ਚੂਲ ਸਿੱਖੀ ਅਤੇ ਇਸ ਦੇ ਵਾਰਸ ਸਿੱਖਾਂ ਦਾ ਜੇ ਲੇਖਾ ਜੋਖਾ ਕਰੀਏ ਤਾਂ ਹਰ ਸਿੱਖ ਦੀ ਉਂਗਲੀ ਹਰ ਸਿੱਖ ਵਲ ਉਠ ਜਾਏਗੀ? ਜਿਸ ਖਾਲਸਾ-ਚੇਤਨਾ, ਖਾਲਸਾ-ਅਹਿਸਾਸ ਅਤੇ ਖਾਲਸਾ ਵਚਨਬੱਧਤਾ ਨੇ ਸਾਨੂੰ ਕੌਮੀਅਤ ਹੋ ਜਾਣ ਦਾ ਮਾਣ ਬਖਸ਼ਿਆ ਸੀ, ਉਹ ਕਿਥੇ ਹੈ? ਅਸੀਂ ਤਾਂ ਮੁਹੰਮਦ ਇਕਬਾਲ ਦੇ ਸ਼ਬਦਾਂ ਵਿਚ ਏਨਾ ਵੀ ਨਹੀਂ ਕਹਿ ਸਕੇ "ਬਤਾਓ ਤੋ ਮੁਸਲਮਾਨ ਭੀ ਹੋ"। ਕੀ ਅਸੀਂ ਆਪਣੀਆਂ ਨਿਗਾਹਾਂ ਵਿਚ ਆਪ ਖਾਲਸਾ ਹਾਂ, ਪੰਥਕ ਹਾਂ? ਜੇ ਜਵਾਬ ਚੁੱਪ ਵਿਚ ਵੀ ਹੈ ਤਾਂ ਵੀ ਇਸ ਲਈ ਕਸੂਰਵਾਰ ਤਾਂ ਅਸੀਂ ਆਪ ਹੀ ਹਾਂ। ਮੈਨੂੰ ਵਿਸ਼ਵਾਸ਼ ਹੈ ਕਿ ਸਿੱਖ ਦੀ ਅਸਫਲਤਾ ਸਿੱਖੀ ਦੀ ਅਸਫਲਤਾ ਨਹੀਂ ਹੋ ਸਕਦੀ ਪਰ ਜੇ ਕੌਮੀਅਤ ਦਾ ਰੋਲ ਮਾਡਲ ਗੁਆਚ ਜਾਵੇ ਜਾਂ ਜਿਹੜੀ ਕੌਮ ਆਪਣਾ ਸਮਕਾਲੀ ਰੋਲ ਮਾਡਲ ਆਪ ਸਿਰਜਣ ਤੋਂ ਅਸਮਰਥ ਹੋ ਜਾਵੇ ਤਾਂ ਇਸ ਦੇ ਲੋਕ 'ਬੱਚੇ-ਖਾਣੀ' ਮਾਨਸਿਕਤਾ ਦੇ ਸ਼ਿਕਾਰ ਹੋ ਜਾਂਦੇ ਹਨ। ਜੇ ਹੋਰ ਸੌਖੇ ਢੰਗ ਨਾਲ ਇਹੀ ਗੱਲ ਕਹਿਣੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਅਸੀਂ ਅਧਿਆਤਮਕ-ਸਹਿਜ ਸਥਾਪਤ ਕਰਨ ਵਾਲੀ ਸਿੱਖੀ ਨੂੰ ਤਣਾਓ-ਉਤਪਾਦਕ ਧਾਰਮਿਕਤਾ ਵਾਲੇ ਰਾਹੇ ਕਿਉਂ ਪਾ ਦਿਤਾ ਹੈ? ਪੈਦਾ ਹੋ ਗਏ ਹਨ ਬਾਣੀ ਤੇ ਬਾਣੇ ਦਾ ਤਣਾਓ, ਮੀਰੀ ਤੇ ਪੀਰੀ ਦਾ ਤਣਾਓ, ਸਰਬਤ ਦੇ ਭਲੇ ਅਤੇ ਰਾਜ ਕਰੇਗਾ ਖਾਲਸਾ ਦਾ ਤਣਾਓ, ਖਾਲਸੇ ਅਤੇ ਸਿੱਖ ਦਾ ਤਣਾਓ, ਸੰਤ ਅਤੇ ਸਿੱਖ ਦਾ ਤਣਾਓ, ਸ਼ਹਿਰੀ ਅਤੇ ਪੇਂਡੂ ਦਾ ਤਣਾਓ ਆਦਿ। ਚੁਣੌਤੀਆਂ ਦੀ ਇਹ ਲਿਸਟ ਬਹੁਤ ਲੰਬੀ ਹੈ। ਹੁਣ ਤਾਂ ਇਹ ਵੀ ਚੇਤੇ ਨਹੀਂ ਰਖਿਆ ਜਾਂਦਾ ਕਿ ਪੰਥ-ਸਿਰਜਤ ਰਹਿਤ ਦਾ ਬਾਣੀ ਵਰਗਾ ਸਥਾਨ ਨਹੀਂ ਹੈ ਕਿਉਂਕਿ ਰਹਿਤ ਮਰਯਾਦਾ ਹਰਫੇ-ਆਖਰ ਨਹੀਂ ਹੋ ਸਕਦੀ। ਇਹ ਸਭ ਆਪਣਿਆਂ ਕੋਲੋਂ ਆਪਣੇ ਨੁਕਸਾਨ ਜਾਂ ਬਿਬੇਕ ਦੇ ਗੁਆਚ ਜਾਣ ਦਾ ਸਿੱਟਾ ਹੀ ਤਾਂ ਹਨ। ਆਪਣੀਆਂ ਕਮਜ਼ੋਰੀਆਂ ਨਾਲ ਸਹਿੰਦੜ ਹੋ ਜਾਣ ਦਾ ਨਤੀਜਾ ਹੀ ਇਹ ਚੁਣੌਤੀਆਂ ਹਨ। ਲੋੜਾਂ ਦੀ ਗੁਲਾਮੀ ਨਾਲ ਪੈਦਾ ਹੋ ਗਈ ਉਪਭੋਗੀ-ਮਾਨਸਿਕਤਾ ਦਾ ਨਤੀਜਾ ਵੀ ਇਨ੍ਹਾਂ ਚੁਣੌਤੀਆਂ ਨੂੰ ਹੀ ਸ਼ਹਿ ਦੇਂਦਾ ਹੈ।

ਜੇ ਸਿੱਖੀ ਨੂੰ ਸਿੱਖਾਂ ਤੋਂ ਬਚਾਉਣ ਵਾਲੇ ਰਾਹੇ ਤੁਰ ਪਈਏ ਤਾਂ ਨਿਰਸੰਦੇਹ ਸਿੱਖੀ ਮਾਨਵਤਾ ਦਾ ਧਰਮ ਹੋ ਸਕਦੀ ਹੈ। ਧਰਮਾਂ ਦੇ ਭਵਿੱਖ ਦਾ ਧਰਮ ਵੀ ਹੋ ਸਕਦੀ ਹੈ। ਪਰ ਇਹ ਤਾਂ ਹੀ ਸੰਭਵ ਹੋ ਸਕੇਗਾ ਜੇ ਇਸ ਦੇ ਪਹਿਲਾਂ ਵਰਤਮਾਨ ਦਾ ਧਰਮ ਹੋ ਜਾਣ ਦਾ ਰਾਹ ਪੱਧਰਾ ਹੋਵੇਗਾ। ਇਸ ਵਾਸਤੇ ਸਿੱਖੀ ਨੂੰ ਇਕ ਇਲਾਕੇ ਦਾ ਧਰਮ, ਇਕ ਬੋਲੀ ਦਾ ਧਰਮ ਅਤੇ ਹੋਰ ਅਜਿਹੇ ਸੰਕੀਰਣ-ਸਰੋਕਾਰਾਂ ਵਾਲਾ ਧਰਮ ਬਣਾਏ ਜਾਣ ਵਾਲੇ ਪਾਸੇ ਵਧਦੇ ਕਦਮ, ਸਿੱਖਾਂ ਨੂੰ ਰੋਕਣੇ ਪੈਣਗੇ। ਅਸੀਂ ਆਪ ਹੀ ਜੇ ਨਾ ਸਮਝਣਾ ਚਾਹੀਏ ਤਾਂ ਕੋਈ ਹੋਰ ਕਿਵੇਂ ਸਾਨੂੰ ਸਮਝਾ ਸਕਦਾ ਹੈ। ਇਸ ਦਾ ਹੱਲ ਡਾ. ਆਹਲੂਵਾਲੀਆਂ ਨੇ ਇਹ ਦਿਤਾ ਹੈ, "Contemporary Sikhism, while remaining uni-focal on religious level, would have to be multi-focal on ethnic and cultural level" (ibid, p. 18).

ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਵਾਰਸ, ਮਾਲਕੀ ਦੇ ਉਲਾਰ ਵਿਚ ਵਾਰਸੀ-ਨੈਤਿਕਤਾ ਦੀ ਥਾਂ ਮਾਲਕੀ-ਅਧਿਕਾਰਾਂ ਨਾਲ ਸੰਤੁਸ਼ਟ ਹੋਣ ਲੱਗ ਪੈਣ। ਇਹੋ ਜਿਹੀ ਹਾਲਤ ਵਿਚ 'ਆਤਮ ਚੀਨਣ' ਨਾਲ ਪੈਦਾ ਹੋ ਸਕਣ ਵਾਲੀ ਸਜੱਗਤਾ ਗੁਆਚਣ ਵਾਲੇ ਰਾਹ ਪੈ ਜਾਂਦੀ ਹੈ। ਸਿੱਖ ਧਰਮ ਦਾ ਸਦਾ ਸੱਜਰਾਪਣ, ਸਿੱਖ ਧਰਮ ਦੇ ਸੁਤੰਤਰ-ਸਰੋਕਾਰਾਂ ਵਿਚ ਹੈ। ਅਸੀਂ ਸੂਚਨਾ ਨਾਲ ਸੰਤੁਸ਼ਟ ਹੋਣ ਵਾਲੇ ਰਾਹ ਪੈ ਗਏ ਹਾਂ। ਸੂਚਨਾ ਦਾ ਵੱਡਾ ਸ੍ਰੋਤ ਇਤਿਹਾਸ ਹੁੰਦਾ ਹੈ। ਜਿਹੜੀਆਂ ਕੌਮਾਂ ਦਾ ਇਤਿਹਾਸ ਨਿਰੰਤਰਤਾ ਵਿਚ ਨਹੀਂ ਰਚਿਆ ਜਾਂਦਾ, ਉਹ ਆਪਣੇ ਵਰਤਮਾਨ ਦੀ ਥਾਂ ਆਪਣੇ ਬੀਤ ਗਏ ਦੀਆਂ ਯਾਦਾਂ ਨਾਲ ਸੰਤੁਸ਼ਟ ਹੋਣ ਵਲ ਤੁਰ ਪੈਂਦੀਆਂ ਹਨ। ਗੁਰੂਕਿਆਂ ਤੋਂ ਤਵੱਕੋ ਇਹ ਕੀਤੀ ਗਈ ਹੈ ਕਿ ਉਹ ਸਿੱਖ-ਸਰੋਕਾਰਾਂ ਦਾ ਸਮਕਾਲ ਸਥਾਪਤ ਕਰਨ। ਸਮਕਾਲ-ਸਥਾਪਤੀ ਵਰਤਮਾਨ 'ਤੇ ਸਰਦਾਰੀ ਹੈ। ਵਰਤਮਾਨ ਦੀ ਸਰਦਾਰੀ ਵਾਸਤੇ ਇਤਿਹਾਸ ਨੂੰ "ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨ" ਦੀ ਰੋਸ਼ਨੀ ਵਿਚ ਪੁਨਰ-ਸਥਾਪਤ ਕਰਨਾ ਪਵੇਗਾ। ਇਸ ਵਾਸਤੇ ਸਮਕਾਲੀ-ਸਮਾਜਿਕਤਾ ਦੀਆਂ ਤਿੰਨ ਥੰਮੀਆਂ-ਪਰਿਵਾਰਕ ਥੰਮੀ, ਵਿਦਿਅਕ ਥੰਮੀ ਅਤੇ ਧਾਰਮਿਕ ਥੰਮੀ ਨੂੰ, ਮਜ਼ਬੂਤ ਵੀ ਰਖਣਾ ਪਵੇਗਾ ਅਤੇ ਇਕ ਦੂਜੇ ਦੀ ਪੂਰਕਤਾ ਵਿਚ ਵੀ ਰਖਣਾ ਪਵੇਗਾ। ਇਹੀ ਮੁੱਦਾ ਸਿੱਖ-ਭਾਈਚਾਰੇ ਲਈ ਚੁਣੌਤੀ ਬਣ ਗਿਆ ਹੈ। ਸਾਡਾ ਪਰਿਵਾਰਕ-ਯੂਨਿਟ ਇਸ ਲਈ ਹਿਲ ਗਿਆ ਹੈ ਕਿਉਂਕਿ ਅਸੀਂ ਇਸ ਨੂੰ ਬਾਣੀ ਨਾਲੋਂ ਤੋੜ ਕੇ, ਉਪਭੋਗੀ-ਅਕਾਂਖਿਆਵਾਂ ਨਾਲ ਜੋੜ ਲਿਆ ਹੈ। ਵਿਦਿਅਕ-ਯੂਨਿਟ ਦਾ ਆਧਾਰ ਪ੍ਰਾਇਮਰੀ-ਐਜੂਕੇਸ਼ਨ ਹੁੰਦੀ ਹੈ। ਇਹ ਸਟੇਟ ਸਬਜੈਕਟ ਹੈ ਅਤੇ ਇਸ ਦੇ ਬਾਵਜੂਦ ਇਹ ਪੂਰੀ ਤਰ੍ਹਾਂ ਹਿਲ ਚੁਕਾ ਹੈ। ਤੀਜੇ ਧਾਰਮਿਕ-ਯੂਨਿਟ ਦਾ ਆਧਾਰ ਗੁਰਦੁਆਰਾ ਹੈ। ਇਹ ਵੀ ਸਿੱਖ ਸੁਰ ਨਾਲੋਂ ਬਿਲਕੁਲ ਵਿਛੁੰਨਿਆ ਗਿਆ ਹੈ। ਇਸ ਦਾ ਵਿਸਥਾਰ ਅਗੇ ਦਿਤਾ ਜਾਵੇਗਾ। ਇਥੇ ਤਾਂ ਇੰਨਾ ਹੀ ਕਹਿਣਾ ਹੈ ਕਿ ਇਨ੍ਹਾਂ ਤਿੰਨਾਂ ਮੁਢਲੇ-ਯੂਨਿਟਾਂ ਨੇ ਇਕ ਦੂਜੇ ਦੇ ਪੂਰਕ ਹੋਣ ਦੀ ਥਾਂ, ਇਕ ਦੂਜੇ ਨੂੰ ਵਿਗਾੜਨ ਵਿਚ ਹੀ ਹਿੱਸਾ ਪਾਇਆ ਹੈ।

ਇਸ ਨਾਲ ਸਿੱਖੀ ਦੇ ਵਰਤਮਾਨ ਦੀ ਪੁਨਰ-ਸਥਾਪਨਾ ਰੁਕ ਗਈ ਹੈ ਅਤੇ ਅਸੀਂ ਬਦਲਵੇਂ ਸਰੋਕਾਰਾਂ ਵਲ ਰੁਖ ਕਰ ਲਿਆ ਹੈ। ਸੱਚਾਈ ਤਾਂ ਇਹ ਹੈ ਕਿ ਸਿੱਖੀ ਦੇ ਸੱਚ ਦੀ ਪ੍ਰਸੰਗਕ-ਸਰਦਾਰੀ ਦਾ ਫੈਸਲਾ ਅਜੇ ਹੋਣਾ ਹੈ। ਇਸ ਦਾ ਮਤਲਬ ਇਹ ਹੋਇਆ ਕਿ ਜਿਵੇਂ ਕੁਝ ਧਰਮ ਹਨ, ਉਸ ਤਰ੍ਹਾਂ ਅਜੇ ਅਸੀਂ ਹੋਣਾ ਹੈ। ਅਜਿਹਾ ਵਿਗਿਆਨਕ ਪਹੁੰਚ ਅਪਨਾਏ ਬਿਨਾ ਹੋ ਨਹੀਂ ਸਕਦਾ ਅਤੇ ਸਿੱਖ-ਵਾਰਸਾਂ ਨੇ ਸਿੱਖ ਧਰਮ-ਚਿੰਤਨ ਵਿਚ ਲੁਪਤ ਵਿਗਿਆਨਕ ਸੰਭਾਵਨਾਵਾਂ ਦਾ ਰਾਹ ਆਪ ਹੀ ਰੋਕ ਰਖਿਆ ਹੈ। ਦੂਜੇ ਧਰਮਾਂ ਬਾਰੇ ਜਿੰਨਾ ਵਧ ਕੇ ਅਸੀਂ ਗੱਲਾਂ ਕਰਦੇ ਹਾਂ, ਇਸ ਨਾਲ "ਗਰੀਬੀ ਗਦਾ ਹਮਾਰੀ" ਗੁਆਚਦੀ ਜਾ ਰਹੀ ਹੈ। ਗਿਆਨ ਤਾਂ ਜਿਥੋਂ ਮਿਲੇ ਲੈ ਲੈਣਾ ਚਾਹੀਦਾ ਹੈ। ਦਸਮ ਪਾਤਸ਼ਾਹ ਹਜ਼ੂਰ ਨੇ ਨਿਰਮਲ-ਟਕਸਾਲ ਦੀ ਨੀਂਹ ਪੰਜ ਸਿੰਘਾਂ ਨੂੰ ਕਾਂਸ਼ੀ ਵਿਖੇ ਪੜ੍ਹਨ ਲਈ ਭੇਜ ਕੇ ਰਖ ਦਿਤੀ ਸੀ। ਅਸੀਂ ਪਹਿਲਾਂ ਉਨ੍ਹਾਂ ਨੂੰ ਮੁੱਖ-ਧਾਰਾ ਵਿਚੋਂ ਪਾਸੇ ਕੀਤਾ ਅਤੇ ਹੌਲੀ ਹੌਲੀ ਉਹੀ ਨਿਰਮਲੇ 'ਵੇਦਾਂਤੀ' ਕਹਾਉਣ ਵਾਲੇ ਰਾਹ ਪੈ ਗਏ। ਨਿਰਮਲਿਆਂ ਦੀ ਸਿੱਖ-ਸਾਹਿਤ ਨੂੰ ਦੇਣ ਬਾਰੇ ਗੱਲ ਕਰਨੀ ਹੀ ਛਡ ਦਿਤੀ। ਇਹ ਭੁਲ ਹੀ ਗਏ ਕਿ ਭਾਈ ਸੰਤੋਖ ਸਿੰਘ ਅਤੇ ਗਿਆਨੀ ਗਿਆਨ ਸਿੰਘ ਨਿਰਮਲ ਸੰਪਰਦਾ ਨਾਲ ਹੀ ਜੁੜੇ ਰਹੇ ਸਨ। ਕਿਸੇ ਵੀ ਧਰਮ-ਚਿੰਤਨ ਦੀ ਵਰਤਮਾਨ-ਪ੍ਰਸੰਗਕਤਾ ਉਸਾਰਨ ਵਾਸਤੇ ਮੁਢਲੀ ਲੋੜ ਇਹ ਅਕਾਦਮਿਕ ਬਿਬੇਕ ਪੈਦਾ ਕਰਨ ਦੀ ਹੈ, ਜਿਸ ਨਾਲ ਕੀ ਛਡਣਾ ਹੈ ਅਤੇ ਕੀ ਲੈਣਾ ਹੈ ਬਾਰੇ ਫੈਸਲਾ ਕੀਤਾ ਜਾ ਸਕੇ। ਸਮਕਾਲ 'ਤੇ ਸਰਦਾਰੀ ਵਾਸਤੇ ਸਿੱਖ ਧਰਮ-ਚਿੰਤਨ ਦੀਆਂ ਸੰਭਾਵਨਾਵਾਂ ਦੂਜਿਆਂ ਲਈ ਵੰਗਾਰ ਬਣਨ ਦੀ ਥਾਂ ਸਿੱਖ-ਵਾਰਸਾਂ ਲਈ ਹੀ ਵੰਗਾਰ ਬਣ ਗਈਆਂ ਹਨ। ਇਸ ਨੂੰ ਸਮਝਣ ਲਈ ਇਹ ਸਮਝਣਾ ਪਵੇਗਾ ਕਿ ਧਰਮ-ਚਿੰਤਨ ਦੇ ਇਤਿਹਾਸ ਵਿਚ ਆਪੋ ਆਪਣੇ ਧਰਮ-ਗ੍ਰੰਥ 'ਤੇ ਆਧਾਰਤ ਸਿੱਖਿਆਵਾਂ ਦੀ ਪ੍ਰਸੰਗਕਤਾ ਸਥਾਪਤ ਕਰਨ ਵਾਸਤੇ ਸੰਭਵ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ ਅਤੇ ਹੁੰਦੀਆਂ ਵੀ ਰਹਿਣੀਆਂ ਹਨ। ਅਜਿਹਾ ਅਕਸਰ ਆਪੋ ਆਪਣੇ ਧਰਮ ਦੀ ਬਾਕੀਆਂ ਦੇ ਮੁਕਾਬਲੇ ਵਿਚ ਉਤਮਤਾ ਸਥਾਪਤ ਕਰਨ ਵਾਸਤੇ ਹੀ ਹੁੰਦਾ ਰਿਹਾ ਹੈ। ਹਾਲਾਂਕਿ ਸਭ ਨੂੰ ਪਤਾ ਹੈ ਕਿ ਇਕਹਿਰੀ-ਉਤਮਤਾ ਦਾ ਭਰਮ ਤਾਂ ਪਾਲਿਆ ਜਾ ਸਕਦਾ ਹੈ, ਪਰ ਇਸ ਦੇ ਅਮਲੀ ਪ੍ਰਗਟਾਵੇ ਦੀਆਂ ਸੰਭਾਵਨਾਵਾਂ ਬੜੀਆਂ ਘੱਟ ਹੁੰਦੀਆਂ ਹਨ। ਇਹ ਸਮਝਣਾ ਕੋਈ ਔਖਾ ਨਹੀਂ ਹੈ ਕਿ ਜੇ ਦੋ ਵਿਅਕਤੀ ਗੱਲ ਕਰ ਰਹੇ ਹੋਣ ਤਾਂ ਕਈ ਵਿਅਕਤੀਆਂ ਦਾ ਸੱਚ ਸਾਹਮਣੇ ਆ ਜਾਂਦਾ ਹੈ। ਦੋ, ਉਹ ਜਿਹੜੇ ਗੱਲ ਕਰ ਰਹੇ ਹਨ ਕਿਉਂਕਿ ਉਹ ਆਪੋ ਆਪਣਾ ਸੱਚ ਕਹਿ ਰਹੇ ਹਨ। ਉਨ੍ਹਾਂ ਦੋਹਾਂ ਦਾ ਇਕ ਦੂਜੇ ਬਾਰੇ ਬਣ ਰਿਹਾ ਨਜ਼ਰੀਆ ਵੀ ਸੰਭਵ ਸੱਚ ਹੀ ਤਾਂ ਹੈ। ਇਹੀ ਸੱਚ ਜਦੋਂ ਅਗੇ ਤੁਰਨਾ ਹੈ ਤਾਂ ਨੰਬਰ ਵਧਦਾ ਜਾਏਗਾ। ਇਹੋ ਜਿਹੀ ਹਾਲਤ ਵਿਚ ਇਕਹਿਰੀ-ਉਤਮਤਾ ਦੇ ਮੁੱਦਈਆਂ ਦੀ ਉਲਾਰ ਪਹੁੰਚ ਇੱਛਾ ਤਾਂ ਹੋ ਸਕਦੀ ਹੈ, ਆਮ ਵਿਅਕਤੀ ਦੇ ਸੱਚ ਦਾ ਅਮਲ ਨਹੀਂ ਹੋ ਸਕਦੀ। ਤਾਂ ਤੇ ਗੱਲ ਕਰਨ ਲਗਿਆਂ ਇਹ ਤਾਂ ਧਿਆਨ ਵਿਚ ਰਖਣਾ ਹੀ ਚਾਹੀਦਾ ਹੈ ਕਿ ਜੋ ਅਸੀਂ ਕਹਿਣਾ ਹੈ, ਉਸ ਨੂੰ ਕਿਸੇ ਹੋਰ ਨੇ ਸੁਣਨਾ ਅਤੇ ਚਿੱਥਣਾ ਵੀ ਹੈ। ਇਸ ਹਾਲਤ ਵਿਚ ਵੇਖਣਾ ਇਹ ਚਾਹੀਦੇ ਕਿ ਮੁੱਦਾ ਹੈ ਕੀ? ਅਸੀਂ ਉਸ ਨੂੰ ਕੀ ਸਮਝਦੇ ਹਾਂ? ਦੂਸਰੇ ਉਸ ਨੂੰ ਕੀ ਸਮਝਦੇ ਹਨ? ਇਸ ਤੋਂ ਬਾਅਦ ਸਮਝਣ ਦੇ ਅਭਿਲਾਸ਼ੀ ਨੂੰ ਕੀ ਸਮਝ ਆਈ ਹੈ ਜਾਂ ਕੀ ਆਉਣੀ ਚਾਹੀਦੀ ਹੈ? ਇਹ ਤੇ ਇਹੋ ਜਿਹੇ ਹੋਰ ਪ੍ਰਸ਼ਨਾਂ ਦੇ ਉਤਰ ਲਭਣ ਲਈ ਬਾਣੀ ਦੀ ਪੁਨਰ ਪੜ੍ਹਤ ਅਤੇ ਸਜੱਗ-ਪ੍ਰਕ੍ਰਿਆ ਦੁਆਰਾ ਲੋੜੀਂਦੀ ਅਕਾਦਮਿਕਤਾ ਉਸਾਰਨੀ ਪਵੇਗੀ। ਇਸ ਨਾਲ ਮੁੱਦਾ ਸਾਹਮਣੇ ਆ ਜਾਏਗਾ ਕਿ ਵਿਚਾਰੇ ਜਾਣ ਯੋਗ ਧਰਮ ਦੇ ਸਮਕਾਲੀ-ਸਰੋਕਾਰ ਕੀ ਹਨ? ਅਜਿਹਾ ਨਾ ਕਰ ਸਕਣਾ ਹੀ ਵੰਗਾਰ ਹੋ ਗਿਆ ਹੈ।

*(ਬਾਕੀ ਅਗਲੇ ਅੰਕ 'ਚ)*

# ਪੰਜਾਬੀ ਸਾਹਿਤ ਅਕਾਦਮੀ-50 ਸਾਲ ਪਹਿਲਾਂ

ਸਾਹਿਤ ਚਰਚਾ



ਗੁਰਬਚਨ
98725-06926

ਅੰਮ੍ਰਿਤਸਰ : ਅਪ੍ਰੈਲ 2, 1958

ਉਮਰ ਸੋਲਾਂ ਸਾਲ। ਜਨਵਰੀ 1957 'ਚ ਮੈਂ ਚੀਫ ਖਾਲਸਾ ਦੀਵਾਨ ਦੇ ਸਪਤਾਹਿਕ ਅਖਬਾਰ 'ਖਾਲਸਾ ਐਡਵੋਕੇਟ' 'ਚ ਕਲਰਕੀ ਕਰਨ ਲੱਗਦਾ ਹਾਂ। ਇਹ ਦਫਤਰ ਰੀਗੋ ਬ੍ਰਿੱਜ ਦੇ ਨਾਲ ਹੈ, ਜੀ. ਟੀ. ਰੋਡ 'ਤੇ, ਸਾਹਮਣੇ ਮਾਡਲ ਟਾਊਨ।

ਟਾਊਨ ਹਾਲ ਕੋਲ ਬਣੀ ਮੋਤੀ ਲਾਲ ਨਹਿਰੂ ਲਾਇਬ੍ਰੇਰੀ 'ਚ ਮੇਰੀ ਨਿਗ੍ਹਾ 'ਆਲੋਚਨਾ' ਰਸਾਲੇ 'ਤੇ ਪੈਂਦੀ ਹੈ। ਲੁਧਿਆਣਾ 'ਚ ਕੋਈ ਪੰਜਾਬੀ ਸਾਹਿਤ ਅਕਾਦਮੀ ਹੈ, 'ਆਲੋਚਨਾ' ਰਸਾਲੇ ਤੋਂ ਇਹ ਪਤਾ ਚਲਦਾ ਹੈ। ਜਿਸ ਅੰਕ ਨੂੰ ਮੈਂ ਖੋਲ੍ਹਦਾਂ ਉਸ 'ਚ ਤਸਵੀਰਾਂ ਹਨ। ਇਕ ਤਸਵੀਰ 'ਚ ਨਹਿਰੂ ਭਾਸ਼ਣ ਦੇ ਰਿਹਾ ਹੈ। ਇਕ 'ਚ ਸੰਤ ਸਿੰਘ ਸੇਖੋਂ ਬੋਲ ਰਿਹਾ। ਇਹ ਤਸਵੀਰਾਂ ਦਿੱਲੀ 'ਚ ਹੋਈ ਸਾਹਿਤ ਅਕਾਦਮੀ ਦੀ ਕਾਨਫਰੰਸ ਦੀ ਰਿਪੋਰਟ ਦਾ ਹਿੱਸਾ ਹਨ, ਜੋ 1957 ਦੇ ਕਿਸੇ ਮਹੀਨੇ 'ਚ ਹੋਈ ਹੈ। ਅਕਾਦਮੀ ਦੀ ਪਹਿਲੀ ਕਾਨਫਰੰਸ ਲੁਧਿਆਣਾ 'ਚ, ਦੂਜੀ ਜਲੰਧਰ, ਤੀਜੀ ਦਿੱਲੀ 'ਚ ਹੋਈ, ਇਹ ਜਾਣਕਾਰੀ 'ਆਲੋਚਨਾ' 'ਚ ਪੜ੍ਹਨ ਨੂੰ ਮਿਲਦੀ ਹੈ। ਕਾਨਫਰੰਸ ਦੀ ਰਿਪੋਰਟ ਡਾਕਟਰ ਸ਼ੇਰ ਸਿੰਘ ਨੇ ਲਿਖੀ ਹੈ। ਇਸੇ ਨਾਂ ਵਾਲੇ ਲੇਖਕ ਦੀ *'ਮੇਰੀ ਪਰਦੇਸ ਯਾਤਰਾ'* ਕਿਤਾਬ ਪਿੱਛੇ ਜਿਹੇ ਹੀ ਪੜ੍ਹੀ ਹੈ, ਜੋ ਚਿੱਠੀਆਂ ਦੇ ਰੂਪ 'ਚ ਲਿਖਿਆ ਇੰਗਲੈਂਡ ਦਾ ਸਫਰਨਾਮਾ ਹੈ। ਰਿਪੋਰਟ 'ਚ ਕਵੀ ਦਰਬਾਰ ਦਾ ਦ੍ਰਿਸ਼ ਬੜੇ ਕਮਾਲ ਨਾਲ ਪੇਸ਼ ਕੀਤਾ ਗਿਆ ਹੈ। ਹਾਸ ਕਵੀ ਈਸ਼ਰ ਸਿੰਘ ਈਸ਼ਰ 'ਭਾਈਆ' ਦੀ ਕਵਿਤਾ ਦੀਆਂ ਪੰਕਤੀਆਂ ਦਿੱਤੀਆਂ ਹਨ। ਪੰਦਰਾਂ-ਵੀਹ ਸਫ਼ੇ 'ਚ ਛਪੀ ਕਾਨਫਰੰਸ ਦੀ ਤਫ਼ਸੀਲ ਨੂੰ ਮੈਂ ਇਕੋ-ਸਾਹੇ ਪੜ੍ਹਦਾ ਹਾਂ। ਕਿੰਨੇ ਦਿਨ ਮੇਰੀਆਂ ਅੱਖਾਂ ਅੱਗੇ ਕਾਨਫਰੰਸ ਦੇ ਦ੍ਰਿਸ਼ ਘੁੰਮੀ ਜਾਂਦੇ ਹਨ। ਲਾਇਬ੍ਰੇਰੀ 'ਚ ਲਾਹੌਰ ਬੁੱਕ ਸ਼ਾਪ ਲੁਧਿਆਣਾ ਦੇ 'ਸਾਹਿਤ ਸਮਾਚਾਰ' ਦਾ 'ਗੁਰਬਖਸ਼ ਸਿੰਘ ਵਿਸ਼ੇਸ਼ ਅੰਕ' ਦਿਖਾਈ ਦਿੰਦਾ ਹੈ। ਸੰਪਾਦਕੀ ਜੀਵਨ ਸਿੰਘ ਦਾ ਲਿਖਿਆ ਹੋਇਆ, 'ਵਾਸ਼ਿੰਗਟਨ ਤੋਂ ਮਾਸਕੋ ਤੱਕ'। ਇਹ ਵੀ ਕਾਹਲੀ 'ਚ ਪੜ੍ਹ ਲੈਂਦਾ ਹਾਂ। ਦਿੱਲੀ 'ਚ ਛਪਦਾ ਰਸਾਲਾ 'ਪੰਜਾਬੀ ਸਾਹਿਤ' ਹੈ, ਕੋਈ ਹਰਕਿਸ਼ਨ ਸਿੰਘ ਨਾਂ ਦਾ ਬੰਦਾ ਇਹਦਾ ਸੰਪਾਦਕ ਹੈ। ਇਹਦੇ 'ਚ ਮਸਾਲੇਦਾਰ ਸਮੱਗਰੀ ਹੈ। ਸੋਚਦਾਂ, ਸਾਹਿਤ ਦੇ ਪਿੜ 'ਚ ਕਿੰਨੀ ਰੌਣਕ ਹੈ। ਮੇਰੇ ਲਈ ਇਹ ਮੁੰਬਈ ਦੇ ਫਿਲਮੀ ਸੰਸਾਰ ਦਾ ਵਿਕਲਪ ਬਣ ਜਾਂਦਾ ਹੈ।

ਇਕ ਦੁਪਹਿਰ ਸਿੰਜਾਈ ਵਿਭਾਗ ਦੇ ਦਫਤਰ ਅੱਗੇ ਚਲਦਾ ਮੇਰਾ ਸਾਈਕਲ। ਸਾਹਮਣਿਓਂ ਆਉਂਦਾ ਪੋਸਟਮੈਨ ਕਹਿੰਦਾ, 'ਅਹਿ ਲੈ ਆਪਣੇ ਦਫਤਰ ਦੀ ਡਾਕ।' ਇਕ ਪੋਸਟ ਕਾਰਡ ਫੜਾਂਦਾ ਹੈ, 'ਇਹ ਸੰਤਾ ਸਿੰਘ ਨੂੰ ਦੇ ਦੇਈਂ'। ਸੰਤਾ ਸਿੰਘ ਮੇਰੇ ਦਫਤਰ ਦੇ ਨਾਲ ਵਾਲੇ ਕਮਰੇ 'ਚ ਬੈਠਦਾ ਹੈ। ਚੀਫ ਖਾਲਸਾ ਦੀਵਾਨ ਦੀ ਐਜੂਕੇਸ਼ਨਲ ਕਮੇਟੀ 'ਚ ਕਲਰਕ ਹੈ। ਕਾਰਡ 'ਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਮੋਹਰ ਹੈ। ਪਿਆਰ ਸਿੰਘ ਜਨਰਲ ਸਕੱਤਰ ਦੇ ਦਸਤਖਤ ਹਨ। ਅੰਗਰੇਜ਼ੀ 'ਚ ਟਾਈਪ ਕੀਤਾ ਹੋਇਆ ਖਤ, ਜਿਸ 'ਤੇ ਲਿਖਿਆ, '11 ਅਪ੍ਰੈਲ 1958 ਨੂੰ ਸੰਤ ਸਿੰਘ ਸੁੱਖਾ ਸਿੰਘ ਸਕੂਲ, ਅੰਮ੍ਰਿਤਸਰ 'ਚ ਇੰਟ੍ਰਵਿਊ ਲਈ ਹਾਜ਼ਰ ਹੋਵੋ।' ਇਬਾਰਤ 'ਚ ਸੰਤਾ ਸਿੰਘ ਦੀ ਦਰਖ਼ਾਸਤ ਦਾ ਹਵਾਲਾ ਦਿੱਤਾ ਹੋਇਆ। ਯਾਦ ਆਉਂਦਾ, ਪਿੱਛੇ ਜਿਹੇ 'ਟ੍ਰਿਬਿਊਨ' 'ਚ ਅਕਾਦਮੀ 'ਚ ਖਾਲੀ ਅਸਾਮੀ ਦਾ ਇਸ਼ਤਿਹਾਰ ਛਪਿਆ ਸੀ, ਦਫਤਰ ਇੰਚਾਰਜ ਦੀ ਲੋੜ ਹੈ। ਵਾਪਿਸ ਆ ਕੇ ਮੈਂ ਸੰਤਾ ਸਿੰਘ ਨੂੰ ਕਾਰਡ ਦੇਨਾਂ। ਉਹ ਕਹਿੰਦਾ, "ਮੈਂ ਨਹੀਂ ਜਾਣਾ। ਮੇਰਾ ਪਿੰਡ ਏਥੇ ਨਾਲ ਹੈ, ਲੁਧਿਆਣੇ ਕੀ ਕਰਨਾ ਜਾ ਕੇ।" ਮੈਂ ਉਸੇ ਦਿਨ ਸ਼ਾਮ ਨੂੰ ਸੰਤ ਸਿੰਘ ਸੁੱਖਾ ਸਿੰਘ ਸਕੂਲ ਪੁੱਜ ਜਾਂਦਾ ਹਾਂ। ਸਕੂਲ ਦੀ ਇਮਾਰਤ 'ਚ ਇਧਰ ਉੱਧਰ ਘੁੰਮਣ ਲੱਗਦਾਂ। ਇਕ ਵਰਾਂਡੇ ਦੇ ਬਾਹਰ ਨਵਾਂ ਸਾਈਕਲ ਖੜਾ। ਇਕ ਮੁਹਤਬਰ ਯੁਵਕ ਦਿਖਾਈ ਦੇਂਦਾ। ਉਹ ਕਹਿੰਦਾ,"ਮੈਂ ਕਰਨੈਲ ਸਿੰਘ ਥਿੰਦ ਹਾਂ।" ਫਿਰ ਪਤਾ ਚਲਦਾ ਉਹ ਖਾਲਸਾ ਕਾਲਜ 'ਚ ਪੰਜਾਬੀ ਦਾ ਲੈਕਚਰਾਰ ਹੈ। ਉਹ ਕਹਿੰਦਾ, "ਲੁਧਿਆਣੇ ਵਾਲੀ ਪੰਜਾਬੀ ਸਾਹਿਤ ਅਕਾਦਮੀ ਦੀ ਕਾਨਫਰੰਸ 3-4 ਮਈ ਨੂੰ ਹੋਣੀ ਹੈ, ਮੈਂ ਤਿਆਰੀ ਕਮੇਟੀ ਦਾ ਕਨਵੀਨਰ ਹਾਂ। ਕੱਲ੍ਹ ਤੋਂ ਤਿਆਰੀ ਕਮੇਟੀ ਦਾ ਦਫਤਰ ਇਸ ਕਮਰੇ 'ਚ ਖੁੱਲ੍ਹੇਗਾ।" ਮੈਂ ਉਤੇਜਿਤ ਹੋਇਆ ਕਹਿਨਾਂ - "ਮੈਂ ਵਲੰਟੀਅਰ ਵਜੋਂ ਕੰਮ ਕਰਨ ਲਈ ਤਿਆਰ ਹਾਂ। ਮੈਨੂੰ ਦਫਤਰ ਦੇ ਕੰਮ ਦੀ ਸਮਝ ਹੈ। ਟਾਈਪ ਆਉਂਦੀ ਹੈ।" ਥਿੰਦ ਦਾ ਚਿਹਰਾ ਚਮਕ ਪੈਂਦਾ- "ਲਓ, ਹੋਰ ਕੀ ਚਾਹੀਦਾ। ਤੇਰੇ ਵਰਗਾ ਨੌਜੁਆਨ...।"

ਕੁਝ ਦਿਨਾਂ 'ਚ ਮੈਂ ਅਕਾਦਮੀ ਦਾ ਤੇਜ਼ ਤਰੀਨ ਵਰਕਰ ਹਾਂ। ਕਾਨਫਰੰਸ ਦੇ ਕੰਮਾਂ ਲਈ ਸ਼ਹਿਰ 'ਚ ਸਾਈਕਲ ਦੌੜਾਈ ਫਿਰਦਾ ਹਾਂ। ਸ਼ਾਮ ਨੂੰ ਸਕੂਲ 'ਚ ਬਣੇ ਦਫਤਰ 'ਚ ਪੁੱਜ ਜਾਂਦਾ ਹਾਂ। ਕਦੇ ਕੋਈ ਚਿੱਠੀ ਟਾਈਪ ਕਰ ਰਿਹਾ ਹਾਂ। ਨਵੀਂ ਮਿੱਟੀ ਦੀ ਤਲਾਸ਼ 'ਚ ਮੁੰਬਈ ਬੇਸਿਰੀ ਅਵਾਰਗੀ ਕਰਦਾ ਰਿਹਾ। ਅੰਮ੍ਰਿਤਸਰ ਵਾਪਸ ਪਰਤ ਕੇ ਨੌਕਰੀ ਕਰਨੀ ਪਈ। ਗੁਰਬਖ਼ਸ਼ ਸਿੰਘ ਸਮੇਤ ਕਿੰਨੇ ਹੀ ਪੰਜਾਬੀ ਲੇਖਕਾਂ ਨੂੰ ਪੜ੍ਹ ਲਿਆ। ਨਵੀਂ ਮਿੱਟੀ ਦੀ ਤਲਾਸ਼ ਹੀ ਮੈਨੂੰ ਇਸ ਕਾਨਫਰੰਸ ਵਲ ਖਿਚ ਲਿਆਈ ਹੈ। ਅਦਬੀ ਮਾਹੌਲ 'ਚ ਗੜੁੱਚ ਮੈਂ ਉੱਡਿਆ ਫਿਰਦਾ ਹਾਂ। ਘਰ ਸਿਰਫ਼ ਸੌਣ ਜਾਂਦਾ ਹਾਂ। ਕਈ ਵੇਰ ਉਹ ਵੀ ਨਹੀਂ। ਰਾਤ ਦਰਬਾਰ ਸਾਹਿਬ ਦੀ ਪਰਕਰਮਾ 'ਚ ਸੌਂ ਜਾਂਦਾ ਹਾਂ। ਗਰਮੀ ਦੇ ਦਿਨ ਹਨ, ਸਰੋਵਰ ਕਿਨਾਰੇ ਚੰਗੀ ਹਵਾ ਹੁੰਦੀ ਹੈ।

ਸਾਹਿਤਕ ਹਸਤੀਆਂ ਮੇਰੇ ਲਈ ਫਿਲਮ ਸਟਾਰਾਂ ਵਰਗੀਆਂ ਹਨ। ਮੁੰਬਈ 'ਚ ਕਈ ਮਹੀਨੇ, ਘਰੋਂ ਫਰਾਰ ਹੋ, ਫਿਲਮੀ ਸਤਾਰਿਆਂ ਦੀ ਆਕਾਸ਼ ਗੰਗਾ ਦੁਆਲੇ ਟੱਕਰਾਂ ਮਾਰਦਾ ਰਿਹਾ। ਏਥੇ ਗੁਰਬਖਸ਼ ਸਿੰਘ, ਨਾਨਕ ਸਿੰਘ ਨਾਲ ਭੇਟ ਹੋ ਚੁੱਕੀ ਹੈ। ਪ੍ਰੀਤ ਨਗਰ ਚੱਕਰ ਮਾਰ ਆਇਆ ਹਾਂ। ਸੰਤ ਸਿੰਘ ਸੇਖੋਂ ਬਾਰੇ ਪਤਾ ਲੱਗਦੈ ਉਹ ਲੁਧਿਆਣੇ ਰਹਿੰਦਾ। 'ਖਾਲਸਾ ਐਡਵੋਕੇਟ' 'ਚ ਕੰਮ ਕਰਦਿਆਂ ਪ੍ਰਿਥੀਪਾਲ ਸਿੰਘ ਕਪੂਰ ਐਡੀਟਰ ਨੂੰ ਮਿਲਣ ਆਉਂਦਾ ਤਾਂ ਦੱਸਦਾ ਉਹ ਗੁਰੂਸਰ ਸੁਧਾਰ 'ਚ ਲੈਕਚਰਾਰ ਹੈ, ਉੱਥੇ ਸੰਤ ਸਿੰਘ ਸੇਖੋਂ ਅੰਗਰੇਜ਼ੀ ਦਾ ਪ੍ਰੋਫੈਸਰ ਹੈ। ਪਤਾ ਲੱਗਦਾ, ਸੇਖੋਂ ਕਾਨਫਰੰਸ 'ਚ ਸ਼ਰੀਕ ਹੋਵੇਗਾ। ਅੰਮ੍ਰਿਤਾ ਪ੍ਰੀਤਮ ਦੀ ਫੋਟੋ ਮੈਂ ਕਲਕੱਤੇ 'ਚ ਘੁੰਮਦਿਆਂ ਪਿਛਲੇ ਸਾਲ ਦਿੱਲੀ ਤੋਂ ਨਿਕਲਦੇ ਉਰਦੂ ਦੇ ਫ਼ਿਲਮੀ ਰਸਾਲੇ 'ਸ਼ਮ੍ਹਾਂ' 'ਚ ਦੇਖੀ ਹੈ। ਇਸ ਰਸਾਲੇ 'ਚ ਇੰਦਰਜੀਤ ਆਰਟਿਸਟ ਕੰਮ ਕਰਦਾ ਹੈ ਜਿਸ ਨੂੰ ਬਾਅਦ ਵਿਚ ਅੰਮ੍ਰਿਤਾ ਇਮਰੋਜ਼ ਬਣਾ ਦਿੰਦੀ ਹੈ। ਵਿਧਾਤਾ ਸਿੰਘ ਤੀਰ ਤੇ ਕਰਤਾਰ ਸਿੰਘ ਬਲੱਗਣ ਅੰਮ੍ਰਿਤਸਰ 'ਚ ਹੀ ਰਹਿੰਦੇ ਹਨ। ਗੁਰਪੁਰਬਾਂ 'ਤੇ ਕਵੀ ਦਰਬਾਰਾਂ 'ਚ ਉਨ੍ਹਾਂ ਨੂੰ ਕਈ ਵੇਰ ਸੁਣ ਚੁੱਕਾ ਹਾਂ।

ਭਾਈ ਵੀਰ ਸਿੰਘ ਦਾ ਜ਼ਿਕਰ 'ਖਾਲਸਾ ਐਡਵੋਕੇਟ' 'ਚ ਕੰਮ ਕਰਦਿਆਂ ਹੁੰਦਾ ਰਿਹਾ ਹੈ। 30 ਜੂਨ 1957 ਦਿਨ ਵੀਰਵਾਰ - ਭਾਈ ਵੀਰ ਸਿੰਘ ਦੇ ਘਰੋਂ ਚੀਫ ਖਾਲਸਾ ਦੀਵਾਨ ਦੇ ਦਫਤਰ ਫੋਨ ਆਉਂਦਾ ਹੈ, ਮੈਂ ਉੱਥੇ ਹੀ ਬੈਠਾ ਹਾਂ। ਖਬਰ ਮਿਲਦੀ ਹੈ, "ਭਾਈ ਸਾਹਿਬ ਪੂਰੇ ਹੋ ਗਏ"। ਹਲਚਲ ਮੱਚ ਜਾਂਦੀ ਹੈ। ਮੈਂ ਸੋਚਦਾਂ, ਇਹ ਭਾਈ ਸਾਹਿਬ ਕੋਈ ਵੱਡੀ ਸ਼ਖਸੀਅਤ ਹੈ। ਦੀਵਾਨ ਦੀ ਇਮਾਰਤ 'ਚ ਹੀ 'ਖਾਲਸਾ ਟ੍ਰੈਕਟ ਸੋਸਾਇਟੀ' ਸੰਸਥਾ ਦਾ ਦਫਤਰ ਹੈ ਜੋ 'ਨਿਰਗੁਣਿਆਰਾ' ਨਾਂ ਦਾ ਮਾਸਿਕ ਟ੍ਰੈਕਟ-ਨੁਮਾ ਪਰਚਾ ਕੱਢਦੇ ਹਨ। ਇਹਦਾ ਐਡੀਟਰ ਅਕਸਰ 'ਭਾਈ ਸਾਹਿਬ' ਕਹਿੰਦਾ ਰਹਿੰਦਾ ਹੈ। ਉਹ ਦਸਦਾ 'ਨਿਰਗੁਣਿਆਰਾ' ਭਾਈ ਸਾਹਿਬ ਦੀ ਦੇਣ ਹੈ। ਇਹ ਪਰਚਾ ਵੀ ਖਾਲਸਾ ਸਮਾਚਾਰ ਦੇ ਨਾਲ 1898 'ਚ ਸ਼ੁਰੂ ਹੋਇਆ।

ਖਾਲਸਾ ਕਾਲਜ ਤੋਂ ਦੋ ਕਲਰਕ ਹਰ ਸ਼ਾਮ ਪੰਜ ਵਜੇ ਤੋਂ ਬਾਦ ਕਾਨਫਰੰਸ ਦੇ ਤਿਆਰੀ ਦਫਤਰ 'ਚ ਕੰਮ ਕਰਨ ਪੁੱਜਦੇ ਹਨ। ਦੋਵੇਂ ਵੱਡੀ ਉਮਰ ਦੇ ਹਨ, ਹੰਢੇ ਹੋਏ। ਮੈਂ ਆਪਣੇ ਦਫਤਰ ਜਾਣਾ ਬੰਦ ਕਰ ਦਿੱਤਾ ਹੈ, ਛੁੱਟੀ ਦੀ ਅਰਜ਼ੀ ਭੇਜ ਦਿੱਤੀ ਹੈ। ਸਾਰਾ ਦਿਨ ਕਾਨਫਰੰਸ ਦੇ ਕੰਮਾਂ ਲਈ ਤਿਆਰ-ਬਰ-ਤਿਆਰ ਰਹਿੰਦਾ ਹਾਂ। ਹਨੇਰੇ ਸਵੇਰੇ, ਦੂਰ ਨੇੜੇ। ਥਿੰਦ ਕਾਲਜ ਤੋਂ ਬਾਦ ਸਿੱਧੇ ਦਫਤਰ ਪੁੱਜ ਜਾਂਦੇ ਹਨ। 'ਖਾਲਸਾ ਐਡਵੋਕੇਟ' ਵਾਲਿਆਂ ਮੇਰੀ ਛੁੱਟੀ ਨਾਮਨਜ਼ੂਰ ਕਰਕੇ ਮੁਅੱਤਲ ਕਰਨ ਦੀ ਧਮਕੀ ਭੇਜੀ ਹੈ। ਮੈਂ ਜੁਆਬ 'ਚ ਅਸਤੀਫਾ ਭੇਜ ਦਿੰਦਾ ਹਾਂ।

ਤਿਆਰੀ ਕਮੇਟੀ ਦੀ ਪਹਿਲੀ ਮੀਟਿੰਗ ਹੁੰਦੀ ਹੈ। ਸ਼ਹਿਰ ਦੇ ਪਤਵੰਤੇ ਤੇ ਖਾਲਸਾ ਕਾਲਜ ਦੇ ਪ੍ਰੋਫੈਸਰ ਹਾਜ਼ਰ ਹਨ। ਲੇਖਕ ਹਨ, ਲੁਧਿਆਣਾ ਤੋਂ ਪ੍ਰੋਫੈਸਰ ਉਜਾਗਰ ਸਿੰਘ ਸਕੱਤਰ, ਪੰਜਾਬੀ ਸਾਹਿਤ ਅਕਾਦਮੀ ਆਉਂਦਾ ਹੈ। ਮੀਟਿੰਗ ਵਿਚ ਖਾਲਸਾ ਕਾਲਜ ਦਾ ਐਮ.ਏ. ਦਾ ਵਿਦਿਆਰਥੀ ਗੁਰਬਖ਼ਸ਼ ਸਿੰਘ ਫਰੈਂਕ ਵੀ ਹੈ। ਫਰੈਂਕ ਨੂੰ ਕੋਈ ਗੀਤ ਸੁਨਾਣ ਲਈ ਕਿਹਾ ਜਾਂਦਾ ਹੈ।

ਪ੍ਰੋਫੈਸਰ ਉਜਾਗਰ ਸਿੰਘ ਗੌਰਮਿੰਟ ਕਾਲਜ 'ਚ ਪੰਜਾਬੀ ਦਾ ਲੈਕਚਰਾਰ ਹੈ। ਉਹ ਅਕਾਦਮੀ ਵਲੋਂ ਤਿਆਰੀ ਕਮੇਟੀ ਦੇ ਦਫਤਰ ਨਿਤ ਬੈਠਦਾ ਹੈ। ਹਦਾਇਤਾਂ ਦੇਂਦਾ ਹੈ। ਦੂਜੇ ਤੀਜੇ ਦਿਨ ਉਹ ਲੁਧਿਆਣੇ ਵੀ ਹੋ ਆਉਂਦਾ ਹੈ। ਕੁਝ ਦਿਨਾਂ ਬਾਦ ਉਹ ਮੈਨੂੰ ਦੱਸਦਾ, "ਤੇਰੇ ਬਾਰੇ ਭਾਈ ਜੋਧ ਸਿੰਘ ਨਾਲ ਗੱਲ ਹੋ ਚੁੱਕੀ ਹੈ। ਉਨ੍ਹਾਂ ਹਦਾਇਤ ਕੀਤੀ ਹੈ ਕਿ ਏਸ ਮੁੰਡੇ ਨੂੰ ਸਾਹਿਤ ਅਕਾਦਮੀ ਦਾ ਦਫਤਰ ਸੰਭਾਲ ਦਿਉ। ਨਿਯੁਕਤੀ ਦੀ ਚਿੱਠੀ ਤੈਨੂੰ ਪ੍ਰੋਫੈਸਰ ਪਿਆਰ ਸਿੰਘ ਅਗਲੇ ਹਫ਼ਤੇ ਆਪ ਆ ਕੇ ਦੇਣਗੇ।" ਭਾਈ ਜੋਧ ਸਿੰਘ ਸਾਹਿਤ ਅਕਾਦਮੀ ਦਾ ਪ੍ਰਧਾਨ ਹੈ। ਮਸ਼ਹੂਰ ਸਿੱਖ ਹਸਤੀ ਹੋਣ ਕਰਕੇ ਉਹ ਪੰਜਾਬੀ ਸਾਹਿਤ ਦੀ ਵੀ ਵੱਡੀ ਹਸਤੀ ਮੰਨੀ ਜਾਂਦੀ ਹੈ। ਸਰਕਾਰੇ-ਦਰਬਾਰੇ ਅਤੇ ਪੰਜਾਬ ਯੂਨੀਵਰਸਟੀ 'ਚ ਬੜੀ ਪੈਂਠ ਹੈ। ਭਾਈ ਸਾਹਿਬ ਬਾਰੇ ਚੀਫ ਖਾਲਸਾ ਦੀਵਾਨ ਦੇ ਦਫ਼ਤਰ 'ਚ ਗੱਲਾਂ ਹੁੰਦੀਆਂ ਸੁਣੀਆਂ ਹੋਈਆਂ ਹਨ।

ਕੁਝ ਦਿਨਾਂ ਬਾਦ ਪ੍ਰੋਫੈਸਰ ਪਿਆਰ ਸਿੰਘ ਅੰਮ੍ਰਿਤਸਰ ਪੁੱਜ ਜਾਂਦਾ ਹੈ। ਉਹ ਅਕਾਦਮੀ ਦਾ ਜਨਰਲ ਸਕੱਤਰ ਹੈ। ਅਕਾਦਮੀ 'ਚ ਨਿਯੁਕਤੀ ਦੀ ਚਿੱਠੀ ਉਹ ਆਪਣੇ ਹੱਥਾਂ ਨਾਲ ਟਾਈਪ ਕਰ, ਹੇਠ ਦਸਤਖਤ ਕਰਕੇ ਫੜਾਂਦਾ ਹੈ। ਤਨਖਾਹ ਸੌ ਰੁਪਏ, ਪੰਜ ਰੁਪਏ ਮਹੀਨਾ ਸਾਈਕਲ ਅਲਾਊਂਸ। ਸਾਲ ਬਾਦ ਚਾਰ ਰੁਪਏ ਤਰੱਕੀ। ਕਾਨਫਰੰਸ ਦੇ ਤੁਰੰਤ ਬਾਦ ਮੈਨੂੰ ਲੁਧਿਆਣੇ ਪੁੱਜਣ ਦੀ ਹਦਾਇਤ ਹੈ।

ਇਕ ਦੁਪਹਿਰ ਕਰਨੈਲ ਸਿੰਘ ਥਿੰਦ ਕਹਿੰਦਾ, "ਰਾਜਾਸਾਂਸੀ ਵਾਲੇ ਸੰਧਾਵਾਲੀਆ ਸਰਦਾਰ ਨੇ ਸੌ ਰੁਪਏ ਦੇਣ ਦਾ ਵਾਅਦਾ ਕੀਤਾ ਹੈ। ਏਨੀ ਵੱਡੀ ਰਕਮ ਛੱਡੀ ਨਹੀਂ ਜਾ ਸਕਦੀ। ਸਰਦਾਰ ਨੇ ਆਪਣੇ ਆਪ ਭੇਜਣੇ ਨਹੀਂ।" ਮੈਂ ਚਿੱਠੀ ਜੇਬ 'ਚ ਪਾਉਂਦਾ ਸਾਈਕਲ ਨੂੰ ਰਾਜਾਸਾਂਸੀ ਵਲ ਦੌੜਾਂਦਾ ਹਾਂ। ਰਾਹ 'ਚ ਪਛਤਾਵਾ ਹੋਣ ਲੱਗਦਾ, ਏਨੀ ਗਰਮੀ, ਰਤਾ ਰੁਕ ਕੇ ਆਉਣਾ ਚਾਹੀਦਾ ਸੀ। ਪਸੀਨੋ-ਪਸੀਨੀ ਮੈਂ ਸੰਧਾਵਾਲੀਆ ਸਰਦਾਰਾਂ ਦੀ ਕਿਲੇ-ਨੁਮਾ ਕੋਠੀ ਪੁੱਜਦਾ ਹਾਂ। ਪਿਆਸਾ। ਭੁੱਖਾ। ਦਵਾਰਪਾਲ ਪਾਣੀ ਪਿਲਾਉਂਦਾ ਤੇ ਕਹਿੰਦਾ, ਮੈਂ ਕੁਝ ਦੇਰ ਆਰਾਮ ਕਰ ਲਵਾਂ। ਉਹ ਆਪ ਵੀ ਆਰਾਮ ਕਰ ਰਿਹਾ, ਕਹਿੰਦਾ - "ਸਰਦਾਰ ਸਾਹਿਬ ਆਰਾਮ ਕਰ ਰਹੇ ਹਨ, ਚਾਰ ਵਜੇ ਉੱਠਣਗੇ।" ਮੈਂ ਉਡੀਕ ਕਰਦਾ ਉੱਥੇ ਚਟਾਈ 'ਤੇ ਸੌਂ ਜਾਂਦਾ ਹਾਂ। ਚਾਰ ਵਜੇ ਬੰਦਾ ਅੰਦਰ ਜਾਂਦਾ, ਜੁਆਬ ਲਿਆਂਦਾ, "ਚਿੱਠੀ ਦੇ ਦਿਓ, ਰੁਪਏ ਪਹੁੰਚਾ ਦਿੱਤੇ ਜਾਣਗੇ।" ਮੈਂ ਸਮਝ ਜਾਨਾਂ, ਸਰਦਾਰ ਸੰਧਾਵਾਲੀਆ ਟਾਲਮਟੋਲ ਕਰ ਰਿਹਾ। ਨਿਰਾਸ਼, ਮੈਂ ਦਵਾਰਪਾਲ ਨੂੰ ਕਹਿਨਾਂ, "ਅੰਦਰ ਜਾ ਕੇ ਕਹੋ, ਸੌ ਰੁਪਏ ਫੰਡ ਦੇਣ ਦਾ ਸਰਦਾਰ ਸਾਹਿਬ ਦਾ ਵਾਅਦਾ ਹੈ।" ਉਹ ਜਾ ਕੇ ਵਾਪਿਸ ਮੁੜਦਾ, ਕਹਿੰਦਾ, "ਅੱਜ ਪੀ.ਏ. ਛੁੱਟੀ 'ਤੇ ਹੈ। ਕੱਲ੍ਹ ਪਹੁੰਚਾ ਦਿਆਂਗੇ।" ਕੌਣ ਪਹੁੰਚਾਵੇਗਾ? ਵਾਪਸ ਤਿਆਰੀ ਕਮੇਟੀ ਦੇ ਦਫਤਰ ਪੁੱਜਦਾਂ ਤਾਂ ਪਿਆਰ ਸਿੰਘ ਕਹਿੰਦੇ ਨੇ, "ਹੁਣ ਕਿੱਥੇ ਆਉਣ ਲੱਗੇ ਨੇ ਪੈਸੇ। ਤੈਨੂੰ ਕਿਸ ਕਿਹਾ ਸੀ ਦੁਪਹਿਰ ਵੇਲੇ ਜਾ?"


ਕਾਨਫਰੰਸ ਤਿੰਨ ਦਿਨਾਂ ਨੂੰ ਹੈ। ਦਿੱਲੀ ਤੋਂ ਕੋਈ ਵੀ.ਆਈ.ਪੀ. ਨਹੀਂ ਮਿਲ ਸਕਿਆ। ਕਾਨਫਰੰਸ ਦਾ ਉਦਘਾਟਨ ਕੌਣ ਕਰੇਗਾ, ਕਿਸੇ ਨੂੰ ਪਤਾ ਨਹੀਂ ਹੈ। ਪ੍ਰਧਾਨਗੀ ਸੁਰਜੀਤ ਸਿੰਘ ਮਜੀਠੀਆ ਨੇ ਕਰਨੀ ਹੈ। ਮਜੀਠੀਆ ਨੂੰ ਭਾਈ ਜੋਧ ਸਿੰਘ ਆਪਣਾ 'ਮੁੰਡਾ' ਸਮਝਦੇ ਹਨ, ਭਾਵੇਂ ਉਹ ਕੇਂਦਰ 'ਚ ਡਿਪਟੀ ਮਨਿਸਟਰ ਹੈ ਤੇ ਖਾਲਸਾ ਕਾਲਜ ਦੀ ਪ੍ਰਬੰਧਕ ਕਮੇਟੀ ਦਾ ਪ੍ਰੈਜ਼ੀਡੈਂਟ। ਸਭਨਾਂ ਮੁਹਤਬਰਾਂ ਦਾ ਖਿਆਲ ਹੈ ਕੇਂਦਰ ਤੋਂ ਮੰਤਰੀ ਆਉਣਾ ਚਾਹੀਦਾ, ਵਰਨਾ ਕਾਨਫਰੰਸ ਅਸਫਲ ਮੰਨੀ ਜਾਵੇਗੀ। ਅਖਬਾਰਾਂ 'ਚ ਮਸ਼ਹੂਰੀ ਮੰਤਰੀ ਦੇ ਆਉਣ ਬਗ਼ੈਰ ਨਹੀਂ ਹੋਣੀ। ਪਿਛਲੇ ਸਾਲ ਦਿੱਲੀ ਦੀ ਕਾਨਫਰੰਸ 'ਚ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਆਇਆ। ਅਖੀਰਲੇ ਦਿਨ ਰਾਸ਼ਟਰਪਤੀ ਰਾਜਿੰਦਰ ਪ੍ਰਸ਼ਾਦ ਵੀ ਆਇਆ। ਅੰਮ੍ਰਿਤਸਰ ਦੀ ਕਾਨਫਰੰਸ ਦੀ ਮੰਤਰੀ ਬਗ਼ੈਰ ਕੋਈ ਵੁੱਕਤ ਨਹੀਂ ਰਹਿਣੀ। ਤੁਰੰਤ ਕਾਂਗਰਸੀ ਨੇਤਾ ਸ਼ਮਸ਼ੇਰ ਸਿੰਘ ਵੇਰਕਾ ਨੂੰ ਦਿੱਲੀ ਭੇਜਿਆ ਜਾਂਦਾ। ਦੋ ਦਿਨ ਭਟਕਣ ਤੋਂ ਬਾਦ ਉਹ ਦੁਰਗਾ ਦਾਸ ਭਾਟੀਆ ਨੂੰ ਫੋਨ ਕਰਦਾ, "ਵੀ. ਆਈ. ਪੀ. ਮਿਲ ਗਿਆ ਹੈ। ਕੋਈ ਵਿਹਲਾ ਨਹੀਂ, ਨਾ ਰਾਜ਼ੀ ਹੋਇਆ ਹੈ, ਸਿਰਫ਼ ਇਕ ਬੀਬੀ ਮਿਲੀ ਹੈ। ਇਹ ਲੋਕ ਸਭਾ ਦੀ ਡਿਪਟੀ ਸਪੀਕਰ ਵਾਇਲਟ ਐਲਵਾ ਹੈ, ਅੰਗਰੇਜ਼ੀ 'ਚ ਭਾਸ਼ਣ ਕਰਦੀ ਹੈ। ਇਕ ਹੋਰ ਡਿਪਟੀ ਮਨਿਸਟਰ, ਜੀਹਦਾ ਨਾਂ ਹਾਜ਼ਰਨਵੀਸ ਹੈ, ਵੀ ਆਉਣ ਨੂੰ ਤਿਆਰ ਹੈ।" ਫਿਰ ਉਹ ਕਹਿੰਦਾ, "ਦੋਵੇਂ 3 ਮਈ ਵਾਲੇ ਦਿਨ ਸਵੇਰੇ ਫਰੰਟੀਅਰ ਮੇਲ ਰਾਹੀਂ ਅੰਮ੍ਰਿਤਸਰ ਪੁੱਜ ਜਾਣਗੇ। ਸਵਾਗਤ ਲਈ ਤੀਹ ਚਾਲ੍ਹੀ ਬੰਦੇ ਸਿਹਰਿਆਂ ਸਮੇਤ ਸਟੇਸ਼ਨ 'ਤੇ ਹੋਣੇ ਚਾਹੀਦੇ ਹਨ।"

ਭੜਥੂ ਪੈ ਜਾਂਦਾ ਹੈ। ਕੱਲ੍ਹ ਸਵੇਰ ਨੂੰ ਪੰਦਰਾਂ ਘੰਟੇ ਹਨ। ਦੋ ਮਈ ਦੀ ਸ਼ਾਮ ਦਾ ਵਕਤ ਹੈ। ਸ਼ਹਿਰ ਦੇ ਪਤਵੰਤੇ ਸੱਜਣ ਸਵੇਰੇ ਕਿਵੇਂ ਪੁੱਜਣਗੇ? ਫੋਨ ਤਾਂ ਪ੍ਰਬੰਧਕੀ ਕਮੇਟੀ ਦੇ ਦਫਤਰ 'ਚ ਵੀ ਨਹੀਂ, ਨਾ ਕਿਸੇ ਪਤਵੰਤੇ ਦੇ ਘਰ ਹੋਵੇਗਾ, ਸਿਵਾਏ ਦੁਰਗਾ ਦਾਸ ਭਾਟੀਆ ਜਾਂ ਮੁਬਾਰਕ ਸਿੰਘ ਦੇ। ਇਹ ਕੰਮ ਸਿਰੇ ਚਾੜ੍ਹਨ ਲਈ ਸਭਨਾਂ ਨੂੰ ਇਸ ਮੁੰਡੇ ਦਾ ਖਿਆਲ ਆਉਂਦਾ ਹੈ। ਚਿੱਠੀਆ ਟਾਈਪ ਹੁੰਦੀਆਂ ਹਨ। ਥਿੰਦ ਨੇ ਸਿਹਰਿਆਂ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਸੰਭਾਲੀ ਹੈ। ਪੰਜਾਹ ਕੁ ਚਿੱਠੀਆਂ ਲਿਫ਼ਾਫੇ 'ਚ ਪਾ ਕੇ ਉੱਤੇ ਤੇਜ਼ੀ ਨਾਲ ਨਾਂ ਲਿਖੇ ਗਏ ਹਨ। ਸਿਰਨਾਵੇਂ ਲਿਖਣ ਦੀ ਲੋੜ ਨਹੀਂ, ਸਭਨਾਂ ਦਾ ਥਾਂ-ਟਿਕਾਣਾ ਮੈਨੂੰ ਪਤਾ ਹੈ। ਰਾਤ ਦੇ ਸਾਢੇ ਅੱਠ ਵੱਜ ਚੁੱਕੇ ਹਨ। ਪਿਆਰ ਸਿੰਘ ਮੇਰੇ ਹੱਥ 'ਚ ਲਿਫ਼ਾਫੇ ਫੜਾਂਦੇ ਕਹਿੰਦੇ ਹਨ, "ਲੈ ਸ਼ੇਰਾ, ਇਹ ਕੰਮ ਤੂੰ ਹੀ ਕਰ ਸਕਦਾਂ।" ਮੈਂ ਚਿੱਠੀਆਂ ਵਾਲੇ ਲਿਫ਼ਾਫੇ ਸਾਈਕਲ ਦੀ ਟੋਕਰੀ 'ਚ ਰੱਖਦਾਂ, ਸਾਈਕਲ ਨੂੰ ਮੋਟਰ ਬਾਈਕ ਵਾਂਗ ਦੌੜਾਂਦਾ ਦੂਰ ਨਿਕਲ ਜਾਂਦਾਂ। ਸਭ ਤੋਂ ਪਹਿਲਾਂ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਦੇ ਘਰ, ਫਿਰ ਖਾਲਸਾ ਕਾਲਜ ਦੇ ਪ੍ਰਿੰਸੀਪਲ, ਫਿਰ ਮਾਲ ਰੋਡ ਸੁਖਬੰਸ ਕੌਰ ਭਿੰਡਰ। ਲਾਰੰਸ ਰੋਡ ਐਡਵੋਕੇਟ ਜੋਗਿੰਦਰ ਸਿੰਘ ਵਲ। ਫਿਰ...ਵਲ, ਚਲ ਸੋ ਚਲ। ਸਵੇਰੇ ਸਟੇਸ਼ਨ 'ਤੇ ਪੁੱਜਣ ਦੀ ਤਾਕੀਦ ਕਰੀ ਜਾਂਦਾ ਹਾਂ। ਰਾਤ ਦੇ ਗਿਆਰਾਂ ਵਜੇ ਤੋਂ ਬਾਦ ਮੈਂ ਲਿਫ਼ਾਫਾ ਦਰਵਾਜ਼ੇ ਦੀਆਂ ਝੀਥਾਂ ਥਾਣੀ ਸੁੱਟਣ ਲੱਗਦਾਂ, ਹੁਣ ਸਭ ਸੌਂ ਗਏ ਹੋਣਗੇ। ਨਾਨਕ ਸਿੰਘ ਨਾਵਲਿਸਟ ਹੋਰਾਂ ਦੇ ਘਰ ਆਖਰੀ ਲਿਫਾਫਾ ਸੁੱਟਦਿਆਂ ਡੇਢ ਵੱਜ ਚੁੱਕਾ ਹੈ।

ਦੂਜੇ ਦਿਨ ਸਵੇਰੇ ਫਰੰਟੀਅਰ ਮੇਲ ਦੇ ਆਉਣ ਤੋਂ ਪਹਿਲਾਂ ਵੀਹ ਪੰਝੀ ਬੰਦੇ ਹੱਥਾਂ 'ਚ ਸਿਹਰੇ ਲਈ ਖੜੇ ਸਨ।

3 ਮਈ, 1958

ਗਿਆਰਾਂ ਵਜੇ ਦੇ ਕਰੀਬ ਜਲੰਧਰ, ਪਟਿਆਲਾ, ਲੁਧਿਆਣਾ ਤੋਂ ਲੇਖਕ/ਪ੍ਰੋਫੈਸਰ ਪੁੱਜਣੇ ਸ਼ੁਰੂ ਹੋ ਚੁੱਕੇ ਹਨ। ਦਿੱਲੀ ਤੋਂ ਗੁਰਮੁੱਖ ਸਿੰਘ ਜੀਤ ਅਤੇ ਗਿਆਨੀ ਕੁਲਦੀਪ ਸਿੰਘ ਆਏ ਹਨ। ਤੰਬੂ ਕਨਾਤਾਂ ਲੱਗੀਆਂ ਹੋਈਆਂ ਹਨ। ਵਾਇਲਟ ਐਲਵਾ ਨੇ ਕਾਨਫਰੰਸ ਦਾ ਉਦਘਾਟਨ ਕਰਨਾ ਹੈ ਤੇ ਸੁਰਜੀਤ ਸਿੰਘ ਮਜੀਠੀਆ ਨੇ ਪ੍ਰਧਾਨਗੀ। ਉਦਘਾਟਨੀ ਸਮਾਗਮ 'ਚ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਨੇ ਪ੍ਰਵਚਨ ਅਦਾ ਕਰਨਾ ਹੈ। ਭਾਈ ਜੋਧ ਸਿੰਘ ਨੇ ਮਾਹੌਲ ਨੂੰ ਗੰਭੀਰ ਬਨਾਣਾ ਹੈ। ਡਾਕਟਰ ਸ਼ੇਰ ਸਿੰਘ ਨੇ ਸਵਾਗਤੀ ਸ਼ਬਦ ਕਹਿਣੇ ਹਨ। ਵਿਚਾਲੇ ਸੰਤ ਸਿੰਘ ਸੇਖੋਂ ਨੇ ਇਕ ਮਤਾ ਪੇਸ਼ ਕਰਨਾ ਹੈ, ਇਸ ਮਤੇ ਦੀ ਪ੍ਰੋੜਤਾ ਲਈ ਲੁਧਿਆਣੇ ਤੋਂ ਪ੍ਰੋਫੈਸਰ ਪ੍ਰੀਤਮ ਸਿੰਘ ਨੇ ਮੰਚ ਅੱਗੇ ਆਉਣਾ ਹੈ। ਪਟਿਆਲੇ ਤੋਂ ਕੋਈ ਯੁਵਕ ਅਤਰ ਸਿੰਘ ਹੈ, ਦੋ ਸਾਲ ਪਹਿਲੇ ਐਮ.ਏ. ਕੀਤੀ ਹੈ, ਫਸਟ ਆਇਆ ਹੈ, ਪ੍ਰੋਫੈਸਰ ਪ੍ਰੀਤਮ ਸਿੰਘ ਦਾ 'ਸਟੂਡੈਂਟ' ਹੈ। ਉਹਦੇ 'ਪੰਜਾਬੀ ਦੁਨੀਆਂ' 'ਚ ਲੇਖ ਛਪਦੇ ਰਹਿੰਦੇ ਹਨ। ਸਾਰੇ ਕਹਿ ਰਹੇ ਹਨ ਇਹ ਅਤਰ ਸਿੰਘ ਮੁੰਡਾ ਜ਼ਹੀਨ ਹੈ, ਤਿੱਖਾ ਹੈ। ਉਹਨੇ 'ਸਾਡਾ ਸਾਹਿਤਕ ਵਿਰਸਾ' ਪਰਚਾ ਪੜ੍ਹਨਾ ਹੈ। ਅੰਬਾਲਾ ਤੋਂ ਓਮ ਪ੍ਰਕਾਸ਼ ਕਹੋਲ ਹੈ, ਸੰਸਕ੍ਰਿਤ ਦਾ ਵਿਦਵਾਨ। ਉਹਨੇ ਪੰਜਾਬੀ ਭਾਸ਼ਾ ਬਾਰੇ ਪੇਪਰ ਪੜ੍ਹਨਾ ਹੈ। ਰੋਸ਼ਨ ਲਾਲ ਆਹੂਜਾ ਹੈ, ਖਾਲਸਾ ਕਾਲਜ ਅੰਮ੍ਰਿਤਸਰ ਤੋਂ 1955 'ਚ ਸੇਵਾ ਮੁਕਤ ਹੋ ਕੇ ਜਲੰਧਰ ਜਾ ਵੱਸਿਆ ਹੈ। ਅੰਗਰੇਜ਼ੀ ਦਾ ਵਿਦਵਾਨ ਹੈ। ਉਹਨੇ ਵੀ ਇਕ ਪੇਪਰ ਪੜ੍ਹਨਾ ਹੈ। ਦਿੱਲੀ 'ਚ ਕੋਈ ਪ੍ਰੀਤਮ ਸਿੰਘ ਨਾਂ ਦਾ ਨਵਯੁੱਗ ਪ੍ਰੈਸ ਵਾਲਾ ਹੈ, ਪਹਿਲਾਂ ਉਹ ਪ੍ਰੀਤ ਨਗਰ 'ਚ ਦਾਰ ਜੀ ਦੇ ਨਾਲ ਸੀ, ਉਹਦਾ ਖਤ ਆਇਆ ਕਿ ਉਹਨੇ 'ਆਰਸੀ' ਨਾਂ ਦਾ ਰਸਾਲਾ ਛਾਪਣਾ ਸ਼ੁਰੂ ਕੀਤਾ ਹੈ। ਉਹ ਲਿਖਦਾ ਹੈ, "ਕਿਰਪਾ ਕਰਕੇ ਪਰਚੇ ਨੂੰ ਕਾਨਫਰੰਸ 'ਚ ਰਿਲੀਜ਼ ਕਰਨ ਦੀ ਆਗਿਆ ਦਿਓ ਜੀ।" ਪਿਆਰ ਸਿੰਘ ਨੇ 'ਆਗਿਆ' ਦੀ ਚਿੱਠੀ ਭੇਜ ਦਿੱਤੀ ਹੈ, "ਖੁਸ਼ੀ ਨਾਲ ਕਰੋ ਜੀ ਰਿਲੀਜ਼ 'ਆਰਸੀ' ਨੂੰ ਪਤਰਕਾਰਾਂ ਦੇ ਨਿੱਕੇ ਸਮਾਗਮ 'ਚ।"



ਭਾਈ ਵੀਰ ਸਿੰਘ

ਕੋਈ ਕਹਿੰਦਾ ਕਿ ਦਿੱਲੀ 'ਚ ਇੰਦਰਜੀਤ ਸਿੰਘ ਤੁਲਸੀ ਨਾਂ ਦਾ ਕਵੀ ਹੈ ਜੋ ਕਨਾਟ ਪਲੇਸ ਤੋਂ ਨਵੀਂ ਦਿੱਲੀ ਸਟੇਸ਼ਨ ਵਲ ਜਾਂਦੀ ਸੜਕ, 7-ਮੁਹੱਬਤ ਖਾਨ ਰੋਡ, 'ਤੇ ਰੇਲਵੇ ਕੁਆਟਰ 'ਚ ਰਹਿੰਦਾ ਹੈ। ਬੜੀ ਉੱਚੀ ਹੇਕਾਂ ਲਗਾਂਦਾ ਹੈ। ਕਵੀ ਦਰਬਾਰ 'ਚ ਖੂਬ ਰੰਗ ਬੰਨ੍ਹਦਾ ਹੈ। ਉਹਨੂੰ ਜ਼ਰੂਰ ਬੁਲਾਓ। ਪੱਚੀ ਰੁਪਏ ਤੋਂ ਜ਼ਿਆਦਾ ਦੇਣ ਦਾ ਕਿਸੇ ਨੂੰ ਵਾਅਦਾ ਨਾ ਕਰਨਾ। ਤੁਲਸੀ ਨੂੰ ਭਾਵੇਂ ਤੀਹ ਰੁਪਏ ਲਿਖ ਭੇਜੋ। ਤੁਲਸੀ ਨੂੰ ਤਾਰ ਭੇਜੀ ਜਾ ਚੁੱਕੀ ਹੈ। ਤੀਜੇ ਦਿਨ ਤਾਰ 'ਚ ਹੀ ਜੁਆਬ ਆਉਂਦਾ ਹੈ ਕਿ ਉਹਨੇ ਕਿਤੇ ਹੋਰ ਜਾਣਾ ਹੈ, ਹਾਜ਼ਰ ਹੋਣਾ ਮੁਮਕਿਨ ਨਹੀਂ ਹੈ। ਲੁਧਿਆਣੇ ਤੋਂ ਰਾਮ ਨਾਰਾਇਣ ਸਿੰਘ ਦਰਦੀ ਹੈ, ਕਰਤਾਰ ਸਿੰਘ ਸ਼ਮਸ਼ੇਰ ਹੈ, ਲੋਕਲ ਕਵੀ ਬਲੱਗਣ ਹੈ, ਇੰਦਰ ਸਿੰਘ ਰਾਜ਼ ਹੈ-ਸਭ ਬੁਲਾਓ ਜੀ। ਇਨ੍ਹਾਂ ਨੂੰ ਤਾਂ ਮੁਫ਼ਤ ਭੁਗਤਾਇਆ ਜਾ ਸਕਦਾ। ਮੀਟਿੰਗ 'ਚ ਕੋਈ ਕਹਿੰਦਾ, "ਇਕ ਜਗਤਾਰ ਪਪੀਹਾ ਨਾਂ ਦਾ ਕਵੀ ਹੈ, ਗੀਤ ਲਿਖਦਾ, ਸਟੇਜ 'ਤੇ ਚੰਗਾ ਰੰਗ ਬੰਨ੍ਹਦਾ।" ਦੂਜਾ ਕਹਿੰਦਾ, "ਕਿਹੜਾ ਪਪੀਹਾ? ਰਹਿਣ ਦਿਓ ਜੀ, ਏਦਾਂ ਤਾਂ ਪ੍ਰੋਗਰਾਮ ਸਵੇਰ ਤੱਕ ਚਲਦਾ ਰਹੇਗਾ। ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਜੋ ਆ ਰਹੇ ਹਨ। ਇਨ੍ਹਾਂ ਨੂੰ ਤਾਂ ਕਿਰਾਇਆ ਹੀ ਦੇਣਾ ਪਵੇਗਾ, ਸੇਵਾ-ਫਲ ਨਹੀਂ। ਵਿਚੋਂ ਹੀ ਕੋਈ ਬੋਲ ਪੈਂਦਾ, "ਦਿੱਲੀ 'ਚ ਹਰਿਭਜਨ ਸਿੰਘ ਨਾਂ ਦਾ ਕੋਈ ਨਵਾਂ ਕਵੀ ਉਭਰਿਆ, ਚੰਗਾ ਗਾਉਂਦਾ।" ਦੂਜਾ, "ਛੱਡੋ ਜੀ, ਸਟੇਜ 'ਤੇ ਉਹੀ ਕਵੀ ਬੁਲਾਓ ਜੋ ਜੰਮ ਜਾਣ। ਹੂਟ ਹੋਣ ਵਾਲੇ ਕਵੀਆਂ ਤੋਂ ਆਪਾਂ ਕੀ ਲੈਣਾ।" ਆਵਾਜ਼, "ਦੇਖਣਾ, ਕਰਤਾਰ ਸਿੰਘ ਬਲੱਗਣ ਰੰਗ ਬੰਨ੍ਹੇਗਾ।"

"ਹਰਸਾ ਸਿੰਘ ਚਾਤਰ ਬਾਰੇ ਪਤਾ ਨਹੀਂ ਲੱਗਾ ਆ ਰਿਹਾ ਜਾਂ ਨਹੀਂ। ਗੁਰਦਿੱਤ ਸਿੰਘ ਕੁੰਦਨ ਨੇ ਆਉਣਾ ਮੰਨ ਲਿਆ। ਕਹਿੰਦਾ, ਪੱਚੀ ਦੀ ਜਗ੍ਹਾ ਤੀਹ ਲਵਾਂਗਾ।" ਦੂਜਾ, "ਜੇ ਤੀਹ ਦੇਣੇ ਨੇ ਤਾਂ ਨੰਦਲਾਲ ਨੂਰਪੁਰੀ ਮਾੜਾ। ਵਿਧਾਤਾ ਸਿੰਘ ਤੀਰ ਨੂੰ ਅਜੇ ਅਪ੍ਰੋਚ ਨਹੀਂ ਕੀਤਾ। ਉਹਨੇ ਪੰਜਾਹ ਰੁਪਏ ਤੋਂ ਘਟ ਨਹੀਂ ਮੰਨਣਾ। ਬਟਾਲੇ ਤੋਂ ਬਰਕਤ ਰਾਮ ਯੁਮਨ ਹੈ। ਪਟਿਆਲੇ 'ਚ ਸੁਣਿਆ ਕੋਈ ਵੰਤਾ ਨਾਂ ਦਾ ਕਵੀ ਹੈ।" ਦੂਜੀ ਆਵਾਜ਼, "ਦਰਸ਼ਨ ਸਿੰਘ ਆਵਾਰਾ ਜੋ ਪਟਿਆਲੇ ਤੋਂ ਆ ਰਿਹਾ, ਤੀਹ ਰੁਪਏ 'ਚ।" ਸਵੇਰੇ ਸ਼ਾਮ ਇਹ ਗੱਲਾਂ ਚਲਦੀਆ ਰਹਿੰਦੀਆਂ।

ਭਾਈ ਜੋਧ ਸਿੰਘ ਦੇ ਦਸਤਖ਼ਤਾਂ ਹੇਠ ਅੰਮ੍ਰਿਤਾ ਪ੍ਰੀਤਮ ਨੂੰ ਚਿੱਠੀ ਭੇਜੀ ਜਾਂਦੀ ਹੈ ਕਿ ਕਿ ਉਹ ਕਵੀ ਦਰਬਾਰ ਦੀ ਪ੍ਰਧਾਨਗੀ ਕਰੇ। ਅੰਮ੍ਰਿਤਾ ਦਾ ਅੰਗਰੇਜ਼ੀ 'ਚ ਟਾਈਪ ਕੀਤਾ ਜੁਆਬ ਆਉਂਦਾ ਕਿ ਉਹ ਭਾਵੇਂ ਪਬਲਿਕ ਜਲਸਿਆਂ 'ਚ ਨਹੀਂ ਜਾਂਦੀ ਪਰ ਭਾਈ ਸਾਹਿਬ ਦਾ ਕਹਿਣਾ ਨਹੀਂ ਟਾਲ ਸਕਦੀ, ਅੰਮ੍ਰਿਤਸਰ ਪੁੱਜ ਜਾਵੇਗੀ। ਉਹਦੇ ਲਈ ਹੋਟਲ 'ਚ ਕਮਰਾ ਬੁੱਕ ਕਰਵਾ ਦਿੱਤਾ ਜਾਵੇ। ਵਾਪਸੀ ਪੰਜ ਮਈ ਦੀਆਂ ਦੋ ਸਲੀਪਰ ਟਿਕਟਾਂ ਫਰੰਟੀਅਰ ਮੇਲ ਅੰਮ੍ਰਿਤਸਰ-ਦਿੱਲੀ ਦੀਆਂ ਵੀ

ਬੁੱਕ ਕਰਵਾ ਦਿੱਤੀਆਂ ਜਾਣ। ਉਹ ਲਿਖਦੀ ਹੈ, "ਮੇਰੇ ਨਾਲ ਮੇਰਾ ਪਤੀ ਪ੍ਰੀਤਮ ਸਿੰਘ ਵੀ ਹੋਵੇਗਾ।"

ਬਲਵੰਤ ਗਾਰਗੀ, ਨਵਤੇਜ ਸਿੰਘ ਆਦਿ ਨੇ ਤਾਂ ਪੁੱਜਣਾ ਹੀ ਹੈ। ਦਾਰਜੀ ਸ਼ਾਇਦ ਨਾ ਹਾਜ਼ਰ ਹੋ ਸਕਣ। ਉਨ੍ਹਾਂ ਦੀ ਸਿਹਤ ਬੇਨੁਕਸ ਨਹੀਂ। ਗੁਰਨਾਮ ਸਿੰਘ ਤੀਰ ਦਾ ਤੈਅ ਹੋ ਚੁੱਕਾ ਹੈ ਕਿ ਉਹਨੇ ਕਵੀ ਦਰਬਾਰ ਦੀ ਸਟੇਜ ਸਕੱਤਰੀ ਕਰਨੀ ਹੈ। ਤੇਰਾ ਸਿੰਘ 'ਚੰਨ' ਅਗਲੇ ਦਿਨ ਸਭਿਆਚਾਰਕ ਪ੍ਰੋਗਰਾਮ 'ਚ ਓਪੇਰਾ ਪੇਸ਼ ਕਰੇਗਾ। ਸੁਰਿੰਦਰ ਕੌਰ ਨੂੰ ਕੌਣ 'ਅਪ੍ਰੋਚ' ਕਰੇ? ਵਕਤ ਨਹੀਂ ਹੈ। ਜੇ ਸੁਰਿੰਦਰ ਕੌਰ ਬੁਲਾਣੀ ਹੈ ਤਾਂ ਆਸਾ ਸਿੰਘ ਮਸਤਾਨਾ ਨੂੰ ਬੁਲਾਣਾ ਵੀ ਜ਼ਰੂਰੀ ਹੈ। ਪ੍ਰੋਫੈਸਰ ਉਜਾਗਰ ਸਿੰਘ ਕਹਿੰਦਾ, 'ਭਾਈ ਸਾਹਿਬ ਕਹਿੰਦੇ ਨੇ ਬਹੁਤੇ ਗਾਉਣ ਵਾਲੇ ਨਹੀਂ ਬੁਲਾਣੇ।' ਮਾਸਟਰ ਤਾਰਾ ਸਿੰਘ ਇਨ੍ਹਾਂ ਕਲਚਰਲ ਪ੍ਰੋਗਰਾਮਾਂ ਤੋਂ ਬਹੁਤ ਔਖਾ ਹੈ। ਉਹ ਆਪਣੇ ਅਖਬਾਰ 'ਪਰਭਾਤ 'ਚ ਇਨ੍ਹਾਂ ਦੇ ਖਿਲਾਫ ਲਿਖ ਚੁੱਕਾ। ਉਹਦਾ ਸੰਪਾਦਕੀ ਹੈ, 'ਕਲਚਰਲ ਪ੍ਰੋਗਰਾਮ ਕਿ ਕੰਜਰਲ ਪ੍ਰੋਗਰਾਮ'।

ਦੁਪਹਿਰ - ਆਰੰਭ ਤੋਂ ਤਿੰਨ ਘੰਟੇ ਪਹਿਲਾਂ

ਪ੍ਰਬੰਧਕੀ ਕਮਰਾ ਭਰਿਆ ਪਿਆ। ਅਤਰ ਸਿੰਘ ਅਤੇ ਉਹਦੇ ਨਾਲ ਦੋ ਤਿੰਨ ਹੋਰ ਯੁਵਕ ਦਾਖਲ ਹੁੰਦੇ ਹਨ। ਪਸੀਨੋ-ਪਸੀਨੀ। ਡਾ. ਪਿਆਰ ਸਿੰਘ ਕਹਿੰਦਾ, "ਏਸ ਮੁੰਡੇ ਨੇ ਪੇਪਰ ਪੜ੍ਹਨਾ।" ਤਰਲੋਕ ਸਿੰਘ ਕੰਵਰ ਵੀ 'ਮੁੰਡਿਆਂ' ਵਾਂਗ ਤੁਰਿਆ ਫਿਰਦਾ। ਉਹਨੇ ਹੁਣੇ ਜਿਹੇ ਲੁਧਿਆਣੇ ਤੋਂ ਐਮ.ਏ. ਕੀਤੀ ਹੈ। ਕੰਵਰ ਪਿਆਰ ਸਿੰਘ ਦਾ ਨਜ਼ਦੀਕੀ ਦਿਖਾਈ ਦੇਂਦਾ। ਉਹ ਪਿਆਰ ਸਿੰਘ ਤੋਂ ਚਿੱਠੀ ਲੈਣਾ ਚਾਹੁੰਦਾ, 'ਧਰਮਸਾਲਾ ਸਰਕਾਰੀ ਕਾਲਜ 'ਚ ਐਡਹੌਕ ਥਾਂ ਖਾਲੀ ਹੈ।' ਅਤਰ ਸਿੰਘ ਨੇ ਤਿੱਖੀ ਆਵਾਜ਼ 'ਚ ਮੁੱਖ ਸਮਾਗਮ 'ਚ ਲੰਮਾ ਪਰਚਾ ਪੜ੍ਹਨਾ। ਏਨੇ ਵੱਡੇ ਪੰਡਾਲ 'ਚ ਏਨਾ ਲੰਮਾ ਪਰਚਾ। ਇੱਧਰ ਭਾਈ ਜੋਧ ਸਿੰਘ ਦਾ ਮੈਨੂੰ ਆਦੇਸ਼ ਹੈ - "ਤੂੰ ਮੇਰੇ ਨਾਲ ਰਹਿਣਾ।" ਗੱਲਬਾਤ 'ਚ ਭਾਈ ਸਾਹਿਬ ਦੱਸਦੇ ਹਨ ਕਿ ਉਨ੍ਹਾਂ ਦੀ ਉਮਰ 77 ਸਾਲ ਹੈ, "ਮੈਂ ਖਾਲਸਾ ਕਾਲਜ ਤੋਂ ਰਿਟਾਇਰ ਹੋਇਆ ਤਾਂ ਮੇਰੀ ਉਮਰ 70 ਸਾਲ ਸੀ।"

***ਸੁਰਜੀਤ ਸਿੰਘ ਮਜੀਠੀਆ ਅਤੇ ਹੋਰ ਮਹਿਮਾਨਾਂ ਨੂੰ ਭਾਈ ਸਾਹਿਬ ਨੇ ਹੀ 'ਰਿਸੀਵ' ਕਰਨਾ। ਥਿੰਦ ਨੇ ਖਾਸ ਤਰ੍ਹਾਂ ਦੇ ਹਾਰ ਮੰਗਵਾ ਰੱਖੇ ਹਨ, ਜਿਵੇਂ ਵਿਆਹ 'ਚ ਪਹਿਨਾਈਦੇ ਨੇ। ਹਾਰਾਂ ਨੂੰ ਫੜ ਕੇ ਭਾਈ ਸਾਹਿਬ ਦੇ ਨਾਲ ਖੜਨ ਵਾਲਾ ਕੰਮ ਮੈਨੂੰ ਔਖਾ ਕਰ ਰਿਹਾ। ਭਾਈ ਸਾਹਿਬ ਤਲਖ਼ ਹੁੰਦਾ: "ਜੇ ਹਾਰ ਤੂੰ ਨਹੀਂ ਫੜ ਸਕਦਾ ਤਾਂ ਕਿਸੇ ਵਾਲੰਟੀਅਰ ਨੂੰ ਫੜਾ ਦੇ।" ਸੁਰਜੀਤ ਸਿੰਘ ਮਜੀਠੀਆ ਚਿੱਟੀ ਅੰਬੈਸਡਰ ਕਾਰ 'ਚ ਆਉਂਦਾ। ਪਹਿਲਾਂ ਭਾਈ ਸਾਹਿਬ ਦੇ ਗੋਡਿਆਂ ਵਲ ਹੱਥ, ਫਿਰ ਗਰਦਨ ਅੱਗੇ ਕਰਦਾ, ਹਾਰ ਉਹਦੇ ਗੱਲ 'ਚ ਪੈਂਦਾ। ਕਾਫਲਾ ਪੰਡਾਲ ਵਲ ਤੁਰ ਪੈਂਦਾ। ਫਿਰ ਦੂਜਾ ਵੀ. ਆਈ. ਪੀ ਆਉਂਦਾ, ਹਾਰ ਉਹਦੇ ਗਲ 'ਚ ਹੁੰਦਾ, ਕਾਫਲਾ ਫਿਰ ਪੰਡਾਲ ਵਲ।***

ਸੁਰਜੀਤ ਸਿੰਘ ਮਜੀਠੀਆ ਅਤੇ ਹੋਰ ਮਹਿਮਾਨਾਂ ਨੂੰ ਭਾਈ ਸਾਹਿਬ ਨੇ ਹੀ 'ਰਿਸੀਵ' ਕਰਨਾ। ਥਿੰਦ ਨੇ ਖਾਸ ਤਰ੍ਹਾਂ ਦੇ ਹਾਰ ਮੰਗਵਾ ਰੱਖੇ ਹਨ, ਜਿਵੇਂ ਵਿਆਹ 'ਚ ਪਹਿਨਾਈਦੇ ਨੇ। ਹਾਰਾਂ ਨੂੰ ਫੜ ਕੇ ਭਾਈ ਸਾਹਿਬ ਦੇ ਨਾਲ ਖੜਨ ਵਾਲਾ ਕੰਮ ਮੈਨੂੰ ਔਖਾ ਕਰ ਰਿਹਾ। ਭਾਈ ਸਾਹਿਬ ਤਲਖ਼ ਹੁੰਦਾ, "ਜੇ ਹਾਰ ਤੂੰ ਨਹੀਂ ਫੜ ਸਕਦਾ ਤਾਂ ਕਿਸੇ ਵਾਲੰਟੀਅਰ ਨੂੰ ਫੜਾ ਦੇ।" ਸੁਰਜੀਤ ਸਿੰਘ ਮਜੀਠੀਆ ਚਿੱਟੀ ਅੰਬੈਸਡਰ ਕਾਰ 'ਚ ਆਉਂਦਾ। ਪਹਿਲਾਂ ਭਾਈ ਸਾਹਿਬ ਦੇ ਗੋਡਿਆਂ ਵਲ ਹੱਥ, ਫਿਰ ਗਰਦਨ ਅੱਗੇ ਕਰਦਾ, ਹਾਰ ਉਹਦੇ ਗੱਲ 'ਚ ਪੈਂਦਾ। ਕਾਫਲਾ ਪੰਡਾਲ ਵਲ ਤੁਰ ਪੈਂਦਾ। ਫਿਰ ਦੂਜਾ ਵੀ.ਆਈ.ਪੀ. ਆਉਂਦਾ, ਹਾਰ ਉਹਦੇ ਗਲ 'ਚ ਹੁੰਦਾ, ਕਾਫਲਾ ਫਿਰ ਪੰਡਾਲ ਵਲ।

ਕਾਨਫਰੰਸ ਦਾ ਆਰੰਭ। ਮੰਚ 'ਤੇ ਲਾਲ ਰੰਗ ਦੀਆਂ ਸਪੈਸ਼ਲ ਕੁਰਸੀਆ 'ਤੇ ਵੀ.ਆਈ.ਪੀ. ਫਿਟ ਹੋ ਚੁੱਕੇ ਹਨ। ਕਾਰਵਾਈ ਡਾਕਟਰ ਸ਼ੇਰ ਸਿੰਘ ਪਾਉਣ ਲੱਗਦਾ। ਵਾਇਲਟ ਐਲਵਾ (ਅੱਜ ਕੱਲ੍ਹ ਦੀ ਮਾਰਗਰੇਟ ਐਲਵਾ ਦੀ ਮਾਂ) ਤਿੱਖੀ ਆਵਾਜ਼ 'ਚ ਅੰਗਰੇਜ਼ੀ 'ਚ ਭਾਸ਼ਣ ਦੇਣ ਲੱਗਦੀ ਹੈ। ਸਾਰਾ ਪੰਡਾਲ ਅੰਗਰੇਜ਼ੀ ਸਮਝਣ ਦੀ ਕੋਸ਼ਿਸ਼ ਕਰ ਰਿਹਾ। ਗਰਮੀ ਹੈ। ਪਡੈਸਟਲ ਪੱਖੇ ਫਰਰ ਕਰੀ ਜਾਂਦੇ ਹਨ। ਹੁਣ ਸਤਿਗੁਰੂ ਪ੍ਰਤਾਪ ਸਿੰਘ ਹੋਰਾਂ ਨੇ ਪ੍ਰਵਚਨ ਅਦਾ ਕਰਨਾ ਹੈ। ਬਾਦ 'ਚ ਸੰਤ ਸਿੰਘ ਸੇਖੋਂ ਨੇ ਮੁੱਖ ਮਤਾ ਪੇਸ਼ ਕਰਨ ਲਈ ਆਉਣਾ ਹੈ। ਇਹ ਮਤਾ ਪੰਜਾਬੀ ਨੂੰ ਪੰਜਾਬ ਦੀ ਮੁੱਖ ਭਾਸ਼ਾ ਬਨਾਣ ਬਾਰੇ ਹੈ। ਮਤੇ ਦੀ ਪ੍ਰੋੜ੍ਹਤਾ ਲਈ ਪ੍ਰੋਫੈਸਰ ਪ੍ਰੀਤਮ ਸਿੰਘ ਉੱਠਦਾ ਹੈ। ਸੇਖੋਂ ਵਾਪਿਸ ਮੂਹਰਲੀ ਕਤਾਰ 'ਚ ਬੈਠਣ ਆ ਹੀ ਰਿਹਾ ਹੈ ਕਿ ਅੰਮ੍ਰਿਤਾ ਪ੍ਰੀਤਮ ਸੱਜੇ ਪਾਸੇ ਤੋਂ ਦਾਖਲ ਹੁੰਦੀ ਹੈ। ਪਸੀਨੋ ਪਸੀਨ ਚਿਹਰਾ, ਉਹਦਾ ਪਤੀ ਰਾਹ 'ਚ ਕਿਸੇ ਸੀਟ 'ਤੇ ਬੈਠ ਗਿਆ ਹੈ। ਸੇਖੋਂ ਦੀ ਖਾਲੀ ਸੀਟ 'ਤੇ ਬੈਠਣ ਲੱਗਦੀ ਹੈ ਤਦ ਤੱਕ ਸੇਖੋਂ ਪੁੱਜ ਜਾਂਦਾ। ਦੋਵੇਂ ਇਕ ਸੀਟ ਦੇ ਇਰਦ ਗਿਰਦ ਬਣਾਈ ਜਗ੍ਹਾ 'ਤੇ ਬੈਠ ਜਾਂਦੇ ਹਨ, ਤਦ ਤੱਕ ਕੋਈ ਨਾਲ ਦੀ ਕੁਰਸੀ ਤੋਂ ਉੱਠ ਕੇ ਉਨ੍ਹਾਂ ਨੂੰ ਸੌਖਾ ਕਰ ਦੇਂਦਾ ਹੈ।

ਵੀ.ਆਈ.ਪੀ. ਦੇ ਬੋਲਣ ਬਾਦ ਭਾਈ ਜੋਧ ਸਿੰਘ ਸੋਚਦੇ ਹਨ ਕਾਨਫਰੰਸ ਸੰਪੰਨ ਹੋਈ। ਵੱਡਿਆਂ ਨਾਲ ਤੁਰ ਜਾਂਦੇ ਹਨ। ਪਿੱਛੇ ਅਤਰ ਸਿੰਘ ਆਪਣਾ 35 ਸਫੇ ਦਾ ਪਰਚਾ 'ਸਾਡਾ ਸਾਹਿਤਕ ਵਿਰਸਾ' ਗੜਕਵੀਂ ਆਵਾਜ਼ 'ਚ ਪੇਸ਼ ਕਰਦਾ ਹੈ ਤਾਂ ਕਈ ਅਕੇਵਾਂ ਮਹਿਸੂਸ ਕਰਦੇ ਉਠਣ ਲੱਗਦੇ ਹਨ। ਆਵਾਜ਼ ਦੀ ਗੜਕ ਅਤੇ ਗਰਮੀ ਦੀ ਕੜਕ 'ਚ ਕਿਸੇ ਬਹਿਸ ਦੀ ਗੁੰਜਾਇਸ਼ ਨਹੀਂ। ਪ੍ਰਬੰਧਕ ਸੋਚਦੇ ਹਨ, ਸਾਹਿਤ ਵਾਲਾ ਕੰਮ ਵੀ ਸੰਪੰਨ ਹੋ ਗਿਆ ਹੈ। ਸਭ ਸੁੱਖ ਦਾ ਸਾਹ ਲੈਂਦੇ ਹਨ। ਪੰਡਾਲ ਦੇ ਬਾਹਰ, ਜਿਵੇਂ ਕਿ ਹੁੰਦਾ ਹੈ, ਮੁੰਡੇ-ਖੁੰਡੇ ਗੈਰ-ਸੰਜੀਦਾ ਗੱਲਾਂ ਕਰਨ 'ਚ ਰੁਝ ਜਾਂਦੇ ਹਨ। ਨਵਤੇਜ ਸਿੰਘ ਤੇ ਬਲਵੰਤ ਗਾਰਗੀ ਇਸ ਢਾਣੀ 'ਚ ਦਿਖਾਈ ਦੇਂਦੇ ਹਨ। ਦਿੱਲੀ ਦੀ ਨਵਯੁੱਗ ਪ੍ਰੈਸ ਵਾਲਾ ਪ੍ਰੀਤਮ ਸਿੰਘ ਹੱਥ 'ਚ 'ਆਰਸੀ' ਫੜੀ ਕਹਿੰਦਾ, "ਇਹ ਨਵਾਂ ਪਰਚਾ ਕੱਢਿਆ ਵੇ ਜੀ, ਇਹਨੇ ਸਾਹਿਤ ਦੀ ਸੇਵਾ ਕਰਨੀ ਵੇ। ਪਹਿਲਾ ਅੰਕ ਰਿਲੀਜ਼ ਕਰਵਾਣਾ ਵੇ। ਦਸੋ ਕਿੰਨੇ ਵਜੇ ਕਿੱਥੇ ਇਹ ਕੰਮ ਕਰਵਾਈਏ ਜੀ?"

ਰਾਤ ਕਵੀ ਦਰਬਾਰ 'ਚ ਭਰਪੂਰ ਰੌਣਕ ਹੈ। ਖਾਲਸਾ ਕਾਲਜ ਦੇ ਬਹੁਤ ਸਾਰੇ ਪ੍ਰੋਫੈਸਰ ਹਾਜ਼ਰ ਹਨ। ਸ਼ਹਿਰ ਦੇ ਸ਼ੌਕੀਨ। ਸੰਤ ਸਿੰਘ ਸੁੱਖਾ ਸਿੰਘ ਸਕੂਲ ਦੇ ਮਾਸਟਰ, ਹੋਰ ਜਿਨ੍ਹਾਂ ਨੇ 'ਡੋਨੇਸ਼ਨ' ਦਿੱਤੀ ਹੈ, ਪ੍ਰਬੰਧਕਾਂ ਦੀ ਤਾਂ ਗਿਣਤੀ ਚੋਖੀ ਹੈ। ਲੁਧਿਆਣੇ ਤੋਂ ਸਾਹਿਤ ਅਕਾਦਮੀ ਦੇ ਸੌ ਤੋਂ ਉੱਤੇ ਲਾਈਫ ਮੈਂਬਰਾਂ 'ਚੋਂ ਜ਼ਰੂਰ 60-70 ਏਥੇ ਹੀ ਹੋਣੇ ਹਨ। ਜਲੰਧਰ ਤੋਂ ਲੇਖਕ ਬੈਠੇ ਹਨ। ਹੀਰਾ ਸਿੰਘ ਦਰਦ, ਗੁਰਬਖ਼ਸ਼ ਸਿੰਘ ਬਨੂਆਣਾ ਸ਼ਰੇਆਮ ਦਿਖਾਈ ਦੇਂਦੇ ਹਨ। ਉਨ੍ਹਾਂ ਦੋਨਾਂ ਦੀ ਸਾਂਝ ਹੈ। ਪਟਿਆਲਾ ਤੋਂ ਪੰਜਾਬੀ ਦੇ ਪ੍ਰੋਫੈਸਰ ਤੇ ਭਾਸ਼ਾ ਵਿਭਾਗ 'ਚ ਕੰਮ ਕਰਦੇ ਕਾਰਿੰਦੇ, ਪਿਆਰਾ ਸਿੰਘ ਪਦਮ ਵਗੈਰਾ।

ਪੰਡਾਲ ਖਚਾਖਚ ਭਰਿਆ ਪਿਆ ਹੈ। ਅੰਮ੍ਰਿਤਾ ਪ੍ਰੀਤਮ ਨੇ ਕਵੀ ਦਰਬਾਰ ਦੀ ਪ੍ਰਧਾਨਗੀ ਕਰਨੀ ਹੈ, ਪਰ ਇਹਦੇ ਬਾਰੇ ਕਾਰਡਾਂ 'ਚ ਹੀ ਛਪਿਆ ਹੋਇਆ, ਮਾਈਕ ਤੋਂ ਐਲਾਨ ਕੋਈ ਨਹੀਂ ਕਰਦਾ। ਮੋਹਨ ਸਿੰਘ ਦੀ ਮੌਜੂਦਗੀ ਗੌਣ ਹੈ। ਬਾਕੀ ਸਾਰੇ ਪੰਜਾਬੀ ਕਵਿਤਾ ਦਾ ਨਿੱਕਾ ਮੋਟਾ ਮਸੌਦਾ ਹਨ। ਅੰਮ੍ਰਿਤਾ ਮੰਚ 'ਤੇ ਆ ਬੈਠੀ ਹੈ। ਨਾਲ ਹੀ ਸਟੇਜ 'ਤੇ ਸਜ ਜਾਂਦਾ ਹੈ ਪਤੀ ਪ੍ਰੀਤਮ ਸਿੰਘ ਬਤਰਾ। ਬੱਝੀ ਹੋਈ ਕਾਲੀ ਦਾਹੜੀ 'ਚ ਚਿੱਟੇ ਵਾਲ। ਚਿਹਰਾ ਤੰਦਰੁਸਤ ਹੈ, ਮੋਤੀਆ ਰੰਗ ਦੀ ਦਸਤਾਰ, ਪੰਜਤਾਲੀ ਸਾਲ ਦੇ ਕਰੀਬ ਉਮਰ। ਰਤਾ ਪਰ੍ਹਾਂ ਮੋਹਨ ਸਿੰਘ ਬੈਠਾ ਹੈ। ਲੋਕਲ ਕਵੀ ਇੰਦਰ ਸਿੰਘ ਰਾਜ ਹੈ। ਗੁਰਨਾਮ ਸਿੰਘ ਤੀਰ ਸੰਚਾਲਕ ਹੈ, ਮਜ਼ਾਹੀਆ ਜੁਮਲਿਆਂ ਰਾਹੀਂ ਕਵੀਆਂ ਨੂੰ ਬੁਲਾਂਦਾ ਹੈ। ਮੋਹਨ ਸਿੰਘ ਨੂੰ ਕਵਿਤਾ ਬੋਲਣ ਲਈ ਕਹਿੰਦਾ ਹੈ। ਮੋਹਨ ਸਿੰਘ ਸੰਜੀਦਾ ਹੋ ਕੇ ਮਾਈਕ ਅੱਗੇ ਆਉਂਦਾ ਹੈ। ਉਹ ਸੱਜੇ ਬੈਠੀ ਕਾਲੀ ਕਮੀਜ਼ ਉੱਤੇ ਚਿੱਟੇ ਮੋਟੇ ਫੁੱਲਾਂ ਵਾਲੀ ਕਮੀਜ਼, ਸਫ਼ੇਦ ਸਲਵਾਰ ਪਹਿਣੀ, ਸਫ਼ੇਦ ਚੁੰਨੀ, 39 ਸਾਲ ਦੀ ਸੁਨੱਖੀ ਅੰਮ੍ਰਿਤਾ ਪ੍ਰੀਤਮ ਵਲ ਦੇਖਦਾ ਹੈ, ਹਲਕਾ ਜਿਹਾ ਮੁਸਕ੍ਰਾਂਦਾ ਸ਼ੇਅਰ ਅਦਾ ਕਰਦਾ ਹੈ:

ਛੱਡ ਦਿੱਤਾ ਹੁਣ ਅਸਾਂ ਕਹਿਕਸ਼ਾਂ ਨੂੰ ਰੰਗਣਾ

ਚੰਨ ਦੀ ਪਿਆਲੀ 'ਚ ਮੋਤੀ ਦਾ ਪਾਣੀ ਮੰਗਣਾ...

ਦੂਜੇ ਦੌਰ 'ਚ ਮੋਹਨ ਸਿੰਘ ਸੁਣਾਂਦਾ ਹੈ, 'ਵੱਡੇ ਵੇਲੇ ਦੇ ਤਾਰਿਆ...।' ਕਵਿਤਾ ਮੋਹਨ ਸਿੰਘ ਦੀ ਕਿਤਾਬ 'ਵੱਡਾ ਵੇਲਾ' ਦੀ ਮੁੱਖ ਕਵਿਤਾ ਹੈ ਜੀਹਨੂੰ ਸਾਹਿਤ ਅਕਾਦਮੀ ਪੁਰਸਕਾਰ ਅਜੇ ਪ੍ਰਾਪਤ ਹੋਣਾ ਹੈ। ਵਿਚਾਲੇ ਗੁਰਨਾਮ ਸਿੰਘ ਤੀਰ ਆਪਣੀ ਹਾਸ-ਰਸ ਕਵਿਤਾ ਸੁਣਾਂਦਾ ਹੈ, 'ਹੀਰ ਦਾ ਮੈਮੋਰੈਂਡਮ'। ਹੀਰ ਰਾਂਝੇ ਦੀ ਕਾਇਰਤਾ 'ਤੇ ਟਕੋਰਾਂ ਤੇ ਸ਼ਿਕਾਇਤ ਕਰਦੀ ਇਸ਼ਕ ਕਰਨ 'ਤੇ ਪਛਤਾਵਾ ਪ੍ਰਗਟ ਕਰਦੀ ਹੈ ਜਿਸ 'ਚ ਇਕ ਠੁੱਲ੍ਹਾ ਜਿਹਾ ਸ਼ੇਅਰ ਹੈ, 'ਇਟ ਵੁੱਡ ਹੈਵ ਬਿਨ ਗੁੱਡ ਲੱਕ ਮੇਰੀ ਜੇ ਮੈਂ ਨਾ ਹੁੰਦੀ ਹੀਰ ਤੇਰੀ।' ਅੰਮ੍ਰਿਤਾ ਪ੍ਰੀਤਮ ਕਿਤਾਬ 'ਅਸ਼ੋਕਾ ਚੇਤੀ' 'ਚੋਂ ਕਵਿਤਾ ਸੁਣਾਂਦੀ ਹੈ, 'ਇਸ਼ਕ ਪੁਛੀਂਦਾ ਦਸ ਨੀ ਜਿੰਦੇ...ਕੀਕਣ ਜਿੰਦ ਗੁਜ਼ਾਰੀ'।

ਅੰਮ੍ਰਿਤਸਰ 'ਚ ਇਹ ਪਹਿਲਾ ਸਾਹਿਤਕ ਕਵੀ ਦਰਬਾਰ ਹੈ, ਵਰਨਾ ਸਟੇਜੀ ਕਵੀ ਤਾਂ ਅਕਸਰ ਜਲਵਾ ਦਿਖਾਂਦੇ ਰਹਿੰਦੇ ਹਨ। ਸ਼ਿਵ ਕੁਮਾਰ ਨਾਂ ਦਾ ਕਵੀ ਅਜੇ ਬਟਾਲੇ ਤੋਂ ਉਦੈ ਨਹੀਂ ਹੋਇਆ। ਸ਼ਾਇਦ ਉਹ ਬਟਾਲੇ 'ਚ ਹੀ ਰੰਗ ਬੰਨ੍ਹ ਰਿਹਾ ਹੈ। ਉਹਨੇ ਬਰਕਤ ਰਾਮ ਯੁਮਨ ਨੂੰ ਆਪਣਾ ਉਸਤਾਦ ਬਣਾਇਆ ਹੋਇਆ ਹੈ, ਇਹਦਾ ਪਤਾ ਅਗਲੇ ਸਾਲ ਲੱਗਦਾ ਜਦ ਅੰਮ੍ਰਿਤਸਰ ਦੇ ਕੰਪਨੀ ਬਾਗ਼ 'ਚ ਸਾਵਨ ਕਵੀ ਦਰਬਾਰ ਹੁੰਦਾ। ਸ਼ਿਵ ਕੁਮਾਰ ਦਾ ਇਹ ਪਹਿਲਾ ਕਵੀ ਦਰਬਾਰ ਹੈ। ਉਹ ਕਵਿਤਾ ਨੂੰ ਗਾ ਕੇ ਸਰੋਤਿਆਂ ਦੀ ਸੁਰਤ ਨੂੰ ਵਿੰਨ੍ਹ ਸੁੱਟਦਾ ਹੈ।

1959 ਵਾਲੀ ਅਕਾਦਮੀ ਦੀ ਚੰਡੀਗੜ੍ਹ 'ਚ ਹੋਈ ਕਾਨਫਰੰਸ 'ਚ ਵੀ ਉਹ ਦਿਖਾਈ ਨਹੀਂ ਦੇਂਦਾ। ਅਗਲੇ ਸਾਲ 1960 'ਚ ਅੰਬਾਲਾ 'ਚ ਅਕਾਦਮੀ ਦੀ ਛੇਵੀਂ ਕਾਨਫਰੰਸ ਹੁੰਦੀ ਹੈ। ਤਦ ਤੱਕ ਸ਼ਿਵ ਦੀ ਧਾਂਕ ਪੈਦਾ ਹੋ ਚੁੱਕੀ ਹੈ। ਇਸ ਕਾਨਫਰੰਸ ਦੇ ਕਵੀ ਦਰਬਾਰ 'ਚ ਉਹ 'ਮਾਏ ਨੀ ਮਾਏ' ਦੀ ਹੂਕ ਉੱਚੀ ਕਰਦਾ ਤਾਂ ਆਵਾਜ਼ ਸਿੱਧੀ ਆਕਾਸ਼ ਨਾਲ ਜਾ ਟਕਰਾਂਦੀ ਹੈ। ਸਰੋਤੇ ਸੁੰਨ ਹੋ ਜਾਂਦੇ ਹਨ। ਸਟੇਜ 'ਤੇ ਸਜੇ ਬੈਠੇ ਕਵੀ ਘਬਰਾਹਟ 'ਚ ਸੋਚਦੇ ਹਨ, ਹੁਣ ਅਸੀਂ ਕਵਿਤਾ ਸੁਣਾ ਕੇ ਕੀ ਲੈਣਾ।

# ਰੇਸ਼ਮ ਦੇ ਕੀੜੇ ਜਿਹੀ ਬਣ ਰਹੀ ਹੈ ਸਾਡੀ ਇਹ ਜ਼ਿੰਦਗੀ

**ਹਰੀਸ਼ ਬਿਜੂਰ**

ਵੱਡੇ ਸ਼ਹਿਰਾਂ ਵਿਚ ਰਹਿਣ ਵਾਲੇ ਸਾਡੇ ਵਿਚੋਂ ਕਈ ਲੋਕ ਰੇਸ਼ਮ ਦੇ ਕੀੜੇ ਵਰਗੀ ਜਿੰਦਗੀ ਜਿਉਂਦੇ ਹਨ। ਅਸੀਂ ਇਹੋ ਜਿਹੇ ਕੋਕੂਨਾਂ ਵਿਚ ਰਹਿੰਦੇ ਹਾਂ ਜਿਸਦਾ ਨਿਰਮਾਣ ਖੁਦ ਅਸੀਂ ਕੀਤਾ ਹੈ। ਇਨ੍ਹਾਂ ਕੋਕੂਨਾਂ ਵਿਚ ਦੁਨੀਆਂ ਨੂੰ ਦੇਖਣ ਦਾ ਸਾਡਾ ਜੋ ਨਜਰੀਆ ਬਣਦਾ ਹੈ, ਉਹ ਗੈਰ-ਵਿਹਾਰਕ, ਗੈਰ-ਹਕੀਕੀ ਅਤੇ ਜੀਵਨ ਦੇ ਯਥਾਰਥ ਤੋਂ ਕੱਟਿਆ ਹੋਇਆ ਹੁੰਦਾ ਹੈ। ਮੈਂ ਇਸ ਨੂੰ ਤਫਸੀਲ ਨਾਲ ਸਮਝਾਉਂਦਾ ਹਾਂ। ਮੈਂ ਆਪਣੇ ਬਹੁਤ ਹੀ ਸੋਹਣੇ ਛੋਟੇ ਜਿਹੇ ਅਪਾਰਟਮੈਂਟ ਵਿਚ ਸਵੇਰੇ ਉਠਦਾ ਹਾਂ ਅਤੇ ਸ਼ਾਨਦਾਰ ਟੀ ਬੈਗ ਚਾਅ ਪੀਂਦਾ ਹਾਂ। ਆਪਣੀ ਨਾਈਟ ਡ੍ਰੈਸ ਅਤੇ ਮੁਲਾਇਮ ਸਲੀਪਰ ਵਿਚ ਥੋੜੀ ਚਹਿਲਕਦਮੀ ਕਰਦਾ ਹਾਂ। ਆਪਣੇ ਸਵੇਰ ਦੇ ਕੰਮ ਨਿਪਟਾ ਕੇ ਦਿਨ ਦਾ ਸਾਹਮਣਾ ਕਰਨ ਲਈ ਤਿਆਰ ਹੋ ਜਾਂਦਾ ਹਾਂ।

ਇਸ ਤੋਂ ਪਹਿਲਾਂ ਮੈਂ ਤੇਜੀ ਦੇ ਨਾਲ ਅਖਬਾਰ 'ਤੇ ਇਕ ਨਜ਼ਰ ਮਾਰਦਾ ਹਾਂ। ਇਥੇ ਮੈਂ ਫੈਸਲਾ ਲੈਂਦਾ ਹਾਂ ਕਿ ਮੈਂ ਕੀ ਪੜ੍ਹਨਾ ਹੈ ਅਤੇ ਕੀ ਸਿਰਫ ਸਰਸਰੀ ਨਿਗਾਹਾਂ ਨਾਲ ਦੇਖਣਾ ਹੈ। ਫਿਰ ਮੈਂ ਆਪਣੀ ਛੋਟੀ ਏਅਰ ਕੰਡੀਸ਼ਨ ਕਾਰ ਤੋਂ ਨਿਕਲ ਪੈਂਦਾ ਹਾਂ। ਸ਼ਹਿਰ ਦੇ ਸ਼ੋਰ ਅਤੇ ਪ੍ਰਦੂਸ਼ਣ ਨੂੰ ਮੈਂ ਕਾਰ ਦੇ ਬਾਹਰ ਹੀ ਛੱਡ ਦੇਂਦਾ ਹਾਂ। ਮੇਰਾ ਸਾਥ ਦੇਣ ਲਈ ਅਖਬਾਰ ਕੋਲ ਹੁੰਦਾ ਹੈ, ਆਈਪੌਡ ਕਾਰ ਦੇ ਆਡੀਓ ਸਿਸਟਮ ਨਾਲ ਜੁੜਿਆ ਹੁੰਦਾ ਹੈ ਅਤੇ ਜ਼ਿਆਦਾ ਸਾਥ ਦੇਣ ਦੇ ਲਈ ਲੈਪਟਾਪ ਹੁੰਦਾ ਹੈ।

ਜਦ ਇੰਟਰਨੈਟ ਤੂਫਾਨੀ ਗਤੀ ਨਾਲ ਚਲਦਾ ਹੈ ਤਾਂ ਮੈਂ ਆਪਣਾ ਕੁਝ ਕੰਮ ਵੀ ਕਰ ਸਕਦਾ ਹਾਂ। ਮੇਰੀ ਕਾਰ ਵਿਚ ਲੱਗੇ ਏਅਰ ਕੰਡੀਸ਼ਨਰ ਦੀ ਵਜ੍ਹਾ ਨਾਲ ਪ੍ਰਦੂਸ਼ਣ ਮੇਰੇ ਤੋਂ ਦੂਰ ਹੀ ਰਹਿੰਦਾ ਹੈ ਅਤੇ ਰੰਗੀਨ ਸ਼ੀਸ਼ੇ ਨਾਲ ਮੈਨੂੰ ਦੁਨੀਆਂ ਸ਼ਾਂਤ ਅਤੇ ਅਤਿਯਥਾਰਥਵਾਦੀ ਨਜ਼ਰ ਆਉਂਦੀ ਹੈ।

ਆਪਣੇ ਈ-ਮੇਲਾਂ ਵਿਚ ਥੋੜਾ ਬ੍ਰੇਕ ਲੈਣ ਦੇ ਲਈ ਮੈਂ ਕਾਰ ਦੀ ਖਿੜਕੀ ਦੇ ਸ਼ੀਸ਼ੇ ਤੋਂ ਬਾਹਰ ਝਾਕਦਾ ਹਾਂ। ਬਾਹਰ ਲੋਕ ਕਾਫੀ ਮਸ਼ਰੂਫ ਨਜ਼ਰ ਆਉਂਦੇ ਹਨ। ਇਕ ਵਿਅਕਤੀ ਆਪਣੀ ਬਾਈਕ 'ਤੇ ਅਰਾਮ ਨਾਲ ਲੋਹੇ ਦੀਆਂ ਛੜਾਂ ਲੈ ਜਾ ਰਿਹਾ ਹੈ। ਉਸ ਦੇ ਮੱਥੇ 'ਤੇ ਪਸੀਨੇ ਦੀ ਬੂੰਦ ਚਮਕ ਰਹੀ ਹੈ। ਇਕ ਮੰਗਤਾ ਨਜ਼ਰ ਆਉਂਦਾ ਹੈ ਜੋ ਕੁਝ ਪੈਸੇ ਲੈਣ ਲਈ ਤੁਹਾਡੀ ਕਾਰ ਦੇ ਸ਼ੀਸ਼ਿਆਂ ਨੂੰ ਲਗਾਤਾਰ ਠੋਕਰਦਾ ਅਤੇ ਕਈ ਤਰ੍ਹਾਂ ਦੇ ਚਿਹਰੇ ਬਣਾਉਂਦਾ ਰਹਿੰਦਾ ਹੈ। ਸਕੂਟਰ ਤੇ ਸਵਾਰ ਟਾਈ ਲਾਈ ਹੋਈ ਇਕ ਸੇਲਜ਼ਮੈਨ ਵੀ ਹੈ ਜੋ ਕੰਮ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਰਿਹਾ ਹੈ। ਆਸਪਾਸ ਹੋਰ ਵੀ ਬਹੁਤ ਸਾਰੇ ਲੋਕ ਹਨ, ਪਰ ਭਗਵਾਨ ਦਾ ਸ਼ੁਕਰ ਹੈ, ਸ਼ੋਰ ਅਤੇ ਗੰਦਗੀ ਬਾਹਰ ਹੀ ਹੈ। ਮੇਰੀ ਕਾਰ ਮੇਰਾ ਕੋਕੂਨ ਹੈ। ਮੈਂ ਫਿਰ ਕੰਮ 'ਤੇ ਲੱਗ ਜਾਂਦਾ ਹਾਂ, ਕੰਮ ਦਾ ਮਜ਼ਾ ਲੈਂਦਾ ਹਾਂ। ਮੈਂ ਟੈਕਸਟ ਮੈਸੇਜ ਭੇਜਦਾ ਹਾਂ ਅਤੇ ਰਿਸੀਵ ਕਰਦਾ ਹਾਂ। ਮੈਂ ਫੇਸ ਬੁਕ 'ਤੇ ਜਾਂਦਾ ਹਾਂ ਅਤੇ ਦੂਰ ਬੈਠੇ ਬਹੁਤ ਸਾਰੇ ਲੋਕਾਂ ਨੂੰ ਮਿਲਦਾ ਹਾਂ। ਵਰਲਡ ਵਾਈਡ ਵੈਬ (ਇੰਟਰਨੈਟ) ਅਸਲ ਵਿਚ ਜਾਲ ਨਹੀਂ, ਬਲਕਿ ਇਕ ਕੋਕੂਨ ਹੈ, ਇਕ ਕਾਲਪਨਿਕ ਕੋਕੂਨ। ਮੈਂ ਮੋਬਾਈਲ ਕੋਕੂਨ ਤੋਂ ਬਾਹਰ ਆ ਜਾਂਦਾ ਹਾਂ ਅਤੇ ਸਥਿਰ ਕੋਕੂਨ ਵਿਚ ਕਦਮ ਰਖਦਾ ਹਾਂ।



ਇਹ ਕੋਕੂਨ ਹੈ ਮੇਰਾ ਦਫਤਰ। ਐਲੀਵੇਟਰ ਰਾਹਤ ਦਿੰਦਾ ਹੈ। ਮੇਰੇ ਵਰਗੇ ਕਈ ਲੋਕ ਉਪਰ-ਥੱਲੇ ਆ ਜਾ ਰਹੇ ਹਨ। ਮੇਰੇ ਛੋਟੇ ਪਰ ਸ਼ਾਨਦਾਰ ਦਫਤਰ ਵਿਚ ਹਰ ਆਦਮੀ ਮੈਨੂੰ ਨਮਸਤੇ ਜਾਂ ਹੈਲੋ ਕਹਿੰਦਾ ਹੈ। ਇਸ ਨਾਲ ਚੰਗਾ ਮਹਿਸੂਸ ਹੁੰਦਾ ਹੈ। ਇਥੇ ਜੀਵਨ ਬਹੁਤ ਹੀ ਅਰਾਮਦਾਇਕ ਹੈ। ਜੀਵਨ ਬਹੁਤ ਹੀ ਨੇਮਬੱਧ ਹੈ, ਸੰਗਠਿਤ ਹੈ। ਮੈਂ ਦਸ ਜਾਂ ਉਸ ਤੋਂ ਵੀ ਜ਼ਿਆਦਾ ਘੰਟੇ ਆਪਣੇ ਇਸ ਕੋਕੂਨ ਵਿਚ ਬਿਤਾਉਂਦਾ ਹਾਂ। ਮੈਂ ਫਿਰ ਬਾਹਰ ਨਿਕਲਦਾ ਹਾਂ ਕਿਸੇ ਪਾਰਟੀ ਵਿਚ ਜਾਣ ਲਈ। ਇਸ ਲਈ ਮੈਂ ਆਪਣੇ ਸਥਿਰ ਕੋਕੂਨ ਵਿਚ ਹੀ ਕਪੜੇ ਬਦਲਦਾ ਹਾਂ ਅਤੇ ਕਦੇ-ਕਦਾਈਂ ਕਾਰ ਵਿਚ। ਹੁਣ ਮੈਂ ਪਾਰਟੀ ਲਈ ਰਵਾਨਾ ਹੁੰਦਾ ਹਾਂ, ਇਹੋ ਜਿਹੀ ਪਾਰਟੀ ਜਿਥੇ ਬਹੁਤ ਸੁੰਦਰ ਚਿਹਰੇ ਮਿਲਣਗੇ।

ਇਹ ਪੇਜ-3 ਪਾਰਟੀ ਹੈ, ਇਕ ਹੋਰ ਕੋਕੂਨ। ਇਥੇ ਸ਼ਾਨਦਾਰ ਗੱਲਾਂ ਹਨ, ਚੰਗੇ ਚਿਹਰੇ ਹਨ ਅਤੇ ਚੰਗੇ ਪਹਿਰਾਵੇ ਹਨ। ਸ਼ਰਾਬ ਵੀ ਮੇਰੀ ਪਸੰਦੀਦਾ ਹੈ ਅਤੇ ਭੋਜਨ ਵੀ ਲੱਜਤਦਾਰ। ਇਹ ਮੇਰਾ ਆਪਣਾ ਫੂਡ ਕੋਕੂਨ ਹੈ। ਪਾਰਟੀ ਦੇ ਬਾਅਦ ਮੈਂ ਲੰਬੀ ਕਾਨਫਰੰਸ ਕਾਲ ਅਟੈਂਡ ਕਰਨੀ ਹੈ। ਮੈਂ ਪਾਰਟੀ ਤੋਂ ਵਾਪਸ ਆਉਂਦੇ ਸਮੇਂ ਅਪਣੇ ਬਲੂਥ ਡਿਵਾਈਸ ਰਾਹੀਂ ਗੱਲਬਾਤ ਕਰਦਾ ਹਾਂ।

ਇਸ ਕਾਨਫਰੰਸ ਕਾਲ ਵਿਚ ਹੋਰ ਪੰਜ ਲੋਕ ਵੀ ਭਾਗੀਦਾਰੀ ਕਰਦੇ ਹਨ, ਮੈਂ ਕੁਝ ਕਾਰੋਬਾਰੀ ਡੀਲ ਕਰਦਾ ਹਾਂ। ਇਨ੍ਹਾਂ ਵਿਚੋਂ ਇਕ ਹਾਂਗਕਾਂਗ ਤੋਂ ਹੈ, ਦੋ ਲੰਦਨ ਤੋਂ ਅਤੇ ਇਕ ਬਹੁਤ ਦੂਰ ਸਿਆਟਲ ਤੋਂ। ਇਹ ਮੇਰਾ ਟੈਲੀਕਾਮ ਕੋਕੂਨ ਹੈ। ਜਿੰਨਾ ਪੈਸਾ ਮੈਨੂੰ ਦਸ ਘੰਟੇ ਦਫਤਰ ਵਿਚ ਬੈਠਣ ਨੂੰ ਮਿਲਦਾ ਹੈ, ਉਸ ਤੋਂ ਜ਼ਿਆਦਾ ਪੈਸਾ ਮੈਂ ਇਸ ਫੋਨ ਕਾਲ ਦੇ ਰਾਹੀਂ ਬਣਾ ਲਿਆ। ਹੁਣ ਮੈਂ ਆਪਣੇ ਘਰ ਵਲ ਜਾ ਰਿਹਾ ਹਾਂ ਉਹ ਘਰ ਜਿਹੜਾ ਮੈਂ ਬੜੇ ਹੀ ਚਾਅ ਨਾਲ ਬਣਾਇਆ ਹੈ। ਉਹ ਵੀ ਮੇਰਾ ਕੋਕੂਨ ਹੈ।

ਇਸ ਨਾਲ ਫਰਕ ਨਹੀਂ ਪੈਂਦਾ ਕਿ ਕਾਰ ਦੀ ਜਗ੍ਹਾ ਤੁਸੀਂ ਸਕੂਟਰ 'ਤੇ ਜਾ ਰਹੇ ਹੋ ਜਾਂ ਦਫਤਰ ਦੀ ਬਜਾਏ ਕਾਲੇਜ ਜਾ ਰਹੇ ਹੋ। ਇਸ ਨਾਲ ਵੀ ਫਰਕ ਨਹੀਂ ਪੈਂਦਾ ਕਿ ਤੁਸੀਂ ਕਲਰਕ ਦੇ ਤੌਰ 'ਤੇ ਕੰਮ ਕਰਦੇ ਹੋ ਜਾਂ ਤੁਸੀਂ ਕਦੇ ਵੀ ਕਿਸੇ ਪਾਰਟੀ ਵਿਚ ਨਹੀਂ ਜਾਂਦੇ ਹੋ। ਕਿਸੇ ਕਾਗਜ਼ ਦੇ ਟੁਕੜੇ 'ਤੇ ਆਪਣੀ ਜ਼ਿੰਦਗੀ ਦਾ ਖਾਕਾ ਖਿਚੋ ਅਤੇ ਉਸ ਤੇ ਕੋਕੂਨ ਟੈਸਟ ਦਿਓ। ਅਸੀਂ ਸਾਰਿਆਂ ਨੇ ਬਹੁਤ ਹੀ ਸਾਵਧਾਨੀ ਅਤੇ ਚੌਕਸੀ ਨਾਲ ਬਹੁਤ ਸਾਰੇ ਕੋਕੂਨ ਬਣਾ ਲਏ ਹਨ।

ਮੈਂ ਦਾਅਵੇ ਨਾਲ ਕਹਿ ਰਿਹਾ ਹਾਂ ਕਿ ਅਸੀਂ ਸਾਰਿਆਂ ਨੇ ਇਹ ਕੋਕੂਨ ਖੁਦ ਬਣਾਏ ਹਨ। ਸ਼ਾਨਦਾਰ ਅਤੇ ਬਾਸਹੂਲਤ ਛੋਟੇ ਕੋਕੂਨ ਜਿਸ ਵਿਚ ਅਸੀਂ ਸ਼ਾਮਿਲ ਹਾਂ, ਪਰ ਦੂਜੇ ਹੋਰ ਸਾਰੇ ਲੋਕ ਉਸ ਤੋਂ ਬਾਹਰ ਹਨ। ਆਖਿਰ ਮੈਂ ਕੀ ਕਹਿਣਾ ਚਾਹੁੰਦਾ ਹਾਂ? ਇਹੀ ਕਿ ਵੱਡੇ ਸ਼ਹਿਰਾਂ ਦੀ ਜ਼ਿੰਦਗੀ ਸੁਵਿਧਾਜਨਕ ਕੋਕੂਨ ਵਿਚ ਜ਼ਿਦਗੀ ਬਿਤਾਉਣ ਦੀ ਤਰ੍ਹਾਂ ਹੈ। ਜਿਨ੍ਹਾਂ ਨੂੰ ਬਣਾਉਣ ਲਈ ਅਸੀਂ ਸਖ਼ਤ ਮਿਹਨਤ ਕਰਦੇ ਹਾਂ। ਕੋਕੂਨ ਚੰਗੇ ਵੀ ਹਨ ਤਾਂ ਬੁਰੇ ਵੀ। ਚੰਗੇ ਇਸ ਲਈ, ਕਿ ਉਹ ਸਾਨੂੰ ਅਰਾਮ ਦਾ ਅਹਿਸਾਸ ਕਰਵਾਉਂਦੇ ਹਨ।

ਖਰਾਬ ਇਸ ਲਈ ਕਿ ਅਰਾਮ ਦਾ ਇਹ ਅਹਿਸਾਸ ਮਨਸੂਈ ਤੌਰ 'ਤੇ ਤਿਆਰ ਕੀਤਾ ਗਿਆ ਹੈ।

ਜੇਕਰ ਅਸੀਂ ਆਪਣੇ ਜਾਲ ਤੋਂ ਬਾਹਰ ਦੇਖੀਏ ਅਤੇ ਝਾਕੀਏ ਤਾਂ ਉਥੇ ਇਹੋ ਜਿਹਾ ਹੋਰ ਵੀ ਬਹੁਤ ਕੁਝ ਹੋਵੇਗਾ ਜਿਨ੍ਹਾਂ ਨੂੰ ਤੁਹਾਨੂੰ ਕੋਕੂਨ ਵਿਚ ਲੈਣ ਦੀ ਜ਼ਰੂਰਤ ਹੋਵੇਗੀ ਅਤੇ ਤੁਸੀਂ ਉਨ੍ਹਾਂ ਨੂੰ ਲੈਣਾ ਚਾਹੋਗੇ।

ਮੇਰਾ ਖਿਆਲ ਹੈ ਕਿ ਵੱਡੇ ਸ਼ਹਿਰਾਂ ਵਿਚ ਜ਼ਿੰਦਗੀ ਦਿਨੋਂ ਦਿਨ ਇਕੱਲੀ ਹੁੰਦੀ ਜਾ ਰਹੀ ਹੈ। ਜਰੂਰਤ ਇਸ ਗੱਲ ਦੀ ਹੈ ਕਿ ਅਸੀਂ ਇਸ ਇਕੱਲੀ ਜ਼ਿੰਦਗੀ ਵਿਚ ਜਲਦੀ ਹੀ ਕੁਝ ਸੁਧਾਰ ਕਰੀਏ ਅਤੇ ਦੇਖੀਏ ਕਿ ਕੀ ਅਸੀਂ ਸਮਾਵੇਸ਼ੀ ਅਤੇ ਵਿਆਪਕ ਬਣਾ ਸਕਦੇ ਹਾਂ। ਜ਼ਿਆਦਾ ਸਮਾਵੇਸ਼ੀ ਹੋਣ ਦਾ ਕੀ ਮਤਲਬ ਹੈ? ਇਸਦਾ ਮਤਲਬ ਇਹੀ ਹੈ ਕਿ ਆਪਣੇ ਕੋਕੂਨਾਂ ਤੋਂ ਬਾਹਰ ਨਿਕਲਣ ਦੀ ਜ਼ਰੂਰਤ ਹੈ। ਇਸ ਦਾ ਮਤਲਬ ਕਿਸੇ ਦਿਨ ਬਸ ਵਿਚ ਪਸੀਨਾ ਬਹਾਉਣ ਦੀ ਜ਼ਰੂਰਤ ਹੈ।

ਇਸ ਦਾ ਮਤਲਬ ਹੈ ਕਿ ਕਿਸੇ ਦਿਨ ਆਟੋ ਰਿਕਸ਼ਾ ਵਿਚ ਜਾਣਾ ਹੈ ਅਤੇ ਡਰਾਈਵਰ ਨਾਲ ਇਸ ਮਸਲੇ 'ਤੇ ਗੱਲ ਕਰਨ ਦੀ ਜ਼ਰੂਰਤ ਹੈ ਕਿ ਵਧਦੀ ਮਹਿੰਗਾਈ ਦਾ ਉਸ ਦੀ ਜ਼ਿੰਦਗੀ 'ਤੇ ਕੀ ਅਸਰ ਪੈ ਰਿਹਾ ਹੈ।

ਸਮਾਵੇਸ਼ੀ ਹੋਣ ਦਾ ਮਤਲਬ ਯਥਾਰਥ ਦੇ ਨਾਲ ਆਪਣੀਆਂ ਭਾਵਨਾਵਾਂ ਜਾਹਰ ਕਰਨਾ ਹੈ। ਇਸ ਦਾ ਮਤਲਬ ਹੈ ਕਿ ਤੁਸੀਂ ਸ਼ਹਿਰ ਨੂੰ ਉਸੇ ਰੂਪ ਵਿਚ ਸਵੀਕਾਰ ਕਰੋ ਜਿਸ ਰੂਪ ਵਿਚ ਉਹ ਹੈ। ਇਸ ਦਾ ਮਤਲਬ ਸ਼ੋਰ ਅਤੇ ਪ੍ਰਦੂਸ਼ਣ ਨੂੰ ਦੂਰ ਭਜਾਉਣ ਤੋਂ ਨਹੀਂ ਹੈ। ਇਸ ਦਾ ਮਤਲਬ ਉਹ ਨਹੀਂ ਪੜ੍ਹਨਾ ਹੈ ਜੋ ਤੁਸੀਂ ਪੜ੍ਹਨਾ ਚਾਹੁੰਦੇ ਹੋ। ਇਸ ਦਾ ਮਤਲਬ ਉਹ ਪੜ੍ਹਨਾ ਹੈ ਜਿਸਨੂੰ ਤੁਹਾਨੂੰ ਪੜ੍ਹਨਾ ਹੀ ਚਾਹੀਦਾ ਹੈ। ਇਸ ਦਾ ਮਤਲਬ ਹੈ ਕਿ ਉਸ ਸ਼ੋਰ ਅਤੇ ਪ੍ਰਦੂਸ਼ਣ ਨੂੰ ਲੈ ਕੇ ਕੁਝ ਕਰਨਾ ਹੈ।

ਇਸ ਦਾ ਮਤਲਬ ਉਸ ਮੁਸ਼ਕਿਲ ਨੂੰ ਲੈ ਕੇ ਹੱਥ ਮਿਲਾਉਣਾ ਹੈ ਜੋ ਤਤਕਾਲੀਨ ਰੂਪ ਵਿਚ ਤੁਹਾਨੂੰ ਪ੍ਰਭਾਵਿਤ ਨਾ ਕਰਦੀ ਹੋਵੇ, ਪਰ ਸੜਕ 'ਤੇ ਖੜੇ ਉਸ ਆਦਮੀ ਨੂੰ ਪ੍ਰਭਾਵਿਤ ਕਰਦੀ ਹੈ ਜਿਸ ਕੋਲ ਆਪਣਾ ਸਕੂਟਰ ਨਹੀਂ ਹੈ ਅਤੇ ਹੋ ਸਕਦਾ ਹੈ ਸ਼ਾਇਦ ਇਕ ਪੈਰ ਵੀ ਨਾ ਹੋਵੇ।

# 'ਧੀਏ ਖੂਹ 'ਚ ਛਾਲ ਮਾਰਜੀਂ, ਪਰ...'

## ਕਹਾਣੀ

ਜਗਦੀਪ ਸਿੰਘ*

ਕਈ ਵਾਰ ਉਸ ਨੇ ਆਪਣੀ ਗੱਡੀ 'ਤੇ ਉਥੋਂ ਲੰਘਦੇ ਨੇ ਉਹ ਕੁੜੀ ਉਥੇ ਖੜ੍ਹੀ ਵੇਖੀ ਸੀ। ਪਤਾ ਨਹੀਂ ਕਿਉਂ ਹਰ ਵਾਰ, ਜਦੋਂ ਉਹ ਉਸ ਕੁੜੀ ਦਾ ਚਿਹਰਾ ਵੇਖਦਾ ਤਾਂ ਉਹ ਉਸ ਨੂੰ ਜਾਣਿਆਂ-ਪਛਾਣਿਆਂ ਲੱਗਦਾ। ਕਈ ਵਾਰ ਉਹ ਜਦੋਂ ਉਥੇ ਨਾ ਹੁੰਦੀ ਤਾਂ ਓਹਦਾ ਕਾਲਜਾ ਪਾਟਣ ਨੂੰ ਆਉਂਦਾ ਸੀ। ਆਪਣੇ ਦਿਲ ਦੀ ਧੜਕਣ ਉਸ ਨੂੰ ਆਪਣੇ ਕੰਨਾਂ ਨਾਲ ਸੁਣਦੀ ਪ੍ਰਤੀਤ ਹੁੰਦੀ ਸੀ। ਭਾਵੇਂ ਉਸ ਦਾ ਦਿਮਾਗ ਸ਼ਰੇਆਮ ਕਹਿ ਦਿੰਦਾ ਸੀ ਕਿ ਅੱਜ ਉਹ ਕੁੜੀ... ਪਰ ਉਸ ਦਾ ਦਿਲ ਨਹੀਂ ਮੰਨਦਾ ਸੀ।

"ਨਹੀਂ ਨਹੀਂ... ਅੱਜ ਉਹ ਘਰੋਂ ਹੀ ਨਈਂ ਆਈ ਹੋਣੀ।" ਉਸ ਦੇ ਮੂੰਹੋਂ ਆਪ ਮੁਹਾਰੇ ਨਿਕਲ ਜਾਂਦਾ।

ਕਈ ਵਾਰ ਉਸ ਦਾ ਜੀਅ ਕੀਤਾ ਕਿ ਉਹ ਕੁੜੀ ਨੂੰ ਮਿਲੇ, ਉਸ ਨਾਲ ਜਾ ਕੇ ਗੱਲ ਕਰੇ, ਉਸ ਨੂੰ ਪੁੱਛੇ ਕਿ ਉਹ ਕੌਣ ਹੈ ਤੇ ਏਸ 'ਭੈੜੀ ਥਾਂ' 'ਤੇ ਖੜ੍ਹੀ ਕੀ ਕਰਦੀ ਹੈ।

ਕਈ ਵਾਰ ਜਦੋਂ ਉਹ ਕੁੜੀ ਉਸਦੀ ਗੱਡੀ ਦੇ ਬਹੁਤ ਨੇੜੇ ਹੁੰਦੀ ਤਾਂ ਉਹ ਬੋਲਦਾ-ਬੋਲਦਾ ਰਹਿ ਜਾਂਦਾ, "ਚੱਲ ਕੁੜੀਏ, ਘਰ ਚੱਲ, ਏਥੇ ਤੇਰਾ ਕੀ ਕੰਮ, ਸਿਆਣੀਆਂ ਧੀਆਂ ਐਸ ਵੇਲੇ ਘਰੋਂ ਨਹੀਂ ਨਿਕਲਦੀਆਂ।"

ਪਰ ਹਮੇਸ਼ਾ ਉਹ ਚੁੱਪ ਰਹਿੰਦਾ। ਜਿੱਥੇ ਉਹ ਖੜ੍ਹੀ ਹੁੰਦੀ ਸੀ, ਉਥੇ ਕੋਈ ਇੱਜ਼ਤਦਾਰ ਬੰਦਾ ਨਹੀਂ ਜਾਂਦਾ ਸੀ। ਇਸੇ ਲਈ ਉਹ ਵੀ ਡਰਦਾ ਸੀ ਕਿ ਜੇ ਕਿਸੇ ਨੇ ਉਸ ਨੂੰ ਏਥੇ ਕੁੜੀ ਨਾਲ ਗੱਲ ਕਰਦੇ ਵੇਖ ਲਿਆ ਤਾਂ ਅਗਲਾ ਕੀ ਸੋਚੇਗਾ। ਸੋ, ਕਰਦੇ ਕਰਦੇ ਡੇਢ-ਦੋ ਮਹੀਨੇ ਲੰਘ ਗਏ। ਹਰ ਰੋਜ਼ ਉਵੇਂ ਹੀ ਵਾਪਰਦਾ ਸੀ। ਉਸ ਦੀ, ਕੁੜੀ ਨਾਲ ਇਕ ਅਣਕਹੀ ਸਾਂਝ ਜਹੀ ਪੈ ਗਈ ਸੀ।

"ਯਾਰ ਚਰਨਜੀਤ, ਮੰਨ ਨਾ ਮੰਨ, ਪਰ ਇਹ ਕੁੜੀ 'ਆਪਣੀ' ਐ ਯਾਰ...।" ਇਕ ਦਿਨ ਉਹ 'ਉਸੇ ਥਾਂ' ਤੋਂ ਆਪਣੇ ਮਿੱਤਰ ਚਰਨਜੀਤ ਸਿਹੁੰ ਨਾਲ ਲੰਘ ਰਿਹਾ ਸੀ। ਉਹ ਚਾਹੁੰਦਾ ਸੀ ਕਿ ਚਰਨਜੀਤ ਵੀ ਹਾਮੀ ਭਰੇ ਤੇ ਉਸ ਨੂੰ 'ਆਪਣੀ' ਕਹੇ।

"ਛੱਡ ਯਾਰ ਮੀਤ। 'ਏਥੇ' ਕੋਈ ਆਪਣਾ ਨਈਂ ਰਹਿ ਜਾਂਦਾ... ਇਹ ਮੰਡੀ ਆ ਯਾਰਾ ਮੰਡੀ। ਜਿਸਮਾਂ ਦੀ ਮੰਡੀ, ਵਿਕਾਊ ਜਿਸਮ ਖਰੀਦਦਾਰਾਂ ਦੀ ਭਾਲ 'ਚ ਝਾਕ ਰਹੇ ਨੇ ਚਾਰੇ ਪਾਸੇ... ਕੋਈ 'ਆਪਣਾ' ਨਈ ਏਥੇ... ਤੂੰ ਛੇਤੀ ਨਾਲ ਲੰਘ ਚੱਲ ਏਥੋਂ।"

"ਨਈਂ ਯਾਰਾ, ਪਤਾ ਨਈ ਕਿਉਂ ਇਹ ਮੈਨੂੰ ਆਪਣੀ 'ਰਾਜੋ' ਵਰਗੀ ਲੱਗਦੀ ਆ।" ਏਨਾ ਕਹਿੰਦਿਆਂ ਉਸ ਦੀਆਂ ਅੱਖਾਂ ਵਿਚੋਂ ਪਾਣੀ ਵਹਿ ਤੁਰਿਆ।

***

'ਰਾਜੋ!' ਰਾਜਵੰਤ ਕੌਰ। ਸਿਆਣੀ ਕੁੜੀ ਸੀ। ਮੀਤ ਦੀ ਭੂਆ ਦੀ ਕੁੜੀ। ਇਨ੍ਹਾਂ ਹੀ ਸੱਦਿਆ ਸੀ ਓਹਨੂੰ ਏਥੇ।

"ਰਾਜੋ ਭੈਣੇ ਤੇਰਾ ਏਥੇ ਈ ਵਿਆਹ ਕਰ ਦੇਣਾ ਹੁਣ। ਤੈਨੂੰ ਵਾਪਸ ਨਹੀਂ ਜਾਣ ਦੇਣਾ ਪੰਜਾਬ। ਏਥੇ ਈ ਰੱਖਣੈ ਹੁਣ ਬਸ। ਨਾਲੇ ਉਥੇ 'ਹਾਲਾਤ' ਬਹੁਤੇ ਚੰਗੇ ਨਹੀਂ।" ਕਈ ਵਾਰ ਮੀਤ ਨੇ ਜਦੋਂ ਖੁਸ਼ ਹੋਣਾ ਤਾਂ ਰਾਜਵੰਤ ਨੂੰ ਕਹਿਣਾ।

ਪਰ ਕੁਦਰਤ ਤਾਂ ਕੁਝ ਹੋਰ ਸੋਚੀ ਬੈਠੀ ਸੀ। ਰਾਜਵੰਤ ਦੀ ਜ਼ਿੰਦਗੀ 'ਚ ਇਕ ਮੁੰਡਾ ਆਇਆ। ਕੁਲਵੰਤ ਸਿੰਘ ਨਾਮ ਦੱਸਿਆ ਸੀ ਓਹਨੇ ਆਪਣਾ। ਕੇਸ ਤਾਂ ਕੱਟੇ ਹੋਏ ਸਨ ਓਹਦੇ, ਪਰ ਹੱਥ ਵਿਚ ਕੜਾ ਪਾ ਕੇ ਰੱਖਦਾ ਸੀ। 'ਜਪੁਜੀ ਸਾਹਿਬ' ਦਾ ਪਾਠ ਵੀ ਬਹੁਤ ਸੋਹਣਾ ਕਰਦਾ ਸੀ। ਰਾਜਵੰਤ ਦੇ ਸਟੋਰ ਦੇ ਨਾਲ ਦੇ ਸਟੋਰ 'ਚ ਕੰਮ ਕਰਦਾ ਸੀ ਉਹ। ਨੇੜਤਾ ਹੌਲੀ-ਹੌਲੀ ਵਧ ਗਈ ਤੇ ਓਹਨੇ ਕੁੜੀ ਨੂੰ ਵਿਆਹ ਦਾ ਲਾਰਾ ਵੀ ਲਾ ਦਿੱਤਾ। ਪਰ ਅਸਲੀਅਤ ਕੁਝ ਹੋਰ ਈ ਸੀ। ਉਹ ਤਾਂ ਕੁੜੀ ਨੂੰ ਉਦੋਂ ਪਤਾ ਲੱਗਿਆ, ਜਿਦੋਂ ਉਸ ਨੇ ਉਹ 'ਫੋਟੋਆਂ' ਦਿਖਾਈਆਂ।

"ਮੈਂ ਨਈਂ ਜਾਣਦੀ ਸੀ ਕਿ ਤੂੰ ਏਨਾ ਨੀਚ ਐਂ... ਤੈਨੂੰ ਭੋਰਾ ਸ਼ਰਮ ਨਾ ਆਈ।"

"ਅੱਲਾ ਪਾਕ ਦੀ ਸੌਂਹ ਰਾਜਵੰਤ ਮੈਂ ਇਹ ਕਿਸੇ ਨੂੰ ਨਹੀਂ ਵਿਖਾਵਾਂਗਾ। ਬਸ ਤੂੰ ਮੇਰੇ ਨਾਲ ਚੱਲ ਤੇ ਮੁਸਲਮਾਨ ਬਣ ਜਾ। ਮੈਂ ਹੁਣੇ ਕਾਜ਼ੀ ਸਾਹਬ ਨਾਲ ਗੱਲ ਕਰਦਾਂ ਤੇ ਤੇਰੇ ਨਾਲ ਨਿਕਾਹ ਕਰਵਾ ਲੈਨਾਂ।" ਇਕਦਮ ਉਸਦੀ ਬੋਲੀ ਵਿਚਲੇ ਕਈ ਸ਼ਬਦ ਬਦਲ ਗਏ। ਕੁੜੀ ਸੁੰਨ ਹੋ ਗਈ। ਉਸ ਨੂੰ ਤਾਂ ਇਹ ਪਤਾ ਵੀ ਹੁਣ ਈ ਲੱਗਿਆ ਸੀ ਕਿ ਉਹ ਮੁਸਲਮਾਨ ਸੀ ਤੇ ਉਸ ਦਾ ਅਸਲੀ ਨਾਮ ਅਸ਼ਫਾਕ ਸੀ। ਬਸ, ਬੇਜ਼ਤੀ ਦੇ ਡਰੋਂ ਕੁੜੀ ਉਸ ਨਾਲ ਤੁਰ ਪਈ ਤੇ ਉਹ ਉਸ ਨੂੰ ਛੱਡ ਆਇਆ... ਬੈਂਕਾਕ... ਵੱਡੀ ਮੰਡੀ।

***

ਅੱਜ ਜਦੋਂ ਮੀਤ ਉਥੋਂ ਲੰਘ ਰਿਹਾ ਸੀ ਤਾਂ ਉਸ ਨੇ ਵੇਖਿਆ ਕਿ ਉਸ ਕੁੜੀ ਨਾਲ ਇਕ ਕਾਲਾ ਖਹਿਬੜ ਰਿਹਾ ਸੀ। ਇੰਜ ਲੱਗਦਾ ਸੀ ਕਿ ਉਹ ਕਾਲਾ ਕੁੜੀ ਦੇ ਥੱਪੜ ਮਾਰ ਦੇਵੇਗਾ। ਮੀਤ ਦਾ ਮਨ ਬਹੁਤ ਘਬਰਾ ਗਿਆ। ਉਸ ਦਾ ਜੀਅ ਕੀਤਾ ਕਿ ਕਾਲੇ ਨੂੰ ਜਾ ਕੇ ਭਜਾ ਦੇਵੇ, ਪਰ ਉਹ ਬੈਠਾ ਰਿਹਾ। ਬੱਤੀ ਹਰੀ ਹੋ ਚੁੱਕੀ ਸੀ, ਪਰ ਉਸ ਨੇ ਗੱਡੀ ਨਹੀਂ ਤੋਰੀ। ਏਨੇ ਨੂੰ ਕਾਲੇ ਨੇ ਕੁੜੀ ਦੀ ਜਬਰਦਸਤੀ ਬਾਂਹ ਫੜ ਲਈ, ਪਰ ਕੁੜੀ ਨੇ ਝਟਕੇ ਨਾਲ ਛੁਡਾ ਲਈ। ਆਪਣੇ ਆਪ ਮੀਤ ਦੇ ਖੱਬੇ ਹੱਥ ਨੇ ਗੱਡੀ ਦੀ ਬਾਰੀ ਖੋਹਲ ਦਿੱਤੀ। ਸ਼ਾਇਦ ਦਿਮਾਗ ਦੀ ਥਾਂ ਦਿਲ ਨੇ ਹੱਥ ਨੂੰ ਇਸ਼ਾਰਾ ਕਰ ਦਿੱਤਾ ਸੀ। ਉਹ ਉੱਤਰਿਆ ਤੇ ਛੇਤੀ ਨਾਲ ਉਥੇ ਪਹੁੰਚ ਗਿਆ। ਜਦ ਦੂਜੀ ਵਾਰ ਕਾਲੇ ਨੇ ਕੁੜੀ ਦਾ ਹੱਥ ਫੜਿਆ ਤਾਂ ਮੀਤ ਨੇ ਇਕ ਜ਼ੋਰਦਾਰ ਧੱਕਾ ਉਸ ਨੂੰ ਮਾਰਿਆ।"ਯੂ ਡਰਟੀ ਡੌਗ" (ਤੂੰ ਗੰਦਿਆ ਕੁਤਿਆ) ਕਹਿੰਦਾ ਕਾਲਾ ਭੁੰਜੇ ਡਿੱਗ ਪਿਆ। ਸ਼ਰਾਬ ਨਾਲ ਰੱਜਿਆ ਹੋਇਆ ਸੀ ਉਹ। ਡਿੱਗਦਾ-ਢਹਿੰਦਾ ਉੱਠਿਆ ਤੇ "ਆਈ ਵਿਲ ਸੀ ਯੂ" (ਦੇਖ ਲਊਂ ਮੈਂ ਤੈਨੂੰ) ਕਹਿੰਦਾ ਤੁਰ ਗਿਆ।

ਮੀਤ ਬਿਨਾ ਕੁੜੀ ਵੱਲ ਵੇਖੇ ਆਪਣੀ ਗੱਡੀ ਵਿਚ ਆ ਗਿਆ। ਅਜੇ ਉਸ ਨੇ ਗੱਡੀ ਸਟਾਰਟ ਕੀਤੀ ਹੀ ਸੀ ਕਿ ਪਰਲੀ ਬਾਰੀ ਵਿਚ ਦੀ ਕੁੜੀ ਆ ਕੇ ਖਲੋ ਗਈ।

"ਤੁਸੀਂ ਤਾਂ 'ਆਪਣੇ' ਈ ਓਂ, ਸ਼ੁਕਰੀਆ।" ਏਨੀ ਕੁ ਗੱਲ ਮੀਤ ਨੂੰ ਚੰਗੀ ਲੱਗੀ, ਪਰ ਕੁੜੀ ਫੇਰ ਬੋਲੀ, "ਆਰ ਯੂ ਇਨਟਰਸਟਿਡ, ਫੋਰਟੀ ਪਾਊਂਡਜ਼ ਓਨਲੀ ਫਾਰ ਵਨ ਨਾਈਟ" (ਚਲਣਾ, 40 ਪਾਊਂਡ ਇਕ ਰਾਤ ਦੇ!)

ਮੀਤ ਦੇ ਸਿਰ ਵਿਚ ਜਿਵੇਂ ਕਿਸੇ ਨੇ ਮਣਾਂ ਮੂੰਹੀਂ ਭਾਰਾ ਪੱਥਰ ਦੇ ਮਾਰਿਆ ਸੀ। ਉਹ ਸੁੰਨ ਹੋ ਗਿਆ।

"ਕੀ ਗੱਲ ਸਰਦਾਰ ਜੀ 40 ਪੌਂਡ ਤਾਂ ਕੋਈ ਬਾਹਲੇ ਨੀ... ਚਲੋ ਤੁਸੀਂ ਉਸ 'ਰਿੱਛ' ਤੋਂ ਮੇਰਾ ਖਹਿੜਾ ਛੁਡਾਇਐ... ਸੋ ਤੁਸੀਂ ਤੀਹ ਪੌਂਡ ਦੇ ਦਿਓ... ਨਾਲੇ ਮੈਂ ਮਸਾਜ ਵੀ ਕਰ ਲੈਂਦੀ ਹਾਂ," ਬਸ਼ਰਮਾਂ ਵਾਂਗ ਉਹ ਫੇਰ ਬੋਲੀ।



ਮੀਤ ਦੀਆਂ ਅੱਖਾਂ ਵਿਚੋਂ ਹੰਝੂ ਤ੍ਰਿਪ-ਤ੍ਰਿਪ ਡਿੱਗ ਪਏ। ਉਸ ਦਾ ਉੱਚੀ ਧਾਹ ਮਾਰਨ ਨੂੰ ਦਿਲ ਕੀਤਾ।

"ਹਾਏ ਓ ਰੱਬਾ! ਅਸੀਂ ਲੋਕਾਂ ਦੀਆਂ ਧੀਆਂ-ਭੈਣਾਂ ਦੀਆਂ ਇੱਜ਼ਤਾਂ ਦੇ ਰਾਖੇ... ਓ ਅੱਜ ਸਾਡੀਆਂ ਇੱਜ਼ਤਾਂ ਲੰਦਨ ਦੀਆਂ ਸੜਕਾਂ 'ਤੇ 30-30, 40-40 ਪੌਂਡਾਂ ਨੂੰ ਰੁਲਦੀਆਂ ਫਿਰਦੀਆਂ ਨੇ।" ਇਕ ਦਮ ਮੀਤ ਨੂੰ ਲੰਡਨ ਗਜ਼ਨੀ ਦੇ ਬਾਜ਼ਾਰਾਂ ਵਰਗਾ ਜਾਪਿਆ।

"ਛੇਤੀ ਬੋਲੋ ਸਰਦਾਰ ਸਾਹਬ... ਨਹੀਂ ਮੈਂ ਕੋਈ ਹੋਰ ਲੱਭਾਂ," ਕੁੜੀ ਕਾਹਲ ਵਿਚ ਸੀ, ਸ਼ਾਇਦ ਉਸ ਦੇ 'ਗਾਹਕ' ਲੰਘ ਰਹੇ ਸਨ।

"ਓ... ਮੈਂ ਤਾਂ ਕੁੜੀਏ ਤੈਨੂੰ ਬਚਾਉਣ..." ਮਸਾਂ ਮੀਤ ਨੇ ਜੇਰਾ ਜਿਹਾ ਕਰਕੇ ਚਾਰ ਕੁ ਸ਼ਬਦ ਇਕੱਠੇ ਕੀਤੇ।

"ਐਵੇਂ ਬਾਹਲੀ ਹਮਦਰਦੀ ਨਾ ਵਿਖਾਓ ਸਰਦਾਰ ਜੀ, ਇਹ ਧੱਕਾ ਮੁੱਕੀ ਤਾਂ ਏਥੋਂ ਦਾ ਰੋਜ਼ ਦਾ ਕੰਮ ਐਂ। ਪੰਜ-ਦਸ ਪੌਂਡਾਂ ਪਿੱਛੇ ਆਮ ਈ ਗੱਲ ਵਿਗੜ ਜਾਂਦੀ ਐ।"

"ਪਰ... ਤੂੰ ਕੁੜੀਏ ਏਥੇ..." ਮੀਤ ਤੋਂ ਗੱਲ ਫੇਰ ਪੂਰੀ ਨਾ ਹੋਈ।

"ਜੇ ਏਥੇ ਨਾ ਆਵਾਂ ਤਾਂ ਕਾਲਜ ਦੀ ਫੀਸ ਕੌਣ ਭਰੂਗਾ? ਨਾਲੇ ਕਮਰੇ ਦਾ ਕਿਰਾਇਆ, ਬਿਜਲੀ ਦਾ ਬਿੱਲ ਤੇ..." ਕੁੜੀ ਦੇ ਗੱਲ ਅਜੇ ਮੂੰਹ ਵਿਚ ਈ ਸੀ ਕਿ ਮੀਤ ਬੋਲਿਆ, "ਤੂੰ ਪੜ੍ਹਦੀ ਐਂ ਅਜੇ?"

"ਹਾਂ ਜੀ... ਮੈਂ ਪੜ੍ਹਦੀ ਆਂ ਤੇ ਸਟੱਡੀ ਵੀਜ਼ੇ 'ਤੇ ਆਂ ਏਥੇ। ਚੰਗਾ ਤੇ ਫੇਰ ਮੈਂ ਜਾਵਾਂ।"

"ਪਰ..." ਮੀਤ ਉਸ ਨੂੰ ਰੋਕਣਾ ਚਾਹੁੰਦਾ ਸੀ।

"ਪਰ ਕੀ ਜੀ... 30 ਪੌਂਡ?" ਮੀਤ ਕੁਝ ਨਾ ਬੋਲਿਆ।

"ਦਿਓਗੇ? ਜਾਂ ਮੈਂ ਜਾਵਾਂ?"

"ਤੂੰ ਬਹਿਜਾ ਗੱਡੀ 'ਚ।"

"ਪਰ ਮੈਂ 30 ਪੌਂਡ ਤੋਂ ਘੱਟ ਨੀਂ ਲੈਣੇ।"

"ਆਜਾ ਆਜਾ। ਕੋਨੀ..." ਮੀਤ ਦਾ ਗੱਚ ਭਰ ਆਇਆ। ਕੁੜੀ ਬਹਿ ਗਈ ਤੇ ਮੀਤ ਨੇ ਗੱਡੀ ਤੋਰ ਲਈ।

"ਤੇਰਾ ਨਾਂ ਕੀ ਆ ਕੁੜੇ?" ਥੋੜੀ ਦੂਰ ਜਾ ਕੇ ਮੀਤ ਨੇ ਕੁੜੀ ਨੂੰ ਪੁੱਛਿਆ।

"ਰਾਜਵੰਤ... ਰਾਜਵੰਤ ਕੌਰ।"

ਮੀਤ ਦਾ ਪੈਰ ਇਕਦਮ ਬਰੇਕ ਉੱਤੇ ਗਿਆ ਤੇ ਗੱਡੀ ਰੁਕ ਗਈ। ਉਸ ਨੇ ਧਿਆਨ ਨਾਲ ਕੁੜੀ ਦੇ ਮੂੰਹ ਵੱਲ ਵੇਖਿਆ।

"ਕੀ ਗੱਲ, ਗੱਡੀ ਕਿਉਂ ਰੋਕ 'ਤੀ?"

"ਨਹੀਂ ਨਹੀਂ... ਕੁਝ ਨਹੀਂ," ਕਹਿੰਦਿਆਂ ਮੀਤ ਨੇ ਰੇਸ ਦਬਾਈ ਤੇ ਆਪਣੇ ਹੰਝੂ ਵੀ ਕੁੜੀ ਤੋਂ ਲਕੋ ਲਏ।

"ਜੇ ਕੁੜੀਏ ਮੈਂ ਤੈਨੂੰ ਕੋਈ ਚੱਜ ਦਾ ਕੰਮ ਦਿਵਾ ਦੇਵਾਂ ਤਾਂ ਕੀ ਤੂੰ ਆਹ ਮਾੜਾ ਕੰਮ ਛੱਡ ਦਏਂਗੀ?"

"ਕਿਹੜੀ ਨੌਕਰੀ 'ਚੋਂ ਏਨੀ ਕਮਾਈ ਹੋਊ? ਮੈਨੂੰ ਤਾਂ ਬਾਹਲੇ ਪੈਸਿਆਂ ਦੀ ਲੋੜ ਆ।"

"ਕਿੰਨੇ ਕੁ ਪੈਸਿਆਂ ਦੀ?"

"ਬਸ ਏਨੇ ਕੁ ਕਿ ਕਾਲਜ ਦੀ ਫੀਸ ਰਹਿਣ ਤੇ ਖਾਣ ਪੀਣ ਦਾ ਖਰਚਾ ਕੱਢਣ ਤੋਂ ਬਾਅਦ ਘਰੇ ਭੇਜਣ ਜੋਗੇ ਵੀ ਬਚ ਜਾਣ।"

"ਘਰੇ ਭੇਜਣ ਜੋਗੇ? ਤੂੰ ਏਥੇ ਪੜ੍ਹਨ ਆਈ ਐਂ ਕਿ ਕਮਾਈ ਕਰਨ?"

"ਬਾਪੂ ਨੇ ਘਰ ਗਹਿਣੇ ਧਰ ਕੇ ਮੈਨੂੰ ਏਥੇ ਭੇਜਿਐ। ਉਹ ਵੀ ਛਡਾਉਣੈ। ਪੜਾਈ ਦਾ ਤਾਂ ਬਹਾਨੈਂ, ਮੈਂ ਤਾਂ ਮਾੜੀ ਮੋਟੀ ਸੈੱਟ ਹੋ ਕੇ ਛੋਟੇ ਭਰਾ ਨੂੰ ਵੀ ਏਥੇ ਸੱਦਣੈ। ਉਹ ਵੀ ਖਹਿੜੇ ਪਿਆ ਹੋਇਐ। ਮੈਂ ਤਾਂ ਓਹਨੂੰ ਕਈ ਵਾਰੀ ਕਿਹੈ ਕਿ ਇਹ ਬਾਹਲੀ ਚੰਗੀ ਥਾਂ ਨੀ, ਪਰ ਉਹ ਮੰਨਦੈ? ਕਹਿੰਦਾ ਆਪ ਤਾਂ 'ਮੌਜਾਂ' ਲੈਂਦੀ ਐਂ ਇੰਗਲੈਂਡ 'ਚ ਤੇ ਮੈਨੂੰ ਕਹਿੰਦੀ ਐ ਚੰਗਾ ਨੀ। ਸ਼ਾਇਦ ਓਹਨੂੰ ਏਥੇ ਆ ਕੇ ਪਤਾ ਲੱਗਣੈ ਏ ਨਰਕ ਦਾ," ਕੁੜੀ ਇਕੋ ਸਾਹ ਸਭ ਕੁਝ ਬੋਲ ਗਈ।

"ਹਾਏ ਓ ਮੇਰੀਏ ਭੈਣੇ!" ਮੀਤ ਦੀ ਧਾਹ ਨਿਕਲ ਗਈ, "ਤੈਨੂੰ ਮਾਪਿਆਂ ਨੇ ਆਈਂ ਤੋਰਤਾ 'ਕੱਲੀ ਨੂੰ? ਬਿਨਾ ਇਹ ਵੇਖਿਆਂ ਕਿ ਉਥੇ ਕੋਈ ਕੁੜੀ ਨੂੰ ਸਾਂਭਣ ਵਾਲਾ ਵੀ ਹੈ ਕੇ ਨਹੀਂ।"

ਕੁੜੀ ਮੀਤ ਦੇ ਮੂੰਹੋਂ 'ਭੈਣੇ' ਸੁਣ ਕੇ ਹੈਰਾਨ ਜਹੀ ਹੋ ਗਈ।

"ਤੁਸੀਂ ਮੈਨੂੰ 30 ਪੌਂਡ ਦਿਓਗੇ ਤਾਂ ਸਹੀ ਨਾ?" ਉਸ ਨੇ ਡਰ ਜਾਹਰ ਕਰਦੀ ਨੇ ਕਿਹਾ।

"ਮੈਂ ਤੈਨੂੰ ਏਸ ਨਰਕ 'ਚੋਂ ਕੱਢਣ ਨੂੰ ਫਿਰਦਾਂ ਤੇ ਤੂੰ... ਕੋਈ ਨੀ ਦੇਦੂੰਗਾ ਤੈਨੂੰ 30 ਪੌਂਡ।" ਮੀਤ ਨੇ ਗੁੱਸੇ ਹੁੰਦੇ ਨੇ ਕਿਹਾ।

"ਨਹੀਂ ਨਹੀਂ... ਮੈਂ ਤਾਂ ਸੋਚਿਆ ਬੀ ਤੁਸੀਂ ਮੈਨੂੰ ਭੈਣ ਕਹੀ ਜਾਨੇ ਓਂ।"

"ਆਹੋ ਭੈਣ ਈ ਆਂ ਤੂੰ ਮੇਰੀ, ਤੇ ਮੈਂ ਤੈਨੂੰ ਕੋਈ ਮਾੜਾ ਕੰਮ ਕਰਨ ਨੀ ਲਿਆਇਆ। ਮੈਂ ਤੈਨੂੰ ਚੰਗੀ ਨੌਕਰੀ 'ਤੇ ਲਵਾਊਂ... ਆਵਦੇ ਦੇਸ ਪੰਜਾਬ ਦੀ ਇੱਜ਼ਤ ਮੈਂ ਆਏਂ ਨੀ ਲੰਦਨ ਦੀਆਂ ਸੜਕਾਂ 'ਤੇ ਰੁਲਣ ਦੇਣੀ, ਤੂੰ ਮੇਰੀ ਭੈਣ ਵਾਅਦਾ ਕਰ ਮੇਰੇ ਨਾਲ ਬੀ 'ਗਾਹਾਂ ਤੋਂ ਇਹ ਭੈੜਾ ਕੰਮ ਨਹੀਂ ਕਰੇਂਗੀ ਤੇ ਉਨ੍ਹਾਂ ਬਦਨਾਮ ਗਲ਼ੀਆਂ 'ਚ ਮੁੜ ਨਹੀਂ ਜਾਏਂਗੀ।"

"ਠੀਕ ਆ ਵੀਰੇ।" 'ਵੀਰੇ' ਕੁੜੀ ਦੇ ਮੂੰਹੋਂ ਆਪ ਈ ਨਿਕਲ ਗਿਆ ਤੇ ਮੀਤ ਨੂੰ ਇਹ ਮਿਸ਼ਰੀ ਵਰਗਾ ਲੱਗਿਆ। ਉਹ ਕੁੜੀ ਵੱਲ ਵੇਖ ਕੇ ਥੋੜਾ ਮੁਸਕਰਾਇਆ। ਕੁੜੀ ਦੀਆਂ ਅੱਖਾਂ ਵਿਚ ਅੱਥਰੂ ਆ ਗਏ।

"ਏਜੰਟ ਕਹਿੰਦਾ ਸੀ, ਥੋਨੂੰ ਚੰਗੀ ਨੌਕਰੀ ਦਿਵਾਵਾਂਗੇ, ਫਰੀ ਹੋਸਟਲ ਹੋਵੇਗਾ, ਵਧੀਆ ਖਾਣ ਪੀਣ ਮਿਲੇਗਾ ਪਰ ਏਥੇ... ਤੈਨੂੰ ਪਤੈ ਵੀਰੇ ਮੈਂ ਦੋ ਦਿਨਾਂ ਤੋਂ ਕੁਝ ਨੀ ਖਾਧਾ।" ਮੀਤ ਤੋਂ ਕੁਝ ਬੋਲਿਆ ਨਹੀਂ ਜਾ ਰਿਹਾ ਸੀ।

"ਮੇਰਾ ਤਾਂ ਵੀਰੇ ਕਈ ਵਾਰ ਜੀਅ ਕੀਤੈ ਕਿ ਭੱਜ ਜਾਵਾਂ ਪਰ ਫੇਰ ਬਾਪੂ ਦੇ ਸਿਰ ਦਾ ਕਰਜ਼ਾ ਤੇ ਭਰਾ ਦੇ ਹਿੱਸੇ ਦਾ ਗਹਿਣੇ ਪਿਆ ਘਰ ਦਿਸ ਪੈਂਦੈ ਤੇ ਮੈਂ... ਕਈ ਵਾਰ ਤਾਂ ਮਨ ਕਰਦੈ ਕਿ ਹੀਥਰੋ ਹਵਾਈ ਅੱਡੇ 'ਤੇ ਚਲੀ ਜਾਵਾਂ ਤੇ ਉੱਚੀ-ਉੱਚੀ ਰੌਲਾ ਪਾਵਾਂ ਕਿ ਚਲੀਆਂ ਜਾਓ ਵਾਪਸ ਜਿਹੜੀਆਂ ਨਵੀਆਂ ਆ ਰਹੀਆਂ ਓ, ਮੁੜ ਜਾਓ ਅਜੇ ਵੀ ਜੇ ਨਰਕ ਤੋਂ ਭੈੜੀ ਜ਼ਿੰਦਗੀ ਨੀਂ ਜਿਊਣੀ ਤਾਂ... ਨਾ ਵਧਿਓ 'ਗਾਹਾਂ ਜੇ ਬਾਪੂ ਦੀ ਪੱਗ ਤੇ ਮਾਂ ਦੀ ਚੁੰਨੀ ਦਾ ਫਿਕਰ ਐ ਤਾਂ।"

ਕੁੜੀ ਦੀ ਮਾੜੀ ਹੁੰਦੀ ਜਾ ਰਹੀ ਹਾਲਤ ਨੂੰ ਵੇਖ ਕੇ ਮੀਤ ਨੇ ਸਟੀਰੀਓ ਔਨ ਕਰ ਦਿੱਤਾ।

"ਚੰਗਾ ਕੀਰਤਨ ਸੁਣ, ਰੋ ਨਾ ਐਵੇਂ ਸਭ ਠੀਕ ਹੋਜੂ।"

ਸ਼ਬਦ ਚੱਲ ਪਿਆ, "ਮੋਹਨਿ ਮੋਹਿ ਲੀਆ ਮਨੁ ਮੋਹਿ॥...

ਗਾਛਹੁ ਪੁਤ੍ਰੀ ਰਾਜ ਕੁਆਰਿ॥
ਨਾਮੁ ਭਣਹੁ ਸਚੁ ਦੋਤੁ ਸਵਾਰਿ॥
ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ॥
ਗੁਰ ਸਬਦੀ ਬਿਖੁ ਤਿਆਸ ਨਿਵਾਰਿ॥"

ਜਦੋਂ ਇਹ ਤੁਕ ਆਈ ਤਾਂ ਰਾਜਵੰਤ ਬੋਲੀ, "ਇਹਦਾ ਕੀ ਅਰਥ ਆ ਵੀਰੇ?"

ਕਹਿੰਦੇ ਨੇ... ਸਿੰਗਲਾਦੀਪ ਟਾਪੂ, ਜੀਹਨੂੰ ਅੱਜ-ਕੱਲ ਸ੍ਰੀ ਲੰਕਾ ਵੀ ਕਹਿੰਦੇ ਆ, ਦਾ ਰਾਜਾ ਹੁੰਦਾ ਸੀ ਸ਼ਿਵਨਾਭ। ਬੜਾ ਚੰਗਾ ਰਾਜਾ ਸੀ। ਹਰ ਆਏ ਸਾਧੂ ਸੰਤ ਦੀ ਚੰਗੀ ਟਹਿਲ ਸੇਵਾ ਕਰਦਾ ਸੀ। ਉਸ ਨੂੰ ਉਸਦੇ ਕੁਝ ਅਹਿਲਕਾਰਾਂ ਨੇ ਦੱਸਿਆ ਕਿ ਮਹਾਰਾਜ 'ਨਾਨਕ' ਫਕੀਰ ਏਧਰ ਨੂੰ ਆ ਰਿਹੈ। ਬਹੁਤ ਨਾਮ ਸੁਣਿਐਂ ਉਸ ਦਾ। ਕਹਿੰਦੇ ਨੇ ਬੜਾ 'ਜ਼ਾਹਰ ਪੀਰ' ਐ। ਇਸ ਤਰ੍ਹਾਂ 'ਗੁਰੂ ਨਾਨਕ' ਬਾਰੇ ਕਾਫੀ ਕੁਝ ਰਾਜੇ ਦੇ ਅਹਿਲਕਾਰਾਂ ਨੇ ਉਸ ਨੂੰ ਦੱਸਿਆ। ਰਾਜਾ ਬੜੀ ਬੇਸਬਰੀ ਨਾਲ ਗੁਰੂ ਨਾਨਕ ਨੂੰ ਉਡੀਕਣ ਲੱਗਾ। ਜਦੋਂ ਕੁਝ ਪਖੰਡੀ ਲੋਕਾਂ ਨੂੰ ਰਾਜੇ ਵੱਲੋਂ ਗੁਰੂ ਨਾਨਕ ਦੀ ਉਤਸੁਕਤਾ ਨਾਲ ਕੀਤੀ ਜਾ ਰਹੀ ਉਡੀਕ ਬਾਰੇ ਪਤਾ ਲੱਗਿਆ ਤਾਂ ਉਨ੍ਹਾਂ ਵਿਚੋਂ ਕਈ ਨਾਨਕ ਬਣ ਕੇ ਰਾਜੇ ਦੇ ਦਰਬਾਰ ਪਹੁੰਚ ਗਏ। ਰਾਜਾ ਬੜਾ ਹੈਰਾਨ ਹੋਇਆ ਤੇ ਉਸ ਨੇ ਉਨ੍ਹਾਂ ਪਖੰਡੀਆਂ ਦੀ ਪ੍ਰੀਖਿਆ ਲੈਣੀ ਸ਼ੁਰੂ ਕਰ ਦਿੱਤੀ। ਹੁਣ ਕੋਈ ਪਖੰਡੀ ਪੈਸੇ 'ਤੇ ਡੋਲ ਜਾਇਆ ਕਰੇ, ਕੋਈ ਖਾਣ-ਪੀਣ 'ਤੇ, ਕੋਈ ਮਹਿਲ ਮਾੜੀਆਂ 'ਤੇ... ਅੰਤ ਵਿਚ ਰਾਜਾ ਇਕ ਪ੍ਰੀਖਿਆ ਲੈਂਦਾ ਸੀ ਕਿ ਨਾਨਕ ਬਣ ਕੇ ਆਏ ਬੰਦੇ ਦੇ ਮੂਹਰੇ ਵੇਸਵਾਵਾਂ ਦਾ ਨਾਚ ਕਰਵਾਉਂਦਾ ਸੀ ਤੇ ਤਕਰੀਬਨ ਸਾਰੇ ਪਖੰਡੀ ਹੀ ਉਨ੍ਹਾਂ ਵੇਸਵਾਵਾਂ ਦੀਆਂ ਅਦਾਵਾਂ ਦੇ ਸ਼ਿਕਾਰ ਬਣ ਜਾਂਦੇ ਸਨ।

ਇਕ ਦਿਨ ਸਚਮੁੱਚ 'ਗੁਰੂ ਨਾਨਕ' ਸਹਿਬ ਆ ਗਏ। ਹੁਣ ਰਾਜਾ ਤਾਂ ਉਨ੍ਹਾਂ ਨੂੰ ਪਛਾਣਦਾ ਨਹੀਂ ਸੀ। ਸੋ ਉਨ੍ਹਾਂ ਨੇ ਗੁਰੂ ਨਾਨਕ ਦੀ ਪ੍ਰੀਖਿਆ ਵੀ ਲੈਣੀ ਸ਼ੁਰੂ ਕਰ ਦਿੱਤੀ। ਤੇ ਅੰਤ ਵਿਚ ਜਦੋਂ ਉਹੀ ਵੇਸਵਾਵਾਂ ਗੁਰੂ ਨਾਨਕ ਜੀ ਅੱਗੇ ਨੱਚੀਆਂ ਤਾਂ ਉਹ ਬੋਲੇ, "ਗਾਛਹੁ ਪੁਤ੍ਰੀ ਰਾਜ ਕੁਆਰਿ॥ ਨਾਮੁ ਭਣਹੁ ਸਚੁ ਦੋਤੁ ਸਵਾਰਿ॥" ਮਤਲਬ ਕਿ 'ਛੱਡ ਦਿਓ ਮੇਰੀਓ ਧੀਓ ਇਹ ਸਭ ਕੁਝ'। ਇਹ ਸੁਣ ਕੇ ਉਹ ਵੇਸਵਾਵਾਂ ਰੋਣ ਲੱਗ ਪਈਆਂ ਤੇ ਉੱਚੀ-ਉੱਚੀ ਬੋਲਣ ਲੱਗੀਆਂ, "ਇਹੀ ਗੁਰੂ ਨਾਨਕ ਹੈ, ਜ਼ਾਹਰ ਪੀਰ। ਸਾਨੂੰ ਸਾਡੇ ਮਾਪੇ ਆਪਣੀਆਂ ਧੀਆਂ ਨਹੀਂ ਮੰਨਦੇ, ਇਹੀ ਅਸਲੀ ਨਾਨਕ ਫਕੀਰ ਹੈ ਜੋ ਸਾਨੂੰ ਵੀ ਪੁੱਤਰੀਆਂ ਕਹਿੰਦਾ ਹੈ।"

ਮੀਤ ਲੋਰ ਵਿਚ ਹੀ ਕਹਾਣੀ ਸੁਣਾ ਰਿਹਾ ਸੀ, ਪਰ ਜਦੋਂ ਉਸ ਨੇ ਪਿੱਛੇ ਮੁੜ ਕੇ ਵੇਖਿਆ ਤਾਂ ਰਾਜਵੰਤ ਜਾਰ-ਜਾਰ ਰੋ ਰਹੀ ਸੀ।

"ਹੈ ਮੇਰੀ ਕਮਲੀ ਭੈਣ... ਤੈਨੂੰ ਕੀ ਹੋ ਗਿਆ?"

"ਮੈਨੂੰ ਮਾਫ ਕਰ ਦਿਓ ਬਾਬਾ ਜੀ।" ਕਾਰ ਵਿਚ ਲੱਗੀ ਗੁਰੂ ਨਾਨਕ ਸਾਹਿਬ ਦੀ ਫੋਟੋ ਅੱਗੇ ਹੱਥ ਬੰਨ੍ਹ ਕੇ ਉਹ ਬੋਲੀ, "ਮੈਂ ਪਾਪਣ, ਮੈਨੂੰ ਮਾਫ ਕਰ ਦਈਂ ਵੀਰੇ।" ਹੁਣ ਉਸ ਦੇ ਹੱਥ ਮੀਤ ਵੱਲ ਹੋ ਗਏ। ਇੰਜ ਲੱਗਦਾ ਸੀ ਜਿਵੇਂ ਉਸ ਅੰਦਰ ਕਾਫੀ ਟੁੱਟ-ਭੱਜ ਹੋ ਰਹੀ ਸੀ। ਕੁਝ ਦੇਰ ਚੁੱਪ ਰਹਿਣ ਪਿੱਛੋਂ ਉਹ ਫੇਰ ਬੋਲੀ, "ਵੀਰੇ ਕੀ ਆਪਾਂ ਮੇਰੀਆਂ ਸਹੇਲੀਆਂ ਨੂੰ ਵੀ ਏਸ ਗੰਦ ਵਿਚੋਂ ਕੱਢ ਸਕਦੇ ਆਂ?"

ਮੀਤ ਦੇ ਪੈਰ ਫੇਰ ਇਕਦਮ ਬਰੇਕ 'ਤੇ ਗਏ। ਗੱਡੀ ਰੁਕਦਿਆਂ ਹੀ ਉਹ ਬੋਲਿਆ, "ਕੀ...ਈ...ਈ...ਤੇਰੀਆਂ ਸਹੇਲੀਆਂ? ਕੀ ਹੋਰ ਪੰਜਾਬਣ ਕੁੜੀਆਂ ਵੀ ਏਸ ਦਲਦਲ ਵਿਚ ਫਸੀਆਂ ਪਈਆਂ ਨੇ? ਹਾਏ ਓ ਮੇਰਿਆ ਰੱਬਾ! ਹੋਰ ਕਿੰਨੇ ਕੁ ਕਹਿਰ ਢਾਹੇਂਗਾ?"

"ਹਾਂ ਵੀਰੇ... ਮੇਰੇ ਗਰੁੱਪ ਦੀਆਂ ਤਕਰੀਬਨ ਸਾਰੀਆਂ ਕੁੜੀਆਂ ਹੀ... ਬਸ 50 ਵਿਚੋਂ 2 ਕੁ ਮੁੜੀਆਂ ਨੇ ਪੰਜਾਬ ਨੂੰ ਜਿਹੜੀਆਂ ਘਰੋਂ ਕੁਝ ਠੀਕ ਸਨ। ਬਾਕੀ... ਤੇ ਨਾਲੇ ਇਕੱਲੇ ਮੇਰੇ ਬੈਚ ਦੀਆਂ ਨਹੀਂ ਵੀਰੇ, ਸਟੱਡੀ ਵੀਜ਼ੇ 'ਤੇ ਆਉਣ ਵਾਲੀਆਂ ਕੁੜੀਆਂ ਵਿਚੋਂ ਬਹੁਤੀਆਂ ਏਸ ਗੰਦ ਵਿਚ ਹੀ ਧਸ ਜਾਂਦੀਆਂ ਨੇ।"

"ਹਾਏ ਓ ਰੱਬਾ! ਮੈਂ ਤਾਂ ਇਕ ਰਾਜਵੰਤ ਨੂੰ ਰੋਂਦਾ ਸੀ ਤੇ ਏਥੇ ਤਾਂ ਪਤਾ ਨਹੀਂ ਕਿੰਨੀਆਂ ਰਾਜਵੰਤਾਂ," ਮੀਤ ਨੂੰ ਆਪਣਾ ਦਿਲ ਡੁੱਬ ਰਿਹਾ ਜਾਪਦਾ ਸੀ।

"ਕਿੱਥੇ ਨੇ ਉਹ ਤੇਰੀਆਂ ਸਹੇਲੀਆਂ?"

"ਓਥੇ ਈ, ਮੇਰੇ ਤੋਂ ਪਿਛਲੀ ਗਲੀ 'ਚ।"

"ਖਬਰਦਾਰ ਜੇ ਅੱਗੇ ਤੋਂ 'ਮੇਰੀ ਗਲੀ' ਕਿਹਾ ਤਾਂ... ਮੈਥੋਂ ਬੁਰਾ ਕੋਈ ਨੀ ਫੇਰ। ਭੁੱਲ ਜਾ ਕਿ ਤੂੰ ਕਦੇ ਉਨ੍ਹਾਂ ਗਲੀਆਂ 'ਚ ਹੁੰਦੀ ਸੀ। ਮੈਂ ਤੈਨੂੰ ਘਰੇ ਛੱਡ ਕੇ ਓਧਰ ਜਾ ਕੇ ਆਊਂਗਾ।"

"ਪਰ ਵੀਰੇ ਮੈਂ ਤੇਰੇ ਨਾਲ ਚੱਲਦੀ ਆਂ। ਤੈਨੂੰ ਪਛਾਣ ਨੀ ਆਉਣੀ ਉਨ੍ਹਾਂ ਦੀ।"

"ਪਛਾਣ...? ਤੇਰੀ ਪਛਾਣ ਮੈਨੂੰ ਕੀਹਨੇ ਕਰਾਈ ਸੀ? ਆਜੂਗੀ ਉਨ੍ਹਾਂ ਦੀ ਪਛਾਣ ਵੀ, ਜਿਵੇਂ ਤੇਰੀ ਆ ਗਈ ਸੀ ਪਰ ਤੂੰ ਓਧਰ ਮੁੜਕੇ ਕਦੇ ਨੀਂ ਜਾਣਾ।"

ਰਾਜਵੰਤ ਨੂੰ ਘਰੇ ਛੱਡ ਕੇ ਮੀਤ ਫੇਰ 'ਓਧਰ' ਨੂੰ ਗਿਆ। ਜਦੋਂ ਉਹ ਰਾਜਵੰਤ ਦੀ ਦੱਸੀ ਗਲ਼ੀ ਵਿਚ ਪਹੁੰਚਿਆ ਤਾਂ ਸਚਮੁੱਚ ਉਸ ਦੀ ਚੀਕ ਨਿਕਲ ਗਈ। ਚੀਕ ਸੁਣ ਕੇ ਇਕ ਮੇਮ ਉਸ ਵੱਲ ਭੱਜੀ ਆਈ। "ਵਟ ਹੈਪਨਡ... ਡੂ ਯੂ ਵਾਂਟ ਸਮਥਿੰਗ... ਵੀ ਹੈਵ ਪੰਜਾਬੀ ਗਰਲਜ਼ ਫਾਰ ਕਸਟਮਰਜ਼ ਲਾਈਕ ਯੂ... ਵੈਰੀ ਹਾਟ ਪੰਜਾਬੀ ਗਰਲਜ਼" (ਕੀ ਹੋਇਆ? ਕੀ ਤੁਹਾਨੂੰ ਕੁਝ ਹੋਰ ਚਾਹੀਦਾ... ਸਾਡੇ ਕੋਲ ਤੁਹਾਡੇ ਵਰਗੇ ਗਾਹਕਾਂ ਲਈ ਪੰਜਾਬੀ ਕੁੜੀਆਂ ਵੀ ਹਨ... ਬੜੀਆਂ ਜੋਬਨ ਭਰੀਆਂ ਪੰਜਾਬੀ ਕੁੜੀਆਂ।)

ਤੇ ਮੇਮ ਖਚਰੀ ਜਹੀ ਹਾਸੀ ਹੱਸਣ ਲੱਗੀ। ਮੀਤ ਦੇ

ਸੀਨੇ ਵਿਚ ਜਿਵੇਂ ਕਿਸੇ ਨੇ ਛੁਰਾ ਖਭੋ ਦਿੱਤਾ ਹੋਵੇ। ਉਸ ਨੂੰ ਇੰਜ ਲੱਗਿਆ ਜਿਵੇਂ ਪੰਜਾਬ ਦੀ ਅਣਖ ਤੇ ਗ਼ੈਰਤ ਦੇ ਮੂੰਹ 'ਤੇ ਉਸ ਮੇਮ ਨੇ ਚਪੇੜ ਮਾਰ ਦਿੱਤੀ ਹੋਵੇ।

"ਸ਼ਟ ਯੂਅਰ ਮਾਊਥ" (ਮੂੰਹ ਬੰਦ ਰਖ) ਕਹਿ ਕੇ ਉਸ ਨੇ ਗੱਡੀ ਭਜਾ ਲਈ।

"ਆਜਾ ਆਜਾ... ਕੋਈ ਨੀਂ... ਸ਼ੁਰੂ-ਸ਼ੁਰੂ ਵਿਚ ਈ ਡਰ ਜਿਹਾ ਲੱਗਦੈ। ਫੇਰ ਸਭ ਠੀਕ ਹੋ ਜਾਂਦੈ।" ਇਕ ਕੁੜੀ ਦੂਜੀ, ਜੀਹਦਾ ਸ਼ਾਇਦ ਅੱਜ ਪਹਿਲਾ ਦਿਨ ਸੀ, ਨੂੰ 'ਸਮਝਾਉਂਦੀ' ਜਾ ਰਹੀ ਸੀ।

ਪਰ੍ਹੇ ਇਕ ਗੋਰੇ ਨੇ ਇਕ ਕੁੜੀ ਦੀ ਚੁੰਨੀ ਲਾਹ ਕੇ ਸੜਕ 'ਤੇ ਵਗਾਹ ਮਾਰੀ ਤੇ ਕੁੜੀ ਨੂੰ ਗੱਡੀ ਵਿਚ ਬਿਠਾ ਕੇ ਲੈ ਗਿਆ। ਮੀਤ ਨੂੰ ਜਾਪਿਆ ਜਿਵੇਂ ਪੰਜਾਬੀਆਂ ਦੀ ਇੱਜ਼ਤ ਉਸ ਗੋਰੇ ਨੇ ਲੰਡਨ ਦੀ ਸੜਕ 'ਤੇ ਵਗਾਹ ਮਾਰੀ ਹੋਵੇ। ਉਸ ਦਾ ਜੀਅ ਕੀਤਾ ਕਿ ਭੱਜ ਕੇ ਚੁੰਨੀ ਚੁੱਕ ਲਵੇ ਪਰ ਇਕਦਮ ਉਸਦਾ ਧਿਆਨ ਦੂਜੇ ਪਾਸੇ ਗਿਆ... ਇਕ ਹੋਰ ਕੁੜੀ ਇਕ ਕਾਰ ਨਾਲ ਲਮਕਦੀ ਆਉਂਦੀ ਸੀ, "ਓਕੇ ਸਰ ਓਕੇ, ਓਨਲੀ 20 ਪਾਊਂਡਜ਼, ਓਨਲੀ 20" (ਠੀਕ ਐ ਸਰ ਠੀਕ, ਸਿਰਫ ਵੀਹ ਪਾਊਂਡ, ਸਿਰਫ ਵੀਹ)

"ਮੈਂ ਤਾਂ 10 ਪੌਂਡ ਦੇਣੇ ਐਂ... ਜੇ ਚਿੱਤ ਮੰਨਦੈ ਤਾਂ ਬਹਿ ਜਾ ਨਹੀਂ ਤਾਂ ਹੋਰ ਬਥੇਰੀਆਂ ਖੜ੍ਹੀਆਂ ਨੇ।" ਖਰੀਦਦਾਰ ਦੇ ਮੂੰਹੋਂ ਨਿਕਲੀ ਪੰਜਾਬੀ ਨੇ ਜਿਵੇਂ ਮੀਤ ਦੇ ਕਾਲਜਿਓਂ ਰੁੱਗ ਭਰ ਲਿਆ ਸੀ। ਕੁੜੀ ਵਿਚਾਰੀ ਮਸੋਸੇ ਜਹੇ ਮਨ ਨਾਲ ਬਾਰੀ ਖੋਲ੍ਹ ਕੇ ਅੰਦਰ ਬਹਿ ਗਈ। ਅੰਦਰ ਇਕ ਲੰਮੇ ਦਾਹੜੇ ਤੇ ਪੇਚਾਂ ਵਾਲੀ ਪੱਗ ਵਾਲਾ 'ਸਰਦਾਰ' ਬੈਠਾ ਸੀ।

"ਲਿਟਲ ਬਿਟ ਮੋਰ ਬੇਬੀ..." (ਥੋੜ੍ਹਾ ਜਿਹਾ ਹੋਰ ਉਪਰ ਸੋਹਣੀਏ...), ਜਦੇ ਮੀਤ ਨੂੰ ਇਕ ਹੋਰ ਆਵਾਜ਼ ਸੁਣਾਈ ਦਿੱਤੀ। ਇਕ ਗੋਰਾ ਕੁੜੀ ਨੂੰ ਪੌਂਡ ਵਿਖਾਉਂਦਾ ਹੋਇਆ ਬੋਲ ਰਿਹਾ ਸੀ ਤੇ ਕੁੜੀ ਦੇ ਕੱਪੜੇ ਹੌਲੀ-ਹੌਲੀ ਉਤਾਂਹ ਹੋ ਰਹੇ ਸਨ।

ਜਿੰਨਾ ਚਿਰ ਮੀਤ ਏਥੇ ਖੜ੍ਹਾ ਰਿਹਾ, ਓਨਾ ਚਿਰ ਉਸ ਨੂੰ ਇੰਜ ਲੱਗਦਾ ਰਿਹਾ ਜਿਵੇਂ ਕੋਈ ਭਾਰੇ ਹਥੌੜੇ ਨਾਲ ਉਸ ਦੇ ਸਿਰ ਵਿਚ ਮੇਖਾਂ ਠੋਕ ਰਿਹਾ ਹੋਵੇ। ਉਹ ਹੋਰ ਨਹੀਂ ਸਹਾਰ ਸਕਦਾ ਸੀ। ਉਸ ਨੇ ਉਥੋਂ ਗੱਡੀ ਭਜਾ ਲਈ। ਅੱਗੇ ਇਕ ਚੌਂਕ ਵਿਚ ਕਈ ਪੰਜਾਬੀ ਮੁੰਡੇ ਇਕ ਕਾਰ ਦੇ ਦੁਆਲੇ ਖੜ੍ਹੇ ਸਨ। ਹੱਥਾਂ ਵਿਚ ਉਨ੍ਹਾਂ ਦੇ ਰੋਟੀ ਵਾਲੇ ਡੱਬੇ ਸਨ। ਆਵਾਜ਼ਾਂ ਆ ਰਹੀਆਂ ਸਨ, "ਟੈਨ ਪਾਊਂਡਜ਼... ਓਕੇ ਓਕੇ...ਓਨਲੀ ਫਾਈਵ ਪਾਊਂਡਜ਼..." (ਦਸ ਪਾਊਂਡ... ਚੰਗਾ ਚੰਗਾ ਪੰਜ ਹੀ ਸਹੀ) ਲੱਗਦਾ ਸੀ ਜਿਵੇਂ ਕਾਰ ਵਾਲੇ ਨੂੰ ਮਜ਼ਦੂਰ ਦੀ ਤਲਾਸ਼ ਸੀ ਤੇ ਇਹ ਸਾਰੇ ਉਸ ਨਾਲ ਜਾਣਾ ਚਾਹੁੰਦੇ ਸਨ ਤੇ ਆਪਣੀ ਬੋਲੀ ਲਾ ਰਹੇ ਸਨ। ਇਨ੍ਹਾਂ ਨੂੰ ਵੇਖ ਕੇ ਮੀਤ ਨੂੰ ਕਿਤੋਂ ਪੜ੍ਹੀ ਇਕ ਗੱਲ ਚੇਤੇ ਆ ਰਹੀ ਸੀ,

"ਇਹ ਮਹਾਰਾਜਾ ਦਲੀਪ ਸਿੰਘ ਦੀ ਕਲਗੀ ਦੇ ਮੋਤੀ ਨੇ... ਇਨ੍ਹਾਂ ਦਾ ਆਪਣਾ ਕੋਈ ਦੇਸ਼ ਨਹੀਂ... ਇਨ੍ਹਾਂ ਦਾ ਆਪਣਾ ਕੋਈ ਘਰ ਨਹੀਂ। ਇਸੇ ਲਈ ਇਹ ਬਿਗਾਨੇ ਦਰਾਂ 'ਤੇ ਠੋਕਰਾਂ, ਧੱਕੇ ਖਾਂਦੇ ਫਿਰਦੇ ਨੇ ਤਾਂ ਕਿ ਆਪਣਾ ਤੇ ਆਪਣੇ ਪਰਿਵਾਰ ਦਾ ਢਿੱਡ ਭਰ ਸਕਣ।"

ਮੀਤ ਨੇ ਫਿਰ ਗੱਡੀ ਭਜਾ ਲਈ ਤੇ ਐਤਕੀਂ ਇਹ ਹੀਥਰੋ ਹਵਾਈ ਅੱਡੇ 'ਤੇ ਆ ਕੇ ਰੁਕੀ।

ਕਈ ਪੰਜਾਬੀ ਮੁੰਡੇ-ਕੁੜੀਆਂ ਬੈਗ ਘੜੀਸੀ ਹਵਾਈ ਅੱਡੇ ਤੋਂ ਬਾਹਰ ਆ ਰਹੇ ਸਨ। ਉਨ੍ਹਾਂ ਨੂੰ ਵੇਖ ਕੇ ਮੀਤ ਬਾਵਰਿਆਂ ਵਾਂਗ ਉੱਚੀ-ਉੱਚੀ ਬੋਲਣ ਲੱਗ ਪਿਆ, "ਮੁੜ ਜਾਓ ਨੀ ਮੇਰੀਓ ਭੈਣੋਂ ਆਪਣੇ ਦਰਾਂ ਨੂੰ, ਮੁੜ ਜਾਓ ਜੇ ਇੱਜ਼ਤਾਂ ਪਿਆਰੀਆਂ ਨੇ ਤਾਂ... ਮੁੜ ਜਾਓ ਥੋਨੂੰ ਅਣਖੀਂ ਪੰਜਾਬ ਦਾ ਵਾਸਤਾ।" ਮੀਤ ਨੂੰ ਅਣਸੁਣਿਆਂ ਕਰਕੇ ਇਹ ਸਾਰੇ ਅੱਗੇ ਲੰਘ ਗਏ। ਕੁਝ ਕੁ ਅੱਗੇ ਜਾ ਕੇ ਇਕ ਦੂਜੇ ਨੂੰ ਕਹਿਣ ਲੱਗੇ, "ਐਵੇਂ ਭੌਂਕੀ ਜਾਂਦੈ ਕਮਲਿਆਂ ਵਾਂਗੂ। ਸਾਨੂੰ ਕਾਲਜਾਂ ਵਾਲੇ ਉਡੀਕਦੇ ਹੋਣਗੇ। ਸਾਡੇ ਹੋਸਟਲਾਂ ਵਾਲੇ ਸਾਨੂੰ ਲੱਭਦੇ ਫਿਰਦੇ ਹੋਣਗੇ।"

ਕੁੜੀਆਂ ਇਕ ਦੂਜੀ ਨਾਲ ਗੱਲਾਂ ਕਰ ਰਹੀਆਂ ਸਨ, "ਗੁਰਜੀਤ, ਤੇਰੇ ਰਿਸ਼ਤੇਦਾਰਾਂ ਨੇ ਤੈਨੂੰ ਚੰਗੀ ਨੌਕਰੀ ਦਿਵਾ ਦੇਣੀ ਐਂ, ਵੇਖੀਂ ਕਿਤੇ ਸਾਨੂੰ ਭੁੱਲ ਨਾ ਜਾਈਂ।"

"ਲੈ ਨੌਕਰੀਆਂ ਬਥੇਰੀਐਂ ਏਥੇ, ਸਭ ਨੂੰ ਮਿਲ ਜਾਣਗੀਆਂ ਚੰਗੀਆਂ ਨੌਕਰੀਆਂ। ਮੇਰੇ 'ਆਂਟੀ' ਕਹਿੰਦੇ ਸੀ ਕਿ 'ਕੰਮ' ਬਹੁਤ ਐ ਏਥੇ। ਉਹ ਮੈਨੂੰ ਲੈਣ ਆਉਣ ਵਾਲੇ ਸਨ ਪਰ ਦਿਸਦੇ ਨਹੀਂ ਕਿਤੇ।"

ਸ਼ਾਇਦ ਇਨ੍ਹਾਂ ਕੁੜੀਆਂ ਨੂੰ ਪਤਾ ਨਹੀਂ ਸੀ ਲੰਡਨ ਦੀਆਂ ਉਹੀ ਬਦਨਾਮ ਗਲ਼ੀਆਂ ਹੁਣ ਇਨ੍ਹਾਂ ਨੂੰ ਉਡੀਕ ਰਹੀਆਂ ਸਨ।

ਮੀਤ ਅਜੇ ਵੀ ਓਵੇਂ ਬੋਲ ਰਿਹਾ ਸੀ, "ਹਾੜਾ ਵੇ ਮਾਪਿਓ! ਆਪਣੀਆਂ ਅਣਖਾਂ ਇੱਜ਼ਤਾਂ ਦਾ ਖਿਆਲ ਕਰੋ। ਏਨੇ ਬੇਗ਼ੈਰਤ ਨਾ ਬਣੋ। ਧੀਆਂ, ਘਰਾਂ ਦੀਆਂ ਇੱਜ਼ਤਾਂ ਇੰਜ ਇਕੱਲੀਆਂ ਵਿਦੇਸ਼ੀਂ ਰੁਲਣ ਨਾ ਭੇਜੋ... ਹਾੜਾ ਮਾਪਿਓ ਵਾਸਤਾ ਥੋਨੂੰ ਅਣਖੀ ਪੰਜਾਬ ਦਾ।"

ਰਾਜਵੰਤ ਨੂੰ ਕਮਰੇ ਵਿਚ ਬੈਠੀ ਨੂੰ ਮਾਂ ਦੀ ਯਾਦ ਆ ਰਹੀ ਸੀ। ਦਿੱਲੀ ਹਵਾਈ ਅੱਡੇ 'ਤੇ ਤੁਰਨ ਲੱਗੀ ਨੂੰ ਮਾਂ ਨੇ ਸਮਝਾਇਆ ਸੀ, "ਵੇਖੀ ਧੀਏ ਬਾਪ ਦੀ ਇੱਜ਼ਤ ਦਾ ਖਿਆਲ ਰੱਖੀਂ। ਜਵਾਨ ਧੀ ਖੁੱਲੀ ਤਿਜ਼ੋਰੀ ਵਾਂਗ ਹੁੰਦੀ ਐ ਪੁੱਤ... ਮੇਰਾ ਤਾਂ ਦਿਲ ਡੁੱਬਦੈ ਤੈਨੂੰ 'ਕੱਲੀ ਨੂੰ ਤੋਰ ਕੇ ਪਰ ਹੋਰ ਕੋਈ ਅੱਗਾ ਦਿਸਦਾ ਵੀ ਨਈਂ ਨਾ... ਵੇਖੀ ਮੇਰੀ ਰਾਣੀ ਧੀ ਕੋਈ ਹੀਮ-ਕੀਮ ਨਾ ਹੋ ਜਾਏ। ਇੱਜ਼ਤ ਤੋਂ ਵੱਡੀ ਕੋਈ ਚੀਜ਼ ਨੀ ਰਾਜੋ। ਜੇ ਕੋਈ ਐਸੀ ਬਿਪਤਾ ਪੈ ਗਈ ਤਾਂ ਧੀਏ ਖੂਹ 'ਚ ਛਾਲ ਮਾਰ ਦੇਈਂ ਪਰ..."

***ਫਰੀਦਕੋਟ, ਫੋਨ:98157-63313**

## ਕਾਵਿ-ਮੰਚ

### ਨਾਨਕਸ਼ਾਹੀ ਕੈਲੰਡਰ

ਗੁੰਜਾਇਸ ਸ਼ੱਕ ਦੀ ਰਹੀ ਨ ਦਿਸੇ ਕਿਧਰੇ
ਕਿਹੜਾ ਕਰ ਤੇ ਕਿਹੜਾ ਕਰਾ ਰਿਹਾ ਹੈ?
ਜਥੇਦਾਰਾਂ ਵਸ ਗੱਲ ਨਾ ਦਿਸੇ ਲੱਗਦੀ
ਘਰ ਬੈਠਾ ਕੋਈ ਮੋਹਰਾਂ ਲਗਾ ਰਿਹਾ ਹੈ।

ਬੇੜੀ ਵਿਚ ਮੰਝਧਾਰ ਸਿੱਖ ਕੌਮ ਦੀ ਅੱਜ
ਲੀਡਰ ਕੌਮ ਦਾ ਵੱਟੇ ਵਿਚ ਪਾਈ ਜਾਂਦਾ।
ਆਪ ਵਿਕਿਆ ਵਿਕੀ ਜ਼ਮੀਰ ਉਸ ਦੀ
ਸਿੱਖ ਕੌਮ ਵੀ ਦਾਅ 'ਤੇ ਲਾਈ ਜਾਂਦਾ।

ਇਕੋ ਇੱਛਿਆ ਪੁਤ ਨੂੰ ਮਿਲੇ ਗੱਦੀ
ਚੀਫ ਮਨਿਸਟਰ ਪੰਜਾਬ ਦਾ ਬਣ ਜਾਵੇ।
ਐਸ.ਜੀ.ਪੀ.ਸੀ. ਦੀ ਬਣੇ ਪ੍ਰਧਾਨ ਪਤਨੀ
ਨੂੰਹ ਦਿੱਲੀ ਦੇ ਵਿਚ ਬਸ ਚਲੀ ਜਾਵੇ।

ਕੈਲੰਡਰ ਨਾਨਕਸ਼ਾਹੀ ਇਸ ਰੋਲ ਦਿਤਾ
ਧੁੰਮਾਸ਼ਾਹੀ ਦੀ ਉਸ ਨੂੰ ਪੇਂਦ ਚਾੜ੍ਹੀ।
ਆਕਾ ਆਪਣੇ ਸਭ ਇਸ ਖੁਸ਼ ਕੀਤੇ
ਸਿੱਖ ਕੌਮ ਹੈ ਬਾਹਮਣਾਂ ਵਿਚ ਬਾੜੀ।

ਲੀਡਰ ਕੌਮ ਦੇ, ਕੌਮ ਹੈ ਵੇਚ ਦਿੱਤੀ
ਸਿੱਖੀ ਅਣਖ ਤੇ ਸ਼ਾਨ ਨੂੰ ਡੋਬ ਦਿਤਾ।
ਮੱਕੜ ਮੱਕੜੀ ਜਾਲ ਵਿਛਾਇਆ ਐਸਾ
ਨਾਨਕਸ਼ਾਹੀ ਦਾ ਪਾ ਹੈ ਭੋਗ ਦਿਤਾ।

ਸੱਚੇ ਸਿੱਖ ਦੀ 'ਬੇਦੀ' ਪਛਾਣ ਔਖੀ
ਸਿੱਖੀ ਭੇਸ ਵਿਚ ਭੁਖੇ ਬਗਿਆੜ ਬੈਠੇ।
ਸਿੰਘ ਸਾਹਿਬ ਗੋਬਿੰਦ ਦੇ ਸ਼ੇਰ ਸਾਡੇ
ਵਾਂਗ ਗਿੱਦੜਾਂ ਸੁੱਟ ਹਥਿਆਰ ਬੈਠੇ।

### ਬਾਦਲ ਬਨਾਮ ਸਿੱਖੀ

ਬਾਦਲ ਸਿੱਖੀ ਸ਼ਬਦ ਨ ਪੜ੍ਹਿਆ
ਨਾ ਉਸ ਪੜ੍ਹਨਾ ਚਾਹਿਆ।
ਸਿੱਖੀ ਉਸਨੇ ਦਿੱਲੋਂ ਵਿਸਾਰੀ
ਇਸ ਰਸਤੇ ਨ ਆਇਆ।
ਕਮੇਟੀ ਪ੍ਰਧਾਨ ਬਣਾਇਆ ਮੱਕੜ
ਚੋਗਾ ਉਸਨੂੰ ਪਾਇਆ
ਸਿੱਖਾਂ ਨੂੰ ਉਹ ਸਿੱਖ ਨ ਆਖੇ
ਝੂਠਾ ਸਿੱਖੀ ਭੇਸ ਵਟਾਇਆ
'ਬੇਦੀ' ਅਡਵਾਨੀ ਦੀ ਬੇੜੀ ਚੜ੍ਹ ਕੇ
ਸਿੱਖੀ ਨੂੰ ਦੋਨਾਂ ਮਾਰ ਮੁਕਾਇਆ।

***ਬਲਦੇਵ ਸਿੰਘ ਬੇਦੀ,***
***ਸੈਨ ਹੋਜ਼ੇ, ਕੈਲੇਫੋਰਨੀਆ***

### ਮਜਮਾ

ਆਉ ਮਿਲ ਕੇ ਮਜਮਾ ਲਾਈਏ।
ਬਿਨ ਡਾਲਰ ਤਮਾਸ਼ਾ ਦਿਖਾਈਏ।

ਸਾਨ੍ਹਾਂ ਵਾਂਗਰ ਲੜ ਲੜ ਮਰੀਏ,
ਮਹਾਂ ਕੁੰਭ ਵਿਚ ਹਿੱਸਾ ਪਾਈਏ।

ਲੋਕਿਕ ਕਾਜ ਨਾ ਹੋ ਜਾਣ ਪੂਰੇ,
ਵਿਘਨ ਪਾਈਏ, ਟੰਗ ਅੜਾਈਏ।

ਆਪਣੀ ਭਾਵੇਂ ਵਿਕ ਜਾਏ ਸਾਰੀ,
ਸ਼ਰੀਕਾਂ ਨੂੰ ਪਰ ਚਣੇ ਚਬਾਈਏ।

ਹੱਕ ਹਲਾਲ ਦੀ ਨਿਹਫਲ ਹੋਣੀ,
ਗਰੀਬਾਂ ਕੋਲੋਂ ਖੋਹ ਕੇ ਖਾਈਏ।

ਮਰਨ ਢੰਡੋਰ ਅਰਦਾਸਾਂ ਕਰੀਏ,
ਗਿਰਝਾਂ ਵਾਂਗ ਨਜ਼ਰ ਘੁਮਾਈਏ।

ਇਕ ਦੂਜੇ ਦਾ ਫੜ੍ਹ ਫੜ੍ਹ ਝਾਟਾ,
ਨਸਲ ਭੇਦ ਦਾ ਸ਼ੋਰ ਮਚਾਈਏ।

ਮੁਤੱਸਬੀ ਨਾਹਰੇ ਲਾ ਲਾ ਉਚੇ,
ਸਾਂਝੀਵਾਲ ਦੀਆਂ ਬਾਤਾਂ ਪਾਈਏ।

ਕਲਾ ਕਲੇਸ਼ ਨਾ ਹੋ ਜਾਏ ਠੰਢਾ,
ਤੱਕਲਾ ਸੇਹ ਦਾ ਸੱਥ ਗਡਾਈਏ।

ਮੱਥੇ ਤਿਲਕ, ਲੰਮੇ ਚੋਲੇ ਪਾ ਕੇ,
ਮੌਰਾਂ ਦੇ ਪਿੱਛੇ ਵਾਲ ਖਿੰਡਾਈਏ।

ਸ਼ਰਧਾਲੂ ਗੋਡੇ ਨਿਉਂ ਕੇ ਟੇਕਣ,
ਰਾਖ ਦੀ ਧੂੜੀ ਮਲ ਮਲ ਨ੍ਹਾਈਏ।

ਚੋਰ ਬਾਜ਼ਾਰੀ ਸੰਚਾਲਨ ਕਰੀਏ,
ਹਰ ਦਿਨ ਨਵਾਂ ਸਵਾਂਗ ਰਚਾਈਏ।

***ਚਰਨਜੀਤ ਸਿੰਘ ਪੰਨੂ, ਸੈਨ ਹੋਜ਼ੇ***

### ਅਹਿਸਾਸ

ਰੂਹ ਦੇ ਦੁਆਰ ਜਗ ਰਹੀ, ਇਮਾਨ ਦੀ ਚਿਤਾ।
ਬਣ ਕੇ ਵਫ਼ਾਈ ਦਗ ਰਹੀ, ਇਮਾਨ ਦੀ ਚਿਤਾ।

ਦਿਲ ਦੇ ਕਿਨਾਰੇ ਯਾਦ ਦੇ, ਕੋਈ ਦਾਗ਼ ਲਾ ਗਿਆ।
ਸਧਰਾਂ ਦੀ ਕੱਚੀ ਕਾੜ੍ਹਨੀ ਨੂੰ, ਜਾਗ ਲਾ ਗਿਆ।
ਆਪਣੇ ਹੀ ਸੁਪਨੇ ਉਡ'ਗੇ, ਅੱਕਾਂ ਦੀ ਫੰਬੀ ਵਾਂਗ,
ਜਗਦੀ ਜਗਾਈ ਹੈ ਕਿਸੇ, ਸ਼ੈਤਾਨ ਦੀ ਚਿਤਾ।

ਨੈਣਾਂ ਦੀ ਹਲਟੀ ਗੇੜ ਕੇ, ਪਲਕਾਂ ਨੂੰ ਭਰ ਲਿਆ।
ਪਲਕਾਂ ਦੇ ਬੂਹੇ ਭੇੜ ਕੇ, ਕੋਈ ਯਾਦ ਕਰ ਲਿਆ।
ਤੱਕਦੇ ਹੀ ਤੱਕਦੇ ਸੜ ਗਿਆ, ਸਧਰਾਂ ਦਾ ਉਹ ਪੰਡਾਲ,
ਬਸਤੀ ਨੂੰ ਲਾਂਬੂ ਲਾ ਗਈ, ਵੀਰਾਨ ਦੀ ਚਿਤਾ।

ਖੁਸ਼ੀਆਂ ਨੂੰ ਟਿੱਕਾ ਲਾ ਗਈ, ਗ਼ਮ ਦੀ ਉਦਾਸ ਰਾਤ।
ਆਪੇ ਹੀ ਦਰ 'ਤੇ ਆ ਗਈ, ਬਣ ਕੇ ਪਿਆਸ ਰਾਤ।
'ਸਾਰੋਂ' ਨੂੰ ਕੋਈ ਦੇ ਗਿਆ, ਅਹਿਸਾਸ ਹੀ ਅਹਿਸਾਸ,
ਅਹਿਸਾਸ ਹੀ ਜੋ ਬਣ ਗਏ, ਜੀ ਜਾਨ ਦੀ ਚਿਤਾ।

***ਭਾਗ ਸਿੱਧੂ 'ਸਾਰੋਂ'***

# ਗਲਤ ਰਾਮ ਤੋਂ ਬਣਿਆ ਰਾਮ ਸਿੰਘ

**ਫਕੀਰ ਚੰਦ ਰਾਮਪਾਲ**

ਸ਼ਾਂਤੀ ਨਿਕੇਤਨ ਵਰਗਾ ਉਹ ਅਸਥਾਨ ਜਿਥੇ ਅੱਜ ਤੋਂ 50 ਸਾਲ ਪਹਿਲਾਂ ਮੋਰ ਪੈਲਾਂ ਪਾਉਂਦੇ, ਹਰ ਪ੍ਰਕਾਰ ਦੇ ਪੰਛੀ ਚਹਿਚਹਾਉਂਦੇ, ਮੋਰ ਸੱਪਾਂ ਨੂੰ ਫੜ ਕੇ ਖਾ ਜਾਂਦੇ ਅਤੇ ਸੱਪ ਚੂਹੇ ਤੇ ਡੱਡੂਆਂ ਦੇ ਮਗਰ ਭਜਦੇ ਸਨ, ਰੁੱਖਾਂ ਝਾੜੀਆਂ ਦਾ ਨਿੱਕਾ ਜਿਹਾ ਜੰਗਲ ਜਿਸ ਦੇ ਪੂਰਬ ਵਿਚ ਇਕ ਟਿੰਡਾਂ ਵਾਲਾ ਖੂਹ ਤੇ ਇਸ ਦੇ ਨੇੜੇ ਇਕ ਸਮਾਧ ਸੀ, ਜਿਸ ਤੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਮੱਥਾ ਟੇਕਣ ਆਉਂਦੇ ਸਨ। ਇਸ ਦੇ ਨੇੜੇ ਹੀ ਇਕ ਪਰਿਵਾਰ ਕੱਚੇ ਕੋਠਿਆਂ ਵਿਚ ਰਹਿੰਦਾ ਸੀ। ਇਸ ਪਰਿਵਾਰ ਦਾ ਮੁੱਖ ਕਿੱਤਾ ਵਾਹੀ-ਖੇਤੀ ਕਰਨਾ ਤੇ ਮੱਝਾਂ-ਗਾਵਾਂ ਦੀ ਸੇਵਾ ਕਰਨਾ ਸੀ। ਪਰਿਵਾਰ ਦੇ ਮੁਖੀ ਬਾਬਾ ਮੱਲ ਸਿੰਘ ਰੱਬ ਤੋਂ ਡਰਨ ਵਾਲੇ ਨੇਕ ਇਨਸਾਨ ਗੁਰੂ ਨਾਨਕ ਦੇਵ ਜੀ ਦੀਆਂ ਲੀਹਾਂ 'ਤੇ ਚਲਦੇ ਹੋਏ ਸਾਰੇ ਪਰਿਵਾਰ ਦੀ ਦੇਖ-ਭਾਲ ਕਰਦੇ ਤੇ ਆਉਂਦੇ-ਜਾਂਦੇ ਰਾਹੀ ਦੀ ਲੱਸੀ ਪਾਣੀ ਨਾਲ ਸੇਵਾ ਕਰਦੇ ਸਨ।

ਇਕ ਸ਼ਾਮ ਕੀ ਹੋਇਆ ਕਿ ਇਸ ਅਸਥਾਨ 'ਤੇ ਕੋਈ ਬੱਚਾ ਛੱਡ ਗਿਆ ਜਿਸ ਦੀ ਉਮਰ ਉਸ ਵੇਲੇ ਕੋਈ ਦੋ ਜਾਂ ਤਿੰਨ ਸਾਲ ਹੋਵੇਗੀ। ਇਸ ਬੱਚੇ ਦੇ ਰੋਣ ਦੀ ਆਵਾਜ਼ ਸੁਣ ਕੇ ਪਰਿਵਾਰ ਦੀ ਜੀਅ ਦੌੜਦੇ ਆਏ ਤੇ ਇਸ ਬੱਚੇ ਨੂੰ ਚੁੱਕ ਲਿਆ ਤੇ ਇਸ ਤਰ੍ਹਾਂ ਆਪਣੀਆਂ ਹਿੱਕਾਂ ਨਾਲ ਲਾਉਣ ਲਗੇ ਜਿਵੇਂ ਕੋਈ ਰੱਬੀ ਸੁਗਾਤ ਹੋਵੇ। ਕੁਝ ਖਾਣ-ਪੀਣ ਨੂੰ ਦਿਤਾ ਗਿਆ। ਪੁਛ-ਗਿਛ ਕੀਤੀ ਗਈ ਪਰ ਸਵਾਏ ਅੱਲ ਵਲੱਲੀ ਮਾਰਨ ਤੋਂ ਉਹ ਕੁਝ ਨਹੀਂ ਸੀ ਦੱਸ ਸਕਿਆ ਕਿ ਉਹ ਕੌਣ ਹੈ? ਕਿਥੋਂ ਆਇਆ ਹੈ? ਖੈਰ, ਬੱਚਾ ਪਰਿਵਾਰ ਨਾਲ ਹੀ ਰਹਿਣ ਲੱਗਾ। ਜਿਉਂ ਜਿਉਂ ਉਸਦੀ ਉਮਰ ਵੱਧਦੀ ਗਈ ਉਹ ਹੋਰ ਵੀ ਭੋਲਾ ਲਗਣ ਲੱਗਾ। ਉਹ ਬਹੁਤ ਸਿੱਧਾ ਸੀ। ਪਰਿਵਾਰ ਤੋਂ ਬਿਲਕੁਲ ਵਖਰਾ। ਕਈ ਵਾਰ ਤਾਂ ਉਹ ਇਸ ਤਰ੍ਹਾਂ ਲਗਦਾ ਜਿਵੇਂ ਕਮਲਾ ਰਮਲਾ ਹੋਵੇ। ਨਾ ਨਹਾਵੇ, ਨਾ ਧੋਵੇ, ਗੰਦਾ ਰਹਿਣ ਲੱਗ ਪਿਆ। ਦਿਨ ਬੀਤਦੇ ਗਏ। ਉਸ ਦੀਆਂ ਆਦਤਾਂ ਵਲ ਵੇਖ ਲੋਕਾਂ ਉਸ ਦਾ ਨਾਮ ਗਲਤ ਰਾਮ ਰੱਖ ਦਿਤਾ।

16 ਸਾਲਾਂ ਦਾ ਗਲਤ ਰਾਮ ਮਾਂ ਮਹਿੱਟਰ ਸੀ। ਉਹ ਆਵਾਰਾ ਹੋ ਚੁਕਿਆ ਸੀ, ਗੰਦਾ ਰਹਿਣ ਲੱਗਾ ਅਤੇ ਉਸਦੇ ਸਾਰੇ ਸਰੀਰ ਨੂੰ ਜੂਆਂ ਨੇ ਮੱਲ ਲਿਆ। ਸਿਰ ਦੇ ਵਾਲ ਵੀ ਜਟਾਵਾਂ ਦਾ ਰੂਪ ਧਾਰਨ ਕਰ ਚੁਕੇ ਸਨ। ਉਹ ਖੁਰਕਦਾ ਫਿਰਦਾ ਤੇ ਉਸਦੇ ਸਰੀਰ ਵਿਚੋਂ ਬੋ ਆਉਣ ਲੱਗੀ।

ਇਸ ਚਿੰਤਾਜਨਕ ਹਾਲਤ ਨੂੰ ਵੇਖ ਬਾਬਾ ਮੱਲ ਸਿੰਘ ਬਹੁਤ ਪ੍ਰੇਸ਼ਾਨ ਹੋਏ, ਸੋਚੀਂ ਪੈ ਗਏ ਤੇ ਸੋਚਦੇ ਸੋਚਦੇ ਉਨ੍ਹਾਂ ਪਿੰਡ 'ਲਖਣੇ' ਦੇ ਸਾਰੇ ਖੀਸੇ ਕੱਟਾਂ (ਜਿਨ੍ਹਾਂ ਦੀ ਗਿਣਤੀ 9 ਸੀ) ਨੂੰ ਸੱਦਿਆ। ਬਾਬਾ ਜੀ ਕਹਿਣ ਲੱਗੇ ਕਿ ਖੀਸੇ ਕੱਟੋ ਕੋਈ ਚੰਗਾ ਕੰਮ ਵੀ ਕਰੋਂਗੇ ਜਾਂ ਸਾਰੀ ਉਮਰ ਲੋਕਾਂ ਦੇ ਖੀਸੇ ਕੱਟ ਕੇ ਬਦ ਅਸੀਸਾਂ ਹੀ ਲਈ ਜਾਉਂਗੇ। ਖੀਸੇ ਕੱਟਾਂ ਵਿਚੋਂ ਇਕ ਬੋਲਿਆ, "ਬਾਬਾ ਜੀ ਤੁਸੀਂ ਕੋਈ ਭਲੇ ਦਾ ਕੰਮ ਦਸੋ ਤਾਂ ਜ਼ਰੂਰ ਕਰਾਂਗੇ।" ਬਾਬਾ ਜੀ ਨੇ ਫਰਮਾਨ ਜਾਰੀ ਕੀਤਾ, "ਗਲਤ ਰਾਮ ਦੀ ਹਾਲਤ ਵੇਖੋ, ਉਸਦੀ ਕਾਇਆ ਪਲਟਣੀ ਹੈ। ਸੋਚਣਾ ਤੁਹਾਡਾ ਕੰਮ ਹੈ ਕਿ ਕੀ ਕਰਨਾ ਹੈ।" ਖੀਸੇ ਕੱਟਾਂ ਵਚਨ ਦਿਤਾ ਕਿ ਬਾਬਾ ਜੀ "ਅਸੀਂ ਜਾਣੀਏ, ਸਾਡਾ ਕੰਮ ਜਾਣੇ। ਵੇਖਿਉ ਗਲਤ ਰਾਮ ਨੂੰ ਕਿਵੇਂ 'ਬਾਵਾ' ਬਣਾਉਂਦੇ ਹਾਂ।"

ਅਜਿਹਾ ਕਹਿ ਕੇ ਖੀਸੇ ਕੱਟ ਗਲਤ ਰਾਮ ਨੂੰ ਆਪਣੇ ਨਾਲ ਪਿੰਡ 'ਲਖਣੇ' ਲੈ ਗਏ। ਉਹ ਖੁਰਕਦਾ ਰਹਿੰਦਾ, ਸਰੀਰ 'ਤੇ ਥਾਂ ਥਾਂ ਜਖਮ ਸਨ। ਪਿੰਡ ਬੋਹੜ ਹੇਠਾਂ ਵੇਖਣ ਵਾਲਿਆਂ ਦਾ ਇਕੱਠ ਹੋ ਗਿਆ ਅਤੇ ਲੋਕ ਸੋਚਣ ਲੱਗੇ ਕਿ ਗਲਤ ਰਾਮ ਦਾ ਕੀ ਹੋਏਗਾ? ਹਕੀਮ ਕਦਾਰ ਨਾਥ ਦੀ ਸਲਾਹ ਅਨੁਸਾਰ ਪਿੰਡ ਦੇ ਤਾਰੇ ਨਾਈ ਨੂੰ ਸਦਿਆ ਗਿਆ।

ਹਕੀਮ ਜੀ ਨੇ ਗਲਤ ਰਾਮ ਦਾ ਚੋਲਾ ਉਤਾਰ ਕੇ ਉਸਨੂੰ ਸਾੜ ਦਿਤਾ ਜਦਕਿ ਤਾਰੇ ਨਾਈ ਨੇ ਆਪਣੀ ਵਾਲਾਂ ਕਟਣ ਵਾਲੀ ਮਸ਼ੀਨ ਨਾਲ ਗਲਤ ਰਾਮ ਨੂੰ ਮੁੰਨਣਾ ਸ਼ੁਰੂ ਕੀਤਾ। ਗਲਤ ਰਾਮ ਨੂੰ ਨਵਾਂ ਚੋਲਾ ਵੀ ਚਾਹੀਦਾ ਸੀ ਸੋ ਪਿੰਡ ਦੀ ਇਕ ਵਿਧਵਾ ਕੁੜੀ 'ਵੀਰੋ' ਨੂੰ ਚੋਲਾ ਤਿਆਰ ਕਰਨ ਲਈ ਕਹਿ ਦਿਤਾ ਗਿਆ।

ਹੁਣ ਹਕੀਮ ਜੀ ਗਲਤ ਰਾਮ ਦੇ ਸਰੀਰ 'ਤੇ ਥਾਂ-ਥਾਂ ਪਏ ਜ਼ਖਮਾਂ ਨੂੰ ਵੇਖ ਸੋਚਣ ਲੱਗੇ ਕਿ ਕੀ ਕੀਤਾ ਜਾਵੇ ਕਿਉਂਕਿ ਜਦ ਕੋਈ ਵੀ ਕੀਟਨਾਸ਼ਕ ਮਲਿਆ ਗਿਆ ਤਾਂ ਗਲਤ ਰਾਮ ਤੜਫੇਗਾ। ਮੁਕਦੀ ਗੱਲ, ਹਕੀਮ ਨੇ ਪਿੰਡ ਵਿਚੋਂ ਲੱਸੀ ਮੰਗਵਾਈ ਤੇ ਇਸ ਵਿਚ ਥੋੜਾ ਜਿਹਾ ਨੀਲਾ ਥੋਥਾ ਪਾ ਕੇ ਇਕ ਮਿਸ਼ਰਣ ਤਿਆਰ ਕੀਤਾ। ਇਸ ਤੋਂ ਪਹਿਲਾਂ ਕਿ ਇਹ ਲੱਸੀ ਵਾਲਾ ਮਿਸ਼ਰਣ ਉਸਦੇ ਸਰੀਰ ਤੇ ਮਲਿਆ ਜਾਵੇ ਹਕੀਮ ਨੇ ਗਲਤ ਰਾਮ ਦੀਆਂ ਅੱਖਾਂ ਦਾ ਵਿਸ਼ੇਸ਼ ਧਿਆਨ ਰੱਖਦੇ ਹੋਏ, ਅੱਖਾਂ ਵਿਚ ਇਕ ਕਰੀਮ ਦੀ ਵਰਤੋਂ ਕੀਤੀ ਤੇ ਖੀਸੇ ਕੱਟਾਂ ਨੂੰ ਅੱਖਾਂ ਦਾ ਧਿਆਨ ਰੱਖਣ ਲਈ ਖਬਰਦਾਰ ਕੀਤਾ ਗਿਆ।

"ਖੀਸੇ ਕੱਟਾਂ ਆਪਣਾ ਕੰਮ ਸ਼ੁਰੂ ਕੀਤਾ। ਗਲਤ ਰਾਮ ਦੇ ਸਾਰੇ ਸਰੀਰ ਤੇ ਉਸ ਨੀਲੇ ਥੋਥੇ ਵਾਲੀ ਲੱਸੀ ਦੇ ਮਿਸ਼ਰਣ ਦੀ ਮਾਲਸ਼ ਕੀਤੀ ਗਈ। ਖੀਸੇ ਕੱਟ ਹਕੀਮ ਦੀ ਦੇਖਭਾਲ ਵਿਚ ਆਪਣਾ ਕੰਮ ਕਰੀ ਗਏ। ਗਲਤ ਰਾਮ ਦੀ ਇਸ ਵੇਲੇ ਦੀ ਹਾਲਤ ਬਹੁਤ ਤਰਸਯੋਗ ਸੀ। ਉਹ ਤੜਫਣ ਲਗ ਪਿਆ। ਚੀਕਾਂ ਮਾਰਦਾ ਸੀ ਅਤੇ ਹਕੀਮ ਇਹੀ ਵਾਰ ਵਾਰ ਆਖੀ ਜਾ ਰਿਹਾ ਸੀ, "ਕੁਝ ਨਹੀਂ ਹੁੰਦਾ ਗਲਤ ਰਾਮ ਨੂੰ"।

ਹੁਣ ਹੁਕਮ ਦੇ ਹੁਕਮ ਅਨੁਸਾਰ ਖੀਸੇ ਕੱਟਾਂ ਨੇ ਗਲਤ ਰਾਮ ਨੂੰ ਇਕ ਰੇੜੀ ਵਿਚ ਬਿਠਾਇਆ ਤੇ ਨੇੜੇ ਦੇ ਖੂਹ ਦੇ ਚੁਬੱਚੇ ਵਿਚ ਬਿਠਾ ਕੇ, ਖੁਲੇ ਪਾਣੀ ਵਿਚ ਖੂਬ ਸਾਬਣ ਮਲ ਮਲ ਕੇ ਨੁਹਾਇਆ। ਹਕੀਮ ਨੇ ਆਪ ਸਾਫ਼ ਤੋਲੀਏ ਨਾਲ ਹੌਲੀ ਹੌਲੀ ਬੜੀ ਸਾਵਧਾਨੀ ਨਾਲ ਗਲਤ ਰਾਮ ਦੇ ਸਰੀਰ ਨੂੰ ਸਾਫ ਕੀਤਾ ਤੇ ਸਾਰੇ ਸਰੀਰ 'ਤੇ ਇਕ ਖਾਸ ਕਿਸਮ ਦੀ ਕਰੀਮ ਦੀ ਮਾਲਸ਼ ਕੀਤੀ ਅਤੇ ਆਪਣੇ ਹੱਥੀਂ ਉਸ ਦਾ ਚੋਲਾ ਪੁਆਇਆ। ਹੁਣ ਗਲਤ ਰਾਮ ਨੂੰ ਰੇੜ੍ਹੀ ਦੀ ਲੋੜ ਨਹੀਂ ਸੀ। ਉਸਨੂੰ ਹਕੀਮ ਨੇ ਤੋਰ ਕੇ ਉਸੇ ਅਸਥਾਨ 'ਤੇ ਬੋਹੜ ਥੱਲੇ ਵਾਪਸ ਲੈ ਆਂਦਾ। ਗਲਤ ਰਾਮ ਨੂੰ ਬਹੁਤ ਭੁੱਖ ਲੱਗੀ ਸੀ। ਉਸਨੂੰ 7-8 ਪਰੌਂਠੇ, ਅੰਬ ਦਾ ਅਚਾਰ ਅਤੇ ਗੁੜ ਖਾਣ ਨੂੰ ਦਿੱਤਾ ਗਿਆ ਤੇ ਖੱਟੀ ਲੱਸੀ ਪੀਣ ਨੂੰ ਦਿਤੀ ਗਈ। ਅਜੇ ਉਸ ਨੇ ਖਾਣਾ ਖਾਧਾ ਹੀ ਸੀ ਕਿ ਗਲਤ ਰਾਮ ਦੇ ਮੂੰਹੋਂ ਆਪ-ਮੁਹਾਰੇ ਇਹ ਸ਼ਬਦ ਨਿਕਲੇ, "ਖੀਸੇ ਕੱਟੋ ਤੁਹਾਡਾ ਭਲਾ ਹੋਵੇ"। ਇੰਨੀ ਗੱਲ ਕਹਿ ਕੇ ਉਹ ਉਸੇ ਚਾਰਪਾਈ 'ਤੇ ਹੀ ਲੇਟ ਗਿਆ ਜਿਥੇ ਬੈਠਾ ਖਾਣਾ ਖਾ ਰਿਹਾ ਸੀ ਤੇ ਘਰਾੜੇ ਮਾਰਨ ਲੱਗ ਪਿਆ।

ਇਕੱਠੀ ਹੋਈ ਭੀੜ ਆਪਣੇ ਆਪਣੇ ਘਰਾਂ ਨੂੰ ਚਲੀ ਗਈ ਅਤੇ ਹਕੀਮ ਤੇ ਸਾਰੇ ਖੀਸੇ ਕੱਟ ਇਸ਼ਨਾਨ ਕਰਨ ਉਸੇ ਖੂਹ 'ਤੇ ਚਲੇ ਗਏ। ਪਤਾ ਨਹੀਂ ਖੀਸੇ ਕੱਟਾਂ ਦੇ ਮਨਾਂ ਵਿਚ ਇਹ ਵਿਚਾਰ ਕਿਵੇਂ ਆਇਆ ਕਿ ਉਹ ਇਸ਼ਨਾਨ ਕਰਨ ਉਪਰੰਤ ਪਿੰਡ ਵਿਚ ਗੁਰਦਵਾਰੇ ਦੇ ਪਾਠੀ ਪਾਸ ਪਹੁੰਚ ਗਏ ਅਤੇ ਕਹਿਣ ਲੱਗੇ, "ਬਾਬਾ ਜੀ! ਸਾਡੀ ਅਰਦਾਸ ਕਰੋ ਕਿ ਅਸੀਂ ਅੱਜ ਤੋਂ ਲੋਕਾਂ ਦੇ ਖੀਸੇ ਨਹੀਂ ਕੱਟਣੇ। ਪਾਠੀ ਬੜਾ ਹੈਰਾਨ ਹੋਇਆ ਤੇ ਹੁੰਦਾ ਵੀ ਕਿਉਂ ਨਾ ਖੀਸੇ ਕੱਟਾਂ ਦੀ ਗਿਣਤੀ 9 ਸੀ ਤੇ ਇਨ੍ਹਾਂ ਸਾਰਿਆਂ ਉਪਰ ਨੌਵੇਂ ਪਾਤਸ਼ਾਹ ਦੀਆਂ ਮਿਹਰਾਂ ਹੋ ਚੁੱਕੀਆਂ ਸਨ। ਇਨ੍ਹਾਂ ਸਾਰਿਆਂ ਦੇ ਮਨ ਬਦਲ ਗਏ ਹਨ। ਪਾਠੀ ਨੇ ਬੜੇ ਚਾਅ ਨਾਲ ਅਰਦਾਸ ਕੀਤੀ ਤੇ ਖੀਸੇ ਕੱਟ ਆਪਣੇ ਘਰਾਂ ਨੂੰ ਚਲੇ ਗਏ ਤੇ ਫਿਰ ਵਾਪਸ ਆ ਕੇ ਗਲਤ ਰਾਮ ਪਾਸ ਹੀ ਰਾਤ ਕੱਟੀ। ਅਗਲੇ ਦਿਨ ਗਲਤ ਰਾਮ ਉਠਿਆ ਤੇ ਖੀਸੇ ਕੱਟ ਉਸਨੂੰ ਨਾਲ ਲੈ ਕੇ 'ਝਾੜ ਸਾਹਿਬ' ਬਾਬਾ ਮੱਲ ਸਿੰਘ ਪਾਸ ਲੈ ਗਏ ਜਦ ਬਾਬਾ ਜੀ ਨੇ ਇਹ ਕੌਤਕ ਵੇਖਿਆ ਤਾਂ ਉਨ੍ਹਾਂ ਦੇ ਤਨੋ ਮਨੋ ਆਪ-ਮੁਹਾਰੇ ਅਸ਼ੀਰਵਾਦਾਂ ਦੀ ਝੜੀ ਲੱਗ ਗਈ ਅਤੇ ਉਨ੍ਹਾਂ ਗਲਤ ਰਾਮ ਦਾ ਨਾਂ ਰਾਮ ਸਿੰਘ ਰੱਖ ਦਿਤਾ।

ਗਲਤ ਰਾਮ ਤੋਂ ਰਾਮ ਸਿੰਘ ਬਣਿਆ ਡੇਰੇ ਵਿਚ ਨਹੀਂ ਰਹਿਣਾ ਚਾਹੁੰਦਾ ਸੀ। ਉਸ ਦੀਆਂ ਅੱਖਾਂ ਖੁੱਲ੍ਹ ਚੁਕੀਆਂ ਸਨ। ਉਹ ਵਾਪਸ ਹਕੀਮ ਕਦਾਰ ਨਾਥ ਪਾਸ ਪਹੁੰਚ ਗਿਆ ਤੇ ਉਸ ਦੀਆਂ ਮੱਝਾਂ ਨੂੰ ਪੱਠੇ ਪਾਉਣ ਲੱਗ ਪਿਆ। ਦੁਆਈਆਂ ਦੀਆਂ ਪੁੜੀਆਂ ਬੰਨਣ ਲੱਗਾ। ਹੁਣ ਰਾਮ ਸਿੰਘ ਲਈ ਹਕੀਮ ਹੀ ਸਭ ਕੁਝ ਬਣ ਚੁਕਿਆ ਸੀ। ਹਕੀਮ ਹੀ ਉਸਦਾ ਰੱਬ ਸੀ।

ਕੁਦਰਤ ਬਹੁਤ ਬਲਵਾਨ ਹੁੰਦੀ ਹੈ ਇਸਦੀ ਚਾਲ ਨੂੰ ਕੋਈ ਨਹੀਂ ਸਮਝ ਸਕਦਾ। ਹਕੀਮ ਨੇ ਪਿੰਡ ਦੇ ਪਤਵੰਤੇ ਪੁਰਸ਼ਾਂ ਨਾਲ ਸਲਾਹ ਕੀਤੀ ਅਤੇ ਪਿੰਡ ਦੀ ਉਹੀ ਵਿਧਵਾ ਕੁੜੀ 'ਵੀਰੋ' ਜਿਸਨੇ ਗਲਤ ਰਾਮ ਤੋਂ ਬਣੇ ਰਾਮ ਸਿੰਘ ਦਾ ਚੋਲਾ ਸੀਤਾ ਸੀ ਨਾਲ ਰਿਸ਼ਤਾ ਜੋੜ ਦਿਤਾ ਤੇ ਇਸ ਤਰ੍ਹਾਂ ਉਹ ਦੋਵੇਂ ਘਰ ਵਾਲੇ ਹੋ ਗਏ।

ਇਕ ਭਲਾ ਕਰਨ ਨਾਲ ਕਿੰਨੇ ਭਲੇ ਹੋਏ ਹਨ। ਦੂਜੇ ਦਾ ਭਲਾ ਸੋਚਣਾ ਜਾਂ ਭਲਾ ਕਰਨਾ ਸਭ ਤੋਂ ਉਤਮ ਹੈ। ਇਸ ਤੋਂ ਉਪਰ ਕੁਝ ਵੀ ਨਹੀਂ ਹੈ।

# ਲੰਗਰ, ਗੁਰੂ ਕਾ ਲੰਗਰ

## ਇੰਨੀ ਕੂ ਬਾਤ



ਬਲਜੀਤ ਬਾਸੀ
ਫੋਨ: 734-454-4958

ਆਮ ਆਦਮੀ ਇਹੀ ਸਮਝਦਾ ਹੈ ਕਿ ਇਸ ਸੰਸਾਰ ਵਿਚ ਜਿੰਨੀਆਂ ਚੀਜ਼ਾਂ ਵਸਤਾਂ ਹਨ, ਇਨ੍ਹਾਂ ਦੇ ਨਾਮ ਸ਼ਾਇਦ ਧੁਰੋਂ ਲਿਖੇ ਲਿਖਾਏ ਆਏ ਹੋਣੇ ਹਨ: ਇਹ ਕੌਲੀ, ਥਾਲ ਤੇ ਰੱਬ; ਇਹ ਐਸ਼, ਅਰਾਮ ਤੇ ਕੰਮ ਦਾ ਯਭ, ਸਭੇ ਸ਼ਬਦ ਅਨੰਤ ਕਾਲ ਤੋਂ ਘੜੇ-ਘੜਾਏ ਉਤਰੇ ਹੋਣੇ ਹਨ। ਪਰ "ਘੜੀਐ ਸਬਦੁ ਸੱਚੀ ਟਕਸਾਲ" ਵਾਲੀ ਗੱਲ ਬੋਲਚਾਲ ਵਾਲੇ ਸ਼ਬਦਾਂ ਬਾਰੇ ਨਹੀ, ਰੱਬੀ ਮਹਿਮਾ ਵੱਲ ਸੰਕੇਤ ਕਰਦੀ ਹੈ। ਸਭੇ ਸ਼ਬਦ ਮਨੁਖ ਨੇ ਸਮਾਜ ਵਿਚ ਰਹਿੰਦਿਆਂ ਬਣਾਏ ਹਨ, ਐਨ ਉਸੇ ਤਰ੍ਹਾਂ ਜਿਵੇਂ ਤੁਸੀਂ-ਅਸੀਂ ਆਪਣੇ ਬੱਚਿਆਂ ਦੇ ਨਾਂ ਧਰ ਦਿਤੇ: ਛਿੰਦਾ, ਕਾਟੀਆ ਬਾਟੀਆ ਤੇ ਮਾੜੂ ਰਾਮ; ਕਮਲਾ, ਬਿਮਲਾ ਤੇ ਐਸ਼ਵਰਿਆ। ਇਨ੍ਹਾਂ ਸ਼ਬਦਾਂ ਦਾ ਇਤਿਹਾਸ ਹੈ। ਇਹ ਜੰਮਦੇ, ਜਵਾਨ ਹੁੰਦੇ ਤੇ ਮਰਦੇ ਹਨ, ਆਪਣਾ ਰੂਪ ਵਟਾਉਂਦੇ ਹਨ ਤੇ ਅਸਲੋਂ ਬੇਪਛਾਣ ਹੋ ਜਾਂਦੇ ਹਨ। ਕਈ ਥਾਏਂ ਜੰਮ ਕੇ ਦਮ ਤੋੜ ਦਿੰਦੇ ਹਨ ਤੇ ਕਈ ਸ਼ਬਦ ਯਾਤਰਾ 'ਤੇ ਤੁਰੇ ਰਹਿੰਦੇ ਹਨ ਤੇ ਮੁੜ ਹੋਰ ਹੀ ਭੇਸ ਬਦਲ ਕੇ ਵਾਪਿਸ ਆ ਜਾਂਦੇ ਹਨ। ਇਨ੍ਹੀਂ ਦਿਨੀਂ ਅਮਰੀਕੀ ਬਾਕਸ ਆਫ਼ਸਾਂ ਨੂੰ ਫੂੰਡ ਰਹੀ ਹੈ ਇਕ ਅੰਗਰਜ਼ੀ ਫ਼ਿਲਮ 'ਐਵਾਟਾਰ'। ਇਹ ਐਵਾਟਾਰ ਭਾਰਤੀ ਸ਼ਬਦ 'ਅਵਤਾਰ' ਦਾ ਹੀ ਅੰਗਰੇਜ਼ੀ ਰੂਪਾਂਤਰਣ ਹੈ। ਚਹੁੰ ਕੂੰਟਾਂ ਵਿਚ ਅੱਜ-ਕਲ੍ਹ ਇਕ ਹੋਰ ਸ਼ਬਦ ਦੀ ਧਮਕ ਸੁਣਾਈ ਦਿੰਦੀ ਹੈ ਯਾਨਿ 'ਯੋਗਾ' ਜਿਸ ਨੂੰ ਹਰ ਕੋਈ ਭੇਡ-ਚਾਲ ਵਾਂਗ ਕਰਨ ਲੱਗਾ ਹੋਇਆ ਹੈ। ਇਹ ਉਹੀ ਸ਼ਬਦ 'ਜੋਗ' ਹੈ ਜਿਸ ਦੀ ਗੁਰੂ ਨਾਨਕ ਨੇ ਖੁਲ੍ਹ ਕੇ ਨਿੰਦਾ ਕੀਤੀ। ਮੇਰੇ ਬਚਪਨ ਸਮੇਂ ਕੋਈ ਜੋਗ ਨਹੀਂ ਸੀ ਕਰਦਾ। ਮੇਰੇ ਦੇਖਦਿਆਂ-ਦੇਖਦਿਆਂ ਬਿਜਲੀ, ਰੇਡੀਓ, ਟੀ.ਵੀ. ਤੇ ਕਾਰਾਂ ਆ ਗਈਆਂ, ਮੈਂ ਖੁਦ ਭਾਰਤ ਤੋਂ ਅਮਰੀਕਾ ਆ ਗਿਆ, ਪਰ ਇਹ ਸ਼ਬਦ ਪੱਛਮ ਦਾ ਗੇੜਾ ਕੱਢ ਕੇ ਤੇ 'ਜੋਗ' ਤੋਂ 'ਯੋਗਾ' ਬਣ ਕੇ ਭਾਰਤ ਪਰਤ ਆਇਆ। ਇਸ ਸਫ਼ਰ ਦੌਰਾਨ ਰਗੜਾ ਖਾ ਕੇ ਜੋਗ ਦੇ ਅੱਠ ਅੰਗਾਂ ਵਿਚੋਂ ਸਿਰਫ ਆਸਣ ਵਾਲਾ ਜੋਗ ਹੀ 'ਯੋਗਾ' ਜੋਗਾ ਰਹਿ ਗਿਆ।

ਪੱਛਮ ਤੋਂ ਤਸਦੀਕਸ਼ੁਦਾ ਹੋ ਕੇ ਮੁੜੇ ਇਸ ਸ਼ਬਦ ਵਿਚ ਸਵਾਮੀਆਂ ਨੇ ਮਾੜੇ-ਮੋਟੇ ਪ੍ਰਾਣਾਯਾਮ ਦੇ ਸਾਹ-ਸਤ ਭਰ ਦਿਤੇ ਤੇ ਹਿੰਦੂ ਧਰਮ ਦੀ ਰਹੱਸਵਾਦੀ ਰੰਗਣ ਚਾੜ੍ਹ ਕੇ ਇਸ ਨੂੰ ਸਾਰੀਆਂ ਬੀਮਾਰੀਆਂ ਦੂਰ ਕਰਨ ਦੀ ਸੰਪੂਰਨ ਚਿਕਿਤਸਾ ਬਣਾ ਲਿਆ। ਹੁਣ ਉਹ ਪੱਛਮ ਦੀ ਘੋਖ-ਪਰਖ ਕੇ ਵਿਕਸਿਤ ਹੋਈ ਐਲੋਪੈਥੀ ਨੂੰ ਭ੍ਰਿਸ਼ਟੀ ਹੋਈ ਮਲੇਛ ਵਿਦਿਆ ਕਹਿਣ ਲੱਗ ਪਏ ਹਨ। ਅਸ਼ਟਾਂਗ ਤੋਂ ਨਿਖੁੱਟੇ ਇਸ ਲੰਗੜੇ ਯੋਗਾ ਵਿਚ ਏਨੀ ਹਵਾ ਭਰ ਗਈ ਕਿ ਰਾਜਾ ਤੋਂ ਰੰਕ ਹਰ ਕੋਈ ਇਸ ਦੀ ਲਪੇਟ ਵਿਚ ਆਈ ਜਾ ਰਿਹਾ ਹੈ। ਸਿਆਸਤਦਾਨ ਕਲਾਬਾਜ਼ੀਆਂ ਦੇ ਨਾਲ-ਨਾਲ ਆਸਣਬਾਜ਼ੀਆਂ ਵੀ ਕਰਨ ਲੱਗ ਪਏ ਹਨ; ਹਾਲੀਵੁਡ ਦੀਆਂ ਹੁਸੀਨਾਵਾਂ ਇਸ ਦੀ ਡੰਡੌਤ ਕਰਦੀਆਂ ਹਨ; ਗੁਰਦੁਆਰਿਆਂ ਵਿਚ ਸ਼ਰਧਾ ਨਾਲ ਇਸ ਦੇ ਕੈਂਪ ਲੱਗਣ ਲੱਗੇ ਹਨ; ਆਖਰ ਗੁਰੂ ਸਾਹਿਬ ਨੇ ਜੋਗ ਨਿੰਦਿਆ ਸੀ, ਯੋਗਾ ਤਾਂ ਨਹੀਂ। ਕਈ ਲੋਕ ਦਵਾਈ ਵਾਂਗ ਹਰ ਡੰਗ ਇਸ ਦੀ ਡੋਜ਼ ਲੈਣ ਲੱਗ ਪਏ ਹਨ। ਦੇਸ-ਪਰਦੇਸ, ਨਿਤ ਸਵੇਰੇ ਲੋਕ ਚਟਾਈ ਵਿਛਾ ਕੇ ਟੀ.ਵੀ. ਅੱਗੇ ਬਹਿ ਜਾਂਦੇ ਹਨ ਤੇ ਸਵਾਮੀ ਰਾਮ ਦੇਵ ਜਿਹੇ ਸਵਾਮੀਆਂ ਦੀਆਂ ਹਦਾਇਤਾਂ ਅਨੁਸਾਰ ਸਰੀਰ ਨੂੰ ਨਚਾਉਣ ਲਗਦੇ ਹਨ। ਸਵਾਮੀ ਰਾਮ ਦੇਵ ਕੈਂਸਰ ਤੋਂ ਪਾਂ ਤੱਕ ਤੇ ਧੁਣਖਵਾ ਤੋਂ ਲਕਵਾ ਤਕ ਹਰ ਬੀਮਾਰੀ ਦਾ ਇਲਾਜ ਕਰਨ ਦਾ ਦਾਅਵਾ ਕਰਦਾ ਹੈ ਪਰ ਆਪਣੀ ਅੱਖ ਦਾ ਭੈਂਗਾਪਣ ਠੀਕ ਨਹੀਂ ਕਰ ਸਕਿਆ।

ਭਾਰਤ ਰਹਿੰਦੇ ਇਕ ਦੋਸਤ ਨੂੰ ਮੈਂ ਇਕ ਦਿਨ ਫੋਨ 'ਤੇ ਪੁਛਿਆ ਕਿ ਉਹ ਸਾਰਾ ਦਿਨ ਕੀ ਕਰਦਾ ਹੈ; ਉਸ ਨੇ ਏਨੇ ਕੰਮ ਗਿਣਾਏ ਕਿ ਮੈਨੂੰ ਅਮਰੀਕਾ ਵਿਚ ਕਰਨਾ ਪੈ ਰਿਹਾ ਹੱਡ-ਭੰਨਵਾਂ ਕੰਮ ਫੁਲਾਂ 'ਤੇ ਤਰਦੀ ਕਾਟੋ ਵਰਗਾ ਲੱਗਾ। ਉਹ ਪਿੰਡ ਦੇ ਕਿੰਨੇ ਕਿੰਨੇ ਗੇੜੇ ਕਢਦਾ, ਬੀਹੀਆਂ ਨੀਵੀਆਂ ਕਰਦਾ ਹੈ, ਲੋਕਾਂ ਦੇ ਮਸਲੇ ਨਿਪਟਾਉਂਦਾ ਹੈ, ਉਨ੍ਹਾਂ ਦੇ ਵਿਆਹਾਂ-ਸ਼ਾਦੀਆਂ ਤੇ ਮਰਨੇ-ਪਰਨੇ 'ਤੇ ਜਾਂਦਾ ਹੈ, ਅਕਸਰ ਹਰ ਰੋਜ਼ ਮਜਬੂਰੀ 'ਚ ਡੱਫਣੀ ਪੈ ਜਾਂਦੀ ਹੈ, ਮੀਟ-ਮਾਸ ਦਾ ਸੇਵਨ ਵੀ ਲੋੜੋਂ ਵਧ ਹੋ ਜਾਂਦਾ ਹੈ। ਘਰ-ਬਾਹਰ ਦੇ ਕੰਮ ਲਈ ਭੱਈਆ ਰੱਖਿਆ ਹੋਇਆ ਹੈ। ਮਤਲਬ ਇਹ ਕਿ ਢਿੱਡ ਦੇ ਗੋਗੜੀਕਰਨ, ਖਾਖਾਂ ਫੁਲਾਉਣ ਅਤੇ ਦਿਮਾਗ ਮੋਟਾ ਕਰਨ ਲਈ ਮਾਹੌਲ ਪੂਰਾ ਸਾਜ਼ਗਾਰ ਹੈ। ਸਵੇਰ ਨੂੰ ਉਹ ਅਗਲੇ ਦਿਨ ਲਈ ਫਿਟ ਹੋਣ ਵਾਸਤੇ ਦੌਰੇ ਜਿੱਡਾ ਘੜਿਪ ਵਰਗਾ ਕੁੱਜਾ ਦਹੀਂ ਦਾ ਖਾ ਕੇ ਸਾਰੀ ਭਾਨ ਉਤਾਰ ਲੈਂਦਾ ਹੈ। ਫਿਰ ਟੀ.ਵੀ. ਅੱਗੇ ਦੁੱਧ ਘਿਉ, ਮਾਸ-ਮੱਛੀ ਤੇ ਦਾਰੂ ਸਿੱਕੇ ਨਾਲ ਕਮਾਈ ਕਾਇਆ ਨੂੰ ਸਰਾਲ ਵਾਂਗ ਸੁਟ ਦਿੰਦਾ ਹੈ ਤੇ ਸਾਹ ਸੂਤ ਕੇ ਆਸਣ ਦਰ ਆਸਣ ਪੁੱਠਾ ਸਿੱਧਾ ਹੁੰਦਿਆਂ ਤਨ ਦੀ ਸਾਰੀ ਮਮਿਆਈ ਛੰਡਣ ਦੀ ਕੋਸ਼ਿਸ਼ ਕਰਦਾ ਹੈ। ਪਰ ਇਹ ਕਸਰਤਾਂ ਉਸ ਦਾ ਵਾਲ ਵੀ ਵਿੰਗਾ ਨਹੀਂ ਕਰ ਸਕੀਆਂ। ਇਸ ਕਦਰ ਵਿਲਾਸੇ ਪੁਰਸ਼ ਵਿਚ ਯੋਗਾ ਜਿਹੀ ਸੁਸਰੀ ਹਿਲ-ਜੁਲ ਕੀ ਜੁੰਬਸ਼ ਲਿਆ ਸਕਦੀ ਹੈ? ਗੁਰੂ ਸਾਹਿਬ ਨੇ ਕਿਹਾ ਹੈ: ਨੱਚਣ ਕੁਦਣੁ ਮਨ ਕਾ ਚਾਉ। ਭੜੋਲੇ ਵਰਗੇ ਜਿਸਮ ਵਿਚ ਚਿਬ ਪਾਉਣ ਲਈ ਗਹਿਗੱਚ ਸਰੀਰਕ ਵਰਜ਼ਿਸ਼ ਦਾ ਕੋਈ ਬਦਲ ਨਹੀਂ ਹੋ ਸਕਦਾ।

ਖੈਰ, ਗੱਲ ਸ਼ਬਦਾਂ ਦੇ ਮੁਢ ਦੀ ਹੋ ਰਹੀ ਸੀ। ਪੰਜਾਬੀ ਸਮੇਤ ਭਾਰਤ ਦੇ ਉਤਰੀ ਭਾਗਾਂ ਦੀਆਂ ਬੋਲੀਆਂ ਦੀ ਅੰਗਰੇਜ਼ੀ ਜਿਹੀ ਯੂਰਪੀ ਬੋਲੀ ਨਾਲ ਸਗੋਤਰੀ ਸਾਂਝ ਹੈ, ਅਮਰੀਕੀ ਅੰਗਰੇਜ਼ੀ ਨਾਲ ਵੀ ਕਿਉਂਕਿ ਸਾਡਾ ਸਾਂਝਾ ਪਿਛੋਕੜ ਆਰਿਆਈ ਹੈ। ਹੈਰਾਨੀ ਵਾਲੀ ਗੱਲ ਨਹੀਂ ਕਿ ਵਿਸਮਾਦ ਦੇ ਭਾਵ ਪ੍ਰਗਟਾਉਂਦਾ ਅਮਰੀਕੀ ਸ਼ਬਦ 'ਵਾਓ' ਵਾਹਿਗੁਰੂ ਵਾਲੇ 'ਵਾਹਿ' ਦਾ ਸਕਾ ਹੈ। ਆਰੀਆ ਲੋਕ ਸਦੀਆਂ ਪਹਿਲੋਂ ਕੈਸਪੀਅਨ ਸਾਗਰ ਦੇ ਕੰਢੇ ਤੋਂ ਆਏ ਸਨ, ਉਹ ਕਈ ਪਾਸੇ ਗਏ ਜਿਵੇਂ ਅਸੀਂ ਪੰਜਾਬੀ ਹੁਣ ਦੁਨੀਆਂ ਦੇ ਕੋਨੇ ਕੋਨੇ ਵਸੇ ਹੋਏ ਹਾਂ। ਇਹ ਲੋਕ ਯੂਰਪ ਗਏ, ਫਾਰਸ ਗਏ ਤੇ ਭਾਰਤ ਆਏ। ਸਪੱਸ਼ਟ ਹੈ ਕਿ ਪਹਿਲਾਂ ਇਨ੍ਹਾਂ ਦੀ ਬੋਲੀ ਇਕ ਹੀ ਹੋਵੇਗੀ। ਸਮੇਂ ਸਥਾਨ ਨਾਲ ਇਕ ਦੂਜੇ ਤੋਂ ਦੂਰ ਹੋਣ ਕਰਕੇ ਇਨ੍ਹਾਂ ਦੀ ਬੋਲੀ ਵਿਚ ਫਰਕ ਪੈਂਦਾ ਗਿਆ। ਇਨ੍ਹਾਂ ਦੀ ਸਾਂਝ ਲਭਣ ਲਈ ਤੀਜਾ ਨੇਤਰ ਖੋਲ੍ਹਣ ਦੀ ਲੋੜ ਨਹੀਂ, ਪਹਿਲਾਂ ਮੌਜੂਦ ਦੋ ਅੱਖਾਂ ਕਾਫ਼ੀ ਹਨ। ਏਨੀ ਝੱਖ ਮਾਰਨ ਦਾ ਮੇਰਾ ਅਸਲ ਪ੍ਰਯੋਜਨ ਤੁਹਾਡੇ ਨਾਲ ਇਕ ਹੋਰ ਸ਼ਬਦ ਸਾਂਝਾ ਕਰਨ ਦਾ ਸੀ। ਤੁਸੀਂ ਅਸੀਂ ਅੱਜ ਕੱਲ੍ਹ ਇਸ ਵਿਚ ਬੜਾ ਗ਼ਲਤਾਨ ਰਹਿਣ ਲੱਗ ਪਏ ਹਾਂ। ਪਰ ਇਹ ਸ਼ਬਦ ਯੋਗਾ ਨਹੀਂ ਬਲਕਿ ਲੰਗਰ ਹੈ। ਸਿੱਖ ਧਰਮ ਵਿਚ ਇਸ ਸੰਸਥਾ ਦੀ ਮਹਿਮਾ ਤੇ ਮਹਾਤਮ ਬਹੁਤ ਹੈ ਤੇ ਅਨੁਆਈਆਂ ਵਿਚ ਅਸੀਮ ਸ਼ਰਧਾ। ਮੈਂ ਖੁਦ ਇਸ ਤੋਂ ਕਾਇਲ ਹਾਂ। ਕਈ ਲੋਕ ਤਾਂ ਮੇਰੇ ਨਾਲੋਂ ਵੀ ਕਾਇਲ ਹਨ, ਮੈਂ ਤਾਂ ਫਿਰ ਵੀ ਜਦ ਗੁਰਦੁਆਰੇ ਜਾਵਾਂ ਅਰਦਾਸ ਤੋਂ ਪਹਿਲਾਂ ਅਪੜਦਾ ਹਾਂ ਪਰ ਇਹ ਲੰਗਰ-ਭਗਤ ਐਨ ਪ੍ਰਸ਼ਾਦ ਵੰਡ ਹੋਣ ਤੇ ਲੰਗਰ ਅਰੰਭ ਹੋਣ ਦੇ ਵਿਚਕਾਰ ਜਿਹੇ ਹੀ ਪ੍ਰਗਟ ਹੁੰਦੇ ਹਨ।

ਬਾਰ੍ਹਵੀਂ ਤੇਰ੍ਹਵੀਂ ਸਦੀ ਵਿਚ ਲੰਗਰ ਸੂਫ਼ੀ ਖਾਨਗਾਹਾਂ ਅਤੇ ਦਰਗਾਹਾਂ ਵਿਚ ਪ੍ਰਚਲਤ ਸਨ। ਖਾਨਗਾਹਾਂ ਵਿਚ ਜਿਸ ਅਹਾਤੇ ਵਿਚ ਲੰਗਰ ਚਲਾਇਆ ਜਾਂਦਾ ਹੈ ਉਸ ਨੂੰ ਦਰਗਾਹ ਕਿਹਾ ਜਾਂਦਾ ਹੈ ਤੇ ਜਿਸ ਵੱਡੇ ਸਾਰੇ ਭਾਂਡੇ ਵਿਚ ਭੋਜਨ ਪਕਾਇਆ ਜਾਂਦਾ ਹੈ ਉਸ ਨੂੰ ਦੇਗ ਕਿਹਾ ਜਾਂਦਾ ਹੈ। ਅਜਮੇਰ ਵਿਚ ਹਜ਼ਰਤ ਖ਼ਵਾਜਾ ਮੋਇਨੂਦੀਨ ਹਸਨ ਚਿਸ਼ਤੀ ਦੀ ਦਰਗਾਹ ਵਿਚ ਚਲਾਇਆ ਜਾਂਦਾ ਇਹ ਲੰਗਰ ਦੁਨੀਆਂ ਦਾ ਸਭ ਤੋਂ ਵੱਡਾ ਲੰਗਰ ਕਿਹਾ ਜਾ ਸਕਦਾ ਹੈ ਜਿਸ ਦੀ ਵੱਡੀ ਦੇਗ ਵਿਚ 4800 ਕਿਲੋ ਅੰਨ ਪੱਕ ਸਕਦਾ ਹੈ। ਸਿੱਖਾਂ ਵਿਚ ਲੰਗਰ ਦਾ ਪ੍ਰਚਲਨ ਸੂਫੀ ਪਰੰਪਰਾ ਕਾਰਨ ਹੋਇਆ। ਦੋਵੇਂ ਮਤ ਕਰਮਕਾਂਡ ਦੇ ਕੱਟੜ ਵਿਰੋਧੀ ਤੇ ਜਨਸਾਧਾਰਨ ਦੇ ਕਰਮਜੀਵੀ ਹੋਣ ਦੇ ਮਹੱਤਵ ਨੂੰ ਸਮਝਦੇ ਸਨ। ਇਸ ਲਈ ਇਨ੍ਹਾਂ ਮੱਤਾਂ ਨੇ ਉਹ ਸੰਸਥਾਵਾਂ ਕਾਇਮ ਕੀਤੀਆਂ ਤੇ ਸਿਰੇ ਚੜ੍ਹਾਈਆਂ ਜਿਹੜੀਆਂ ਜਨਸਾਧਾਰਨ ਦੀ ਵਧੇਰੇ ਤੋਂ ਵਧੇਰੇ ਸ਼ਮੂਲੀਅਤ ਨੂੰ ਯਕੀਨੀ ਬਣਾਉਂਦੀਆਂ ਸਨ। ਸਿੱਖ ਧਰਮ ਵਿਚ ਭਾਵੇਂ ਗੁਰੂ ਨਾਨਕ ਦੇਵ ਨੇ ਆਪਣੇ ਅਖੀਰਲੇ ਵਰ੍ਹਿਆਂ ਵਿਚ ਲੰਗਰ ਦੇ ਪੂਰਨੇ ਪਾ ਦਿਤੇ ਪਰ ਵਿਧੀਵਤ ਰੂਪ ਵਿਚ ਇਹ ਦੂਜੇ ਗੁਰੂ ਅੰਗਦ ਦੇਵ ਨੇ ਸ਼ੁਰੂ ਕੀਤਾ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸੱਤਾ ਬਲਵੰਡ ਦੀ ਵਾਰ ਤੋਂ ਇਹ ਗੱਲ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ। ਇਸ ਲੰਗਰ ਦੇ ਪ੍ਰਚਲਨ ਵਿਚ ਗੁਰੂ ਜੀ ਦੇ ਮਹਿਲ ਮਾਤਾ ਖੀਵੀ ਦਾ ਵਿਸ਼ੇਸ਼ ਯੋਗਦਾਨ ਸੀ। ਵਾਰ ਵਿਚ ਲਿਖਿਆ ਹੈ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰ ਘਿਆਲੀ

ਅਗਲੇ ਸਾਰੇ ਗੁਰੂਆਂ ਦੇ ਕਾਲ ਦੌਰਾਨ ਇਹ ਸੰਸਥਾ ਖੂਬ ਪ੍ਰਵਾਨ ਚੜ੍ਹੀ ਤੇ ਇਕ ਤਰ੍ਹਾਂ ਸਿੱਖੀ ਵਿਚ ਵਾਧੇ ਤੇ ਇਕਜੁਟਤਾ ਦਾ ਸਾਧਨ ਬਣੀ। ਇਸ ਨੂੰ ਗੁਰੂ ਕਾ ਲੰਗਰ ਕਿਹਾ ਜਾਣ ਲੱਗਾ ਪਰ ਸਭ ਤੋਂ ਵੱਡੀ ਇਸ ਦੀ ਪ੍ਰਾਪਤੀ ਹੈ ਜਾਤਪਾਤ ਨੂੰ ਸੱਟ ਮਾਰਨਾ। ਸੰਗਤ ਤੇ ਪੰਗਤ ਦੇ ਸੰਕਲਪ ਨੇ ਇਸ ਵਿਚ ਅਨੁਸ਼ਾਸਨ ਦਾ ਸਮਾਵੇਸ਼ ਕੀਤਾ। ਪੰਗਤ ਸ਼ਬਦ ਪੰਕਤੀ ਤੋਂ ਬਣਿਆ ਹੈ ਤੇ ਇਸ ਦਾ ਭਾਵ ਹੈ ਕਤਾਰ। ਇਕ ਕਤਾਰ ਵਿਚ ਬਝੇ ਹੋਣ ਨਾਲ ਅਨੁਸ਼ਾਸਨ ਦਾ ਭਾਵ ਆ ਜਾਂਦਾ ਹੈ। ਸਮੂਹਕ ਰੂਪ ਵਿਚ ਭੋਜਨਸ਼ਾਲਾ ਵਿਚ ਭੋਜਨ ਕਰ ਰਹੇ ਸਮੂਹ ਨੂੰ ਵੀ ਪੰਕਤੀ ਕਹਿ ਲਿਆ ਜਾਂਦਾ ਹੈ। ਅਜਿਹੇ ਭੋਜਨਾਂ ਵਿਚ ਪੁਰਾਣੇ ਜਮਾਨੇ ਵਿਚ ਸ਼ਾਮਿਲ ਬ੍ਰਾਹਮਣਾਂ ਨੂੰ ਪੰਕਤੀਪਾਵਨ ਕਿਹਾ ਜਾਂਦਾ ਸੀ। ਇਸ ਦਾ ਮਤਲਬ ਇਹ ਸੀ ਕਿ ਪੰਡਤਾਂ ਦੀ ਇਨ੍ਹਾਂ ਪੰਕਤੀਆਂ ਵਿਚ ਮੌਜੂਦਗੀ ਹੀ ਪੰਕਤੀ ਨੂੰ ਪਵਿਤਰ ਪਾਵਨ ਕਰ ਦੇਵੇਗੀ। ਬਾਅਦ ਵਿਚ ਪੰਡਤਾਂ ਨੇ ਚਤੁਰਾਈ ਨਾਲ ਇਸ ਸ਼ਬਦ ਦਾ ਦੁਰਲਾਭ ਉਠਾਉਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਪੰਗਤ ਸੰਕਲਪ ਵਿਚ ਧਾਰਮਕਤਾ ਦਾ ਭਾਵ ਸਾਡੇ ਸਭਿਆਚਾਰ ਵਿਚ ਪਹਿਲਾਂ ਹੀ ਮੌਜੂਦ ਸੀ।

ਸਿੱਖ ਧਰਮ ਵਿਚ ਲੰਗਰ ਦੇ ਮਹੱਤਵ ਬਾਰੇ ਅਸੀਂ ਸਭ ਜਾਣਦੇ ਹਾਂ, ਇਸ ਲਈ ਵੀ ਕਿ ਅਸੀਂ ਹੁਮ ਹੁਮਾ ਕੇ ਇਸ ਵਿਚ ਸ਼ਾਮਿਲ ਹੁੰਦੇ ਹਾਂ। ਪਰ ਬਹੁਤ ਘਟ ਲੋਕ ਹਨ ਜੋ ਇਹ ਜਾਣਦੇ ਹੋਣਗੇ ਕਿ ਇਹ ਸ਼ਬਦ ਆਇਆ ਕਿਥੋਂ। ਧੁਰੰਤਰ ਸਿੱਖ ਵਿਦਵਾਨ ਸਿਰਦਾਰ ਕਪੂਰ ਸਿੰਘ ਤੇ ਮਹਾਨ ਕੋਸ਼ ਦੇ ਕਰਤਾ ਭਾਈ ਕਾਹਨ ਸਿੰਘ ਇਸਨੂੰ ਸੰਸਕ੍ਰਿਤ 'ਅਨਲਗ੍ਰਹਿ' ਨਾਲ ਜੋੜਦੇ ਹਨ। ਉਨ੍ਹਾਂ ਅਨੁਸਾਰ ਅਨਲਗ੍ਰਹਿ ਭੋਜਨ ਪਕਾਉਣ ਵਾਲੀ ਜਗਹ ਨੂੰ ਕਹਿੰਦੇ ਹਨ ਅਤੇ ਇਹ ਇਕ ਆਰਿਆਈ ਪ੍ਰਚਲਨ ਸੀ। ਉਨ੍ਹਾਂ ਇਸ ਸ਼ਬਦ ਦੀ ਰਿਗ ਵੇਦ ਵਿਚ ਮੌਜੂਦਗੀ ਵੀ ਦਰਸਾਈ ਹੈ। ਪਰ ਭਾਸ਼ਾ ਦਾ ਕੋਈ ਵੀ ਨਿਯਮ 'ਅਨਲਗ੍ਰਹਿ' ਦਾ ਲੰਗਰ ਸ਼ਬਦ ਵਿਚ ਵਿਕਸਤ ਹੋਣ ਦੀ ਵਿਆਖਿਆ ਨਹੀਂ ਕਰ ਸਕਦਾ।

ਭਾਸ਼ਾ ਇਕ ਅਜਿਹਾ ਵਰਤਾਰਾ ਹੈ ਜਿਸ ਵਿਚ ਸੌਚ-ਅਸੌਚ, ਸ਼ੁਭ-ਅਸ਼ੁਭ, ਪਵਿਤਰ-ਅਪਵਿਤਰ ਅਕਸਰ ਕੋਲ ਕੋਲ ਪਏ ਦਿਖਾਈ ਦੇ ਜਾਂਦੇ ਹਨ। ਅਸੀਂ ਬਹੁਤੀ ਵਾਰ ਲੋੜੋਂ ਵਧ ਭਾਵਕ ਹੋ ਜਾਂਦੇ ਹਾਂ। ਮੇਰੇ ਦੇਖਦਿਆਂ-ਦੇਖਦਿਆਂ ਜਲੂਸ ਨੂੰ ਨਗਰ ਕੀਰਤਨ ਕਹਿਣਾ ਸ਼ੁਰੂ ਹੋ ਗਿਆ, ਇਸ ਲਈ ਕਿ ਜਲੂਸ ਸ਼ਬਦ ਦੀ ਨਾਕਾਰਾਤਮਕ ਅਰਥਾਂ ਵਿਚ ਵਧੇਰੇ ਵਰਤੋਂ ਹੋਣ ਲੱਗ ਪਈ। ਕਿਸੇ ਨੇ ਪਰਿਆ ਵਿਚ ਗਲਤ ਕੰਮ ਕਰ ਦਿਤਾ ਹੋਵੇ ਤਾਂ ਅਸੀਂ ਆਖ ਦਿੰਦੇ ਹਾਂ ਕਿ ਉਸ ਨੇ ਆਪਣਾ ਜਲੂਸ ਕਢ ਦਿੱਤਾ। ਸਦਾ ਸੰਵੇਦਨਸ਼ੀਲ ਸਿੱਖ ਹਿਰਦਿਆਂ ਨੇ ਇਸ ਪਵਿਤਰ ਸ਼ਬਦ ਦੇ ਅਜਿਹੇ ਪ੍ਰਯੋਗ ਤੋਂ ਵਲੂੰਧਰੇ ਹੀ ਜਾਣਾ ਸੀ। ਸੋ ਸਾਡੇ ਸਾਹਮਣੇ ਅਛੋਪਲੇ ਹੀ ਜਲੂਸ ਦੀ ਜਗਹ ਨਗਰ ਕੀਰਤਨ ਪ੍ਰਗਟ ਹੋ ਗਿਆ। ਪਰ ਧਾਰਮਿਕ ਵਾਕੰਸ਼ਾਂ, ਕਹਾਣਿਆਂ ਦੀ ਸੰਸਾਰੀ ਜੀਵਨ ਵਿਚ ਆਮ ਸਥਿਤੀਆਂ ਦੌਰਾਨ ਵੀ ਵਰਤੋਂ ਹੁੰਦੀ ਹੈ। ਤੁਸੀਂ ਕਿਸੇ ਦਾ ਮੂੰਹ ਤਾਂ ਨਹੀਂ ਫੜ੍ਹ ਸਕਦੇ। ਕਿਸੇ ਚੀਜ਼ ਦੇ ਖਾਤਮੇ ਨੂੰ ਉਸ ਦਾ ਕੀਰਤਨ ਸੋਹਿਲਾ ਪੜ੍ਹਿਆ ਗਿਆ ਕਹਿ ਦਿੰਦੇ ਹਾਂ। ਨਗਰ ਕੀਰਤਨ ਵਿਚ ਇਹੀ ਕੀਰਤਨ ਛੁਪਿਆ ਪਿਆ ਹੈ। ਫਿਰ ਸੰਤੋਖਿਆ ਜਾਣਾ ਸ਼ਬਦ ਵੀ ਆਮ ਹੀ ਮਨਫੀ ਅਰਥਾਂ ਵਿਚ ਵਰਤਿਆ ਜਾਂਦਾ ਹੈ। ਸਿੱਖ ਧਰਮ ਤੇ ਸਰੂਪ ਦੀ ਪਰਿਭਾਸ਼ਾ ਅਤੇ ਇਸ ਦੇ ਪ੍ਰਚਾਰ ਹਿਤ ਸਿੰਘ ਸਭਾ ਦੇ ਯੋਗਦਾਨ ਨੂੰ ਸ਼ਰਧਾ ਨਾਲ ਯਾਦ ਕੀਤਾ ਜਾਂਦਾ ਹੈ। ਪਰ ਲੋਕ-ਮਾਣਸ ਵਿਚ ਇਸ ਦੀ ਵੀ ਨਿਖੇਧੀ ਹੋਣ ਲੱਗ ਪਈ ਸੀ:

ਜਦ ਮੁਕ ਗਏ ਘੜੇ ਵਿਚ ਦਾਣੇ ਤਾਂ ਬਣ ਗਏ ਸਿੰਘ ਸਭੀਏ

ਆਪਣੇ ਵਲੋਂ ਉਚੇ ਆਦਰਸ਼ਾਂ ਨੂੰ ਪ੍ਰਣਾਏ ਕਾਮਰੇਡਾਂ ਨੂੰ ਵੀ ਲੋਕ ਕੰਮਰੇੜ੍ਹ ਕਹਿ ਦਿੰਦੇ ਹਨ। ਪਰ ਇਹ ਜਾਣ ਕੇ ਤੁਅਜਬ ਹੋਵੇਗਾ ਕਿ ਸਾਡੇ ਉਚੇ ਆਦਰਸ਼ਾਂ ਦੀ ਤਰਜਮਾਨੀ ਕਰਦਾ ਲੰਗਰ ਜਿਹਾ ਸ਼ਬਦ ਜਹਾਜ਼ ਦੇ ਲੰਗਰ ਨਾਲ ਤਾਂ ਜੁੜਿਆ ਹੀ ਹੋਇਆ ਹੈ, ਇਸਦੀ ਲੰਗੂਰ, ਲੰਗੜੇ ਅਤੇ ਲਿੰਗ ਨਾਲ ਵੀ ਸਾਂਝ ਹੈ। ਇਹ ਸ਼ਬਦ ਮੁਢਲੇ ਤੌਰ 'ਤੇ ਸੰਸਕ੍ਰਿਤ ਧਾਤੂ 'ਲੰਗ' ਤੋਂ ਬਣਿਆ ਹੈ ਪਰ ਇਸ ਨੇ ਆਪਣਾ ਲੰਗਰ ਵਾਲਾ ਰੂਪ ਤੇ ਅਰਥ ਮਧ ਏਸ਼ੀਆ ਦੀ ਸਭਿਅਤਾ ਵਿਚ ਜਾ ਕੇ ਅਖਤਿਆਰ ਕੀਤੇ। ਸੰਸਕ੍ਰਿਤ ਵਿਚ ਲੰਗ ਦਾ ਭਾਵ ਹਿੱਲਣ, ਡੋਲਣ, ਪਛਾਣ ਚਿੰਨ, ਖੂੰਡੀ ਆਦਿ ਸਨ। ਜਦ ਕੋਈ ਚੀਜ਼ ਲੋੜ ਤੋਂ ਵਧ ਹਿੱਲ ਕੇ ਆਪਣੀ ਸੀਮਾ ਪਾਰ ਕਰ ਲੈਂਦੀ ਹੈ ਤਾਂ ਇਸ ਭਾਵ ਨੂੰ ਦਰਸਾਉਂਦਾ ਸ਼ਬਦ 'ਲੰਘਣਾ' ਤੇ ਹੋਰ ਅੱਗੇ ਜਾ ਕੇ 'ਉਲੰਘਣਾ' ਬਣ ਗਿਆ। ਪੂਛ ਦੇ ਲਟਕਣ ਜਾਂ ਡੋਲਣ ਤੋਂ ਇਕ ਕਿਸਮ ਦੇ ਬਾਂਦਰ 'ਲੰਗੂਰ' ਨੇ ਇਸੇ ਧਾਤੂ ਤੋਂ ਆਪਣਾ ਨਾਮਕਰਣ ਕਰਵਾਇਆ। ਲੰਗੜਾ ਆਦਮੀ ਇਕ ਪੈਰ ਹਿਲਾ ਕੇ ਜਾਂ ਡੋਲਦਿਆਂ ਹੋਇਆਂ ਚਲਦਾ ਹੈ ਇਸ ਲਈ ਲੰਗੜਾ ਅਖਵਾਇਆ। ਪਰ ਹਿੱਲਣ ਜੁੱਲਣ ਜਾਂ ਡੋਲਣ ਦੇ ਭਾਵਾਂ ਕਰਕੇ ਇਸ ਦਾ ਅਰਥ-ਵਿਸਤਾਰ ਹਿਲਦੀ ਚੀਜ਼ ਅਰਥਾਤ ਖੂੰਡੀ ਦੇ ਅਰਥ ਨੂੰ ਪ੍ਰਗਟਾਉਂਦਾ ਲੰਗਰ ਵੀ ਹੋ ਗਿਆ। ਇਸ ਪ੍ਰਸੰਗ ਵਿਚ ਘੜੀ ਦੇ ਪੈਂਡੂਲਮ ਜਾਂ ਜਹਾਜ਼ ਦੇ ਲੰਗਰ ਨੂੰ ਲਿਆ ਜਾ ਸਕਦਾ ਹੈ ਜੋ ਲੋਹੇ ਦਾ ਅਜਿਹਾ ਭਾਰਾ ਸੰਦ ਹੈ ਜਿਸ ਦੇ ਸੁਟਣ ਨਾਲ ਚਲਦਾ ਜਹਾਜ਼ ਸਥਿਰ ਹੋ ਜਾਂਦਾ ਹੈ।

ਪਰ ਲੰਗਰ ਦੇ ਅਜੋਕੇ ਸਦਾਵਰਤ ਜਾਂ ਖੁਲ੍ਹੇ ਭੋਜਨ ਵਾਲੇ ਅਰਥ ਇਸ ਨੇ ਫਾਰਸ ਵਿਚ ਪ੍ਰਵੇਸ਼ ਪਾਉਣ ਤੋਂ ਬਾਅਦ ਅਖਤਿਆਰ ਕੀਤੇ। ਅਸਲ ਵਿਚ ਪਹਿਲਾਂ ਲੰਗਰ ਦਾ ਅਰਥ ਅਸਥਾਈ ਫੌਜੀ ਛਾਉਣੀ ਵਜੋਂ ਸ਼ੁਰੂ ਹੋਇਆ। ਫੌਜ ਅੱਜ ਇਕ ਥਾਂ ਹੁੰਦੀ ਸੀ ਤੇ ਕਲ੍ਹ ਹੋਰ ਥਾਂ। ਇਸ ਵਰਤਾਰੇ ਨੂੰ ਹੀ ਲੰਗਰ ਲਾਉਣਾ ਕਿਹਾ ਜਾਂਦਾ ਸੀ। ਫੌਜ ਦੇ ਇਕ ਥਾਂ ਟਿਕਾਣਾ ਕਰਨ ਲੱਗਿਆਂ ਸਭ ਤੋਂ ਪਹਿਲਾਂ ਚਾਰ ਲੰਗਰ ਅਰਥਾਤ ਸੋਟੀਆਂ ਜਾਂ ਖੂੰਡੀਆ ਗੱਡ ਕੇ ਤੇ ਉਪਰ ਛੱਪਰ ਤਾਣ ਕੇ ਭੋਜਨ ਦਾ ਫੌਰੀ ਪ੍ਰਬੰਧ ਕੀਤਾ ਜਾਂਦਾ ਸੀ। ਇਸ ਕਰਮ ਨੂੰ ਹੀ ਲੰਗਰ ਕਿਹਾ ਜਾਣ ਲੱਗਾ। ਫੌਜ ਦੇ ਟਿਕਾਣਾ ਕਰਨ ਤੋਂ ਪਿਛੋਂ ਸਭ ਤੋਂ ਪਹਿਲਾਂ ਲੰਗਰ ਤਾਣਿਆ ਜਾਂਦਾ ਸੀ। ਲੰਗਰ ਲਾਉਣਾ, ਲੰਗਰ ਉਖਾੜਨਾ ਆਦਿ ਜਿਹੇ ਵਾਕੰਸ਼ ਇਸੇ ਸਥਿਤੀ ਵੱਲ ਇਸ਼ਾਰਾ ਕਰਦੇ ਹਨ।

ਦੇਸ਼ ਵਿਚ ਲੰਗਰ-ਭਗਤੀ ਦੀ ਏਨੀ ਚੜ੍ਹਤ ਹੋ ਗਈ ਹੈ ਕਿ ਹੁਣ ਇਸ ਦੇ ਭੁਖਿਆਂ ਨੂੰ ਖੁਆਣ ਜਾਂ ਸੰਗਤ-ਪੰਗਤ ਜਿਹੇ ਅਨੁਸ਼ਾਸਨੀ ਮੰਤਵ ਛਿੱਕੇ 'ਤੇ ਟੰਗੇ ਗਏ ਹਨ। ਹੁਣ ਤਾਂ ਰੱਜਿਆਂ ਨੂੰ ਹੋਰ ਤੂੜਨਾ ਹੀ ਲੰਗਰ ਦਾ ਮਹਾਤਮ ਸਮਝਿਆ ਜਾਣ ਲੱਗ ਪਿਆ ਹੈ। ਗੁਰਪੁਰਬ ਆਦਿ ਤੇ ਸੜਕ ਕੰਢੇ ਲੱਗੇ ਲੰਗਰ ਧੱਕਾ ਲੰਗਰ ਅਖਵਾਉਣ ਲੱਗੇ ਹਨ। ਕਰਹਿਤ ਕਹੇ ਜਾਂਦੇ ਕੁਰਸੀਆਂ-ਮੇਜ਼ਾਂ ਵਾਲੇ ਲੰਗਰ ਤੋਂ ਇਹ ਵਰਤਾਰਾ ਬਹੁਤ ਅੱਗੇ ਲੰਘ ਚੁੱਕਾ ਹੈ। ਬੱਸਾਂ, ਕਾਰਾਂ, ਗੱਡੀਆਂ ਰੋਕ ਕੇ ਸੀਟਾਂ 'ਤੇ ਬੈਠੀਆਂ ਝੂਟੇ ਲੈਂਦੀਆਂ ਸਵਾਰੀਆਂ ਦੀਆਂ ਨਾਸਾਂ ਵਿਚੀਂ ਲੰਗਰ ਲੰਘਾਇਆ ਜਾਂਦਾ ਹੈ। ਇਸ ਵਿਚ ਧੂੜ ਮਿੱਟੀ ਤੇ ਕੀਟਾਣੂਆਂ ਦੀ ਚੱਸ ਇਸ ਨੂੰ ਹੋਰ ਵੀ ਲਜ਼ੀਜ਼ ਬਣਾ ਦਿੰਦੀ ਹੈ। ਜਿਵੇਂ ਰੰਗਾਂ ਦੇ ਰਮਣੀਕ ਤੇ ਮੋਹਕ ਤਿਓਹਾਰ ਹੋਲੀ ਦੌਰਾਨ ਕਈ ਲੋਕ ਇਕ ਦੂਜੇ 'ਤੇ ਗੰਦ-ਮੰਦ ਤੇ ਚਿੱਕੜ ਸੁੱਟਣ ਲੱਗ ਪੈਂਦੇ ਹਨ, ਲਗਭਗ ਇਸੇ ਤਰ੍ਹਾਂ ਲੰਗਰ ਦਾ ਉਜੱਡੀਕਰਣ ਹੋ ਰਿਹਾ ਹੈ।

ਏਥੇ ਕਹਾਣੀਕਾਰ ਵਰਿਆਮ ਸੰਧੂ ਦੀ ਇਕ ਹੱਡ ਬੀਤੀ ਸੁਣਾਉਣੀ ਕੁਥਾਂ ਨਹੀਂ ਹੋਵੇਗੀ। ਪੰਜਾਬ ਦੇ ਕਾਲੇ ਦਿਨਾਂ ਦੀ ਦਹਿਸ਼ਤ ਦੌਰਾਨ ਚਾਰ-ਚੁਫੇਰੇ ਖਾੜਕੂਆਂ ਜਾਂ ਪੁਲਿਸ ਦਾ ਰਾਜ ਸੀ। ਹੋਲੇ-ਮਹੱਲੇ ਦੇ ਦਿਨੀਂ ਸਾਡੇ ਇਸ ਸਿੱਖ ਰਵਾਇਤਾਂ ਦੇ ਸ਼ਰਧਾਵਾਨ ਲੇਖਕ ਨੂੰ ਸ਼ਾਮੀ ਅੰਮ੍ਰਿਤਸਰ ਤੋਂ ਜਲੰਧਰ ਜਾਣਾ ਪੈ ਗਿਆ। ਉਸ ਦੇ ਨਾਲ ਵਾਲੀ ਸੀਟ ਤੇ ਬਣਦੇ-ਤਣਦੇ ਤਿੰਨ ਸਰਦਾਰ ਆ ਬੈਠੇ ਜਿਨ੍ਹਾਂ ਦੀ ਦਿਖ ਤੋਂ ਉਹ ਖੁਦ ਸੰਧੂ ਸਰਦਾਰ ਹੁੰਦਿਆਂ ਵੀ ਤ੍ਰਹਿਣ ਲੱਗ ਪਿਆ। ਰਾਹ ਵਿਚ ਮਾਨਾਂਵਾਲੇ ਲਾਗੇ ਪਰਸ਼ਾਦਿਆਂ ਨਾਲ ਭਰੇ ਟੋਕਰਿਆਂ ਸਮੇਤ ਖੜ੍ਹੇ ਲੰਗਰ ਸੇਵਾਦਾਰਾਂ ਨੇ ਡਰਾਈਵਰ ਨੂੰ ਬੱਸ ਰੋਕਣ ਲਈ ਕਿਹਾ ਪਰ ਡਰਾਈਵਰ ਤੇ ਸਵਾਰੀਆਂ ਨੂੰ ਕਾਹਲੀ ਸੀ। ਉਪਰੋਂ ਕਾਲੇ ਦਿਨ ਤੇ ਸ਼ਾਮ ਦਾ ਵੇਲਾ। ਦੁਬਕੇ ਬੈਠੇ ਲੋਕਾਂ ਨੇ ਬਥੇਰਾ ਕਿਹਾ ਕਿ ਗੁਰੂ ਦੀ ਕਿਰਪਾ ਨਾਲ ਸਰਬੱਤ ਸਵਾਰੀਆਂ ਦੇ ਢਿਡ ਫੁੱਲ ਹੋਏ ਪਏ ਹਨ। ਡਰਾਈਵਰ ਨੇ ਵੀ ਤਿੜ-ਫਿੜ ਕੀਤੀ ਪਰ ਸੰਧੂ ਦੇ ਨਾਲ ਬੈਠੇ ਸਿੰਘਾਂ ਨੇ ਬੜੇ ਗੜ੍ਹਕੇ ਨਾਲ ਡਰਾਈਵਰ ਨੂੰ ਕਿਹਾ, "ਇਨ੍ਹਾਂ ਨੂੰ ਰਾਂਝਾ ਰਾਜ਼ੀ ਕਰ ਲੈਣ ਦੇ, ਇਨ੍ਹਾਂ ਦੀ ਸੇਵਾ ਨੂੰ ਫਲ ਲੱਗੂ।" ਗੱਲ ਕੀ, ਬੱਸ ਦੇ ਅੰਦਰਲੇ ਤੇ ਬਾਹਰਲੇ ਸਿੰਘਾਂ ਦੇ ਕਹਿਰ ਤੋਂ ਡਰਦਿਆਂ ਡਰਾਈਵਰ ਨੂੰ ਗੱਡੀ ਰੋਕਣੀ ਪਈ। ਪਰਸ਼ਾਦੇ ਦੀ ਖੂਬ ਸੇਵਾ ਹੋਈ। ਮੁਸਾਫਿਰ ਸੰਗਤਾਂ ਖੂਬ ਨਿਹਾਲ ਹੋ ਗਈਆਂ ਤੇ ਲੰਗਰ ਦੀ ਚੋਖੀ ਵਾਹ ਵਾਹ ਹੋਈ ਪਰ ਥੋੜਾ ਹੀ ਅੱਗੇ ਜਾ ਕੇ ਜੰਡਿਆਲੇ ਵਾਲੇ ਲੰਗਰ-ਉਤਸ਼ਾਹੀਆਂ ਨੇ ਬੱਸ ਡੱਕ ਲਈ। ਇਸ ਵਾਰ ਫਿਰ ਸਿੰਘਾਂ ਦੇ "ਚੱਲ ਯਾਰ ਪੰਜਾਂ ਮਿੰਟਾਂ ਨਾਲ ਕੀ ਫਰਕ ਪੈਂਦਾ ਹੈ" ਕਹਿਣ 'ਤੇ ਬੱਸ ਰੋਕਣੀ ਪਈ। ਇਸ ਪਿਛੋ ਕਈ ਲੰਗਰ ਹੋਰ ਆਏ ਪਰ ਡਰਾਈਵਰ ਨੇ ਹੁਸ਼ਿਆਰੀ ਨਾਲ ਲੰਘਾ ਲਏ। ਅੰਦਰਲੇ ਸਿੰਘਾਂ ਨੇ ਵੀ ਹੁਣ ਮਸ਼ਟ ਮਾਰ ਲਈ। ਅਕਸਰ ਉਨ੍ਹਾਂ ਵੀ ਟਾਈਮ ਸਿਰ ਟਿਕਾਣੇ ਪਹੁੰਚਣਾ ਸੀ। ਪਰ ਫਿਰ ਵੀ ਲੰਗਰ ਜਨੂੰਨੀਆਂ ਨੇ ਇਟਾਂ ਪੱਥਰ ਮਾਰ ਮਾਰ ਬੱਸ ਦੀ ਬੱਸ ਕਰਾ ਦਿੱਤੀ। ਹਰ ਅੱਡੇ 'ਤੇ ਏਹੀ ਭਾਣਾ ਦੇਖ ਕੇ ਬੱਸ ਅੰਦਰਲੇ ਸਰਦਾਰ ਭਾਈਆਂ ਨੂੰ ਵੀ ਘਰ ਛੇਤੀ ਅਪੜਨ ਦਾ ਫਿਕਰ ਹੋਇਆ। ਉਹ ਘੜੀ-ਘੜੀ ਘੜੀ ਦੇਖਣ ਲੱਗ ਪਏ ਤੇ ਅਖੀਰ ਬਾਬੇ ਬਕਾਲੇ ਦੇ ਲੰਗਰ 'ਤੇ ਨਾਕਾ ਲਾਈ ਖੜੇ ਪੀਲੇ ਪਟਕੇ ਵਾਲਿਆਂ ਨੂੰ ਦੇਖ ਕੇ ਸਰਦਾਰਾਂ ਵਿਚੋਂ ਇਕ ਜਣਾ ਬੋਲਿਆ, "ਲੈ ਔਹ ਫੇਰ ਮੌਤ ਖਲੋਤੀ ਊ ਅੱਗੇ।" ਤੇ ਫਿਰ ਲਲਕਾਰਾ ਮਾਰ ਕੇ ਆਖਣ ਲੱਗਾ, "ਬੱਸ ਨਾ ਰੋਕੀਂ, ਜੇ ਕੋਈ ਥਲੇ ਆਉਂਦਾ ਆ ਜਾਏ, ਕੀ ਮਖੌਲ ਬਣਾਇਆ ਇਨ੍ਹਾਂ।"



# ਨਵੀਂ ਭਾਸ਼ਾ ਵਿਚ ਹੁਣ ਨਵੇਂ ਸਿਨਮੇ ਦੀ ਕਹਾਣੀ

-ਨੰਦਿਤਾ ਪੁਰੀ

ਇਹ ਜਾਣਨਾ ਬਹੁਤ ਰੌਚਿਕ ਹੈ ਕਿ ਜ਼ਿਆਦਾ ਨਹੀਂ, ਬਸ ਅੱਜ ਤੋਂ ਦਸ ਸਾਲ ਪਹਿਲਾਂ ਤੱਕ ਬਾਲੀਵੁਡ ਵਿਚ ਜੋ ਵੀ ਫਿਲਮਾਂ ਬਣਦੀਆਂ ਸਨ, ਉਨ੍ਹਾਂ ਪਿੱਛੇ ਕੋਈ ਠੋਸ ਯੋਜਨਾ ਨਹੀਂ ਹੁੰਦੀ ਸੀ। ਇਥੋਂ ਤੱਕ ਕਿ ਇਕ ਪੂਰੀ ਸਕ੍ਰਿਪਟ ਵੀ ਹੱਥ ਵਿਚ ਨਹੀਂ ਹੁੰਦੀ ਸੀ। ਬੱਸ ਉਵੇਂ ਹੀ ਸ਼ੂਟਿੰਗ ਸ਼ੁਰੂ ਹੋ ਜਾਂਦੀ, ਜਿਸ ਵਿਚ ਸਾਰੇ ਆਪਣੇ ਆਈਡੀਏ ਦਸਦੇ ਅਤੇ ਆਪਣੇ ਤਰੀਕੇ ਨਾਲ ਬਦਲਾਵ ਕਰਦੇ ਰਹਿੰਦੇ ਸਨ। ਅੱਜ ਸ਼ਾਇਦ ਹੀ ਕੋਈ ਇਸ ਗੱਲ 'ਤੇ ਭਰੋਸਾ ਕਰੇ, ਪਰ ਉਦੋਂ ਹਿੰਦੀ ਸਿਨਮਾ ਦੀ ਦੁਨੀਆਂ ਅੱਜ ਦੀ ਤੁਲਨਾ ਵਿਚ ਕਿਤੇ ਜ਼ਿਆਦਾ ਪਰੰਪਰਾਗਤ ਹੋਇਆ ਕਰਦੀ ਸੀ। ਸਭ ਕੁਝ ਸਿਤਾਰਿਆਂ ਦੇ ਇਰਦ-ਗਿਰਦ ਘੁੰਮਦਾ। ਉਨ੍ਹਾਂ ਦੀ ਮਰਜ਼ੀ, ਖੁਸ਼ੀ ਅਤੇ ਸੁਵਿਧਾ ਦੇ ਹਿਸਾਬ ਨਾਲ ਕਹਾਣੀ ਤੋਂ ਲੈ ਕੇ ਦ੍ਰਿਸ਼ ਤੱਕ ਕੁਝ ਵੀ ਫੇਰ- ਬਦਲ ਕੀਤੇ ਜਾ ਸਕਦੇ ਸਨ। ਡਾਇਲਾਗ ਤੱਕ ਬਦਲ ਜਾਂਦੇ ਸਨ। ਉਸ ਵਕਤ ਦੇ ਨਿਰਦੇਸ਼ਕ ਪ੍ਰੋਫੈਸ਼ਨਲੀ ਟ੍ਰੇਂਡ ਨਹੀਂ ਹੁੰਦੇ ਸੀ।




ਇਸ ਦੇ ਠੀਕ ਉਲਟ ਪੱਛਮ ਵਿਚ ਇਸ ਤਰ੍ਹਾਂ ਨਹੀਂ ਹੁੰਦਾ। ਉਥੇ ਕਿਸੇ ਫਿਲਮ ਦੀ ਸਭ ਤੋਂ ਜ਼ਰੂਰੀ ਅਤੇ ਮਹੱਤਵਪੂਰਣ ਬੁਨਿਆਦ ਹੁੰਦੀ ਹੈ ਸਕ੍ਰਿਪਟ ਅਤੇ ਪੂਰੀ ਫਿਲਮ ਉਸੇ ਸਕ੍ਰਿਪਟ ਅਨੁਸਾਰ ਹੀ ਬਣਦੀ ਹੈ। ਸਿਨਮੈਟੋਗ੍ਰਾਫਰ ਤੋਂ ਲੈ ਕੇ ਸਪਾਟ ਤੇ ਰਹਿਣ ਵਾਲਿਆਂ ਤੱਕ ਟੀਮ ਦੇ ਹਰ ਮੈਂਬਰ ਕੋਲ ਸਕ੍ਰਿਪਟ ਦੀ ਕਾਪੀ ਹੁੰਦੀ ਹੈ। ਪਰ ਹੁਣ ਅਸੀਂ ਵੀ ਉਸ ਪ੍ਰੋਫੈਸ਼ਨਲ ਢੰਗ ਨਾਲ ਕੰਮ ਕਰਨ ਦੇ ਮਹੱਤਵ ਨੂੰ ਸਮਝ ਰਹੇ ਹਾਂ। ਲੇਖਕਾਂ ਅਤੇ ਨਿਰਦੇਸ਼ਕਾਂ ਦੀ ਇਕ ਨਵੀਂ ਪੀੜ੍ਹੀ ਤਿਆਰ ਹੋ ਰਹੀ ਹੈ, ਜੋ ਪਹਿਲਾਂ ਦੀ ਤੁਲਨਾ ਵਿਚ ਕਿਤੇ ਜ਼ਿਆਦਾ ਪ੍ਰੋਫੈਸ਼ਨਲ ਹੈ। ਅੱਜ ਵਿਸ਼ਾਲ ਭਾਰਦਵਾਜ, ਫਰਹਾਨ ਅਖ਼ਤਰ, ਇਮਤਿਆਜ਼ ਅਲੀ ਅਤੇ ਜੈਦੀਪ ਸਾਹਨੀ ਜਿਹੇ ਕਈ ਨਾਮ ਹਨ, ਜੋ ਜ਼ਿਆਦਾ ਅਨੁਸ਼ਾਸਨ ਨਾਲ ਕੰਮ ਕਰ ਰਹੇ ਹਨ। ਫਿਲਮ ਤੋਂ ਪਹਿਲਾਂ ਸਾਲਾਂ ਤੱਕ ਸਕ੍ਰਿਪਟ 'ਤੇ ਕੰਮ ਹੁੰਦਾ ਹੈ। ਕਹਾਣੀ ਦੀ ਹਰ ਇਕ ਡਿਟੇਲ ਸਕ੍ਰਿਪਟ ਦੇ ਰੂਪ ਵਿਚ ਸਾਹਮਣੇ ਹੁੰਦੀ ਹੈ। ਇਥੋਂ ਤੱਕ ਕਿ ਸ਼ੂਟਿੰਗ ਦੀ ਯੋਜਨਾ ਵੀ ਕਈ ਮਹੀਨੇ ਪਹਿਲਾਂ ਬਣਨੀ ਸ਼ੁਰੂ ਹੋ ਜਾਂਦੀ ਹੈ। ਆਊਟਡੋਰ ਸ਼ੂਟਿੰਗ ਵਿਚ ਜੇਕਰ ਬਾਰਿਸ਼ ਹੋਣ ਲੱਗੇ ਤਾਂ ਉਸ ਲਈ ਜਲਦੀ ਇਕ ਬਦਲਵੀਂ ਵਿਵਸਥਾ ਹੁੰਦੀ ਹੈ ਤਾਂ ਕਿ ਸਮੇਂ ਅਤੇ ਪੈਸਿਆਂ ਦੀ ਬਰਬਾਦੀ ਨਾ ਹੋਵੇ। ਪਹਿਲਾਂ ਬਿਨਾ ਕਿਸੇ ਯੋਜਨਾ ਦੇ ਕੰਮ ਸ਼ੁਰੂ ਹੋ ਜਾਂਦਾ ਸੀ ਅਤੇ ਜੇਕਰ ਬਾਰਿਸ਼ ਹੋਣ ਲੱਗੇ ਤਾਂ ਕੰਮ ਠੱਪ ਵੀ ਹੋ ਜਾਂਦਾ ਸੀ।

ਅੱਜ ਭਾਰਤੀ ਸਿਨੇਮਾ ਦਾ ਦਰਸ਼ਕ ਵੀ ਪਹਿਲਾਂ ਦੀ ਤੁਲਨਾ ਵਿਚ ਜ਼ਿਆਦਾ ਸਮਝਦਾਰ ਅਤੇ ਸੰਵੇਦਨਸ਼ੀਲ ਹੈ। ਪਾਪੂਲਰ ਸਿਨਮਾ ਦੀ ਪਰਿਭਾਸ਼ਾ ਬਦਲੀ ਹੈ। ਨਵੇਂ ਤਰੀਕਿਆਂ ਦੀਆਂ ਫਿਲਮਾਂ ਆ ਰਹੀਆਂ ਹਨ, ਜਿਨ੍ਹਾਂ ਦੇ ਸਵਾਲ ਅਤੇ ਉਨ੍ਹਾਂ ਸਵਾਲਾਂ ਨੂੰ ਦੇਖਣ ਦਾ ਅੰਦਾਜ਼ ਵੀ ਨਵਾਂ ਹੈ। ਇਹ ਸਿਨਮਾ ਨਵੀਂ ਭਾਸ਼ਾ ਵਿਚ ਨਵੇਂ ਵਕਤ ਦੀ ਕਹਾਣੀ ਰਚ ਰਿਹਾ ਹੈ।

ਗਲੋਬਲਾਈਜੇਸ਼ਨ ਦੇ ਇਸ ਦੌਰ ਵਿਚ ਜਦ ਦੁਨੀਆਂ ਦੀਆਂ ਭੂਗੋਲਿਕ ਸੀਮਾਵਾਂ ਡਿੱਗ ਰਹੀਆਂ ਹਨ ਅਤੇ ਹਿੰਦੀ ਸਿਨਮਾ ਭਾਰਤ ਦੀਆਂ ਸਰਹੱਦਾਂ ਦੇ ਬਾਹਰ ਵੀ ਦੇਖਿਆ ਅਤੇ ਸਰਾਹਿਆ ਜਾ ਰਿਹਾ ਹੈ, ਬਹੁਤ ਆਸਾਨੀ ਨਾਲ ਇਕ ਭੁਲੇਖਾ ਪੈਦਾ ਹੁੰਦਾ ਹੈ ਕਿ ਹਿੰਦੀ ਸਿਨਮਾ ਪੂਰੀ ਦੁਨੀਆਂ ਵਿਚ ਫੈਲ ਰਿਹਾ ਹੈ ਪਰ ਅਸਲ ਚਿਹਰਾ ਇਹ ਹੈ ਹੀ ਨਹੀਂ। ਭਾਰਤ ਦੇ ਬਾਹਰ ਹਿੰਦੀ ਸਿਨਮਾ ਦਾ ਦਰਸ਼ਕ ਵਰਗ ਉਹੀ ਹੈ, ਜਿਥੇ ਹਿੰਦੀ ਭਾਸ਼ੀ ਲੋਕ ਰਹਿੰਦੇ ਹਨ। ਇਹ ਸਿਰਫ ਐਨ.ਆਰ.ਆਈ. ਬਾਜ਼ਾਰ ਹੈ, ਜਿਸ ਵਿਚ ਭਾਰਤ ਦੇ ਬਾਹਰ ਹਿੰਦੀ ਸਿਨਮਾ ਨੂੰ ਇਨਾ ਪਾਪੂਲਰ ਬਣਾਇਆ ਗਿਆ ਹੈ। ਫ੍ਰੈਂਚ, ਜਰਮਨ, ਇਤਾਲਵੀ ਅਤੇ ਈਰਾਨੀ ਸਿਨਮਾ ਦੀ ਤਰ੍ਹਾਂ ਪੂਰੀ ਦੁਨੀਆਂ ਵਿਚ ਹਿੰਦੀ ਸਿਨਮਾ ਦਾ ਇਕ ਖਾਸ ਦਰਸ਼ਕ ਵਰਗ ਨਹੀਂ ਹੈ। ਭਾਰਤ ਵਿਚ ਸਿਰਫ ਸਤਿਆਜੀਤ ਰੇ, ਮ੍ਰਿਣਾਲ ਸੇਨ ਅਤੇ ਰਿਤਿਵਕ ਘਟਕ ਜਿਹੇ ਨਿਰਦੇਸ਼ਕਾਂ ਦੀ ਇਕ ਸਮੁੱਚੀ ਪੀੜੀ ਹੀ ਇਹੋ ਜਿਹੀ ਸੀ, ਜਿਸ ਦਾ ਨਾਮ ਭਾਰਤ ਦੀਆਂ ਹੱਦਾਂ ਤੋਂ ਬਾਹਰ ਪੂਰੀ ਦੁਨੀਆਂ ਵਿਚ ਫੈਲਿਆ। ਪਰ ਇਸ ਦੇ ਇਲਾਵਾ ਭਾਰਤੀ ਸਿਨਮਾ ਦਾ ਪੂਰੀ ਦੁਨੀਆਂ ਤੇ ਕੋਈ ਗਹਿਰਾ ਪ੍ਰਭਾਵ ਹੋਵੇ, ਇਦਾਂ ਨਹੀਂ ਹੈ। ਸਿਨਮਾ ਵਿਚ ਫੀਲ ਗੁਡ ਅਤੇ ਸੁਖਦ ਅੰਤ ਦੀ ਥੀਮ ਵੀ ਖਾਸ ਭਾਰਤੀ ਸਿਨੇਮਾਈ ਅੰਦਾਜ਼ ਹੀ ਹੈ। ਸੰਸਾਰ ਦੇ ਹੋਰ ਹਿੱਸਿਆਂ ਵਿਚ ਸਿਨਮਾ ਵਿਚ ਜੋ ਕੰਮ ਹੋ ਰਿਹਾ ਹੈ, ਉਸ ਵਿਚ ਫੀਲਗੁਡ ਜਾਂ ਸੁਖਦ ਅੰਤ ਦੀ ਇਹੋ ਜਿਹੀ ਮਜਬੂਰੀ ਨਹੀਂ ਹੈ, ਜਿਵੇਂ ਸਾਡੇ ਇਥੇ। ਦਰਖਤਾਂ ਦੇ ਇਰਦ-ਗਿਰਦ ਗਾਣਾ ਗਾਉਂਦੇ ਹੀਰੋ ਹੀਰੋਇਨ ਬਿਨਾਂ ਸਾਡੇ ਇਥੇ ਗੱਲ ਪੂਰੀ ਨਹੀਂ ਹੁੰਦੀ, ਜਦਕਿ ਦੁਨੀਆਂ ਦਾ ਹੋਰ ਕੋਈ ਵੀ ਸਿਨਮਾ ਇਦਾਂ ਦੇ ਸਾਂਚਿਆਂ ਵਿਚ ਬੱਝਾ ਹੋਇਆ ਨਹੀਂ ਹੈ। ਪਰ ਖੁਸ਼ੀ ਦੀ ਗੱਲ ਇਹ ਹੈ ਕਿ ਹੁਣ ਸਾਡੇ ਇਥੇ ਵੀ ਇਹ ਸੀਮਾਵਾਂ ਟੁੱਟ ਰਹੀਆਂ ਹਨ। ਰਣਬੀਰ ਕਪੂਰ ਅੱਜ ਵੱਡੇ ਸਟਾਰ ਬਣ ਚੁੱਕੇ ਹਨ ਪਰ ਰਣਵੀਰ ਇਕ ਇਹੋ ਜਿਹੀ ਫਿਲਮ ਵਿਚ ਕੰਮ ਕਰਨ ਦਾ ਖਤਰਾ ਉਠਾ ਸਕਦੇ ਹਨ, ਜੋ ਇਕ ਰੋਮਾਂਟਿਕ ਕਹਾਣੀ ਨਹੀਂ ਹੈ, ਜੋ ਪ੍ਰੇਮ ਅਤੇ ਹੀਰੋਇਨ ਦੇ ਇਰਦ-ਗਿਰਦ ਨਹੀਂ ਘੁੰਮਦੀ। ਜੋ ਇਕ ਕਾਰਪੋਰੇਟ ਪੂੰਜੀਵਾਦੀ ਪਰਿਭਾਸ਼ਾਵਾਂ ਦੇ ਅੰਦਰ ਹੀ ਇਮਾਨਦਾਰੀ ਅਤੇ ਨੈਤਿਕਤਾ ਜਿਹੇ ਕੁਝ ਸਵਾਲਾਂ ਦੀ ਖੋਜ ਕਰਦੀ ਹੈ। ਅੱਜ ਤੋਂ ਦਸ ਸਾਲ ਪਹਿਲਾਂ ਸ਼ਾਇਦ ਕਿਸੇ ਸਿਤਾਰੇ ਨੂੰ ਇਹੋ ਜਿਹੀ ਫਿਲਮ ਵਿਚ ਕੰਮ ਕਰਨਾ ਆਪਣੇ ਸਟਾਰਡਮ ਲਈ ਖਤਰਾ ਲੱਗ ਸਕਦਾ ਸੀ। ਇਥੋਂ ਤੱਕ ਕਿ ਖੁਦ ਰਿਸ਼ੀ ਕਪੂਰ ਵੀ ਇਹ ਖਤਰਾ ਕਦੇ ਨਹੀਂ ਉਠਾ ਸਕੇ, ਪਰ ਅੱਜ ਦੇ ਸਿਤਾਰੇ ਇਹ ਖਤਰਾ ਉਠਾ ਰਹੇ ਹਨ ਅਤੇ ਖੁਸ਼ੀ ਦੀ ਗੱਲ ਇਹ ਹੈ ਕਿ ਉਹ ਸਫਲ ਵੀ ਹਨ।

ਇਸ ਦੇ ਬਾਵਜੂਦ ਕਿ ਅਸੀਂ ਇਰਾਨੀ ਸਿਨਮਾ ਦੀ ਤਰ੍ਹਾਂ ਇਕ ਬੰਦ ਸਮਾਜ ਦੇ ਖਿਲਾਫ ਆਵਾਜ਼ ਨਹੀਂ ਚੁੱਕ ਰਹੇ ਜਾਂ ਯੂਰਪੀ ਸਿਨਮੇ ਜਿਹੀ ਗੰਭੀਰਤਾ ਨਾਲ ਅਸੀਂ ਲੈਸ ਹਾਂ, ਪਰ ਭਾਰਤੀ ਸਿਨੇਮਾ ਦੀ ਆਪਣੀ ਖਾਸੀਅਤ ਹੈ। ਸਾਨੂੰ ਆਪਣੇ ਦੇਸ਼ ਅਤੇ ਇਤਿਹਾਸ ਦੀ ਸੀਮਾਵਾਂ ਦੇ ਅੰਦਰ ਵੀ ਨਵੇਂ ਸਿਨਮੇ ਦਾ ਅਰਥ ਅਤੇ ਪਰਿਭਾਸ਼ਾਵਾਂ ਪੈਦਾ ਕਰਨੀਆਂ ਪੈਣਗੀਆਂ।

# ਜਾਦੂਈ ਆਵਾਜ਼ ਦੇ ਮਾਲਕ ਸਨ ਸਹਿਗਲ




3 ਅਪ੍ਰੈਲ, 1904 ਨੂੰ ਜੰਮੂ 'ਚ ਜਨਮੇ ਪਿੱਠਵਰਤੀ ਗਾਇਕ, ਅਭਿਨੇਤਾ ਸਵਰਗੀ ਕੁੰਦਨ ਲਾਲ ਸਹਿਗਲ ਦੀ ਸੁਰੀਲੀ, ਮਿੱਠੀ ਆਵਾਜ਼ ਅੱਜ ਵੀ ਨੌਜਵਾਨ ਪੀੜ੍ਹੀ ਨੂੰ ਆਪਣੇ ਵੱਲ ਖਿੱਚਦੀ ਹੈ। ਉਨ੍ਹਾਂ ਦੇ ਗਾਏ ਗੀਤਾਂ ਨੂੰ ਸੁਣਨ ਵਾਲੇ ਅੱਜ ਵੀ ਉਨ੍ਹਾਂ ਦੀ ਜਾਦੂਈ ਆਵਾਜ਼ ਦੇ ਦੀਵਾਨੇ ਹਨ। ਇਸ ਦਾ ਕਾਰਨ ਇਹ ਹੈ ਕਿ ਕੁੰਦਨ ਲਾਲ ਸਹਿਗਲ ਵਲੋਂ ਆਪਣੇ ਦਿਲ ਦੀ ਡੂੰਘਾਈ ਤੋਂ ਗਾਏ ਹੋਏ ਗੀਤ ਅੱਜ ਵੀ ਨੌਜਵਾਨ ਪੀੜ੍ਹੀ ਦੇ ਦਿਲਾਂ ਨੂੰ ਛੂੰਹਦੇ ਹਨ। ਉਨ੍ਹਾਂ ਦੀ ਮਾਂ ਬੜੇ ਧਾਰਮਿਕ ਵਿਚਾਰਾਂ ਵਾਲੀ ਸੀ, ਜੋ ਅਕਸਰ ਸਹਿਗਲ ਨੂੰ ਬਚਪਨ 'ਚ ਧਾਰਮਿਕ ਸਮਾਗਮਾਂ 'ਚ ਲੈ ਜਾਂਦੀ, ਜਿਥੇ ਭਜਨ-ਕੀਰਤਨ ਹੋਇਆ ਕਰਦਾ ਸੀ, ਸ਼ਬਦ ਕਲਾਸੀਕਲ ਢੰਗ ਨਾਲ ਗਾਏ ਜਾਂਦੇ ਸਨ। ਬਚਪਨ 'ਚ ਉਹ ਸ੍ਰੀ ਰਾਮ ਲੀਲਾ 'ਚ ਸੀਤਾ ਦਾ ਕਿਰਦਾਰ ਨਿਭਾਉਂਦੇ ਹੁੰਦੇ ਸਨ। ਸਕੂਲ ਛੱਡਣ ਪਿਛੋਂ ਉਨ੍ਹਾਂ ਦੇ ਰੇਲਵੇ ਟਾਈਮਕੀਪਰ ਦੇ ਤੌਰ 'ਤੇ ਨੌਕਰੀ ਕਰ ਲਈ। ਉਸ ਪਿਛੋਂ ਰੈਮਿੰਗਟਨ ਟਾਈਪਰਾਈਟਰ ਕੰਪਨੀ ਦੇ ਸੇਲਜ਼ਮੈਨ ਦੇ ਤੌਰ 'ਤੇ ਉਨ੍ਹਾਂ ਨੂੰ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਜਾਣ ਦਾ ਮੌਕਾ ਮਿਲਿਆ।

ਲਾਹੌਰ ਵਿਚ ਮੇਹਰ ਚੰਦ ਜੈਨ ਉਨ੍ਹਾਂ ਦੇ ਮਿੱਤਰ ਬਣ ਗਏ, ਜਿਨ੍ਹਾਂ ਨੇ ਉਨ੍ਹਾਂ ਨੂੰ ਗਾਉਣ ਵਾਸਤੇ ਪ੍ਰੇਰਿਆ। 1930 ਦੇ ਦਹਾਕੇ 'ਚ ਸ਼ਾਸਤਰੀ ਸੰਗੀਤਕਾਰ ਹਰੀਸ਼ਚੰਦਰ ਬਾਲੀ ਨੇ ਉਨ੍ਹਾਂ ਨੂੰ ਕੋਲਕਾਤਾ 'ਚ ਆਰ. ਸੀ. ਬੋਰਾਲ ਨਾਲ ਮਿਲਾਇਆ। ਬੋਰਾਲ ਨੇ ਉਨ੍ਹਾਂ ਦੀ ਪ੍ਰਤਿਭਾ ਦੀ ਕਾਫੀ ਪ੍ਰਸ਼ੰਸਾ ਕੀਤੀ। ਉਸ ਪਿਛੋਂ ਉਨ੍ਹਾਂ ਨੇ ਕੋਲਕਾਤਾ 'ਚ ਬੀ. ਐਨ. ਸਰਕਾਰ ਦੇ ਨਿਊ ਥਿਏਟਰਜ਼ 'ਚ 200 ਰੁਪਏ ਪ੍ਰਤੀ ਮਹੀਨੇ 'ਤੇ ਨੌਕਰੀ ਕਰ ਲਈ। ਉਸ ਪਿਛੋਂ ਉਹ ਪੰਕਜ ਮਲਿਕ, ਕੇ. ਸੀ. ਡੇ ਅਤੇ ਪਹਾੜੀ ਸਾਨਿਆਲ ਦੇ ਸੰਪਰਕ 'ਚ ਆਏ। ਨਾਲ ਹੀ ਉਨ੍ਹਾਂ ਦੀ ਲੋਕਪ੍ਰਿਯਤਾ 'ਚ ਅਥਾਹ ਵਾਧਾ ਹੋਇਆ। ਕੁੰਦਨ ਲਾਲ ਸਹਿਗਲ ਦਾ ਪਹਿਲਾ ਰਿਕਾਰਡ ਹਰੀਸ਼ਚੰਦਰ ਬਾਲੀ ਦੁਆਰਾ ਸੰਗੀਤਬੱਧ ਕੀਤਾ ਗਿਆ ਸੀ, ਜਿਸ ਵਿਚ ਕੁਝ ਪੰਜਾਬੀ ਗੀਤ ਸਨ। ਇਸ ਨੂੰ ਇੰਡੀਅਨ ਗ੍ਰਾਮੋਫੋਨ ਕੰਪਨੀ ਨੇ ਰਿਲੀਜ਼ ਕੀਤਾ ਸੀ। ਉਰਦੂ ਫ਼ਿਲਮ 'ਮੁਹੱਬਤ ਕੇ ਆਂਸੂ' ਰਾਹੀਂ ਉਨ੍ਹਾਂ ਨੇ ਅਭਿਨੇ 'ਚ ਕਦਮ ਰੱਖਿਆ ਸੀ। ਉਸ ਪਿਛੋਂ 1932 'ਚ ਹੀ 'ਸੁਹਬ ਕਾ ਸਿਤਾਰਾ' ਅਤੇ 'ਜ਼ਿੰਦਾ ਲਾਸ਼' ਵਰਗੀਆਂ ਉਨ੍ਹਾਂ ਦੀਆਂ ਫ਼ਿਲਮਾਂ ਆਈਆਂ। ਹਾਲਾਂਕਿ ਇਹ ਫ਼ਿਲਮਾਂ ਬਹੁਤੀਆਂ ਨਹੀਂ ਚੱਲੀਆਂ ਪਰ ਇਕ ਅਭਿਨੇਤਾ ਅਤੇ ਗਾਇਕ ਦੇ ਤੌਰ 'ਤੇ ਉਨ੍ਹਾਂ ਨੂੰ ਦਰਸ਼ਕਾਂ ਦੇ ਦਿਲਾਂ 'ਚ ਇਕ ਵੱਖਰੀ ਜਗ੍ਹਾ ਬਣਾ ਲਈ ਸੀ।

1933 'ਚ ਫ਼ਿਲਮ 'ਪੂਰਨ ਭਗਤ' 'ਚ ਉਨ੍ਹਾਂ ਦੇ ਗਾਏ ਭਜਨਾਂ ਨੇ ਪੂਰੇ ਭਾਰਤ ਵਿਚ ਉਨ੍ਹਾਂ ਦੀ ਆਵਾਜ਼ ਦੇ ਜਾਦੂ ਦਾ ਡੰਕਾ ਵਜਾ ਦਿੱਤਾ ਸੀ। ਇਸ ਪਿਛੋਂ ਉਨ੍ਹਾਂ ਨੇ ਮੁੜ ਕੇ ਨਹੀਂ ਦੇਖਿਆ ਅਤੇ 'ਯਹੂਦੀ ਕੀ ਲੜਕੀ', 'ਚੰਡੀਦਾਸ' ਅਤੇ 'ਰੂਪ ਲੇਖਾ' ਵਰਗੀਆਂ ਸਫਲ ਫ਼ਿਲਮਾਂ ਦਿੱਤੀਆਂ ਅਤੇ ਲੋਕਪ੍ਰਿਯਤਾ ਦੀ ਬੁਲੰਦੀ 'ਤੇ ਪਹੁੰਚ ਗਏ। ਧਿਆਨ ਦੇਣ ਵਾਲੀ ਗੱਲ ਹੈ ਕਿ ਸਹਿਗਲ ਦੀ ਗਿਣਤੀ ਉਸ ਵੇਲੇ ਦੇ ਪ੍ਰਸਿੱਧ ਗਾਇਕਾਂ 'ਚ ਕੀਤੀ ਜਾਂਦੀ ਸੀ ਅਤੇ ਆਜ਼ਾਦੀ ਤੋਂ ਪਹਿਲਾਂ ਦੇਸ਼ ਦੇ ਲੋਕ ਉਨ੍ਹਾਂ ਵਲੋਂ ਗਾਏ ਦੇਸ਼ ਭਗਤੀ ਅਤੇ ਫ਼ਿਲਮੀ ਗੀਤਾਂ ਦੇ ਦੀਵਾਨੇ ਸਨ।

ਸਹਿਗਲ ਆਪਣੇ ਹੀ ਗਾਏ ਗੀਤਾਂ ਨੂੰ ਪਰਦੇ 'ਤੇ ਵੀ ਖੁਦ ਅਦਾਕਾਰੀ ਕਰਕੇ ਲੋਕਾਂ ਦੇ ਦਿਲਾਂ 'ਚ ਆਪਣੀ ਜਗ੍ਹਾ ਬਣਾਉਣ 'ਚ ਕਾਮਯਾਬ ਰਹੇ। ਦੇਸ਼ ਨੂੰ ਆਜ਼ਾਦੀ ਮਿਲਣ ਉਪਰੰਤ ਵੀ 'ਰੇਡੀਓ ਸਿਲੋਨ' (ਸ੍ਰੀਲੰਕਾ) ਵਲੋਂ ਉਨ੍ਹਾਂ ਦਾ ਗਾਇਆ ਕੋਈ ਨਾ ਕੋਈ ਗਾਣਾ ਰੋਜ਼ਾਨਾ ਸਵੇਰੇ ਪੁਰਾਣੀਆਂ ਫ਼ਿਲਮਾਂ ਦੇ ਗੀਤਾਂ ਦੇ ਪ੍ਰੋਗਰਾਮ ਦੇ ਅਖੀਰ 'ਚ ਵਜਾਇਆ ਜਾਂਦਾ ਸੀ। ਇਸ ਤੋਂ ਉਨ੍ਹਾਂ ਦੀ ਲੋਕਪ੍ਰਿਯਤਾ ਦਾ ਪਤਾ ਲੱਗਦਾ ਹੈ। 1935 ਵਿਚ 'ਦੇਵਦਾਸ', ਜਿਸ ਵਿਚ ਉਨ੍ਹਾਂ ਦਾ ਗਾਇਆ ਸਦਾਬਹਾਰ ਗੀਤ 'ਬਾਲਮ ਆਨ ਬਸੋ ਮੇਰੇ ਮਨ ਮੇਂ' ਅਤੇ 'ਦੁਖ ਕੇ ਅਬ ਦਿਨ ਬੀਤਤ ਨਹੀਂ ਦੁਖ ਕੇ' ਉਸ ਵੇਲੇ ਰੇਡੀਓ 'ਤੇ ਵੱਜਣ ਵਾਲੇ ਚਰਚਿਤ ਗੀਤਾਂ 'ਚੋਂ ਸਨ। 1937 ਵਿਚ ਫ਼ਿਲਮ 'ਪ੍ਰੈਜ਼ੀਡੈਂਟ' ਦਾ ਗੀਤ 'ਇਕ ਬੰਗਲਾ ਬਨੇ ਨਿਆਰਾ', '1938 ਵਿਚ ਫ਼ਿਲਮ 'ਸਟਰੀਟ ਸਿੰਗਰ' ਦਾ ਗੀਤ 'ਬਾਬੁਲ ਮੇਰੇ ਨੈਹਰ ਛੂਟੋ ਜਾਏ', 1939 'ਚ ਫ਼ਿਲਮ 'ਦੁਸ਼ਮਨ' ਦਾ ਗੀਤ 'ਕਰੂੰ ਕਯਾ ਆਸ ਨਿਰਾਸ਼ ਭਈ', 1944 'ਚ ਫ਼ਿਲਮ 'ਤਾਨਸੇਨ' ਦਾ ਗੀਤ 'ਦੀਆ ਜਲਾ...', 1946 'ਚ ਫ਼ਿਲਮ 'ਸ਼ਾਹਜਹਾਂ' ਦਾ ਗੀਤ 'ਗ਼ਮ ਦੀਏ ਮੁਸਤਕਿਲ' ਅਤੇ 'ਜਬ ਦਿਲ ਹੀ ਟੂਟ ਗਯਾ...' ਅੱਜ ਵੀ ਲੋਕਪ੍ਰਿਯ ਹਨ। ਕੇ. ਐਲ. ਸਹਿਗਲ ਨੇ ਦੋਗਾਣੇ ਵੀ ਗਾਏ, ਜਿਨ੍ਹਾਂ 'ਚ ਉਸ ਵੇਲੇ ਦੀਆਂ ਮਸ਼ਹੂਰ ਗਾਇਕਾਵਾਂ ਖੁਰਸ਼ੀਦ, ਸੁਰੱਈਆ ਅਤੇ ਕਈ ਹੋਰ ਸ਼ਾਮਲ ਸਨ। ਅੱਜ ਵੀ ਰੇਡੀਓ ਵਿਵਿਧ ਭਾਰਤੀ 'ਤੇ ਰੋਜ਼ਾਨਾ ਸਵੇਰੇ 'ਭੂਲੇ ਬਿਸਰੇ ਗੀਤ' ਪ੍ਰੋਗਰਾਮ 'ਚ ਆਖਰੀ ਗੀਤ ਕੁੰਦਨ ਲਾਲ ਸਹਿਗਲ ਦਾ ਵਜਾਇਆ ਜਾਂਦਾ ਹੈ। ਜਲੰਧਰ 'ਚ 18 ਜਨਵਰੀ 1947 ਨੂੰ 42 ਸਾਲ ਦੀ ਉਮਰ 'ਚ ਉਹ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।

# ਹੈਲਨ ਤੇ ਜ਼ੀਨਤ ਅਮਾਨ ਇਕੱਠੀਆਂ



ਬਾਲੀਵੁੱਡ ਦੀਆਂ ਅੱਜ ਤਕ ਦੀਆਂ ਸਭ ਤੋਂ ਗਲੈਮਰਸ ਅਭਿਨੇਤਰੀਆਂ 'ਚ ਗਿਣੀਆਂ ਜਾਣ ਵਾਲੀਆਂ ਜ਼ੀਨਤ ਅਮਾਨ ਅਤੇ ਹੈਲਨ ਸਾਲਾਂ ਪਹਿਲਾਂ 1980 ਵਿਚ 'ਰਾਮ ਬਲਰਾਮ' ਵਿਚ ਇਕੱਠੀਆਂ ਦਿਸੀਆਂ ਸਨ। ਹੁਣ ਇਕ ਵਾਰ ਫਿਰ ਉਹ ਦੋਵੇਂ ਅੰਗਰੇਜ਼ੀ ਫ਼ਿਲਮ 'ਡੂ ਨੋ ਵਾਏ' ਯਾਨਿ 'ਨ ਜਾਨੇ ਕਿਉਂ' ਵਿਚ ਦਿਖਾਈ ਦੇਣਗੀਆਂ। ਹੈਲਨ ਨੇ ਦੱਸਿਆ, ''ਜ਼ੀਨਤ 'ਰਾਮ ਬਲਰਾਮ' ਵਿਚ ਮੇਰੀ ਬੇਟੀ ਬਣੀ ਸੀ, ਜਦਕਿ ਇਸ ਫ਼ਿਲਮ ਵਿਚ ਉਹ ਮੇਰੀ ਨੂੰਹ ਦਾ ਕਿਰਦਾਰ ਨਿਭਾਅ ਰਹੀ ਹੈ। ਜ਼ੀਨਤ ਦੇ ਨਾਲ ਇਕ ਵਾਰ ਫਿਰ ਜੁੜਨਾ ਚੰਗਾ ਤਜ਼ਰਬਾ ਹੈ, ਜਿਸ ਨਾਲ ਸਾਡੀਆਂ ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ।''



ਜ਼ੀਨਤ ਵੀ ਹੈਲਨ ਦੇ ਨਾਲ ਇੰਨੇ ਸਾਲਾਂ ਬਾਅਦ ਫਿਰ ਅਭਿਨੈ ਕਰਨ ਨੂੰ ਲੈ ਕੇ ਬਹੁਤ ਉਤਸ਼ਾਹਤ ਹੈ। ਉਸ ਦਾ ਕਹਿਣਾ ਹੈ, ''ਕੁਝ ਗੱਲਾਂ ਨੂੰ ਕਦੀ ਭੁਲਾਇਆ ਨਹੀਂ ਜਾ ਸਕਦਾ। ਅਭਿਨੈ ਮੇਰੀ ਜੀਵਨ ਰੇਖਾ ਹੈ। ਇਸ ਨੇ ਮੈਨੂੰ ਬਹੁਤ ਕੁਝ ਦਿੱਤਾ ਹੈ। ਸਾਲਾਂ ਤੋਂ ਮੈਂ ਇਹੀ ਕੀਤਾ ਹੈ। ਅਭਿਨੈ ਕਰਦੇ ਹੋਏ ਹੀ ਮੈਂ ਸਭ ਤੋਂ ਜ਼ਿਆਦਾ ਖੁਸ਼ੀ ਮਹਿਸੂਸ ਕਰਦੀ ਹਾਂ।''




# ਪ੍ਰਿਅੰਕਾ ਚੋਪੜਾ ਨੇ ਨਾਹਿਦ ਨੂੰ ਦਿੱਤਾ 7.72 ਲੱਖ ਦਾ ਤੋਹਫਾ

ਉੱਤਰ ਪ੍ਰਦੇਸ਼ ਦੇ ਬਰੇਲੀ ਸ਼ਹਿਰ ਦੇ ਮੁਹੱਲਾ ਬਿਹਾਰੀਪੁਰ ਵਿਚ ਬੱਚਿਆਂ ਦੀ ਕੋਚਿੰਗ ਚਲਾਉਣ ਵਾਲਾ ਨਾਹਿਦ ਹੁਣ ਅਪਾਹਜ ਅਤੇ ਗਰੀਬ ਬੱਚਿਆਂ ਲਈ ਇਕ ਕੰਪਿਊਟਰ ਸੈਂਟਰ ਖੋਲ੍ਹਣ ਦੇ ਆਪਣੇ ਸੁਪਨੇ ਨੂੰ ਸਾਕਾਰ ਕਰਨਾ ਚਾਹੁੰਦਾ ਹੈ। ਬਰੇਲੀ ਦੀ ਪ੍ਰਿਯੰਕਾ ਚੋਪੜਾ ਨੇ ਇਕ ਟੀ.ਵੀ. ਚੈਨਲ 'ਤੇ ਬੀਤੇ ਦਿਨੀਂ ਆਯੋਜਿਤ ਇਕ ਪ੍ਰੋਗਰਾਮ 'ਸਬ ਸੇ ਬੜਾ ਫੈਨ' ਦੌਰਾਨ ਨਾਹਿਦ ਨੂੰ 7 ਲੱਖ 72 ਹਜ਼ਾਰ ਰੁਪਏ ਦਾ ਚੈੱਕ ਤੋਹਫੇ ਵਿਚ ਦਿੱਤਾ। ਇਸ ਪ੍ਰੋਗਰਾਮ ਦੀ ਸ਼ੂਟਿੰਗ ਲਈ ਮੁੰਬਈ ਤੋਂ ਅਭਿਨੇਤਰੀ ਉਰਵਸ਼ੀ ਯਾਦਵ ਪਿਛਲੇ ਮਹੀਨੇ ਬਰੇਲੀ ਆਈ ਸੀ। ਸ਼ਹਿਰ ਦੇ ਬਿਹਾਰੀਪੁਰ ਕਸਗਰਾਨ ਮੁਹੱਲੇ ਦਾ ਵਾਸੀ ਬੀ ਕਾਮ ਪਾਸ 30 ਸਾਲਾ ਨਾਹਿਦ 3 ਸਾਲ ਦੀ ਮਾਸੂਮ ਉਮਰ 'ਚ ਪੋਲੀਓਗ੍ਰਸਤ ਹੋ ਗਿਆ ਸੀ। ਘਰ ਦੀ ਆਰਥਿਕ ਹਾਲਤ ਚੰਗੀ ਨਾ ਹੋਣ ਕਾਰਨ ਉਸਨੇ 15 ਸਾਲ ਦੀ ਉਮਰ 'ਚ ਬੱਚਿਆਂ ਨੂੰ ਟਿਊਸ਼ਨ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਟੀ.ਵੀ. ਚੈਨਲ ਦੇ ਪ੍ਰੋਗਰਾਮ ਦੇ ਸਿਲਸਿਲੇ 'ਚ ਮੁੰਬਈ ਗਿਆ ਨਾਹਿਦ ਪ੍ਰਿਯੰਕਾ ਚੋਪੜਾ ਦਾ ਸਭ ਤੋਂ ਵੱਡਾ ਫੈਨ ਤਾਂ ਨਹੀਂ ਚੁਣਿਆ ਗਿਆ ਪਰ ਉਸ ਤੋਂ ਬਰੇਲੀ ਦਾ ਜ਼ਿਕਰ ਸੁਣ ਕੇ ਪ੍ਰਿਯੰਕਾ ਆਪਣੇ ਬਚਪਨ ਦੀਆਂ ਯਾਦਾਂ ਵਿਚ ਖੋ ਗਈ। ਆਪਣੇ ਸ਼ਹਿਰ ਦੀ ਯਾਦ 'ਚ ਪ੍ਰਿਯੰਕਾ ਨੇ 'ਝੁੰਮਕਾ ਗਿਰਾ ਰੇ' ਗਾਇਆ।

ਗਰੀਬ ਅਤੇ ਅਪਾਹਜ ਬੱਚਿਆਂ ਨੂੰ ਪੜ੍ਹਾਉਣ ਦੇ ਨਾਹਿਦ ਦੇ ਕੰਮ ਬਾਰੇ ਸੁਣ ਕੇ ਪ੍ਰਿਯੰਕਾ ਬਹੁਤ ਪ੍ਰਭਾਵਿਤ ਹੋਈ ਅਤੇ ਉਸ ਨੇ ਨਾਹਿਦ ਨੂੰ ਆਪਣਾ ਮਿਸ਼ਨ ਜਾਰੀ ਰੱਖਣ ਲਈ 7.72 ਲੱਖ ਰੁਪਏ ਭੇਟ ਕੀਤੇ।

# ਆਪਣੀਆਂ ਪੇਂਟਿੰਗਾਂ ਦੀ ਨਿਲਾਮੀ ਕਰੇਗਾ ਸਲਮਾਨ ਖਾਨ

ਲੱਖਾਂ ਦੇ ਦਿਲਾਂ ਦੀ ਧੜਕਣ ਬਾਲੀਵੁੱਡ ਅਭਿਨੇਤਾ ਸਲਮਾਨ ਖਾਨ ਅਭਿਨੈ ਦੇ ਖੇਤਰ ਵਿਚ ਆਪਣਾ ਜਲਵਾ ਦਿਖਾਉਣ ਤੋਂ ਬਾਅਦ ਹੁਣ ਆਪਣੀਆਂ ਪੇਂਟਿੰਗਾਂ ਨਾਲ ਲੋਕਾਂ ਦਾ ਦਿਲ ਜਿੱਤਣ ਦੀ ਤਿਆਰੀ ਕਰ ਰਿਹਾ ਹੈ। ਸਲਮਾਨ ਆਪਣੀ ਆਉਣ ਵਾਲੀ ਫਿਲਮ 'ਵੀਰ' ਦੇ ਨਿਰਮਾਣ ਦੌਰਾਨ ਬਣਾਈਆਂ ਗਈਆਂ ਕਲਾ ਕ੍ਰਿਤੀਆਂ ਦੀ ਨਿਲਾਮੀ ਕਰੇਗਾ।




ਸਲਮਾਨ ਦੇ ਕਰੀਬੀ ਸੂਤਰਾਂ ਨੇ ਦੱਸਿਆ ਕਿ ਫਿਲਮ 'ਵੀਰ' ਦੇ ਸੈੱਟ 'ਤੇ ਹੀ ਉਹ ਕੈਨਵਸ 'ਤੇ ਬ੍ਰਸ਼ ਲੈ ਕੇ ਪੇਂਟਿੰਗ ਬਣਾਉਣ ਦਾ ਆਪਣਾ ਸ਼ੌਕ ਪੂਰਾ ਕਰਨ ਵਿਚ ਲੱਗ ਜਾਂਦਾ ਸੀ। ਸੂਤਰਾਂ ਅਨੁਸਾਰ ਉਸ ਨੇ ਆਪਣੀਆਂ ਘੱਟ ਤੋਂ ਘੱਟ 4-5 ਪੇਂਟਿੰਗਾਂ ਪੂਰੀਆਂ ਕਰ ਲਈਆਂ ਹਨ ਅਤੇ ਇਹ ਬੇਹੱਦ ਖੂਬਸੂਰਤ ਬਣੀਆਂ ਹਨ। ਪੇਂਟਿੰਗ ਬਣਾਉਣ ਦੇ ਨਾਲ-ਨਾਲ ਸਲਮਾਨ ਨੇ 'ਵੀਰ' ਦੇ ਸੈੱਟ ਨੂੰ ਖੂਬਸੂਰਤ ਤੇ ਵਾਸਤਵਿਕ ਬਣਾਉਣ 'ਚ ਵੀ ਫਿਲਮ ਦੇ ਆਰਟ ਡਾਇਰੈਕਟਰ ਦੀ ਮਦਦ ਕੀਤੀ ਹੈ। ਇਸ ਫਿਲਮ ਦੇ ਨਿਰਮਾਤਾ ਵਿਜਲ ਗਿਲਾਨੀ ਨੇ ਵੀ ਕਿਹਾ ਕਿ ਉਨ੍ਹਾਂ ਨੇ ਸਲਮਾਨ ਨੂੰ ਸੈੱਟ 'ਤੇ ਆਪਣੇ ਹੱਥਾਂ ਨਾਲ ਪੇਂਟਿੰਗ ਬਣਾਉਂਦੇ ਦੇਖਿਆ ਹੈ। ਗਿਲਾਨੀ ਨੇ ਦੱਸਿਆ ਕਿ 'ਵੀਰ' ਦਾ ਸੈੱਟ ਤਿਆਰ ਕਰਨ 'ਚ ਵੀ ਸਲਮਾਨ ਨੇ ਕਾਫੀ ਮਦਦ ਕੀਤੀ ਹੈ। ਪਿੰਡਾਰੀ ਆਦਿਵਾਸੀ ਯੋਧੇ ਦੀ ਬਹਾਦਰੀ ਦੀ ਕਹਾਣੀ ਨੂੰ ਪ੍ਰਦਰਸ਼ਿਤ ਕਰਨ ਵਾਲੀ ਇਹ ਫਿਲਮ 22 ਜਨਵਰੀ ਨੂੰ ਦੇਸ਼ ਭਰ 'ਚ ਰਿਲੀਜ਼ ਹੋਵੇਗੀ। ਇਸ ਫਿਲਮ 'ਚ ਵੀਰ ਦੀ ਮੁੱਖ ਭੂਮਿਕਾ ਸਲਮਾਨ ਨੇ ਹੀ ਨਿਭਾਈ ਹੈ।


VALERO
BIG B'S
VALERO
TRAVEL CENTER
EARLIMART
MOTEL
Cable / TV / Refrigerator / Microwave / AC
Special Rates for Truckers
PORT OF SUBS
Sliced Fresh Sandwiches!
We Accept
COM Check • T Check • EFS • Fleet 1
CFN
Clean Shower & Bathroom
ATM
FLAT SCREEN TV
INTERSTATE 99
CERTIFIED SCALES
CAT SCALE
DO NOT ENTER
PORT OF SUBS
MEXICAN FOOD
ELECTRONICS
TRUCK PARTS
CAR WASH
COMMING SOON
DIESEL
ਟਰੱਕ ਪਾਰਟਸ ਅਤੇ ਇਲੈਕਟਰੌਨਿਕਸ
ਸਸਤੇ ਰੇਟਾਂ ਤੇ ਮਿਲਦਾ ਹੈ
ਪਰੋਪੇਨ ਗੈਸ
PROPANE GAS
Amrik Singh Bhandal
Owner
Mandeep Singh Bhandal
Free Coffee or Refill Soda with fillup Diesel
EXIT 65 ON INTERSTATE 99
OPEN 24 HOURS
1164 N. Front Road, Earlimart CA 93219
Tel:661.849.2222 Fax:661.849.3755
ਇਥੋਂ ਤੁਸੀਂ ਹਰ ਸਮੇਂ ਪੰਜਾਬ ਟਾਈਮਜ਼ ਅਖਬਾਰ ਲੈ ਸਕਦੇ ਹੋ
DESIGNED BY